# IC - 38

# ਬੀਮਾ ਮਾਰਕੀਟਿੰਗ ਫਰਮ

**ਧੰਨਵਾਦ**

**ਇਹ ਕੋਰਸ ਨੂੰ ਇੰਸ਼ੋਅਰੈਂਸ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਆਫ਼ ਇੰਡੀਆ (IRDAI) ਵਲੋਂ ਨਿਯਤ ਕੀਤੇ ਸਿਲੇਬਸ ਨੂੰ ਸੋਧਿਆ ਅਤੇ ਭਾਰਤੀ ਬੀਮਾ ਸੰਸਥਾ, ਮੁੰਬਈ ਵਲੋਂ ਤਿਆਰ ਕੀਤਾ ਗਿਆ ਹੈ।**

**ਲੇਖਕ / ਪੜਤਲਾਕਰਤਾ (ਲੜੀਵਾਰ)**

**ਡਾ. ਆਰ. ਕੇ. ਦੁੱਗਲ**

**ਡਾ. ਸ਼ਸ਼ੀਧਰਨ ਕੇ. ਕੁੱਟੀ**

**ਸੀ.ਏ. ਪੀ. ਕੋਟੇਸਵਾਰਾ ਰਾਓ**

**ਡਾ. ਪ੍ਰਦੀਪ ਸਰਕਾਰ**

**ਪ੍ਰੋ. ਮਾਧੁਰੀ ਸ਼ਰਮਾ**

**ਡਾ. ਜਾਰਜ ਈ. ਥਾਮਸ**

**ਪ੍ਰੋ. ਅਰਚਨਾ ਵੇਜ਼**

**ਇਸ ਕੋਰਸ ਦਾ ਪੰਜਾਬੀ ਵਿੱਚ ਉਲੱਥਾ ਅਤੇ ਰੀਵਿਊ ਇਹਨਾਂ ਦੀ ਮਦਦ ਨਾਲ ਕੀਤਾ ਗਿਆ ਹੈ:**

**ਸੀ-ਡੈਸਕ ਪੂਣੇ**

**ਸ਼੍ਰੀਮਾਨ ਅਨਿਲ ਧਵਨ**

**ਸ਼੍ਰੀਮਤੀ ਕਾਜਲ ਮਹਿਰਾ**

भारतीय बीमा संस्थान
INSURANCE INSTITUTE OF INDIA

**ਜ◌ੀ-ਪਬਲਾਕ, ਪਲਾਟ ਨੰ. ਸੀ**-46, **ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ), ਮੁੰਬਈ** - 400 051

# ਬੀਮਾ ਮਾਰਕੀਟਿੰਗ ਫਰਮ

# IC - 38

**ਐਡੀਸ਼ਨ ਦਾ ਸਾਲ: 2023**

**ਸਭ ਹੱਕ ਰਾਖਵੇਂ ਹਨ**

**ਇਹ ਕੋਰਸ ਦੀ ਸਮੱਗਰੀ ਭਾਰਤੀ ਬੀਮਾ ਸੰਸਥਾ(III) ਕੋਲ ਕਾਪੀਰਾਈਟ ਹੈ। ਇਹ ਕੋਰਸ ਨੂੰ ਭਾਰਤੀ ਬੀਮਾ ਸੰਸਥਾ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਲਈ ਵਿੱਦਿਅਕ ਸਹਿਯੋਗ ਦੇਣ ਲਈ ਤਿਆਰ ਕੀਤਾ ਗਿਆ ਹੈ। ਇਹ ਕੋਰਸ ਸਮੱਗਰੀ ਨੂੰ ਪੂਰੇ ਜਾਂ ਅਧੂਰੇ ਰੂਪ ਵਿੱਚ ਕਿਸੇ ਵੀ ਵਪਾਰਕ ਮਕਸਦ ਲਈ ਸੰਸਥਾ ਤੋਂ ਪਹਿਲਾਂ ਲਿਖਤੀ ਇਜਾਜ਼ਤ ਬਿਨਾਂ ਮੁੜ-ਤਿਆਰ ਨਹੀਂ ਕੀਤਾ ਜਾ ਸਕਦਾ ਹੈ।**

**ਸਮੱਗਰੀ ਪ੍ਰਚਲਿਤ ਸਭ ਤੋਂ ਵਧੀਆ ਅਮਲਾਂ ਦੇ ਆਧਾਰ ਉੱਤੇ ਹੈ ਅਤੇ ਝਗੜੇ, ਕਨੂੰਨ ਜਾਂ ਹੋਰ ਕਿਸੇ ਕੇਸ ਵਿੱਚ ਹੱਲ ਦੇਣ ਲਈ ਨਹੀਂ ਹੈ।**

**ਇਹ ਸਿਰਫ ਸੰਕੇਤਕ ਅਧਿਐਨ ਸਮੱਗਰੀ ਹੈ। ਕਿਰਪਾ ਕਰਕੇ ਧਿਆਨ ਦਿਓ ਕਿ ਪ੍ਰੀਖਿਆ ਵਿਚਲੇ ਸਵਾਲ ਇਸ ਅਧਿਐਨ ਸਮੱਗਰੀ ਤੱਕ ਸੀਮਤ ਨਹੀਂ ਹੋਣਗੇ।**

**ਪ੍ਰਕਾਸ਼ਿਤ ਕੀਤਾ: ਸੈਕਟਰੀ ਜਰਨਲ, ਇੰਸ਼ੋਅਰੈਂਸ ਇੰਸਟੀਟਿਊਟ ਆਫ਼ ਇੰਡੀਆ, ਜੀ-ਬਲਾਕ, ਪਲਾਟ ਸੀ-46, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ), ਮੁੰਬਈ - 400 051 ਅਤੇ ਛਾਪਿਆ ਗਿਆ**

**ਇਸ ਅਧਿਐਨ ਸਮੱਗਰੀ ਦੇ ਬਾਰੇ ਕੋਈ ਵੀ ਸੰਪਰਕ ctd@iii.org.in ਉੱਤੇ ਵਿਸ਼ਾ ਸਿਰਲੇਖ ਅਤੇ ਕਵਰ ਸਫ਼ੇ ਉੱਤੇ ਦਿੱਤੇ ਪ੍ਰਕਾਸ਼ਨ ਨੰਬਰ ਦੇ ਕੇ ਕੀਤਾ ਜਾ ਸਕਦਾ ਹੈ।**

# ਮੁੱਖਬੰਧ

ਭਾਰਤੀ ਬੀਮਾ ਸੰਸਥਾ (ਸੰਸਥਾ) ਨੇ ਇਹ ਕੋਰਸ ਸਮੱਗਰੀ ਨੂੰ ਇੰਸ਼ੋਅਰੈਂਸ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਆਫ਼ ਇੰਡੀਆ (IRDAI) ਵਲੋਂ ਤੈਅ ਕੀਤੇ ਸਿਲੇਬਸ ਦੇ ਆਧਾਰ ਉੱਤੇ ਬੀਮਾ ਏਜੰਟਾਂ ਲਈ ਤਿਆਰ ਕੀਤਾ ਹੈ। ਕੋਰਸ ਸਮੱਗਰੀ ਤਿਆਰ ਕਰਨ ਲਈ ਉਦਯੋਗ ਮਾਹਰ ਸ਼ਾਮਲ ਰਹੇ ਸਨ।

ਕੋਰਸ ਜੀਵਨ, ਜਰਨਲ ਅਤੇ ਸਿਹਤ ਬੀਮੇ ਬਾਰੇ ਮੁੱਢਲੀ ਜਾਣਕਾਰੀ ਦਿੰਦਾ ਹੈ, ਜੋ ਕਿ ਏਜੰਟਾਂ ਨੂੰ ਕਾਰੋਬਾਰ ਦੇ ਸੰਬੰਧਿਤ ਖੇਤਰ ਨੂੰ ਸਹੀ ਪੱਖ ਵਿੱਚ ਆਪਣੇ ਪੇਸ਼ੇਵਰ ਕੈਰੀਅਰ ਨੂੰ ਸਮਝਣ ਅਤੇ ਤਰੱਕੀ ਦੇ ਸਮਰੱਥਾ ਕਰਦਾ ਹੈ।

ਕੋਰਸ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ। (1) ਸਾਰ - ਆਮ ਭਾਗ, ਜਿਸ ਵਿੱਚ ਬੀਮਾ ਸਿਧਾਤਾਂ, ਕਨੂੰਨੀ ਸਿਧਾਤਾਂ ਅਤੇ ਰੈਗੂਲੇਟਰੀ ਮਸਲਿਆਂ ਬਾਰੇ ਜਾਣਕਾਰੀ ਹੈ, ਜੋ ਕਿ ਬੀਮਾ ਏਜੰਟ ਨੂੰ ਪਤਾ ਹੋਣੀ ਚਾਹੀਦੀ ਹੈ। ਵੱਖ-ਵੱਖ ਭਾਗ ਦਿੱਤੇ ਗਏ ਹਨ, ਜੋ ਕਿ ਉਹਨਾਂ ਨੂੰ (2) ਜੀਵਨ ਬੀਮਾ ਏਜੰਟ (3) ਜਰਨਲ ਬੀਮਾ ਏਜੰਟ ਅਤੇ (4) ਸਿਹਤ ਬੀਮਾ ਏਜੰਟ ਬਣਨ ਲਈ ਪ੍ਰੇਰਿਤ ਕਰਦੇ ਹਨ।

ਕੋਰਸ ਵਿੱਚ ਨਮੂਨੇ ਦੇ ਸਵਾਲਾਂ ਦਾ ਸੈੱਟ ਸ਼ਾਮਿਲ ਕੀਤਾ ਹੈ, ਜੋ ਕਿ ਵਿਦਿਆਰਥੀਆਂ ਨੂੰ ਪ੍ਰੀਖਿਆ ਦੇ ਰੂਪ ਅਤੇ ਆਬਜੈਕਟ ਸਵਾਲਾਂ ਦੀਆਂ ਕਿਸਮਾਂ, ਜੋ ਪੁੱਛੇ ਜਾ ਸਕਦੇ ਹਨ, ਬਾਰੇ ਜਾਣਕਾਰੀ ਦਿੰਦੇ ਹਨ। ਨਮੂਨੇ ਦੇ ਸਵਾਲ ਉਹਨਾਂ ਨੇ ਜੋ ਸਿੱਖਿਆ ਹੈ, ਦੀ ਦੁਹਰਾਈ ਕਰਨ ਲਈ ਵੀ ਮਦਦ ਕਰਨਗੇ।

ਬੀਮਾ ਬੜੀ ਤੇਜ਼ੀ ਨਾਲ ਬਦਲਦੇ ਸਮੇਂ ਵਿੱਚ ਕੰਮ ਕਰਦਾ ਹੈ। ਏਜੰਟਾਂ ਨੂੰ ਬਾਜ਼ਾਰ ਵਿੱਚ ਤਬਦੀਲੀਆਂ ਬਾਰੇ ਜਾਣਕਾਰੀ ਰੱਖਣੀ ਚਾਹੀਦੀ ਹੈ। ਉਹਨਾਂ ਨੂੰ ਨਿੱਜੀ ਅਧਿਐਨ ਅਤੇ ਸੰਬੰਧਿਤ ਬੀਮਾਕਰਤਾ ਵਲੋਂ ਪ੍ਰਬੰਧ ਕੀਤੇ ਸਿਖਲਾਈ ਪ੍ਰੋਗਰਾਮਾਂ ਵਿੱਚ ਹਿੱਸਾ ਲੈ ਕੇ ਸਰਗਰਮ ਰੂਪ ਵਿੱਚ ਗਿਆਨ ਹਾਸਲ ਕਰਨਾ ਚਾਹੀਦਾ ਹੈ।

ਸੰਸਥਾ ਨੂੰ ਕੰਮ ਸੌਂਪਣ ਲਈ ਆਈਆਰਡੀਏਆਈ (IRDAI) ਦੀ ਸੰਸਥਾ ਧੰਨਵਾਦੀ ਹੈ। ਸੰਸਥਾ ਸਮੱਗਰੀ ਪੜ੍ਹਨ ਵਿੱਚ ਦਿਲਚਸਪੀ ਰੱਖਣ ਵਾਲੇ ਸਾਰਿਆਂ ਨੂੰ ਬੀਮਾ ਬਾਜ਼ਾਰ ਵਿੱਚ ਕਾਮਯਾਬ ਕੈਰੀਅਰ ਬਣਾਉਣ ਦੀ ਆਸ ਰੱਖਦੀ ਹੈ।

**ਸਮੱਗਰੀ**


| ਪਾਠ ਨੰ. | ਸਿਰਲੇਖ | ਸਫ਼ਾ ਨੰ. |
|---|---|---|
| **ਭਾਗ** | **ਆਮ ਪਾਠ** | |
| C-01 | ਬੀਮੇ ਨਾਲ ਜਾਣ-ਪਛਾਣ | 2 |
| C-02 | ਬੀਮੇ ਦੇ ਮੂਲ ਤੱਤ | 23 |
| C-03 | ਬੀਮੇ ਦੇ ਸਿਧਾਂਤ | 35 |
| C-04 | ਬੀਮਾ ਇਕਰਾਰਨਾਮਿਆਂ ਦੇ ਫੀਚਰ | 51 |
| C-05 | ਅੰਡਰਰਾਈਟਿੰਗ ਅਤੇ ਰੇਟਿੰਗ | 61 |
| C-06 | ਦਾਅਵਿਆਂ ਦੀ ਕਾਰਵਾਈ | 71 |
| C-07 | ਦਸਤਾਵੇਜ਼ | 80 |
| C-08 | ਗਾਹਕ ਸੇਵਾ | 91 |
| C-09 | ਸ਼ਿਕਾਇਤ ਨਿਪਟਾਰਾ ਢੰਗ | 110 |
| C-10 | ਬੀਮਾ ਮਾਰਕੀਟਿੰਗ ਫਰਮ ਲਈ ਰੈਗੂਲੇਟਰੀ ਪਹਿਲੂ | 120 |
| **ਭਾਗ** | **ਜੀਵਨ ਬੀਮਾ** | |
| L-01 | ਜੀਵਨ ਬੀਮੇ ਵਿੱਚ ਕੀ ਸ਼ਾਮਿਲ ਹੈ | 140 |
| L-02 | ਵਿੱਤੀ ਵਿਉਂਤਬੰਦੀ | 148 |
| L-03 | ਜੀਵਨ ਬੀਮਾ ਉਤਪਾਦ: ਰਿਵਾਇਤੀ | 166 |
| L-04 | ਜੀਵਨ ਬੀਮਾ ਉਤਪਾਦ: ਗ਼ੈਰ-ਰਿਵਾਇਤੀ | 180 |
| L-05 | ਜੀਵਨ ਬੀਮੇ ਦੇ ਇਸਤੇਮਾਲ | 188 |
| L-06 | ਜੀਵਨ ਬੀਮੇ ਵਿੱਚ ਕੀਮਤ ਅਤੇ ਮੁਲਾਂਕਣ | 193 |
| L-07 | ਜੀਵਨ ਬੀਮਾ ਦਸਤਾਵੇਜ਼ | 204 |
| L-08 | ਜੀਵਨ ਬੀਮਾ ਅੰਡਰਰਾਈਰਿੰਗ | 223 |
| L-09 | ਜੀਵਨ ਬੀਮਾ ਦਾਅਵੇ | 241 |
| **ਭਾਗ** | **ਸਿਹਤ ਬੀਮਾ** | |
| H-01 | ਸਿਹਤ ਬੀਮੇ ਨਾਲ ਜਾਣ-ਪਛਾਣ | 252 |
| H-02 | ਸਿਹਤ ਬੀਮਾ ਦਸਤਾਵੇਜ਼ | 262 |
| H-03 | ਸਿਹਤ ਬੀਮਾ ਦੇ ਉਤਪਾਦ | 272 |
| H-04 | ਸਿਹਤ ਬੀਮਾ ਅੰਡਰਰਾਈਟਿੰਗ | 308 |
| H-05 | ਸਿਹਤ ਬੀਮਾ ਦਾਅਵੇ | 328 |
| **ਭਾਗ** | **ਆਮ ਬੀਮਾ** | |
| G-01 | ਆਮ ਬੀਮਾ ਦਸਤਾਵੇਜ਼ | 351 |
| G-02 | ਅੰਡਰਰਾਈਟਿੰਗ ਅਤੇ ਰੇਟਿੰਗ ਦੇਣੀ | 372 |
| G-03 | ਨਿੱਜੀ ਅਤੇ ਵਪਾਰ ਬੀਮਾ | 384 |
| G-04 | ਵਪਾਰਕ ਬੀਮਾ | 397 |
| G-05 | ਆਮ ਬੀਮਾ ਦਾਅਵੇ | 430 |
| **ਭਾਗ** | **ਅਨੁਬੰਧ** | |
| A-01 | ਅਨੁਬੰਧ - ਭਰਨ ਲਈ ਨਮੂਨਾ ਦੇ ਪੇਸ਼ਕਸ਼ ਫਾਰਮ ਅਤੇ ਦਾਅਵੇ ਦੇ ਫਾਰਮ | 442 |

# ਭਾਗ

# ਸਾਰ

# ਪਾਠ C-01

# ਬੀਮੇ ਨਾਲ ਜਾਣ-ਪਛਾਣ

**ਪਾਠ ਜਾਣ-ਪਛਾਣ**

**ਇਹ ਪਾਠ ਦਾ ਮਕਸਦ ਬੀਮੇ ਬਾਰੇ ਮੁਢੱਲੀ ਜਾਣਕਾਰੀ ਦੇਣਾ ਹੈ; ਇਹ ਕਿਵੇਂ ਵਿਕਸਤ ਹੋਇਆ ਅਤੇ ਕਿਵੇਂ ਕੰਮ ਕਰਦਾ ਹੈ। ਇਹ ਤੁਹਾਨੂੰ ਸਿਖਾਏਗਾ ਕਿ ਕਿਵੇਂ ਬੀਮਾ ਅਣਖਿਆਲੀਆਂ ਘਟਨਾਵਾਂ ਦੇ ਨਤੀਜੇ ਵਜੋਂ ਹੋਣ ਵਾਲੇ ਆਰਥਿਕ ਘਾਟਿਆਂ ਦੇ ਲਈ ਸੁਰੱਖਿਆ ਅਤੇ ਜੋਖਿਮ ਤਬਾਦਲੇ ਦੇ ਸਾਧਨ ਵਜੋਂ ਕੰਮ ਕਰਦਾ ਹੈ।**

**ਸਿੱਖਣ ਦੇ ਨਤੀਜੇ**

A. **ਬੀਮਾ - ਇਤਿਹਾਸ ਅਤੇ ਵਿਕਾਸ**

B. **ਜੋਖਿਮ ਪੂਲਿੰਗ ਦਾ ਸਿਧਾਂਤ**

C. **ਜੋਖਿਮ ਪ੍ਰਬੰਧਨ ਤਕਨੀਕਾਂ**

D. **ਜੋਖਿਮ ਦੇ ਪ੍ਰਬੰਧਨ ਲਈ ਬੀਮਾ ਇੱਕ ਸਾਧਨ ਵਜੋਂ**

E. **ਬੀਮੇ ਦੀ ਚੋਣ ਕਰਨ ਤੋਂ ਪਹਿਲਾਂ ਧਿਆਨ ਰੱਖਣ ਯੋਗ ਗੱਲਾਂ**

F. **ਬੀਮਾ ਵਪਾਰ ਵਿੱਚ ਕੰਪਨੀਆਂ**

G. **ਸਮਾਜ ਵਿੱਚ ਬੀਮੇ ਦੀ ਭੂਮਿਕਾ**

## A. ਬੀਮਾ - ਇਤਿਹਾਸ ਅਤੇ ਵਿਕਾਸ

ਅਸੀਂ ਅਨਿਸ਼ਚਤਿਤਾ ਦੇ ਸੰਸਾਰ ਵਿੱਚ ਰਹਿੰਦੇ ਹਾਂ। ਅਸੀਂ ਸੁਣਦੇ ਹਾਂ:

- ✓ ਰੇਲ ਗੱਡੀਆਂ ਦੀ ਟੱਕਰ ਹੋਈ
- ✓ ਹੜ੍ਹਾਂ ਨੇ ਸਾਰੀਆਂ ਕਮਿਊਨਟੀਆਂ ਨੂੰ ਨਸ਼ਟ ਕਰ ਦਿੱਤਾ
- ✓ ਭੁਚਾਲ ਨੇ ਇਮਾਰਤਾਂ ਨਸ਼ਟ ਕਰ ਦਿੱਤੀਆਂ
- ✓ ਨੌਜਵਾਨ ਅਚਾਨਕ ਮਰ ਰਹੇ ਹਨ

ਚਿੱਤਰ 1: ਘਟਨਾਵਾਂ ਸਾਡੇ ਦੁਆਲੇ ਹੁੰਦੀਆਂ ਰਹਿੰਦੀਆਂ ਹਨ




ਇਹ ਘਟਨਾਵਾਂ ਲੋਕਾਂ ਨੂੰ ਬੇਚੈਨ ਕਰਦੀਆਂ ਅਤੇ ਡਰਾਉਂਦੀਆਂ ਕਿਉਂ ਹਨ?

ਕਾਰਨ ਸਿੱਧਾ ਹੈ।

i. ਸਭ ਤੋਂ ਪਹਿਲਾਂ ਤਾਂ ਇਹ ਕਿ ਘਟਨਾਵਾਂ ਅਚਨਚੇਤ ਹੁੰਦੀਆਂ ਹਨ। ਜੇ ਕੋਈ ਅਗਾਊਂ ਜਾਣਦਾ ਹੋਵੇ ਅਤੇ ਘਟਨਾ ਦਾ ਅੰਦਾਜ਼ਾ ਲਗਾ ਸਕੇ ਤਾਂ ਉਹ ਉਸ ਲਈ ਤਿਆਰ ਹੋ ਸਕਦੇ ਹਾਂ।

ii. ਦੂਜੇ, ਇੰਝ ਦੀਆਂ ਅਚਨਚੇਤ ਅਤੇ ਭੈੜੀਆਂ ਘਟਨਾਵਾਂ ਅਕਸਰ ਆਰਥਿਕ ਘਾਟਾ ਅਤੇ ਦੁੱਖ ਦਾ ਕਾਰਨ ਹੁੰਦੀਆਂ ਹਨ।

ਆਲੇ ਦੁਆਲੇ ਦੇ ਲੋਕ ਵਿਅਕਤੀਆਂ ਦੀ ਮਦਦ ਕਰ ਸਕਦੇ ਹਨ, ਜੋ ਕਿ ਅਜਿਹੀਆਂ ਘਟਨਾਵਾਂ ਨਾਲ ਪ੍ਰਭਾਵਿਤ ਹੁੰਦੇ ਹਨ, ਸਾਂਝੀ ਅਤੇ ਆਪਸੀ ਸਹਿਯੋਗ ਦੀ ਪ੍ਰਣਾਲੀ ਰਾਹੀਂ। ਬੀਮਾ ਦਾ ਵਿਚਾਰ ਹਜ਼ਾਰਾਂ ਸਾਲ ਪੁਰਾਣਾ ਹੈ। ਪਰ ਫਿਰ ਵੀ ਬੀਮੇ ਦਾ ਮੌਜੂਦਾ ਰੂਪ ਸਿਰਫ਼ ਦੋ ਜਾਂ ਤਿੰਨ ਸਦੀਆਂ ਪੁਰਾਣਾ ਹੈ।

1. ਬੀਮੇ ਦਾ ਇਤਿਹਾਸ

ਬੀਮੇ ਦੀ ਮੌਜੂਦਗੀ 3000 ਬੀਸੀ ਤੋਂ ਕਿਸੇ ਨਾ ਕਿਸੇ ਰੂਪ ਵਿੱਚ ਹੈ। ਕਈ ਸਭਿਆਤਾਵਾਂ ਵਿੱਚ ਸਮਾਜ ਦੇ ਕੁਝ ਮੈਂਬਰਾਂ ਦੇ ਹੋਣ ਵਾਲੇ ਸਾਰੇ ਘਾਟੇ ਨੂੰ ਆਪਸ ਵਿੱਚ ਸਾਂਝਾ ਕਰਨ ਅਤੇ ਵੰਡਣ ਦੀ ਧਾਰਨਾ ਸੀ। ਆਓ ਕੁਝ ਢੰਗ ਵੇਖੀਏ ਕਿ ਇਹ ਧਾਰਨਾ ਕਿਵੇਂ ਲਾਗੂ ਹੁੰਦੀ ਸੀ।

2. ਸਾਲਾਂ ਦੌਰਾ ਨਬੀਮਾ - ਕੁਝ ਮੌਕੇ

| | |
|---|---|
| ਬਾਟਮਰੀ ਕਰਜ਼ | ਬਾਬਲਿਓਨ ਦੇ ਵਪਾਰੀ ਆਪਣੇ ਸ਼ਾਹੂਕਾਰਾਂ ਨੂੰ ਮਾਲ ਗੁਆਚਣ ਜਾਂ ਚੋਰੀ ਹੋਣ ਉੱਤੇ ਆਪਣੇ ਕਰਜ਼ ਮਾਫ਼ ਕਰਨ ਲਈ ਵਾਧੂ ਪੈਸੇ ਦਿੰਦੇ ਸਨ।<br>ਭਰੁਚ ਤੇ ਸੂਰਤ ਦੇ ਵਾਪਰੀਆਂ ਦੀ ਵੀ ਅਜਿਹੀ ਪੱਧਤੀ ਸੀ। |
| ਕਿਰਪਾਲੂ ਸਮਾਜ / ਦੋਸਤਾਨਾ ਸਮਾਜ | 7 ਵੀ ਸਦੀ ਦੇ ਯੂਨਾਨੀ ਪਰਿਵਾਰ ਦੇ ਮੈਂਬਰ ਦੀ ਦੇਖਭਾਲ ਲਈ ਪੇਸ਼ਗੀ ਭੁਗਤਾਨ ਕਰਦੇ ਸਨ, ਜੋ ਮਰ ਜਾਂਦੇ ਸਨ ਅਤੇ ਮੈਂਬਰਾਂ ਲਈ ਸਸਕਾਰ ਲਈ ਵੀ ਭੁਗਤਾਨ ਕਰਦੇ ਸਨ।<br>ਇੰਗਲੈਂਡ ਵਿੱਚ ਵੀ ਇਸ ਕਿਸਮ ਦੇ ਅਮਲ ਸਨ। |
| ਰੋਡਸ | ਰੋਡਸ ਦੇ ਵਪਾਰੀ, ਜੋ ਕਿ ਸਮੁੰਦਰ ਰਾਹੀਂ ਸਮਾਨ ਭੇਜਦੇ ਸਨ, ਘਾਟੇ ਨੂੰ ਵੰਡ ਲੈਂਦੇ ਸਨ, ਜੇ ਉਹਨਾਂ ਦੇ ਸਾਮਾਨ ਨੂੰ ਜੈਟੀਸਨ (ਸੁੱਟਣਾ)[1] ਪੈ ਜਾਂਦਾ ਸੀ। |
| ਚੀਨੀ ਵਪਾਰੀ | ਪੁਰਾਤਨ ਸਮੇਂ ਵਿੱਚ ਚੀਨੀ ਵਪਾਰੀ ਆਪਣੇ ਸਾਮਾਨ ਨੂੰ ਵੱਖ-ਵੱਖ ਜਹਾਜ਼ਾਂ ਵਿੱਚ ਭੇਜਦੇ ਸਨ ਤਾਂ ਕਿ ਜੇ ਕੋਈ ਕਿਸ਼ਤੀ ਡੁੱਬ ਵੀ ਜਾਵੇ ਤਾਂ ਵੀ ਉਹਨਾਂ ਨੂੰ ਪੂਰਾ ਘਾਟਾ ਨਾ ਪਵੇ। |

3. ਬੀਮੇ ਦੀਆਂ ਆਧੁਨਿਕ ਧਾਰਨਾਵਾਂ

ਭਾਰਤ ਵਿੱਚ ਜੀਵਨ ਬੀਮੇ ਦੇ ਸਿਧਾਂਤ ਨੂੰ ਸਾਂਝੇ ਪਰਿਵਾਰ ਦੀ ਪ੍ਰਨਾਲੀ ਵਿੱਚ ਦਰਸਾਇਆ ਜਾਂਦਾ ਸੀ। ਮੈਂਬਰ ਦੇ ਚਲੇ ਜਾਣ ਤੋਂ ਪੈਣ ਵਾਲੇ ਘਾਟੇ ਨੂੰ ਕਈ ਪਰਿਵਾਰਿਕ ਮੈਂਬਰਾਂ ਵਲੋਂ ਵੰਡਿਆ ਜਾਂਦਾ ਸੀ ਤਾਂ ਕਿ ਪਰਿਵਾਰ ਦਾ ਹਰ ਮੈਂਬਰ ਸੁਰੱਖਿਅਤ ਮਹਿਸੂਸ ਕਰੇ।

ਸੁੱਟਣਾ/ ਜੈਟੀਸਨ (jettison) ਦਾ ਭਾਵ ਸਮੁੰਦਰ ਵਿੱਚ ਜਾਣ ਦੌਰਾਨ ਜ਼ਹਾਜ਼ ਦਾ ਭਾਰ ਘੱਟ ਕਰਨ ਕੁਝ ਸਮਾਨ ਨੂੰ ਸਮੁੰਦਰ ਵਿੱਚ ਸੁੱਟਣ ਤੋਂ ਹੈ।

ਆਧੁਨਿਕ ਸਮਾਜ ਵਿੱਚ ਸਾਂਝੇ ਪਰਿਵਾਰ ਟੁੱਟਣ ਅਤੇ ਛੋਟੇ ਪਰਿਵਾਰ ਬਣਨ ਨਾਲ, ਰੋਜ਼ਾਨਾ ਜੀਵਨ ਦੇ ਤਣਾਅ ਵੱਧਣ ਕਾਰਣ ਸੁਰੱਖਿਆ ਲਈ ਬਦਲਵੀਂ ਪ੍ਰਨਾਲੀ ਲੱਭਣਾ ਜ਼ਰੂਰੀ ਹੋ ਚੁੱਕਾ ਹੈ। ਇਸ ਨਾਲ ਵਿਅਕਤੀ ਲਈ ਜੀਵਨ ਬੀਮੇ ਦੀ ਮਹੱਤਤਾ ਉਭਰਦੀ ਹੈ।

i. ਲੋਇਡਸ: ਆਧੁਨਿਕ ਵਪਾਰਕ ਬੀਮਾ ਦਾ ਮੁੱਢ ਲੰਡਨ ਦੇ ਲੋਇਡਸ ਕਾਫ਼ੀ ਹਾਊਸ ਤੋਂ ਸ਼ੁਰੂ ਹੋਇਆ ਸੀ, ਜਿੱਥੇ ਵਪਾਰੀਆਂ ਨੇ ਸਮੁੰਦਰ ਦੇ ਵੱਖ-ਵੱਖ ਖ਼ਤਰਿਆਂ ਤੋਂ ਹੋਣ ਵਾਲੇ ਘਾਟਿਆਂ ਨੂੰ ਆਪਸ ਵਿੱਚ ਸਾਂਝਾ ਕਰਨ ਲਈ ਸਹਿਮਤ ਜਤਾਈ ਸੀ।

ii. 1706 ਵਿੱਚ ਅਮੀਕੇਬਲ ਸੋਸਾਇਟਈ ਫਾਰ ਪ੍ਰਪੈਚੁਅਲ ਅਸ਼ੋਅਰੈਂਸ ਲੰਡਨ ਵਿੱਚ ਸਥਾਪਿਤ ਕੀਤੀ ਗਈ, ਜਿਸ ਨੂੰ ਸੰਸਾਰ ਦੀ ਪਹਿਲੀ ਜੀਵਨ ਬੀਮਾ ਕੰਪਨੀ ਮੰਨਿਆ ਜਾਂਦਾ ਹੈ

4. ਭਾਰਤ ਵਿੱਚ ਬੀਮੇ ਦਾ ਇਤਿਹਾਸ

a) ਭਾਰਤ: ਭਾਰਤ ਵਿੱਚ ਆਧੁਨਿਕ ਬੀਮੇ ਦੀ ਸ਼ੁਰੂਆਤ 1800 ਦੇ ਸ਼ੁਰੂ ਵਿੱਚ ਜਾਂ ਨੇੜੇ ਤੇੜੇ ਵਿਦੇਸ਼ੀ ਬੀਮਾ ਕੰਪਨੀਆਂ ਦੀਆਂ ਏਜੰਸੀਆਂ ਦੇ ਸਮੁੰਦਰੀ ਬੀਮਾ ਵਪਾਰਕ ਨਾਲ ਹੋਈ

| | |
|---|---|
| ਓਰੀਂਟਲ ਲਾਈਫ਼ ਇੰਸ਼ੋਅਰੈਂਸ ਕਾਰਪੋ. ਲਿਮ. | ਭਾਰਤ ਵਿੱਚ ਸਥਾਪਿਤ ਕੀਤੀ ਗਈ ਪਹਿਲੀ ਜੀਵਨ ਬੀਮਾ ਕੰਪਨੀ ਅੰਗਰੇਜ਼ੀ ਕੰਪਨੀ ਸੀ |
| ਟਰੀਟੋਨ ਬੀਮਾ ਕਾਰਪੋ. ਲਿਮ | ਭਾਰਤ ਵਿੱਚ ਬਣੀ ਪਹਿਲੀ ਗ਼ੈਰ-ਜੀਵਨ ਬੀਮਾ ਕੰਪਨੀ |
| ਬੰਬੇ ਮਿਊਚਲ ਐਸੋਅਰੈਂਸ ਸੋਸਾਇਟੀ ਲਿਮ. | ਪਹਿਲੀ ਭਾਰਤੀ ਬੀਮਾ ਕੰਪਨੀ। ਇਸ ਨੂੰ ਮੁੰਬਈ ਵਿੱਚ 1870 ਵਿੱਚ ਬਣਾਇਆ ਗਿਆ |
| ਨੈਸ਼ਨਲ ਬੀਮਾ ਕੰਪਨੀ ਲਿਮ. | ਭਾਰਤ ਦੀ ਸਭ ਤੋਂ ਪੁਰਾਣੀ ਬੀਮਾ ਕੰਪਨੀ ਹੈ। ਇਸ ਨੂੰ 1906 ਵਿੱਚ ਸਥਾਪਿਤ ਕੀਤਾ ਗਿਆ ਸੀ |

ਸਦੀ ਦੇ ਮੋੜ ਉੱਤੇ ਸਵਦੇਸ਼ੀ ਅੰਦੋਲਨ ਦੇ ਨਤੀਜੇ ਵਜੋਂ ਕਈ ਹੋਰ ਭਾਰਤੀ ਕੰਪਨੀਆਂ ਸਥਾਪਿਤ ਕੀਤੀਆਂ ਗਈਆਂ।

**ਮਹੱਤਵਪੂਰਨ**

a) ਬੀਮਾ ਐਕਟ 1938 ਭਾਰਤ ਵਿੱਚ ਬੀਮਾ ਕੰਪਨੀਆਂ ਦੇ ਕੰਮ ਨੂੰ ਨਿਯਮਤ ਕਰਨ ਲਈ ਲਾਗੂ ਕੀਤਾ ਪਹਿਲਾਂ ਕਾਨੂੰਨ ਸੀ। ਇਹ ਐਕਟ ਨੂੰ ਲਾਗੂ ਰੱਖਣ ਲਈ ਸਮੇਂ ਸਮੇਂ ਉੱਤੇ ਸੋਧਿਆ ਜਾਂਦਾ ਰਿਹਾ ਹੈ।

b) ਜੀਵਨ ਬੀਮੇ ਦੇ ਵਪਾਰ ਨੂੰ 1 ਸਤੰਬਰ 1956 ਵਿੱਚ ਕੌਮੀਕ੍ਰਿਤ ਕੀਤਾ ਗਿਆ ਅਤੇ ਭਾਰਤੀ ਜੀਵਨ ਬੀਮਾ ਨਿਗਮ (ਐਲਆਈਸੀ) ਦਾ ਨਿਰਮਾਣ ਹੋਇਆ। 1956 ਤੋਂ 1999 ਤੱਕ, ਕੇਵਲ ਐਲਆਈਸੀ ਕੋਲ ਭਾਰਤ ਵਿੱਚ ਜੀਵਨ ਬੀਮਾ ਕਰਨ ਦਾ ਰਾਖਵਾਂ ਹੱਕ ਸੀ।

c) 1972 ਵਿੱਚ, ਗ਼ੈਰ-ਜੀਵਨ ਬੀਮਾ ਵਪਾਰ ਨੂੰ ਵੀ ਕੌਮੀਕ੍ਰਿਤ ਕੀਤਾ ਗਿਆ ਅਤੇ ਭਾਰਤੀ ਜਰਨਲ ਬੀਮਾ ਨਿਯਮ (ਜੀਆਈਸੀ) ਅਤੇ ਇਸ ਦੀਆਂ ਚਾਰ ਸਹਾਇਕ ਕੰਪਨੀਆਂ ਸਥਾਪਿਤ ਕੀਤੀਆਂ ਗਈਆਂ।

d) ਮਲਹੋਤਰਾ ਕਮੇਟੀ, ਜਿਸ ਨੇ ਆਪਣੀ ਰਿਪੋਰਟ 1994 ਵਿੱਚ ਦਿੱਤੀ ਸੀ, ਨੇ ਸਿਫਾਰਸ਼ ਕੀਤੀ ਕਿ ਬਾਜ਼ਾਰ ਨੂੰ ਮੁਕਾਬਲੇ ਲਈ ਖੋਲ੍ਹਣਾ ਚਾਹੀਦਾ ਹੈ।

e) ਬੀਮਾ ਬਾਜ਼ਾਰ ਨੂੰ 2000 ਵਿੱਚ ਬੀਮਾ ਰੈਗੂਲੇਟਰੀ ਅਤੇ ਵਿਕਾਸ ਅਥਾਰਟੀ(IRDA) ਕਨੂੰਨ ਪਾਸ ਕਰਕੇ ਮੁਕਤ ਕੀਤਾ ਗਿਆ ਸੀ, ਜਿਸ ਨਾਲ ਬੀਮਾ ਰੈਗੂਲੇਟਰੀ ਅਤੇ ਵਿਕਾਸ ਅਥਾਰਟੀ ਆਫ਼ ਇੰਡੀਆ (IRDAI) ਨੂੰ ਅਪਰੈਲ 2000 ਵਿੱਚ ਬੀਮਾ ਉਦਯੋਗ ਲਈ ਵਿਧਾਨਿਕ ਰੈਗੂਲੇਟਰੀ ਸੰਸਥਾ ਵਜੋਂ ਸਥਾਪਿਤ ਕੀਤਾ ਗਿਆ ਸੀ।

f) ਬੀਮਾ ਐਕਟ ਵਿੱਚ 2021 ਵਿੱਚ ਸੋਧ ਕਰਕੇ ਵਿਦੇਸ਼ੀ ਨਿਵੇਸ਼ਕਾਂ ਨੂੰ ਭਾਰਤੀ ਬੀਮਾ ਕੰਪਨੀ ਵਿੱਚ ਇਕਵਟੀ ਧਨ ਵਿੱਚ 74% ਹਿੱਸੇਦਾਰੀ ਰੱਖਣ ਦੀ ਮਨਜ਼ੂਰੀ ਦਿੱਤੀ ਗਈ ਹੈ। ਵਿਦੇਸ਼ੀ ਬੀਮਾਕਰਤਾ ਹੁਣ ਭਾਰਤ ਵਿੱਚ ਮੁੜ-ਬੀਮਾ ਕਰਨ ਲਈ ਬਰਾਂਚਾਂ ਸਥਾਪਿਤ ਕਰ ਸਕਦੇ ਹਨ।

a. ਬੀਮਾ ਉਦਯੋਗ ਅੱਜ (30 ਸਤੰਬਰ 2021 ਨੂੰ)

a) ਭਾਰਤ ਵਿੱਚ 24 ਜੀਵਨ ਬੀਮਾ ਕੰਪਨੀਆਂ ਕੰਮ ਕਰਦੀਆਂ ਹਨ। ਇਹਨਾਂ ਵਿੱਚ ਭਾਰਤੀ ਜੀਵਨ ਬੀਮਾ ਨਿਯਮ (ਐਲਆਈਸੀ) ਜਤਨਕ ਖੇਤਰ ਦੀ ਕੰਪਨੀ ਹੈ, ਅਤੇ ਬਾਕੀ 23 ਜੀਵਨ ਬੀਮਾ ਕੰਪਨੀਆਂ ਨਿੱਜੀ ਖੇਤਰ ਦੀਆਂ ਹਨ।

b) 34 ਜਰਨਲ ਬੀਮਾ ਕੰਪਨੀਆਂ ਵਿੱਚੋਂ 4 - ਨੈਸ਼ਨਲ ਇੰਸ਼ੋਅਰੈਂਸ ਕੰਪਨੀ ਲਿਮ., ਦਾ ਨਿਊ ਇੰਡੀਆ ਅੱਸ਼ੋਅਰੈਂਸ ਕੰਪਨੀ ਲਿਮ., ਓਰੀਐਂਟਲ ਇੰਸ਼ੋਅਰੈਂਸ ਕੰਪਨੀ ਲਿਮ. ਅਤੇ ਯੂਨਾਈਟਡ ਇੰਡੀਆ ਬੀਮਾ ਕਾਰਪੋ. ਲਿਮ. ਜਨਤਕ ਖੇਤਰ (PSU) ਦੀਆਂ ਕੰਪਨੀਆਂ ਜਰਨਲ ਬੀਮੇ ਦੇ ਸਾਰੇ ਵਰਗਾਂ ਲਈ ਕੰਮ ਕਰਦੀਆਂ ਹਨ। 26 ਪ੍ਰਾਈਵੇਟ ਕੰਪਨੀਆਂ ਵੀ ਜਰਨਲ ਬੀਮੇ ਦੇ ਸਾਰੇ ਵਰਗਾਂ ਲਈ ਕੰਮ ਕਰਦੀਆਂ ਹਨ। 6 ਜਰਨਲ ਬੀਮਾਕਰਤਾ ਸਿਰਫ਼ ਸਿਹਤ ਬੀਮੇ ਦਾ ਕੰਮ ਕਰਦੇ ਹਨ। 2 ਖਾਸ ਬੀਮਾਕਰਤਾ - ਖੇਤੀਬਾੜੀ ਬੀਮਾ ਕੰਪਨੀ [AIC] ਅਤੇ ਐਕਸਪੋਰਟ ਕਰੈਡਿਟ ਐਂਡ ਗਾਰੰਟੀ ਕਾਰਪੋਰੇਸ਼ਨ [ECGC] ਹਨ, ਜੋ ਕਿ ਜਨਤਕ ਖੇਤਰ ਦੀਆਂ ਸੰਸਥਾਵਾਂ ਹਨ।

c) ਇੱਕ ਮੁੜ-ਬੀਮਾ ਕੰਪਨੀ - ਦਾ ਜਰਨਲ ਇੰਸ਼ੋਅਰੈਂਸ ਕਾਰਪੋਰੇਸ਼ਨ ਆਫ਼ ਇੰਡੀਆ [GIC Re] ਅਤੇ 11 ਵਿਦੇਸ਼ੀ ਮੁੜ-ਬੀਮਾਕਰਤਾ ਹਨ, ਜੋ ਕਿ ਸ਼ਾਖਾ ਦਫ਼ਤਰਾਂ ਰਾਹੀਂ ਕੰਮ ਕਰਦੇ ਹਨ।

d) ਭਾਰਤ ਸਰਕਾਰ ਦਾ ਡਾਕ ਵਿਭਾਗ (ਭਾਰਤੀ ਡਾਕ) ਵੀ ਜੀਵਨ ਬੀਮੇ ਕਰਦਾ ਹੈ, ਜਿਸ ਨੂੰ ਡਾਕ ਜੀਵਨ ਬੀਮਾ ਕਿਹਾ ਜਾਂਦਾ ਹੈ। ਭਾਰਤੀ ਡਾਕ ਨੂੰ ਬੀਮਾ ਰੈਗੂਲੇਟਰ ਦੇ ਨਿਯਮਾਂ ਤੋਂ ਛੋਟ ਹੈ।

## ਆਪਣੇ ਆਪ ਨੂੰ ਟੈਸਟ ਕਰੋ 1

**ਹੇਠ ਦਿੱਤਿਆਂ ਵਿੱਚੋਂ ਭਾਰਤ ਵਿੱਚ ਬੀਮਾ ਉਦਯੋਗ ਲਈ ਰੈਗੂਲੇਟਰੀ ਸੰਸਥਾ ਹੈ?**

I. ਭਾਰਤੀ ਬੀਮਾ ਸੰਸਥਾਨ

II. ਇੰਸ਼ੋਅਰੈਂਸ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਆਫ਼ ਇੰਡੀਆ

III. ਭਾਰਤੀ ਜੀਵਨ ਬੀਮਾ ਨਿਗਮ

IV. ਭਾਰਤੀ ਜਨਰਲ ਬੀਮਾ ਨਿਗਮ

---

## ਬੀਮਾ ਕਿਵੇਂ ਕੰਮ ਕਰਦਾ ਹੈ


ਮਾਡਰਨ ਵਣਜ/ਵਪਾਰ ਨੂੰ ਜਾਇਦਾਦ ਦੀ ਮਲਕੀਅਤ ਦੇ ਸਿਧਾਂਤ ਉੱਤੇ ਸਥਾਪਿਤ ਕੀਤਾ ਗਿਆ ਸੀ। ਜਦੋਂ ਸੰਪੱਤੀ ਦਾ ਮੁੱਲ ਘੱਟ ਜਾਂਦਾ ਹੈ (ਨੁਕਸਾਨ ਹੋਣਾ ਜਾਂ ਖਤਮ ਹੋਣਾ), ਤਾਂ ਸੰਪੱਤੀ ਦੇ ਮਾਲਕ ਨੂੰ ਮਾਲੀ ਘਾਟਾ ਪੈਂਦਾ ਹੈ। ਇਹ ਘਾਟੇ ਨੂੰ ਕਈ ਰਲਦੇ ਮਿਲਦੇ ਸੰਪੱਤੀ ਮਾਲਕਾਂ ਵਲੋਂ ਕੀਤੇ ਗਏ ਛੋਟੇ ਛੋਟੇ ਯੋਗਦਾਨਾਂ ਤੋਂ ਬਣੇ ਫੰਡ ਤੋਂ ਪੂਰਾ ਕੀਤਾ ਜਾ ਸਕਦਾ ਹੈ। ਘਾਟਾ ਪਾਉਣ ਵਾਲੀ ਘਟਨਾ ਦੀ ਸੰਭਾਵਨਾ ਅਤੇ ਨਤੀਜਤਨ ਘਾਟਿਆਂ ਨੂੰ ਪੂਰਾ ਕਰਨ ਦੀ ਇਹ ਕਾਰਵਾਈ ਨੂੰ ਬੀਮਾ ਕਿਹਾ ਜਾਂਦਾ ਹੈ।

ਮੌਤ ਅਤੇ ਅਪੰਗਤਾ ਦੇ ਕੇਸ ਵਿੱਚ ਜ਼ੋਖਮ ਦੇ ਪੂਲ ਬਣਾਉਣ ਦਾ ਇਹ ਢੰਗ ਵੱਖਰੇ ਰੂਪ ਵਿੱਚ ਕੰਮ ਕਰਦਾ ਹੈ, ਕਿਉਂਕਿ ਇਹਨਾਂ ਕੇਸਾਂ ਵਿੱਚ ਕੋਈ ਵੀ ਵਪਾਰਕ ਸੰਪੱਤੀ ਦਾ ਘਾਟਾ/ਨੁਕਸਾਨ ਨਹੀਂ ਹੁੰਦਾ ਹੈ।

## ਪਰਿਭਾਸ਼ਾ

ਬੀਮੇ ਨੂੰ ਕੁਝ ਦੇ ਘਾਟਿਆਂ ਨੂੰ ਉਹਨਾਂ, ਜਿਹਨਾਂ ਨੂੰ ਮਿਲਦੀਆਂ ਜੁਲਦੀਆਂ ਅਨਿਸ਼ਚਿਤ ਘਟਨਾਵਾਂ / ਸਥਿਤੀਆਂ ਦੇ ਖਤਰੇ ਦਾ ਸਾਹਮਣਾ ਹੁੰਦਾ ਹੈ, ਨਾਲ ਸਾਂਝਾ ਕਰਨ ਦੀ ਕਾਰਵਾਈ ਵਜੋਂ ਮੰਨਿਆ ਜਾ ਸਕਦਾ ਹੈ।

**ਚਿੱਤਰ 2 : ਬੀਮਾ ਕਿਵੇਂ ਕੰਮ ਕਰਦਾ ਹੈ**



ਫਿਰ ਵੀ ਕੁਝ ਸਵਾਲ ਹਨ, ਜਿਨਾਂ ਦੇ ਜਵਾਬ ਦਿੱਤੇ ਜਾਣ ਦੀ ਲੋੜ ਹੈ।

i. ਕੀ ਲੋਕ ਉਹਨਾਂ ਦੇ ਮਿਹਨਤ ਨਾਲ ਕਮਾਏ ਗਏ ਧਨ, ਵਿੱਚੋਂ ਇੰਝ ਦਾ ਸਾਂਝਾ ਫੰਡ ਬਣਾਉਣ ਲਈ ਸਹਿਮਤ ਹੋਣਗੇ?

ii. ਉਹ ਕਿਵੇਂ ਭਰੋਸਾ ਕਰ ਸਕਦੇ ਹਨ ਕਿ ਉਹਨਾਂ ਦੇ ਯੋਗਦਾਨ ਨੂੰ ਲੋੜੀਂਦੇ ਮਕਸਦ ਵਿੱਚ ਵਰਤਿਆ ਜਾ ਰਿਹਾ ਹੈ?

iii. ਉਹਨਾਂ ਨੂੰ ਕਿਵੇਂ ਪਤਾ ਲੱਗਦਾ ਹੈ ਕਿ ਉਹ ਬਹੁਤ ਵੱਧ ਭੁਗਤਾਨ ਕਰ ਰਹੇ ਹਨ ਜਾਂ ਬਹੁਤ ਘੱਟ?

iv. ਇਹ ਫੰਡਾਂ ਦੇ ਪ੍ਰਬੰਧਨ ਅਤੇ ਜਿਹਨਾਂ ਨੂੰ ਘਾਟਾ ਪਿਆ ਹੈ, ਉਹਨਾਂ ਨੂੰ ਭੁਗਤਾਨ ਕਰਨ ਦੀ ਜੁੰਮੇਵਾਰੀ ਕੌਣ ਲਵੇਗਾ?

ਇਹਨਾਂ ਸਭ ਸਵਾਲਾਂ ਦੇ ਜਵਾਬ ਵਜੋਂ ਬੀਮਾਕਰਤਾ ਦੀ ਲੋੜ ਪੈਦਾ ਹੁੰਦੀ ਹੈ। ਬੀਮਾਕਰਤਾ ਜ਼ੋਖਮ ਦੇ ਮੁਲਾਂਕਣ ਕਰਦਾ ਹੈ, ਹਰ ਕਿਸੇ ਦੇ ਯੋਗਦਾਨ (ਜਿਸ ਨੂੰ ਪ੍ਰੀਮੀਅਮ ਕਿਹਾ ਜਾਂਦਾ ਹੈ) ਨੂੰ ਤੈਅ ਅਤੇ ਇਕੱਤਰ ਕਰਦਾ ਹੈ, ਜ਼ੋਖਮ ਤੇ ਪ੍ਰੀਮੀਅਮ ਦਾ ਪੂਲ ਬਣਾਉਂਦਾ ਹੈ ਅਤੇ ਜਿੰਨਾਂ ਨੂੰ ਘਾਟਾ ਪੈਂਦਾ ਹੈ, ਉਹਨਾਂ ਲਈ ਭੁਗਤਾਨ ਦਾ ਇੰਤਜ਼ਾਮ ਕਰਦਾ ਹੈ। ਬੀਮਾ ਕਰਤਾ ਨੂੰ ਲੋਕਾਂ ਅਤੇ ਸਮਾਜ ਦਾ ਭਰੋਸਾ ਵੀ ਜਿੱਤਣਾ ਜ਼ਰੂਰੀ ਹੈ।

1. ਬੀਮਾ ਮੁੱਲ ਬਾਰੇ ਹੈ

a) ਪਹਿਲਾਂ, ਇਹ ਜਾਇਦਾਦ/ਸੰਪੱਤੀ ਹੋਣੀ ਚਾਹੀਦੀ ਹੈ, ਜਿਹਨਾਂ ਦਾ ਆਰਥਿਕ ਮੁੱਲ ਹੋਵੇ ਸੰਪੱਤੀ ਹੋ ਸਕਦੀ ਹੈ:

   i. ਪਦਾਰਥਕ (ਜਿਵੇਂ ਕਿ ਕਾਰ ਜਾਂ ਇਮਾਰਤ) ਜਾਂ

   ii. ਗ਼ੈਰ-ਪਦਾਰਥਕ (ਜਿਵੇਂ ਕਿ ਸ਼ੋਹਰਤ, ਮਾਣ, ਕਿਸੇ ਨੂੰ ਭੁਗਤਾਨ ਕਰਨ ਲਈ ਦੇਣਦਾਰੀ) ਜਾਂ

   iii. ਨਿੱਜੀ (ਕਿਸੇ ਦੀ ਅੱਖ, ਅੰਗ, ਸਰੀਰ ਅਤੇ ਸਰੀਰਿਕ ਸਮਰੱਥਾ ਆਦਿ)।

b) ਸੰਪੱਤੀ ਦਾ ਮੁੱਲ ਘੱਟ ਜਾਂ ਖਤਮ ਹੋ ਸਕਦਾ ਹੈ, ਜੇ ਕੋਈ ਘਟਨਾ ਵਾਪਰਦੀ ਹੈ। ਇਹ ਘਾਟੇ ਦੀ ਸੰਭਾਵਨਾ ਨੂੰ ਜ਼ੋਖਮ ਕਹਿੰਦੇ ਹਨ। ਜ਼ੋਖਮ ਘਟਨਾ ਦੇ ਕਾਰਨ ਨੂੰ ਸੰਕਟ (PERIL) ਵਜੋਂ ਜਾਣਿਆ ਜਾਂਦਾ ਹੈ।

c) ਇਹ ਸਿਧਾਂਤ ਨੂੰ ਪੂਲ ਬਣਾਉਣ (POOLING) ਵਜੋਂ ਜਾਣਿਆ ਜਾਂਦਾ ਹੈ। ਇਸ ਵਿੱਚ ਕਈ ਵਿਅਕਤੀਆਂ ਤੋਂ ਬਹੁਤ ਸਾਰੇ ਨਿੱਜੀ ਯੋਗਦਾਨ (ਜਿਸ ਨੂੰ ਪ੍ਰੀਮੀਅਮ ਵਜੋਂ ਜਾਣਿਆ ਜਾਂਦਾ ਹੈ) ਨੂੰ ਇੱਕਠਾ ਕੀਤਾ ਜਾਂਦਾ ਹੈ। ਇਹਨਾਂ ਵਿਅਕਤੀਆਂ ਕੋਲ ਇੱਕ ਤਰ੍ਹਾਂ ਦੀਆਂ ਸੰਪੱਤੀਆਂ ਹੁੰਦੀਆਂ ਹਨ, ਜੋ ਕਿ ਇੱਕ ਤਰ੍ਹਾਂ ਦੇ ਜ਼ੋਖਮਾਂ ਦਾ ਸਾਹਮਣਾ ਕਰਦੀਆਂ ਹਨ ਉਹਨਾਂ ਦੀ ਸੰਪੱਤੀਆਂ ਨੂੰ ਵੀ ਕਈ ਪੱਖਾਂ ਤੋਂ 'ਜ਼ੋਖਮ' ਵਜੋਂ ਮੰਨਿਆ ਜਾਂਦਾ ਹੈ।

d) ਇਹ ਸਾਂਝੇ ਫੰਡਾਂ (pool) ਨੂੰ ਕੁਝ ਕੁ ਦੀ ਨੁਕਸਾਨ ਪੂਰਤੀ ਲਈ ਵਰਤਿਆ ਜਾਂਦਾ ਹੈ, ਜਿਹਨਾਂ ਨੂੰ ਸੰਕਟ ਦੇ ਕਰਕੇ ਘਾਟਾ ਪਿਆ ਹੈ।


e) ਫੰਡਾਂ ਦੀ ਪੂਲ ਕਰਨ ਅਤੇ ਕੁਝ ਬਦਕਿਸਮਤਾਂ ਨੂੰ ਮੁਆਵਜ਼ਾ ਦੇਣ ਦੀ ਇਹ ਕਾਰਵਾਈ ਨੂੰ ਇੱਕ ਸੰਸਥਾ ਰਾਹੀਂ ਪੂਰਾ ਕੀਤਾ ਜਾਂਦਾ ਹੈ, ਜਿਸ ਨੂੰ ਬੀਮਾਕਰਤਾ (Insurer) (ਬੀਮਾ ਕੰਪਨੀ) ਕਹਿੰਦੇ ਹਨ।

f) ਇਹ ਬੀਮਾਕਰਤਾ ਹਰ ਵਿਅਕਤੀ ਨਾਲ ਬੀਮਾ ਇਕਰਾਰਨਾਮਾ (contract) ਕਰਦਾ ਹੈ, ਜੋ ਪੂਲਿੰਗ ਦੇ ਇਸ ਕਾਰਜ ਵਿਧੀ ਵਿੱਚ ਭਾਗ ਲੈਂਦਾ ਹੈ। ਵਿਅਕਤੀ, ਜੋ ਕਿ ਹਿੱਸਾ ਲੈਂਦਾ ਹੈ, ਨੂੰ ਬੀਮਤ (insured) ਕਿਹਾ ਜਾਂਦਾ ਹੈ।

2. ਬੀਮਾ ਜ਼ੋਖਮ ਬੋਝ ਘਟਾਉਂਦਾ ਹੈ

ਜ਼ੋਖਮ ਦੇ ਬੋਝ ਦਾ ਮਤਲਬ ਕੀਮਤ, ਘਾਟਾ, ਅਤੇ ਕਿਸੇ ਨੂੰ ਹੋਣ ਵਾਲੀ ਅਪੰਗਤਾ ਹੈ, ਜੋ ਕਿ ਦਿੱਤੇ ਘਾਟਾ ਹਾਲਤ/ਦੁਰਘਟਨਾ ਦਾ ਸਾਹਮਣਾ ਕਰਨ ਦੇ ਨਤੀਜੇ ਵਜੋਂ ਹੁੰਦੀ ਹੈ।

ਚਿੱਤਰ 3: ਜੋਖਿਮ ਬੋਝ, ਜੋ ਕਿ ਕਿਸੇ ਨਾਲ ਜੁੜਿਆ ਹੁੰਦਾ ਹੈ:-




ਦੋ ਕਿਸਮ ਦੇ ਜ਼ੋਖਮ ਦੇ ਬੋਝ ਹੁੰਦੇ ਹਨ, ਜੋ ਕਿ ਕੋਈ ਝੱਲਦਾ ਹੈ - ਮੁੱਢਲੇ ਅਤੇ ਸਹਾਇਕ

a) ਜ਼ੋਖਮ ਦਾ ਮੁੱਢਲਾ ਬੋਝ

ਜ਼ੋਖਮ ਦਾ ਮੁੱਢਲਾ ਬੋਝ ਉਹ ਘਾਟੇ ਹੁੰਦੇ ਹਨ, ਜੋ ਕਿ ਅਸਲ ਜ਼ੋਖਮ ਘਟਨਾਵਾਂ ਦੇ ਨਤੀਜੇ ਵਜੋਂ ਘਰ (ਜਾਂ ਵਪਾਰਿਕ ਇਕਾਈਆਂ) ਵਲੋਂ ਝੱਲੇ ਜਾਂਦੇ ਹਨ। ਇਹ ਘਾਟੇ ਅਕਸਰ ਸਿੱਧੇ ਅਤੇ ਮਾਪਣਯੋਗ ਹੁੰਦੇ ਹਨ ਅਤੇ ਬੀਮਕਰਤਾ ਵਲੋਂ ਸੌਖੀ ਤਰ੍ਹਾਂ ਪੂਰੇ ਕੀਤੇ ਜਾ ਸਕਦੇ ਹਨ।

| ਉਦਾਹਰਨ |
|---|

ਜਦੋਂ ਫੈਕਟਰੀ ਅੱਗ ਨਾਲ ਤਬਾਹ ਹੁੰਦੀ ਹੈ ਤਾਂ ਨੁਕਸਾਨੇ ਗਏ ਜਾਂ ਤਬਾਹ ਹੋਏ ਸਮਾਨ ਦੇ ਅਸਲ ਮੁੱਲ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਅਤੇ ਮੁਆਵਜ਼ਾ ਵੀ ਫੈਕਟਰੀ ਦੇ ਮਾਲਕ, ਜਿਸ ਨੂੰ ਘਾਟਾ ਪੈਂਦਾ ਹੈ, ਨੂੰ ਦਿੱਤਾ ਜਾ ਸਕਦਾ ਹੈ।

ਇਸੇਤਰ੍ਹਾਂ ਜੇ ਕਿਸੇ ਵਿਅਕਤੀ ਦੇ ਦਿਲ ਦਾ ਓਪਰੇਸ਼ਨ ਹੁੰਦਾ ਹੈ ਤਾਂ ਉਸ ਦੀ ਡਾਕਟਰੀ ਖਰਚੇ ਦਾ ਪਤਾ ਹੁੰਦਾ ਹੈ ਅਤੇ ਮੁਆਵਜ਼ਾ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਕੁਝ ਅਸਿੱਧੇ ਘਾਟੇ ਵੀ ਹੋ ਸਕਦੇ ਹਨ।

ਉਦਾਹਰਨ

ਅੱਗ ਨੇ ਵਪਾਰਕ ਕਾਰਵਾਈਆਂ ਨੂੰ ਠੱਪ ਕਰ ਦਿੱਤਾ ਹੈ ਅਤੇ ਫਾਇਦੇ ਦਾ ਨੁਕਸਾਨ ਹੁੰਦਾ ਹੈ, ਜਿਸ ਦਾ ਵੀ ਅੰਦਾਜ਼ਾ ਲਗਾਇਆ  ਜਾ ਸਕਦਾ ਹੈ ਅਤੇ ਘਾਟੇ ਪੈਣ ਵਾਲੇ ਨੂੰ ਉਸ ਘਾਟੇ ਲਈ ਮੁਆਵਜ਼ਾ ਦਿੱਤਾ ਜਾ ਸਕਦਾ ਹੈ।

ਕੋਈ, ਜਿਸ ਦਾ ਸਕੂਟਰ ਰਾਹ ਜਾਂਦੇ ਨੂੰ ਟੱਕਰ ਮਾਰਦਾ ਹੈ ਤਾਂ ਉਹ ਅਦਾਲਤ ਵਲੋਂ ਨਿਯਤ ਕੀਤੇ ਮੁਆਵਜ਼ੇ ਦਾ ਭੁਗਤਾਨ ਸ਼ਿਕਾਰ ਹੋਏ ਵਿਅਕਤੀ ਨੂੰ ਦੇਣਦਾਰ ਹੈ।

b) ਜ਼ੋਖਮ ਦਾ ਸਹਾਇਕ ਬੋਝ

ਜਦੋਂ ਇੰਝ ਦੀ ਕੋਈ ਘਟਨਾ ਨਹੀਂ ਵਾਪਰਦੀ ਅਤੇ ਕੋਈ ਘਾਟਾ ਨਹੀਂ ਹੁੰਦਾ ਤਾਂ ਵੀ ਲੋਕ, ਜਿਹਨਾਂ ਨੂੰ ਸੰਕਟ ਦਾ ਸਾਹਮਣਾ ਹੁੰਦਾ ਹੈ, ਕੁਝ ਬੋਝ ਝੱਲਦੇ ਹਨ। ਉਹ, ਮੁੱਢਲੇ ਬੋਝ ਤੋਂ ਬਿਨਾਂ, ਜ਼ੋਖਮ ਦਾ ਸਹਾਇਕ ਬੋਝ ਵੀ ਹੁੰਦਾ ਹੈ।

ਜ਼ੋਖਮ ਦਾ ਸਹਾਇਕ ਬੋਝ ਵਿੱਚ ਕੀਮਤ ਅਤੇ ਤਣਾਅ ਸ਼ਾਮਿਲ ਹੈ, ਭਾਵੇ ਦੱਸੀ ਘਟਨਾ ਨਹੀਂ ਵੀ ਵਾਪਰਦੀ ਹੈ ਤਾਂ ਵੀ ਇਹ ਘਾਟੇ ਦੀ ਸਥਿਤੀ ਵਾਲੇ ਖਤਰੇ ਵਿੱਚ ਹੋ ਸਕਦਾ ਹੈ।

ਆਉ ਇਹਨਾਂ ਬੋਝਾਂ ਵਿੱਚੋਂ ਕੁਝ ਨੂੰ ਸਮਝੀਏ:

i. ਪਹਿਲਾਂ ਤਾਂ ਡਰ ਅਤੇ ਫ਼ਿਕਰ ਦੇ ਕਾਰਨ ਸਰੀਰਿਕ ਅਤੇ ਦਿਮਾਗੀ ਤਣਾਅ ਹੁੰਦਾ ਹੈ। ਇਸ ਨਾਲ ਦਬਾਅ ਪੈਂਦਾ ਹੈ ਅਤੇ ਵਿਅਕਤੀ ਦੀ ਤੰਦਰੁਸਤੀ ਪ੍ਰਭਾਵਿਤ ਹੁੰਦੀ ਹੈ।

ii. ਦੂਜਾ, ਜਦੋਂ ਘਾਟਾ ਹੋਣ ਜਾਂ ਨਾ ਹੋਣ ਦਾ ਸ਼ੱਕ ਹੁੰਦਾ ਹੈ ਤਾਂ ਸਿਆਣੀ ਗੱਲ ਹੈ ਕਿ ਇਸ ਤਰ੍ਹਾਂ ਦੀ ਘਟਨਾ ਨਾਲ ਨਿਪਟਣ ਲਈ ਰਾਖਵਾਂ ਫੰਡ ਰੱਖਿਆ ਹੋਣਾ ਚਾਹੀਦਾ ਹੈ। ਇਸ ਫੰਡ ਨੂੰ ਨਕਦੀ ਦੇ ਰੂਪ ਵਿੱਚ ਰੱਖਿਆ ਹੋ ਸਕਦਾ ਹੈ ਅਤੇ ਉਸ ਤੋਂ ਘੱਟ ਆਮਦਣ ਹੁੰਦੀ ਹੈ।

ਜੋਖਿਮ ਨੂੰ ਬੀਮਾਕਰਤਾ ਨੂੰ ਦੇਣ ਨਾਲ ਮਨ ਦੀ ਸ਼ਾਂਤੀ ਰੱਖਣਾ ਅਤੇ ਆਪਣੇ ਫੰਡ ਨੂੰ ਪ੍ਰਭਾਵੀ ਢੰਗ ਨਾਲ ਨਿਵੇਸ਼ ਕਰਨਾ। ਇਹ ਕਾਰਨਾਂ ਕਰਕੇ ਅਸਲ ਰੂਪ ਵਿੱਚ ਬੀਮੇ ਦੀ ਲੋੜ ਹੈ।

ਭਾਰਤ ਵਿਚ ਹਰੇਕ ਨੂੰ ਤੀਜੀ ਧਿਰ ਬੀਮਾ ਖਰੀਦਣਾ ਹੀ ਪਵੇਗਾ ਜੇ ਉਸ ਕੋਲ ਵਹੀਕਲ ਹੈ, ਕਿਉਂਕਿ ਇਹ ਲਾਜ਼ਮੀ ਹੈ ਜੇ ਉਹ ਵਹੀਕਲ ਪਬਲਿਕ ਰੋਡ ਉੱਤੇ ਚਲਾਉਣਾ ਚਾਹੁੰਦੇ ਹਨ। ਇਸੇ ਤਰ੍ਹਾਂ ਕਾਰ ਦੇ ਆਪਣੇ ਹੋਣ ਵਾਲੇ ਘਾਟੇ ਦੀ ਸੰਭਾਵਨਾ ਲਈ ਬੀਮਾ ਸੁਰੱਖਿਆ ਲੈਣੀ ਵੀ ਸਿਆਣਪ ਹੋਵੇਗੀ, ਜੋ ਕਿ ਲਾਜ਼ਮੀ ਨਹੀਂ ਹੈ। ਮਾਲਕ-ਡਰਾਇਵਰ ਲਈ ਨਿੱਜੀ ਹਾਦਸਾ ਬੀਮਾ-ਸੁਰੱਖਿਆ ਵੀ ਲਾਜ਼ਮੀ ਹੈ।

ਆਪਣੇ ਆਪ ਨੂੰ ਟੈਸਟ ਕਰੋ 2

ਹੇਠ ਦਿੱਤਿਆਂ ਵਿੱਚੋਂ ਕਿਹੜਾ ਜੋਖਿਮ ਦਾ ਸਹਾਇਕ ਬੋਝ ਹੈ?

I. ਕੰਮ-ਧੰਦਾ ਰੁਕਣ ਖਰਚਾ

II. ਖਰਾਬ ਹੋਇਆ ਸਮਾਨ ਦੀ ਲਾਗਤ

III. ਰਾਖਵਾਂ ਫੰਡ ਤਿਆਰ ਕਰਨਾ ਜੋ ਕਿ ਭਵਿੱਖ ਦੇ ਸੰਭਾਵਿਤ ਘਾਟਿਆਂ ਲਈ ਕੰਮ ਆ ਸਕੇ

IV. ਦਿਲ ਦੇ ਦੌਰੇ ਦੇ ਕਰਕੇ ਹਸਪਤਾਲ ਵਿੱਚ ਭਰਤੀ ਹੋਣ ਦਾ ਖਰਚ

## B. ਜੋਖਿਮ ਪੂਲਿੰਗ ਦਾ ਸਿਧਾਂਤ

ਬੀਮਾ ਕੰਪਨੀਆਂ ਵੱਖ-ਵੱਖ ਸੰਸਥਾਵਾਂ - ਪਾਲਸੀਧਾਰਕ, ਜੋ ਕਿ ਵਿਅਕਤੀ ਜਾਂ ਕੰਪਨੀਆਂ ਹੋ ਸਕਦੀਆਂ ਹਨ, ਨਾਲ ਇਕਰਾਰ ਕਰਦੀਆਂ ਹਨ। ਪਾਲਸੀਧਾਰਕ ਨੂੰ ਭੁਗਤਾਨ ਕੀਤੇ ਜਾਣ ਵਾਲੇ ਫਾਇਦੇ ਇਕਰਾਰ ਕੀਤੇ ਬੰਧਨ ਹਨ। ਬੀਮਾ ਇਕਰਾਰਨਾਮੇ ਸਿਰਫ਼ ਤਾਂ ਹੀ ਮਹੱਤਵ ਰੱਖਦੇ ਹਨ ਜੇਕਰ ਬੀਮਾਕਰਤਾ ਜ਼ੋਖਮ ਲੈਣ ਅਤੇ ਜੇ ਤੇ ਜਦੋਂ ਵੀ ਪੈਣ ਵਾਲੇ ਘਾਟਿਆਂ ਲਈ ਮੁਆਵਜ਼ਾ ਦੇਣ ਲਈ ਵਿੱਤੀ ਰੂਪ ਵਿੱਚ ਸਮਰੱਥ ਹੁੰਦੇ ਹਨ। ਇਸ ਦਾ ਢਾਂਚਾ ਪਰਸਪਰਤਾ ਜਾਂ ਪੂਲਿੰਗ ਸਿਧਾਂਤ ਦੀ ਵਰਤੋਂ ਤੋਂ ਤਿਆਰ ਹੁੰਦਾ ਹੈ।

ਵਿੱਤੀ ਬਾਜ਼ਾਰਾਂ ਵਿੱਚ ਜੋਖਿਮ ਘਟਾਉਣ ਲਈ ਪਰਸਪਰਤਾ (Mutuality) ਅਤੇ ਬਹੁਵਿਧੀਕਰਨ (Diversification) ਦੋ ਮਹੱਤਵਪੂਰਨ ਢੰਗ ਹਨ। ਇਹ ਮੂਲ ਰੂਪ ਵਿੱਚ ਵੱਖੋ-ਵੱਖਰੇ ਹਨ।

| ਬਹੁਵਿਧੀਕਰਨ | ਪਰਸਪਰਤਾ |
|---|---|
| ਇੱਥੇ ਫੰਡਾਂ ਨੂੰ ਵੱਖ-ਵੱਖ ਸੰਪਤੀਆਂ ਵਿੱਚ ਵੰਡਿਆ ਜਾਂਦਾ ਹੈ (ਅੰਡਿਆਂ ਨੂੰ ਵੱਖ-ਵੱਖ ਟੋਕਰੀਆਂ ਵਿੱਚ ਰੱਖਣਾ)। | ਪਰਸਪਰਤਾ ਜਾਂ ਪੂਲਿੰਗ ਦੇ ਅਧੀਨ, ਵੱਖ-ਵੱਖ ਵਿਅਕਤੀਆਂ ਦੇ ਫੰਡਾਂ ਨੂੰ ਜੋੜਿਆ ਜਾਂਦਾ ਹੈ (ਸਭ ਅੰਡਿਆਂ ਨੂੰ ਇੱਕੋ ਟੋਕਰੀ ਵਿੱਚ ਰੱਖਣਾ)। |
| ਇੱਕ ਸਰੋਤ ਤੋਂ ਕਈ ਟੀਚੇ ਲਈ ਫੰਡ ਵਰਤੇ ਜਾਂਦੇ ਹਨ। | ਕਈ ਸਰੋਤਾਂ ਤੋਂ ਇੱਕ ਟੀਚੇ ਲਈ ਫੰਡ ਵਰਤੇ ਜਾਂਦੇ ਹਨ। |

ਚਿੱਤਰ 4: ਪਰਸਪਰਤਾ - ਪਰਸਪਰਤਾ (ਕਈ ਸਰੋਤਾਂ ਤੋਂ ਇੱਕ ਟੀਚੇ ਲਈ ਫੰਡ ਉਪਲੱਬਧ ਹੁੰਦੇ ਹਨ)



ਪਰਸਪਰਤਾ ਦਾ ਸਿਧਾਂਤ ਹੀ ਬੀਮਾ ਇਕਰਾਰਨਾਮੇ ਨੂੰ ਉਸ ਦੀ ਮਜ਼ਬੂਤੀ ਅਤੇ ਵਿਲੱਖਣਤਾ ਦਿੰਦਾ ਹੈ। ਛੋਟਾ ਜਿਹਾ ਯੋਗਦਾਨ (ਪ੍ਰੀਮੀਅਮ) ਦੇ ਕੇ, ਬੀਮਤ ਫ਼ੌਰਨ ਵੱਡੀ ਮਾਤਰਾ ਵਿੱਚ ਫੰਡ (ਭੰਡਾਰ) ਬਣਾਉਂਦਾ ਹੈ, ਜੋ ਕਿ ਬੀਮਾ ਕਰਵਾਏ ਜ਼ੋਖਮ ਤੋਂ ਪੈਣ ਵਾਲੇ ਘਾਟੇ ਦੀ ਘਟਨਾ ਵੇਲੇ ਉਸ ਕੋਲ ਉਪਲੱਬਧ ਹੁੰਦੇ ਹਨ। ਧਨ ਦਾ ਇਹ ਸੰਭਾਵਿਤ ਭੰਡਾਰ ਹੀ ਹੈ, ਜੋ ਬੀਮੇ ਨੂੰ ਵਿਲੱਖਣ ਅਤੇ ਹੋਰ ਸਾਰੇ ਵਿੱਤੀ ਉਤਪਾਦਾਂ ਦੇ ਵਿਕਲਪ ਤੋਂ ਰਹਿਤ ਬਣਾਉਂਦਾ ਹੈ।

## C. ਜੋਖਿਮ ਇੰਤਜ਼ਾਮ ਤਕਨੀਕਾਂ

ਕਿਸੇ ਨੂੰ ਪੁੱਛਿਆ ਜਾ ਸਕਦਾ ਹੈ ਕਿ ਕੀ ਬੀਮਾ ਸਭ ਕਿਸਮ ਦੇ ਬੀਮਾ ਹਾਲਤਾਂ ਲਈ ਠੀਕ ਹੈ। ਜਵਾਬ ਹੈ 'ਨਹੀਂ'।

ਕੇਵਲ ਬੀਮਾ ਹੀ ਅਜਿਹੇ ਢੰਗਾਂ ਵਿੱਚੋਂ ਇੱਕ ਹੈ, ਜਿਸ ਰਾਹੀਂ ਵਿਅਕਤੀ ਆਪਣੇ ਜੋਖਮਾਂ ਦੇ ਪ੍ਰਬੰਧ ਲਈ ਸਹਾਇਤਾ ਲੈ ਸਕਦਾ ਹੈ। ਇਸ ਦੁਆਰਾ ਉਹ ਉਹਨਾਂ ਨੂੰ ਮਿਲਣ ਵਾਲੇ ਜੋਖਿਮਾਂ ਨੂੰ ਬੀਮਾ ਕੰਪਨੀ ਨੂੰ ਤਬਦੀਲ ਕਰਦੇ ਹਨ। ਪਰ, ਜੋਖਿਮਾਂ ਨਾਲ ਨਿਪਟਣ ਦੇ ਹੋਰ ਢੰਗ ਹਨ,ਜਿਹਨਾਂ ਦੇ ਬਾਰੇ ਜਾਣਕਾਰੀ ਹੇਠ ਦਿੱਤੀ ਗਈ ਹੈ:

### 1. ਜ਼ੋਖਮ ਟਾਲਣਾ

ਘਾਟੇ ਦੀ ਸਥਿਤੀ ਤੋਂ ਬੱਚ ਕੇ ਜੋਖਿਮ ਨੂੰ ਘਟਾਉਣ ਨੂੰ ਜੋਖਿਮ ਟਾਲਣਾ ਕਹਿੰਦੇ ਹਨ। ਇਸ ਤਰ੍ਹਾਂ ਵਿਅਕਤੀ ਸਰਗਰਮੀਆਂ ਜਾਂ ਹਾਲਤਾਂ ਤੋਂ ਪਰਹੇਜ਼ ਕਰਨ ਦੀ ਕੋਸ਼ਿਸ਼ ਕਰੇਗਾ ਜਾਂ ਸੰਪੱਤੀ ਜਾਂ ਵਿਅਕਤੀਆਂ ਨਾਲ ਕੰਮ ਕਰਨ ਤੋਂ ਪਰਹੇਜ਼ ਕਰੇਗਾ, ਜਿਸ ਨਾਲ ਘਾਟੇ ਦੀ ਸਥਿਤੀ ਪੈਦਾ ਹੋ ਸਕਦੀ ਹੈ।

**ਉਦਾਹਰਨ**

i. ਕੋਈ ਨਿਰਮਾਣ ਦੇ ਕੰਮ ਦਾ ਠੇਕਾ ਕਿਸੇ ਹੋਰ ਨੂੰ ਦੇ ਕੇ ਨਿਰਮਾਣ ਦੇ ਕੁਝ ਜੋਖਿਮ ਨੂੰ ਝੱਲਣ ਤੋਂ ਪਹਰੇਜ਼ ਕਰ ਸਕਦਾ ਹੈ।

ii. ਕੋਈ ਹਾਦਸਾ ਹੋਣ ਦੇ ਡਰ ਨਾਲ ਘਰੋਂ ਬਾਹਰ ਨਹੀਂ ਨਿਕਲਣਾ ਚਾਹੁੰਦਾ ਹੋ ਸਕਦਾ ਹੈ ਜਾਂ ਵਿਦੇਸ਼ ਜਾ ਕੇ ਬਿਮਾਰ ਹੋਣ ਦੇ ਡਰ ਕਰਕੇ ਸਫ਼ਰ ਨਹੀਂ ਕਰ ਸਕਦਾ ਹੈ।

ਜ਼ੋਖਮ ਨੂੰ ਟਾਲਣਾ ਜ਼ੋਖਮ ਨਾਲ ਨਿਪਟਣ ਦਾ ਗਲਤ ਢੰਗ ਮੰਨਿਆ ਜਾਂਦਾ ਹੈ। ਵਿਅਕਤੀਆਂ ਅਤੇ ਸਮਾਜ ਨੂੰ ਆਪਣੀ ਤਰੱਕੀ ਕਰਨ ਲਈ ਕੁਝ ਸਰਗਰਮੀਆਂ ਕਰਨ ਵਾਸਤੇ ਕੁਝ ਜ਼ੋਖਮ ਲੈਣ ਦੀ ਲੋੜ ਹੁੰਦੀ ਹੈ। ਇੰਝ ਦੀਆਂ ਜੋਖਮ ਦੀਆਂ ਸਰਗਰਮੀਆਂ ਨਾਲ ਇਹ ਸਰਗਰਮੀਆਂ ਤੋਂ ਹੋਣ ਵਾਲੇ ਫਾਇਦਿਆਂ ਦਾ ਘਾਟਾ ਪਵੇਗਾ।

### 2. ਜ਼ੋਖਮ ਧਾਰਨ

ਵਿਅਕਤੀ ਜ਼ੋਖਮ ਦੇ ਅਸਰ ਦਾ ਇੰਤਜ਼ਾਮ ਖੁਦ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ ਅਤੇ ਜ਼ੋਖਮ ਤੇ ਇਸ ਦੇ ਪ੍ਰਭਾਵ ਨੂੰ ਸਹਿਣ ਕਰਨ ਦਾ ਫੈਸਲਾ ਕਰਦਾ ਹੈ। ਇਸ ਨੂੰ ਸਵੈ-ਬੀਮੇ ਵਜੋਂ ਜਾਣਿਆ ਜਾਂਦਾ ਹੈ।

| ਉਦਾਹਰਨ |
|---|

ਇੱਕ ਵਪਾਰਿਕ ਘਰ ਤਜਰਬੇ ਦੇ ਅਧਾਰ ਉੱਤੇ ਫੈਸਲਾ ਕਰ ਸਕਦਾ ਹੈ ਕਿ ਇਸ ਦਾ ਕੁਝ ਹੱਦ ਤੱਕ ਛੋਟੇ ਘਾਟੇ ਸਹਿਣ ਦੀ ਸਮੱਰਥਾ ਹੈ ਅਤੇ ਜੋਖਿਮ ਨੂੰ ਖੁਦ ਝੱਲਣ ਦਾ ਫੈਸਲਾ ਕਰਦਾ ਹੈ।

**3. ਜ਼ੋਖਮ ਘਟਾਉਣਾ ਅਤੇ ਕੰਟਰੋਲ**

ਇਹ ਜ਼ੋਖਮ ਟਾਲਣ ਨਾਲੋਂ ਵੱਧ ਅਭਿਆਸੀ ਅਤੇ ਢੁੱਕਵਾਂ ਢੰਗ ਹੈ। ਇਸ ਦਾ ਭਾਵ ਹੈ ਘਾਟਾ ਹੋਣ ਦੇ ਮੌਕਿਆਂ ਨੂੰ ਘੱਟ ਕਰਨਾ ਅਤੇ/ਜਾਂ ਇਹ ਘਾਟਾ ਪੈਣ ਦੇ ਹਾਲਤ ਵਿੱਚ ਇਸ ਦੇ ਅਸਰ ਦੀ ਤੀਬਰਤਾ ਨੂੰ ਘਟਾਉਣ ਲਈ ਕਦਮ ਚੁੱਕਣੇ।

| ਮਹੱਤਵਪੂਰਨ |
|---|

ਘਾਟਾ ਪੈਣ ਦੀਆਂ ਘਟਨਾਵਾਂ ਦੀ ਸੰਭਾਵਨਾ ਨੂੰ ਘਟਾਉਣ ਲਈ ਚੱਕੇ ਜਾਣ ਵਾਲੇ ਕਦਮਾਂ ਨੂੰ 'ਘਾਟਾ ਰੋਕਣਾ' ਕਿਹਾ ਜਾਂਦਾ ਹੈ। ਘਾਟਾ ਵਾਪਰਨ ਦੇ ਕੇਸ ਵਿੱਚ ਘਾਟੇ ਦੀ ਮਾਤਰਾ ਘਟਾਉਣ ਲਈ ਚੱਕੇ ਕਦਮਾਂ ਨੂੰ 'ਘਾਟਾ ਘਟਾਉਣਾ/ਘਾਟਾ ਘੱਟੋ-ਘੱਟ ਕਰਨ ਕਿਹਾ ਜਾਂਦਾ ਹੈ।

ਜੋਖਿਮ ਘਟਾਉਣਾ, ਜਿਸ ਵਿੱਚ ਘਾਟੇ ਦੀ ਆਵਰਤੀ ਅਤੇ/ਜਾਂ ਆਕਾਰ ਨੂੰ ਘਟਾਉਣਾ ਸ਼ਾਮਿਲ ਹੈ:

a) ਵਾਜਬ ਜ਼ੋਖਮ ਅਮਲਾਂ ਵਿੱਚ ਮੁਲਾਜ਼ਮਾਂ ਨੂੰ ਵੱਖ-ਵੱਖ ਕਿਸਮ ਦੀ ਸਿੱਖਿਆ ਅਤੇ ਸਿਖਲਾਈ ਦੇਣਾ - ਜਿਵੇਂ ਕਿ (i) 'ਅੱਗ ਬਝਾਊ ਡਰਿੱਲ' ਵਿੱਚ ਹਿੱਸਾ ਲੈਣਾ; (ii) ਕਾਰਾਂ ਵਿੱਚ ਸੀਟ-ਬਿਲਟਾਂ ਹੈਲਮਟ ਪਾਉਣੇ।

b) ਵਾਤਾਵਰਣ ਵਿੱਚ ਤਬਦੀਲੀ ਕਰਨੀ - ਜਿਵੇਂ ਕਿ ਸਥਾਨਕ ਹਾਲਤਾਂ ਵਿੱਚ ਸੁਧਾਰ ਕਰਨਾ -ਜਿਵੇਂ (i) ਅਲਾਰਮ ਇੰਸਟਾਲ ਕਰਨੇ; (ii) ਮਲੇਰੀਆ ਘਟਾਉਣ ਲਈ ਮੱਛਰ ਮਾਰੂ ਰਸਾਇਣਾਂ ਦਾ ਛਿੜਕਾਅ ਕਰਨਾ।

c) ਮਸ਼ੀਨਰੀ ਤੇ ਯੰਤਰ ਵਰਤਣ ਜਾਂ ਹੋਰ ਕੰਮਾਂ ਨੂੰ ਕਰਨ ਦੇ ਦੌਰਾਨ ਖ਼ਤਰਨਾਕ ਜਾਂ ਘਾਤਕ ਕਾਰਵਾਈਆਂ ਵਿੱਚ ਤਬਦੀਲੀਆਂ ਕਰਨੀਆਂ - ਜਿਵੇਂ (i) ਨਿਰਮਾਣ ਦੀਆਂ ਥਾਵਾਂ ਉੱਤੇ ਹੈਲਮਟ ਪਾਉਣੇ; (ii) ਰਸਾਇਣਾਂ ਨੂੰ ਵਰਤਣ ਦੇ ਦੌਰਾਨ ਦਸਤਾਨੇ ਅਤੇ ਮੂੰਹ ਢਕਣ ਲਈ ਮਾਸਕ ਪਾਉਣੇ।

d) ਸਿਹਤਮੰਦ ਜੀਵਨ ਸ਼ੈਲੀ ਅਪਾਉਣੀ - ਅਚਾਨਕ ਬੀਮਾਰ ਪੈਣ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ - ਜਿਵੇਂ (i) ਨਿਯਮਤ ਡਾਕਟਰੀ ਚੈਕ-ਅੱਪ ਲਈ ਜਾਣਾ; (ii) ਨਿਯਮਤ ਰੂਪ ਵਿੱਚ ਯੋਗਾ ਕਰਨਾ।

e) ਵੱਖਰੇਵਾਂ ਜਾਂ ਸੰਪੱਤੀ ਦੀਆਂ ਵੱਖ-ਵੱਖ ਚੀਜ਼ਾਂ ਨੂੰ ਇੱਕ ਥਾਂ ਉੱਤੇ ਇਕੱਤਰ ਕਰਨ ਦੀ ਬਜਾਏ ਵੱਖ-ਵੱਖ ਟਿਕਾਣੇ ਉੱਤੇ ਖਿਲਾਰ ਦੇਣਾ ਤਾਂ ਕਿ ਇੱਕ ਟਿਕਾਣੇ ਉੱਤੇ ਘਟਨਾ ਵਾਪਰਨ ਦੇ ਅਸਰ ਨੂੰ ਘਟਾਇਆ ਜਾ ਸਕੇ - ਜਿਵੇਂ (i) ਜਲਣਸ਼ੀਲ ਸਮੱਗਰੀ ਦੀ ਵੱਡੀ ਮਾਤਰਾ ਨੂੰ ਵੱਖ-ਵੱਖ ਟਿਕਾਣਿਆਂ ਉੱਤੇ ਸਟੋਰ ਕਰਨਾ; (ii) ਫੈਕਟਰੀ ਦੇ ਖ਼ਤਰਨਾਕ ਖੇਤਰਾਂ ਵਿੱਚ ਅੱਗ ਰੋਕੂ ਦਰਵਾਜ਼ੇ ਲਵਾਉਣੇ।

4. ਜ਼ੋਖਮ ਵਿੱਤ

ਇਹ ਫੰਡਾਂ ਦੇ ਪ੍ਰਬੰਧ ਨੂੰ ਦਰਸਾਉਂਦਾ ਹੈ, ਜੋ ਕਿ ਹੋਣ ਵਾਲੇ ਘਾਟੇ ਲਈ ਹੋਣ।

a) ਖੁਦ ਦੀ ਪੂੰਜੀ ਰਾਹੀਂ ਜ਼ੋਖਮ ਧਾਰਨ ਕਰਨ ਚ ਕਿਸੇ ਵੀ ਘਾਟੇ ਨੂੰ ਖੁਦ ਸਹਿਣ ਕਰਨਾ ਹੈ, ਜੋ ਕਿ ਹੁੰਦੇ ਹਨ। ਫਰਮ ਆਪਣੇ ਖੁਦ ਦੇ ਜ਼ੋਖਮ ਦਾ ਅੰਦਾਜ਼ਾ ਲਗਾਉਂਦੀ ਹੈ ਅਤੇ ਪੂੰਜੀ ਲਗਾਉਂਦੀ ਹੈ, ਭਾਵੇਂ ਆਪਣੇ ਕੋਲੋਂ ਜਾਂ ਉਧਾਰ ਲਏ ਫੰਡਾਂ ਰਾਹੀਂ, ਇਸ ਨੂੰ ਸਵੈ-ਬੀਮਾ ਕਿਹਾ ਜਾਂਦਾ ਹੈ।

b) ਹੋਰ ਵੱਡੇ ਗਰੁੱਪ ਵਿੱਚ ਜ਼ੋਖਮ ਧਾਰਨ ਕਰਨਾ: ਜੇ ਜ਼ੋਖਮ ਵੱਡੇ ਗਰੁੱਪ ਦਾ ਹਿੱਸਾ ਹੁੰਦਾ ਹੈ, ਜਿਵੇਂ ਮੂਲ ਕੰਪਨੀ, ਤਾਂ ਜ਼ੋਖਮ ਨੂੰ ਹੋਰ ਵੱਡੇ ਗਰੁੱਪ ਵਿੱਚ ਝੱਲਿਆ ਜਾ ਸਕਦਾ ਹੈ, ਜੋ ਕਿ ਘਾਟੇ ਨੂੰ ਵਿੱਤੀ ਸਹਾਇਤਾ ਦੇ ਸਕਦਾ ਹੈ। ਇਹ ਗਰੁੱਪ ਆਪਸੀ ਸਹਿਮਤੀ ਨਾਲ ਵੀ ਬਣਾਇਆ ਜਾ ਸਕਦਾ ਹੈ।

c) ਜ਼ੋਖਮ ਧਾਰਨ ਕਰਨ ਦਾ ਇੱਕ ਬਦਲ ਹੈ ਜ਼ੋਖਮ ਤਬਾਦਲਾ (ਟਰਾਂਸਫਰ)। ਇਸ ਵਿੱਚ ਘਾਟੇ ਦੀ ਜ਼ਿੰਮੇਵਾਰੀ ਕਿਸੇ ਹੋਰ ਪਾਰਟੀ ਨੂੰ ਦੇ ਦੇਣੀ (ਟਰਾਂਸਫਰ ਕਰਨੀ) ਹੁੰਦੀ ਹੈ।

ਬੀਮਾ ਜ਼ੋਖਮ ਤਬਾਦਲੇ ਦੇ ਸਭ ਤੋਂ ਵੱਡੇ ਰੂਪਾਂ ਵਿੱਚੋਂ ਇੱਕ ਹੈ। ਹੋਰ ਕਈ ਰੂਪਾਂ ਵਿੱਚ ਅਨਿਸ਼ਚਤਾਂ ਦਾ ਸਾਹਮਣਾ ਕਰਨ ਦੀ ਬਜਾਏ ਲੋਕ ਬੀਮਾ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਇਸ ਨਾਲ ਨਿਸ਼ਚਤ ਅਤੇ ਬੇਫਿਕਰੀ ਹੁੰਦੀ ਹੈ।

5. ਬੀਮਾ ਤੇ ਅਸ਼ੋਰੈਂਸ

ਬੀਮਾ (Insurance) ਨੂੰ ਬਹੁਤੇ ਜਰਨਲ ਬੀਮਾ ਇਕਰਾਰਨਾਮਿਆਂ ਲਈ ਵਰਤਿਆ ਜਾਂਦਾ ਹੈ, ਜੋ ਕਿ ਕਿਸੇ ਘਟਨਾ ਵਿਰੁਧ ਸੁਰੱਖਿਆ ਦਿੰਦਾ ਹੈ, ਜੋ ਕਿ ਵਾਪਰ ਸਕਦੇ ਵੀ ਹਨ ਅਤੇ ਨਹੀਂ ਵੀ, ਅਤੇ ਜਿੱਥੇ ਘਾਟੇ ਦੀ ਰਕਮ ਨੂੰ ਘਟਨਾ ਦੇ ਬਾਅਦ ਹੀ ਨਿਯਤ ਕੀਤਾ ਜਾ ਸਕਦਾ ਹੈ।

ਅਸ਼ੋਰੈਂਸ (Assurance) ਵਾਧੂ ਅੰਤਰਾਲ ਜਾਂ ਮੌਤ ਤੱਕ ਵਿੱਤੀ ਬੀਮਾ-ਸੁਰੱਖਿਆ ਨੂੰ ਦਰਸਾਉਂਦਾ ਹੈ। ਜੀਵਨ ਦੇ ਕੇਸ ਵਿੱਚ  ਮੌਤ ਦਾ ਵਾਪਰਨਾ (ਘਾਟਾ ਵਾਪਰਨ ਦੀ ਘਟਨਾ) ਨਿਸ਼ਚਤ ਹੈ। ਸਿਰਫ਼ ਸਮਾਂ ਅਨਿਸ਼ਚਤ ਹੈ। ਇਸ ਤੋਂ ਇਲਾਵਾ ਵਿਅਕਤੀ ਦੇ ਮਰਨ ਉੱਤੇ ਪੈਣ ਵਾਲੇ ਆਰਥਿਕ ਘਾਟੇ ਦੀ ਰਕਮ ਦਾ ਅੰਦਾਜ਼ਾ ਲਾਉਣਾ ਸੰਭਵ ਨਹੀਂ ਹੈ। ਘਾਟੇ ਦੀ ਰਕਮ, ਜਿਸ ਦਾ ਭੁਗਤਾਨ ਕੀਤਾ ਜਾਣਾ ਹੁੰਦਾ ਹੈ, ਪਹਿਲਾਂ ਤੈਅ ਕੀਤੀ ਹੋਣੀ ਚਾਹੀਦੀ ਹੈ। ਜਿਸਕਰਕੇ ਲੋਕ ਜੀਵਨ ਬੀਮੇ ਦੇ ਕੇਸ ਵਿੱਚ 'ਅਸ਼ੋਰੈਂਸ (Assurance)' ਦਾ ਸ਼ਬਦ ਵਰਤਦੇ ਹਨ।

ਹਾਲਾਂਕਿ 'ਬੀਮਾ (Insurance)' and 'ਅਸ਼ੋਰੈਂਸ(Assurance)' ਸ਼ਬਦਾਂ ਵਿੱਚ ਬਾਰੀਕ ਜਿਹੇ ਤਕਨੀਕੀ ਅੰਤਰ ਹਨ, ਪਰ ਭਾਰਤ ਸਮੇਤ ਬਹੁਤੇ ਬਾਜ਼ਾਰਾਂ ਵਿੱਚ ਇਹਨਾਂ ਨੂੰ ਆਪਸ ਵਿੱਚ ਬਦਲ ਕੇ ਵਰਤਿਆ ਜਾਂਦਾ ਹੈ। [ਭਾਰਤ ਵਿੱਚ ਸਭ ਤੋਂ ਵੱਡੀ ਜਰਨਲ ਬੀਮਾ ਕੰਪਨੀ ਵਿੱਚੋਂ ਇੱਕ ਨਾਂ ਹੈ - ਨਿਊ ਇੰਡੀਆ ਅਸ਼ੋਊਰੈਂਸ ਕੰਪਨੀ ਲਿਮ. ਹੈ ਅਤੇ ਭਾਰਤ ਵਿੱਚ ਕੋਈ ਜੀਵਨ ਬੀਮਾ ਕੰਪਨੀ ਦੇ ਨਾਂ ਵਿੱਚ "ਅਸ਼ੋਰੈਂਸ(Assurance)" ਸ਼ਬਦ ਨਹੀਂ ਹੈ!]

**ਚਿੱਤਰ 5 : ਬੀਮਾ ਬੀਮਤ ਨੂੰ ਹਰਜਾਨਾ ਕਿਵੇਂ ਦਿੰਦਾ ਹੈ**




**ਆਪਣੇ ਆਪ ਨੂੰ ਟੈਸਟ ਕਰੋ 3**

**ਹੇਠ ਦਿੱਤਿਆਂ ਵਿੱਚੋਂ ਕਿਹੜੀ ਚੋਣ ਜੋਖਿਮ ਤਬਾਦਲੇ ਦਾ ਢੰਗ ਨਹੀਂ ਹੈ?**

I. **ਬੈਂਕ ਸਥਿਰ ਜ਼ਮ੍ਹਾਂ**

II. **ਬੀਮਾ**

III. **ਇਕਵਿਟੀ ਸ਼ੇਅਰ**

IV. **ਜ਼ਮੀਨ ਜਾਇਦਾਦ**

## D. ਜੋਖਿਮ ਦੇ ਇੰਤਜ਼ਾਮ ਲਈ ਬੀਮਾ ਇੱਕ ਸਾਧਨ ਵਜੋਂ

**ਸ਼ਬਦ 'ਜ਼ੋਖਮ (Risk)' ਘਾਟੇ ਨੂੰ ਨਹੀਂ ਦਰਸਾਉਂਦਾ ਹੈ, ਜੋ ਕਿ ਅਸਲ ਅਸਲ ਵਿੱਚ ਹੋਇਆ ਹੈ ਬਲਕਿ ਉਸ ਘਾਟੇ ਬਾਰੇ ਹੈ, ਜਿਸ ਦੇ ਹੋਣ ਦੀ ਸੰਭਾਵਨਾ ਹੈ। ਇਸਕਰਕੇ ਇਹ ਅੰਦਾਜ਼ਾ ਘਾਟਾ ਹੈ। ਇਸ ਅੰਦਾਜ਼ਨ ਘਾਟੇ ਦੀ ਕੀਮਤ ਦੋ ਕਾਰਨਾਂ ਦਾ ਉਤਪਾਦ ਹੈ:**

i. ਸੰਭਾਵਨਾ ਕਿ ਸੰਕਟ, ਜਿਸ ਲਈ ਬੀਮਾ ਕੀਤਾ ਗਿਆ ਹੈ, ਪੈਦਾ ਹੋਵੇਗਾ, ਜਿਸ ਨਾਲ ਘਾਟਾ ਹੁੰਦਾ ਹੈ।

ii. ਤੀਬਰਤਾ (ਅਸਰ) ਜਾਂ ਘਾਟੇ ਦੀ ਮਾਤਰਾ ਜੋ ਕਿ ਨਤੀਜੇ ਵਜੋਂ ਹੋ ਸਕਦੀ ਹੈ।

ਜੋਖਿਮ ਦੀ ਕੀਮਤ ਸੰਭਾਵਨਾ ਅਤੇ ਘਾਟੇ ਦੀ ਤੀਬਰਤਾ (ਘਾਟੇ ਦੀ ਮਾਤਰਾ) ਦੇ ਨਾਲ ਸਿੱਧੇ ਰੂਪ ਵਿੱਚ ਵੱਧਦੀ ਹੈ)। ਇਹ ਵੱਖਰੇ ਢੰਗ ਨਾਲ ਕੰਮ ਕਰਦਾ ਹੈ - (a) ਜੇ ਘਾਟੇ ਦੀ ਮਾਤਰਾ ਬਹੁਤ ਵੱਧ ਹੋਵੇ ਅਤੇ ਇਸ ਦੇ ਵਾਪਰਨ ਦੀ ਸੰਭਾਵਨਾ ਬਹੁਤ ਘੱਟ ਤਾਂ ਜੋਖਿਮ ਦੀ ਕੀਮਤ ਘੱਟ ਹੋ ਸਕਦੀ ਹੈ। (b) ਭਾਵੇਂ ਕਿ ਘਾਟੇ ਦੀ ਰਕਮ ਬਹੁਤ ਘੱਟ ਹੈ, ਜੇ ਇਸ ਦੀ ਵਾਪਰਨ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ ਤਾਂ ਇਸ ਦੇ ਵਾਪਰਨ ਦੀ ਗਿਣਤੀ ਕਰਕੇ ਜ਼ੋਖਮ ਦੀ ਕੀਮਤ ਵੱਧ ਹੋਵੇਗੀ। ਬੀਮਾ ਕਿਸੇ ਦੇ ਜ਼ੋਖਮ ਦੇ ਬੰਦੋਬਸਤ ਲਈ ਮਜ਼ਬੂਤ ਸਾਧਨ ਵਜੋਂ ਵੇਖਿਆ ਜਾਂਦਾ ਹੈ। ਇਹ ਕਿਸੇ ਨੂੰ ਬੀਮਾ ਕਰਵਾਏ ਘਾਟੇ ਦੇ ਕਰਕੇ ਉਸ ਦੀ ਸੰਪੱਤੀ/ ਧਨ ਦੇ ਘਾਟੇ ਦੇ ਵਿੱਤੀ ਅਸਰ ਤੋਂ ਸੁਰੱਖਿਅਤ ਕਰਦਾ ਹੈ।

ਚਿੱਤਰ 6 : ਬੀਮੇ ਦੀ ਚੋਣ ਕਰਨ ਤੋਂ ਧਿਆਨ ਰੱਖਣ ਯੋਗ




## E. ਬੀਮੇ ਦੀ ਚੋਣ ਕਰਨ ਤੋਂ ਧਿਆਨ ਰੱਖਣ ਯੋਗ

ਜਦੋਂ ਬੀਮਾ ਕਰਨ ਜਾਂ ਨਾ ਕਰਨ ਬਾਰੇ ਫੈਸਲਾ ਕਰਨਾ ਹੋਵੇ ਤਾਂ ਜ਼ੋਖਮ ਨੂੰ ਖੁਦ ਝੱਲਣ ਦੇ ਖ਼ਰਚ ਨੂੰ ਜ਼ੋਖਮ ਤਬਦੀਲੀ ਕਰਨ ਦੇ ਖ਼ਰਚੇ [ਬੀਮਾ ਪ੍ਰੀਮੀਅਮ] ਨਾਲ ਤੁਲਨਾ ਕਰਨੀ ਚਾਹੀਦੀ ਹੈ। ਬੀਮੇ ਦੀ ਲੋੜ ਸਭ ਤੋਂ ਜਿਆਦਾ ਉੱਥੇ ਹੁੰਦੀ ਹੈ, ਜਿੱਥੇ ਘਾਟੇ ਦਾ ਅਸਰ ਬਹੁਤ ਜ਼ਿਆਦਾ ਹੁੰਦਾ ਹੈ, ਪਰ ਸੰਭਾਵਨਾ (ਅਤੇ ਤਾਂ ਹੀ ਪ੍ਰੀਮੀਅਮ) ਬਹੁਤ ਘੱਟ ਹੁੰਦੀ ਹੈ। ਜਿਵੇਂ (i) ਭੁਚਾਲ ਦੀ ਸੰਭਾਵਨਾ; (ii) ਸਮੁੰਦਰੀ ਜਹਾਜ਼ ਡੁੱਬਣ ਦੀ ਸੰਭਾਵਨਾ।

a) ਬਹੁਤ ਘੱਟ ਲਈ ਬਹੁਤ ਵੱਧ ਜ਼ੋਖਮ ਨਾ ਲਵੋ: ਜੋਖਿਮ ਤਬਦੀਲੀ ਦੀ ਕੀਮਤ ਅਤੇ ਲਏ ਗਏ ਮੁੱਲ ਵਿੱਚ ਢੁੱਕਵਾਂ ਸਬੰਧ ਹੋਣਾ ਚਾਹੀਦਾ ਹੈ।

ਕੀ ਆਮ ਬਾਲ ਪੈੱਨ ਦੀ ਬੀਮਾ ਕਰਵਾਉਣ ਦਾ ਕੋਈ ਮਤਲਬ ਹੈ?

---

b) ਉਸ ਤੋਂ ਵੱਧ ਜੋਖਿਮ ਨਾ ਲਵੋ, ਜਿਸ ਦੇ ਘਾਟੇ ਨੂੰ ਝੱਲ ਨਹੀਂ ਸਕਦੇ: ਜੇ ਕਿਸੇ ਘਟਨਾ ਤੋਂ ਹੋਣ ਵਾਲਾ ਘਾਟਾ ਐਨਾ ਵੱਡਾ ਹੈ ਕਿ ਇਸ ਨਾਲ ਦਿਵਾਲੀਆ ਹੋ ਸਕਦੇ ਹੋ ਤਾਂ ਜੋਖਿਮ ਨੂੰ ਝੱਲਣਾ ਢੁੱਕਵਾਂ ਨਹੀਂ।

ਜੇ ਵੱਡੀ ਤੇਲ ਰਿਫਾਈਨਰੀ ਨਸ਼ਟ ਹੋ ਜਾਂਦੀ ਹੈ, ਮਾਲਕ ਘਾਟੇ ਨੂੰ ਝੱਲ ਨਹੀਂ ਸਕਦੇ ਹਨ।

c) ਜ਼ੋਖਮ ਦੇ ਨਤੀਜਿਆਂ ਬਾਰੇ ਧਿਆਨ ਨਾਲ ਵਿਚਾਰ ਕਰੋ: ਉਹਨਾਂ ਸੰਪੱਤੀਆਂ ਦਾ ਬੀਮਾ ਕਰਵਾਉਣਾ ਸਭ ਤੋਂ ਵਧੀਆ ਹੈ, ਜਿਹਨਾਂ ਲਈ ਘਾਟਾ ਵਾਪਰਨ (ਆਵਰਤੀ) ਦੀ ਸੰਭਾਵਨਾ ਬਹੁਤ ਘੱਟ ਹੈ, ਪਰ ਸੰਭਵ ਅਸਰ (ਤੀਬਰਤਾ) ਬਹੁਤ ਵੱਧ ਹੈ।

**ਪੁਲਾੜੀ ਸੈਟੇਲਾਈਟ ਦਾ ਨੁਕਸਾਨ ਐਨਾ ਵੱਡਾ ਹੈ ਕਿ ਇਸ ਦਾ ਬੀਮਾ ਕਰਵਾਉਣਾ ਚਾਹੀਦਾ ਹੈ।**

---

**ਆਪਣੇ ਆਪ ਨੂੰ ਟੈਸਟ ਕਰੋ 4**

ਹੇਠ ਦਿੱਤੇ ਕਿਹੜੇ ਹਾਲਤਾਂ ਵਿੱਚ ਬੀਮਾ ਲੋੜ ਹੈ?

I. ਪਰਿਵਾਰ ਦੇ ਇੱਕਲੇ ਕਮਾਊ ਮੈਂਬਰ ਦੀ ਅਚਾਨਕ ਮੌਤ

II. ਇੱਕ ਵਿਅਕਤੀ ਦਾ ਆਪਣਾ ਪਰਸ ਗੁਆਚ ਸਕਦਾ ਹੈ

III. ਸਟਾਕ ਕੀਮਤਾਂ ਅਚਾਨਕ ਡਿੱਗਣੀਆਂ

IV. ਕੁਦਰਤੀ ਘਸਾਈ ਦੇ ਕਰਕੇ ਘਰ ਦੀ ਕੀਮਤ ਘੱਟ ਸਕਦੀ ਹੈ

---

## F. ਬੀਮਾ ਵਪਾਰ ਵਿੱਚ ਕੰਪਨੀਆਂ

ਬੀਮਾ ਕੰਪਨੀਆਂ (ਬੀਮਾਕਰਤਾ) ਬੀਮਾ ਉਦਯੋਗ ਵਿੱਚ ਵੱਡੀਆਂ ਧਿਰਾਂ ਹਨ। ਬੀਮਾਕਰਤਾ ਤੋਂ ਇਲਾਵਾ ਕਈ ਧਿਰਾਂ ਹਨ, ਜੋ ਕਿ ਬੀਮਾ ਮੁੱਲ ਲੜੀ ਦਾ ਹਿੱਸਾ ਹਨ। ਬੀਮਾ ਰੈਗੂਲੇਟਰ ਹੈ, ਜੋ ਕਿ ਪੂਰੇ ਬਾਜ਼ਾਰ ਨੂੰ ਨਿੰਯਤ੍ਰਿਤ ਕਰਦਾ ਹੈ।

ਵਿਚੋਲੇ ਜਿਵੇਂ ਕਿ ਏਜੰਟ, ਦਲਾਲ, ਬੈਂਕ (ਬੈਂਕੋਸ਼ੋਅਰੈਂਸ ਰਾਹੀਂ), ਬੀਮਾ ਮਾਰਕੀਟਿੰਗ ਕੰਪਨੀਆਂ ਅਤੇ ਪੁਆਇੰਟ ਆਫ਼ ਸੇਲਜ਼ ਵਿਅਕਤੀ ਜੋ ਕਿ ਸੰਭਾਵਿਤ ਬੀਮਾ ਲੈਣ ਵਾਲੇ/ ਬੀਮਤ ਨਾਲ ਉਹਨਾਂ ਦੀਆਂ ਲੋੜਾਂ ਬਾਰੇ ਗੱਲਬਾਤ ਕਰਦੇ ਹਨ, ਉਹਨਾਂ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਮੌਜੂਦ ਪਾਲਸੀਆਂ ਬਾਰੇ ਉਹਨਾਂ ਨੂੰ ਜਾਣਕਾਰੀ ਦਿੰਦੇ ਹਨ।

ਸਰਵੇਅਰ ਅਤੇ ਘਾਟਾ ਮੁੱਲ ਨਿਰਧਾਰਕ ਦਾਅਵਿਆਂ ਦਾ ਮੁਲਾਂਕਣ ਅਤੇ ਸਹਾਇਕ ਕੰਮ ਕਰਦੇ ਹਨ। ਤੀਜੀ ਧਿਰ ਪ੍ਰਸ਼ਾਸ਼ਕ ਸਿਹਤ ਅਤੇ ਯਾਤਰਾ ਬੀਮਾ ਦਾਅਵਿਆਂ ਨਾਲ ਸੰਬਧਿਤ ਕੰਮ ਕਰਦੇ ਹਨ। ਨਿਯਮ ਤੈਅ ਕਰਦੇ ਹਨ ਕਿ ਸਾਰੇ ਵਿਚੋਲੇ ਗਾਹਕਾਂ ਪ੍ਰਤੀ ਜ਼ੁੰਮੇਵਾਰ ਹਨ।

ਏਜੰਟ, ਜੋ ਕਿ ਬੀਮਾ ਕੰਪਨੀ ਅਤੇ ਬੀਮਤ ਦੇ ਵਿਚਕਾਰ ਵਿਚੋਲੇ ਦਾ ਕੰਮ ਕਰਦਾ ਹੈ, ਦੀ ਜ਼ਿੰਮੇਵਾਰੀ ਹੈ ਇਹ ਯਕੀਨੀ ਬਣਾਏ ਕਿ ਬੀਮਤ ਵਲੋਂ ਬੀਮਾਕਰਤਾ ਨੂੰ ਜੋਖਿਮ ਬਾਰੇ ਪ੍ਰਮੁੱਖ ਜਾਣਕਾਰੀ ਦਿੱਤੀ ਜਾਂਦੀ ਹੈ।

## ਮਹੱਤਵਪੂਰਨ

**ਬੀਮਾ ਏਜੰਟ/ਵਿਚੋਲੇ ਦੀ ਸੰਭਾਵਿਤ ਬੀਮਤ (ਗਾਹਕ) ਵੱਲ ਜੁੰਮੇਵਾਰੀ**

ਆਈਆਰਡੀਏਆਈ (IRDAI) ਰੈਗੂਲੇਸ਼ਨ ਹਦਾਇਤਾਂ ਦਿੰਦਾ ਹੈ ਕਿ ਵਿਚੋਲੇ ਦੀ ਸੰਭਾਵਿਤ ਬੀਮਤ ਪ੍ਰਤੀ ਕੁਝ ਜੁੰਮੇਵਾਰੀਆਂ ਹਨ। ਵਿਚੋਲੇ ਦੀ ਬੀਮਾਕਰਤਾ ਵੱਲ ਵੀ ਜੁੰਮੇਵਾਰੀ ਹੁੰਦੀ ਹੈ।

ਨਿਯਮ ਦੇ ਮੁਤਾਬਕ ਜਿੱਥੇ ਸੰਭਾਵਿਤ ਬੀਮਤ ਬੀਮਾਕਰਤਾ ਜਾਂ ਉਸ ਦੇ ਏਜੰਟ ਜਾਂ ਬੀਮਾ ਵਿਚੋਲੀਏ ਦੀ ਸਲਾਹ ਉੱਤੇ ਨਿਰਭਰ ਹੈ ਤਾਂ ਇੰਝ ਦੇ ਵਿਅਕਤੀ ਨੂੰ ਸੰਭਾਵਿਤ ਨੂੰ ਨਿਰਪੱਖ ਰੂਪ ਵਿੱਚ ਸਲਾਹ ਦੇਣੀ ਚਾਹੀਦੀ ਹੈ। ਕਨੂੰਨ ਇਹ ਵੀ ਕਹਿੰਦਾ ਹੈ "ਇੱਕ ਬੀਮਾਕਰਤਾ ਜਾਂ ਇਸ ਦਾ ਏਜੰਟ ਜਾਂ ਹੋਰ ਵਿਚੋਲੇ ਨੂੰ ਸੰਭਾਵਿਤ ਨੂੰ ਪੇਸ਼ ਕੀਤੇ ਕਵਰ ਦੇ ਸਬੰਧ ਵਿੱਚ ਸਭ ਮਹੱਤਵਪੂਰਨ ਜਾਣਕਾਰੀ ਦੇਣੀ ਹੋਵੇਗੀ ਤਾਂ ਕਿ ਸੰਭਾਵਿਤ ਉਸ ਦੇ ਹਿੱਤਾਂ ਲਈ ਸਭ ਤੋਂ ਵਧੀਆ ਕਵਰ ਲਈ ਫੈਸਲਾ ਲੈ ਸਕੇ।"

ਜੇ ਕਿਸੇ ਵੀ ਕਾਰਨ ਕਰਕੇ ਪੇਸ਼ਕਸ਼ ਤੇ ਹੋਰ ਸਬੰਧਿਤ ਕਾਗਜ਼ਾਂ ਨੂੰ ਸੰਭਾਵਿਤ ਵਲੋਂ ਨਹੀਂ ਭਰਿਆ ਜਾਂਦਾ ਹੈ, ਗਾਹਕ ਵਲੋਂ ਪੇਸ਼ਕਸ਼ ਫਾਰਮ ਵਿੱਚ ਇੱਕ ਸਰਟੀਫਿਕੇਟ ਲਗਾਇਆ ਜਾ ਸਕਦਾ ਹੈ ਕਿ ਫਾਰਮ ਦੀ ਸਮਗੱਰੀ ਅਤੇ ਦਸਤਾਵੇਜ਼ਾਂ ਨੂੰ ਉਸ ਨੂੰ ਪੂਰੀ ਤਰ੍ਹਾਂ ਸਮਝਾਇਆ ਜਾ ਚੁੱਕਾ ਹੈ ਅਤੇ ਉਹ ਪੇਸ਼ ਕੀਤੇ ਗਏ ਇਕਰਾਰ ਦੀ ਮਹੱਤਵ ਨੂੰ ਪੂਰੀ ਤਰ੍ਹਾਂ ਸਮਝਦਾ ਹੈ।

ਜਦੋਂ ਗਾਹਕ ਪ੍ਰੀਮੀਅਮ ਲਈ ਬੀਮਾਕਰਤਾ ਨੂੰ ਭੁਗਤਾਨ ਕਰਦਾ ਹੈ ਤਾਂ ਬੀਮਾਕਰਤਾ ਰਸੀਦ ਜਾਰੀ ਕਰਨ ਲਈ ਪਾਬੰਦ ਹੁੰਦਾ ਹੈ। ਭਾਵੇ ਪ੍ਰੀਮੀਅਮ ਦਾ ਭੁਗਤਾਨ ਪੇਸ਼ਗੀ ਦੇ ਰੂਪ ਵਿੱਚ ਹੋਵੇ।

## G. ਸਮਾਜ ਵਿੱਚ ਬੀਮੇ ਦੀ ਭੂਮਿਕਾ

ਬੀਮਾ ਕੰਪਨੀਆਂ ਦੇਸ਼ ਦੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਹ ਦੇਸ਼ ਦਾ ਧਨ ਸੁਰੱਖਿਅਤ ਅਤੇ ਕਾਇਮ ਰੱਖਣ ਨੂੰ ਯਕੀਨੀ ਬਣਾਉਂਦੀਆਂ ਹਨ। ਇਹਨਾਂ ਯੋਗਦਾਨਾਂ ਵਿੱਚੋਂ ਕੁਝ ਹੇਠ ਦਿੱਤੇ ਹਨ।

a) ਬੀਮਾ ਆਪਸੀ ਪਰਸਪਰਤਾ ਦੇ ਸਿਧਾਂਤ ਉੱਤੇ ਖੜ੍ਹਾ ਹੈ, ਜਿਸ ਵਿੱਚ ਸਮਾਜ ਦੀ ਸਾਂਝੀ ਤਾਕਤ ਨੂੰ ਇਕੱਠਾ ਕਰਕੇ ਕੁਝ ਬਦਕਿਸਮਤ ਮੈਂਬਰਾਂ, ਜਿੰਨ੍ਹਾਂ ਨੂੰ ਆਰਥਿਕ ਘਾਟਾ ਪੈਂਦਾ ਹੈ, ਦੀ ਮਦਦ ਕਰ ਸਕਦੇ ਹਨ। ਬੀਮੇ ਦਾ ਕੋਈ ਬਦਲ ਨਹੀਂ ਹੈ।

b) ਬੀਮਾ ਕੰਪਨੀਆਂ ਪ੍ਰੀਮੀਅਮ ਦੇ ਰੂਪ ਵਿੱਚ ਛੋਟੀ ਰਕਮ ਵਸੂਲਦੀਆਂ ਹਨ ਅਤੇ ਉਹਨਾਂ ਨੂੰ ਵੱਡੇ ਫੰਡ ਵਜੋਂ ਪੂਲ ਬਣਾਉਂਦੀਆਂ ਹਨ। ਇਹ ਫੰਡਾਂ ਨੂੰ ਪਾਲਸੀਧਾਰਕਾਂ ਦੇ ਹਿੱਤਾਂ ਅਤੇ ਸਮਾਜ ਦੇ ਭਲੇ ਲਈ ਰੱਖਿਆ ਅਤੇ ਨਿਵੇਸ਼ ਕੀਤਾ ਜਾਂਦਾ ਹੈ। ਉਹ ਸੱਟੇਬਾਜ਼ੀ ਖ਼ਤਰੇ ਵਿੱਚ ਨਿਵੇਸ਼ ਨਹੀਂ ਕੀਤੇ ਜਾਂਦੇ ਹਨ।

c) ਬੀਮਾ ਕਈ ਬੀਮਤਾਂ - ਨਿੱਜੀ ਅਤੇ ਕੰਪਨੀਆਂ ਦੋਵਾਂ, ਨੂੰ ਹਾਦਸਿਆਂ ਜਾਂ ਅਚਨਚੇਤੀ ਘਟਨਾਵਾਂ ਰਾਹੀਂ ਹੋਣ ਵਾਲੇ ਘਾਟਿਆਂ ਦੇ ਵਿਰੁਧ ਸੁਰੱਖਿਆ ਦਾ ਫਾਇਦਾ ਦਿੰਦਾ ਹੈ। ਇਹ ਮੂਲ ਪੂੰਜੀ ਨੂੰ ਸੰਭਾਲਦਾ ਹੈ ਅਤੇ ਇਸ ਨੂੰ ਕਾਰੋਬਾਰ ਤੇ ਉਦਯੋਗ ਦੇ ਵਿਕਾਸ ਲਈ ਦਿੰਦਾ ਹੈ, ਜੋ ਕਿ ਦੇਸ਼ ਦੇ ਵਿਕਾਸ 'ਚ ਮਦਦ ਕਰਦੇ ਹਨ।

d) ਬੀਮਾ ਵਪਾਰਕ ਅਤੇ ਉਦਯੋਗ ਵਿਕਾਸ ਲਈ ਪੂੰਜੀ ਦੇ ਨਿਵੇਸ਼ ਦੇ ਸਮਰੱਥ ਕਰਦਾ ਹੈ। ਇਹ ਉਦਯੋਗਾਂ ਨਾਲ ਸੰਬੰਧਿਤ ਡਰ, ਫ਼ਿਕਰ ਅਤੇ ਪਰੇਸ਼ਾਨੀ ਖਤਮ ਕਰਨ ਲਈ ਮਦਦ ਕਰਦਾ ਹੈ।

e) ਕਈ ਬੈਂਕਾਂ ਅਤੇ ਵਿੱਤੀ ਸੰਗਠਨ ਜਾਇਦਾਦ (ਸੰਪੱਤੀ) ਉੱਤੇ ਪੇਸ਼ਗੀ ਕਰਜ਼ ਨਹੀਂ ਦੇਣਗੇ, ਜੇ ਉਹਨਾਂ ਦਾ ਹੋਣ ਵਾਲੇ ਘਾਟੇ ਜਾਂ ਨੁਕਸਾਨ ਲਈ ਬੀਮਾ ਨਹੀਂ ਕਰਵਾਇਆ ਜਾਂਦਾ। ਉਹਨਾਂ ਵਿੱਚੋਂ ਕਈ ਜ਼ਮਾਨਤ ਦੇਣ ਵਜੋਂ ਪਾਲਸੀ ਨਿਰਧਾਰਤ ਕਰਨ ਲਈ ਜ਼ੋਰ ਦਿੰਦੇ ਹਨ।

f) ਵੱਡੇ ਗੁੰਝਲਦਾਰੀ ਜ਼ੋਖਮਾਂ ਨੂੰ ਮਨਜ਼ੂਰ ਕਰਨ ਤੋਂ ਪਹਿਲਾਂ ਆਮ ਬੀਮਾਕਰਤਾ ਯੋਗਤਾ ਪ੍ਰਾਪਤ ਇੰਜੀਨਅਰ/ਹੋਰ ਮਾਹਰਾਂ ਵਲੋਂ ਜਾਇਦਾਦ ਦੀ ਜਾਂਚ ਦਾ ਬੰਦੋਬਸਤ ਕਰਦੇ ਹਨ। ਉਹ ਜ਼ੋਖਮ ਦੇ ਮੁਲਾਂਕਣ ਕਰਦੇ ਅਤੇ ਜ਼ੋਖਮ ਘਟਾਉਣ ਤੇ ਰੇਟਿੰਗ ਵਿੱਚ ਮਦਦ ਲਈ ਜ਼ੋਖਮ ਦੇ ਪ੍ਰਬੰਧਨ ਲਈ ਮਾਪਢੰਡਾਂ ਲਈ ਸੁਝਾਅ ਦਿੰਦੇ ਹਨ।

g) ਬੀਮਾ ਦੇਸ਼ ਲਈ ਦੂਜੇ ਖੇਤਰਾਂ ਵਾਗੂੰ ਵਿਦੇਸ਼ੀ ਮੁਦਰਾ ਕਮਾਉਂਦਾ ਹੈ ਜਿਵੇਂ ਕਿ ਵਪਾਰ, ਸ਼ਿਪਿੰਗ ਅਤੇ ਬੈਂਕਾਂ ਸੇਵਾਵਾਂ।

h) ਬੀਮਾਕਰਤਾ ਅੱਗ ਨੁਕਸਾਨ ਰੋਕਣ, ਕਾਰਗੋ ਨੁਕਸਾਨ ਰੋਕਣ, ਉਦਯੋਗਿਕ ਸੁਰੱਖਿਆ ਤੇ ਸੜਕ ਸੁਰੱਖਿਆ ਨਾਲ ਸੰਬੰਧਿਤ ਸੰਗਠਨਾਂ ਨਾਲ ਜੁੜੇ ਹੁੰਦੇ ਹਨ।

i) ਉਦਯੋਗਪਤੀਆਂ ਵਿੱਚ ਬੀਮੇ ਵਲੋਂ ਪੇਸ਼ ਕੀਤੀ ਸੁਰੱਖਿਆ ਦੇ ਕਰਕੇ ਨਵੇਂ ਜਾਂ ਸੰਬੰਧਿਤ ਅਣਪਛਾਤੇ ਖੇਤਰਾਂ ਵਿੱਚ ਨਿਵੇਸ਼ ਕਰਨ ਦਾ ਭਰੋਸਾ ਪੈਦਾ ਹੁੰਦਾ ਹੈ।

**ਜਾਣਕਾਰੀ**

**ਬੀਮਾ ਅਤੇ ਸਮਾਜਿਕ ਸੁਰੱਖਿਆ**

a) ਸਮਾਜਿਕ ਸੁਰੱਖਿਆ ਰਾਜ ਦੀ ਡਿਊਟੀ ਹੈ। ਰਾਜ ਦੀਆਂ ਸਮਾਜਿਕ ਸੁਰੱਖਿਆ ਸਕੀਮਾਂ ਵਿੱਚ ਲਾਜ਼ਮੀ ਜਾਂ ਵਲੰਟੀਅਰ ਬੀਮੇ ਨੂੰ ਸਮਾਜਿਕ ਸੁਰੱਖਿਆ ਦੇ ਸਾਧਨ ਵਜੋਂ ਵਰਤਿਆ ਜਾਂਦਾ ਹੈ। ਮੁਲਾਜ਼ਮ ਰਾਜ ਬੀਮਾ ਕਾਨੂੰਨ (ESI), 1948 ਰਾਹੀਂ ਬੀਮਾਰੀ, ਅਪੰਗਤਾ, ਜਣੇਪਾ ਅਤੇ ਮੌਤ ਦਾ ਖਰਚਾ ਉਦਯੋਗਿਕ ਕਾਮੇ ਤੇ ਉਹਨਾਂ ਦੇ ਪਰਿਵਾਰ ਨੂੰ, ਜਿਹਨਾਂ ਦਾ ਬੀਮਾ-ਸੁਰੱਖਿਆ ਹੈ, ਦੇਣ ਲਈ ਮੁਲਾਜ਼ਮ ਰਾਜ ਬੀਮਾ ਕਾਰਪੋਰੇਸ਼ਨ ਭੁਗਤਾਨ ਕਰਦੀ ਹੈ।

b) ਬੀਮਾਕਰਤਾ ਸਰਕਾਰ ਵਲੋਂ ਸਰਪ੍ਰਸਤ ਸਮਾਜਿਕ ਸੁਰੱਖਿਆ ਸਕੀਮਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਜਿਵੇਂ ਕਿ

1. PMJJBY - ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਗਨਾ
2. PMSBY - ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਗਨਾ
3. PMFBY - ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ

4. **PMJAY - ਪ੍ਰਧਾਨ ਮੰਤਰੀ ਜਨ ਅਰੋਗ ਯੋਜਨਾ (ਅਯੂਸ਼ਮਾਨ ਭਾਰਤ)**
5. **PMVVY - ਪ੍ਰਧਾਨ ਮੰਤਰੀ ਵਾਯਾ ਵੰਧਨਾ ਯੋਜਨਾ - ਪੈਨਸ਼ਨ ਪਲਾਨ**
6. **APY - ਅਟਲ ਪੈਨਸ਼ਨ ਯੋਜਨਾ**

**ਇਹ ਅਤੇ ਹੋਰ ਸਰਕਾਰੀ ਸਕੀਮਾਂ ਭਾਰਤੀ ਸਮਾਜ / ਕਮਿਊਨਟੀ ਦੇ ਫਾਇਦੇ ਲਈ ਹਨ।**

c) **ਸਹਾਇਤਾ ਪ੍ਰਾਪਤ ਸਰਕਾਰੀ ਸਕੀਮਾਂ ਤੋਂ ਇਲਾਵਾ ਬੀਮਾ ਉਦਯੋਗ ਵਪਾਰਕ ਅਧਾਰਿਤ ਬੀਮਾ ਸੁਰੱਖਿਆ ਵੀ ਦਿੰਦਾ ਹੈ, ਕਿਉਂਕਿ ਸਮਾਜਿਕ ਸੁਰੱਖਿਆ ਦੇਣਾ ਅਸਲ ਮਕਸਦ ਹੈ। ਪੇਂਡੂ ਬੀਮਾ ਸਕੀਮਾਂ, ਵਪਾਰਕ ਅਧਾਰ ਉੱਤੇ ਚੱਲਦੀਆਂ, ਨੂੰ ਪੇਂਡੂ ਪਰਿਵਾਰਾਂ ਲਈ ਸਮਾਜਿਕ ਸੁਰੱਖਿਆ ਦੇਣ ਲਈ ਹੀ ਤਿਆਰ ਕੀਤਾ ਗਿਆ ਹੈ।**

| **ਆਪਣੇ ਆਪ ਨੂੰ ਟੈਸਟ ਕਰੋ 5** |
|---|

**ਹੇਠ ਦਿੱਤੀਆਂ ਕਿਹੜੀਆਂ ਸਕੀਮਾਂ ਨੂੰ ਭਾਰਤ ਸਰਕਾਰ ਵਲੋਂ ਸਪੌਂਸਰ ਕੀਤਾ ਜਾਂਦਾ ਹੈ?**

I. **PM ਜਨ ਅਰੋਗਿਆ ਯੋਜਨਾ - ਅਯੂਸ਼ਮਾਨ ਭਾਰਤ**

II. **PM ਫ਼ਸਲ ਬੀਮਾ ਯੋਜਨਾ**

III. **PM ਸੁਰਕਸ਼ਾ ਬੀਮਾ ਯੋਜਨਾ**

IV. **ਉਪਰੋਕਤ ਸਭ**

---

| **ਸਾਰ** |
|---|

- **ਬੀਮਾ ਜ਼ੋਖਮ ਪੂਲਿੰਗ ਰਾਹੀਂ ਜ਼ੋਖਮ ਤਬਾਦਲਾ ਹੈ।**
- **ਅੱਜ ਦੇ ਕਾਰੋਬਾਰੀ ਬੀਮਾ ਵਪਾਰ ਦਾ ਮੁੱਢ ਲੰਡਨ ਦੇ ਲੋਇਡਸ ਕਾਫ਼ੀ ਹਾਊਸ ਵਿੱਚ ਬੱਝਾ।**
- **ਬੀਮਾ ਪ੍ਰਬੰਧ ਵਿੱਚ ਹੇਠ ਦਿੱਤੀਆਂ ਮੌਜੂਦਗੀਆਂ ਸ਼ਾਮਿਲ ਹਨ:**
  - ✓ **ਸੰਪੱਤੀ,**
  - ✓ **ਜ਼ੋਖਮ,**
  - ✓ **ਸੰਕਟ,**
  - ✓ **ਇਕਰਾਰਨਾਮਾ,**
  - ✓ **ਬੀਮਾਕਰਤਾ ਅਤੇ**
  - ✓ **ਬੀਮਤ**

- ਜਦੋਂ ਇਕੋ ਜਿਹੀ ਸੰਪੱਤੀ ਵਾਲੇ ਇੱਕ ਜਿਹੇ ਜੋਖਿਮਾਂ ਦਾ , ਸਾਹਮਣਾ ਕਰਨ ਵਾਲੇ ਵਿਅਕਤੀ ਸਾਂਝੇ ਫੰਡ (ਪੂਲ) ਵਿੱਚ , ਯੋਗਦਾਨ ਦਿੰਦੇ ਹਨ ਤਾਂ ਇਸ ਨੂੰ ਭਾਈਵਾਲੀ (pooling) ਕਿਹਾ ਜਾਂਦਾ ਹੈ।
- ਬੀਮੇ ਤੋਂ ਬਿਨਾਂ, ਹੋਰ ਜੋਖਿਮ ਪ੍ਰਬੰਧ ਤਕਨੀਕਾਂ ਵਿੱਚ ਸ਼ਾਮਿਲ ਹਨ:
    - ✓ ਜ਼ੋਖਮ ਟਾਲਣਾ,
    - ✓ ਜ਼ੋਖਮ ਕੰਟਰੋਲ,
    - ✓ ਜ਼ੋਖਮ ਧਾਰਨ ਕਰਨਾ,
    - ✓ ਜ਼ੋਖਮ ਵਿੱਤ, ਅਤੇ
    - ✓ ਜ਼ੋਖਮ ਤਬਾਦਲਾ
- ਬੀਮੇ ਦੇ ਮੁੱਢਲੇ ਨਿਯਮ ਹਨ:
    - ✓ ਉਸ ਤੋਂ ਵੱਧ ਜੋਖਿਮ ਨਾ ਲਵੋ, ਜਿਸ ਦੇ ਘਾਟੇ ਨੂੰ ਝੱਲ ਨਹੀਂ ਸਕਦੇ,
    - ✓ ਜ਼ੋਖਮ ਦੇ ਨਤੀਜਿਆਂ ਬਾਰੇ ਧਿਆਨ ਨਾਲ ਵਿਚਾਰ ਕਰੋ ਅਤੇ
    - ✓ ਬਹੁਤ ਘੱਟ ਲਈ ਬਹੁਤ ਵੱਧ ਜੋਖਿਮ ਨਾ ਲਵੋ

**ਮੁੱਖ ਸ਼ਬਦ**

1. ਜ਼ੋਖਮ
2. ਭਾਈਵਾਲੀ (ਪੂਲਿੰਗ)
3. ਸੰਪੱਤੀ
4. ਜ਼ੋਖਮ ਦਾ ਬੋਝ
5. ਜ਼ੋਖਮ ਟਾਲਣਾ
6. ਜ਼ੋਖਮ ਕੰਟਰੋਲ
7. ਜ਼ੋਖਮ ਧਾਰਨ
8. ਜ਼ੋਖਮ ਵਿੱਤ
9. ਜ਼ੋਖਮ ਤਬਾਦਲਾ

## ਸਵੈ ਜਾਂਚ ਦੇ ਜਵਾਬ

**Answer 1** - ਸਹੀ ਚੋਣ II ਹੈ।

**Answer 2** - ਸਹੀ ਚੋਣ III ਹੈ।

**Answer 3** - ਸਹੀ ਚੋਣ II ਹੈ।

**Answer 4** - ਸਹੀ ਚੋਣ I ਹੈ।

**Answer 5** - ਸਹੀ ਚੋਣ IV ਹੈ।

# ਪਾਠ C-02

# ਬੀਮੇ ਦੇ ਮੂਲ ਤੱਤ

**ਪਾਠ ਜਾਣ-ਪਛਾਣ**

ਇਹ ਪਾਠ ਵਿੱਚ, ਅਸੀਂ ਬੀਮੇ ਦੇ ਵੱਖ-ਵੱਖ ਪ੍ਰਮੁੱਖ ਤੱਤ ਅਤੇ ਸਿਧਾਂਤਾਂ ਬਾਰੇ ਸਿੱਖਾਂਗੇ, ਜੋ ਕਿ ਬੀਮੇ ਦੇ ਕੰਮ ਨੂੰ ਨਿਯੰਤ੍ਰਣ ਕਰਦੇ ਹਨ।

**ਸਿੱਖਣ ਦੇ ਨਤੀਜੇ**

A. ਬੀਮੇ ਦੇ ਤੱਤ

B. ਸੰਪਤੀ ਅਤੇ ਜੋਖਿਮ

C. ਖ਼ਤਰੇ ਅਤੇ ਸੰਕਟ

D. ਜ਼ੋਖਮ ਪੂਲ

ਇਹ ਪਾਠ ਪੜ੍ਹਨ ਦੇ ਬਾਅਦ, ਯੋਗ ਹੋਣੇ ਚਾਹੀਦੇ ਹੋ:

1. ਸੰਪੱਤੀਆਂ ਨੂੰ ਸਮਝਣ ਦੇ
2. ਜ਼ੋਖਮ, ਖ਼ਤਰੇ ਤੇ ਸੰਕਟਾਂ ਨੂੰ ਸਮਝਣਾ
3. ਜ਼ੋਖਮ ਇੰਤਜ਼ਾਮ ਦਾ ਮਹੱਤਤਾ
4. ਬੀਮੇ ਵਿੱਚ ਜ਼ੋਖਮ ਪੂਲ ਬਣਾਉਣ ਨੂੰ ਸਮਝਣਾ

## A. ਬੀਮੇ ਦੇ ਤੱਤ

ਅਸੀਂ ਵੇਖਿਆ ਹੈ ਕਿ ਬੀਮੇ ਦੀ ਕਾਰਵਾਈ ਦੇ ਚਾਰ ਭਾਗ ਹਨ

- ✓ ਸੰਪੱਤੀ
- ✓ ਜ਼ੋਖਮ
- ✓ ਜ਼ੋਖਮ ਪੂਲ ਕਰਨੇ

ਆਓ ਬੀਮਾ ਕਾਰਵਾਈ ਦੇ ਕਈ ਭਾਗਾਂ ਨੂੰ ਕੁਝ ਵੇਰਵੇ ਸਮੇਤ ਵੇਖੀਏ

### 1. ਸੰਪੱਤੀ

**ਪਰਿਭਾਸ਼ਾ**

ਸੰਪੱਤੀ ਨੂੰ 'ਕੋਈ ਵੀ ਚੀਜ਼, ਜੋ ਕੁਝ ਫਾਇਦਾ ਦਿੰਦੀ ਹੈ ਅਤੇ ਆਪਣੇ ਮਾਲਕ ਲਈ ਜਿਸ ਦਾ ਕੋਈ ਆਰਥਿਕ ਮੁੱਲ ਹੈ' ਵਜੋਂ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ।

ਇੱਕ ਸੰਪੱਤੀ ਦੇ ਅੱਗੇ ਦਿੱਤੇ ਲੱਛਣ ਹੋਣੇ ਚਾਹੀਦੇ ਹਨ:

- ➢ ਆਰਥਿਕ ਮੁੱਲ: ਸੰਪੱਤੀ ਦਾ ਆਰਥਿਕ ਮੁੱਲ ਹੋਣਾ ਚਾਹੀਦਾ ਹੈ। ਮੁੱਲ ਦੋ ਢੰਗਾਂ ਨਾਲ ਪੈਦਾ ਹੋ ਸਕਦਾ ਹੈ।

a) ਆਮਦਨ ਮਿਲਣੀ: ਸੰਪੱਤੀ ਉਤਪਾਦਕ ਹੋ ਸਕਦੀ ਹੈ ਅਤੇ ਆਮਦਨ ਪੈਦਾ ਕਰ ਸਕਦੀ ਹੈ।

**ਉਦਾਹਰਨ**

ਬਿਸਕੁਟ ਬਣਾਉਣ ਲਈ ਵਰਤੀ ਜਾਂਦੀ ਮਸ਼ੀਨ ਜਾਂ ਗਾਂ, ਜੋ ਕਿ ਦੁੱਧ ਦਿੰਦੀ ਹੈ, ਦੋਵੇਂ ਆਪਣੇ ਮਾਲਕਾਂ ਲਈ ਆਮਦਨ ਪੈਦਾ ਕਰਦੀਆਂ ਹਨ। ਸਿਹਤਮੰਦ ਕਾਮਾ ਆਪਣੇ ਸਰਕਾਰੀ ਸੰਗਠਨ ਲਈ ਸੰਪੱਤੀ ਹੈ।

b) ਲੋੜਾਂ ਪੂਰੀਆਂ ਕਰਨਾ: ਸੰਪੱਤੀ ਇੱਕ ਜਾਂ ਵੱਧ ਲੋੜਾਂ ਨੂੰ ਪੂਰਾ ਕਰਕੇ ਮੁੱਲ ਵਿੱਚ ਵਾਧਾ ਵੀ ਕਰ ਸਕਦੀ ਹੈ।

**ਉਦਾਹਰਨ**

ਫ਼ਰਿੱਜ਼ ਭੋਜਨ ਨੂੰ ਠੰਡਾ ਰੱਖਦੀ ਹੈ ਅਤੇ ਬਚਾਉਂਦੀ ਹੈ, ਜਦੋਂ ਕਿ ਕਾਰ ਯਾਤਰਾ ਲਈ ਸੌਖ ਅਤੇ ਸਹੂਲਤ ਦਿੰਦੀ ਹੈ, ਇਸਤਰ੍ਹਾਂ ਬੀਮਾਰੀ ਰਹਿਤ ਸਰੀਰ ਵਿਅਕਤੀ ਲਈ ਮਹੱਤਵਪੂਰਨ ਹੈ ਅਤੇ ਪਰਿਵਾਰ ਲਈ ਵੀ।

- ➢ ਕਮੀ ਅਤੇ ਮਲਕੀਅਤ

ਹਵਾ ਅਤੇ ਸੂਰਜੀ ਰੋਸ਼ਨੀ ਬਾਰੇ ਕੀ ਹੈ? ਕੀ ਇਹ ਸੰਪੱਤੀ ਹਨ? - ਜਵਾਬ ਹੈ 'ਨਹੀਂ'।

ਬਹੁਤ ਸਾਰੀਆਂ ਚੀਜ਼ਾਂ ਬਹੁਤ ਮੁੱਲਵਾਨ ਹਨ, ਜਿਵੇਂ ਕਿ ਹਵਾ ਅਤੇ ਸੂਰਜੀ ਰੋਸ਼ਨੀ। ਅਸੀਂ ਉਹਨਾਂ ਬਿਨਾਂ ਨਹੀਂ ਰਹਿ ਸਕਦੇ ਹਾਂ। ਫਿਰ ਵੀ ਆਰਥਿਕ ਅਰਥਾਂ ਵਿੱਚ ਉਹਨਾਂ ਨੂੰ ਸੰਪੱਤੀ ਨਹੀਂ ਮੰਨ ਸਕਦੇ ਹਾਂ।

ਇਸ ਦੇ ਦੋ ਕਾਰਨ ਹਨ:

- ✓ ਉਹਨਾਂ ਦੀ ਉਪਲੱਬਧਤਾ ਵਾਧੂ ਹੈ ਅਤੇ ਕਮੀ ਨਹੀਂ ਹੈ।
- ✓ ਇਹ ਕਿਸੇ ਵਿਅਕਤੀ ਵਿਸ਼ੇਸ਼ ਦੀ ਸੰਪੱਤੀ ਨਹੀਂ ਹਨ, ਬਲਕਿ ਸਭ ਲਈ ਮੁਫ਼ਤ ਉਪਲੱਬਧ ਹਨ।

ਇਸ ਤੋਂ ਸਿੱਧ ਹੁੰਦਾ ਹੈ ਕਿ ਸੰਪੱਤੀ ਨੂੰ ਯੋਗ ਹੋਣ ਲਈ ਦੋ ਹੋਰ ਸ਼ਰਤਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ - ਇਸ ਦੀ ਕਮੀ ਅਤੇ ਕਿਸੇ ਵਲੋਂ ਇਸ ਦੀ ਮਲਕੀਅਤ ਜਾਂ ਅਧਿਕਾਰ।

- ➢ **ਸੰਪੱਤੀ ਦਾ ਬੀਮਾ**

ਬੀਮਾ ਕੇਵਲ ਅਚਾਨਕ ਘਟਨਾਵਾਂ ਤੋਂ ਪੈਦਾ ਹੋਣ ਵਾਲੇ ਵਿੱਤੀ ਘਾਟਿਆਂ ਤੋਂ ਹੀ ਸੁਰੱਖਿਆ ਦਿੰਦਾ ਹੈ, ਅਤੇ ਸਮੇਂ ਨਾਲ ਸੰਪੱਤੀ ਦੀ ਵਰਤੋਂ ਕਰਕੇ ਹੋਣ ਵਾਲੀ ਕੁਦਰਤੀ ਟੁੱਟ-ਭੱਜ (wear and tear) ਤੋਂ ਨਹੀਂ।

ਅਸੀਂ ਸਪਸ਼ਟ ਕਰਨਾ ਚਾਹੁੰਦੇ ਹਾਂ ਕਿ ਬੀਮਾ ਸੰਪੱਤੀ ਨੂੰ ਗੁਆਚਣ ਜਾਂ ਖਰਾਬ ਹੋਣ ਤੋਂ ਨਹੀਂ ਬਚਾਅ ਸਕਦਾ ਹੈ। ਭੁਚਾਲ ਨਾਲ ਘਰ ਨਸ਼ਟ ਹੋਵੇਗਾ ਹੀ, ਭਾਵੇਂ ਇਸ ਦਾ ਬੀਮਾ ਹੋਇਆ ਹੋਵੇ ਜਾਂ ਨਾ। ਬੀਮਕਰਤਾ ਕੇਵਲ ਧਨ ਹੀ ਦੇਵੇਗਾ, ਜਿਸ ਨਾਲ ਘਾਟੇ ਦਾ ਆਰਥਿਕ ਅਸਰ ਘੱਟ ਹੋਵੇਗਾ।

ਇਕਰਾਰਨਾਮੇ ਦੀ ਉਲੰਘਣਾ ਕਰਨ ਦੀ ਘਟਨਾ ਨਾਲ ਘਾਟਾ ਪੈ ਸਕਦਾ ਹੈ।

| ਉਦਾਹਰਨ |
| --- |

ਇੱਕ ਨਿਰਯਾਤਕ ਨੂੰ ਵੱਡਾ ਘਾਟਾ ਪੈ ਸਕਦਾ ਹੈ, ਜੇ ਦੂਜੇ ਪਾਸੇ ਤੋਂ ਆਯਾਤਕ ਚੀਜ਼ਾਂ ਨੂੰ ਲੈਣ ਤੋਂ ਇਨਕਾਰ ਕਰ ਦੇਵੇ ਜਾਂ ਭੁਗਤਾਨ ਤੋਂ ਖੁੰਝ ਜਾਵੇ।

---

- ➢ **ਜੀਵਨ ਬੀਮਾ**

ਆਪਣੀਆਂ ਜ਼ਿੰਦਗੀਆਂ ਬਾਰੇ ਦੇਖੀਏ ਸਾਡੇ ਲਈ ਸਾਡੀਆਂ ਜ਼ਿੰਦਗੀਆਂ ਅਤੇ ਉਹਨਾਂ ਦੀਆਂ, ਜਿਹਨਾਂ ਨੂੰ ਅਸੀਂ ਪਿਆਰ ਕਰਦੇ ਹਨ, ਤੋਂ ਵੱਧ ਕੀਮਤੀ ਕੁਝ ਵੀ ਨਹੀਂ ਹੈ। ਸਾਡੀਆਂ ਜ਼ਿੰਦਗੀਆਂ ਗੰਭੀਰ ਰੂਪ ਨਾਲ ਪ੍ਰਭਾਵਿਤ ਹੁੰਦੀਆਂ ਹਨ, ਜਦੋਂ ਦੁਰਘਟਨਾ ਜਾਂ ਬੀਮਾਰੀ ਦਾ ਸ਼ਿਕਾਰ ਹੁੰਦੀਆਂ ਹਨ।

ਇਸ ਦਾ ਦੋ ਢੰਗਾਂ ਨਾਲ ਪ੍ਰਭਾਵ ਪੈਂਦਾ ਹੈ:

- ✓ ਪਹਿਲਾਂ ਇੱਕ ਖਾਸ ਬੀਮਾਰੀ ਦੇ ਇਲਾਜ ਲਈ ਹੋਣ ਵਾਲੇ ਖਰਚੇ।
- ✓ ਦੂਜਾ, ਜਿਸ ਨਾਲ ਆਰਥਿਕ ਕਮਾਈ ਖੁਸ ਸਕਦੀ ਹੈ, ਦੋਵੇਂ ਮੌਤ ਜਾਂ ਅਪੰਗਤਾ ਕਰਕੇ।

ਇਹਨਾਂ ਕਿਸਮਾਂ ਦੇ ਘਾਟੇ ਨੂੰ ਵਿਅਕਤੀ ਦੇ ਬੀਮਿਆਂ ਅਤੇ ਬੀਮੇ ਦੀ ਨਿੱਜੀ ਲਾਈਨ ਰਾਹੀਂ ਸੁਰੱਖਿਅਤ ਕੀਤਾ ਜਾ ਸਕਦਾ ਹੈ। ਬੀਮਾ ਕਿਸੇ ਲਈ ਵੀ ਕੀਤਾ ਜਾ ਸਕਦਾ ਹੈ, ਜਿਸ ਕੋਲ ਸੰਪੱਤੀ ਹੈ, ਜਿਸ ਦਾ ਮੁੱਲ ਹੈ [ਜਿਵੇਂ ਕਿ ਆਮਦਨ ਦੀ ਗਾਰੰਟੀ ਜਾਂ ਕੁਝ ਲੋੜਾਂ ਨੂੰ ਪੂਰਾ ਕਰਦਾ ਹੈ]; ਜਿਸ ਦੇ ਘਾਟੇ ਵਜੋਂ [ਕੁਦਰਤੀ ਜਾਂ ਦੁਰਘਟਨਾ ਦੇ ਨਤੀਜੇ ਕਰਕੇ] ਵਿੱਤੀ ਘਾਟਾ ਹੋ ਸਕਦਾ ਹੈ [ਜਿਸ ਨੂੰ ਧਨ ਦੇ ਰੂਪ ਵਿੱਚ ਮਾਪਿਆ ਜਾ ਸਕਦਾ ਹੈ]

ਇਸਕਰਕੇ ਇਹ ਸੰਪੱਤੀਆਂ ਨੂੰ ਆਮ ਤੌਰ ਉੱਤੇ ਬੀਮੇ ਦੀ ਭਾਸ਼ਾ ਵਿੱਚ ਬੀਮੇ ਦਾ ਵਸਤੂ ਵਿਸ਼ਾ ਕਿਹਾ ਜਾਂਦਾ ਹੈ।

2. ਜ਼ੋਖਮ

ਬੀਮੇ ਦੀ ਕਾਰਵਾਈ ਵਿੱਚ ਦੂਜਾ ਭਾਗ ਹੈ ਜ਼ੋਖਮ ਦੀ ਧਾਰਨਾ। ਜ਼ੋਖਮ ਨੂੰ ਘਾਟੇ ਦੀ ਸੰਭਾਵਨਾ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਜੋਖਿਮ ਇਸਕਰਕੇ ਘਾਟੇ ਜਾਂ ਨੁਕਸਾਨ ਨੂੰ ਦਰਸਾਉਂਦਾ ਹੈ, ਜੋ ਕਿ ਇੱਕ ਘਟਨਾ ਦੇ ਵਾਪਰਨ ਵਜੋਂ ਹੋ ਸਕਦਾ ਹੈ। [ਜ਼ੋਖਮ ਨੂੰ ਕੁਝ ਅਜਿਹਾ ਹੈ, ਜਿਸ ਨੂੰ ਬੀਮੇ ਲਈ ਮਹੱਤਵ ਦੇ ਵਿਸ਼ੇ ਵਜੋਂ ਵੀ ਮੰਨਿਆ ਜਾਂਦਾ ਹੈ।] ਕੋਈ ਆਮ ਤੌਰ ਉੱਤੇ ਆਪਣੇ ਘਰ ਦੇ ਸੜਨ ਜਾਂ ਆਪਣੀ ਕਾਰ ਦੇ ਹਾਦਸੇ ਹੋਣ ਦੀ ਉਮੀਦ ਨਹੀ ਕਰਦਾ ਹੈ। ਪਰ ਇਹ ਹੋ ਸਕਦਾ ਹੈ।

ਜੋਖਿਮ ਦੀਆਂ ਉਦਾਹਰਨਾਂ ਵਿੱਚ ਘਰ ਦੇ ਸੜਨ ਜਾਂ ਚੋਰੀ ਜਾਂ ਦੁਰਘਟਨਾ, ਜਿਸ ਦੇ ਨਤੀਜੇ ਵਜੋਂ ਕੋਈ ਅੰਗ ਜਾ ਸਕਦਾ ਹੈ, ਤੋਂ ਆਰਥਿਕ ਘਾਟਾ ਹੋਣ ਦੀ ਸੰਭਵਾਨਾ ਹੁੰਦੀ ਹੈ।

ਇਸ ਵਿੱਚ ਦੋ ਅੜਿੱਕੇ ਹਨ

i. ਪਹਿਲਾਂ, ਇਸ ਦਾ ਭਾਵ ਹੈ ਕਿ ਘਾਟਾ ਹੋ ਵੀ ਸਕਦਾ ਹੈ ਅਤੇ ਨਹੀਂ ਵੀ।
ii. ਦੂਜਾ, ਘਟਨਾ, ਜਿਸ ਦੇ ਅਸਲ ਵਿੱਚ ਵਾਪਰਨ ਨਾਲ ਘਾਟਾ ਹੁੰਦਾ ਹੈ, ਨੂੰ ਸੰਕਟ (peril) ਕਹਿੰਦੇ ਹਨ। ਇਹ ਘਾਟੇ ਦਾ ਕਾਰਨ ਹੁੰਦਾ ਹੈ।

ਉਦਾਹਰਨ

ਸੰਕਟ (peril) ਦੀਆਂ ਉਦਾਹਰਨ ਅੱਗ, ਭੁਚਾਲ, ਹੜ੍ਹ, ਅਸਮਾਨੀ ਬਿਜਲੀ, ਚੋਰੀ, ਦਿਲ ਦਾ ਦੌਰਾ ਆਦਿ ਹਨ।

ਕੁਦਰਤੀ ਘਸਾਈ

ਇਹ ਠੀਕ ਗੱਲ ਹੈ ਕਿ ਕੁਝ ਵੀ ਹਮੇਸ਼ਾ ਨਹੀਂ ਰਹਿੰਦਾ ਹੈ। ਹਰੇਕ ਸੰਪੱਤੀ ਦੀ ਸਥਿਰ ਜ਼ਿੰਦਗੀ ਹੈ, ਜਿਸ ਵਿੱਚ ਇਹ ਕੰਮ ਕਰਦੀ ਅਤੇ ਫਾਇਦੇ ਦਿੰਦੀ ਹੈ। ਇਹ ਕੁਦਰਤੀ ਪ੍ਰਕਿਰਿਆ ਹੈ ਅਤੇ ਅਸੀਂ ਆਪਣੇ ਮੋਬਾਇਲਾਂ, ਕੱਪੜੇ ਧੋਣ ਵਾਲੀਆਂ ਮਸ਼ੀਨਾਂ ਤੇ ਕੱਪੜੇ, ਜੋ ਖ਼ਰਾਬ ਹੋ ਜਾਂਦੇ ਹਨ, ਨੂੰ ਸੁੱਟ ਦਿੰਦੇ ਹਾਂ ਜਾਂ ਬਦਲਦੇ ਹਾਂ। ਇਸਕਰਕੇ ਆਮ ਟੁੱਟ-ਫੁੱਟ ਤੋਂ ਹੋਣ ਵਾਲੇ ਘਾਟਿਆਂ ਨੂੰ ਬੀਮੇ ਵਿੱਚ ਸੁਰੱਖਿਆ ਨਹੀਂ ਦਿੱਤੀ ਜਾਂਦੀ ਹੈ।

ਜੋਖਮ ਦੇ ਸੰਪਰਕ ਵਿੱਚ ਆਉਣਾ: ਸੰਕਟ ਦੇ ਹੋਣ ਨਾਲ ਜ਼ਰੂਰੀ ਨਹੀਂ ਕਿ ਘਾਟਾ ਵੀ ਹੋਵੇ। ਮੁੰਬਈ ਵਿੱਚ ਰਹਿਣ ਵਾਲੇ ਵਿਅਕਤੀ ਨੂੰ ਤੱਟਵਰਤੀ ਆਂਧਰਾ ਵਿੱਚ ਆਉਣ ਵਾਲੇ ਹੜ੍ਹ ਨਾਲ ਕੋਈ ਵੀ ਘਾਟਾ ਨਹੀਂ ਪੈਂਦਾ ਹੈ। ਘਾਟਾ ਪੈਣ ਲਈ

ਸੰਪੱਤੀ ਸੰਕਟ ਦੇ ਘੇਰੇ ਵਿੱਚ ਹੋਣੀ ਚਾਹੀਦੀ ਹੈ। ਜੋਖਿਮ ਦੇ ਦਾਇਰੇ ਵਿੱਚ ਹੋਣਾ ਹੀ ਬੀਮਾ ਮੁਆਵਜ਼ੇ ਦਾ ਲੋੜੀਦਾ ਆਧਾਰ ਨਹੀਂ ਹੋ ਸਕਦਾ ਹੈ।

| ਉਦਾਹਰਨ |
| --- |

ਫੈਕਟਰੀ ਅਹਾਤੇ ਵਿੱਚ ਬਿਨਾਂ ਅਸਲ ਨੁਕਸਾਨ ਹੋਏ ਵੀ ਅੱਗ ਲੱਗ ਸਕਦੀ ਹੈ। ਬੀਮਾ ਉਦੋਂ ਕੰਮ ਕਰਦਾ ਹੈ, ਜਦੋਂ ਸੰਕਟ ਦੇ ਨਤੀਜੇ ਵਜੋਂ ਅਸਲ ਵਿੱਚ ਕੋਈ ਆਰਥਿਕ (ਵਿੱਤੀ) ਘਾਟਾ ਪੈਂਦਾ ਹੈ।

---

ਜੋਖਿਮ ਦੇ ਘੇਰੇ ਦੀ ਦਰ:

ਦੋ ਸੰਪੱਤੀਆਂ ਇੱਕ ਸੰਕਟ ਦੇ ਘੇਰੇ ਵਿੱਚ ਹੋ ਸਕਦੀਆਂ ਹਨ, ਪਰ ਘਾਟੇ ਦੀ ਸੰਭਾਵਨਾ ਜਾਂ ਘਾਟੇ ਦੀ ਮਾਤਰਾ ਬਹੁਤ ਵੱਖਰੀ ਵੱਖਰੀ ਹੋ ਸਕਦੀ ਹੈ। ਧਮਾਕਾਖੇਜ਼ ਸਮੱਗਰੀ ਲੈ ਕੇ ਜਾਣ ਵਾਲੇ ਵਹੀਕਲ ਨੂੰ ਪਾਣੀ ਲੈ ਕੇ ਜਾਣ ਵਾਲੇ ਟੈਂਕਰ ਨਾਲੋਂ ਅੱਗ ਰਾਹੀਂ ਵੱਡਾ ਘਾਟਾ ਹੋ ਸਕਦਾ ਹੈ

3. ਜੋਖਿਮ ਪ੍ਰਬੰਧ

➢ ਨੁਕਸਾਨ ਦੀ ਹੱਦ ਦੀ ਸੰਭਾਵਨਾ

ਇਸ ਨੂੰ ਘਾਟੇ ਦੀ ਮਾਤਰਾ ਅਤੇ ਵਿਅਕਤੀ ਜਾਂ ਧੰਦੇ ਉੱਤੇ ਇਸ ਦੇ ਅਸਰ ਰਾਹੀਂ ਦਰਸਾਇਆ ਜਾਂਦਾ ਹੈ। ਇਸ ਅਧਾਰ ਉੱਤੇ ਤਿੰਨ ਕਿਸਮ ਦੀਆਂ ਜੋਖਿਮ ਘਟਨਾਵਾਂ ਜਾਂ ਹਾਲਤ ਹੋ ਸਕਦੇ ਹਨ:

➢ ਗੰਭੀਰ

ਜਦੋਂ ਘਾਟੇ ਐਨੇ ਵੱਡੇ ਪੱਧਰ ਦਾ ਹੋਵੇ, ਜਿਸ ਦਾ ਨਤੀਜਾ ਪੂਰਾ ਨੁਕਸਾਨ ਜਾਂ ਦਿਵਾਲੀਆ ਹੋਣਾ ਹੋਵੇ। ਜਦੋਂ ਹਾਦਸੇ ਵਜੋਂ ਵੱਡੇ ਅਤੇ ਗੰਭੀਰ ਨਤੀਜੇ, ਅਪੰਗਤਾ, ਯੰਤਰਾਂ ਅਤੇ ਵਾਤਾਵਰਨ ਦਾ ਨੁਕਸਾਨ, ਜੋ ਕਿ ਕੁਝ ਹੱਦ ਤੱਕ ਠੀਕ ਕੀਤਾ ਜਾ ਸਕਦਾ ਹੈ, ਤਾਂ ਘਾਟੇ ਨਾਜ਼ੁਕ ਹੋ ਸਕਦੇ ਹਨ। ਗੰਭੀਰ ਨੁਕਸਾਨ ਕਰਕੇ ਗੰਭੀਰ ਵਿੱਤੀ ਘਾਟੇ ਪੈ ਸਕਦੇ ਹਨ, ਜਿਸ ਨਾਲ ਫ਼ਰਮ ਨੂੰ ਕੰਮ ਕਰਦੇ ਰਹਿਣ ਲਈ ਉਧਾਰ ਲੈਣ ਦੀ ਲੋੜ ਸਕਦੀ ਹੈ।

| ਉਦਾਹਰਨ: ਗੰਭੀਰ |
| --- |

- ✓ ਗੁੜਗਾਓ ਵਿੱਚ ਵੱਡੀ ਬਹੁ-ਰਾਸ਼ਟਰੀ ਕੰਪਨੀ ਦੇ ਪਲਾਂਟ ਵਿੱਚ ਅੱਗ ਲੱਗਣ ਨਾਲ 1 ਕਰੋੜ ਰੁਪਏ ਦਾ ਸਮਾਨ ਨਸ਼ਟ ਹੋ ਗਿਆ। ਇਹ ਵੱਡਾ ਘਾਟਾ ਹੈ, ਪਰ ਇਸ ਨਾਲ ਦਿਵਾਲੀਆ ਹੋਣ ਨੌਬਤ ਨਹੀਂ ਆਉਂਦੀ ਹੈ।
- ✓ ਡਾਕੂਆਂ ਦੇ ਜਹਾਜ਼ ਤੋਂ ਨਿਕਲੇ ਗੋਲੇ ਨਾਲ ਯਾਤਰੀ ਜਹਾਜ਼ ਡੁੱਬ ਜਾਂਦਾ ਹੈ, ਪਰ ਬਹੁਤੇ ਯਾਤਰੀ ਬਚਾ ਲਏ ਜਾਂਦੇ ਹਨ।
- ✓ ਵੱਡੇ ਹਾਦਸੇ ਵਿੱਚ ਗੁਰਦੇ ਦੇ ਨੁਕਸਾਨ ਵਜੋਂ ਗੁਰਦਾ ਬਦਲਣ ਦੀ ਜ਼ਰੂਰਤ ਨਾਲ ਵੱਡਾ ਖ਼ਰਚ ਖੜ੍ਹਾ ਹੋ ਜਾਂਦਾ ਹੈ।

---

➢ ਤਬਾਹਕਾਰੀ

ਵੱਡੀ ਗਿਣਤੀ ਵਿੱਚ ਲੋਕਾਂ ਦੀ ਮੌਤ ਜਾਂ ਅਪੰਗਤਾ, ਸੰਪੱਤੀ ਦਾ ਵੱਡੇ ਪੱਧਰ ਉੱਤੇ ਨੁਕਸਾਨ, ਵੱਡੇ ਵਾਤਾਵਰਨ ਅਸਰ, ਜੋ ਕਿ ਵਾਪਸ ਠੀਕ ਕਰਨੇ ਅਮਲੀ ਰੂਪ ਵਿੱਚ ਅਸੰਭਵ ਹੁੰਦੇ ਹਨ, ਤਬਾਹਕਾਰੀ ਨੁਕਸਾਨ ਹੁੰਦੇ ਹਨ। ਤਬਾਹਕਾਰੀ ਅਕਸਰ ਵੱਡੀ ਆਫ਼ਤ ਹੁੰਦੀ ਹੈ, ਜੋ ਕਿ ਅਚਾਨਕ, ਵੱਡੇ ਪੱਧਰ ਉੱਤੇ ਅਤੇ ਨਾ ਰੋਕਣਯੋਗ ਹੁੰਦੀ ਹੈ।

| ਉਦਾਹਰਨ: ਤਬਾਹਕਾਰੀ |
|---|

- ✓ ਭੁਚਾਲ ਜਾਂ ਹੜ੍ਹ,ਜੋ ਕਈ ਪਿੰਡਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੰਦਾ ਹੈ
- ✓ ਵੱਡੀ ਅੱਗ, ਜੋ ਵੱਡੇ ਖੇਤਰ ਵਿੱਚ ਬਹੁ-ਕਰੋੜੀ ਸਥਾਪਨ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੰਦੀ ਹੈ
- ✓ 9/11 ਨੂੰ ਵਰਲਡ ਟਰੇਡ ਸੈਂਟਰ ਉੱਤੇ ਅੱਤਵਾਦੀ ਹਮਲੇ, ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਸੱਟਾਂ ਲੱਗੀਆਂ
- ✓ ਕੋਵਿਡ-19 ਵਰਗੀ ਮਹਾਂਮਾਰੀ ਸੰਸਾਰ ਭਰ ਵਿੱਚ ਲੋਕਾਂ ਦੀ ਬੀਮਾਰੀ ਦਾ ਕਾਰਨ ਬਣੀ

➢ ਹਲਕਾ/ਮਹੱਤਵਹੀਣ

ਜਦੋਂ ਸੰਭਵ ਘਾਟਾ ਮਹੱਤਵਪੂਰਨ ਨਾ ਹੋਵੇ ਅਤੇ ਵਿਅਕਤੀ ਜਾਂ ਫ਼ਰਮ ਵਲੋਂ ਮੌਜੂਦਾ ਸੰਪੱਤੀ ਜਾਂ ਮੌਜੂਦਾ ਆਮਦਨ ਨਾਲ ਹੀ ਬਿਨਾਂ ਕਿਸੇ ਵਿੱਤ ਦਬਾਅ ਦੇ ਸੌਖੀ ਤਰ੍ਹਾਂ ਪੂਰਾ ਕੀਤਾ ਜਾ ਸਕਦਾ ਹੈ।

| ਉਦਾਹਰਨ |
|---|

- ✓ ਛੋਟੀ ਕਾਰ ਦੁਰਘਟਨਾ ਨਾਲ ਪਾਸੇ ਉੱਤੇ ਝਰੀਟ ਆਈ ਹੈ, ਜਿਸ ਨਾਲ ਕੁਝ ਪੇਂਟ ਖਰਾਬ ਹੋ ਗਿਆ ਹੈ ਅਤੇ ਫੇਂਡਰ ਉੱਤੇ ਚਿੱਬ ਪੈ ਗਿਆ ਹੈ।
- ✓ ਵਿਅਕਤੀ ਆਮ ਸਰਦੀ ਜੁਕਾਮ ਤੇ ਖੰਘ ਤੋਂ ਪ੍ਰਭਾਵਿਤ ਹੋ ਸਕਦਾ ਹੈ।

4. ਖ਼ਤਰੇ ਅਤੇ ਸੰਕਟ

ਹਾਲਤ, ਜੋ ਕਿ ਘਾਟੇ ਦੇ ਸੰਭਾਵਨਾ ਜਾਂ ਉਸ ਦੀ ਤੀਬਰਤਾ ਨੂੰ ਵਧਾਉਂਦੀ ਹੈ ਅਤੇ ਇਸਕਰਕੇ ਜੋਖਿਮ ਦੇ ਅਸਰ ਵੀ, ਨੂੰ ਖਤਰੇ ਵਜੋਂ ਜਾਣਿਆ ਜਾਂਦਾ ਹੈ। ਜਦੋਂ ਬੀਮਾਕਰਤਾ ਜੋਖਿਮ ਦਾ ਮੁਲਾਂਕਣ ਕਰਦੇ ਹਨ, ਇਹ ਆਮ ਤੌਰ ਉੱਤੇ ਖਤਰੇ ਦਾ ਹਵਾਲਾ ਲੈਂਦੇ ਹਨ, ਜੋ ਕਿ ਸੰਪਤੀ ਨਾਲ ਜੁੜਿਆ ਹੁੰਦਾ ਹੈ।

ਬੀਮੇ ਦੀ ਭਾਸ਼ਾ ਵਿੱਚ ਖ਼ਤਰਾ (ਹਜ਼ਾਰਡ) ਉਹਨਾਂ ਹਾਲਤਾਂ ਜਾਂ ਲੱਛਣਾਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜੋ ਕਿ ਦਿੱਤੇ ਸੰਕਟ ਤੋਂ ਘਾਟੇ ਦੀ ਸੰਭਾਵਨਾ ਨੂੰ ਪੈਦਾ ਕਰਦੇ ਜਾਂ ਵਧਾਉਂਦੇ ਹਨ। ਵੱਖ-ਵੱਖ ਤਰ੍ਹਾਂ ਦੇ ਖ਼ਤਰੇ, ਜਿੰਨਾ ਨਾਲ ਜੋਖਿਮ ਜੁੜਿਆ ਹੁੰਦਾ ਹੈ, ਦੀ ਚੰਗੀ ਜਾਣਕਾਰੀ ਅੰਡਰਰਾਈਟਿੰਗ ਲਈ ਹੋਣੀ ਬਹੁਤ ਜ਼ਰੂਰੀ ਹੈ। ਸੰਪੱਤੀ, ਸੰਕਟ ਅਤੇ ਖ਼ਤਰੇ ਦੇ ਵਿਚਾਲੇ ਲਿੰਕ ਹੇਠ ਦਿੱਤਾ ਹੈ।

| ਸੰਪੱਤੀ | ਸੰਕਟ (peril) | ਖ਼ਤਰਾ (Hazard) |
|---|---|---|
| ਜੀਵਨ | ਕੈਂਸਰ | ਬਹੁਤ ਵੱਧ ਸਿਗਰਟਨੋਸ਼ੀ |
| ਫੈਕਟਰੀ | ਅੱਗ | ਧਮਾਕਾਖੇਜ਼ ਪਦਾਰਥ ਅਣਸੰਭਾਲੇ ਛੱਡਣੇ |
| ਕਾਰ | ਕਾਰ ਦੁਰਘਟਨਾ | ਡਰਾਇਵਰ ਵਲੋਂ ਬੇਧਿਆਨੀ ਨਾਲ ਡਰਾਇਵਿੰਗ |
| ਕਾਰਗੋ | ਤੂਫਾਨ | ਪਾਣੀ ਕਾਰਗੋ ਵਿੱਚ ਸਿੰਮ ਰਿਹਾ ਹੈ ਅਤੇ ਖਰਾਬ ਕਰ ਰਿਹਾ ਹੈ; ਕਾਰਗੋ ਅਭਿੱਜ ਡੱਬਿਆਂ ਵਿੱਚ ਪੈਕ ਨਹੀਂ ਕੀਤਾ ਹੈ। |

**ਮਹੱਤਵਪੂਰਨ**

- **ਖਤਰੇ ਦੀਆਂ ਕਿਸਮਾਂ**

a) **ਭੌਤਿਕ ਖਤਰਾ ਖਤਰੇ ਦੀ ਉਹ ਸਥਿਤੀ ਹੈ, ਜਿਸ ਨਾਲ ਘਾਟੇ ਦੀ ਸੰਭਾਵਨਾ ਵੱਧਦੀ ਹੈ।**

**ਉਦਾਹਰਨ**

i. ਇਮਾਰਤ ਵਿੱਚ ਨੁਕਸਦਾਰ ਤਾਰਾਂ ਪਾਈਆਂ ਹਨ

ii. ਪਾਣੀ ਦੀਆਂ ਖੇਡਾਂ ਖੇਡਣਾ

iii. ਸੁਸਤ ਜੀਵਨ-ਸ਼ੈਲੀ ਵਿੱਚ ਰਹਿਣਾ

---

b) ਨੈਤਿਕ ਖਤਰੇ ਵਿਅਕਤੀ ਵਿੱਚ ਬੇਈਮਾਨੀ ਜਾਂ ਚਰਿੱਤਰ ਨੁਕਸ ਨੂੰ ਦਰਸਾਉਂਦੇ ਹਨ, ਜਿਸ ਨਾਲ ਘਾਟੇ ਦੀ ਆਵਰਤੀ ਜਾਂ ਤੀਵਰਤਾ ਵੱਧਦੀ ਹੈ। ਇੱਕ ਬੇਈਮਾਨ ਵਿਅਕਤੀ ਧੋਖਾ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ ਅਤੇ ਬੀਮੇ ਦੀ ਸਹੂਲਤ ਦੀ ਗਲਤ ਵਰਤੋਂ ਕਰਕੇ ਪੈਸਾ ਬਣਾ ਸਕਦਾ ਹੈ।

**ਉਦਾਹਰਨ**

ਜੇ ਕਿਸੇ ਨੇ ਜਾਣ-ਬੁੱਝ ਕੇ ਆਪਣੀ ਜਾਇਦਾਦ ਨੂੰ ਅੱਗ ਲਗਾਈ ਅਤੇ ਪਾਲਸੀ ਦੇ ਅਧੀਨ ਹੋਏ ਘਾਟੇ ਲਈ ਦਾਅਵਾ ਪੇਸ਼ ਕੀਤਾ ਤਾਂ, ਇੰਝ ਦੇ ਦਾਅਵੇ ਨੂੰ ਧੋਖਾ ਮੰਨਿਆ ਜਾਵੇਗਾ ਅਤੇ ਇਹ ਰੱਦ ਕਰਨ ਦਾ ਹੱਕਦਾਰ ਹੋਵੇਗਾ।

ਨੈਤਿਕ ਖਤਰੇ ਦੀਆਂ ਉਦਾਹਰਨਾਂ ਵਿੱਚ ਫੈਕਟਰੀ ਲਈ ਬੀਮਾ ਖਰੀਦਣਾ ਅਤੇ ਫੇਰ ਬੀਮਾ ਰਕਮ ਲੈਣ ਲਈ ਇਸ ਨੂੰ ਅੱਗ ਲਗਾ ਦੇਣਾ ਜਾਂ ਵੱਡੀ ਬੀਮਾਰੀ ਦੀ ਸ਼ੁਰੂਆਤ ਦੇ ਬਾਅਦ ਸਿਹਤ ਬੀਮਾ ਖਰੀਦਣਾ ਹੈ।

---

c) ਕਾਨੂੰਨੀ ਖ਼ਤਰਾ/ਉਹਨਾਂ ਕੇਸਾਂ ਵਿੱਚ ਪ੍ਰਚਲਿਤ ਹੈ, ਜਿੰਨਾਂ ਵਿੱਚ ਨੁਕਸਾਨ ਲਈ ਭੁਗਤਾਨ ਕਰਨ ਦੀ ਦੇਣਕਾਰੀ ਹੁੰਦੀ ਹੈ। ਇਹ ਵੱਧਦੀ ਹੈ, ਜਦੋਂ ਕਾਨੂੰਨੀ ਸਿਸਟਮ ਜਾਂ ਰੈਗੂਲੇਟਰੀ ਮਾਹੌਲ ਦੇ ਕੁਝ ਨਿਯਮ ਘਾਟੇ ਦੇ ਪ੍ਰਭਾਵੀ ਖੇਤਰ ਜਾਂ ਤੀਬਰਤਾ ਨੂੰ ਵਧਾ ਸਕਦੇ ਹਨ।

| ਉਦਾਹਰਨ |
|---|

ਦੁਰਘਟਨਾ ਦੇ ਕੇਸ ਵਿੱਚ ਕਾਮੇ ਦੇ ਮੁਆਵਜ਼ੇ ਲਈ ਲਾਗੂ ਹੁੰਦੇ ਕਾਨੂੰਨ ਦੇ ਅਧਿਨਿਯਮ ਦੇਣਯੋਗ ਭੁਗਤਾਨ ਨੂੰ ਵੱਡੇ ਪੱਧਰ ਉੱਤੇ ਵਧਾ ਸਕਦੇ ਹਨ।

---

ਬੀਮੇ ਵਿੱਚ ਵੱਡੀ ਚਿੰਤਾ ਜੋਖਿਮ ਅਤੇ ਸਬੰਧਿਤ ਖਤਰਿਆਂ ਦੇ ਸਬੰਧਾਂ ਦੀ ਹੁੰਦੀ ਹੈ। ਸੰਪੱਤੀ ਨੂੰ ਕਈ ਜੋਖਿਮ ਵਰਗਾਂ ਵਿੱਚ ਇਸ ਅਧਾਰ ਉੱਤੇ ਵੰਡਿਆ ਜਾ ਸਕਦਾ ਹੈ ਅਤੇ ਬੀਮਾ ਸੁਰੱਖਿਆ ਲਈ ਭਾਅ [ਪ੍ਰੀਮੀਅਮ] ਖਰਚੇ ਵੱਧ ਜਾਂਦੇ ਹਨ, ਜੇ ਘਾਟੇ ਦੀ ਸੰਭਾਵਨਾ, ਸਬੰਧਿਤ ਖਤਰੇ ਦੀ ਮੌਜੂਦਗੀ ਦੇ ਨਤੀਜੇ ਵਜੋਂ, ਵੱਧ ਹੈ।

5. ਬੀਮੇ ਦਾ ਗਣਿਤ ਸਿਧਾਂਤ (ਜੋਖਿਮ ਪੂਲਿੰਗ)

ਬੀਮੇ ਵਿੱਚ ਤੀਜਾ ਤੱਤ ਹੈ ਗਣਿਤ ਸਿਧਾਂਤ, ਜਿਸ ਨਾਲ ਬੀਮਾ ਸੰਭਵ ਹੁੰਦਾ ਹੈ। ਇਸ ਨੂੰ ਜੋਖਿਮ ਪੂਲਿੰਗ ਦੇ ਸਿਧਾਂਤ ਵਜੋਂ ਜਾਣਿਆ ਜਾਂਦਾ ਹੈ।

| ਉਦਾਹਰਨ |
|---|

ਮੰਨ ਲਵੋ ਕਿ 100000 RCC ਘਰਾਂ ਨੂੰ ਅੱਗ ਲੱਗਣ ਦਾ ਜੋਖਿਮ ਹੈ, ਜਿਸ ਨਾਲ ਔਸਤ ਘਾਟਾ ਰੁਪਏ 50000 ਦਾ ਹੋ ਸਕਦਾ ਹੈ। ਜੇ ਇੱਕ ਘਰ ਨੂੰ ਅੱਗ ਲੱਗਣ ਦਾ ਖਤਰਾ 1000 ਵਿੱਚੋਂ 2 [ਜਾਂ 2/ 1000 = 0.002] ਹੈ ਤਾਂ ਇਸ ਦਾ ਭਾਵ ਹੋਵੇਗਾ ਕਿ ਹੋਣ ਵਾਲੇ ਘਾਟੇ ਦੀ ਕੁੱਲ ਰਕਮ 10000000 [= 50000x 0.002 x 100000] ਰੁਪਏ ਹੋਵੇਗੀ।

ਜੇ ਬੀਮਾ ਕਰਤਾ 100000 ਘਰਾਂ ਵਿੱਚੋਂ ਹਰੇਕ ਦੇ ਮਾਲਕ ਤੋਂ 100 ਰੁਪਏ ਲਵੇ ਅਤੇ ਜੇ ਉਹਨਾਂ ਦੇ ਯੋਗਦਾਨ ਨੂੰ ਇੱਕ ਸਾਂਝੇ ਫੰਡ (100000 x 100 = ਰੁਪਏ 10000000) ਵਿੱਚ ਰੱਖਿਆ (ਪੂਲ) ਜਾਂਦਾ ਹੈ ਤਾਂ ਇਹ ਅੱਗ ਤੋਂ ਪ੍ਰਭਾਵਿਤ ਹੋਣ ਵਾਲੇ ਕੁਝ ਬਦਕਿਸਮਤਾਂ ਨੂੰ ਦੇਣ ਲਈ ਕਾਫ਼ੀ ਹੋਣਗੇ।

ਇਹ ਯਕੀਨੀ ਬਣਾਉਣ ਲਈ ਕਿ ਸਭ ਬੀਮਤ ਵਿੱਚ ਨਿਰਪੱਖਤਾ [ਇਨਸਾਫ਼] ਹੈ, ਇਹ ਜ਼ਰੂਰੀ ਹੈ ਕਿ ਜੋਖਿਮ ਦੇ ਘੇਰੇ ਵਿੱਚ ਆਉਣ ਵਾਲੇ ਘਰ ਇੱਕੋ ਤਰ੍ਹਾਂ ਦੇਣ ਹੋਣੇ ਚਾਹੀਦੇ ਹਨ। [ਮਿੱਟੀ ਦੇ ਘਰਾਂ ਨੂੰ ਉੱਤੇ ਦਿੱਤੇ ਜ਼ੋਖਮਾਂ ਤੋਂ ਵੱਖਰੇ ਜੋਖਿਮਾਂ ਦਾ ਸਾਹਮਣਾ ਹੋਵੇਗਾ।]

a) ਬੀਮੇ ਵਿੱਚ ਸਿਧਾਂਤ ਅਸਲ ਵਿੱਚ ਕਿਵੇਂ ਕੰਮ ਕਰਦਾ ਹੈ?

ਇੱਕੋ ਤਰ੍ਹਾਂ ਦੀ ਸ਼੍ਰੇਣੀ ਦੇ ਸੰਕਟ, ਜਿਸ ਨੂੰ ਬੀਮਾਕਰਤਾ ਦੁਆਰਾ ਜੋਖਿਮ ਤੇ ਇਸ ਦੇ ਵਿੱਤੀ ਅਸਰ ਜੋ ਕਿ ਮਾਪਣ ਦੇ ਯੋਗ ਹੁੰਦਾ ਹੈ, ਦੇ ਕਾਰਨ ਹੋਣ ਵਾਲੀ ਸੰਭਾਵਨਾ ਦੇ ਘੇਰੇ ਵਿਚਲੇ ਸਭ ਬੀਮਤ ਦੇ ਜੋਖਿਮਾਂ ਦਾ ਪੂਲ ਤਿਆਰ ਕਰਨ ਰਾਹੀਂ ਹੁੰਦਾ ਹੈ।

| ਲੋਕਾਂ ਦੀ ਵੱਡੀ ਗਿਣਤੀ | ਪ੍ਰੀਮੀਅਮ ਦਾ ਭੁਗਤਾਨ | ਪ੍ਰੀਮੀਅਮ | ਜਿੰਨਾਂ ਨੂੰ ਘਾਟਾ ਪਿਆ ਹੈ, ਉਹਨਾਂ ਥੋੜ੍ਹੀ ਗਿਣਤੀ ਦਾਅਵਿਆਂ ਦਾ ਭੁਗਤਾਨ ਕਰਨਾ |
|---|---|---|---|

| | | | |
|---|---|---|---|
| ਕਈ ਲੋਕ ਵਲੋਂ ਭੁਗਤਾਨ | ਪ੍ਰੀਮੀਅਮ ਦੇ ਰੂਪ ਵਿੱਚ ਧਨ ਦੀ ਛੋਟੀ ਜੇਹੀ ਰਕਮ | ਇਹ ਛੋਟੀਆਂ ਰਕਮਾਂ ਨੂੰ ਸਾਝੇ ਪੂਲ ਵਜੋਂ ਇਕੱਤਰ ਕਰਕੇ ਪੂਲ ਬਣਾਇਆ ਜਾਂਦਾ ਹੈ, ਜੋ ਕਿ ਦਾਅਵਿਆਂ ਦੇ ਅੰਕੜਿਆਂ ਦੇ ਰੂਪ ਵਿੱਚ ਅੰਦਾਜ਼ਨ ਦੇ ਭੁਗਤਾਨ ਲਈ ਕਾਫੀ ਹੁੰਦੀ ਹੈ। | ਘਾਟਾ ਪੈਣ ਵਾਲੇ ਲੋਕਾਂ ਨੂੰ ਭੁਗਤਾਨ ਕੀਤੀਆਂ ਜਾਣ ਵਾਲੀਆਂ ਰਕਮਾਂ |

**b) ਜੋਖਿਮ ਪੂਲਿੰਗ ਅਤੇ ਵੱਡੀ ਗਿਣਤੀ ਦਾ ਨਿਯਮ**

ਨੁਕਸਾਨ ਦੀ ਸੰਭਾਵਨਾ [ਉੱਤੇ ਦਿੱਤੀ ਉਦਾਹਰਨ ਵਿੱਚ 1000 ਵਿੱਚੋਂ 2 ਜਾਂ 0.002] ਪ੍ਰੀਮੀਅਮ ਕੱਢਣ ਦਾ ਅਧਾਰ ਬਣਦੀ ਹੈ। ਬੀਮਾਕਰਤਾ ਨੂੰ ਘਾਟੇ ਦੇ ਜੋਖਿਮ ਦਾ ਕੋਈ ਸਾਹਮਣਾ ਨਹੀਂ ਹੋਵੇਗਾ, ਜੇ ਅਸਲ ਤਜਰਬਾ ਅੰਦਾਜ਼ੇ ਦੇ ਮੁਤਾਬਕ ਹੋਇਆ। ਇਹਨਾਂ ਹਾਲਤਾਂ ਵਿੱਚ ਕਈ ਬੀਮਤ ਦਾ ਪ੍ਰੀਮੀਅਮ ਸੰਕਟ ਤੋਂ ਪ੍ਰਭਾਵਿਤ ਹੋਣ ਵਾਲੇ ਕੁਝ ਦੇ ਘਾਟੇ ਨੂੰ ਪੂਰਾ ਮੁਆਵਜ਼ਾ ਦੇਣ ਲਈ ਕਾਫ਼ੀ ਹੋਵੇਗਾ। ਲੇਕਿਨ ਬੀਮਾਕਰਤਾ ਨੂੰ ਜੋਖਿਮ ਦਾ ਸਾਹਮਣਾ ਕਰਨਾ ਪਵੇਗਾ, ਜੇ ਅਸਲ ਹਾਲਾਤ ਅੰਦਾਜ਼ੇ ਤੋਂ ਬੁਰੇ ਰਹੇ ਅਤੇ ਇੱਕਠਾ ਹੋਇਆ ਪ੍ਰੀਮੀਅਮ ਭੁਗਤਾਨ ਕਰਨ ਵਾਲੇ ਦਾਅਵਿਆਂ ਲਈ ਪੂਰਾ ਨਾ ਹੋਇਆ।

ਬੀਮਾਕਰਤਾ ਆਪਣੀ ਪੂਰਵ ਅੰਦਾਜ਼ਾ ਬਾਰੇ ਕਿਵੇਂ ਸਹੀ ਹੋ ਸਕਦਾ ਹੈ? ਇਹ "ਵੱਡੀ ਗਿਣਤੀ ਦਾ ਨਿਯਮ" ਵਜੋਂ ਜਾਣੇ ਜਾਂਦੇ ਸਿਧਾਂਤ ਦੇ ਕਰਕੇ ਸੰਭਵ ਹੈ। ਇਸ ਮੁਤਾਬਕ ਜੋਖਿਮ ਦੇ ਪੂਲ ਦਾ ਆਕਾਰ ਜਿੰਨਾ ਵੱਡਾ ਹੋਵੇਗਾ, ਘਾਟੇ ਦੀ ਅਸਲ ਔਸਤ ਅੰਦਾਜ਼ੇ ਜਾਂ ਪਹਿਲਾਂ-ਤਹਿ ਅਨੁਮਾਨ ਘਾਟੇ ਦੇ ਨੇੜੇ ਹੋਵੇਗੀ।

**c) ਸਮਰੱਥ (solvent) ਰਹਿਣ ਲਈ ਬੀਮਾ ਕੰਪਨੀਆਂ ਲਈ ਜ਼ਰੂਰੀ:**

ਜੇ ਜ਼ੋਖਮਾਂ ਦਾ ਪੂਲ ਅਤੇ ਬਣਾਏ ਪ੍ਰੀਮੀਅਮ ਪੂਲ ਦਾਅਵਿਆਂ (ਜੇ ਉਹ ਪੈਦਾ ਹੁੰਦੇ ਹਨ) ਦੀਆਂ ਦੇਣਦਾਰੀਆਂ ਦੇ ਭੁਗਤਾਨ ਲਈ ਕਾਫ਼ੀ ਨਾ ਹੋਣ ਤਾਂ ਜ਼ੋਖਮ ਪੂਲ ਦੀ ਪ੍ਰਨਾਲੀ ਅਤੇ ਬੀਮਾ ਅਸਫ਼ਲ ਹੋ ਸਕਦਾ ਹੈ। ਬੀਮਾਕਰਤਾਵਾਂ ਕੋਲ ਪੂਲ ਦੇ ਸਾਰੇ ਮੈਂਬਰਾਂ ਨਾਲ ਉਹਨਾਂ ਵਲੋਂ ਕੀਤੇ ਵਾਅਦੇ ਪੂਰੇ ਕਰਨ ਲਈ ਲੋੜੀਂਦਾ ਧਨ ਹੋਣਾ ਚਾਹੀਦਾ ਹੈ। ਜੇ ਉਹਨਾਂ ਕੋਲ ਲੋੜ ਮੁਤਾਬਕ ਧਨ ਹੋਵੇ ਤਾਂ ਉਹਨਾਂ ਨੂੰ ਸਮਰੱਥ (solvent) ਮੰਨਿਆ ਜਾਂਦਾ ਹੈ ਅਤੇ ਜੇ ਉਹਨਾਂ ਕੋਲ ਆਪਣੀਆਂ ਦੇਣਦਾਰੀਆਂ ਪੂਰਾ ਕਰਨ ਲਈ ਧਨ ਨਾ ਹੋਵੇ ਤਾਂ ਉਹ ਦਿਵਾਲੀਆਂ (insolvent) ਬਣ ਜਾਂਦੇ ਹਨ।

ਦੂਜੇ ਸ਼ਬਦਾਂ ਵਿੱਚ ਬੀਮਾਕਰਤਾਵਾਂ ਨੂੰ ਆਸ ਕੀਤੇ ਅਤੇ ਅਸਲ ਦਾਅਵੇ ਦੇ ਹਾਲਤਾਂ ਵਿਚਾਲੇ ਅਣਪਛਾਤੇ ਫ਼ਰਕ ਨੂੰ ਪੂਰਨ ਲਈ ਕੁਝ ਵਾਧੂ ਧਨ (ਜਾਂ ਸਮਰੱਥਯੋਗ ਗੁੰਜ਼ਾਇਸ਼) ਹੋਣਾ ਚਾਹੀਦਾ। ਸਮਰੱਥਯੋਗ ਅਨੁਪਾਤ ਭਵਿੱਖ ਦੇ ਭੁਗਤਾਨ ਲਈ ਬੀਮਾਕਰਤਾ ਦੀ ਵਚਨਬੱਧਤਾ ਨੂੰ ਪੂਰਨ ਲਈ ਮੌਜੂਦ ਸੰਪੱਤੀਆਂ ਦੀ ਹੱਦ ਦਾ ਮੁਲਾਂਕਣ ਹੈ। ਵੱਖ-ਵੱਖ ਦੇਸ਼ ਸਮਰੱਥ-ਯੋਗ ਅਨੁਪਾਤ ਦੇ ਮੁਲਾਂਕਣ ਲਈ ਵੱਖ-ਵੱਖ ਮਾਪ ਵਰਤਦੇ ਹਨ। ਭਾਰਤ ਵਿੱਚ IRDAI ਨੇ ਬੀਮਾਕਰਤਾ ਨੂੰ ਘੱਟੋ-ਘੱਟ 1.5 ਸਮਰੱਥਯੋਗ ਅਨੁਪਾਤ ਰੱਖਣਾ ਜ਼ਰੂਰੀ ਕੀਤਾ ਹੋਇਆ ਹੈ।

**ਉਦਾਹਰਨ**

ਸਧਾਰਨ ਵਿਆਖਿਆ ਦੇਣ ਲਈ ਸਿੱਕੇ ਨੂੰ ਉਛਾਲਣ ਉੱਤੇ ਹੈਡ ਪ੍ਰਾਪਤ ਕਰਨ ਦੀ ਸੰਭਾਵਨਾ 2 ਵਿੱਚੋਂ 1 ਹੈ। ਪਰ ਕੋਈ ਵੀ ਅਸਲ ਵਿੱਚ ਚਾਰ ਵਾਰ ਉਛਾਲੇ ਜਾਣ ਉਤੇ ਦੋ ਵਾਰ ਹੈਡ ਪ੍ਰਾਪਤ ਕਰਨ ਬਾਰੇ ਪੱਕਾ ਨਹੀਂ ਕਹਿ ਸਕਦਾ।

ਕੇਵਲ ਜੇ ਉਛਾਲਣ ਦੀ ਗਿਣਤੀ ਬਹੁਤ ਵੱਡੀ ਹੋਵੇ ਅਤੇ ਲਗਭਗ ਬੇਅੰਤ ਦੇ ਨੇੜੇ, ਤਾਂ ਦੋ ਵਾਰ ਉਛਾਲਣ ਤੋਂ ਹੈੱਡ ਪ੍ਰਾਪਤ ਕਰਨ ਦੀ ਸੰਭਾਵਨਾ ਇੱਕ ਦੇ ਨੇੜੇ ਹੋ ਜਾਂਦੀ ਹੈ।

ਇਸੇ ਮੁਤਾਬਕ ਬੀਮਾਕਰਤਾ ਆਪਣੇ ਅਧਾਰ ਉੱਤੇ ਭਰੋਸਾ ਕਰ ਸਕਦੇ ਹਨ, ਜਦੋਂ ਉਹ ਵੱਡੀ ਗਿਣਤੀ ਵਿੱਚ ਬੀਮਤ ਦਾ ਬੀਮਾ ਕਰਨ ਦੇ ਯੋਗ ਹੁੰਦੇ ਹਨ। ਬੀਮਾਕਰਤਾ, ਜਿਸ ਨੇ ਕੇਲ ਕੁਝ ਸੈਂਕੜੇ ਘਰਾਂ ਦਾ ਬੀਮਾ ਕੀਤਾ ਹੈ, ਦੀ ਦੂਜੇ ਬੀਮਾਕਰਤਾ, ਜਿਸ ਨੇ ਕਈ ਹਜ਼ਾਰਾਂ ਘਰਾਂ ਦਾ ਬੀਮਾ ਕੀਤਾ, ਦੇ ਮੁਕਾਬਲੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।

**ਮਹੱਤਵਪੂਰਨ**

ਜੋਖਿਮ ਦਾ ਬੀਮਾ ਕਰਨ ਲਈ ਸ਼ਰਤਾਂ

ਕਦੋਂ ਇੱਕ ਜੋਖਿਮ ਦਾ ਬੀਮਾ ਬੀਮਾ ਕਰਤਾ ਦੇ ਪੱਖ ਤੋਂ ਕਰਨਾ ਠੀਕ ਹੁੰਦਾ ਹੈ?

ਬੀਮਾਯੋਗ ਮੰਨਣ ਲਈ ਇੱਕ ਜੋਖਿਮ ਦੀਆਂ ਹੇਠ ਦਿੱਤੀਆਂ ਛੇ ਸਪਸ਼ਟ ਲੋੜਾਂ ਹਨ।

i. ਘਾਟੇ ਦਾ ਪੂਰਵ-ਅੰਦਾਜ਼ਾ ਲਗਾਉਣ ਲਈ ਢੁੱਕਵੀਂ ਗਿਣਤੀ ਵਿੱਚ ਸਮਾਨ [ਇੱਕ ਜਿਹੇ] ਜੋਖਿਮ ਪ੍ਰਭਾਵ ਅਧੀਨ ਇਕਾਈਆਂ ਹਨ। ਇਹ ਵੱਡੀ ਗਿਣਤੀ ਦੇ ਸਿਧਾਂਤ ਨੂੰ ਮੰਨਦੀ ਹੈ। ਇਸ ਦੇ ਬਿਨਾਂ ਪੂਰਵ-ਅੰਦਾਜ਼ਾ ਲਗਾਉਣਾ ਔਖਾ ਹੋਵੇਗਾ।

ii. ਜੋਖਿਮ ਤੋਂ ਪੈਦਾ ਹੋਣ ਵਾਲਾ ਘਾਟਾ ਨਿਸ਼ਚਿਤ ਅਤੇ ਅਨੁਮਾਨਯੋਗ ਹੋਣਾ ਚਾਹੀਦਾ ਹੈ। ਮੁਆਵਜ਼ਾ ਦੇਣਾ ਔਖਾ ਹੁੰਦਾ ਹੈ, ਜੇ ਕੋਈ ਇਹ ਯਕੀਨ ਨਾਲ ਨਹੀਂ ਕਹਿ ਸਕਦਾ ਹੈ ਕਿ ਘਾਟਾ ਹੋਇਆ ਹੈ ਅਤੇ ਇਹ ਕਿੰਨਾ ਹੈ।

iii. ਘਾਟਾ ਕੁਦਰਤੀ ਰੂਪ ਵਿੱਚ ਜਾਂ ਦੁਰਘਟਨਾਵਸ ਹੋਣਾ ਚਾਹੀਦਾ ਹੈ। ਇਹ ਇੱਕ ਘਟਨਾ ਦੇ ਨਤੀਜੇ ਵਜੋਂ ਹੋਇਆ ਹੋਣਾ ਚਾਹੀਦਾ ਹੈ, ਜੋ ਕਿ ਹੋ ਵੀ ਸਕਦੀ ਹੈ ਜਾਂ ਨਹੀਂ ਵੀ। ਘਟਨਾ ਬੀਮਤ ਦੇ ਕੰਟਰੋਲ ਤੋਂ ਬਾਹਰ ਹੋਣੀ ਚਾਹੀਦੀ ਹੈ। ਕੋਈ ਵੀ ਬੀਮਾਕਰਤਾ ਘਾਟੇ ਦੀ ਪੂਰਤੀ ਨਹੀਂ ਕਰੇਗਾ, ਜੋ ਕਿ ਬੀਮਤ ਵਲੋਂ ਜਾਣ ਬੁੱਝ ਕੇ ਕੀਤਾ ਗਿਆ ਹੈ।

iv. ਕੁਝ ਦੇ ਘਾਟੇ ਨੂੰ ਕਈਆਂ ਵਲੋਂ ਸਾਂਝਾ ਕਰਨਾ ਕੇਵਲ ਤਾਂ ਹੀ ਕੰਮ ਕਰਦਾ ਹੈ, ਜੇ ਦਿੱਤੇ ਗਏ ਸਮੇਂ ਉੱਤੇ ਬੀਮਤ ਗਰੁੱਪ ਦੀ ਕੁਝ ਫੀਸਦੀ ਨੂੰ ਘਾਟਾ ਪਿਆ ਹੋਵੇ।

v. ਵਿੱਤੀ ਸੰਭਾਵਤਾ: ਬੀਮੇ ਦੀ ਕੀਮਤ ਸੰਭਵ ਘਾਟੇ ਦੇ ਸਬੰਧ ਵਿੱਚ ਬਹੁਤ ਵੱਧ ਨਹੀਂ ਹੋਣੀ ਚਾਹੀਦੀ; ਨਹੀਂ ਤਾਂ ਬੀਮਾ ਵਿੱਤੀ ਤੌਰ ਉੱਤੇ ਵਿਵਾਹਰਕ ਨਹੀਂ ਹੋਵੇਗਾ।

vi. ਪਬਲਿਕ ਪਾਲਸੀ: ਅੰਤ ਵਿੱਚ ਇਕਰਾਰ ਪਬਲਿਕ ਪਾਲਸੀ ਅਤੇ ਨੈਤਿਕਤਾ ਦੇ ਉਲਟ ਨਹੀਂ ਹੋਣਾ ਚਾਹੀਦਾ ਹੈ।

**ਆਪਣੇ ਆਪ ਨੂੰ ਟੈਸਟ ਕਰੋ 1**

**ਹੇਠ ਦਿੱਤਿਆਂ ਵਿੱਚੋਂ ਕਿਹੜਾ ਬੀਮਾਯੋਗ ਜੋਖਿਮ ਨੂੰ ਨਹੀਂ ਦਰਸਾਉਂਦਾ ਹੈ?**

I. ਅੱਗ

II. ਚੋਰੀ ਹੋਇਆ ਸਾਮਾਨ

III. ਚੋਰੀ

IV. ਜਹਾਜ਼ ਪਲਟਣ ਕਰਕੇ ਸਾਮਾਨ ਨਸ਼ਟ ਹੋਣਾ

**ਸਾਰ**

a) ਬੀਮੇ ਦੀ ਪ੍ਰੀਕਿਰਿਆ ਦੇ ਚਾਰ ਭਾਗ ਹਨ (ਸੰਪੱਤੀ, ਜੋਖਿਮ, ਜੋਖਿਮ ਪੂਲਿੰਗ ਅਤੇ ਬੀਮਾ ਇਕਰਾਰਨਾਮਾ)।

b) ਸੰਪੱਤੀ ਕੋਈ ਵੀ ਚੀਜ਼ ਹੋ ਸਕਦੀ ਹੈ, ਜੋ ਕੁਝ ਫਾਇਦਾ ਦਿੰਦੀ ਹੈ ਅਤੇ ਆਪਣੇ ਮਾਲਕ ਲਈ ਜਿਸ ਦਾ ਕੋਈ ਆਰਥਿਕ ਮੁੱਲ ਹੈ।

c) ਘਾਟੇ ਦੀ ਸੰਭਾਵਨਾ ਜੋਖਿਮ ਨੂੰ ਦਰਸਾਉਂਦੀ ਹੈ।

d) ਸ਼ਰਤ ਜਾਂ ਸ਼ਰਤਾਂ, ਜੋ ਕਿ ਘਾਟੇ ਦੀ ਸੰਭਾਵਨਾ ਜਾਂ ਤੀਬਰਤਾ ਨੂੰ ਵਧਾਉਂਦੀਆਂ ਹਨ, ਨੂੰ ਸੰਕਟ ਵਜੋਂ ਜਾਣਿਆ ਜਾਂਦਾ ਹੈ।

e) ਗਣਿਤ ਦਾ ਸਿਧਾਂਤ, ਜੋ ਕਿ ਬੀਮੇ ਨੂੰ ਸੰਭਵ ਬਣਾਉਂਦਾ ਹੈ, ਨੂੰ ਜੋਖਿਮ ਪੂਲਿੰਗ ਦਾ ਸਿਧਾਂਤ ਕਹਿੰਦੇ ਹਨ।

**ਮੁੱਖ ਸ਼ਬਦ**

a) ਸੰਪੱਤੀ

b) ਜ਼ੋਖਮ

c) ਖ਼ਤਰਾ (Hazard)

d) ਜ਼ੋਖਮ ਪੂਲ ਕਰਨੇ

e) ਪ੍ਰਸਤਾਵ ਅਤੇ ਮਨਜ਼ੂਰੀ

f) ਕਾਨੂੰਨ ਤਹਿਤ ਵਿਚਾਰ

## ਸਵੈ ਜਾਂਚ ਦੇ ਜਵਾਬ

**ਜਵਾਬ 1 - ਸਹੀ ਚੋਣ ॥ ਹੈ।**

# ਪਾਠ C-03

# ਬੀਮੇ ਦੇ ਸਿਧਾਂਤ

**ਪਾਠ ਜਾਣ-ਪਛਾਣ**

**ਇਸ ਪਾਠ ਵਿੱਚ ਅਸੀਂ ਸਿਧਾਂਤਾਂ ਉੱਤੇ ਵਿਚਾਰ ਕਰਾਂਗੇ, ਜਿਸ ਦੇ ਉੱਤੇ ਬੀਮਾ ਦੀ ਪ੍ਰਨਾਲੀ ਕੰਮ ਕਰਦੀ ਹੈ।**

a) ਬੇਹੱਦ ਚੰਗਾ ਯਕੀਨ ਜਾਂ "ਪਰਮ ਵਿਸ਼ਵਾਸ਼ (Uberrima fides)" ਜਿਸ ਦਾ ਮਤਲਬ ਹੈ “ਸਾਰੇ ਮਹੱਤਵਪੂਰਨ ਤੱਥਾਂ ਨੂੰ ਜਿਹੜੇ ਕਿ ਜੋਖਮ ਨਾਲ ਜੁੜੇ ਹੋਏ ਹਨ ਨੂੰ ਠੀਕ ਅਤੇ ਪੂਰ੍ਹਾਂ ਵਾਲੰਟੀਅਰ ਤੌਰ ਉੱਤੇ ਪੇਸ਼ ਕਰਨ ਦਾ ਫਰਜ਼ ਬੇਹੱਦ ਜ਼ਰੂਰੀ ਹੈ ਚਾਹੇ ਇਹਨਾਂ ਬਾਰੇ ਪੁੱਛਿਆ ਗਿਆ ਹੈ ਜਾਂ ਨਹੀਂ।“ ਸਭ ਬੀਮਾ ਇਕਰਾਰਨਾਮੇ ਪਰਮ ਵਿਸ਼ਵਾਸ਼ ਦੇ ਸਿਧਾਂਤ ਉੱਤੇ ਕੰਮ ਕਰਦੇ ਹਨ।

b) ‘ਬੀਮਾਯੋਗ ਹਿੱਤਾਂ’ ਦੀ ਮੌਜੂਦਗੀ ਹਰ ਬੀਮਾ ਇਕਰਾਰਨਾਮੇ ਦਾ ਲਾਜ਼ਮੀ ਭਾਗ ਹੈ ਅਤੇ ਕਾਨੂੰਨੀ ਤੌਰ ਉੱਤੇ ਬੀਮੇ ਲਈ ਮੁੱਢਲੀ ਲੋੜ ਹੈ।

c) ਹਰਜਾਨਾ ਯਕੀਨੀ ਬਣਾਉਂਦਾ ਹੈ ਕਿ ਬੀਮਤ ਨੂੰ ਅਚਾਨਕ ਹੋਈ ਘਟਨਾ ਹੋਣ ਉੱਤੇ ਉਸ ਦੇ ਘਾਟੇ ਦੀ ਹੱਦ ਤੱਕ ਮੁਆਵਜ਼ਾ ਦਿੱਤਾ ਜਾਂਦਾ ਹੈ।

d) ਪਰ-ਸਥਾਪਨ ਦਾ ਭਾਵ ਹੈ ਕਿ ਸਭ ਹੱਕ ਅਤੇ ਉਪਰਾਲੇ, ਬੀਮੇ ਕੀਤੇ ਵਿਸ਼ੇ ਦੇ ਸਬੰਧ ਵਿੱਚ, ਬੀਮਤ ਤੋਂ ਬੀਮਾ ਕਰਤਾ ਨੂੰ ਤਬਦੀਲ ਕਰ ਦਿੱਤੇ ਜਾਂਦੇ ਹਨ।

e) ਯੋਗਦਾਨ ਦੇ ਸਿਧਾਂਤ ਦੇ ਮੁਤਾਬਕ ਜੇ ਇੱਕੋ ਜਾਇਦਾਦ ਦਾ ਇੱਕ ਤੋਂ ਵੱਧ ਬੀਮਾ ਕੰਪਨੀਆਂ ਕੋਲ ਬੀਮਾ ਕਰਵਾਇਆ ਹੋਵੇ ਤਾਂ ਸਭ ਬੀਮਾ ਕਰਨ ਵਾਲਿਆਂ ਵਲੋਂ ਕੀਤੇ ਜਾਣ ਵਾਲਾ ਮੁਆਵਜ਼ਾ ਕੁੱਲ ਹੋਏ ਨੁਕਸਾਨ ਤੋਂ ਵੱਧ ਨਹੀਂ ਸਕਦਾ ਹੈ।

f) ਨੇੜਲਾ ਕਾਰਨ (Proximate cause) ਬੀਮੇ ਦਾ ਮੁੱਖ ਸਿਧਾਂਤ ਹੈ ਅਤੇ ਇਹ ਘਾਟਾ ਜਾਂ ਨੁਕਸਾਨ ਕਿਵੇਂ ਹੋਇਆ, ਉਸ ਨਾਲ ਸਬੰਧਿਤ ਹੈ ਅਤੇ ਕੀ ਇਹ ਅਸਲ ਵਿੱਚ ਬੀਮਾ ਕੀਤੇ ਸੰਕਟ ਦੇ ਨਤੀਜੇ ਵਜੋਂ ਹੋਇਆ ਹੈ।

**ਸਿੱਖਣ ਦੇ ਨਤੀਜੇ**

A. ਪਰਮ ਵਿਸ਼ਵਾਸ਼
B. ਬੀਮਾਯੋਗ ਹਿੱਤ
C. ਨੇੜਲਾ ਕਾਰਨ
D. ਹਰਜਾਨਾ
E. ਪਰ-ਸਥਾਪਨ
F. ਯੋਗਦਾਨ

## A. ਅਤਿ ਚੰਗਾ ਵਿਸ਼ਵਾਸ਼

ਬੀਮਾ ਇਕਰਾਰ ਦੇ ਕਈ ਖਾਸ ਫ਼ੀਚਰ ਹੁੰਦੇ ਹਨ, ਜਿਨ੍ਹਾਂ ਬਾਰੇ ਚਰਚਾ ਹੇਠਾਂ ਕੀਤੀ ਹੈ:

### 1. ਬੇਹੱਦ ਚੰਗਾ ਯਕੀਨ ਜਾਂ 'ਪਰਮ ਵਿਸ਼ਵਾਸ਼'

ਬੇਹੱਦ ਚੰਗਾ ਯਕੀਨ ਜਾਂ "ਪਰਮ ਵਿਸ਼ਵਾਸ਼ (Uberrima fides)", ਜੋ ਕਿ ਬੀਮਾ ਇਕਰਾਰਨਾਮੇ ਦੇ ਮੂਲ ਸਿਧਾਂਤ ਵਿੱਚੋਂ ਹੈ, ਨੂੰ "ਸਭ ਅਸਲ ਤੱਥਾਂ ਨੂੰ ਠੀਕ ਅਤੇ ਪੂਰੀ ਤਰ੍ਹਾਂ ਵਲੰਟੀਅਰ ਤੌਰ ਉੱਤੇ ਪੇਸ਼ ਕਰਨ ਦਾ ਜ਼ਰੂਰੀ ਫ਼ਰਜ਼ ਹੈ, ਇਸ ਬਾਰੇ ਪੁੱਛਿਆ ਜਾਵੇ ਜਾਂ ਨਾ।" ਵਜੋਂ ਪ੍ਰਭਾਸ਼ਿਤ ਕੀਤਾ ਜਾਂਦਾ ਹੈ।

ਸਾਰੇ ਵਪਾਰਕ ਇਕਰਾਰਨਾਮੇ ਚੰਗੇ ਭਰੋਸੇ ਉੱਤੇ ਅਧਾਰਿਤ ਹੁੰਦੇ ਹਨ ਕਿ ਜਾਣਕਾਰੀ ਦੇਣ ਜਾਂ ਲੈਣ-ਦੇਣ ਕਰਨ ਦੌਰਾਨ ਕੋਈ ਧੋਖਾ ਜਾਂ ਫਰੇਬ ਨਹੀਂ ਕੀਤਾ ਜਾਵੇਗਾ। ਇੱਥੇ ਵਰਤੇ ਜਾਣ ਵਾਲੇ ਨਿਯਮ ਨੂੰ "ਕੇਵੀਏਟ ਇੰਪਟਾਰ (Caveat Emptor)" ਕਹਿੰਦੇ ਹਨ, ਜਿਸ ਦਾ ਭਾਵ ਹੈ ਕਿ ਖਰੀਦਦਾਰ ਸਾਵਧਾਨ। ਇਕਰਾਰ ਕਰਨ ਵਾਲੀਆਂ ਧਿਰਾਂ ਵਲੋਂ ਇਕਰਾਰ ਦੇ ਵਿਸ਼ੇ ਨੂੰ ਨਿਰੀਖਣ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਜਦੋਂ ਤੱਕ ਇੱਕ ਧਿਰ ਦੂਜੀ ਨੂੰ ਧੋਖਾ ਨਹੀਂ ਦਿੰਦੀ ਅਤੇ ਜਵਾਬ ਇਮਾਨਦਾਰ ਦਿੰਦੀ ਹੈ, ਉਦੋਂ ਤੱਕ ਦੂਜੀ ਧਿਰ ਵਲੋਂ ਇਕਰਾਰ ਨੂੰ ਰੱਦ ਕਰਨ ਦਾ ਸਵਾਲ ਹੀ ਪੈਂਦਾ ਨਹੀਂ ਹੁੰਦਾ ਹੈ।

ਬੀਮਾ ਇਕਰਾਰਨਾਮੇ ਦਾ ਆਧਾਰ ਕੁਝ ਵੱਖਰੀ ਕਿਸਮ ਦਾ ਹੁੰਦਾ ਹੈ, ਕਿਉਂਕਿ ਇਕਰਾਰਨਾਮੇ ਦੀ ਵਿਸ਼ਾ ਵਸਤੂ ਅਸਪਸ਼ਟ ਹੁੰਦੀ ਹੈ ਅਤੇ ਬੀਮਾਕਰਤਾ ਨੂੰ ਸੌਖੀ ਤਰ੍ਹਾਂ ਪਤਾ ਨਹੀਂ ਲੱਗ ਸਕਦਾ ਹੈ। ਫੇਰ ਕਈ ਤੱਥ ਹੁੰਦੇ ਹਨ ਜੋ ਸਿਰਫ਼ ਪੇਸ਼ਕਰਤਾ ਨੂੰ ਹੀ ਪਤਾ ਹੋ ਸਕਦੇ ਹਨ। ਬੀਮਾਕਰਤਾ ਜਾਣਕਾਰੀ ਲਈ ਪੂਰੀ ਤਰ੍ਹਾਂ ਪੇਸ਼ਕਰਤਾ ਉੱਤੇ ਹੀ ਨਿਰਭਰ ਹੁੰਦਾ ਹੈ। ਇਸਕਰਕੇ ਪੇਸ਼ਕਰਤਾ ਦਾ ਇਹ ਕਾਨੂੰਨੀ ਫਰਜ਼ ਹੈ ਕਿ ਬੀਮੇ ਦੇ ਵਿਸ਼ੇ ਬਾਰੇ ਸਭ ਜ਼ਰੂਰੀ ਜਾਣਕਾਰੀ ਬੀਮਾ ਕਰਤਾ ਨੂੰ ਦੇਵੇ। ਇਹ ਬੀਮਤ ਬੀਮਾ ਇਕਰਾਰਨਾਮੇ ਲਈ ਤੱਥਾਂ ਦੇ ਸੰਬੰਧ ਵਿੱਚ ਕੋਈ ਵੀ ਗਲਤ ਜਾਣਕਾਰੀ ਨਹੀਂ ਦੇਵੇਗਾ। ਬੀਮਾ ਇਕਰਾਰਨਾਮਿਆਂ ਦੇ ਸੰਬੰਧ ਵਿੱਚ ਪੂਰੀ ਪ੍ਰਤੀਨਿਧ ਅਤੇ ਤੱਥਾਂ ਦੇ ਪੂਰੇ ਐਲਾਨ ਦੇ ਵੱਧ ਜ਼ਰੂਰੀ ਫਰਜ਼ ਇਹਨਾਂ ਨੂੰ ਬੇਹੱਦ ਜ਼ਿਆਦਾ ਯਕੀਨ ਦੇ ਇਕਰਾਰ ਬਣਾਉਂਦੇ ਹਨ।

ਜੇ ਕਿਸੇ ਵੀ ਧਿਰ ਵਲੋਂ ਅਤਿ ਚੰਗੇ ਵਿਸ਼ਵਾਸ਼ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਕਿਸੇ ਵੀ ਧਿਰ ਵਲੋਂ ਇਕਰਾਰ ਨੂੰ ਰੱਦ ਕੀਤਾ ਜਾ ਸਕਦਾ ਹੈ। ਇਹ ਤਰਕ ਹੈ ਕਿ ਕਿਸੇ ਨੂੰ ਵੀ ਆਪਣੇ ਗਲਤ ਕੰਮਾਂ ਦਾ ਫਾਇਦਾ ਲੈਣ ਦੀ ਇਜ਼ਾਜ਼ਤ ਨਹੀਂ ਹੁੰਦੀ ਹੈ, ਖਾਸ ਤੌਰ ਉੱਤੇ ਬੀਮੇ ਦਾ ਇਕਰਾਰਨਾਮਾ ਕਰਨ ਸਮੇਂ।

a) ਜ਼ਰੂਰੀ ਤੱਥ ਨੂੰ ਉਹ ਤੱਥ ਵਜੋਂ ਦਰਸਾਇਆ ਜਾਂਦਾ ਹੈ, ਜੋ ਕਿ ਬੀਮਾ ਅੰਡਰਰਾਈਟਰ ਦੇ ਫੈਸਲੇ ਨੂੰ ਪ੍ਰਭਾਵਿਤ ਕਰਦਾ ਹੈ ਕਿ ਕੀ ਜ਼ੋਖਮ ਨੂੰ ਮਨਜ਼ੂਰ ਕਰਨਾ ਹੈ ਅਤੇ ਜੇ ਹਾਂ ਤਾਂ ਪ੍ਰੀਮੀਅਮ ਦੀ ਦਰ ਤੇ ਨਿਯਮ ਅਤੇ ਸ਼ਰਤਾਂ। ਬੀਮਤ ਨੂੰ ਜ਼ਰੂਰੀ ਹੈ ਕਿ ਉਹ ਸਾਰੇ ਤੱਥਾਂ ਬਾਰੇ ਪੂਰੀ ਤੇ ਦਰੁਸਤ ਜਾਣਕਾਰੀ ਦੇਵੇ ਜੋ ਕਿ ਬੀਮਾ ਇਕਰਾਰਨਾਮੇ ਲਈ ਪ੍ਰਮੁੱਖ ਹੁੰਦੀ ਹੈ।

ਕੀ ਨਾ-ਦੱਸਿਆ ਤੱਥ ਜ਼ਰੂਰੀ ਸੀ ਜਾਂ ਨਹੀਂ, ਇਹ ਵੱਖ-ਵੱਖ ਕੇਸਾਂ ਦੇ ਹਾਲਤਾਂ ਉੱਤੇ ਨਿਰਭਰ ਕਰਦਾ ਹੈ ਅਤੇ ਇਸ ਦਾ ਫੈਸਲਾ ਕੇਵਲ ਕਾਨੂੰਨੀ ਅਦਾਲਤ ਵਿੱਚ ਹੀ ਹੋ ਸਕਦਾ ਹੈ। ਬੀਮਤ ਨੂੰ ਤੱਥ ਦੱਸਣੇ ਚਾਹੀਦੇ ਹਨ, ਜੋ ਕਿ ਜ਼ੋਖਮ ਨੂੰ ਪ੍ਰਭਾਵਿਤ ਕਰਦੇ ਹਨ।

ਜ਼ਰੂਰੀ ਤੱਥ, ਉਹਨੂੰ ਦਰਸਾਉਂਦੇ ਹਨ, ਜੋ ਬੀਮਾ ਕਰਤਾ ਨੂੰ ਫੈਸਲਾ ਕਰਨ ਦੇ ਯੋਗ ਕਰਦੀ ਹੈ:

- ✓ ਕੀ ਉਹ ਜ਼ੋਖਮ ਨੂੰ ਮਨਜ਼ੂਰ ਕਰਨਗੇ?
- ✓ ਜੇ ਹਾਂ ਤਾਂ ਕਿਸ ਪ੍ਰੀਮੀਅਮ ਦਰ ਅਤੇ ਕਿਹੜੀਆਂ ਸ਼ਰਤਾਂ ਤੇ ਨਿਯਮਾਂ ਤਹਿਤ?

ਇਹ ਬੇਹੱਦ ਚੰਗਾ ਯਕੀਨ ਦਾ ਫ਼ਰਜ਼ ਆਮ ਕਾਨੂੰਨ ਦੇ ਅਧੀਨ ਆਉਂਦਾ ਹੈ। ਫ਼ਰਜ਼ ਨਾ ਕੇਵਲ ਅਸਲ ਤੱਥਾਂ, ਜੋ ਕਿ ਪੇਸ਼ਕਰਤਾ ਨੂੰ ਪਤਾ ਹੈ, ਲਈ ਲਾਗੂ ਹੁੰਦੇ ਹਨ, ਬਲਕਿ ਅਸਲ ਤੱਥਾਂ ਤੱਕ ਵੀ ਲਾਗੂ ਹੁੰਦੇ ਹਨ, ਜਿਹਨਾਂ ਦਾ ਉਸ ਨੂੰ ਪਤਾ ਹੋਣਾ ਚਾਹੀਦਾ ਹੈ। ਇਸ ਨਾਲ ਸੰਬੰਧਿਤ ਬੀਮਾਕਰਤਾ ਦਾ ਫ਼ਰਜ਼ ਵੀ ਹੈ ਕਿ ਬੀਮਤ ਨੂੰ ਪਾਲਸੀ ਦੇ ਬਾਰੇ ਕੋਈ ਵੀ ਜਾਣਕਾਰੀ ਲੁਕਾ ਕੇ ਨਾ ਰੱਖੇ।

| ਉਦਾਹਰਨ |
|---|

ਹੇਠਾਂ ਕੁਝ ਪ੍ਰਮੁੱਖ ਤੱਥਾਂ ਦੀਆਂ ਉਦਾਹਰਨਾਂ ਦਿੱਤੀਆਂ ਹਨ, ਜੋ ਕਿ ਪੇਸ਼ਕਰਤਾ ਨੂੰ ਪੇਸ਼ਕਸ਼ ਕਰਨ ਦੇ ਦੌਰਾਨ ਦੱਸਣੀਆਂ ਚਾਹੀਦੀਆਂ ਹਨ:

i. ਜੀਵਨ ਬੀਮਾ: ਕਿਸੇ ਦੇ ਆਪਣਾ ਮੈਡੀਕਲ ਅਤੀਤ, ਖਾਨਦਾਨੀ ਬੀਮਾਰੀਆਂ ਦਾ ਪਰਿਵਾਰਿਕ ਅਤੀਤ, ਆਦਤਾਂ ਜਿਵੇਂ ਕਿ ਸਿਗਰਟ ਤੇ ਸ਼ਰਾਬ ਪੀਣੀ, ਕੰਮ ਤੋਂ ਛੁੱਟੀਆਂ, ਉਮਰ, ਆਦਤਾਂ, ਵਿੱਤੀ ਜਾਣਕਾਰੀ ਜਿਵੇਂ ਕਿ ਪੇਸ਼ਕਰਤਾ ਦੀ ਆਮਦਨ, ਪਹਿਲਾਂ ਕਰਵਾਈਆਂ ਜੀਵਨ ਬੀਮਾ ਪਾਲਸੀਆਂ, ਰੋਜ਼ਗਾਰ ਆਦਿ।

ii. ਅੱਗ ਬੀਮਾ: ਇਮਾਰਤ ਦਾ ਨਿਰਮਾਣ, ਜ਼ੋਖਮ ਦਾ ਟਿਕਾਣਾ/ਹਾਲਤ ਅਤੇ ਇਮਾਰਤ ਦੀ ਵਰਤੋਂ, ਇਮਾਰਤ ਦੀ ਉਮਰ, ਇਮਾਰਤ ਵਿੱਚ ਸਮਾਨ ਦੀ ਕਿਸਮ ਆਦਿ।

iii. ਜਹਾਜ਼ੀ ਬੀਮਾ: ਸਮਾਨ ਦਾ ਵੇਰਵਾ, ਪੈਕ ਕਰਨ ਦਾ ਢੰਗ, ਆਵਜਾਈ ਦੇ ਸਾਧਨ ਆਦਿ।

iv. ਮੋਟਰ ਬੀਮਾ: ਵਹੀਕਲ ਦੀ ਕਿਸਮ, ਖਰੀਦ ਦੀ ਤਾਰੀਖ ਅਤੇ ਖੇਤਰੀ ਰਜਿਸਟਰੇਸ਼ਨ ਅਥਾਰਟੀ ਆਦਿ।

v. ਸਿਹਤ ਬੀਮਾ: ਪਹਿਲਾਂ ਮੌਜੂਦ ਬੀਮਾਰੀ, ਉਮਰ ਆਦਿ।

b) ਤੱਥ 'ਪ੍ਰਮੁੱਖ' ਕਦੋਂ ਬਣ ਜਾਂਦਾ ਹੈ: ਕੁਝ ਕਿਸਮ ਦੇ ਪ੍ਰਮੁੱਖ ਤੱਥ ਹਨ, ਜਿਹਨਾਂ ਬਾਰੇ ਐਲਾਨ ਕਰਨ ਦੀ ਲੋੜ ਹੈ, ਜੋ ਕਿ ਆਮ ਉਮੀਦ ਕੀਤੇ ਤੋਂ ਜ਼ੋਖਮ ਵੱਧ ਖਾਸ ਜ਼ੋਖਮ ਦਾ ਸਾਹਮਣਾ ਕਰਦੇ ਹਨ।

| ਉਦਾਹਰਨ |
|---|

ਸਮੁੰਦਰੀ ਜਹਾਜ਼ ਰਾਹੀਂ ਭੇਜੇ ਜਾਣ ਵਾਲੇ ਕਾਰਗੋ ਦੀ ਖ਼ਤਰਨਾਕ ਕਿਸਮ, ਬੀਮਾਰੀ ਦਾ ਪੁਰਾਣਾ ਅਤੀਤ, ਘਰ ਵਿੱਚ ਚੋਰੀ ਦੀ ਕੋਈ ਪੁਰਾਣੀ ਘਟਨਾ ਆਦਿ।

i. ਸਭ ਬੀਮਾ ਕਰਨ ਵਾਲਿਆਂ ਤੋਂ ਲਈਆਂ ਮੌਜੂਦਾ ਪਾਲਸੀਆਂ ਅਤੇ ਉਹਨਾਂ ਦੀ ਮੌਜੂਦਾ ਸਥਿਤੀ

ii. ਬੀਮੇ ਲਈ ਪੇਸ਼ਕਸ਼ ਫਾਰਮ ਜਾਂ ਅਰਜ਼ੀ ਵਿੱਚ ਸਭ ਸਵਾਲਾਂ ਨੂੰ ਮੁੱਖ ਮੰਨਿਆ ਜਾਣਾ ਚਾਹੀਦਾ ਹੈ, ਕਿਉਂਕਿ ਉਹ ਬੀਮੇ ਦੇ ਵਿਸ਼ੇ ਅਤੇ ਇਸ ਦੇ ਜ਼ੋਖਮਾਂ ਦੇ ਪ੍ਰਭਾਵ ਦੇ ਕਈ ਪੱਖਾਂ ਨਾਲ ਸਬੰਧਿਤ ਹੁੰਦੇ ਹਨ। ਉਹਨਾਂ ਦੇ ਸਾਰੇ ਜਵਾਬ ਸਹੀਂ ਸਹੀਂ ਦੇਣੇ ਚਾਹੀਦੇ ਹਨ ਅਤੇ ਸਭ ਤਰ੍ਹਾਂ ਪੂਰੇ ਹੋਣੇ ਚਾਹੀਦੇ ਹਨ।

ਹੇਠਾਂ ਕੁਝ ਉਦਾਹਰਨਾਂ ਦਿੱਤੀਆਂ ਹਨ, ਜਿੱਥੇ ਲੋੜੀਂਦੇ ਪ੍ਰਮੁੱਖ ਤੱਥਾਂ ਦੇ ਬਾਰੇ ਜਾਣਕਾਰੀ ਦੇਣਾ ਜ਼ਰੂਰੀ ਨਹੀਂ।

| ਜਾਣਕਾਰੀ |
| --- |

a. ਪ੍ਰਮੁੱਖ ਤੱਥ, ਜਿਹਨਾਂ ਬਾਰੇ ਜਾਣਕਾਰੀ ਦੇਣ ਦੀ ਲੋੜ ਨਹੀਂ ਹੈ: ਜਦੋਂ ਤੱਕ ਅੰਡਰਰਾਈਟਰ ਵਲੋਂ ਖਾਸ ਤੌਰ ਉੱਤੇ ਪੁੱਛਿਆ ਨਹੀਂ ਜਾਂਦਾ ਹੈ, ਪੇਸ਼ਕਰਤਾ ਲਈ ਤੱਥ ਦੱਸਣ ਦੀ ਕੋਈ ਪਾਬੰਦੀ ਨਹੀਂ ਹੈ:

i. ਜੋਖਿਮ ਨੂੰ ਘਟਾਉਣ ਲਈ ਚੁੱਕੇ ਗਏ ਕਦਮ। ਜਿਵੇਂ: ਅੱਗ ਬਝਾਊ ਜੰਤਰ ਦੀ ਮੌਜੂਦਗੀ

ii. ਤੱਥ, ਜੋ ਕਿ ਬੀਮਤ ਨੂੰ ਪਤਾ ਨਹੀਂ ਜਾਂ ਧਿਆਨ ਨਹੀਂ ਹੁੰਦਾ ਹੈ। ਜਿਵੇਂ: ਵਿਅਕਤੀ, ਜੋ ਕਿ ਉੱਚ ਖ਼ੂਨ ਦਬਾਉ ਤੋਂ ਪੀੜਿਤ ਹੈ, ਪਰ ਇਸ ਬਾਰੇ ਪਾਲਸੀ ਲੈਣ ਸਮੇਂ ਤੱਕ ਪਤਾ ਨਹੀਂ ਸੀ, ਨੂੰ ਇਹ ਤੱਥ ਨਾ-ਉਜਾਗਰ ਕਰਨ ਲਈ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਹੈ।

iii. ਕਿਸ ਨੂੰ ਸੰਭਵ ਉੱਦਮ ਨਾਲ ਲੱਭਿਆ ਜਾ ਸਕਦਾ ਸੀ। ਹਰ ਪਲ਼ ਦੇ ਪ੍ਰਮੁੱਖ ਤੱਥਾਂ ਦੀ ਜਾਣਕਾਰੀ ਦੇਣੀ ਜ਼ਰੂਰੀ ਨਹੀਂ ਹੈ। ਅੰਡਰਰਾਈਟਰਾਂ ਨੂੰ ਉਹਨਾਂ ਦੇ ਪੁੱਛਣ ਲਈ ਧਿਆਨ ਰੱਖਣਾ ਚਾਹੀਦਾ ਹੈ, ਜੇ ਹੋਰ ਜਾਣਕਾਰੀ ਦੀ ਲੋੜ ਹੋਵੇ। ਜਿਵੇਂ: ਜਦੋਂ ਕੱਪੜਿਆਂ ਦੇ ਸਾਮਾਨ ਵਾਲੀ ਦੁਕਾਨ ਦਾ ਬੀਮਾ ਕਰਵਾਉਣ ਵੇਲੇ ਖਾਸ ਤੌਰ ਉੱਤੇ ਦੱਸਣ ਦੀ ਲੋੜ ਨਹੀਂ ਹੈ ਕਿ ਦੁਕਾਨ ਵਿੱਚ ਕੁਝ ਸਿੰਥੈਟਿਕ ਕੱਪੜੇ ਜਿਆਦਾ ਛੇਤੀ ਅੱਗ ਫੜਦੇ ਹਨ।

iv. ਕਾਨੂੰਨੀ ਮਾਮਲੇ: ਹਰ ਕਿਸੇ ਨੂੰ ਦੇਸ਼ ਦੇ ਕਾਨੂੰਨ ਬਾਰੇ ਪਤਾ ਹੋਣਾ ਚਾਹੀਦਾ ਹੈ। ਜਿਵੇਂ: ਵਿਸਫੋਟਕਾਂ ਨੂੰ ਸੰਭਾਲਣ ਲਈ ਨਗਰਪਾਲਿਕਾ ਦੇ ਕਾਨੂੰਨ

v. ਜਿਸ ਬਾਰੇ ਬੀਮਾਕਰਤਾ ਉਦਾਸੀਨ ਹੋ ਸਕਦੇ ਹਨ (ਜਾਂ ਹੋਰ ਜਾਣਕਾਰੀ ਦੀ ਲੋੜ ਨੂੰ ਛੱਡ ਸਕਦੇ ਹਨ)

ਇੰਝ ਦੇ ਕੇਸਾਂ ਵਿੱਚ ਬੀਮਾਕਰਤਾ ਬਾਅਦ ਵਿੱਚ ਜਵਾਬ ਅਧੂਰੇ ਹੋਣ ਦੇ ਅਧਾਰ ਉੱਤੇ ਦਾਅਵਾ ਜ਼ਿੰਮੇਵਾਰੀ ਨੂੰ ਛੱਡ ਨਹੀਂ ਸਕਦਾ ਹੈ।

b. ਐਲਾਨ ਦਾ ਫ਼ਰਜ਼: ਬੀਮਾ ਇਕਰਾਰਨਾਮਿਆਂ ਦੇ ਕੇਸ ਵਿੱਚ, ਜਾਣਕਾਰੀ ਦੇਣ ਦਾ ਫ਼ਰਜ਼ ਗੱਲਬਾਤ ਦੇ ਪੂਰੇ ਸਮੇਂ ਦੌਰਾਨ ਰਹਿੰਦਾ ਹੈ, ਜਦੋਂ ਤੱਕ ਕਿ ਪੇਸ਼ਕਸ਼ ਮਨਜ਼ੂਰ ਨਹੀਂ ਹੋ ਜਾਂਦੀ ਅਤੇ ਜੀਵਨ ਬੀਮਾ ਪਾਲਸੀ ਜਾਰੀ ਨਹੀਂ ਹੋ ਜਾਂਦੀ ਹੈ।

ਇੱਕ ਵਾਰ ਜੀਵਨ ਪਾਲਸੀ ਮਨਜ਼ੂਰ ਹੋ ਜਾਂਦੀ ਹੈ ਤਾਂ ਹੋਰ ਕੋਈ ਪ੍ਰਮੁੱਖ ਤੱਥ ਦੇ ਬਾਰੇ ਜਾਣਕਾਰੀ ਦੇਣ ਦੀ ਲੋੜ ਨਹੀਂ ਹੁੰਦੀ ਹੈ, ਜੋ ਕਿ ਪਾਲਸੀ ਦੀ ਮਿਆਦ ਦੇ ਦੌਰਾਨ ਆ ਸਕਦੇ ਹਨ।

| ਉਦਾਹਰਨ |
|---|

ਸ੍ਰੀਮਾਨ ਰਾਜਨ ਨੇ ਪੰਦਰਾਂ ਸਾਲਾਂ ਦੀ ਮਿਆਦ ਲਈ ਜੀਵਨ ਬੀਮਾ ਪਾਲਸੀ ਲਈ ਹੈ। ਪਾਲਸੀ ਲੈਣ ਦੇ ਛੇ ਸਾਲ ਬਾਅਦ, ਸ੍ਰੀਮਾਨ ਰਾਜਨ ਨੂੰ ਕੁਝ ਦਿਲ ਦੀਆਂ ਸਮੱਸਿਆਵਾਂ ਹੋਈਆਂ ਅਤੇ ਉਹਨਾਂ ਦੀ ਕੁਝ ਸਰਜਰੀ ਹੋਈ॥ ਸ੍ਰੀਮਾਨ ਰਾਜਨ ਨੂੰ ਬੀਮਾਕਰਤਾ ਨੂੰ ਇਹ ਤੱਥ ਬਾਰੇ ਜਾਣਕਾਰੀ ਦੇਣ ਦੀ ਲੋੜ ਨਹੀਂ ਹੈ।

*[ਪਰ ਜੇ ਪਾਲਸੀ ਦੇਣ ਵਾਲੇ ਪ੍ਰੀਮੀਅਮ ਦੇ ਭੁਗਤਾਨ ਨਾ ਕਰਕੇ ਪਾਲਸੀ ਲੈਪਸ ਹੋਣ ਦੀ ਸਥਿਤੀ ਵਿੱਚ ਹੈ ਅਤੇ ਪਾਲਸੀਧਾਰਕ ਪਾਲਸੀ ਇਕਰਾਰ ਨੂੰ ਮੁੜ-ਪ੍ਰਚਲਿਤ ਕਰਨਾ ਚਾਹੁੰਦਾ ਹੈ ਅਤੇ ਇਸ ਨੂੰ ਮੁੜ-ਚਾਲੂ ਕਰਦਾ ਹੈ ਤਾਂ ਇੰਝ ਦੇ ਮੁੜ-ਪ੍ਰਚਲਣ ਦੇ ਸਮੇਂ, ਸਭ ਪ੍ਰਮੁੱਖ ਅਤੇ ਢੁੱਕਵੇਂ ਤੱਥਾਂ ਬਾਰੇ ਜਾਣਕਾਰੀ ਨਵੀਂ ਪਾਲਸੀ ਦੇ ਵਾਂਗ ਹੀ ਦੇਣੀ ਜ਼ਰੂਰੀ ਹੈ।]*

ਜੇ ਪਾਲਸੀ ਨਵਿਆਉਣ ਦੇ ਸਮੇਂ ਸਿਹਤ ਬੀਮਾ ਦੇ ਕੇਸ ਵਿੱਚ ਤਾਂ ਸ੍ਰੀਮਾਨ ਰਾਜਨ ਨੂੰ ਆਪਣੀ ਸਿਹਤ ਮਸਲੇ ਬਾਰੇ ਬੀਮਾਕਰਤਾ ਨੂੰ ਦੱਸਣਾ ਜ਼ਰੂਰੀ ਹੈ।

ਇਸੇ ਤਰ੍ਹਾਂ ਆਮ ਬੀਮੇ ਦੇ ਕੇਸ ਵਿੱਚ, ਉਦਯੋਗ / ਫੈਕਟਰੀ ਲਈ ਫਾਇਰ ਪਾਲਸੀ ਨਵਿਆਉਣ ਦੇ ਸਮੇਂ ਬੀਮਤ ਨੂੰ ਬੀਮਾਕਰਤਾ ਨੂੰ ਦੱਸਣਾ ਜ਼ਰੂਰੀ ਹੈ ਕਿ ਜੇ ਇਮਾਰਤ ਵਰਤਣ ਦੇ ਦੌਰਾਨ ਕੋਈ ਤਬਦੀਲੀ ਕੀਤੀ ਗਈ ਸੀ।

ਸਮੁੰਦਰੀ ਜਹਾਜ਼ ਲਈ ਢੁਆ-ਢੁਆਈ ਪਾਲਸੀ ਨੂੰ ਨਵਿਆਉਣ ਦੇ ਸਮੇਂ ਬੀਮਤ ਨੂੰ ਬੀਮਾਕਰਤਾ ਨੂੰ ਜਾਣਕਾਰੀ ਦੇਣੀ ਜ਼ਰੂਰੀ ਹੈ ਕਿ ਜੇ ਜਹਾਜ਼ ਨੂੰ ਵੱਖਰੀ ਕਿਸਮ ਦੇ ਕਾਰਗੋ ਲੈ ਜਾਣ ਲਈ ਸੋਧਿਆ ਗਿਆ ਸੀ; ਜਿਵੇਂ ਦਾਲਾਂ ਦੀ ਬਜਾਏ ਖ਼ਤਰਨਾਕ ਰਸਾਇਣਾਂ ਲਈ।

c. ਨਾ-ਪ੍ਰਗਟ ਦੇ ਹਾਲਤ ਪੈਦਾ ਹੁੰਦੇ ਹਨ, ਜਦੋਂ ਬੀਮਤ ਜ਼ਰੂਰੀ ਤੱਥਾਂ ਬਾਰੇ ਚੁੱਪ ਰਹਿੰਦਾ ਹੈ, ਕਿਉਂਕਿ ਬੀਮਾ ਕਰਨ ਵਾਲੇ ਨੇ ਕੋਈ ਖਾਸ ਸਵਾਲ ਨਹੀਂ ਪੁੱਛਿਆ ਹੈ। ਇਹ ਹਾਲਤ ਬੀਮਾਕਰਤਾ ਵਲੋਂ ਪੁੱਛੇ ਗਏ ਸਵਾਲਾਂ ਦਾ ਗਲਤ ਜਵਾਬਾਂ ਰਾਹੀਂ ਵੀ ਪੈਦਾ ਹੋ ਸਕਦੇ ਹਨ।

   ਅਕਸਰ ਗ਼ੈਰ-ਪ੍ਰਗਟ ਅਚੇਤ ਹੋ ਸਕਦਾ ਹੈ (ਇਸ ਦਾ ਭਾਵ ਹੈ ਕਿ ਬਿਨਾਂ ਕਿਸੇ ਦੀ ਜਾਣਕਾਰੀ ਜਾਂ ਇਰਾਦੇ ਦੇ ਹੋ ਸਕਦਾ ਹੈ) ਜਾਂ ਪੇਸ਼ਕਰਤਾ ਸਮਝਦਾ ਹੈ ਕਿ ਤੱਥ ਜ਼ਰੂਰੀ ਨਹੀਂ ਸੀ। ਇਸ ਕੇਸ ਵਿੱਚ ਇਹ ਨਿਰਦੋਸ਼ ਹੈ।

   ਜਦੋਂ ਤੱਥਾਂ ਨੂੰ ਜਾਣ-ਬੁਝ ਕੇ ਨਹੀਂ ਦਰਸਾਇਆ ਜਾਂਦਾ ਹੈ ਤਾਂ ਇਸ ਨੂੰ ਪਰਦਾਦਾਰੀ ਮੰਨਿਆ ਜਾਂਦਾ ਹੈ। ਇੱਥੇ ਇਹ ਧੋਖਾ ਦੇਣ ਦਾ ਇਰਾਦਾ ਸੀ।

d. ਗਲਤ ਬਿਆਨੀ: ਬੀਮੇ ਦੇ ਇਕਰਾਰਨਾਮੇ ਦੇ ਸਮਝੌਤੇ ਦੇ ਦੌਰਾਨ ਕਿਸੇ ਵੀ ਕਥਨ ਨੂੰ ਬਿਆਨ ਕਹਿੰਦੇ ਹਨ। ਇਹ ਬਿਆਨ ਯਕੀਨੀ ਤੌਰ ਤੇ ਸੱਚ ਹੋ ਵੀ ਸਕਦਾ ਹੈ ਜਾਂ ਵਿਸ਼ਵਾਸ਼ ਤੇ ਅਧਾਰਿਤ, ਇਰਾਦਾ ਜਾਂ ਆਸ ਦਾ ਬਿਆਨ ਹੋ ਸਕਦਾ ਹੈ। ਇਹ ਉਮੀਦ ਕੀਤੀ ਜਾਂਦੀ ਹੈ ਕਿ ਬਿਆਨ ਪੂਰੀ ਤਰ੍ਹਾਂ ਠੀਕ ਹੋਣਾ ਚਾਹੀਦਾ ਹੈ। ਭਰੋਸੇ ਜਾਂ ਆਸ ਦੇ ਸੰਬੰਧਿਤ ਮਸਲੇ ਲਈ ਪ੍ਰਤੀਨਿਧਤਾ ਨੇਕ ਇਰਾਦੇ ਨਾਲ ਕੀਤੀ ਜਾਣੀ ਚਾਹੀਦੀ ਹੈ। ਗਲਤ ਬਿਆਨੀ ਦੀਆਂ ਦੋ ਕਿਸਮਾਂ ਹਨ:-

i. ਅਣਜਾਣੇ ਵਿੱਚ ਗਲਤ-ਬਿਆਨ ਦਾ ਭਾਵ ਗਲਤ ਬਿਆਨ ਤੋਂ ਹੈ, ਜਿਸ ਨੂੰ ਧੋਖਾ ਦੇਣ ਲਈ ਨਹੀਂ ਦਿੱਤਾ ਜਾਂਦਾ ਹੈ।

ii. ਦੂਜੇ ਪਾਸੇ ਧੋਖੇਬਾਜ਼ੀ ਗਲਤ-ਬਿਆਨੀ ਉਹ ਗਲਤ ਬਿਆਨ ਹਨ, ਜੋ ਕਿ ਬੀਮਾ ਕਰਤਾ ਨੂੰ ਧੋਖਾ ਦੇਣ ਲਈ ਦਿੱਤੇ ਗਏ ਹਨ ਜਾਂ ਸੱਚ ਨੂੰ ਅਣਡਿੱਠਾ ਕਰਕੇ ਬੇਧਿਆਨੀ ਵਿੱਚ ਦਿੱਤੇ ਗਏ ਹਨ।

ਬੀਮਾ ਇਕਰਾਰ (ਸਮਝੌਤਾ) ਅਕਸਰ ਰੱਦ ਹੋ ਜਾਂਦਾ ਹੈ, ਜਦੋਂ ਧੋਖਾ ਦੇਣ ਦੇ ਸਪਸ਼ਟ ਇਰਾਦੇ ਦੇ ਨਾਲ ਤੱਥ ਲੁਕਾਏ ਜਾਂਦੇ ਹਨ ਜਾਂ ਧੋਖਾ ਦੇਣ ਲਈ ਗਲਤ ਬਿਆਨੀ ਕੀਤੀ ਜਾਵੇ।

ਬੀਮਾ ਐਕਟ 1938 ਵਿੱਚ ਸੋਧਾਂ (ਮਾਰਚ, 2015) ਨੇ ਸ਼ਰਤਾਂ, ਜਿਸ ਦੇ ਅਧੀਨ ਪਾਲਸੀ ਨੂੰ ਧੋਖੇ ਦੇ ਵਜੋਂ ਸਵਾਲੀਆ ਚਿੰਨ੍ਹ ਲਗਾਇਆ ਜਾ ਸਕਦਾ ਹੈ, ਦੇ ਬਾਰੇ ਦਿਸ਼ਾ ਨਿਰਦੇਸ਼ ਦਿੱਤੇ ਹਨ। ਨਵੇਂ ਵਿਧਾਨ ਅੱਗੇ ਦਿੱਤੇ ਮੁਤਾਬਕ ਹਨ

e. ਧੋਖਾ: ਸ਼ਬਦ "ਧੋਖਾ (Fraud)" ਨੂੰ ਬੀਮਾ ਐਕਟ (2015 ਵਿੱਚ ਸੋਧਾਂ ਨਾਲ) ਦੇ ਭਾਗ 45 (2) ਵਿੱਚ ਦਿੱਤਾ ਗਿਆ ਹੈ। ਇਸ ਮੁਤਾਬਕ ਜੀਵਨ ਬੀਮਾ ਪਾਲਸੀ ਨੂੰ ਬੀਮਾਕਰਤਾ ਵਲੋਂ ਕੁਝ ਸਮੇਂ ਅੰਤਰਾਲ ਦੇ ਦੌਰਾਨ ਹੀ ਧੋਖੇ ਦੇ ਰੂਪ ਵਿੱਚ ਪਰਖਿਆ ਜਾ ਸਕਦਾ ਹੈ, ਬਾਅਦ ਵਿੱਚ ਨਹੀਂ। ਬੀਮਾਕਰਤਾ ਇੰਝ ਸਿਰਫ਼ (a) ਪਾਲਸੀ ਜਾਰੀ ਕਰਨ ਦੀ ਮਿਤੀ ਜਾਂ (b) ਜ਼ੋਖਮ ਦੀ ਸ਼ੁਰੂਆਤ ਜਾਂ (c) ਮੁੜ-ਪ੍ਰਚਲਣ ਦੀ ਮਿਤੀ ਤੋਂ, ਜਾਂ (d) ਪਾਲਸੀ ਲਈ ਰਾਈਡਰ ਦੀ ਮਿਤੀ, ਜੋ ਵੀ ਬਾਅਦ ਵਿੱਚ ਹੋਵੇ, ਤਿੰਨ ਸਾਲਾਂ ਦੇ ਵਿੱਚ ਹੀ ਕਰ ਸਕਦਾ ਹੈ।

ਪਾਲਸੀ ਉੱਤੇ ਸਵਾਲ ਉਠਾਉਣ ਦੇ ਕਾਰਨਾਂ ਬਾਰੇ ਬੀਮਾਕਰਤਾ ਨੂੰ ਬੀਮਤ ਜਾਂ ਉਸ ਦੇ ਕਨੂੰਨੀ ਪ੍ਰਤੀਨਿਧਾਂ, ਨਿਯੁਕਤ ਜਾਂ ਨਾਮਜ਼ਦ ਨੂੰ ਲਿਖਤੀ ਰੂਪ ਵਿੱਚ ਦੱਸਣ ਦੀ ਲੋੜ ਹੁੰਦੀ ਹੈ।

"ਧੋਖਾ (Fraud)" ਦਾ ਅਰਥ ਬੀਮਤ ਵਲੋਂ ਬੀਮਾਕਰਤਾ ਨੂੰ ਧੋਖਾ ਦੇਣ ਦੀ ਨੀਅਤ ਜਾਂ ਬੀਮਾਕਰਤਾ ਨੂੰ ਬੀਮਾ ਪਾਲਸੀ ਜਾਰੀ ਕਰਨ ਲਈ ਫੁਸਲਾ ਕੇ ਪ੍ਰਭਾਵਿਤ ਕਰਨ ਵਜੋਂ ਕੀਤੇ ਗਏ ਕੰਮ ਹਨ: ਇਹ ਵੀ ਦਰਸਾਉਂਦਾ ਹੈ ਕਿ ਜੇ ਪਾਲਸੀਧਾਰਕ ਜਿਉਂਦਾ ਨਾ ਹੋਵੇ ਤਾਂ ਧੋਖੇ ਨੂੰ ਗਲਤ ਸਿੱਧ ਕਰਨ ਦੀ ਜੁੰਮੇਵਾਰੀ ਲਾਭਪਾਤਰਾਂ ਉੱਤੇ ਆਉਂਦੀ ਹੈ।

## B. ਬੀਮਾਯੋਗ ਹਿੱਤ

'ਬੀਮਾਯੋਗ ਹਿੱਤਾਂ ਦੀ ਮੌਜੂਦਗੀ ਹਰ ਬੀਮਾ ਇਕਰਾਰਨਾਮੇ ਦਾ ਲਾਜ਼ਮੀ ਭਾਗ ਹੈ ਅਤੇ ਕਾਨੂੰਨੀ ਤੌਰ ਉੱਤੇ ਬੀਮੇ ਲਈ ਮੁੱਢਲੀ ਲੋੜ ਹੈ।

ਬੀਮਾਯੋਗ ਹਿੱਤਾਂ ਦੇ ਤਿੰਨ ਲਾਜ਼ਮੀ ਹਿੱਸੇ ਹਨ:

i. ਬੀਮਾ ਕਰਨ ਯੋਗ ਜਾਇਦਾਦ, ਹੱਕ, ਹਿੱਤ, ਜੀਵਨ ਜਾਂ ਸੰਭਾਵਿਤ ਦੇਣਦਾਰੀ ਹੋਣੀ ਚਾਹੀਦੀ ਹੈ।

ii. ਇਸ ਤਰ੍ਹਾਂ ਦੀ ਜਾਇਦਾਦ, ਹੱਕ, ਹਿੱਤ, ਜੀਵਨ ਤਾਂ ਸੰਭਾਵਿਤ ਦੇਣਦਾਰੀ ਬੀਮਾ ਦਾ ਵਿਸ਼ਾ ਵਸਤੂ ਹੋਣਾ ਚਾਹੀਦੀ ਹੈ।

iii. ਬੀਮਤ (ਬੀਮਾ ਕਰਵਾਉਣ ਵਾਲਾ) ਦਾ ਇੰਝ ਦੇ ਵਿਸ਼ੇ ਵਸਤੂ ਨਾਲ ਕਾਨੂੰਨੀ ਹੱਕ ਹੋਣਾ ਚਾਹੀਦਾ ਹੈ ਜਿਸ ਨਾਲ ਉਸ ਨੂੰ ਜਾਇਦਾਦ ਦੀ ਸੁਰੱਖਿਆ, ਹੱਕ, ਹਿੱਤ, ਜੀਵਨ ਜਾਂ ਦੇਣਦਾਰੀ ਤੋਂ ਮੁਕਤੀ ਤੋਂ ਫਾਇਦਾ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਉਸ ਨੂੰ ਸੰਬੰਧਿਤ ਵਿਸ਼ੇ ਵਸਤੂ ਦੇ ਗੁਆਚਣ, ਨੁਕਸਾਨ, ਜ਼ਖਮੀ, ਜਾਂ ਦੇਣਦਾਰੀ ਦੇ ਪੈਦਾ ਹੋਣ ਨਾਲ ਵਿੱਤੀ ਘਾਟਾ ਹੋਵੇ।

**ਆਓ ਵੇਖੀਏ ਕਿ ਬੀਮਾ ਜੂਆ ਜਾਂ ਦਾਅ ਖੇਡਣ ਇਕਰਾਰਨਾਮੇ ਤੋਂ ਵੱਖ ਕਿਵੇਂ ਹੈ?**

a) ਜੂਆ ਅਤੇ ਬੀਮਾ: ਤਾਸ਼ ਦੀ ਖੇਡ ਦੇ ਉਲਟ, ਜਿੱਥੇ ਕੋਈ ਵੀ ਜਿੱਤ ਜਾਂ ਹਾਰ ਸਕਦਾ ਹੈ, ਅੱਗ ਦਾ ਇੱਕ ਹੀ ਨਤੀਜਾ ਹੋ ਸਕਦਾ ਹੈ - ਘਰ ਦੇ ਮਾਲਕ ਦਾ ਘਾਟਾ।

ਮਾਲਕ ਬੀਮਾ ਲੈ ਕੇ ਇਹ ਯਕੀਨੀ ਬਣਾਉਂਦਾ ਹੈ ਕਿ ਹੋਏ ਘਾਟੇ ਨੂੰ ਕਿਸੇ ਢੰਗ ਨਾਲ ਪੂਰਾ ਕੀਤਾ ਜਾ ਸਕੇ।

ਦੂਜੇ ਸ਼ਬਦਾਂ ਵਿੱਚ ਬੀਮਾਯੋਗ ਹਿੱਤ ਉਹ ਹਿੱਤਾ ਹੈ, ਜੋ ਕਿ ਬੀਮਤ ਦੇ ਬੀਮੇ ਦੀ ਵਿਸ਼ਾ ਵਸਤੂ ਵਿਚ ਹੈ। ਬੀਮਾਯੋਗ ਹਿੱਤ ਇੱਕ ਬੀਮਾ ਇਕਰਾਰ ਨੂੰ ਕਾਨੂੰਨ ਦੇ ਤਹਿਤ ਯੋਗ ਅਤੇ ਲਾਗੂ ਹੋਣ ਯੋਗ ਬਣਾਉਂਦੇ ਹਨ।

| ਉਦਾਹਰਨ |
|---|

ਜੇ ਸ੍ਰੀਮਾਨ ਪਟੇਲ ਨੇ ਬੈਂਕ ਤੋਂ 15 ਲੱਖ ਦਾ ਕਰਜ਼ ਲੈ ਕੇ ਘਰ ਖਰੀਦਿਆਂ ਹੈ ਅਤੇ ਇਹ ਰਕਮ ਵਿੱਚੋਂ 12 ਲੱਖ ਦਾ ਭੁਗਤਾਨ ਕਰ ਦਿੱਤਾ ਹੈ ਤਾਂ ਬੈਂਕ ਦਾ ਵਿਆਜ ਬਾਕੀ ਰਹਿੰਦੇ ਤਿੰਨ ਲੱਖ ਦੇ ਬਕਾਏ ਉੱਤੇ ਹੀ ਲਾਗੂ ਹੋਵੇਗਾ।

ਇਸਕਰਕੇ ਬੈਂਕ ਦਾ ਮਕਾਨ ਵਿੱਚ ਨਾ-ਭੁਗਤਾਨ ਕੀਤੀ ਗਏ ਬਕਾਇਆ ਕਰਜ਼ ਜਿੰਨਾ ਹੀ ਬੀਮਾ ਹਿੱਤ ਹੈ ਅਤੇ ਯਕੀਨੀ ਬਣਾਏਗਾ ਕਿ ਇਸ ਨੂੰ ਪਾਲਸੀ ਵਿੱਚ ਸਹਿ ਬੀਮਤ ਬਣਾਇਆ ਗਿਆ ਹੈ

ਸ੍ਰੀਮਾਨ ਪਟੇਲ ਕੋਲ ਘਰ ਹੈ, ਜਿਸ ਨਾਲ ਉਹਨਾਂ ਨੇ ਬੈਂਕ ਤੋਂ 15 ਲੱਖ ਰੁਪਏ ਦਾ ਘਰ ਕਰਜ਼ ਲਿਆ ਹੈ। ਹੇਠ ਦਿੱਤੇ ਸਵਾਲਾਂ ਉੱਤੇ ਸੋਚ ਵਿਚਾਰ ਕਰੋ:

- ✓ ਕੀ ਘਰ ਵਿੱਚ ਉਹਨਾਂ ਦਾ ਬੀਮਾਯੋਗ ਹਿੱਤ ਹੈ?
- ✓ ਕੀ ਬੈਂਕ ਦਾ ਘਰ ਵਿੱਚ ਬੀਮਾਯੋਗ ਹਿੱਤ ਹੈ?
- ✓ ਉਹਨਾਂ ਦੇ ਗੁਆਂਢੀ ਬਾਰੇ ਕੀ?

ਸ੍ਰੀਮਾਨ ਦਾਸ ਦੀ ਪਤਨੀ, ਦੋ ਬੱਚਿਆਂ ਅਤੇ ਬੁੱਢੇ ਮਾਪਿਆਂ ਨਾਲ ਪੂਰਾ ਪਰਿਵਾਰ ਹੈ। ਹੇਠ ਦਿੱਤੇ ਸਵਾਲਾਂ ਉੱਤੇ ਵਿਚਾਰ ਕਰੋ:


- ✓ ਕੀ ਉਹਨਾਂ ਦੇ ਆਪਣੇ ਸਹੀ ਸਲਾਮਤ ਹੋਣ ਵਿੱਚ ਬੀਮਾਯੋਗ ਹਿੱਤ ਹਨ?
- ✓ ਕੀ ਉਹਨਾਂ ਨੂੰ ਵਿੱਤੀ ਘਾਟਾ ਹੁੰਦਾ ਹੈ, ਜੇ ਉਹਨਾਂ ਵਿੱਚੋਂ ਕਿਸੇ ਨੂੰ ਹਸਪਤਾਲ ਵਿੱਚ ਭਰਤੀ ਹੋਣਾ ਪੈਂਦਾ ਹੈ?
- ✓ ਉਹਨਾਂ ਦੇ ਗੁਆਂਢੀ ਬੱਚਿਆਂ ਬਾਰੇ ਕੀ? ਕੀ ਉਸਦਾ ਦਾ ਉਹਨਾਂ ਵਿੱਚ ਬੀਮਾਯੋਗ ਹਿੱਤ ਹੈ?

ਇੱਥੇ ਬੀਮੇ ਦੇ ਵਿਸ਼ੇ-ਵਸਤੂ ਅਤੇ ਬੀਮਾ ਇਕਰਾਰਨਾਮੇ ਦੇ ਵਿਸ਼ੇ-ਵਸਤੂ ਵਿੱਚ ਅੰਤਰ ਸਪਸ਼ਟ ਕਰਨਾ ਢੁੱਕਵਾਂ ਹੋਵੇਗਾ।

ਬੀਮੇ ਦਾ ਵਿਸ਼ਾ-ਵਸਤੂ ਬੀਮਤ ਦੀ ਜਾਇਦਾਦ ਦੇ ਨਾਲ ਸਬੰਧਿਤ ਹੈ, ਜਿਸ ਦੀ ਆਪਣੀ ਖੁਦ ਦਾ ਨਿੱਜੀ ਮੁੱਲ ਹੈ।

ਦੂਜੇ ਪਾਸੇ ਬੀਮੇ ਇਕਰਾਰਨਾਮੇ ਦਾ ਵਿਸ਼ਾ ਬੀਮਤ ਦੇ ਉਸ ਜਾਇਦਾਦ ਵਿੱਚ ਵਿੱਤੀ ਹਿੱਤ ਹੁੰਦਾ ਹੈ। ਬੀਮਤ ਦਾ ਜਾਇਦਾਦ ਵਿੱਚ ਹਿੱਤ ਉਦੋਂ ਹੀ ਹੁੰਦਾ ਹੈ, ਜਦੋਂ ਉਸ ਕੋਲ ਬੀਮਾ ਕਰਵਾਉਣ ਦਾ ਕਾਨੂੰਨੀ ਹੱਕ ਹੁੰਦਾ ਹੈ। ਅਸਲ ਵਿੱਚ ਬੀਮਾ ਪਾਲਸੀ ਸਹੀਂ ਅਰਥਾਂ ਵਿੱਚ ਜਾਇਦਾਦ ਨੂੰ ਬੀਮਾ ਸੁਰੱਖਿਆ ਨਹੀਂ ਦਿੰਦੀ ਹੈ, ਪਰ ਜਾਇਦਾਦ ਵਿੱਚ ਬੀਮਤ ਦੇ ਵਿੱਤੀ ਹਿੱਤਾਂ ਨੂੰ ਸੁਰੱਖਿਆ ਦਿੰਦੀ ਹੈ।

ਚਿੱਤਰ 1 : ਆਮ ਕਾਨੂੰਨ ਦੇ ਮੁਤਾਬਕ ਬੀਮਾਯੋਗ ਹਿੱਤ ਹੁੰਦੇ ਹਨ




b) ਸਮਾਂ, ਜਦੋਂ ਬੀਮਾਯੋਗ ਹਿੱਤ ਮੌਜੂਦ ਹੋਣੇ ਚਾਹੀਦੇ ਹਨ: ਜੀਵਨ ਬੀਮੇ ਵਿੱਚ, ਬੀਮਾਯੋਗ ਹਿੱਤ ਪਾਲਸੀ ਲੈਣ ਦੇ ਸਮੇਂ ਮੌਜੂਦ ਹੋਣੇ ਚਾਹੀਦੇ ਹਨ। ਆਮ ਬੀਮੇ ਵਿੱਚ, ਬੀਮਾਯੋਗ ਹਿੱਤ ਪਾਲਸੀ ਲੈਣ ਅਤੇ ਦਾਅਵਾ ਲੈਣ ਦੋਵਾਂ ਸਮਿਆਂ ਉੱਤੇ ਮੌਜੂਦ ਹੋਣੇ ਚਾਹੀਦੇ ਹਨ, ਸਿਰਫ਼ ਕੁਝ ਹਾਲਤਾਂ ਨੂੰ ਛੱਡ ਕੇ ਜਿਵੇਂ ਕਿ ਸਮੁੰਦਰੀ ਜਹਾਜ਼ੀ ਪਾਲਸੀਆਂ, ਜਿਸ ਹਾਲਤ ਵਿੱਚ ਇਹ ਦਾਅਵੇ ਦੇ ਸਮੇਂ ਮੌਜੂਦ ਹੋਣਾ ਚਾਹੀਦਾ ਹੈ।

ਅੱਗ ਅਤੇ ਹਾਦਸੇ ਬੀਮੇ ਦੇ ਕੇਸ ਵਿੱਚ, ਬੀਮਾਯੋਗ ਹਿੱਤ ਦੋਵੇਂ ਪਾਲਸੀ ਲੈਣ ਦੇ ਸਮੇਂ ਅਤੇ ਘਾਟਾ (ਨੁਕਸਾਨ ਹੋਣ) ਪੈਣ ਦੇ ਸਮੇਂ ਮੌਜੂਦ ਹੋਣੇ ਚਾਹੀਦੇ ਹਨ।

ਸਿਹਤ ਅਤੇ ਨਿੱਜੀ ਦੁਰਘਟਨਾ ਬੀਮਾ ਦੇ ਕੇਸ ਵਿੱਚ ਖੁਦ ਤੋਂ ਬਿਨਾਂ, ਪਰਿਵਾਰ ਲਈ ਵੀ ਪੇਸ਼ਕਰਤਾ ਵਲੋਂ ਬੀਮਾ ਕਰਵਾਇਆ ਜਾ ਸਕਦਾ ਹੈ, ਕਿਉਂਕਿ ਉਸ ਨੂੰ ਵਿੱਤੀ ਘਾਟਾ ਪੈਂਦਾ ਹੈ, ਜੇ ਉਸ ਦੇ ਪਰਿਵਾਰ ਨੂੰ ਦੁਰਘਟਨਾ ਦਾ ਸਾਹਮਣਾ ਕਰਨਾ ਪੈਂਦਾ ਹੈ ਜਾਂ ਹਸਪਤਾਲ ਵਿੱਚ ਭਰਤੀ ਹੋਣਾ ਪੈਂਦਾ ਹੈ। ਪਰ, ਸਮੁੰਦਰੀ ਜਹਾਜ਼ੀ ਕਾਰਗੋ ਬੀਮੇ ਵਿੱਚ, ਬੀਮਾਯੋਗ ਹਿੱਤ ਕੇਵਲ ਘਾਟਾ ਹੋਣ ਸਮੇਂ ਹੀ ਚਾਹੀਦੇ ਹਨ, ਕਿਉਂਕਿ ਸਾਮਾਨ ਦੀ ਮਲਕੀਅਤ ਕੀਮਤ ਦਾ ਭੁਗਤਾਨ ਕਰਨ ਸਮੇਂ ਬਦਲ ਜਾਵੇਗੀ, ਜੋ ਕਿ ਆਵਾਜਾਈ ਦੇ ਦੌਰਾਨ ਵਾਪਰ ਸਕਦਾ ਹੈ।

## C. ਨੇੜਲਾ ਕਾਰਨ

ਨੇੜਲਾ ਕਾਰਨ (Proximate cause) ਬੀਮੇ ਦਾ ਮੁੱਖ ਸਿਧਾਂਤ ਹੈ ਅਤੇ ਇਹ ਘਾਟਾ ਜਾਂ ਨੁਕਸਾਨ ਕਿਵੇਂ ਹੋਇਆ, ਉਸ ਨਾਲ ਸਬੰਧਿਤ ਹੈ ਅਤੇ ਕੀ ਇਹ ਬੀਮਾ ਕੀਤੇ ਸੰਕਟ ਦੇ ਨਤੀਜੇ ਵਜੋਂ ਹੋਇਆ ਹੈ। ਜੇ ਘਾਟੇ ਦਾ ਕਾਰਨ ਬੀਮਾ ਕਰਵਾਇਆ ਸੰਕਟ ਹੈ ਤਾਂ ਬੀਮਾਕਰਤਾ ਦੇਣਦਾਰ ਹੈ। ਜੇ ਨੇੜਲਾ ਕਾਰਨ ਬੀਮਾ ਕਰਵਾਇਆ ਸੰਕਟ ਹੈ ਤਾਂ ਬੀਮਾਕਰਤਾ ਘਾਟੇ ਨੂੰ ਪੂਰਾ ਕਰਨ ਵਾਸਤੇ ਬੰਨ੍ਹਿਆ ਹੈ, ਨਹੀ ਤਾਂ ਉਹ ਨਹੀਂ। ਸਿਧਾਂਤ ਦਾ ਇਹ ਕਾਰਨ ਗ਼ੈਰ-ਜੀਵਨ ਬੀਮਾ ਦਾਅਵਿਆਂ ਦੇ ਸੰਬੰਧ ਵਿੱਚ ਵਿਹਾਰਕ ਤੌਰ ਤੇ ਅਮਲੀ ਹੈ।

ਜਦੋਂ ਘਾਟਾ ਪੈਂਦਾ ਹੈ ਤਾਂ ਅਕਸਰ ਘਟਨਾਵਾਂ ਦੀ ਲੜੀ ਦੇ ਨਤੀਜੇ ਵਜੋਂ ਦੁਰਘਟਨਾ ਹੁੰਦੀ ਹੈ ਅਤੇ ਇਸਕਰਕੇ ਨੇੜਲਾ ਜਾਂ ਅਸਲ ਕਾਰਨ ਪਤਾ ਕਰਨਾ ਔਖਾ ਹੁੰਦਾ ਹੈ। ਇਹ ਨਿਯਮ ਦੇ ਤਹਿਤ, ਬੀਮਾਕਰਤਾ ਪ੍ਰਮੁੱਖ ਕਾਰਨ ਲੱਭਦਾ ਹੈ, ਜਿਸ ਨਾਲ ਘਾਟਾ ਪੈਣ ਦੀਆਂ ਘਟਨਾਵਾਂ ਦੀ ਲੜੀ ਸ਼ੁਰੂ ਹੋਈ। ਇਹ ਜ਼ਰੂਰੀ ਨਹੀਂ ਹੈ ਕਿ ਇਹ ਆਖਰੀ ਘਟਨਾ ਹੋਵੇ, ਜਿਸ ਨਾਲ ਤੁਰੰਤ ਘਾਟਾ ਸ਼ੁਰੂ ਹੋਇਆ ਹੋਵੇ ਭਾਵ ਕਿ ਇਹ ਜ਼ਰੂਰੀ ਨਹੀਂ ਹੈ ਕਿ ਇਹ ਘਾਟੇ ਦੇ ਕਾਰਨਾਂ ਲਈ ਸਭ ਤੋਂ ਨੇੜਲਾ ਹੀ ਹੋਵੇ। ਉਦਾਹਰਨ ਲਈ, ਅੱਗ ਕਰਕੇ ਪਾਣੀ ਦੀ ਪਾਈਪ ਫਟ ਸਕਦੀ ਹੈ। ਪਾਣੀ ਨਾਲ ਹੋਏ ਨੁਕਸਾਨ ਦੇ ਬਾਵਜੂਦ, ਅੱਗ ਨੂੰ ਦੁਰਘਟਨਾ ਦਾ ਨੇੜਕਾ ਕਾਰਨ ਮੰਨਿਆ ਜਾਵੇਗਾ। ਹੋਰ ਕਾਰਨਾਂ ਨੂੰ ਦੂਰ-ਦੁਰੇਡੇ ਕਾਰਨਾਂ ਵਜੋਂ ਵੰਡਿਆ ਜਾ ਸਕਦਾ ਹੈ ਜੋ ਕਿ ਨੇੜਲੇ ਕਾਰਨਾਂ ਤੋਂ ਵੱਖਰੇ ਹਨ। ਦੂਰ-ਦੁਰੇਡਾ ਕਾਰਨ ਵੀ ਮੌਜੂਦ ਹੋ ਸਕਦੇ ਹਨ, ਪਰ ਘਟਨਾ ਦੇ ਕਾਰਨਾਂ ਵਿੱਚ ਪੱਕੇ ਤੌਰ ਉੱਤੇ ਨਹੀਂ ਹਨ।

### ਪਰਿਭਾਸ਼ਾ

ਨੇੜਲਾ ਕਾਰਨ (proximate cause) ਨੂੰ ਸਰਗਰਮ ਅਤੇ ਪ੍ਰਭਾਵੀ ਕਾਰਨ ਵਜੋਂ ਪ੍ਰਭਾਸ਼ਿਤ ਕੀਤਾ ਜਾਂਦਾ ਹੈ, ਜੋ ਕਿ ਇੱਕ ਨਤੀਜਾ ਦੇਣ ਵਾਲੀ ਘਟਨਾਵਾਂ ਦੀ ਲੜੀ ਨੂੰ ਸੈੱਟ ਕਰਦਾ ਹੈ, ਬਿਨਾਂ ਕਿਸੇ ਹੋਰ ਤਾਕਤ ਦੇ ਅਤੇ ਨਵੇਂ ਤੇ ਸਵੈ-ਨਿਰਭਰ ਸਰੋਤ ਤੋਂ ਸਰਗਰਮ ਰੂਪ ਵਿੱਚ ਕੰਮ ਕਰਦਾ ਹੈ।

ਬੀਮਾ ਇਕਰਾਰਨਾਮਿਆਂ ਲਈ ਨੇੜਲੇ ਕਾਰਨ ਦਾ ਸਿਧਾਂਤ ਕਿਵੇਂ ਲਾਗੂ ਹੁੰਦਾ ਹੈ? ਮੌਤ ਦੇ ਕਾਰਨ ਦੀ ਪਰਵਾਹ ਕੀਤੇ ਬਗੈਰ ਬੀਮਾ ਦੇਣ ਵਾਲੇ ਮੌਤ ਫਾਇਦੇ ਦਾ ਭੁਗਤਾਨ ਕਰਦੇ ਹਨ, ਨੇੜਲੇ ਕਾਰਨ ਦਾ ਸਿਧਾਂਤ ਲਾਗੂ ਨਹੀਂ ਹੋਵੇਗਾ। ਪਰ ਕਈ ਬੀਮਾ ਇਕਰਾਰਨਾਮਿਆਂ ਵਿੱਚ ਹਾਦਸਾ ਫਾਇਦਾ ਇੱਕ ਜੁੜਿਆ ਲਾਭ ਵੀ ਹੁੰਦਾ ਹੈ, ਜਿੱਥੇ ਕਿ ਹਾਦਸੇ ਦੇ ਕਾਰਨ ਮੌਤ ਹੋਣ ਉੱਤੇ ਵਾਧੂ ਬੀਮਾ ਕੀਤੀ ਰਕਮ ਦੇਣਯੋਗ ਹੁੰਦੀ ਹੈ। ਇਸ ਹਾਲਤ ਵਿੱਚ, ਕਾਰਨ ਦਾ ਪਤਾ ਲਗਾਉਣਾ ਜ਼ਰੂਰੀ ਹੋ ਜਾਂਦਾ ਹੈ - ਕੀ ਮੌਤ ਦੁਰਘਟਨਾ ਦੇ ਕਰਕੇ ਹੋਈ ਹੈ। ਨੇੜਲੇ ਕਾਰਨ ਦਾ ਸਿਧਾਂਤ ਇੰਝ ਦੇ ਮੌਕਿਆਂ ਉੱਤੇ ਲਾਗੂ ਹੋਵੇਗਾ।

ਨੇੜਲੇ ਕਾਰਨ ਦੇ ਸਿਧਾਂਤ ਨੂੰ ਸਮਝਣ ਲਈ, ਅੱਗੇ ਦਿੱਤੀਆਂ ਸਥਿਤੀਆਂ ਨੂੰ ਵਿਚਾਰੋ:

| ਉਦਾਹਰਨ |
|---|

ਸਥਿਤੀ 1: ਸ੍ਰੀਮਾਨ ਅਜੇ ਨੇ ਗਰਾਜ ਵਿੱਚ ਆਪਣੀ ਕਾਰ ਪਾਰਕ ਕੀਤੀ ਸੀ ਅਤੇ ਲੰਮੀਆਂ ਛੁੱਟੀਆਂ 'ਤੇ ਚਲੇ ਗਏ। ਛੇ ਮਹੀਨਿਆਂ ਬਾਅਦ ਜਦੋਂ ਉਹ ਵਾਪਸ ਆਏ ਅਤੇ ਕਾਰ ਸਟਾਰਟ ਕੀਤੀ ਤਾਂ ਉਹਨਾਂ ਨੂੰ ਪਤਾ ਲੱਗਾ ਕਿ ਕਾਰ ਦਾ ਏਅਰ ਕੰਡੀਸ਼ਨਰ ਕੰਮ ਨਹੀਂ ਕਰ ਰਿਹਾ ਹੈ। ਸ੍ਰੀ ਅਜੈ ਨੇ ਏਅਰ-ਕੰਡੀਸ਼ਨਰ ਦੀ ਮੁਰੰਮਤ ਦੇ ਖ਼ਰਚੇ ਲਈ ਬੀਮਾ ਕੰਪਨੀ ਕੋਲ ਦਾਅਵਾ ਕੀਤਾ ਅਤੇ ਬੀਮਾ ਕੰਪਨੀ ਨੇ ਦਾਅਵਾ ਰੱਦ ਕਰ ਦਿੱਤਾ ਹੈ। ਬੀਮਾ ਕੰਪਨੀ ਦੇ ਕਾਰਨ ਦਿੱਤਾ ਹੈ ਕਿ ਕਾਰ ਅਤੇ ਏਅਰ-ਕੰਡੀਸ਼ਨਰ ਦੀ 'ਆਮ ਘਸਾਈ' ਕਰਕੇ ਨੁਕਸਾਨ ਹੋਇਆ ਹੈ, ਜੋ ਕਿ ਬੀਮਾ ਪਾਲਸੀ ਵਿੱਚ ਸ਼ਾਮਲ ਸੰਕਟਾਂ ਤੋਂ ਬਾਹਰ ਹੈ। ਸ੍ਰੀ ਅਜੈ ਨੇ ਅਦਾਲਤ ਵਿੱਚ ਕੇਸ ਕੀਤਾ ਅਤੇ ਸਰਵੇਖਕ ਦੀ ਰਿਪੋਰਟ, ਜਿਸ ਵਿੱਚ ਦਰਸਾਇਆ ਗਿਆ ਹੈ ਕਿ ਕਾਰ 12 ਸਾਲ ਪੁਰਾਣਈ ਸੀ ਅਤੇ ਨਾ ਕਾਰ ਨਾ ਹੀ ਏਅਰ-ਕੰਡੀਸ਼ਨਰ ਦੀ ਪਿਛਲੇ 6 ਸਾਲਾਂ ਵਿੱਚ ਸਰਵਿਸ /ਮੁਰੰਮਤ ਕਰਵਾਈ ਗਈ ਸੀ, ਵੇਖਣ ਦੇ ਬਾਅਦ ਨੁਕਸਾਨ ਨੂੰ 'ਆਮ ਘਸਾਈ' ਦੇ ਕਰਕੇ ਮੰਨਿਆ ਗਿਆ ਤੇ ਬੀਮਾ ਕੰਪਨੀ ਦਾਅਵੇ ਦਾ ਭੁਗਤਾਨ ਕਰਨ ਲਈ ਦੇਣਦਾਰ ਨਹੀਂ ਸੀ।

ਸਥਿਤੀ 2: ਸ੍ਰੀਮਾਨ ਪਿੰਟੋ, ਜਦੋਂ ਘੋੜਸਵਾਰੀ ਕਰ ਰਿਹਾ ਸੀ, ਤਾਂ ਹੇਠਾਂ ਜ਼ਮੀਨ ਉੱਤੇ ਡਿੱਗ ਪਿਆ ਅਤੇ ਉਸ ਦੀ ਲੱਤ ਟੁੱਟ ਗਈ, ਉਹ ਹਸਪਤਾਲ ਲੈ ਕੇ ਜਾਣ ਤੋਂ ਪਹਿਲਾਂ ਕਾਫ਼ੀ ਚਿਰ ਗਿੱਲੀ ਥਾਂ ਉੱਤੇ ਪਿਆ ਰਿਹਾ ਸੀ। ਕਿਉਂਕਿ ਉਹ ਗਿੱਲੀ ਥਾਂ ਉੱਤੇ ਪਿਆ ਰਿਹਾ ਸੀ, ਇਸਕਰਕੇ ਉਸ ਨੂੰ ਬੁਖਾਰ ਹੋ ਗਿਆ, ਜੋ ਕਿ ਬਾਅਦ ਵਿੱਚ ਨਮੂਨੀਆ ਬਣ ਗਿਆ, ਜੋ ਕਿ ਅੰਤ ਵਿੱਚ ਮੌਤ ਦਾ ਇਹ ਕਾਰਨ ਬਣਿਆ। ਹਾਲਾਂਕਿ ਨਮੂਨੀਆ ਤੁਰੰਤ ਕਾਰਨ ਜਾਪਦਾ ਹੈ, ਅਸਲ ਵਿੱਚ ਇਹ ਦੁਰਘਟਨਾ ਦੌਰਾਨ ਡਿੱਗਣਾ ਸੀ, ਜੋ ਕਿ ਨੇੜਲਾ ਕਾਰਨ ਬਣਿਆ ਅਤੇ ਨਿੱਜੀ ਦੁਰਘਟਨਾ ਬੀਮਾ ਦੇ ਅਧੀਨ ਦਾਅਵਾ ਭੁਗਤਾਨ ਕੀਤਾ ਗਿਆ।

ਅੱਗ ਦੇ ਨਤੀਜੇ ਵਜੋਂ ਕੁਝ ਨੁਕਸਾਨ, ਜਿਹਨਾਂ ਨਾਲ ਬੀਮਤ ਪ੍ਰਭਾਵਿਤ ਹੁੰਦਾ ਹੈ, ਪਰ ਉਸਦਾ ਲਗਭਗ ਨੇੜਲਾ ਕਾਰਨ ਅੱਗ ਨਹੀਂ ਕਿਹਾ ਜਾ ਸਕਦਾ ਹੈ। ਅਸਲ ਵਿੱਚ, ਇਹਨਾਂ ਨੁਕਸਾਨਾਂ ਵਿੱਚੋਂ ਕੁਝ ਦਾ ਰਿਵਾਇਤੀ ਤੌਰ ਤੇ ਅੱਗ ਬੀਮਾ ਪਾਲਸੀਆਂ ਤਹਿਤ ਭੁਗਤਾਨ ਕੀਤਾ ਜਾਂਦਾ ਹੈ।

---

ਇੰਝ ਦੇ ਘਾਟੇ ਦੀਆਂ ਕੁਝ ਉਦਾਹਰਨਾਂ ਹੋ ਸਕਦੀਆਂ ਹਨ -

- ✓ ਅੱਗ ਬੁਝਾਉਣ ਲਈ ਵਰਤੇ ਗਏ ਪਾਣੀ ਕਰਕੇ ਜਾਇਦਾਦ ਦਾ ਨੁਕਸਾਨ ਹੋਣਾ
- ✓ ਅੱਗ ਬਝਾਉ ਵਿਭਾਗ ਵਲੋਂ ਆਪਣੇ ਫਰਜ਼ਾਂ ਨੂੰ ਪੂਰਾ ਕਰਨ ਰਾਹੀਂ ਜਾਇਦਾਦ ਦਾ ਨੁਕਸਾਨ ਹੋਣਾ
- ✓ ਬਲਦੀ ਹੋਈ ਇਮਾਰਤ ਵਿੱਚੋਂ ਜਾਇਦਾਦ ਨੂੰ ਸੁਰੱਖਿਅਤ ਥਾਂ ਉੱਤੇ ਭੇਜਣ ਕਰਕੇ ਨੁਕਸਾਨ ਹੋਣਾ

**ਆਪਣੇ ਆਪ ਨੂੰ ਟੈਸਟ ਕਰੋ 1**

**ਘੋੜ ਸਵਾਰੀ ਦੁਰਘਟਨਾ ਦੇ ਬਾਅਦ ਭਿੱਜੀ ਥਾਂ ਉੱਤੇ ਲੇਟਾਉਣ ਕਰਕੇ ਸ੍ਰੀਮਾਨ ਪਿੰਟੋ ਨੂੰ ਨਮੂਨੀਆ ਹੋਣਾ ਅਤੇ ਨਮੂਨੀਏ ਦੇ ਨਤੀਜੇ ਵਜੋਂ ਸ੍ਰੀਮਾਨ ਪਿੰਟੋ ਦੀ ਮੌਤ। ਮੌਤ ਦਾ ਨੇੜਲਾ ਕਾਰਨ ਕੀ ਹੋ ਸਕਦਾ ਹੈ?**

I. ਨਮੂਨੀਆ

II. ਘੋੜਾ

III. ਘੋੜ ਸਵਾਰੀ ਦੁਰਘਟਨਾ

IV. ਖਰਾਬ ਕਿਸਮਤ

---

## D. ਹਰਜਾਨਾ

ਹਰਜਾਨੇ ਦਾ ਸਿਧਾਂਤ ਗ਼ੈਰ-ਜੀਵਨ ਬੀਮਾ ਪਾਲਸੀਆਂ ਉੱਤੇ ਲਾਗੂ ਹੁੰਦਾ ਹੈ। ਇਸ ਦਾ ਭਾਵ ਹੈ ਕਿ ਪਾਲਸੀ ਰੱਖਣ ਵਾਲੇ, ਜਿਸ ਨੂੰ ਘਾਟਾ ਹੋਇਆ ਹੈ, ਨੂੰ ਹਰਜਾਨਾ ਦਿੱਤਾ ਜਾਂਦਾ ਹੈ ਤਾਂ ਕਿ ਉਸ ਨੂੰ ਘਾਟਾ ਪੈਣ ਦੀ ਘਟਨਾ ਤੋਂ ਪਹਿਲਾਂ ਵਾਂਗ ਉਸ ਦੀ ਵਿੱਤ ਸਥਿਤੀ ਵਿੱਚ ਲਿਆਂਦਾ ਜਾ ਸਕੇ। ਬੀਮਾ ਇਕਰਾਰ ਗਾਰੰਟੀ ਦਿੰਦਾ ਹੈ ਕਿ ਬੀਮਤ ਨੂੰ ਹਰਜਾਨਾ ਜਾਂ ਮੁਆਵਜ਼ਾ ਘਾਟੇ ਦੀ ਰਕਮ ਤੱਕ ਦਿੱਤਾ ਜਾਵੇਗਾ ਅਤੇ ਉਸ ਤੋਂ ਵੱਧ ਨਹੀਂ।

ਸਿਧਾਂਤ ਇਹ ਹੈ ਕਿ ਕਿਸੇ ਨੂੰ ਬੀਮਾ ਕਰਵਾਈ ਸੰਪੱਤੀ ਰਾਹੀਂ ਫਾਇਦਾ ਨਹੀਂ ਕਮਾਉਣਾ ਚਾਹੀਦਾ ਹੈ ਅਤੇ ਘਾਟੇ ਤੋਂ ਵੱਧ ਵਸੂਲੀ ਨਹੀਂ ਕਰਨੀ ਚਾਹੀਦੀ ਹੈ। ਬੀਮਾਕਰਤਾ ਹੋਏ ਘਾਟੇ ਦਾ ਵਿੱਤੀ ਮੁਲਾਂਕਣ ਕਰੇਗਾ ਅਤੇ ਉਸ ਮੁਤਾਬਕ ਮੁਆਵਜ਼ਾ ਦੇਵੇਗਾ।


**ਉਦਾਹਰਨ**

ਰਾਮ ਨੇ ਆਪਣੇ ਘਰ ਦਾ ਬੀਮਾ 10 ਲੱਖ ਰੁਪਏ ਦੇ ਬਰਾਬਰ ਦਾ ਪੂਰੀ ਰਕਮ ਲਈ ਬੀਮਾ ਕਰਵਾਇਆ ਹੈ। ਉਸ ਨੂੰ ਅੱਗ ਨਾਲ ਹੋਇਆ ਅੰਦਾਜਨ ਨੁਕਸਾਨ ਲਗਭਗ 70000. ਬੀਮਾ ਕੰਪਨੀ ਉਸ ਨੂੰ 70000 ਰੁਪਏ ਦੇਵੇਗੀ, ਬੀਮਤ ਉਸ ਤੋਂ ਵੱਧ ਦਾ ਦਾਅਵਾ ਨਹੀਂ ਕਰ ਸਕਦਾ ਹੈ।

ਹਰਜਾਨੇ ਨੂੰ ਕਿਸੇ ਵਲੋਂ ਲਏ ਗਏ ਬੀਮੇ ਦੇ ਮੁਤਾਬਕ ਦਿੱਤਾ ਜਾਣਾ ਹੁੰਦਾ ਹੈ। ਹਰਜਾਨਾ ਨੂੰ ਹੇਠ ਦਿੱਤੇ ਇੱਕ ਜਾਂ ਵੱਧ ਸਮਝੌਤਿਆਂ ਵਿੱਚ ਲਿਆ ਜਾ ਸਕਦਾ ਹੈ:

- ✓ ਨਕਦ ਭੁਗਤਾਨ
- ✓ ਨੁਕਸਾਨੀ ਗਈ ਚੀਜ਼ ਦੀ ਮੁਰੰਮਤ
- ✓ ਗੁਆਚੀ ਜਾਂ ਖਰਾਬ ਹੋਈ ਚੀਜ਼ ਦਾ ਬਦਲ
- ✓ ਮੁੜ-ਸਥਾਪਨ (ਬਹਾਲੀ)। ਜਿਵੇਂ ਕਿ ਅੱਗ ਨਾਲ ਨਸ਼ਟ ਹੋਏ ਘਰ ਨੂੰ ਮੁੜ-ਬਣਾਉਣਾ

ਚਿੱਤਰ 2 : ਹਰਜਾਨਾ




a) ਸਹਿਮਤੀ ਮੁੱਲ: ਪਰ ਕੁਝ ਵਿਸ਼ੇ ਹੁੰਦੇ ਹਨ, ਜਿਹਨਾਂ ਨੇ ਮੁੱਲ ਦਾ ਨਸ਼ਟ ਹੋਣ ਦੇ ਸਮੇਂ ਸੌਖੀ ਤਰ੍ਹਾਂ ਅੰਦਾਜ਼ਾ ਜਾਂ ਜਾਣਿਆ ਨਹੀਂ ਲਗਾਇਆ ਜਾ ਸਕਦਾ ਹੈ। ਜਿਵੇਂ ਕਿ ਪਰਿਵਾਰਿਕ ਜੱਦੀ ਜਾਇਦਾਦ ਜਾਂ ਪੁਰਾਤਨ ਕਲਾ-ਕ੍ਰਿਤ ਦੇ ਕੇਸ ਵਿੱਚ ਕੀਮਤ ਪਤਾ ਕਰਨੀ ਔਖੀ ਹੋ ਸਕਦੀ ਹੈ। ਇਸਤਰ੍ਹਾਂ, ਜਹਾਜ਼ੀ ਬੀਮਾ ਪਾਲਸੀਆਂ ਵਿੱਚ ਸੰਸਾਰ ਦੀ ਯਾਤਰਾ ਦੌਰਾਨ ਅੱਧ ਵਿੱਚ ਜਹਾਜ਼ ਦੁਰਘਟਨਾ ਹੋਣ ਵਾਲੇ ਨੁਕਸਾਨ ਦਾ ਅੰਦਾਜ਼ਾ ਲਗਾਉਣਾ ਔਖਾ ਹੋ ਸਕਦਾ ਹੈ।

ਇਹਨਾਂ ਹਾਲਤਾਂ ਵਿੱਚ, 'ਸਹਿਮਤ ਮੁੱਲ (Agreed Value)' ਵਜੋਂ ਜਾਣੇ ਜਾਂਦੇ ਸਿਧਾਂਤ ਨੂੰ ਅਪਣਾਇਆ ਜਾਂਦਾ ਹੈ। ਬੀਮਾਕਰਤਾ ਅਤੇ ਬੀਮਤ ਬੀਮਾ ਕੀਤੀ ਜਾਣ ਵਾਲੀ ਜਾਇਦਾਦ ਦੇ ਮੁੱਲ ਲਈ ਬੀਮਾ ਇਕਰਾਰ ਕਰਨ ਦੇ ਸ਼ੁਰੂ ਵਿੱਚ ਸਹਿਮਤ ਹੁੰਦੇ ਹਨ। ਕੁੱਲ ਘਾਟਾ ਹੋਣ ਦੇ ਹਾਲਤ ਵਿੱਚ, ਬੀਮਾਕਰਤਾ ਨੂੰ ਪਾਲਸੀ ਵਿੱਚ ਸਹਿਮਤੀ ਦਿੱਤੀ ਰਕਮ ਦਾ ਭੁਗਤਾਨ ਕਰਨ ਲਈ ਰਜ਼ਾਮੰਦ ਹੁੰਦਾ ਹੈ। ਇਸ ਕਿਸਮ ਦੀ ਪਾਲਸੀ ਨੂੰ "ਸਹਿਮਤ ਮੁੱਲ ਪਾਲਸੀ" ਕਿਹਾ ਜਾਂਦਾ ਹੈ।

b) ਘੱਟ ਬੀਮਾ ਜਾਂ ਅਲਪ-ਬੀਮਾ: ਹੁਣ ਇੱਕ ਹਾਲਤ ਬਾਰੇ ਵਿਚਾਰ ਕਰੋ, ਜਿੱਥੇ ਜਾਇਦਾਦ ਇਸ ਦੇ ਪੂਰੇ ਮੁੱਲ ਲਈ ਬੀਮਾ ਨਹੀਂ ਕਰਵਾਈ ਗਈ ਹੈ। ਤਦ ਵਿਅਕਤੀ ਘਾਟੇ ਲਈ ਕਿਸੇ ਵਲੋਂ ਕਰਵਾਏ ਗਏ ਬੀਮੇ ਦੇ ਅਨੁਪਾਤ ਵਿੱਚ ਹੀ ਹਰਜਾਨਾ ਲੈਣ ਦਾ ਹੱਕਦਾਰ ਹੋਵੇਗਾ।

ਘਰ ਬਾਰੇ ਸੋਚੋ, ਜੋ ਕਿ 10 ਲੱਖ ਰੁਪਏ ਦਾ ਹੈ, ਪਰ ਬੀਮਾ ਕੇਵਲ 5 ਲੱਖ ਰੁਪੇ ਦਾ ਕਰਵਾਇਆ ਗਿਆ ਹੈ। ਜੇ ਅੱਗ ਨਾਲ ਹੋਇਆ ਨੁਕਸਾਨ 60,000 ਰੁਪਏ ਦਾ ਹੁੰਦਾ ਹੈ ਤਾਂ ਇਸ ਪੂਰੀ ਕਰਨ ਲਈ ਦਾਅਵਾ ਨਹੀਂ ਕੀਤਾ ਜਾ ਸਕਦਾ ਹੈ। ਇਹ ਗਿਣਿਆ ਜਾਂਦਾ ਹੈ ਕਿ ਘਰ ਦੇ ਮਾਲਕ ਨੇ ਉਸ ਦੇ ਮੁੱਲ ਦੇ ਅੱਧ ਦਾ ਹੀ ਬੀਮਾ ਕਰਵਾਇਆ ਹੈ ਅਤੇ ਇਸਕਰਕੇ ਘਾਟੇ ਦੀ ਰਕਮ ਦੇ 50% [30000 ਰੁਪਏ] ਲਈ ਹੀ ਦਾਅਵਾ ਕਰਨ ਲਈ ਹੱਕਦਾਰ ਹੈ। ਇਸ ਨੂੰ ਅਲਪ-ਬੀਮਾ (underinsurance) ਕਹਿੰਦੇ ਹਨ।

ਗ਼ੈਰ-ਜੀਵਨ ਬੀਮਾ ਪਾਲਸੀਆਂ ਦੀਆਂ ਬਹੁਤੀਆਂ ਕਿਸਮਾਂ ਲਈ, ਜੋ ਕਿ ਜਾਇਦਾਦ ਅਤੇ ਦੇਣਦਾਰੀਆਂ ਦੇ ਬੀਮੇ ਲਈ ਹੁੰਦੀਆਂ ਹਨ, ਬੀਮਤ ਨੂੰ ਘਾਟੇ ਦੀ ਅਸਲ ਰਕਮ ਤੱਕ ਲਈ ਮੁਆਵਜ਼ਾ ਦਿੱਤਾ ਜਾਂਦਾ ਹੈ ਭਾਵ ਨਸ਼ਟ ਜਾਂ

ਖ਼ਰਾਬ ਹੋਈ ਜਾਇਦਾਦ ਨੂੰ ਮੌਜੂਦਾ ਬਾਜ਼ਾਰੀ ਭਾਅ ਤੋਂ ਮੁੱਲ-ਘਾਟੇ (depreciation) ਨੂੰ ਘੱਟ ਕਰਕੇ ਬਦਲਣ ਲਈ ਚਾਹੀਦੀ ਰਕਮ।

## E. ਪਰ-ਸਥਾਪਨ

ਪਰ-ਸਥਾਪਨ ਦਾ ਭਾਵ ਹੈ ਕਿ ਸਭ ਹੱਕ ਅਤੇ ਉਪਰਾਲੇ ਬੀਮੇ ਕੀਤੇ ਵਿਸ਼ੇ ਦੇ ਸਬੰਧ ਵਿੱਚ, ਬੀਮਤ ਤੋਂ ਬੀਮਾ ਕਰਨ ਵਾਲੇ ਨੂੰ ਤਬਦੀਲ ਕਰ ਦਿੱਤੇ ਜਾਂਦੇ ਹਨ। ਪਰ-ਸਥਾਪਨ ਹਰਜਾਨੇ ਦੇ ਸਿਧਾਂਤ ਦੇ ਮੁਤਾਬਕ ਹੈ। ਇਸਕਰਕੇ ਇਸ ਨੂੰ ਅਕਸਰ ਹਰਜਾਨੇ ਦਾ 'ਪਰਿਮਾਣ (corollary)' ਕਿਹਾ ਜਾਂਦਾ ਹੈ।

ਦੂਜੇ ਸ਼ਬਦਾਂ ਵਿੱਚ ਜੇ ਬੀਮਤ ਨੂੰ ਘਾਟਾ ਪੈਂਦਾ ਹੈ ਅਤੇ ਘਾਟੇ ਨੂੰ ਬੀਮਾਕਰਤਾ ਨੇ ਹਰਜਾਨਾ ਮੰਨਿਆ ਹੈ ਤਾਂ ਬੀਮਤ ਨੂੰ ਉਸ ਘਾਟੇ ਲਈ ਤੀਜੀ ਧਿਰ ਤੋਂ ਮੁਆਵਜ਼ਾ ਮਿਲਣ ਦਾ ਹੱਕ ਬੀਮਾਕਰਤਾ ਨੂੰ ਦੇਣਾ ਹੋਵੇਗਾ। ਯਾਦ ਰੱਖੋ ਕਿ ਨੁਕਸਾਨ ਦੀ ਰਕਮ, ਜੋ ਕਿ ਬੀਮਾ ਕੰਪਨੀ ਵਲੋਂ ਵਸੂਲੀ ਜਾ ਸਕਦੀ ਹੈ, ਬੀਮਾ ਕੰਪਨੀ ਵਲੋਂ ਦਿੱਤੀ ਗਈ ਰਕਮ ਤੱਕ ਹੀ ਹੋ ਸਕਦੀ ਹੈ।

## ਮਹੱਤਵਪੂਰਨ

ਪਰ-ਸਥਾਪਨ: ਇਹ ਕਾਰਵਾਈ ਹੈ, ਜਿਸ ਰਾਹੀਂ ਬੀਮਾ ਕੰਪਨੀ ਪਾਲਸੀ ਧਾਰਕ ਨੂੰ ਦਿੱਤੀ ਗਈ ਦਾਅਵਾ ਰਕਮ ਲਾਪਰਵਾਹੀ ਕਰਨ ਵਾਲੀ ਧਿਰ ਤੋਂ ਵਸੂਲੀ ਕਰਨ ਲਈ ਵਰਤਦੀ ਹੈ।

ਪਰ-ਸਥਾਪਨ ਨੂੰ ਬੀਮਤ ਵਲੋਂ ਬੀਮਾ ਕੰਪਨੀ, ਜੋ ਕਿ ਹੋਰ ਧਿਰ ਤੋਂ ਦਾਅਵਾ ਦੀ ਵਸੂਲੀ ਕਰਦੀ ਹੈ, ਨੂੰ ਹੱਕ ਸੌਂਪ ਦੇਣ ਵਜੋਂ ਵੀ ਪ੍ਰਭਾਸ਼ਿਤ ਕੀਤਾ ਜਾਂਦਾ ਹੈ।

## ਉਦਾਹਰਨ

ਸ੍ਰੀਮਾਨ ਕਿਸ਼ੋਰ ਵਲੋਂ ਘਰ ਦਾ ਸਾਮਾਨ ਸਿਲਵੇਨ ਟਰਾਂਸਪੋਰਟ ਸੇਵਾ ਵਲੋਂ ਲੈ ਕੇ ਜਾਇਆ ਜਾ ਰਿਹਾ ਸੀ। ਉਹਨਾਂ ਦਾ ਨੁਕਸਾਨ ਡਰਾਇਵਰ ਦੀ ਗਲਤੀ ਨਾਲ ਹੋਇਆ, ਜੋ ਕਿ ਰੁ: 45,000 ਤੱਕ ਸੀ ਅਤੇ ਬੀਮਾ ਕਰਤਾ ਨੇ ਸ੍ਰੀਮਾਨ ਕਿਸ਼ੋਰ ਨੂੰ 30,000 ਰੁਪਏ ਦੀ ਰਕਮ ਦਿੱਤੀ। ਬੀਮਾਕਰਤਾ ਸਿਰਫ਼ 30,000 ਰੁਪਏ ਤੱਕ ਹੀ ਪਰ-ਸਥਾਪਨ ਲਈ ਹੱਕਦਾਰ ਸੀ ਅਤੇ ਸਿਲਵੇਨ ਟਰਾਂਸਪੋਰਟਸ ਤੋਂ ਉਹ ਰਕਮ ਲਵੇਗਾ।

ਮਸਲਾ ਕਨੂੰਨ ਕੋਲ ਗਿਆ ਅਤੇ ਅਦਾਲਤ ਨੇ ਸਿਲਵੇਨ ਟਰਾਂਸਪੋਰਟਸ ਨੂੰ ਸ੍ਰੀਮਾਨ ਕਿਸ਼ੋਰ ਨੂੰ 35,000 ਰੁਪਏ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ, ਉਹ ਪਰ-ਸਥਾਪਨ ਸ਼ਰਤ ਅਧੀਨ ਬੀਮਾਕਰਤਾ ਨੂੰ 30,000 ਰੁਪਏ ਦੀ ਰਕਮ ਦੇਣ ਲਈ ਦੇਣਦਾਰ ਹੈ ਅਤੇ ਬਾਕੀ 5,000 ਰੁਪਏ ਆਪਣੇ ਕੋਲ ਰੱਖੇਗਾ।

ਪਰਿ-ਸਥਾਪਨ ਸ਼ਰਤ ਬੀਮਤ ਨੂੰ ਘਾਟੇ ਤੋਂ ਵੱਧ ਵਸੂਲੀ ਲਈ ਰੋਕਦੀ ਹੈ - ਇੱਕ ਬੀਮਾ ਕੰਪਨੀ ਤੋਂ ਅਤੇ ਦੂਜੀ ਵਾਰ ਹੋਰ ਧਿਰ ਤੋਂ। ਪਰ-ਸਥਾਪਨ ਕੇਵਲ ਹਰਜਾਨੇ ਦੇ ਇਕਰਾਰਨਾਮੇ ਦੇ ਕੇਸ ਵਿੱਚ ਹੀ ਹੁੰਦਾ ਹੈ ਅਤੇ ਦੂਜੀਆਂ ਲਾਭ ਵਾਲੀਆਂ ਪਾਲਸੀਆਂ ਜਿਵੇਂ ਕਿ ਜੀਵਨ ਬੀਮਾ ਪਾਲਸੀ ਜਾਂ ਨਿੱਜੀ ਹਾਦਸਾ ਪਾਲਸੀ ਵਿੱਚ ਨਹੀਂ ਹੁੰਦਾ ਹੈ।

**ਉਦਾਹਰਨ**

**ਸ੍ਰੀਮਾਨ ਸੁਰੇਸ਼ ਹਵਾਈ ਦੁਰਘਟਨਾ ਵਿੱਚ ਮਰ ਗਏ। ਉਸ ਦਾ ਪਰਿਵਾਰ ਬੀਮਾ ਕਰਤਾ ਜਿਸ ਨੇ ਨਿੱਜੀ ਹਾਦਸਾ ਪਾਲਸੀ ਜਾਰੀ ਕੀਤੀ ਹੈ, ਤੋਂ 50 ਲੱਖ ਰੁਪਏ ਦੀ ਪੂਰੀ ਰਕਮ ਵਸੂਲਣ ਲਈ ਹੱਕਦਾਰ ਹੈ ਅਤੇ ਨਾਲ ਹੀ ਹਵਾਈ ਕੰਪਨੀ ਤੋਂ ਹਰਜਾਨਾ ਪੂਰਤੀ ਲਈ, ਜੋ ਕਿ ਮੰਨ ਲਵੋ 15 ਲੱਖ ਰੁਪਏ ਹੈ।**

**F. ਯੋਗਦਾਨ:**

**ਪਰ-ਸਥਾਪਨ ਦੀ ਤਰ੍ਹਾਂ, ਹਰਜਾਨੇ ਦੇ ਸਿਧਾਂਤ ਦੇ ਮੁਤਾਬਕ ਹੀ 'ਯੋਗਦਾਨ' ਹੈ। ਇਸਕਰਕੇ ਇਸ ਨੂੰ ਅਕਸਰ ਹਰਜਾਨੇ ਦਾ 'ਪਰਿਮਾਣ (corollary)' ਕਿਹਾ ਜਾਂਦਾ ਹੈ। ਯੋਗਦਾਨ, ਜੋ ਕਿ ਆਮ ਜਰਨਲ ਬੀਮੇ ਇਕਰਾਰਨਾਮੇ ਤੋਂ ਨਿਕਲਿਆ ਸਿਧਾਂਤ ਹੈ। ਇਹ ਸਾਨੂੰ ਦੱਸਦਾ ਕਿ ਜਦੋਂ ਬੀਮਤ ਇੱਕ ਤੋਂ ਵੱਧ ਬੀਮਾਕਰਤਾ ਤੋਂ ਬੀਮਾ ਲੈਂਦਾ ਹੈ ਤਾਂ ਦੇਣਦਾਰੀ ਕਿਵੇਂ ਪੂਰੀ ਕੀਤੀ ਜਾਂਦੀ ਹੈ। ਯੋਗਦਾਨ ਮੁਤਾਬਕ ਜੇ ਇੱਕੋ ਜਾਇਦਾਦ ਦਾ ਇੱਕ ਤੋਂ ਵੱਧ ਬੀਮਾ ਕੰਪਨੀਆਂ ਕੋਲ ਬੀਮਾ ਕਰਵਾਇਆ ਹੋਵੇ ਤਾਂ ਸਭ ਬੀਮਾ ਕਰਨ ਵਾਲਿਆਂ ਵਲੋਂ ਕੀਤੇ ਜਾਣ ਵਾਲਾ ਮੁਆਵਜ਼ਾ ਕੁੱਲ ਹੋਏ ਨੁਕਸਾਨ ਤੋਂ ਵੱਧ ਨਹੀਂ ਸਕਦਾ ਹੈ। ਪਾਲਸੀ ਧਾਰਕ ਹਰ ਬੀਮਾਕਰਤਾ ਕੋਲ ਘਾਟੇ ਨੂੰ ਉਸ ਅਨੁਪਾਤ ਵਿੱਚ ਹੀ ਦਾਅਵਾ ਕਰ ਸਕਦਾ ਹੈ, ਜਿਸ ਅਨੁਪਾਤ ਵਿੱਚ ਬੀਮਾ ਕਰਵਾਇਆ ਗਿਆ ਹੈ।**

**ਉਦਾਹਰਨ: ਜੇ ਸ੍ਰੀ ਸ੍ਰੀਨਿਵਾਸ ਨੇ ਦੋ ਬੀਮਾ ਕੰਪਨੀਆਂ ਤੋਂ ਆਪਣੇ ਘਰ ਅੱਗ ਲੱਗਣ ਸੰਬੰਧੀ ਫਾਇਰ ਪਾਲਸੀ ਲਈ ਹੈ, ਜਿੱਥੇ ਉਹਨਾਂ ਨੇ ਦੋਵਾਂ ਕੋਲ 12 ਲੱਖ ਰੁਪਏ ਦੇ ਪੂਰੇ ਮੁੱਲ ਦਾ ਬੀਮਾ ਕਰਵਾਇਆ ਹੈ। ਮੰਨ ਲਵੋ ਕਿ ਅੱਗ ਲੱਗ ਗਈ ਅਤੇ ਨਤੀਜੇ ਵਜੋਂ ਉਸ ਨੂੰ 3 ਲੱਖ ਰੁਪਏ ਦਾ ਨੁਕਸਾਨ ਹੋਇਆ, ਉਹ ਹਰ ਬੀਮਾ ਕਰਨ ਵਾਲੇ ਤੋਂ 1.5 ਲੱਖ ਰੁਪਏ ਦਾ ਦਾਅਵਾ ਕਰ ਸਕਦਾ ਹੈ।**

**ਯੋਗਦਾਨ ਦੇ ਸਿਧਾਂਤ ਸਿਰਫ਼ ਹਰਜਾਨਾ ਪਾਲਸੀਆਂ ਲਈ ਹੀ ਲਾਗੂ ਹੁੰਦਾ ਹੈ। ਜੀਵਨ ਬੀਮੇ ਦੇ ਕੇਸ ਵਿੱਚ ਇਹ ਹਾਲਤ ਪੈਦਾ ਨਹੀਂ ਹੁੰਦੇ ਹਨ, ਕਿਉਂਕਿ ਜੀਵਨ ਖਤਮ ਹੋਣ ਵਿੱਚ ਪੈਣ ਵਾਲੇ ਘਾਟੇ ਉੱਤੇ ਕੋਈ ਉੱਪਰੀ ਹੱਦ ਤੈਅ ਨਹੀਂ ਕੀਤੀ ਜਾ ਸਕਦੀ ਹੈ।**

**ਆਪਣੇ ਆਪ ਨੂੰ ਟੈਸਟ ਕਰੋ 2**

**ਹੇਠ ਦਿੱਤਿਆਂ ਵਿੱਚੋਂ ਕਿਹੜਾ ਦਬਾਅ (coercion) ਦੀ ਉਦਾਹਰਨ ਹੈ?**

I. **ਰਮੇਸ਼ ਨੇ ਇੱਕ ਇਕਰਾਰਨਾਮੇ ਉੱਤੇ ਬਿਨਾਂ ਠੀਕ ਤਰ੍ਹਾਂ ਸਮਝੇ ਦਸਤਖਤ ਕੀਤੇ ਹਨ**

II. **ਰਮੇਸ਼ ਨੇ ਮਹੇਸ਼ ਨੂੰ ਡਰਾਇਆ ਕਿ ਜੇ ਉਸ ਨੇ ਇਕਰਾਰ ਉੱਤੇ ਦਸਤਖਤ ਨਾ ਕੀਤੇ ਤਾਂ ਉਹ ਮਾਰ ਦੇਵੇਗਾ**

III. **ਰਮੇਸ਼ ਨੇ ਇਕਰਾਰ ਉੱਤੇ ਦਸਤਖਤ ਕਰਨ ਲਈ ਮਹੇਸ਼ ਉੱਤੇ ਆਪਣੇ ਪੇਸ਼ੇਵਰ ਅਧਿਕਾਰਾਂ ਦੀ ਵਰਤੋਂ ਕੀਤੀ**

IV. **ਰਮੇਸ਼ ਨੇ ਇਕਰਾਰ ਉੱਤੇ ਦਸਤਖਤ ਕਰਵਾਉਣ ਲਈ ਮਹੇਸ਼ ਨੂੰ ਗਲਤ ਜਾਣਕਾਰੀ ਦਿੱਤੀ ਹੈ**

**ਆਪਣੇ ਆਪ ਨੂੰ ਟੈਸਟ ਕਰੋ 3**

**ਹੇਠ ਦਿੱਤਿਆਂ ਵਿੱਚੋਂ ਕਿਸ ਦਾ ਰਮੇਸ਼ ਬੀਮਾ ਨਹੀਂ ਕਰਵਾ ਸਕਦਾ ਹੈ?**

I. **ਰਮੇਸ਼ ਦਾ ਘਰ**

II. **ਰਮੇਸ਼ ਦੀ ਪਤਨੀ**

III. **ਰਮੇਸ਼ ਦਾ ਦੋਸਤ**

IV. **ਰਮੇਸ਼ ਦੇ ਮਾਪੇ**

---

**ਆਪਣੇ ਆਪ ਨੂੰ ਟੈਸਟ ਕਰੋ 4**

**ਯੋਗਦਾਨ ਦੇ ਸਿਧਾਂਤ ਦੀ ਕੀ ਮਹੱਤਤਾ ਹੈ?**

I. **ਇਹ ਯਕੀਨੀ ਬਣਾਉਂਦਾ ਹੈ ਕਿ ਬੀਮਤ ਬੀਮਾਕਰਤਾ ਦੇ ਨਾਲ ਦਾਅਵੇ ਦੇ ਕੁਝ ਹਿੱਸੇ ਲਈ ਯੋਗਦਾਨ ਵੀ ਪਾਵੇਗਾ।**

II. **ਇਹ ਯਕੀਨੀ ਬਣਾਉਂਦਾ ਹੈ ਕਿ ਸਭ ਬੀਮਤ, ਜੋ ਕਿ ਪੂਲ ਦਾ ਹਿੱਸਾ ਹਨ, ਪੂਲ ਦੇ ਕਿਸੇ ਵੀ ਉਮੀਦਵਾਰ ਵਲੋਂ ਕੀਤੇ ਦਾਅਵੇ ਲਈ ਯੋਗਦਾਨ ਦਿੰਦੇ ਹਨ, ਉਹਨਾਂ ਵਲੋਂ ਦਿੱਤੇ ਗਏ ਪ੍ਰੀਮੀਅਮ ਦੇ ਅਨੁਪਾਤ ਮੁਤਾਬਕ।**

III. **ਇਹ ਯਕੀਨੀ ਬਣਾਉਂਦਾ ਹੈ ਕਿ ਕਈ ਬੀਮਤ, ਇੱਕੋ ਵਿਸ਼ਾ-ਵਸਤੂ ਅਧੀਨ ਸੁਰੱਖਿਆ ਲੈਣ ਵਾਲੇ, ਇੱਕਠੇ ਹੁੰਦੇ ਹਨ ਅਤੇ ਵਿਸ਼ਾ-ਵਸੂਤ ਲਈ ਉਹਨਾਂ ਦੇ ਖਤਰੇ ਦੀ ਅਨੁਪਾਤ ਵਿੱਚ ਦਾਅਵੇ ਦੀ ਰਕਮ ਵਾਸਤੇ ਯੋਗਦਾਨ ਦਿੰਦੇ ਹਨ।**

IV. **ਇਹ ਯਕੀਨ ਬਣਾਉਂਦਾ ਹੈ ਕਿ ਪ੍ਰੀਮੀਅਮ ਦਾ ਸਾਲ ਭਰ ਵਿੱਚ ਬੀਮਤ ਵਲੋਂ ਬਰਾਬਰ ਕਿਸ਼ਤਾਂ ਵਿੱਚ ਯੋਗਦਾਨ ਦਿੱਤਾ ਜਾਂਦਾ ਹੈ।**

---

**ਸਾਰ**

- **ਬੀਮਾ ਪਾਲਸੀਆਂ ਦੇ ਮੁੱਖ ਲੱਛਣਾਂ ਵਿੱਚ ਸ਼ਾਮਿਲ ਹਨ:**

  i. **ਅਤਿ ਚੰਗਾ ਵਿਸ਼ਵਾਸ਼**

  ii. **ਬੀਮਾਯੋਗ ਹਿੱਤ**

  iii. **ਨੇੜਲਾ ਕਾਰਨ,**

  iv. **ਹਰਜਾਨਾ**

  v. **ਪਰ-ਸਥਾਪਨ**

vi. **ਯੋਗਦਾਨ**

## ਮੁੱਖ ਸ਼ਬਦ

1. **ਗ਼ੈਰ-ਪ੍ਰਗਟੀਕਰਨ**
2. **ਗਲਤ ਤੱਥ ਦੇਣੇ**
3. **ਪ੍ਰਮੁੱਖ ਤੱਥ**
4. **ਸਹਿਮਤੀ ਮੁੱਲ**
5. **ਘੱਟ ਬੀਮਾ ਜਾਂ ਅਲਪ ਬੀਮਾ**

## ਸਵੈ ਜਾਂਚ ਦੇ ਜਵਾਬ

**ਜਵਾਬ 1 - ਸਹੀ ਚੋਣ III ਹੈ।**

**ਜਵਾਬ 2 - ਸਹੀ ਚੋਣ II ਹੈ।**

**ਜਵਾਬ 3 - ਸਹੀ ਚੋਣ III ਹੈ।**

**ਜਵਾਬ 4 - ਸਹੀ ਚੋਣ III ਹੈ।**

# ਪਾਠ C-04

# ਬੀਮਾ ਇਕਰਾਰਨਾਮਿਆਂ ਦੇ ਫੀਚਰ

**ਪਾਠ ਜਾਣ-ਪਛਾਣ**

ਇਸ ਪਾਠ ਵਿੱਚ ਅਸੀਂ ਭਾਗਾਂ ਦੇ ਬਾਰੇ ਵਿਚਾਰ ਕਰਾਂਗੇ, ਜੋ ਬੀਮਾ ਇਕਰਾਰ ਦੇ ਵਿਹਾਰਕ ਅਤੇ ਖਾਸ ਲੱਛਣਾਂ ਉੱਤੇ ਲਾਗੂ ਹੁੰਦੇ ਹਨ।

**ਸਿੱਖਣ ਦੇ ਨਤੀਜੇ**

A. ਬੀਮਾ ਇਕਰਾਰਨਾਮਿਆਂ ਦੇ ਕਾਨੂੰਨੀ ਪੱਖ

B. ਜਾਇਜ਼ ਇਕਰਾਰ ਦੇ ਭਾਗ

C. ਪੇਸ਼ਗੀ ਦੇ ਰੂਪ ਵਿੱਚ ਪ੍ਰੀਮੀਅਮ ਭੁਗਤਾਨ

D. ਕਾਰੋਬਾਰ

E. ਵਿਧਾਨ ਜਿਵੇਂ ਕਿ ਛੋਟ ਸਮਾਂ ਅਤੇ ਮੁਕਤ ਜਾਂਚ (free look), ਨੂੰ ਸਮਰੱਥ ਕਰਨਾ

## A. ਬੀਮਾ ਇਕਰਾਰਨਾਮੇ - ਕਾਨੂੰਨੀ ਪੱਖ ਅਤੇ ਖਾਸ ਲੱਛਣ।

ਪਾਠ ਵਿੱਚ ਬੀਮੇ ਇਕਰਾਰਨਾਮੇ ਦੇ ਕਨੂੰਨੀ ਪੱਖਾਂ ਤੇ ਖਾਸ ਲੱਛਣਾਂ ਬਾਰੇ ਜਾਣਕਾਰੀ ਹੈ।

### 1. ਬੀਮਾ ਇਕਰਾਰਨਾਮਾ

ਬੀਮੇ ਵਿੱਚ ਸਮਝੌਤੇ ਦਾ ਇਕਰਾਰਨਾਮਾ ਹੁੰਦਾ ਹੈ, ਜਿਸ ਵਿੱਚ ਬੀਮਾਕਰਤਾ ਇੱਕ ਮੰਨਣਯੋਗ ਕੀਮਤ, ਜਿਸ ਨੂੰ ਪ੍ਰੀਮੀਅਮ ਕਹਿੰਦੇ ਹਨ, ਦੇ ਉੱਤੇ ਕੁਝ ਨਿਰਧਾਰਿਤ ਜੋਖਮਾਂ ਤੋਂ ਵਿੱਤੀ ਸੁਰੱਖਿਆ ਦੇਣ ਲਈ ਸਹਿਮਤ ਹੁੰਦਾ ਹੈ। ਸਮਝੌਤੇ ਦੇ ਤੌਰ ਉੱਤੇ ਇਕਰਾਰਨਾਮਾ ਇੱਕ ਬੀਮਾ ਪਾਲਸੀ ਦਾ ਰੂਪ ਲੈਂਦਾ ਹੈ।

### 2. ਬੀਮਾ ਇਕਰਾਰਨਾਮੇ ਦੇ ਕਾਨੂੰਨੀ ਪੱਖ

ਇਸ ਭਾਗ ਵਿੱਚ ਬੀਮਾ ਇਕਰਾਰਨਾਮੇ ਵਿੱਚ ਸ਼ਾਮਿਲ ਕੁਝ ਪੱਖਾਂ ਅਤੇ ਕਾਨੂੰਨੀ ਸਿਧਾਂਤਾਂ ਬਾਰੇ ਜਾਣਕਾਰੀ ਹੈ, ਜੋ ਕਿ ਆਮ ਤੌਰ ਉੱਤੇ ਬੀਮਾ ਇਕਰਾਰਨਾਮਿਆਂ ਲਈ ਹੁੰਦੇ ਹਨ।

**ਮਹੱਤਵਪੂਰਨ**

ਇੱਕ ਸਮਝੌਤਾ ਧਿਰਾਂ ਵਿਚਕਾਰ ਕਾਨੂੰਨੀ ਤੌਰ ਉੱਤੇ ਲਾਗੂ ਹੋਣ ਯੋਗ ਇਕਰਾਰਨਾਮਾ ਹੁੰਦਾ ਹੈ। ਭਾਰਤੀ ਇਕਰਾਰਨਾਮਾ ਕਾਨੂੰਨ, 1872 ਦੇ ਵਿਧਾਨ ਤਹਿਤ ਭਾਰਤ ਵਿੱਚ ਸਭ ਇਕਰਾਰ ਹੁੰਦੇ ਹਨ, ਜਿਸ ਵਿੱਚ ਬੀਮਾ ਇਕਰਾਰ ਵੀ ਸ਼ਾਮਿਲ ਹਨ।

---


ਬੀਮਾ ਪਾਲਸੀ ਇਕਰਾਰਨਾਮਾ ਹੈ, ਜੋ ਕਿ ਦੋ ਧਿਰਾਂ, ਕੰਪਨੀ, ਜੋ ਕਿ ਬੀਮਾ-ਕਰਤਾ ਹੈ ਅਤੇ ਪਾਲਸੀ ਧਾਰਕ, ਜਿਸ ਨੂੰ ਬੀਮਤ ਕਹਿੰਦੇ ਹਨ, ਦੇ ਵਿਚਾਲੇ ਭਾਰਤੀ ਇਕਰਾਰਨਾਮਾ ਕਾਨੂੰਨੀ, 1872 ਦੇ ਨਿਯਮਾਂ ਦੇ ਤਹਿਤ ਕੀਤਾ ਜਾਂਦਾ ਹੈ।

ਚਿੱਤਰ 1 : ਬੀਮਾ ਇਕਰਾਰਨਾਮਾ



## B. ਜਾਇਜ਼ ਇਕਰਾਰ ਦੇ ਭਾਗ

**ਚਿੱਤਰ 2 : ਜਾਇਜ਼ ਇਕਰਾਰ ਦੇ ਭਾਗ**




ਇੱਕ ਜਾਇਜ਼ ਇਕਰਾਰ ਦੇ ਭਾਗ ਹਨ:

### 1. ਪੇਸ਼ਕਸ਼ ਅਤੇ ਮਨਜ਼ੂਰੀ

ਜਦੋਂ ਇੱਕ ਵਿਅਕਤੀ ਦੂਜੇ ਨੂੰ ਉਸ ਦੀ ਸਹਿਮਤੀ ਲੈਣ ਲਈ ਕਿਸੇ ਕੰਮ ਨੂੰ ਕਰਨ ਜਾਂ ਉਸ ਤੋਂ ਦੂਰ ਰਹਿਣ ਦੀ ਇੱਛਾ ਜ਼ਾਹਿਰ ਕਰੇ ਤਾਂ ਉਸ ਵਲੋਂ ਪੇਸ਼ਕਸ਼ ਕਰਨਾ ਕਿਹਾ ਜਾਂਦਾ ਹੈ। ਆਮ ਤੌਰ ਉੱਤੇ, ਪੇਸ਼ਕਰਤਾ ਵਲੋਂ ਪੇਸ਼ਕਸ਼ ਕੀਤੀ ਜਾਂਦੀ ਹੈ ਅਤੇ ਬੀਮਾਕਰਤਾ ਵਲੋਂ ਉਸ ਨੂੰ ਮਨਜ਼ੂਰ ਕੀਤਾ ਜਾਂਦਾ ਹੈ।

ਜਦੋਂ ਵਿਅਕਤੀ, ਜਿਸ ਨੂੰ ਪੇਸ਼ਕਸ਼ ਕੀਤੀ ਗਈ ਹੈ, ਆਪਣੀ ਸਹਿਮਤੀ ਦਿੰਦਾ ਹੈ ਤਾਂ ਇਸ ਨੂੰ ਮਨਜ਼ੂਰ ਕੀਤਾ ਮੰਨਿਆ ਜਾਂਦਾ ਹੈ। ਇਸਕਰਕੇ, ਜਦੋਂ ਪੇਸ਼ਕਸ਼ ਮਨਜ਼ੂਰ ਹੋ ਜਾਂਦੀ ਹੈ ਤਾਂ ਇਹ ਵਾਅਦਾ ਬਣ ਜਾਂਦੀ ਹੈ। ਮਨਜ਼ੂਰੀ ਦੇ ਬਾਰੇ ਪੇਸ਼ਕਰਤਾ ਨੂੰ ਸੂਚਨਾ ਦੇਣ ਦੀ ਲੋੜ ਹੁੰਦੀ ਹੈ, ਜਿਸ ਦੇ ਨਤੀਜੇ ਵਜੋਂ ਇਕਰਾਰਨਾਮਾ ਤਿਆਰ ਹੁੰਦਾ ਹੈ।

ਜਦੋਂ ਪੇਸ਼ਕਰਤਾ ਬੀਮਾ ਸਕੀਮ ਦੀਆਂ ਸ਼ਰਤਾਂ ਨੂੰ ਮਨਜ਼ੂਰ ਕਰਦਾ ਹੈ ਅਤੇ ਜ਼ਮ੍ਹਾਂ ਰਕਮ ਦਾ ਭੁਗਤਾਨ ਕਰਕੇ ਉਸ ਦੀ ਸਹਿਮਤੀ ਦਰਸਾਉਂਦਾ ਹੈ, ਜੋ ਕਿ ਪੇਸ਼ਕਸ਼ ਮਨਜ਼ੂਰ ਕਰਨ ਉੱਤੇ ਪਹਿਲੇ ਪ੍ਰੀਮੀਅਮ ਦੇ ਰੂਪ ਵਿੱਚ ਬਦਲ ਜਾਂਦੀ ਹੈ ਤਾਂ ਪੇਸ਼ਕਸ਼ ਪਾਲਸੀ ਬਣ ਜਾਂਦੀ ਹੈ। ਜੇ ਕੋਈ ਸ਼ਰਤ ਰੱਖੀ ਜਾਂਦੀ ਹੈ ਤਾਂ ਇਹ ਜਵਾਬੀ ਪੇਸ਼ਕਸ਼ ਬਣ ਜਾਂਦੀ ਹੈ। ਪਾਲਸੀ ਬਾਂਡ ਇਕਰਾਰਨਾਮੇ ਦਾ ਸਬੂਤ ਬਣ ਜਾਂਦਾ ਹੈ।

### 2. ਕੀਮਤ

ਇਸ ਦਾ ਭਾਵ ਹੈ ਕਿ ਇਕਰਾਰਨਾਮੇ ਵਿੱਚ ਧਿਰਾਂ ਦਾ ਕੁਝ ਆਪਸੀ ਫਾਇਦਾ ਹੋਣਾ ਚਾਹੀਦਾ ਹੈ। ਬੀਮਤ ਵਲੋਂ ਕੀਮਤ ਦੇ ਤੌਰ ਉੱਤੇ ਪ੍ਰੀਮੀਅਮਨ ਦਿੱਤਾ ਜਾਂਦਾ ਹੈ ਅਤੇ ਹਰਜ਼ਾਨਾ ਦੇਣ ਦਾ ਵਾਅਦਾ ਬੀਮਾਕਰਤਾ ਵਲੋਂ ਦਿੱਤੀ ਜਾਣ ਵਾਲੀ ਕੀਮਤ ਹੈ।

3. ਧਿਰਾਂ ਵਿਚਾਲੇ ਸਹਿਮਤੀ (ਕਥਿਤ ਸਰਬਸੰਮਤੀ)

ਦੋਵੇਂ ਧਿਰਾਂ, ਬੀਮਾਕਰਤਾ ਅਤੇ ਪਾਲਸੀ-ਧਾਰਕ, ਨੂੰ ਇੱਕ ਵਿਸ਼ੇ ਤੇ ਇੱਕ ਹੀ ਭਾਵਨਾ ਨਾਲ ਸਹਿਮਤ ਹੋਣਾ ਹੈ। ਦੂਜੇ ਸ਼ਬਦਾਂ ਵਿੱਚ, ਦੋਵਾਂ ਧਿਰਾਂ ਵਿਚਾਲੇ "ਕਥਿਤ ਆਮ ਸਰਬਸੰਮਤੀ (consensus ad-idem)" ਹੋਣੀ ਚਾਹੀਦੀ ਹੈ।

4. ਮੁਕਤ ਰਜ਼ਾਮੰਦੀ

ਇਕਰਾਰਨਾਮੇ ਨੂੰ ਮੰਨਣ ਦੇ ਦੌਰਾਨ ਮੁਕਤ ਰਜ਼ਾਮੰਦੀ ਹੋਣੀ ਚਾਹੀਦੀ ਹੈ। ਰਜ਼ਾਮੰਦੀ ਨੂੰ ਮੁਕਤ ਕਿਹਾ ਜਾਂਦਾ ਹੈ, ਜਦੋਂ ਇਹ ਹੇਠ ਦਿੱਤੇ ਕਾਰਨਾਂ ਦੇ ਅਧੀਨ ਨਾ ਹੋਵੇ

- ✓ ਜ਼ਬਰਦਸਤੀ / ਧੱਕੇ ਨਾਲ
- ✓ ਨਾਜਾਇਜ਼ ਪ੍ਰਭਾਵ
- ✓ ਧੋਖਾ
- ✓ ਗਲਤ ਤੱਥ ਦੇਣੇ
- ✓ ਗਲਤੀ

ਜਦੋਂ ਇਕਰਾਰ ਲਈ ਸਹਿਮਤੀ ਦਬਾਅ, ਧੋਖੇ ਜਾਂ ਗਲਤ-ਬਿਆਨੀ ਨਾਲ ਦਿੱਤੀ ਜਾਂਦੀ ਹੈ ਤਾਂ ਇਕਰਾਰਨਾਮੇ ਨੂੰ ਰੱਦ ਮੰਨਿਆ ਜਾਂਦਾ ਹੈ।

5. ਧਿਰਾਂ ਦੀ ਸਮੱਰਥਾ

ਸਮਝੌਤੇ ਲਈ ਦੋਵੇਂ ਧਿਰਾਂ ਸਮਝੌਤਾ ਕਰਨ ਦੇ ਕਾਨੂੰਨੀ ਤੌਰ ਉੱਤੇ ਯੋਗ ਹੋਣੀਆਂ ਚਾਹੀਦੀਆਂ ਹਨ। ਪਾਲਸੀਧਾਰਕ ਵਲੋਂ ਪੇਸ਼ਕਸ਼ ਉੱਤੇ ਦਸਤਖਤ ਕਰਨ ਸਮੇਂ ਉਹ ਕਨੂੰਨੀ ਤੌਰ ਉੱਤੇ ਬਾਲਗ ਹੋਣਾ ਚਾਹੀਦਾ ਹੈ ਅਤੇ ਉਹ ਦਿਮਾਗੀ ਤੌਰ ਉੱਤੇ ਠੀਕ ਅਤੇ ਕਾਨੂੰਨੀ ਤੌਰ ਉੱਤੇ ਆਯੋਗ ਨਹੀਂ ਹੋਣਾ ਚਾਹੀਦਾ ਹੈ। ਉਦਾਹਰਨ ਲਈ, ਨਾਬਾਲਗ ਬੀਮਾ ਸਮਝੌਤੇ ਨਹੀਂ ਕਰ ਸਕਦੇ ਹਨ।

6. ਕਾਨੂੰਨੀ ਹੈਸੀਅਤ

ਸਮਝੌਤੇ ਦਾ ਮਕਸਦ ਕਾਨੂੰਨੀ ਹੋਣਾ ਚਾਹੀਦਾ ਹੈ, ਉਦਾਹਰਨ ਲਈ ਸਮਗਲ ਕੀਤੇ ਸਾਮਾਨ ਦਾ ਬੀਮਾ ਨਹੀਂ ਹੋ ਸਕਦਾ ਹੈ। ਹਰ ਇਕਰਾਰਨਾਮਾ, ਜਿਸ ਦਾ ਮਕਸਦ ਜਾਂ ਕੀਮਤ ਗੈਰ-ਕਾਨੂੰਨੀ ਹੋਵੇ, ਰੱਦ ਹੁੰਦਾ ਹੈ। ਬੀਮਾ ਇਕਰਾਰਨਾਮੇ ਦੀ ਉਦੇਸ਼ ਕਾਨੂੰਨੀ ਵਿਸ਼ਾ ਹੋਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਬੀਮਾ ਇਕਰਾਰ ਕਰਨ ਵਾਲੇ ਵਲੋਂ ਇਹ ਆਪਣੀ ਮਰਜ਼ੀ ਨਾਲ, ਬਿਨਾਂ ਕਿਸੇ ਦਬਾਅ, ਡਰ ਜਾਂ ਗਲਤੀ ਦੇ ਕੀਤਾ ਹੋਣਾ ਚਾਹੀਦਾ ਹੈ।

## C. ਪੇਸ਼ਗੀ ਵਜੋਂ ਪ੍ਰੀਮੀਅਮ ਦਾ ਭੁਗਤਾਨ ਕਰਨਾ

ਭਾਰਤੀ ਕਨੂੰਨਾਂ ਮੁਤਾਬਕ ਬੀਮਾਕਰਤਾ ਨੂੰ ਪੇਸ਼ਗੀ ਪ੍ਰੀਮੀਅਮ ਮਿਲਣ ਤੱਕ ਜ਼ੋਖਮ ਨੂੰ ਧਾਰਨ ਕਰਨ ਦੀ ਇਜਾਜ਼ਤ ਨਹੀਂ ਹੈ। ਦੂਜੇ ਸ਼ਬਦਾਂ ਵਿੱਚ ਭਾਰਤ ਵਿੱਚ ਬੀਮਾ ਸੁਰੱਖਿਆ ਕਰੈਡਿਟ ਦੇ ਅਧਾਰ ਉੱਤੇ ਵੇਚੀ ਨਹੀਂ ਜਾ ਸਕਦੀ ਹੈ।

ਬੀਮਾ ਐਕਟ, 1938 ਦੇ ਭਾਗ 64 VB ਕਹਿੰਦਾ ਹੈ "ਜਦੋਂ ਤੱਕ ਪ੍ਰੀਮੀਅਮ ਪੇਸ਼ਗੀ ਦੇ ਰੂਪ ਵਿੱਚ ਨਾ ਮਿਲੇ, ਉਦੋਂ ਤੱਕ ਕੋਈ ਜ਼ੋਖਿਮ ਧਾਰਨ ਨਹੀਂ ਕਰਨਾ"। ਕਿਸੇ ਵੀ ਬੀਮਾਕਰਤਾ ਨੂੰ ਕਿਸੇ ਵੀ ਜੋਖਿਮ ਨੂੰ ਧਾਰਨ ਨਹੀਂ ਕਰਨਾ ਚਾਹੀਦਾ ਜਦੋਂ ਤੱਕ ਕਿ ਪੇਸ਼ਗੀ ਦੇ ਰੂਪ ਵਿੱਚ ਪ੍ਰੀਮੀਅਮ ਮਿਲ ਨਹੀਂ ਜਾਂਦਾ ਹੈ ਜਾਂ ਭੁਗਤਾਨ ਹੋਣ ਦੀ ਗਾਰੰਟੀ ਨਹੀਂ ਹੁੰਦਾ ਜਾਂ ਤਹਿ ਕੀਤੇ ਢੰਗ ਨਾਲ ਪੇਸ਼ਗੀ ਦੇ ਰੂਪ ਵਿੱਚ ਜ਼ਮ੍ਹਾਂ ਨਹੀਂ ਕਰਵਾ ਦਿੱਤਾ ਜਾਂਦਾ ਹੈ। ਇਹ ਭਾਰਤ ਵਿੱਚ ਬੀਮਾ ਉਦਯੋਗ ਦਾ ਖਾਸ ਲੱਛਣ ਹੈ।

ਬੀਮਾ ਨਿਯਮ 1939 ਪ੍ਰੀਮੀਅਮ ਦੇ ਪੇਸ਼ਗੀ ਭੁਗਤਾਨ ਦੀ ਸ਼ਰਤ ਵਿੱਚ ਕੁਝ ਛੋਟਾਂ ਬੀਮੇ ਦੇ ਖਾਸ ਵਰਗਾਂ ਦੇ ਸੰਬੰਧ ਵਿੱਚ ਦਿੰਦਾ ਹੈ। ਬੀਮਾ ਨਿਯਮਾਂ ਦਾ ਭਾਗ 59 ਬੀਮਾਰੀ ਬੀਮਾ, ਗਰੁੱਪ ਨਿੱਜੀ ਹਾਦਸਾ ਬੀਮਾ ਮੈਡੀਕਲ ਫਾਇਦਾ ਬੀਮਾ ਤੇ ਹਸਪਤਾਲ ਭਰਤੀ ਹੋਣ ਲਈ ਬੀਮਾ ਸਕੀਮਾਂ ਦੇ ਸੰਬੰਧ ਵਿੱਚ ਕੁਝ ਸ਼ਰਤਾਂ ਨਾਲ ਕਿਸ਼ਤਾਂ ਵਿੱਚ ਪ੍ਰੀਮੀਅਮ ਦੇ ਭੁਗਤਾਨ ਦੀ ਇਜਾਜ਼ਤ ਦਿੰਦਾ ਹੈ। ਬੀਮਾ ਨਿਯਮਾਂ ਦਾ ਭਾਗ 59 ਸਰਕਾਰੀ ਅਤੇ ਅਰਧ-ਸਰਕਾਰੀ ਸੰਗਠਨਾਂ ਨੂੰ ਜਾਰੀ ਕੀਤੀਆਂ ਪਾਲਸੀਆਂ, ਸਰਕਾਰੀ ਅਤੇ ਅਰਧ-ਸਰਕਾਰੀ ਮੁਲਾਜ਼ਮਾਂ ਨੂੰ ਬੀਮਾ ਸੁਰੱਖਿਆ ਦੇਣ ਵਾਲੀਆਂ ਵਫ਼ਾਦਾਰੀ ਗਾਰੰਟੀ ਬੀਮਾ ਪਾਲਸੀਆਂ, ਮੁਲਾਜ਼ਮਾਂ ਮੁਆਵਜ਼ਾ ਪਾਲਸੀਆਂ, ਆਵਾਜਾਈ ਵਿੱਚ ਨਕਦੀ ਪਾਲਸੀਆਂ ਅਤੇ ਕੁਝ ਹੋਰ ਵਰਗਾਂ ਦੇ ਬੀਮਿਆਂ ਨੂੰ ਕੁਝ ਸ਼ਰਤਾਂ ਸਹਿਤ ਛੋਟ ਦੀ ਇਜਾਜ਼ਤ ਦਿੰਦਾ ਹੈ।

### ਵਿਕਰੀ (solicition)

ਬੀਮੇ ਨੂੰ ਉਤਪਾਦ ਨੂੰ ਹਮੇਸ਼ਾਂ ਠੀਕ ਤਰ੍ਹਾਂ ਸਮਝਣ ਤੋਂ ਬਾਅਦ ਖਰੀਦੇ ਜਾਣ ਵਜੋਂ ਮੰਨਿਆ ਜਾਂਦਾ ਹੈ, ਨਾ ਕਿ ਸਿਰਫ਼ ਖਰੀਦ/ਵੇਚ। ਇਸਕਰਕੇ ਬੀਮਾ ਦੀ ਸਮਝਾ ਕੇ 'ਵਿਕਰੀ (solicited) ਹੋਣਾ ਜਾਂ ਗਾਹਕ ਵਲੋਂ ਮੰਗਿਆ ਜਾਣਾ ਚਾਹੀਦਾ ਹੈ। ਰਿਵਾਇਤੀ ਰੂਪ ਵਿੱਚ ਬੀਮਾ "ਬੀਮੇ ਨੂੰ ਗੁਜ਼ਾਰਿਸ਼ ਦੀ ਵਿਸ਼ੇ ਵਸਤੂ" ਕਿਹਾ ਜਾਂਦਾ ਹੈ। ਸਪਸ਼ਟ ਕਰਨ ਲਈ ਬੀਮਾ ਬਿਸਕੁਟਾਂ ਦੇ ਪੈਕੇਟ ਜਾਂ ਚਾਲਕੇਟ ਦੀ ਬਾਰ ਵਾਗੂੰ ਖਰੀਦਣ ਵੇਚਣ ਲਈ ਤਿਆਰ ਰੈਡੀ-ਮੇਡ ਉਤਪਾਦ ਨਹੀਂ ਹੈ। ਗਾਹਕ ਨੂੰ ਆਪਣੀਆਂ ਬੀਮਾ ਲੋੜਾਂ ਲਈ ਯੋਗਤਾ ਪ੍ਰਾਪਤ ਵਿਅਕਤੀ ਨਾਲ ਵਿਚਾਰ ਕਰਨਾ ਹੁੰਦਾ ਹੈ ਅਤੇ ਪੇਸ਼ੇਵਰ ਸਲਾਹ ਦੇ ਮੁਤਾਬਕ, ਸਹੀ ਬੀਮਾ ਉਤਪਾਦ ਖਰੀਦੀ ਜਾਣੀ ਹੁੰਦੀ ਹੈ। ਬੀਮਾ ਉਤਪਾਦ ਨੂੰ ਸਮਝਿਆ ਜਾਣਾ ਚਾਹੀਦਾ ਹੈ ਅਤੇ ਪਾਲਸੀ ਕਵਰੇਜ਼, ਅਲਹਿਦਗੀਆਂ, ਸ਼ਰਤਾਂ ਤੇ ਨਿਯਮਾਂ ਦੇ ਰੂਪ ਵਿੱਚ ਗਾਹਕ ਦੀਆਂ ਖਾਸ ਲੋੜਾਂ ਤੇ ਜ਼ਰੂਰਤਾਂ ਲਈ ਸਭ ਤੋਂ ਢੁੱਕਵੀ ਪੇਸ਼ਕਸ਼ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ।

'ਵਿਕਰੀ' ਅਕਸਰ ਉਦੋਂ ਸ਼ੁਰੂ ਹੁੰਦੀ ਹੈ, ਜਦੋਂ ਬੀਮਾਕਰਤਾ ਜਾਂ ਪ੍ਰਮਾਣਿਤ ਵਿਚੋਲਾ ਸੰਭਾਵਿਤ ਬੀਮਤ ਨੂੰ ਉਹਨਾਂ ਦੀਆਂ ਬੀਮਾ ਲੋੜਾਂ ਦੀ ਸਮਝਣ ਲਈ ਮਿਲਦਾ ਹੈ ਅਤੇ ਢੁੱਕਵੇਂ ਬੀਮਾ ਉਤਪਾਦ ਚੁਣਨ ਲਈ ਪੇਸ਼ੇਵਰ ਸਲਾਹ ਦਿੰਦਾ ਹੈ। ਸੰਭਾਵਿਤ ਬੀਮਤ ਢੁੱਕਵੇਂ ਹੱਲ਼ ਲਈ ਗੁਜ਼ਾਰਿਸ਼ ਕਰਦਾ ਹੈ ਅਤੇ ਸਲਾਹਕਾਰ ਨੂੰ ਸਾਰੇ ਲੋੜੀਂਦੇ ਵੇਰਵੇ ਦਿੰਦਾ ਹੈ। IRDAI ਦੇ ਨਿਯਮਾਂ ਮੁਤਾਬਕ ਬੀਮਾ ਏਜੰਟਾਂ ਨੂੰ ਵਿਕਰੀ ਕਾਰਵਾਈ ਵਿੱਚ ਵਿਕਰੀ ਦੇ ਮਕਸਦ ਲਈ ਅਤੇ ਬੀਮਾ

ਕਾਰੋਬਾਰ ਵੇਚਣ, ਜਿਸ ਵਿੱਚ ਬੀਮੇ ਦੀਆਂ ਨਿਰੰਤਰਤਾ ਦੇ ਨਾਲ ਸੰਬੰਧਿਤ ਕਾਰੋਬਾਰ, ਬੀਮੇ ਦੀਆਂ ਪਾਲਸੀਆਂ ਦੇ ਨਵਿਆਉਣ ਜਾਂ ਮੁੜ-ਪ੍ਰਚਲਣ ਸ਼ਾਮਲ ਹੈ, ਲਈ ਬੀਮਾਕਰਤਾ ਵਲੋਂ ਨਿਯੁਕਤ ਕੀਤਾ ਜਾਂਦ ਹੈ। ਬੀਮਾ ਕੰਪਨੀਆਂ ਦੇ ਸਿਰਫ਼ ਪ੍ਰਮਾਣਿਤ ਮੁਲਾਜ਼ਮ ਅਤੇ ਲਸੰਸਸ਼ੁਦਾ ਵਿਚੋਲਿਆਂ ਦੇ ਨਿਰਧਾਰਿਤ ਵਿਅਕਤੀ, ਜੋ ਕਿ ਸਿਖਲਾਈ ਪ੍ਰਾਪਤ ਅਤੇ ਅਧਿਕਾਰਤ ਹਨ, ਬੀਮੇ ਦੀ ਵਿਕਰੀ ਦਾ ਹਿੱਸਾ ਹੋ ਸਕਦੇ ਹਨ।

## D. ਸਮਰੱਥ ਕਰਨ ਦੇ ਵਿਧਾਨ

### 1. ਛੋਟ ਸਮਾਂ

ਛੋਟ ਸਮਾਂ ਪ੍ਰੀਮੀਅਮ ਦੇਣ ਦੀ ਨਿਯਤ ਤਾਰੀਖ ਤੋਂ ਫ਼ੌਰਨ ਬਾਅਦ ਦਾ ਖਾਸ ਸਮਾਂ ਹੁੰਦਾ ਹੈ, ਜਿਸ ਦੌਰਾਨ ਨਿਰੰਤਰਤ ਫਾਇਦੇ ਜਿਵੇਂ ਕਿ ਉਡੀਕ ਅੰਤਰਾਲ ਅਤੇ ਮੌਜੂਦਾ ਬੀਮਾਰੀਆਂ ਲਈ ਬੀਮਾ-ਸੁਰੱਖਿਆ ਗੁਆਏ ਬਿਨਾਂ ਪਾਲਸੀ ਨੂੰ ਨਵਿਆਉਣ ਜਾਂ ਜਾਰੀ ਰੱਖਣ ਲਈ ਭੁਗਤਾਨ ਕੀਤਾ ਜਾ ਸਕਦਾ ਹੈ। ਜਿਸ ਅੰਤਰਾਲ ਲਈ ਪ੍ਰੀਮੀਅਮ ਨਹੀਂ ਮਿਲਦਾ ਹੈ, ਉਸ ਲਈ ਬੀਮਾ-ਸੁਰੱਖਿਆ ਮੌਜੂਦ ਨਹੀਂ ਹੁੰਦੀ ਹੈ। ਛੋਟ ਦੇ ਦਿਨਾਂ ਦੀ ਗਿਣਤੀ ਪ੍ਰੀਮੀਅਮ ਭੁਗਤਾਨ ਲਈ ਤਹਿ ਕੀਤੀ ਮਿਤੀ ਤੋਂ ਅਗਲੇ ਦਿਨ ਤੋਂ ਸ਼ੁਰੂ ਕੀਤੀ ਜਾਂਦੀ ਹੈ।

ਜੀਵਨ ਬੀਮਾ ਲਈ, ਜੇ ਕੋਈ ਛੋਟ ਸਮਾਂ ਨਾ ਹੋਵੇ ਤਾਂ ਭੁਗਤਾਨ ਵਿੱਚ ਇੱਕ ਵੀ ਦੇਰੀ ਨਾਲ ਪਾਲਸੀ ਲੈਪਸ ਹੋ ਸਕਦੀ ਹੈ। ਇਹ ਪਾਲਸੀਧਾਰਕ, ਬੀਮਾਕਰਤਾ ਅਤੇ ਬੀਮਾ ਉਦਯੋਗ ਲਈ ਨੁਕਸਾਨਦਾਇਕ ਹੋਵੇਗਾ। IRDAI ਨਿਯਮ ਮਹੀਨੇਵਾਰ ਪ੍ਰੀਮੀਅਮ ਦੇ ਢੰਗ ਵਿੱਚ 15 ਦਿਨ ਅਤੇ ਹੋਰ ਢੰਗਾਂ ਵਿੱਚ 30 ਦਿਨਾਂ ਦੇ ਛੋਟ ਸਮੇਂ ਦੀ ਇਜਾਜ਼ਤ ਦਿੰਦੇ ਹਨ।

ਸਿਹਤ ਬੀਮੇ ਦੇ ਸੰਬੰਧ ਵਿੱਚ ਵੀ, ਨਿੱਜੀ ਸਿਹਤ ਬੀਮਾ ਪਾਲਸੀਆਂ ਨੂੰ ਨਵਿਆਉਣ ਲਈ ਛੋਟ ਸਮਾਂ ਕੁਝ ਦਿਨਾਂ ਦਾ ਹੁੰਦਾ ਹੈ। ਇਹ ਅੰਤਰਾਲ ਕੰਪਨੀ ਦੇ ਨਿਯਮਾਂ ਅਤੇ ਪੇਸ਼ ਕੀਤੇ ਉਤਪਾਦ ਉੱਤੇ ਨਿਰਭਰ ਕਰਦਾ ਹੈ। ਜੇ ਪਾਲਸੀ ਨੂੰ ਛੋਟ ਸਮਾਂ ਦੇ ਵਿੱਚ ਵਿੱਚ ਨਵਿਆਇਆ ਜਾਂਦਾ ਹੈ ਤਾਂ ਸਭ ਨਿਰੰਤਰਤਾ ਫਾਇਦਿਆਂ ਨੂੰ ਜਾਰੀ ਰੱਖਿਆ ਜਾਂਦਾ ਹੈ। ਪਰ ਇਸ ਅੰਤਰਾਲ ਦੇ ਦੌਰਾਨ ਜੇ ਕੋਈ ਦਾਅਵਾ ਹੈ ਤਾਂ ਉਹਨਾਂ ਨੂੰ ਮੰਨਿਆ ਨਹੀਂ ਜਾਂਦਾ ਹੈ। IRDAI ਨਿਯਮ ਮਹੀਨੇਵਾਰ ਪ੍ਰੀਮੀਅਮ ਦੇ ਢੰਗ ਵਿੱਚ 15 ਦਿਨ ਅਤੇ ਹੋਰ ਢੰਗਾਂ ਵਿੱਚ 30 ਦਿਨਾਂ ਦੇ ਛੋਟ ਸਮੇਂ ਦੀ ਇਜਾਜ਼ਤ ਦਿੰਦੇ ਹਨ।

ਮੋਟਰ ਪਾਲਸੀਆਂ ਇੱਕ ਸਾਲ ਦੇ ਸਮੇਂ ਲਈ ਲਾਗੂ ਰਹਿੰਦੀਆਂ ਹਨ ਅਤੇ ਦੇਯ ਤਾਰੀਖ ਤੋਂ ਪਹਿਲਾਂ ਨਵਿਆਉਣਾ ਹੁੰਦਾ ਹੈ। ਪ੍ਰੀਮੀਅਮ ਦੇ ਭੁਗਤਾਨ ਲਈ ਛੋਟ ਸਮਾਂ ਲਾਗੂ ਨਹੀਂ ਹੁੰਦਾ ਹੈ। ਜੇ ਸੰਪੂਰਨ ਪਾਲਸੀ 90 ਦਿਨਾਂ ਤੋਂ ਵੱਧ ਲਈ ਲੈਪਸ ਰਹੇ ਤਾਂ ਨਾ ਦਾਅਵਾ ਬੋਨਸ (ਐਨਸੀਬੀ) ਫਾਇਦਾ ਵੀ ਖਤਮ ਹੋ ਜਾਵੇਗਾ।

ਕੋਵਿਡ-19 ਮਹਾਂਮਾਰੀ ਦੇ ਦੌਰਾਨ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਜਾਰੀ ਰੱਖਣ ਲਈ IRDAI ਨੇ ਹੇਠ ਦਿੱਤੀਆਂ ਛੋਟਾਂ ਦਿੱਤੀਆਂ ਹਨ:

i. ਜੀਵਨ ਬੀਮਾ ਪਾਲਸੀਆਂ ਦੇ ਕੇਸ ਵਿੱਚ ਬੀਮਾਕਰਤਾ ਨੂੰ ਛੋਟ ਸਮਾਂ ਹੋਰ 30 ਦਿਨਾਂ ਲਈ ਵਧਾਉਣ ਲਈ ਕਿਹਾ ਗਿਆ ਹੈ, ਜੇ ਪਾਲਸੀਧਾਰਕ ਇੰਝ ਚਾਹੇ ਤਾਂ।

ii. ਸਿਹਤ ਬੀਮਾ ਪਾਲਸੀਆਂ ਦੇ ਕੇਸ ਵਿੱਚ ਬੀਮਾਕਰਤਾ ਨੂੰ ਪਾਲਸੀ ਦੇ ਨਵਿਆਉਣ ਲਈ 30 ਦਿਨਾਂ ਤੱਕ ਦੇਰੀ ਲਈ ਮਾਫ਼ੀ ਦੇਣ ਲਈ ਕਿਹਾ ਗਿਆ ਸੀ, ਅਤੇ ਉਸ ਮਾਫੀ ਨੂੰ ਪਾਲਸੀ ਦੀ ਨਿਰੰਤਰਤਾ ਵਿੱਚ ਰੁਕਾਵਟ ਨਾ ਮੰਨਿਆ ਜਾਵੇ। ਬੀਮਾਕਰਤਾ ਨੂੰ ਬੀਮਾ-ਸੁਰੱਖਿਆ ਜਾਰੀ ਨਾ-ਰਹਿਣ ਤੋਂ ਬਚਣ ਲਈ ਪਾਲਸੀਧਾਰਕਾਂ ਨਾਲ ਪਹਿਲਾਂ ਸੰਪਰਕ ਕਰਨ ਦੀ ਬੇਨਤੀ ਕੀਤੀ ਗਈ ਸੀ।

iii. ਮੋਟਰ ਵਹੀਕਲ ਤੀਜੀ ਧਿਰ ਬੀਮਾ ਪਾਲਸੀਆਂ, ਜੋ ਕਿ ਨਵਿਆਉਣ ਲਈ ਤਿਆਰ ਸਨ ਅਤੇ ਕੋਵਿਡ-19 ਹਾਲਤ ਕਰਕੇ ਭੁਗਤਾਨ ਨਹੀਂ ਕੀਤਾ ਜਾ ਸਕਿਆ, ਲਈ IRDAI ਨੇ 15 ਮਈ 2020 ਤੱਕ ਛੋਟ ਸਮੇਂ ਦੀ ਇਜਾਜ਼ਤ ਦਿੱਤੀ ਸੀ।

## 2. "IRDAI" ਵਲੋਂ ਮੁਕਤ ਜਾਂਚ ਸਮਾਂ ਦਿੱਤਾ ਗਿਆ ਹੈ

ਬੀਮਾ ਇਕਰਾਰਨਾਮੇ ਦਾ ਖਰੜਾ (ਮਸੌਦਾ) ਬੀਮਾਕਰਤਾ ਵਲੋਂ ਤਿਆਰ ਕੀਤਾ ਜਾਂਦਾ ਹੈ ਅਤੇ ਤੀਜੀ ਧਿਰ ਨੂੰ ਇਸ ਦੀ ਪਾਲਣਾ ਕਰਨੀ ਹੁੰਦੀ ਹੈ, ਜੇ ਉਹ ਬੀਮਾ ਚਾਹੁੰਦੇ ਹਨ। ਇੰਝ ਦੇ ਇਕਰਾਰ, ਜਿੱਥੇ ਕੋਈ ਇਕਰਾਰ ਨੂੰ ਇੰਝ ਹੀ ਬਿਨਾਂ ਕਿਸੇ ਤਬਦੀਲੀ ਕਿਤੇ ਮਨਜ਼ੂਰ ਕਰ ਲਵੇ, ਨੂੰ ਕਨੂੰਨ ਰੂਪ ਵਿੱਚ ਵਫ਼ਾਦਾਰੀ ਦਾ ਇਕਰਾਰ (Contracts of Adhesion) ਕਹਿੰਦੇ ਹਨ। ਇਸ ਇੱਕ ਪੱਖੀ ਸਥਿਤੀ ਦੇ ਕਰਕੇ ਅਦਾਲਤ ਹਮੇਸ਼ਾਂ ਕਿਸੇ ਵੀ ਅਸਪਸ਼ਟਤਾ ਜਾਂ ਉਲਝਣ, ਜੋ ਕਿ ਇਹਨਾਂ ਨਿਯਮਾਂ ਤੇ ਸ਼ਰਤਾਂ ਦੇ ਸਮਝਣ ਤੋਂ ਆ ਸਕਦੀਆਂ ਹਨ, ਲਈ ਬੀਮਾਕਰਤਾ ਨੂੰ ਜ਼ੁੰਮੇਵਾਰ ਠਹਿਰਾਉਂਦੀ ਹੈ।

ਇਸ ਇੱਕ ਪਾਸੜਤਾ ਨੂੰ ਘਟਾਉਣ ਅਤੇ ਬੀਮਾ ਲੈਣ-ਦੇਣ ਨੂੰ ਵੱਧ ਦੋਸਤਾਨਾ ਬਣਾਉਣ ਲਈ IRDAI ਨੇ ਆਪਣੇ ਨਿਯਮਾਂ ਵਿੱਚ ਵੱਧ ਗਾਹਕ-ਦੋਸਤਾਨਾ ਨਿਯਮ 'ਮੁਕਤ ਜਾਂਚ ਸਮਾਂ (free-Look Period)' ਬਣਾਇਆ ਹੈ, ਜਿੱਥੇ ਕਿ ਜੇ ਗਾਹਕ ਪਾਲਸੀ ਦੀ ਕਿਸੇ ਨਿਯਮ ਜਾਂ ਸ਼ਰਤ ਨਾਲ ਸੰਤੁਸ਼ਟ ਨਾ ਹੋਵੇ ਤਾਂ ਉਹ ਇਸ ਨੂੰ ਵਾਪਸ ਕਰਕੇ ਧਨ ਵਾਪਸ ਲੈ ਸਕਦਾ ਹੈ। ਇਹ ਵਿਧਾਨ, ਜਿੱਥੇ ਪਾਲਸੀਧਾਰਕ ਨੂੰ ਪਾਲਸੀ ਨਾਲ ਸੰਤੁਸ਼ਟ ਨਾ ਹੋਣ ਉੱਤੇ ਪਾਲਸੀ ਦਸਤਾਵੇਜ਼ ਮਿਲਣ ਦੇ 15 ਦਿਨਾਂ (ਇਲੋਕਟ੍ਰੋਨਿਕ ਪਾਲਸੀਆਂ ਤੇ ਦੂਰ ਦੁਰੇਡੇ ਮੋਡ ਦੇ ਸਰੋਤ ਦੀਆਂ ਪਾਲਸੀਆਂ ਲਈ 30 ਦਿਨ) ਵਿੱਚ ਪਾਲਸੀ ਨੂੰ ਰੱਦ ਕਰਨ ਦੀ ਚੋਣ ਦਿੱਤੀ ਜਾਂਦੀ ਹੈ, ਨੂੰ ਜੀਵਨ ਬੀਮਾ ਅਤੇ ਸਿਹਤ ਬੀਮਾ ਪਾਲਸੀਆਂ (ਜੋ ਘੱਟੋ-ਘੱਟ ਇੱਕ ਸਾਲ ਲਈ ਹੋਣ) ਲਈ ਲਾਗੂ ਕੀਤਾ ਗਿਆ ਹੈ। ਕੰਪਨੀ ਨੂੰ ਲਿਖਤੀ ਰੂਪ ਵਿੱਚ ਦੱਸਿਆ ਜਾਣਾ ਚਾਹੀਦਾ ਹੈ ਅਤੇ ਪ੍ਰੀਮੀਅਮ ਵਿੱਚੋਂ ਬੀਮਾ-ਸੁਰੱਖਿਆ ਦਿੱਤੇ ਜ਼ੋਖਿਮ ਪ੍ਰੀਮੀਅਮ ਅਨੁਪਾਤ, ਖ਼ਰਚਿਆਂ ਦੀ ਕਟੌਤੀ ਕਰਕੇ ਵਾਪਸ ਕੀਤਾ ਜਾਂਦਾ ਹੈ।

ਪਾਲਸੀਆਂ ਨੂੰ ਰੱਦ ਕਰਨਾ: ਜਦੋਂ ਪਾਲਸੀਆਂ ਨੂੰ ਬੀਮਾਕਰਤਾ ਵਲੋਂ ਰੱਦ ਕੀਤਾ ਜਾਂਦਾ ਹੈ ਤਾਂ ਬੀਮੇ ਦੀ ਮਿਆਦ ਲੰਘੇ ਸਮੇਂ ਨਾਲ ਸੰਬੰਧਿਤ ਪ੍ਰੀਮੀਅਮ ਦੇ ਭਾਗ ਨੂੰ ਬੀਮਾਕਰਤਾ ਵਲੋਂ ਵਸੂਲਿਆ / ਰੱਖਿਆ ਜਾਂਦਾ ਹੈ ਅਤੇ ਬੀਮੇ ਦੀ ਮਿਆਦ ਦੇ ਬਾਕੀ ਰਹਿੰਦੇ ਸਮੇਂ ਨਾਲ ਸੰਬੰਧਿਤ ਭਾਗ ਨੂੰ ਬੀਮਤ ਨੂੰ ਵਾਪਸ ਕਰ ਦਿੱਤਾ ਜਾਂਦਾ ਹੈ, ਬੇਸ਼ਰਤੇਕਿ ਪਾਲਸੀ ਦੇ ਅਧੀਨ ਕੋਈ ਦਾਅਵੇ ਦਾ ਭੁਗਤਾਨ ਨਾ ਕੀਤਾ ਗਿਆ ਹੋਵੇ। ਪ੍ਰੀਮੀਅਮ ਦੇ ਕੱਢੇ ਗਏ ਇਸ ਭਾਗ ਨੂੰ ਪ੍ਰੋ-ਰੇਟਾ ਪ੍ਰੀਮੀਅਮ ਕਹਿੰਦੇ ਹਨ।

ਜਦੋਂ ਸਾਲਨਾ ਪਾਲਸੀਆਂ ਨੂੰ ਬੀਮਤ ਵਲੋਂ ਰੱਦ ਕੀਤਾ ਜਾਂਦਾ ਹੈ ਤਾਂ ਬੀਮਾਕਰਤਾ ਅਕਸਰ ਪ੍ਰੋ-ਰੇਟਾ ਪ੍ਰੀਮੀਅਮ ਕੱਢਣ ਦੀ ਬਜਾਏ ਵੱਧ ਰੇਟ ਉੱਤੇ ਪ੍ਰੀਮੀਅਮ ਵਸੂਲਦਾ/ ਰੱਖਦਾ ਹੈ ਅਤੇ ਵੱਧ ਰੇਟ ਪ੍ਰੀਮੀਅਮ ਵਾਪਸ ਕਰਦਾ ਹੈ। ਇਹ ਬੀਮਾਕਰਤਾ ਵਿਰੁੱਧ ਵਿਰੋਧੀ-ਚੋਣ ਤੋਂ ਰੋਕੇਗਾ ਅਤੇ ਬੀਮਾਕਰਤਾ ਦੇ ਸ਼ੁਰੂਆਤੀ ਖ਼ਰਚਿਆਂ ਨੂੰ ਪੂਰਾ ਕਰੇਗਾ। ਇੰਝ ਦੇ ਰੇਟਾਂ ਨੂੰ ਬੀਮਾ ਇਕਰਾਰ ਦੇ ਨਿਯਮਾਂ ਅਤੇ ਸ਼ਰਤਾਂ ਦੇ ਹਿੱਸੇ ਵਿੱਚ ਐਲਾਨਿਆ ਹੁੰਦਾ ਹੈ ਅਤੇ ਥੋੜ੍ਹ ਚਿਰ ਦੇ ਸਕੇਲ ਵਜੋਂ ਹਵਾਲਾ ਦਿੱਤਾ ਹੁੰਦਾ ਹੈ।

**ਮਹੱਤਵਪੂਰਨ**

i. ਦਬਾਅ - ਅਪਰਾਧਿਕ ਢੰਗਾਂ ਨਾਲ ਦਬਾਅ ਪਾਉਣਾ।

ii. ਨਾਜਾਇਜ਼ ਪ੍ਰਭਾਵ - ਕਿਸੇ ਵਿਅਕਤੀ ਵਲੋਂ ਆਪਣੇ ਅਹੁਦੇ ਦੀ ਵਰਤੋਂ ਕਰਕੇ ਹੋਰ ਵਿਅਕਤੀ ਉੱਤੇ ਨਾਜਾਇਜ਼ ਪ੍ਰਭਾਵ ਪਾ ਕੇ ਗੱਲ ਮਨਾਉਣਾ।

iii. ਧੋਖਾ- ਕਿਸੇ ਨੂੰ ਪੇਸ਼ਕਸ਼, ਜਿਸ ਦੇ ਸਹੀ ਹੋਣ ਦਾ ਭਰੋਸਾ ਨਹੀਂ, ਦੇ ਕਾਰਨ ਗਲਤ ਭਰੋਸੇ ਉੱਤੇ ਲੁਭਾਉਣ ਦਾ ਯਤਨ ਕਰਨਾ ਹੈ। ਇਹ ਤੱਥਾਂ ਨੂੰ ਜਾਣਬੁਝ  ਕੇ ਲੁਕਾਉਣਾ ਜਾਂ ਉਹਨਾਂ ਨੂੰ ਗਲਤ ਦਰਸਾਉਣ ਦੇ ਕਾਰਨ ਹੋ ਸਕਦਾ ਹੈ।

iv. ਗਲਤੀ - ਕਿਸੇ ਦੇ ਗਿਆਨ ਜਾਂ ਵਿਸ਼ਵਾਸ਼ ਜਾਂ ਇੱਕ ਵਿਚਾਰ ਜਾਂ ਘਟਨਾ ਦੀ ਵਿਆਖਿਆ ਕਰਨ ਵਿੱਚ ਗਲਤੀ ਹੋਣਾ ਇਸ ਨਾਲ ਇਕਰਾਰੇ ਦੇ ਵਿਸ਼ੇ ਬਾਰੇ ਸਮਝਣ ਅਤੇ ਸਹਿਮਤ ਹੋਣ ਵਿੱਚ ਗਲਤੀ ਆ ਸਕਦੀ ਹੈ।

**ਆਪਣੇ ਆਪ ਨੂੰ ਟੈਸਟ ਕਰੋ 1**

ਹੇਠ ਦਿੱਤਿਆਂ ਵਿੱਚੋਂ ਕਿਹੜੀ ਚੀਜ਼ ਜਾਇਜ਼ ਬੀਮਾ ਇਕਰਾਰ ਵਿੱਚ ਨਹੀਂ ਹੋ ਸਕਦੀ ਹੈ?

I. ਪੇਸ਼ਕਸ਼ ਅਤੇ ਮਨਜ਼ੂਰੀ

II. ਦਬਾਅ

III. ਕੀਮਤ

IV. ਕਾਨੂੰਨੀ ਹੈਸੀਅਤ

---

**ਸਾਰ**

i. ਬੀਮੇ ਵਿੱਚ ਸਮਝੌਤੇ ਦਾ ਇਕਰਾਰਨਾਮਾ ਹੁੰਦਾ ਹੈ, ਜਿਸ ਵਿੱਚ ਬੀਮਾਕਰਤਾ ਇੱਕ ਮੰਨਣਯੋਗ ਕੀਮਤ, ਜਿਸ ਨੂੰ ਪ੍ਰੀਮੀਅਮ ਕਹਿੰਦੇ ਹਨ, ਦੇ ਉੱਤੇ ਵਿੱਤੀ ਸੁਰੱਖਿਆ ਦੇਣ ਲਈ ਸਹਿਮਤ ਹੁੰਦਾ ਹੈ।

ii. ਇੱਕ ਸਮਝੌਤਾ ਧਿਰਾਂ ਵਿਚਕਾਰ ਕਾਨੂੰਨੀ ਤੌਰ ਉੱਤੇ ਲਾਗੂ ਹੋਣ ਯੋਗ ਇਕਰਾਰਨਾਮਾ ਹੁੰਦਾ ਹੈ।

iii. ਇੱਕ ਜਾਇਜ਼ ਇਕਰਾਰ ਦੇ ਭਾਗ ਹਨ:

- ਪੇਸ਼ਕਸ਼ ਅਤੇ ਮਨਜ਼ੂਰੀ
- ਕੀਮਤ,
- ਕਥਿਤ ਆਮ ਸਰਬਸੰਮਤੀ (consensus ad-idem)
- ਮੁਕਤ ਰਜ਼ਾਮੰਦੀ
- ਧਿਰਾਂ ਦੀ ਸਮੱਰਥਾ ਅਤੇ
- ਵਿਸ਼ੇ ਦੀ ਕਾਨੂੰਨੀ ਮਾਨਤਾ

**ਮੁੱਖ ਸ਼ਬਦ**

1. ਪੇਸ਼ਕਸ਼ ਅਤੇ ਮਨਜ਼ੂਰੀ
2. ਕਾਨੂੰਨ ਤਹਿਤ ਵਿਚਾਰ
3. ਕਥਿਤ ਆਮ ਸਰਬਸੰਮਤੀ

**ਆਪਣੇ ਆਪ ਨੂੰ ਟੈਸਟ ਕਰੋ 2**

ਮੁਕਤ-ਜਾਂਚ ਸਮਾਂ ਦੇ ਦੌਰਾਨ, ਜੇ ਪਾਲਸੀ-ਧਾਰਕ, ਜਿਸ ਨੇ ਏਜੰਟ ਰਾਹੀਂ ਪਾਲਸੀ ਖ਼ਰੀਦੀ ਹੈ, ਇਸ ਦੀਆਂ ਕਿਸੇ ਵੀ ਨਿਯਮਾਂ ਤੇ ਸ਼ਰਤਾਂ ਨਾਲ ਸਹਿਮਤ ਨਹੀਂ ਹੈ ਤਾਂ ਉਹ ਹੇਠ ਦਿੱਤਿਆਂ ਸ਼ਰਤਾਂ ਮੁਤਾਬਕ ਇਸ ਨੂੰ ਵਾਪਿਸ ਕਰ ਸਕਦਾ ਹੈ ਅਤੇ ਧਨ ਵਾਪਿਸ ਲੈ ਸਕਦਾ ਹੈ:

I. ਉਹ ਇਹ ਅਧਿਕਾਰ ਦੀ ਵਰਤੋਂ ਪਾਲਸੀ ਦਸਤਾਵੇਜ਼ ਪ੍ਰਾਪਤ ਹੋਣ ਦੇ 15 ਦਿਨਾਂ ਦੇ ਵਿੱਚ ਕਰ ਸਕਦਾ/ਸਕਦੀ ਹੈ।

II. ਇਸ ਨੂੰ ਲਿਖਤੀ ਰੂਪ ਵਿੱਚ ਕੰਪਨੀ ਨੂੰ ਦੱਸਣਾ ਹੋਵੇਗਾ

III. ਪ੍ਰੀਮੀਅਮ ਨੂੰ ਬੀਮਾ ਸੁਰੱਖਿਆ ਦੇ ਸਮੇਂ ਲਈ ਅਨੁਪਾਤੀ ਜੋਖਿਮ ਪ੍ਰੀਮੀਅਮ, ਬੀਮਾਕਰਤਾ ਵਲੋਂ ਡਾਕਟਰੀ ਜਾਂਚ ਲਈ ਕੀਤੇ ਖ਼ਰਚੇ ਅਤੇ ਸਟੈਂਪ ਡਿਊਟੀ ਖ਼ਰਚਿਆਂ ਨੂੰ ਕੱਟ ਕੇ ਧਨ ਵਾਪਿਸ ਕੀਤਾ ਜਾਵੇਗਾ।

IV. ਉੱਤੇ ਦਿੱਤੇ ਸਭ

**ਆਪਣੇ ਆਪ ਨੂੰ ਟੈਸਟ ਕਰੋ 3**

ਜੇ ਪਾਲਸੀ-ਧਾਰਕ ਨੇ ਪਾਲਸੀ ਖ਼ਰੀਦੀ ਹੈ ਅਤੇ ਉਹ ਇਹ ਨਹੀਂ ਚਾਹੁੰਦਾ ਹੈ ਤਾਂ ਉਹ ਇਸ ਨੂੰ ________ ਸਮੇਂ ਦੇ ਦੌਰਾਨ ਵਾਪਿਸ ਕਰ ਸਕਦਾ ਹੈ ਅਤੇ ਧਨ ਵਾਪਿਸ ਲੈ ਸਕਦਾ ਹੈ।

I. ਮੁਕਤ ਮੁਲਾਂਕਣ

II. ਮੁਕਤ ਜਾਂਚ

III. ਰੱਦ ਕਰਨਾ

IV. ਮੁਫ਼ਤ ਟਰਾਇਲ

---

**ਸਵੈ ਜਾਂਚ ਦੇ ਜਵਾਬ**

**ਜਵਾਬ 1 - ਸਹੀ ਚੋਣ II ਹੈ।**

**ਜਵਾਬ 2 - ਸਹੀ ਚੋਣ IV ਹੈ।**

**ਜਵਾਬ 3 - ਸਹੀ ਚੋਣ II ਹੈ।**

---

# ਪਾਠ C-05

# ਅੰਡਰਰਾਈਟਿੰਗ ਅਤੇ ਰੇਟਿੰਗ

**ਪਾਠ ਜਾਣ-ਪਛਾਣ**

**ਇਹ ਪਾਠ ਵਿੱਚ ਅਸੀਂ ਅੰਡਰਰਾਈਟਿੰਗ ਅਤੇ ਰੇਟਿੰਗ ਦੇ ਮੁੱਢਲੇ ਸਿਧਾਤਾਂ ਬਾਰੇ ਸਿੱਖਾਂਗੇ। ਤੁਸੀਂ ਜੋਖਿਮਾਂ ਦੇ ਮੁਲਾਂਕਣ ਦੀ ਕਾਰਵਾਈ ਵਿੱਚ ਸੰਕਟਾਂ ਨਾਲ ਨਿਪਟਣ ਦੇ ਵੱਖ-ਵੱਖ ਢੰਗਾਂ ਬਾਰੇ ਜਾਣ ਸਕੋਗੇ। ਤੁਸੀਂ ਅੰਡਰਰਾਈਟਿੰਗ, ਉਤਪਾਦ ਮਨਜ਼ੂਰੀ ਅਤੇ ਰੇਟਿੰਗ ਦੇ ਸੰਬੰਧ ਵਿੱਚ ਆਮ ਪੱਖਾਂ ਨੂੰ ਸਮਝਣ ਦੇ ਸਮਰੱਥ ਹੋ ਜਾਵੋਗੇ।**

**ਸਿੱਖਣ ਦੇ ਨਤੀਜੇ**

A. ਅੰਡਰਰਾਈਟਿੰਗ ਦੀ ਮੂਲ ਜਾਣਕਾਰੀ

B. IRDAI ਕੋਲ ਉਤਪਾਦ ਫਾਇਲ ਕਰਨੀ

C. ਰੇਟ ਤੈਹ ਕਰਨਾ (ਰੇਟਮੇਕਿੰਗ) ਦੇ ਆਧਾਰ

D. ਰੇਟਿੰਗ ਦੇ ਤੱਤ

ਇਹ ਪਾਠ ਪੜ੍ਹਨ ਦੇ ਬਾਅਦ, ਤੁਸੀਂ ਯੋਗ ਹੋਣੇ ਚਾਹੀਦੇ ਹੋ:

1. ਅੰਡਰਰਾਈਟਿੰਗ ਦੇ ਆਧਾਰਾਂ ਦੀ ਪਰਿਭਾਸ਼ਾ
2. ਭਾਰਤ ਵਿੱਚ ਉਤਪਾਦ ਮਨਜ਼ੂਰੀ ਦੇ ਆਧਾਰਾਂ ਨੂੰ ਸਮਝਣਾ
3. ਰੇਟਿੰਗ ਤੱਤ ਕੀ ਹਨ ਅਤੇ ਰੇਟ ਤੈਅ ਕਰਨ ਦੀ ਮਹੱਤਤਾ

## A. ਅੰਡਰਰਾਈਟਿੰਗ ਦੇ ਮੂਲ

ਪਿਛਲੇ ਪਾਠਾਂ ਵਿੱਚ ਅਸੀਂ ਬੀਮੇ ਦੇ ਸਬੰਧ ਵਿੱਚ ਪੂਲਿੰਗ ਰਾਹੀਂ ਜੋਖਿਮ ਪ੍ਰਬੰਧ ਬਾਰੇ ਵੇਖਿਆ ਹੈ। ਬੀਮਾਕਰਤਾ ਪ੍ਰੀਮੀਅਮਾਂ ਨੂੰ ਜੋੜ ਕੇ ਪੂਲ ਬਣਾਉਂਦੇ ਹਨ, ਜੋ ਕਿ ਕਈ ਵਿਅਕਤੀਆਂ/ ਵਪਾਰਕ/ ਉਦਯੋਗਿਕ ਫ਼ਰਮਾਂ/ਸੰਗਠਨਾਂ ਨਾਲ ਤਿਆਰ ਕੀਤਾ ਜਾਂਦਾ ਹੈ।

ਜ਼ੋਖਮਾਂ ਨੂੰ ਸਮਝਣ, ਜ਼ੋਖਮਾਂ ਦਾ ਵਰਗੀਕਰਨ ਕਰਨ, ਕਿਸ ਵਰਗ ਵਿੱਚ ਉਹ ਆਉਂਗੇ ਦੀ ਪਛਾਣ ਕਰਨ, ਫ਼ੈਸਲਾ ਕਰਨ ਕਿ ਕੀ ਜ਼ੋਖਮ ਨੂੰ ਮਨਜ਼ੂਰ ਕਰਨਾ ਹੈ ਕਿ ਨਹੀਂ ਅਤੇ ਜੇ ਹਾਂ ਤਾਂ ਬੀਮਾਕਰਤਾ ਨੂੰ ਜ਼ੋਖਮ ਮਨਜ਼ੂਰ ਕਰਨ ਲਈ ਕਿੰਨਾ ਪ੍ਰੀਮੀਅਮ ਚਾਹੀਦਾ ਹੋਵੇਗਾ ਅਤੇ ਕੀ ਜ਼ੋਖਮ ਉੱਤੇ ਕੋਈ ਹੋਰ ਵਾਧੂ ਸ਼ਰਤ ਲਾਉਣੀ ਹੈ, ਦੀਆਂ ਕਾਰਵਾਈਆਂ ਅੰਡਰਰਾਈਟਿੰਗ ਦਾ ਹਿੱਸਾ ਹਨ।

ਇਹ ਵੀ ਜਾਣਨਾ ਜ਼ਰੂਰੀ ਹੈ ਕਿ ਕਿੰਨਾ ਰੇਟ ਵਸੂਲਿਆ ਜਾਵੇਗਾ ਅਤੇ ਕਿਵੇਂ ਰੇਟ ਤੈਅ ਕੀਤਾ ਜਾਂਦਾ ਹੈ।

### ਪਰਿਭਾਸ਼ਾ

ਅੰਡਰਰਾਈਟਿੰਗ ਪਤਾ ਕਰਨ ਦੀ ਕਾਰਵਾਈ ਹੈ ਕਿ ਕੀ ਪੇਸ਼ ਕੀਤੇ ਜੋਖਿਮ ਲਈ ਬੀਮਾ ਮਨਜ਼ੂਰੀਯੋਗ ਹੈ ਜੇ ਹੈ ਤਾਂ ਕਿਹੜੇ ਰੇਟ, ਨਿਯਮ ਤੇ ਸ਼ਰਤਾਂ ਅਧੀਨ।

---

ਅੰਡਰਰਾਈਟਿੰਗ ਵਿੱਚ ਹੇਠ ਦਿੱਤੇ ਪੜਾਅ ਹਨ:

i. ਸੰਕਟ ਅਤੇ ਜੋਖਿਮ ਦਾ ਘਾਟੇ ਦੀ ਆਵਰਤੀ ਤੇ ਤੀਬਰਤਾ ਦੇ ਰੂਪ ਵਿੱਚ ਮੁਲਾਂਕਣ

ii. ਪਾਲਸੀ ਬੀਮਾ ਸੁਰੱਖਿਆ ਅਤੇ ਨਿਯਮ ਤੇ ਸ਼ਰਤਾਂ ਦਾ ਰੂਪ ਤਿਆਰ ਕਰਨਾ

iii. ਪ੍ਰੀਮੀਅਮ ਦੀ ਦਰ ਤਹਿ ਕਰਨਾ

ਅੰਡਰਰਾਈਟਰ ਇਹ ਫੈਸਲਾ ਕਰਦਾ ਹੈ ਕਿ ਜੋਖਿਮ ਨੂੰ ਮਨਜ਼ੂਰ ਕਰਨਾ ਹੈ ਜਾਂ ਨਹੀਂ

ਅਗਲਾ ਕਦਮ ਦਰਾਂ, ਨਿਯਮਾਂ ਅਤੇ ਸ਼ਰਤਾਂ ਦਾ ਫੈਸਲਾ ਕਰਨਾ ਹੋਵੇਗਾ, ਜਿਸ ਦੇ ਅਧੀਨ ਜੋਖਿਮ ਨੂੰ ਮਨਜ਼ੂਰ ਕੀਤਾ ਜਾਂਦਾ ਹੈ।

ਅੰਡਰਰਾਈਟਿੰਗ ਮੁਹਾਰਤ ਢੁੱਕਵੀਂ ਸਿਖਲਾਈ, ਖੇਤਰ ਜਾਣਕਾਰੀ ਅਤੇ ਡੂੰਘਾ ਗਿਆਨ ਦੇ ਰੂਪ ਵਿੱਚ ਲੰਮੀ ਸਿੱਖਣ ਪ੍ਰਕਿਰਿਆ ਰਾਹੀਂ ਪ੍ਰਾਪਤ ਕੀਤੀ ਜਾਂਦੀ ਹੈ। ਅੱਗ ਬੀਮਾ ਅੰਡਰਰਾਈਟਰ ਬਣਨ ਲਈ ਵਿਅਕਤੀ ਨੂੰ ਅੱਗ ਦੇ ਕਾਰਨ, ਵੱਖ-ਵੱਖ ਭੌਤਿਕ ਵਸਤਾਂ ਤੇ ਜਾਇਦਾਦ ਉੱਤੇ ਅੱਗ ਦੇ ਅਸਰ, ਉਦਯੋਗਾਂ ਵਿੱਚ ਸ਼ਾਮਿਲ ਕਾਰਵਾਈਆਂ, ਭੂਗੋਲਿਕ, ਮੌਸਮੀ ਹਾਲਤਾਂ ਆਦਿ ਬਾਰੇ ਚੰਗੀ ਜਾਣਕਾਰੀ ਹੋਣਾ ਜ਼ਰੂਰੀ ਹੈ।

ਇਸੇ ਤਰ੍ਹਾਂ ਜਹਾਜ਼ੀ ਬੀਮਾ ਅੰਡਰਰਾਈਟਰ ਨੂੰ ਬੰਦਰਗਾਹਾਂ/ਸੜਕਾਂ ਬਾਰੇ, ਭੇਜਣ ਜਾਂ ਸੰਭਾਲਣ ਦੌਰਾਨ ਕਾਰਗੋ/ਸਾਮਾਨ ਨੂੰ ਆਉਣ ਵਾਲੀਆਂ ਸਮੱਸਿਆਵਾਂ, ਜਹਾਜ਼ਾਂ ਅਤੇ ਉਹਨਾਂ ਦੀ ਸਮੁੰਦਰੀ ਯਾਤਰਾ ਯੋਗਤਾ ਤੇ ਹੋਰਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ।

ਸਿਹਤ ਅੰਡਰਰਾਈਟਰ ਨੂੰ ਬੀਮਤ ਦੇ ਪ੍ਰੋਫਾਇਲ ਜੋਖਿਮ, ਉਮਰ, ਡਾਕਟਰੀ ਪੱਖ, ਸਿਹਤਮੰਦ ਪੱਧਰ ਅਤੇ ਪਰਿਵਾਰਿਕ ਅਤੀਤ ਅਤੇ ਜੋਖਿਮ ਨੂੰ ਪ੍ਰਭਾਵਿਤ ਕਰਨ ਵਾਲੇ ਹਰੇਕ ਕਾਰਨ ਦੇ ਪ੍ਰਭਾਵ ਨੂੰ ਮਾਪਣ ਦੀ ਸਮਝਣ ਹੋਣ ਦੀ ਲੋੜ ਹੈ।

**ਅੰਡਰਰਾਈਟਿੰਗ ਲਈ ਜਾਣਕਾਰੀ ਦੇ ਸਰੋਤ**

ਕਿਸੇ ਵੀ ਅੰਕੜਾ ਜਾਂਚ ਵਿੱਚ ਪਹਿਲਾਂ ਪੜਾਅ ਡਾਟਾ ਇੱਕਠਾ ਕਰਨਾ ਹੁੰਦਾ ਹੈ। ਜਦੋਂ ਜੋਖਿਮ ਦਾ ਮੁੱਲ ਤਹਿ ਕਰਨਾ ਹੋਵੇ ਤਾਂ ਅੰਡਰਰਾਈਟਰ ਨੂੰ ਸਹੀਂ ਮੁਲਾਂਕਣ ਵਿੱਚ ਮੱਦਦ ਵਾਸਤੇ ਵੱਧ ਤੋਂ ਵੱਧ ਸੰਭਵ ਜਾਣਕਾਰੀ ਇੱਕਠੀ ਕਰਨੀ ਚਾਹੀਦੀ ਹੈ।

ਜਾਣਕਾਰੀ ਦੇ ਸਰੋਤ ਹਨ:

i. ਪੇਸ਼ਕਸ਼ ਫਾਰਮ ਜਾਂ ਅੰਡਰਰਾਈਟਿੰਗ ਪੇਸ਼ਕਾਰੀ

ii. ਜ਼ੋਖਿਮ ਸਰਵੇਖਣ

iii. ਪੁਰਾਣੇ ਦਾਅਵੇ ਤਜਰਬਾ ਡਾਟਾ: ਕਾਰੋਬਾਰ ਦੇ ਕੁਝ ਵਰਗਾਂ ਵਿੱਚ, ਜਿਵੇਂ ਕਿ ਨਿੱਜੀ ਅਤੇ ਮੋਟਰ ਵਰਗ, ਅੰਡਰਰਾਈਟਰ ਅਕਸਰ ਪੁਰਾਣੇ ਦਾਅਵੇ ਡਾਟੇ ਨੂੰ ਭਵਿੱਖ ਦੇ ਦਾਅਵੇ ਤਜਰਬੇ ਨੂੰ ਦਰਸਾਉਣ ਲਈ ਅਤੇ ਢੁੱਕਵਾਂ ਪ੍ਰੀਮੀਅਮ ਤਹਿ ਕਰਨ ਲਈ ਵਰਤਦੇ ਹਨ।

**ਅੰਡਰਰਾਈਟਿੰਗ, ਨਿਰਪੱਖਤਾ ਅਤੇ ਕਾਰੋਬਾਰੀ ਸਥਿਰਤਾ**

ਬੀਮੇ ਵਿੱਚ ਧਿਆਨ ਨਾਲ ਅੰਡਰਰਾਈਟਿੰਗ ਤੇ ਜੋਖਿਮ ਵਰਗੀਕਰਨ ਦੀ ਲੋੜ ਸਧਾਰਨ ਤੱਥ ਕਰਕੇ ਪੈਦਾ ਹੁੰਦੀ ਹੈ ਕਿ ਸਭ ਜੋਖਿਮ ਨਹੀਂ ਬਰਾਬਰ ਹਨ। ਹਰ ਜੋਖਿਮ ਨੂੰ ਇਸਕਰਕੇ ਢੁੱਕਵੇਂ ਰੂਪ ਵਿੱਚ ਪਤਾ ਕਰਨਾ ਪੈਂਦਾ ਹੈ ਅਤੇ ਕੀਮਤ ਘਾਟਾ ਵਾਪਰਨ ਦੀ ਸੰਭਾਵਨਾ ਅਤੇ ਤੀਬਰਤਾ ਦੇ ਮੁਤਾਬਾਕ ਤਹਿ ਕੀਤੀ ਜਾਂਦੀ ਹੈ।

ਕਿਉਂਕਿ ਸਭ ਜੋਖਿਮ ਬਰਾਬਰ ਨਹੀਂ ਹੁੰਦੇ ਹਨ, ਇਸਕਰਕੇ ਉਹਨਾਂ ਸਭ, ਜੋ ਕਿ ਬੀਮਤ ਹਨ, ਨੂੰ ਇਕੋ ਜਿਹਾ ਪ੍ਰੀਮੀਅਮ ਦੇਣ ਲਈ ਕਹਿਣਾ ਨਿਰਪੱਖਤਾ ਨਹੀਂ ਹੋਵੇਗੀ। ਅੰਡਰਰਾਈਟਿੰਗ ਦਾ ਮਕਸਦ ਜੋਖਿਮਾਂ ਦਾ ਵਰਗੀਕਰਨ ਕਰਨਾ ਹੈ ਤਾਂ ਕਿ ਉਹਨਾਂ ਦੇ ਲੱਛਣਾਂ ਅਤੇ ਜੋਖਿਮ ਸਥਿਤੀ ਦੀ ਮਾਤਰਾ ਦੇ ਮੁਤਾਬਕ ਪ੍ਰੀਮੀਅਮ ਦੀ ਢੁੱਕਵੀਂ ਦਰ ਵਸੂਲ ਕੀਤੀ ਜਾ ਸਕੇ। ਅੰਡਰਰਾਈਟਰ ਵਲੋਂ ਯਕੀਨੀ ਬਣਾਇਆ ਜਾਣਾ ਜ਼ਰੂਰੀ ਹੈ ਕਿ ਜ਼ੋਖਮ ਦਾ ਮੁਲਾਂਕਣ ਦਰੁਸਤ ਢੰਗ ਨਾਲ ਕੀਤਾ ਜਾਵੇ ਅਤੇ ਵਸੂਲਿਆ ਜਾਣ ਵਾਲਾ ਪ੍ਰੀਮੀਅਮ ਨਾ ਐਨਾ ਘੱਟ ਹੋਵੇ ਕਿ ਜ਼ੋਖਮ ਦੀ ਬੀਮਾ-ਸੁਰੱਖਿਆ ਨਾ ਦੇ ਸਕੇ ਅਤੇ ਨਾ ਐਨਾ ਵੱਧ ਕਿ  ਇਹ ਮੁਕਾਬਲੇ ਤੋਂ ਬਾਹਰ ਹੋ ਜਾਵੇ।

ਅੰਡਰਰਾਈਟਿੰਗ ਦੇ ਮੁੱਲ ਲੱਛਣ ਹੇਠ ਦਿੱਤੇ ਹਨ

i. ਲੱਛਣਾਂ ਦੇ ਆਧਾਰ ਉੱਤੇ ਜੋਖਿਮ ਦੀ ਪਛਾਣ ਕਰਨਾ

ii. ਪੇਸ਼ਕਰਤਾ ਵਲੋਂ ਪੇਸ਼ ਕੀਤੇ ਜੋਖਿਮ ਦਾ ਪੱਧਰ ਪਤਾ ਕਰਨਾ

ਅੰਡਰਰਾਈਟਿੰਗ ਦੇ ਮਕਸਦਾਂ ਨੂੰ ਸੰਖੇਪ ਰੂਪ ਵਿੱਚ ਮਨਜ਼ੂਰੀ ਦੇ ਪੱਧਰ, ਪ੍ਰੀਮੀਅਮ ਦੇ ਢੁੱਕਵੇਂ ਹੋਣ ਅਤੇ ਹੋਰ ਸ਼ਰਤਾਂ ਦੇ ਫੈਸਲੇ ਲੈ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

## B. IRDAI ਕੋਲ ਉਤਪਾਦ ਫਾਇਲ ਕਰਨੀ

ਹਰ ਬੀਮਾ ਉਤਪਾਦ ਨੂੰ ਵੇਚਣ ਲਈ ਪੇਸ਼ ਕਰਨ ਤੋਂ ਪਹਿਲਾਂ IRDAI ਕੋਲ ਮਨਜ਼ੂਰੀ ਲਈ ਭੇਜਣਾ ਹੁੰਦਾ ਹੈ। IRDAI ਹਰ ਬੀਮਾ ਉਤਪਾਦ ਲਈ ਵਿਲੱਖਣ ਪਛਾਣ ਨੰਬਰ (UIN) ਜਾਰੀ ਕਰਦੀ ਹੈ। ਇੱਕ ਵਾਰ ਉਤਪਾਦ ਬਾਜ਼ਾਰ ਵਿੱਚ ਆ ਗਈ ਤਾਂ ਉਤਪਾਦ ਨੂੰ ਬਾਜ਼ਾਰ ਵਿੱਚੋਂ ਵਾਪਸ ਲੈਣ ਲਈ ਪਾਲਣਾ ਕਰਨ ਵਾਸਤੇ ਦਿਸ਼ਾ ਨਿਰਦੇਸ਼ ਹਨ।

1. ਰੈਗੂਲੇਟਰ ਬੀਮਾਕਰਤਾ ਦੇ ਬੋਰਡ ਵਲੋਂ ਸਪਸ਼ਟ ਵਚਨਬੱਧਤਾ ਚਾਹੁੰਦਾ ਹੈ ਕਿ ਉਹ ਪਾਲਸੀ ਦੇ ਅਧੀਨ ਜ਼ੋਖਮ ਮਨਜ਼ੂਰ ਕਰਦੇ ਹਨ ਅਤੇ ਦਾਅਵਿਆਂ ਦਾ ਭੁਗਤਾਨ ਕਰਨ ਲਈ ਸਹਿਮਤ ਹਨ। ਇਹ ਵੀ ਆਸ ਰੱਖੀ ਜਾਂਦੀ ਹੈ ਕਿ ਬੀਮਾਕਰਤਾ ਗਾਹਕ ਲਈ ਪਾਲਸੀ ਲਿਖਤ ਦੇ ਵਾਜਬ ਹੋਣ ਅਤੇ ਕੀਮਤਾਂ ਵਿਗਿਆਨਕ ਸਿਧਾਂਤਾਂ ਮੁਤਾਬਕ ਤੈਅ ਕਰਨ ਲਈ ਦ੍ਰਿੜ੍ਹ ਹੈ।
2. ਬੀਮਾਕਰਤਾ ਕੋਲ ਭਵਿੱਖ ਵਿੱਚ ਉਤਪਾਦ ਵਾਪਿਸ ਲੈਣ ਦੀ ਸੰਭਾਵਨਾ ਅਤੇ ਉਤਪਾਦ ਵਾਪਿਸ ਲੈਣ ਉੱਤੇ ਪਾਲਸੀਧਾਰਕਾਂ ਕੋਲ ਮੌਜੂਦ ਵਿਕਲਪਾਂ ਬਾਰੇ ਪਲਾਨ ਹੋਣਾ ਚਾਹੀਦਾ ਹੈ।
3. ਵਾਪਿਸ ਲਈ ਗਈ ਉਤਪਾਦ ਸੰਭਾਵਿਤ ਗਾਹਕਾਂ ਨੂੰ ਦਿੱਤੀ ਨਹੀਂ ਜਾ ਸਕਦੀ ਹੈ।

## C. ਦਰ-ਤਹਿ ਕਰਨਾ (ਰੇਟਮੇਕਿੰਗ) ਦੇ ਆਧਾਰ

ਬੀਮਾ ਜੋਖਿਮ ਨੂੰ ਬੀਮਾਕਰਤਾ ਨੂੰ ਤਬਦੀਲ ਕਰਨ ਉਤੇ ਅਧਾਰਿਤ ਹੈ। ਬੀਮਤ ਬੀਮਾ ਪਾਲਸੀ ਖਰੀਦਣ ਨਾਲ, ਸੰਕਟ, ਜਿਸ ਲਈ ਜਾਇਦਾਦ ਦਾ ਬੀਮਾ ਕੀਤਾ ਹੈ, ਤੋਂ ਹੋਣ ਵਾਲੇ ਵਿੱਤੀ ਘਾਟੇ ਦੇ ਪ੍ਰਭਾਵ ਨੂੰ ਘਟਾਉਣ ਦੇ ਸਮਰੱਥ ਹੁੰਦਾ ਹੈ। ਬੀਮਾ ਕਰਤਾ ਨੂੰ ਭਵਿੱਖ ਦੇ ਬੀਮਾ ਦਾਅਵੇ ਅਤੇ ਖਰਚੇ, ਜਿਸ ਵਿੱਚ ਲਾਭ ਦਾ ਹਿੱਸਾ ਵੀ ਹੁੰਦਾ ਹੈ, ਪੂਰੀ ਕਰਨ ਲਈ ਕੀਮਤ ਕੱਢਣ ਦੀ ਕਾਰਵਾਈ ਅਪਨਾਉਣ ਦੀ ਲੋੜ ਹੁੰਦੀ ਹੈ। ਇਸ ਨੂੰ ਦਰ-ਤਹਿ ਕਰਨਾ (ਰੇਟਮੇਕਿੰਗ) ਕਹਿੰਦੇ ਹਨ।

ਦਰ (ਰੇਟ) ਬੀਮੇ ਦੀ ਦਿੱਤੀ ਇਕਾਈ ਦਾ ਭਾਅ ਹੁੰਦਾ ਹੈ। ਉਦਾਹਰਨ ਲਈ ਭੁਚਾਲ ਬੀਮਾ ਸੁਰੱਖਿਆ ਲਈ ਰੇਟ ਨੂੰ 1.00 ਰੁਪਏ ਪ੍ਰਤੀ ਮਿੱਲੇ (ਪ੍ਰਤੀ ਹਜ਼ਾਰ) ਵਜੋਂ ਦਰਸਾਇਆ ਜਾ ਸਕਦਾ ਹੈ। ਹਰ ਦਰ ਨੂੰ ਪਿਛਲੇ ਰੁਝਾਨਾਂ ਅਤੇ ਮੌਜੂਦਾ ਮਾਹੌਲ ਵਿੱਚ ਤਬਦੀਲੀਆਂ, ਜੋ ਕਿ ਭਵਿੱਖ ਵਿੱਚ ਸੰਭਾਵਿਤ ਘਾਟਿਆਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਨੂੰ ਵੇਖਣ ਦੇ ਬਾਅਦ ਤਹਿ ਕੀਤਾ ਜਾਂਦਾ ਹੈ।

ਯਾਦ ਰੱਖੋ ਕਿ ਦਰ (ਰੇਟ) ਪ੍ਰੀਮੀਅਮ ਨਹੀਂ ਹਨ।

ਪ੍ਰੀਮੀਅਮ = (ਬੀਮਾ ਕੀਤੀ ਰਕਮ) x (ਦਰ)

**ਉਦਾਹਰਨ**

**ਸਿਹਤ ਬੀਮੇ ਦੇ ਉਦਾਹਰਨ ਲੈਂਦੇ ਹੋਏ, ਜੋਖਿਮ ਦੇ ਹਰਕੇ ਭਾਗ ਦੇ ਅਧਾਰ ਉਤੇ ਅੰਕੀ ਜਾਂ ਫੀਸਦੀ ਮੁਲਾਂਕਣ ਕੀਤੀ ਜਾਂਦਾ ਹੈ। ਕਾਰਨ, ਜਿਵੇਂ ਕਿ ਉਮਰ, ਨਸਲ, ਕੰਮ, ਆਦਤਾਂ ਆਦਿ ਨੂੰ ਵੇਖਿਆ ਜਾਂਦਾ ਹੈ ਅਤੇ ਪਹਿਲਾਂ-ਤਹਿ ਕੀਤੀਆਂ ਸ਼ਰਤਾਂ ਦੇ ਆਧਾਰ ਉੱਤੇ ਅੰਕ ਦਿੱਤੇ ਜਾਂਦੇ ਹਨ।**

**ਹਰੇਕ ਵਲੋਂ ਦਿੱਤੇ ਜਾਣ ਵਾਲੇ ਪ੍ਰੀਮੀਅਮ ਦੀ ਰਕਮ ਦਰ ਉੱਤੇ ਨਿਰਭਰ ਕੀਤੀ ਜਾਂਦੀ ਹੈ, ਜੋ ਕਿ ਦੋ ਕਾਰਨਾਂ ਰਾਹੀਂ ਪਤਾ ਕੀਤਾ ਜਾਂਦਾ ਹੈ;**

- ✓ **ਘਾਟਾ ਘਟਨਾ (ਜੋ ਕਿ ਬੀਮਾ ਕਰਵਾਏ ਸੰਕਟ ਦੇ ਕਰਕੇ ਹੁੰਦੀ ਹੈ) ਦੇ ਕਾਰਨ ਹੋਣ ਵਾਲੇ ਘਾਟੇ ਦੀ ਸੰਭਵਾਨਾ ਅਤੇ**
- ✓ **ਘਾਟੇ ਦੀ ਅੰਦਾਜ਼ਨ ਰਕਮ, ਜੋ ਕਿ ਘਾਟਾ ਘਟਨਾ ਹੋਣ ਦੇ ਕਰਕੇ ਪੈਦਾ ਹੋ ਸਕਦੀ ਹੈ**

**ਉਦਾਹਰਨ**

**ਮੰਨ ਲਵੋ ਅੱਗ ਰਾਹੀਂ ਨਸ਼ਟ ਹੋਏ ਘਰ ਦੀ ਔਸਤ ਰਕਮ 1,00,000 ਰੁਪਏ ਹਨ।**

**ਅੱਗ ਰਾਹੀਂ ਨਸ਼ਟ ਹਣ ਵਾਲੇ ਘਰ ਦੇ ਨੁਕਸਾਨ ਦੀ ਸੰਭਾਵਨਾ 100 ਵਿੱਚੋਂ 1 [ਜਾਂ 0.01] ਹੈ। ਇਸਤਰ੍ਹਾਂ 100 ਬੀਮਾ ਕੀਤੇ ਘਰਾਂ ਵਿੱਚੋਂ ਤਜਰਬਾ ਹੈ ਕਿ ਅੱਗ ਰਾਹੀਂ 1 ਘਰ ਨਸ਼ਟ ਹੁੰਦਾ ਹੈ।**

**ਆਸ ਕੀਤਾ ਔਸਤ ਘਾਟਾ ਰੁ. 1,00,000 x 0.01= ਰੁ. 1000 ਹੈ।**

**ਇਸਕਰਕੇ ਬੀਮਾਕਰਤਾ ਨੂੰ 1,00,000 ਰੁਪਏ ਦੇ ਘਰ ਦਾ ਬੀਮਾ ਕਰਨ ਲਈ ਘੱਟੋ-ਘੱਟ 1,000 ਰੁਪਏ ਵਸੂਲਣੇ ਹੋਣਗੇ।**

---

**ਬੀਮਾਕਰਤਾ ਕਿਵੇਂ ਯਕੀਨੀ ਬਣਾ ਸਕਦਾ ਹੈ ਕਿ ਪੂਲ ਅਸਲ ਵਿੱਚ ਬੀਮਾ ਸੁਰੱਖਿਆ ਅਧੀਨ ਹੋਣ ਵਾਲੇ ਘਾਟੇ ਨੂੰ ਪੂਰਾ ਕਰਨ ਲਈ ਕਾਫ਼ੀ ਹੈ?**

**ਜਿਵੇਂ ਕਿ ਪਹਿਲਾਂ ਵੇਖਿਆ ਹੈ ਕਿ ਬੀਮੇ ਦੇ ਪੂਰੇ ਢਾਂਚੇ ਵਿੱਚ ਅੰਕੜਿਆਂ ਦੇ ਰੂਪ ਵਿੱਚ ਇੱਕੋ ਜਿਹੇ ਜੋਖਿਮਾਂ ਨੂੰ ਸਮੂਹ (ਪੂਲ) ਬਣਾਉਣਾ ਹੈ ਤਾਂ ਕਿ ਘਾਟੇ ਦੀ ਗਿਣਤੀ (ਆਵਰਤੀ) ਅਤੇ ਘਾਟੇ ਦੀ ਹੱਦ (ਤੀਬਰਤਾ) ਬਾਰੇ ਦਰੁਸਤ ਅੰਦਾਜ਼ਾ ਲਾਇਆ ਜਾ ਸਕੇ। ਇਸ ਸਿਧਾਂਤ, ਜਿਸ ਨੂੰ 'ਵੱਡੀ ਗਿਣਤੀ ਦਾ ਕਨੂੰਨ' ਕਿਹਾ ਜਾਂਦਾ ਹੈ, ਮੁਤਾਬਕ ਜਿਵੇਂ ਨਮੂਨੇ ਦਾ ਆਕਾਰ ਵੱਧਦਾ ਹੈ, ਨਤੀਜੇ ਉਮੀਦ ਕੀਤੇ ਮੁੱਲ ਦੇ ਨੇੜੇ ਆਉਂਦੇ ਹਨ। ਬੀਮਾ ਕੰਪਨੀਆਂ ਨੂੰ ਆਪਣੀਆਂ ਉਮੀਦਾਂ/ ਅੰਦਾਜ਼ਿਆਂ ਦੀ ਕਾਮਯਾਬੀ ਲਈ ਵੱਧ ਤੋਂ ਵੱਧ ਲੋਕਾਂ ਨੂੰ ਵੱਧ ਪਾਲਸੀਆਂ ਵੇਚਣ ਦੀ ਲੋੜ ਹੁੰਦੀ ਹੈ।**

**ਮਿਸਾਲ ਵਜੋਂ ਜੇ ਸਿੱਕੇ ਨੂੰ ਉਛਾਲਿਆ ਜਾਂਦਾ ਹੈ ਤਾਂ 'ਹੈਡ' ਜਾਂ 'ਟੇਲ' ਮਿਲਣ ਦੀ ਸੰਭਾਵਨਾ 50:50 ਹੁੰਦੀ ਹੈ। ਪਰ ਜੇ ਸਿੱਕੇ ਨੂੰ ਸਿਰਫ਼ ਇੱਕ ਵਾਰ ਉਛਾਲਿਆ ਜਾਵੇ ਤਾਂ ਨਤੀਜਾ 100% ਹੈੱਡ ਤੇ 0% ਟੇਲ ਜਾਂ 0% ਹੈੱਡ ਤੇ 100% ਟੇਲ**

ਹੋ ਸਕਦੇ ਹਨ। ਪਰ ਜੇ ਇਸ ਸਿੱਕੇ ਨੂੰ ਕਈ ਵਾਰ ਉਛਾਲਿਆ ਜਾਵੇ ਤਾਂ 'ਹੈਡ' ਅਤੇ 'ਟੇਲ' ਦੀ ਔਸਤ ਗਿਣਤੀ 100% ਤੇ 0% ਤੋਂ ਘੱਟ ਜਾਵੇਗੀ ਅਤੇ 50:50 ਦੇ ਨੇੜੇ ਹੋਵੇਗੀ।

| ਉਦਾਹਰਨ |
|---|

ਜਾਇਦਾਦ ਬੀਮੇ ਦੇ ਖੇਤਰ ਵਿੱਚ, ਲੱਕੜ ਦੇ ਢਾਂਚੇ ਨੂੰ ਅੱਗ ਲੱਗਣ ਦੀ ਸੰਭਾਵਨਾ ਪੱਥਰ ਦੇ ਢਾਂਚੇ ਨਾਲੋਂ ਵੱਧ ਹੈ, ਇਸਕਰਕੇ ਲੱਕੜ ਦੇ ਢਾਂਚੇ ਦੀ ਬੀਮੇ ਲਈ ਪ੍ਰੀਮੀਅਮ ਵੱਧ ਹੁੰਦਾ ਹੈ।

ਇਹੀ ਧਾਰਨਾ ਜੀਵਨ ਅਤੇ ਸਿਹਤ ਬੀਮੇ ਉੱਤੇ ਵੀ ਲਾਗੂ ਹੁੰਦੀ ਹੈ। ਹਾਈ ਬਲੱਡ ਪ੍ਰੈਸ਼ਰ ਜਾਂ ਸ਼ੂਗਰ ਤੋਂ ਪ੍ਰਭਾਵਿਤ ਵਿਅਕਤੀ ਨੂੰ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਵੱਧ ਹੁੰਦੀ ਹੈ।

| ਆਪਣੇ ਆਪ ਨੂੰ ਟੈਸਟ ਕਰੋ 1 |
|---|

ਬੀਮਾ ਦਰ ਤਹਿ ਕਰਨ ਲਈ ਪ੍ਰਭਾਵਿਤ ਕਰਨ ਵਾਲੇ ਦੋ ਕਾਰਨਾਂ ਦੀ ਪਛਾਣ ਕਰੋ।

I. ਜੋਖਿਮ ਦੀ ਸੰਭਾਵਨਾ ਅਤੇ ਤੀਬਰਤਾ

II. ਜੋਖਿਮ ਦਾ ਸਰੋਤ ਅਤੇ ਕਿਸਮ

III. ਜੋਖਿਮ ਦਾ ਸਰੋਤ ਅਤੇ ਸਮਾਂ

IV. ਜੋਖਿਮ ਦੀ ਕਿਸਮ ਅਤੇ ਅਸਰ

---

1. ਪ੍ਰੀਮੀਅਮ ਦੀ ਦਰ ਪਤਾ ਕਰਨੀ

ਪ੍ਰੀਮੀਅਮ ਦੀ ਸ਼ੁੱਧ ਦਰ ਨੂੰ ਪਿਛਲੇ ਘਾਟੇ ਤਜਰਬੇ ਦੇ ਅਧਾਰ ਉੱਤੇ ਪਤਾ ਕੀਤਾ ਜਾ ਸਕਦਾ ਹੈ। ਇਸਕਰਕੇ ਪਿਛਲੇ ਘਾਟਿਆਂ ਦੇ ਸਬੰਧਿਤ ਅੰਕੜੇ ਦਰ ਕੱਢਣ ਦੇ ਮਕਸਦ ਲਈ ਸਭ ਤੋਂ ਜ਼ਰੂਰੀ ਹਨ। ਦਰ ਤਹਿ ਕਰਨ ਲਈ, ਜੋਖਿਮਾਂ ਨੂੰ 'ਅੰਕ ਮੁੱਲਾ ਦੇਣਾ ਜ਼ਰੂਰੀ ਹੈ।

| ਉਦਾਹਰਨ |
|---|

ਜੇ ਮੋਟਰ ਸਾਈਕਲਾਂ ਦੀ ਵੱਡੀ ਗਿਣਤੀ ਤੋਂ ਘਾਟੇ ਨੂੰ ਮੰਨ ਲਵੋ 10 ਸਾਲਾਂ ਲਈ ਇੱਕਠਾ ਕੀਤਾ ਜਾਂਦਾ ਹੈ, ਤਾਂ ਅਸੀਂ ਵਹੀਕਲਾਂ ਤੋਂ ਹੋਣ ਹੋਣ ਵਾਲੇ ਘਾਟੇ ਦੇ ਨਤੀਜੇ ਵਜੋਂ ਕੁੱਲ ਰਕਮ ਪ੍ਰਾਪਤ ਕਰਾਂਗੇ। ਘਾਟੇ ਦੀ ਇਹ ਰਕਮ ਨੂੰ ਮੋਟਰ ਸਾਈਕਲ ਦੇ ਕੁੱਲ ਮੁੱਲ ਦੇ ਫੀਸਦੀ ਵਜੋਂ ਦਰਸਾ ਕੇ ਅਸੀਂ ਜੋਖਿਮ ਦੇ 'ਅੰਕ ਮੁੱਲਾ ਨੂੰ ਤਹਿ ਕਰ ਸਕਦੇ ਹਨ। ਇਸ ਨੂੰ ਅੱਗੇ ਦਿੱਤੇ ਫਾਰਮੂਲੇ ਨਾਲ ਦਰਸਾਇਆ ਜਾ ਸਕਦਾ ਹੈ:

| | |
|---|---|
| $M = \frac{L \times 100}{V}$ | L ਘਾਟੇ ਦੀ ਕੁੱਲ ਰਕਮ ਅਤੇ V ਸਭ ਮੋਟਰ ਸਾਈਕਲਾਂ ਦੇ ਕੁੱਲ ਮੁੱਲ ਅਤੇ M ਔਸਤ ਘਾਟੇ ਦੇ ਫ਼ੀਸਦੀ ਨੂੰ ਦਰਸਾਉਂਦੀ ਹੈ। |

ਆਉ ਮੰਨੀਏ ਕਿ:

- ✓ ਮੋਟਰ ਸਾਈਕਲ ਦਾ ਕੁੱਲ ਮੁੱਲ: ਰੁ: 50000/-
- ✓ ਘਾਟਾ ਅਨੁਭਵ: 1000 ਮੋਟਰ ਸਾਈਕਲ ਵਿੱਚੋਂ 10 ਸਾਲਾਂ ਵਿੱਚੋਂ 50 ਮੋਟਰ ਸਾਈਕਲ ਚੋਰੀ ਹੋਏ
- ✓ ਔਸਤ ਰੂਪ ਵਿੱਚ ਹਰ ਸਾਲ ਕੁੱਲ 5 ਮੋਟਰ ਸਾਈਕਲ ਚੋਰੀ ਹੋਣ ਕਰਕੇ ਕੁੱਲ ਘਾਟਾ ਪੈਂਦਾ ਹੈ

ਫਾਰਮੂਲਾ ਲਾਗੂ ਕਰਕੇ, ਨਤੀਜਾ ਹੋਵੇਗਾ:

ਹਰ ਸਾਲ ਲਈ ਘਾਟੇ (ਰੁ: 50,000 X 5) = ਰੁ. 2,50,000

1000 ਮੋਟਰ ਸਾਈਕਲਾਂ ਦਾ ਕੁੱਲ ਮੁੱਲ (ਰੁ: 50,000 X 1000) = ਰੁ. 5,00,00,000

ਇਸ ਦਾ ਅਰਥ ਹੈ ਕਿ ਹਰ ਵਹੀਕਲ ਲਈ ਔਸਤ ਘਾਟਾ ਫ਼ੀਸਦੀ (L / V) x 100 = [2,50,000 / 5,00,00,000] x 100 = 0.5%

ਇਸਕਰਕੇ ਪ੍ਰੀਮੀਅਮ ਦੀ ਦਰ ਹੈ ਜੋ ਕਿ ਇੱਕ ਮੋਟਰ ਸਾਈਕਲ ਮਾਲਕ ਦਿੰਦਾ ਹੈ 50,000 ਰੁ ਦਾ ਅੱਧ ਫੀਸਦੀ ਮਤਲਬ ਰੁ. 250/- ਪ੍ਰਤੀ ਸਾਲ। ਇਸ ਨੂੰ 'ਸ਼ੁੱਧਾ ਪ੍ਰੀਮੀਅਮ ਕਿਹਾ ਜਾਂਦਾ ਹੈ, ਜਿਸ ਨੂੰ 'ਖ਼ਰਚ ਕੀਮਤ' ਵਜੋਂ ਜਾਣਿਆ ਜਾਂਦਾ ਹੈ।

ਪ੍ਰਤੀ ਮੋਟਰ ਸਾਈਕਲ 250 ਰੁ. ਦੇ ਹਿਸਾਬ ਨਾਲ ਰੁਪਏ 2.5 ਲੱਖ ਰੁਪਏ ਇੱਕਠੇ ਕੀਤੇ ਜਾਂਦੇ ਹਨ, ਜੋ ਕਿ 5 ਵਹੀਕਲ ਦੇ ਕੁੱਲ ਘਾਟਾ ਪੈਣ ਦੀ ਹਾਲਤ ਵਿੱਚ ਦਿੱਤੇ ਜਾਂਦੇ ਹਨ।

ਇਹ ਸ਼ੁੱਧ ਪ੍ਰੀਮੀਅਮ, ਜੋ ਕਿ ਉੱਤੇ ਪ੍ਰਾਪਤ ਕੀਤਾ ਹੈ, ਫੰਡ ਬਣਾਵੇਗਾ, ਜੋ ਕਿ ਘਾਟੇ ਨੂੰ ਪੂਰਾ ਕਰਨ ਹੀ ਕਾਫ਼ੀ ਹੋਵੇਗਾ।

---

ਉੱਤੇ ਉਦਾਹਰਨ ਵਿੱਚ ਅਸੀਂ ਵੇਖਿਆ ਹੈ ਕਿ ਕੁਝ ਵੀ ਵਾਧੂ ਨਹੀਂ ਹੈ। ਪਰ ਬੀਮਾ ਕਾਰੋਬਾਰ ਵਿੱਚ ਪ੍ਰਸ਼ਾਸ਼ਕੀ ਖਰਚੇ (ਪ੍ਰਬੰਧ ਕਰਨ ਦੇ ਖਰਚੇ) ਅਤੇ ਕਾਰੋਬਾਰ ਦੀ ਪ੍ਰਾਪਤੀ ਦੇ ਖਰਚੇ (ਏਜੰਸੀ ਦਲਾਲੀ) ਵੀ ਸ਼ਾਮਿਲ ਹੁੰਦੇ ਹਨ। ਅਚਾਨਕ ਹੋਣ ਵਾਲੇ ਭਾਰੀ ਘਾਟੇ ਲਈ ਗੁੰਜ਼ਾਇਸ਼ (ਅੰਤਰ) ਦੇਣ ਦੀ ਵੀ ਲੋੜ ਹੁੰਦੀ ਹੈ।

ਅੰਤ ਵਿੱਚ, ਕਿਉਂਕਿ ਬੀਮਾ ਲੈਣ-ਦੇਣ ਵਪਾਰਕ ਪੱਧਰ ਉੱਤੇ ਹੁੰਦੀ ਹੈ, ਇਸਕਰਕੇ ਹੋਰ ਕਾਰੋਬਾਰਾਂ ਦੀ ਤਰ੍ਹਾਂ ਲਾਭ ਦੇਣ ਦੀ ਵੀ ਲੋੜ ਹੁੰਦੀ ਹੈ, ਜੋ ਕਿ ਕਾਰੋਬਾਰ ਵਿੱਚ ਨਿਵੇਸ਼ ਕੀਤੀ ਪੂੰਜੀ ਤੋਂ ਮਿਲਦਾ ਹੈ।

ਇਸਕਰਕੇ, 'ਸ਼ੁੱਧ ਪ੍ਰੀਮੀਅਮ' ਨੂੰ ਖਰਚ, ਰਾਖਵਾਂ ਅਤੇ ਲਾਭ ਦੇਣ ਲਈ ਕੁਝ ਫੀਸਦੀ ਢੁੱਕਵੇਂ ਰੂਪ ਵਿੱਚ ਵਧਾਇਆ ਜਾਂ ਲੋਡ ਕੀਤਾ ਜਾਂਦਾ ਹੈ।

ਪ੍ਰੀਮੀਅਮ ਦੀ ਅਸਲ ਦਰ ਵਿੱਚ ਅੱਗੇ ਦਿੱਤੇ ਭਾਗ ਹੋਣਗੇ:

- ✓ ਘਾਟਾ ਭੁਗਤਾਨ
- ✓ ਘਾਟਾ ਖਰਚੇ (ਜਿਵੇਂ ਕਿ ਸਰਵੇਖਣ ਫੀਸ)

- ✓ ਏਜੰਸੀ ਦਲਾਲੀ
- ✓ ਪ੍ਰਬੰਧਕੀ ਖਰਚੇ
- ✓ ਅਚਾਨਕ ਭਾਰੀ ਘਾਟੇ ਲਈ ਰਾਖਵਾਂ ਜਿਵੇਂ ਕਿ ਉਮੀਦ ਗਏ 5 ਦੀ ਬਜਾਏ ਕੁੱਲ ਘਾਟਾ 7 ਹੋਵੇ
- ✓ ਫਾਇਦੇ ਦੀ ਗੁੰਜ਼ਾਇਸ਼

ਸਭ ਢੁੱਕਵੇਂ ਰੇਟਿੰਗ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਕੋਈ ਵੀ ਯਕੀਨੀ ਬਣਾ ਸਕਦਾ ਹੈ ਕਿ ਦਰਾਂ (ਰੇਟ) ਅਧੂਰੀਆਂ, ਵੱਧ ਜਾਂ ਇੱਕੋ ਕਿਸਮ ਅਤੇ ਕੁਆਲਟੀ ਦੇ ਜੋਖਿਮਾਂ ਦੇ ਵਿੱਚ ਪੱਖਪਾਤੀ ਨਹੀਂ ਹਨ।

**ਆਪਣੇ ਆਪ ਨੂੰ ਟੈਸਟ ਕਰੋ 2**

ਸ਼ੁੱਧ ਪ੍ਰੀਮੀਅਮ ਕੀ ਹੈ?

I. ਢੁੱਕਵਾਂ ਪ੍ਰੀਮੀਅਮ, ਜੋ ਕਿ ਕੇਵਲ ਘਾਟਾ ਪੂਰਾ ਕਰਨ ਲਈ ਕਾਫ਼ੀ ਹੋਵੇ

II. ਸਮਾਜ ਦੇ ਆਮ ਮੈਂਬਰ ਉੱਤੇ ਲਾਗੂ ਹੋਣ ਵਾਲਾ ਪ੍ਰੀਮੀਅਮ

III. ਪ੍ਰਸ਼ਾਸ਼ਕੀ ਖਰਚਿਆਂ ਲਈ ਲੋਡ ਕਰਨ ਦੇ ਬਾਅਦ ਪ੍ਰੀਮੀਅਮ

IV. ਸਭ ਤੋਂ ਤਾਜ਼ਾ ਘਾਟੇ ਤਜਰਬੇ ਅੰਤਰਾਲ ਤੋਂ ਕੱਢਿਆ ਗਿਆ ਪ੍ਰੀਮੀਅਮ

---

### 2. ਕਟੌਤੀਯੋਗ

'ਕਟੌਤੀ' ਜਾਂ 'ਵਾਧਾ' ਬੀਮਾਕਰਤਾ ਅਤੇ ਬੀਮਤ ਵਿਚਾਲੇ ਕੀਮਤ ਸਾਂਝਾ ਕਰਨ ਦਾ ਪ੍ਰਬੰਧ ਹੈ। ਕਟੌਤੀ ਦਾ ਭਾਵ ਹੈ ਕਿ ਖਾਸ ਹੱਦ ਤੋਂ ਉਪਰਲੇ ਦਾਅਵੇ ਹੀ ਬੀਮਾਕਰਤਾ ਵਲੋਂ ਭੁਗਤਾਨਯੋਗ ਹੁੰਦੇ ਹਨ। ਦੂਜੇ ਸ਼ਬਦਾਂ ਵਿੱਚ ਬੀਮਾਕਰਤਾ ਇੱਕ ਖਾਸ ਪੱਧਰ ਤੋਂ ਹੇਠਲੇ ਦਾਅਵਿਆਂ ਲਈ ਦੇਣਦਾਰ ਨਹੀਂ ਹੋਵੇਗਾ। ਪੱਧਰ ਜਾਂ ਹੱਦ ਨੂੰ ਇੱਕ ਤੈਅ ਰਕਮ ਜਾਂ ਫ਼ੀਸਦੀ ਜਾਂ ਖਾਸ ਸਮੇਂ (ਸਮਾਂ-ਵਾਧਾ ਕਿਹਾ ਜਾਂਦਾ ਹੈ) ਵਜੋਂ ਨਿਯਤ ਕੀਤਾ ਜਾਂਦਾ ਹੈ। ਸਿਹਤ ਪਾਲਸੀਆਂ ਦੇ ਕੇਸ ਵਿੱਚ ਸ਼ਰਤ ਹੋਵੇ ਕਿ ਦਾਅਵਾ ਤਾਂ ਹੀ ਦੇਣਯੋਗ ਹੋਵੇਗਾ ਜੇ ਖਾਸ ਦਿਨਾਂ/ਘੰਟਿਆਂ ਲਈ ਹਸਪਤਾਲ ਵਿੱਚ ਭਰਤੀ ਹੋਇਆ ਜਾਂਦਾ ਹੈ। ਜੀਵਨ ਪਾਲਸੀਆਂ ਵਿੱਚ ਕਟੌਤੀਆਂ ਨਹੀਂ ਵਰਤੀਆਂ ਜਾਂਦੀਆਂ ਹਨ।

ਉਤਪਾਦਾਂ ਜਿਵੇਂ ਕਿ ਜਾਇਦਾਦ, ਮੋਟਰ ਅਤੇ ਘਰ ਬੀਮਿਆਂ ਵਿੱਚ, ਕਟੌਤੀਆਂ ਪਹਿਲਾਂ ਹੀ ਤੈਅ ਕੀਤੀ ਰਕਮ ਹੁੰਦੀ ਹੈ, ਜੋ ਕਿ ਬੀਮਤ ਨੂੰ ਹਰਜਾਨਾ ਦਾਅਵੇ ਲਈ ਝੱਲਣੀ ਜ਼ਰੂਰੀ ਹੁੰਦੀ ਹੈ। ਕਟੌਤੀ ਕੁਝ ਪਾਲਸੀਆਂ ਲਈ ਲਾਜ਼ਮੀ ਜਾਂ ਮਨ-ਮਰਜ਼ੀ ਮੁਤਾਬਕ ਹੋ ਸਕਦੀ ਹੈ। ਜਦੋਂ ਬੀਮਤ ਵੱਧ ਕਟੌਤੀ ਦੀ ਮਨਮਰਜ਼ੀ ਨਾਲ ਚੋਣ ਕਰਦੇ ਹਨ ਤਾਂ ਅਕਸਰ ਬੀਮਾਕਰਤਾ ਘੱਟ ਪ੍ਰੀਮੀਅਮ ਵਸੂਲਦੇ ਹਨ। ਏਜੰਟ ਨੂੰ ਵੇਖਣਾ ਚਾਹੀਦਾ ਹੈ ਕਿ ਖਾਸ ਕਟੌਤੀਆਂ ਕਿਵੇਂ ਕੰਮ ਕਰਦੀਆਂ ਹਨ ਅਤੇ ਬੀਮਤ ਨੂੰ ਜਾਣਕਾਰੀ ਦੇਣੀ ਹੁੰਦੀ ਹੈ ਕਿ ਕੀ ਕਟੌਤੀ 'ਹਰ ਸਾਲ' ਜਾਂ 'ਹਰ ਘਟਣਾ' ਉੱਤੇ ਅਧਾਰਿਤ ਹੋਵੇਗੀ।

ਕਟੌਤੀਆਂ ਲੈਣ ਦੇ ਕਈ ਕਾਰਨ ਹਨ। ਕਾਰਪੋਰੇਟ ਗਾਹਕ ਫੈਕਟਰੀਆਂ, ਕਈ ਕਾਰਗੋ ਮਾਲ ਖੇਪਾਂ, ਮੁਲਾਜ਼ਮਾਂ ਦੀ ਵੱਡੀ ਗਿਣਤੀ, ਜਨਤਕ ਦੇਣਦਾਰੀ ਦੇ ਖ਼ਚਰਿਆਂ ਆਦਿ ਲਈ ਬੀਮਾ ਸੁਰੱਖਿਆ ਲੈਂਦੇ ਹਨ ਅਤੇ ਵੱਡੀ ਮਾਤਰਾ ਵਿੱਚ ਬੀਮਾ ਰਕਮ ਹੁੰਦੀ ਹੈ, ਉਹ ਛੋਟੇ ਮੋਟੇ ਦਾਅਵਿਆਂ ਲਈ ਖੁਦ ਭੁਗਤਾਨ ਕਰਨਾ ਅਤੇ ਦਾਅਵੇ ਸਿੱਧ ਕਰਨ ਲਈ ਦਸਤਾਵੇਜ਼ ਤਿਆਰ ਕਰਨ ਦੀ ਸਿਰਦਰਦੀ ਤੋਂ ਪਰਹੇਜ਼ ਕਰਨਾ ਚਾਹੁਣਗੇ। ਮਿਸਾਲ ਵਜੋਂ ਵੱਡੀ ਫੈਕਟਰੀ ਦਾ ਮਾਲਕ, ਜੋ ਲੱਖਾਂ ਰੁਪਏ ਪ੍ਰੀਮੀਅਮ ਵਜੋਂ ਦਿੰਦੇ ਹਨ, ਲਈ 2,000 ਰੁਪਏ ਦੇ ਲਗਭਗ ਦੀ ਮਸ਼ੀਨ ਦੀ ਛੋਟੀ ਮੋਟੀ ਮੁਰੰਮਤ ਖੁਦ ਕਰਵਾਉਣ ਦੀ ਪਰੇਸ਼ਾਨੀ ਨਹੀਂ ਹੋ ਸਕਦੀ ਹੈ।

ਕੁਝ ਕਿਸਮ ਦੀਆਂ ਪਾਲਸੀਆਂ ਲਈ ਬੀਮਤ ਨੂੰ ਘਾਟੇ ਦਾ ਕੁਝ ਹਿੱਸਾ ਸਹਿਣ ਕਰਨ ਦੀ ਲੋੜ ਹੋ ਸਕਦੀ ਹੈ ਤਾਂ ਕਿ ਯਕੀਨੀ ਬਣਾਇਆ ਜਾ ਸਕੇ ਕਿ ਉਹ ਧਿਆਨ ਰੱਖਦੇ ਹਨ। ਜਿਵੇਂ ਕਿ ਸਿਹਤ ਬੀਮੇ ਵਿੱਚ ਕਟੌਤੀ ਉੱਤੇ ਜ਼ੋਰ ਦਿੱਤਾ ਜਾ ਸਕਦਾ ਹੈ ਤਾਂ ਕਿ ਬੀਮਤ ਸਿਰਫ਼ ਬੀਮਾ ਹੋਣ ਕਰਕੇ ਹਸਪਤਾਲ ਦੇ ਮਹਿੰਗੇ ਕਮਰੇ ਵਿੱਚ ਲੋੜ ਤੋਂ ਜਿਆਦਾ ਨਾ ਰੁਕੇ। ਕੁਝ ਬੀਮਾਕਰਤਾ ਛੋਟੇ ਮੋਟੇ ਦਾਅਵਿਆਂ ਉੱਤੇ ਕਾਰਵਾਈ ਲਈ ਸਮਾਂ ਲਗਾਉਣਾ ਨਹੀਂ ਚਾਹੁੰਦੇ ਹੋ ਸਕਦੇ। ਇਸ ਤੋਂ ਇਲਾਵਾ ਕੁਝ ਹਾਲਤਾਂ ਵਿੱਚ ਬੀਮਾਕਰਤਾ ਇੱਕ ਟਿਕਾਣੇ ਉੱਤੇ ਛੋਟੇ ਛੋਟੇ ਘਾਟਿਆਂ ਦੀ ਵੱਡੇ ਗਿਣਤੀ ਹੋਣ ਨਾਲ ਵਿੱਤੀ ਦਬਾਅ ਹੇਠ ਨਹੀਂ ਆਉਣਾ ਚਾਹੁੰਦਾ ਹੋ ਸਕਦਾ ਹੈ। ਮਿਸਾਲ ਵਜੋਂ ਉਦਯੋਗਿਕ ਖੇਤਰ ਵਿੱਚ ਛੋਟੇ ਮੋਟੇ ਹੜ੍ਹ ਕਰਕੇ ਖੇਤਰ ਦੇ ਸਾਰੇ ਗੁਦਾਮਾਂ ਤੋਂ ਘੱਟ ਕੀਮਤ ਦੇ ਦਾਅਵੇ ਆ ਸਕਦੇ ਹਨ।

ਰਿਆਇਤ: ਰਿਆਇਤ (Franchise) ਨਿਯਤ ਕੀਤੀ ਹੱਦ ਹੁੰਦੀ ਹੈ, ਜੋ ਕਿ ਅਕਸਰ ਬੀਮਾ ਕਰਵਾਈ ਰਕਮ ਦਾ ਕੁਝ ਫ਼ੀਸਦੀ ਹੁੰਦੀ ਹੈ, ਜਿਸ ਤੋਂ ਘੱਟ ਕਟੌਤੀਆਂ ਦੇ ਕੇਸ ਵਾਂਗੂੰ ਕੋਈ ਦਾਅਵਾ ਮਨਜ਼ੂਰ ਨਹੀਂ ਹੁੰਦਾ ਹੈ। ਪਰ ਜਦੋਂ ਦਾਅਵੇ ਦੀ ਰਕਮ ਰਿਆਇਤ ਦੀ ਹੱਦ ਤੋਂ ਵੱਧ ਜਾਂਦੀ ਹੈ ਤਾਂ ਬੀਮਾਕਰਤਾ ਵਲੋਂ ਸਾਰਾ ਦਾਅਵਾ ਮੰਨਣਯੋਗ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ ਰਿਆਇਤ ਬੀਮਾ ਕੰਪਨੀਆਂ ਦੀ ਵਿੱਤੀ ਜ਼ੁੰਮੇਵਾਰੀ ਲਈ ਘੱਟੋ-ਘੱਟ ਹੱਦ ਹੈ। ਰਿਆਇਤ ਪਾਲਸੀ ਉੱਤੇ ਉਸੇ ਢੰਗ ਅਤੇ ਉਹਨਾਂ ਕਾਰਨਾਂ ਲਈ ਦਾਅਵਿਆਂ ਦੇ ਕੇਸ ਵਿੱਚ ਕਟੌਤੀ ਵਾਂਗੂੰ ਹੱਦ ਤੋਂ ਘੱਟ ਲਈ ਲਾਗੂ ਹੋਵੇਗੀ, ਪਰ ਰਿਆਇਤ ਤੋਂ ਵੱਧ ਦੇ ਦਾਅਵੇ ਲਈ ਘਾਟੇ ਦੀ ਪੂਰੀ ਰਕਮ ਦਾ ਭੁਗਤਾਨ ਕੀਤਾ ਜਾਵੇਗਾ।

## D. ਰੇਟਿੰਗ ਪੱਖ

ਢੁੱਕਵੇਂ ਪੱਖ, ਜੋ ਕਿ ਦਰਾਂ ਵਿੱਚ ਜੋੜਨ ਲਈ ਵਰਤੇ ਜਾਂਦੇ ਹਨ ਅਤੇ ਰੇਟਿੰਗ ਸਕੀਮ ਬਣਾਉਂਦੇ ਹਨ, ਨੂੰ ਰੇਟਿੰਗ ਤੱਤ ਕਿਹਾ ਜਾਂਦਾ ਹੈ। ਬੀਮਾਕਰਤਾ ਜੋਖਿਮ ਪਤਾ ਕਰਨ ਅਤੇ ਮੁੱਲ ਤਹਿ ਕਰਨ, ਜੋ ਕਿ ਵਸੂਲਿਆ ਜਾਵੇਗਾ, ਲਈ 'ਰੇਟਿੰਗ ਤੱਤ' ਵਰਤਦੇ ਹਨ।

- ✓ ਬੀਮਾਕਰਤਾ ਆਪਣੇ ਮੁਲਾਂਕਣ ਦੇ ਆਧਾਰ ਤੇ ਮੂਲ ਦਰ ਤਹਿ ਕਰਦਾ ਹੈ।
- ✓ ਬੀਮਾਕਰਤਾ ਤਦ ਛੋਟਾਂ ਨਾਲ ਇਸ ਦਰ ਨੂੰ ਚੰਗੇ ਲੱਛਣਾਂ ਜਿਵੇਂ ਕਿ ਜਾਇਦਾਦ ਜੋਖਿਮ ਉੱਤੇ ਵਧੀਆ ਅੱਗ ਸੁਰੱਖਿਆ, ਨੂੰ ਲਾਗੂ ਕਰਦਾ ਹੈ ਅਤੇ ਉਲਟ ਪ੍ਰਭਾਵਾਂ ਜਿਵੇਂ ਕਿ ਇਮਾਰਤ ਵਿੱਚ ਜਲਣਸ਼ੀਲ ਸਮੱਗਰੀ ਦੀ ਮੌਜੂਦਗੀ ਲਈ ਲੋਡਿੰਗ ਲਾਗੂ ਕਰਦਾ ਹੈ।

- ✓ **ਜੀਵਨ ਬੀਮੇ ਵਿੱਚ ਅਕਸਰ ਉਲਟ ਪ੍ਰਭਾਵੀ ਸਿਹਤ, ਆਦਤਾਂ, ਖਾਨਦਾਨੀ ਜਾਂ ਰੁਜ਼ਗਾਰ ਦੇ ਕਾਰਨਾਂ ਲਈ ਲੋਡਿੰਗ ਲਾਗੂ ਕਰਨ ਦੇ ਆਮ ਅਮਲ ਹੈ।**

**ਮੁੱਖ ਸ਼ਬਦ**

- **ਕਟੌਤੀ**
- **ਰਿਆਇਤ**

**ਸਵੈ ਜਾਂਚ ਦੇ ਜਵਾਬ**

**ਜਵਾਬ 1 - ਸਹੀ ਚੋਣ । ਹੈ।**

**ਜਵਾਬ 2 - ਸਹੀ ਚੋਣ । ਹੈ।**

---

# ਪਾਠ C-06

# ਦਾਅਵਿਆਂ ਦੀ ਕਾਰਵਾਈ

**ਪਾਠ ਜਾਣ-ਪਛਾਣ**

ਬੀਮਤ ਨੂੰ ਬੀਮੇ ਦੇ ਫਾਇਦੇ ਦਾ ਅਨੁਭਵ ਸਿਰਫ਼ ਤਾਂ ਹੀ ਮਿਲਦਾ ਹੈ ਜਦੋਂ ਉਹ ਘਾਟੇ ਤੋਂ ਪ੍ਰਭਾਵਿਤ ਹੁੰਦੇ ਹਨ। ਪੂਰਾ ਬੀਮਾ ਉਦਯੋਗ ਬੀਮਤ ਵਲੋਂ ਸਾਹਮਣਾ ਕੀਤੇ ਘਾਟਿਆਂ ਅਤੇ ਦਾਅਵਿਆਂ ਨੂੰ ਜਿੰਨਾ ਮੰਨਣਯੋਗ ਅਤੇ ਜਿੰਨਾ ਤੇਜ਼ੀ ਨਾਲ ਹੱਲ ਹੋਵੇ ਨੂੰ ਨਿਪਟਾਉਣ ਪ੍ਰਤੀ ਸੰਵੇਦਨਸ਼ੀਲ ਹੈ।

**ਸਿੱਖਣ ਦੇ ਨਤੀਜੇ**

A. ਘਾਟਾ ਮੁਲਾਂਕਣ ਅਤੇ ਦਾਅਵੇ ਦਾ ਨਿਪਟਾਨ

B. ਦਾਅਵੇ ਦੇ ਵਰਗ

C. ਵਿਚੋਲਪੁਣਾ (arbitration)

D. ਸ਼ਿਕਾਇਤ ਹੱਲ ਕਰਨ ਦੇ ਹੋਰ ਢੰਗ

ਇਹ ਪਾਠ ਪੜ੍ਹਨ ਦੇ ਬਾਅਦ, ਤੁਹਾਨੂੰ ਸਮਝ ਆਉਣੀ ਚਾਹੀਦੀ ਹੈ:

1. ਦਾਅਵਾ ਨਿਪਟਾਨ
2. ਦਾਅਵਾ ਕਾਰਵਾਈ ਦੀ ਮਹੱਤਤਾ

## A. ਘਾਟਾ ਮੁਲਾਂਕਣ ਅਤੇ ਦਾਅਵਾ ਸਮਝੌਤਾ

ਦਾਅਵਾ ਮੁਲਾਂਕਣ (ਘਾਟਾ ਮੁਲਾਂਕਣ) ਪਤਾ ਕਰਨ ਦੀ ਪ੍ਰਕਿਰਿਆ ਹੈ ਕਿ ਕੀ ਬੀਮਤ ਨੂੰ ਪਿਆ ਘਾਟਾ ਬੀਮਾ ਪਾਲਸੀ ਅਧੀਨ ਸੁਰੱਖਿਅਤ ਹੈ, ਭਾਵ ਘਾਟਾ ਬੀਮੇ ਦੀ ਸੁਰੱਖਿਆ ਖੇਤਰ ਤੋਂ ਕਿਸੇ ਤਰ੍ਹਾਂ ਨਾਲ ਬਾਹਰ ਤਾਂ ਨਹੀ ਹੈ ਅਤੇ ਕੋਈ ਵੀ ਵਾਰੰਟੀ ਉਲੰਘਣਾ ਤਾਂ ਨਹੀਂ ਹੋਈ ਹੈ।

ਦਾਅਵਿਆਂ ਦੇ ਨਿਪਟਾਉਣ ਨੂੰ ਨਿਆਂ ਦੇ ਅਧਾਰ ਉੱਤੇ ਵਿਚਾਰਿਆ ਜਾਂਦਾ ਹੈ। ਇੱਕ ਬੀਮਾ ਕੰਪਨੀ ਲਈ ਦਾਅਵਿਆਂ ਦੇ ਨਿਪਟਾਉਣ ਵਿੱਚ ਤੇਜ਼ੀ ਨੂੰ ਉਸ ਦੀਆਂ ਸੇਵਾਵਾਂ ਲਈ ਕਾਰਗੁਜ਼ਾਰੀ ਦੇ ਪੈਮਾਨੇ ਵਜੋਂ ਵੇਖਿਆ ਜਾਂਦਾ ਹੈ। ਹਰ ਕੰਪਨੀ ਦੀਆਂ ਦਾਅਵਿਆਂ ਦੀ ਕਾਰਵਾਈ ਤੇ ਲੱਗਣ ਵਾਲੇ ਸਮੇਂ ਦੀਆਂ ਅੰਦਰੂਨੀ ਹਦਾਇਤਾਂ ਹੁੰਦੀਆਂ ਹਨ, ਜਿਹਨਾਂ ਨੂੰ ਮੁਲਾਜ਼ਮਾਂ ਨੂੰ ਪਾਲਣਾ ਕਰਨਾ ਹੁੰਦਾ ਹੈ।

ਇਹਨਾਂ ਆਮ ਤੌਰ ਉੱਤੇ "ਬਦਲਣ ਦਾ ਸਮਾਂ" (ਟੀਏਟੀ) ਕਹਿੰਦੇ ਹਨ। ਕਈ ਬੀਮਾਕਰਤਾ ਨੇ ਆਪਣੇ ਗਾਹਕਾਂ ਦੀ ਸਹੂਲਤ ਲਈ ਸਮੇਂ ਸਮੇਂ ਉੱਤੇ ਆਨਲਾਈਨ ਰਾਹੀਂ ਸਥਿਤੀ ਵੇਖਣ ਦੀ ਸਹੂਲਤ ਵੀ ਦਿੱਤੀ ਹੋਈ ਹੈ। ਕੁਝ ਬੀਮਾ ਕੰਪਨੀਆਂ ਨੇ ਦਾਅਵਿਆਂ ਉੱਤੇ ਤੇਜ਼ੀ ਨਾਲ ਕੰਮ ਕਰਨ ਲਈ ਦਾਅਵਾ ਹੱਬ ਤਿਆਰ ਕੀਤੇ ਹਨ।

**ਬੀਮਾ ਦਾਅਵੇ ਵਿੱਚ ਮਹੱਤਵਪੂਰਨ ਪੱਖ**

ਹਾਲਾਂਕਿ ਬਹੁਤੀਆਂ ਕੰਪਨੀਆਂ TAT ਦੇ ਤਹਿਤ ਹਨ, ਫਿਰ ਵੀ ਪਰ ਏਜੰਟ ਨੂੰ ਦਾਅਵਾ ਨਿਪਟਾਉਣ ਲਈ ਧਿਆਨ ਦੇਣ ਯੋਗ ਪੱਖਾਂ ਦੀ ਜਾਣਕਾਰੀ ਰੱਖਣਾ ਜਰੂਰੀ ਹੈ। ਗ਼ੈਰ-ਜੀਵਨ ਦਾਅਵਆਂ ਦੇ ਸਭ ਤੋਂ ਜ਼ਰੂਰੀ ਛੇ ਪੱਖ ਅੱਗੇ ਦਿੱਤੇ ਹਨ।

i. ਕੀ ਘਾਟਾ ਪੈਣ ਦੀ ਘਟਨਾ ਪਾਲਸੀ ਦੇ ਖੇਤਰ ਅਧੀਨ ਹੈ

ii. ਕੀ ਬੀਮਤ ਨੇ ਪਾਲਸੀ ਦੀਆਂ ਸ਼ਰਤਾਂ ਦੀ ਆਪਣੇ ਹਿੱਸੇ ਦੀ ਪਾਲਣਾ ਕੀਤੀ ਹੈ

iii. ਵਾਰੰਟੀਆਂ ਦੀ ਪਾਲਣਾ। ਸਰਵੇ ਰਿਪੋਰਟ ਦਰਸਾਏਗੀ ਕਿ ਕੀ ਵਾਰੰਟੀਆਂ ਦੀ ਪਾਲਣਾ ਹੋਈ ਹੈ।

iv. ਪਾਲਸੀ ਜਾਰੀ ਰਹਿਣ ਦੇ ਦੌਰਾਨ ਪੇਸ਼ਕਰਤਾ ਵਲੋਂ ਅਤਿ ਚੰਗੇ ਵਿਸ਼ਵਾਸ਼ ਦੀ ਪਾਲਣਾ ਕੀਤੀ ਗਈ ਹੈ।

v. ਨੁਕਸਾਨ ਹੋਣ ਉੱਤੇ, ਬੀਮਤ ਤੋਂ ਇਸ ਤਰ੍ਹਾਂ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਕਿ ਜਿਵੇਂ ਉਸ ਦਾ ਬੀਮਾ ਨਾ ਹੋਵੇ। ਦੂਜੇ ਸ਼ਬਦਾਂ ਵਿੱਚ, ਉਸ ਦਾ ਫ਼ਰਜ਼ ਹੈ ਕਿ ਘਾਟੇ ਨੂੰ ਘਟਾਉਣ ਲਈ ਕਦਮ ਚੁੱਕੇ।

vi. ਭੁਗਤਾਨਯੋਗ ਰਕਮ ਦਾ ਪਤਾ ਲਗਾਉਣਾ। ਦੇਣਯੋਗ ਨੁਕਸਾਨ ਦੀ ਰਕਮ ਬੀਮਾ ਕਰਵਾਈ ਰਕਮ ਉੱਤੇ ਨਿਰਭਰ ਹੈ। ਫਿਰ ਵੀ, ਦੇਣਯੋਗ ਰਕਮ ਹੇਠ ਦਿੱਤਿਆਂ ਉੱਤੇ ਵੀ ਨਿਰਭਰ ਹੈ:

- ✓ ਪ੍ਰਭਾਵਿਤ ਹੋਈ ਜਾਇਦਾਦ ਵਿੱਚ ਬੀਮਤ ਦੇ ਬੀਮਾਯੋਗ ਹਿੱਤ ਦੀ ਹੱਦ
- ✓ ਬਚੇ ਸਾਮਾਨ ਦਾ ਮੁੱਲ
- ✓ ਅਲਪ-ਬੀਮੇ ਦਾ ਇਸਤੇਮਾਲ

✓ ਯੋਗਦਾਨ ਅਤੇ ਪਰ-ਸਥਾਪਨ ਸ਼ਰਤਾਂ ਦਾ ਇਸਤੇਮਾਲ

ਜੀਵਨ ਬੀਮੇ ਦੇ ਸੰਬੰਧੀ ਦਾਅਵਿਆਂ ਦੇ ਲਈ, ਬੀਮਾਕਰਤਾ ਜਾਂਚ ਕਰਦਾ ਹੈ

1) ਪਾਲਸੀ ਦੀਆਂ ਸ਼ਰਤਾਂ ਦੀ ਉਲੰਘਣਾ ਨਹੀਂ ਹੋਈ

2) ਬੇਹੱਦ ਜਿਆਦਾ ਯਕੀਨ ਦੀ ਪਾਲਣਾ ਕੀਤੀ ਗਈ ਹੈ ਅਤੇ

3) ਕੋਈ ਪ੍ਰਮੁੱਖ ਤੱਥ ਜਾਣ ਬੁਝ ਕੇ ਲੁਕਾਏ ਨਹੀਂ ਗਏ ਹਨ।

## B. ਦਾਅਵੇ ਦੇ ਵਰਗ

ਬੀਮਾ ਦਾਅਵੇ ਹੇਠ ਦਿੱਤੇ ਵਰਗਾਂ ਵਿੱਚ ਆਉਂਦੇ ਹਨ:

### i. ਸਟੈਂਡਰਡ ਦਾਅਵੇ

ਇਹ ਦਾਅਵੇ ਸਪਸ਼ਟ ਰੂਪ ਵਿੱਚ ਪਾਲਸੀ ਦੇ ਨਿਯਮਾਂ ਤੇ ਸ਼ਰਤਾਂ ਦੇ ਤਹਿਤ ਆਉਂਦੇ ਹਨ। ਦਾਅਵੇ ਦਾ ਮੁਲਾਂਕਣ ਹੱਦ ਅਤੇ ਚੁਣੇ ਗਈ ਬੀਮਾ ਰਕਮ ਅਤੇ ਬੀਮੇ ਦੇ ਕਈ ਵਰਗਾਂ ਲਈ ਹਰਜਾਨੇ ਦੇ ਹੋਰ ਢੰਗਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤਾ ਜਾਂਦਾ ਹੈ।

### ii. ਔਸਤ ਜਾਂ ਔਸਤ ਨਿਯਮ ਦੀ ਸ਼ਰਤ

ਕੁਝ ਪਾਲਸੀਆਂ ਵਿੱਚ ਇਹ ਸ਼ਰਤ ਹੁੰਦੀ ਹੈ, ਜਿਸ ਵਿੱਚ ਬੀਮਤ ਨੂੰ ਆਪਣੀ ਜਾਇਦਾਦ ਦਾ ਬੀਮਾ ਉਸ ਦੇ ਅਸਲ ਮੁੱਲ ਤੋਂ ਘੱਟ, ਜਿਸ ਨੂੰ ਅਲਪ-ਬੀਮਾ ਕਹਿੰਦੇ ਹਨ, ਉੱਤੇ ਕਰਵਾਉਣ ਲਈ ਜੁਰਮਾਨਾ ਲਗਾਉਂਦੀ ਹੈ। ਦਾਅਵੇ ਦੇ ਸਮੇਂ ਬੀਮਤ ਰਕਮ ਪ੍ਰਾਪਤ ਕਰਦਾ ਹੈ, ਜੋ ਕਿ ਉਸ ਦੇ ਅਸਲ ਘਾਟੇ ਵਿੱਚੋਂ ਅਲਪ-ਬੀਮਾ ਕਰਵਾਈ ਰਕਮ ਦੇ ਮੁਤਾਬਕ ਘੱਟ ਜਾਂਦੀ ਹੈ। ਇੰਝ ਦੇ ਹਾਲਤ ਗ਼ੈਰ-ਜੀਵਨ ਬੀਮੇ ਵਿੱਚ ਪੈਦਾ ਹੋ ਸਕਦੇ ਹਨ।

### iii. ਕੁਦਰਤੀ ਘਟਨਾ ਸੰਕਟ - ਤਬਾਹਕਾਰੀ ਘਾਟੇ

ਕੁਦਰਤੀ ਸੰਕਟ ਜਿਵੇਂ ਕਿ ਤੂਫਾਨ, ਸਾਈਕਲੋਨ, ਹੜ੍ਹ, ਕਾਂਗ ਅਤੇ ਭੁਚਾਲ ਨੂੰ "ਰੱਬੀ ਆਫ਼ਤਾਂ" ਸੰਕਟ ਵਜੋਂ ਦਰਸਾਇਆ ਜਾਂਦਾ ਹੈ। ਇਹ ਸੰਕਟ ਦੇ ਨਤੀਜੇ ਕਰਕੇ ਬੀਮਾਕਰਤਾ ਦੀਆਂ ਕਈ ਪਾਲਸੀਆਂ ਨੂੰ ਪ੍ਰਭਾਵਿਤ ਖੇਤਰ ਵਿੱਚ ਘਾਟਾ ਪੈਂਦਾ ਹੈ। ਸਰਵੇਖਕ ਨੂੰ ਗ਼ੈਰ-ਜੀਵਨ ਬੀਮਾ ਦਾਅਵਿਆਂ ਦੇ ਕੁਝ ਵਰਗਾਂ ਦੇ ਮੁਲਾਂਕਣਾਂ ਲਈ ਨਿਯੁਕਤ ਕੀਤੇ ਜਾਂਦੇ ਹਨ।

ਇੰਝ ਦੇ ਕੁਝ ਵੱਡੇ ਅਤੇ ਤਬਾਹਕਾਰੀ ਘਾਟਿਆਂ ਵਿੱਚ, ਸਰਵੇਅਰ ਨੂੰ ਘਾਟਾ ਪੈਣ ਵਾਲੀ ਥਾਂ ਉੱਤੇ ਤੁਰੰਤ ਮੁਲਾਂਕਣ ਅਤੇ ਘਾਟਾ ਘੱਟ ਕਰਨ ਦੇ ਯਤਨਾਂ ਲਈ ਜਾਣ ਲਈ ਕਿਹਾ ਜਾਂਦਾ ਹੈ। ਨਾਲ ਹੀ, ਬੀਮਾਕਰਤਾ ਦੇ ਅਧਿਕਾਰੀ ਵੀ ਖਾਸ ਤੌਰ ਉੱਤੇ ਘਾਟੇ ਦੀ ਥਾਂ ਦਾ ਦੌਰਾ ਕਰ ਸਕਦੇ ਹਨ, ਜਦੋਂ ਕਿ ਘਾਟੇ ਦੀ ਰਕਮ ਬਹੁਤ ਵੱਡੀ ਹੋਵੇ। ਦੌਰਾ ਕਰਨ ਦਾ ਮਕਸਦ ਤੁਰੰਤ, ਮੌਕੇ ਉੱਤੇ ਘਾਟੇ ਦੀ ਕਿਸਮ ਅਤੇ ਮਾਤਰਾ ਦਾ ਪਤਾ ਕਰਨਾ ਹੈ।

ਮੁੱਢਲੀਆਂ ਰਿਪੋਰਟਾਂ ਵੀ ਦਿੱਤੀ ਜਾਂਦੀਆਂ ਹਨ, ਜੇ ਸਰਵੇਅਰ ਨੂੰ ਮੁਲਾਂਕਣ ਵਿੱਚ ਕੋਈ ਸਮੱਸਿਆ ਹੋਵੇ ਅਤੇ ਬੀਮਾਕਰਤਾ ਤੋਂ ਹਦਾਇਤਾਂ ਅਤੇ ਸਹਾਇਤਾਂ ਦੀ ਲੋੜ ਹੋਵੇ, ਜੋ ਕਿ ਲੋੜ ਮੁਤਾਬਕ ਬੀਮਤ ਨਾਲ ਮੁੱਦਿਆਂ ਨੂੰ ਵਿਚਾਰਨ ਦਾ ਮੌਕਾ ਦਿੰਦੇ ਹਨ।

iv. ਆਂਸਿਕ ਭੁਗਤਾਨ

ਗ਼ੈਰ-ਜੀਵਨ ਬੀਮਾ ਦਾਅਵਿਆਂ ਵਿੱਚ, ਮੁੱਢਲੀ ਰਿਪੋਰਟਾਂ ਦੇ ਨਾਲ ਨਾਲ, ਅੰਤਰਿਮ ਰਿਪੋਰਟਾਂ ਵੀ ਸਮੇਂ ਸਮੇਂ ਉੱਤੇ ਦਿੱਤੀ ਜਾਂਦੀਆਂ ਹਨ, ਜਿੱਥੇ ਮੁਰੰਮਤ ਅਤੇ/ਜਾਂ ਤਬਦੀਲੀ ਕਰਨ ਲਈ ਲੰਮਾ ਸਮਾਂ ਲੱਗਦਾ ਹੈ। ਅੰਤਰਿਮ ਰਿਪੋਰਟਾਂ ਬੀਮਾਕਰਤਾ ਨੂੰ ਘਾਟੇ ਦੇ ਮੁਲਾਂਕਣ ਕਰਨ ਵਿੱਚ ਮਦਦ ਕਰਦੀਆਂ ਹਨ। ਇਹ ਦਾਅਵੇ ਦੇ " ਆਂਸਿਕ ਭੁਗਤਾਨ" ਦੀ ਸਿਫਾਰਸ਼ ਕਰਨ ਲਈ ਮੱਦਦਗਾਰ ਹਨ, ਜੋ ਬੀਮਤ ਚਾਹੇ ਤਾਂ। ਇਹ ਅਕਸਰ ਤਾਂ ਹੁੰਦਾ ਹੈ, ਜਦੋਂ ਘਾਟਾ ਬਹੁਤ ਵੱਡਾ ਹੁੰਦਾ ਹੈ ਅਤੇ ਮੁਲਾਂਕਣ ਨੂੰ ਪੂਰਾ ਕਰਨ ਲਈ ਕੁਝ ਸਮਾਂ ਲੱਗ ਸਕਦਾ ਹੈ।

ਜੇ ਦਾਅਵਾ ਠੀਕ ਪਾਇਆ ਜਾਂਦਾ ਹੈ ਤਾਂ ਭੁਗਤਾਨ ਦਾਅਵੇਦਾਰ ਨੂੰ ਕੀਤਾ ਜਾਂਦਾ ਹੈ ਅਤੇ ਇੰਦਰਾਜ਼ ਕੰਪਨੀ ਰਿਕਾਰਡ ਵਿੱਚ ਬਣਾਏ ਜਾਂਦੇ ਹਨ। ਢੁੱਕਵੀਂ ਵਸੂਲੀ ਸਹਿ-ਬੀਮਾਕਰਤਾ ਅਤੇ ਮੁੜ-ਬੀਮਾਕਰਤਾ ਤੋਂ ਕੀਤੀ ਜਾਂਦੀ ਹੈ, ਜੇ ਕੋਈ ਹੋਵੇ। ਕੁਝ ਕੇਸਾਂ ਵਿੱਚ, ਬੀਮਤ ਉਹ ਵਿਅਕਤੀ ਨਹੀਂ ਹੋ ਸਕਦਾ ਹੈ, ਜਿਸ ਨੂੰ ਧਨ ਦਾ ਭੁਗਤਾਨ ਕੀਤਾ ਜਾਂਦਾ ਹੈ।

v. ਡਿਸਚਾਰਜ ਵਾਊਚਰ

ਦਾਅਵੇ ਦਾ ਨਿਪਟਾਰਾ ਕੇਵਲ ਪਾਲਸੀ ਦੇ ਅਧੀਨ ਡਿਸਚਾਰਜ ਪ੍ਰਾਪਤ ਕਰਨ ਦੇ ਬਾਅਦ ਹੀ ਕੀਤਾ ਜਾਂਦਾ ਹੈ। ਸੱਟਾਂ ਲਈ ਦਾਅਵਿਆਂ (ਨਿੱਜੀ ਦੁਰਘਟਨਾ ਬੀਮਾ ਵਿੱਚ) ਦੀ ਭੁਗਤਾਨ ਪ੍ਰਾਪਤ ਰਸੀਦ ਦੇ ਨਮੂਨੇ ਵਿੱਚ ਅੱਗੇ ਦਿੱਤੇ ਸ਼ਬਦ ਹੁੰਦੇ ਹਨ: (ਕੰਪਨੀ ਤੋਂ ਕੰਪਨੀ ਲਈ ਵੱਖ-ਵੱਖ ਹੋ ਸਕਦਾ ਹੈ)

| |
|---|
| ਬੀਮਤ ਦਾ ਨਾਂ |
| ਦਾਅਵਾ ਨੰ. ਪਾਲਸੀ ਨੰ. |
| ਵਲੋਂ ਪ੍ਰਾਪਤ ਕੰਪਨੀ ਲਿਮ. |
| ਮੁਆਵਜ਼ੇ ਦੀ ਪੂਰੀ ਅਤੇ ਨਿਰਧਾਰਿਤ ਰਕਮ ਰੁਪਏ...... ਪ੍ਰਾਪਤ ਕੀਤੇ ਜਿਹੜੀ ਕਿ ਮੈਨੂੰ/ਸਾਨੂੰ ਹਾਦਸੇ ਜੋ ਕਿ .... ਨੂੰ ਹੋਇਆ ਸੀ, ਕਰਕੇ ਸੱਟਾਂ ਲੱਗਣ ਕਰਕੇ ਦੇਣਯੋਗ ਸੀ। ਮੈਂ/ਅਸੀਂ ਇਹ ਡਿਸਚਾਰਜ ਰਸੀਦ ਕੰਪਨੀ ਨੂੰ ਮੇਰੇ/ਸਾਡੇ ਮੌਜੂਦਾ ਅਤੇ ਭਵਿੱਖ ਵਿੱਚ ਦਿੱਤੇ ਦਾਅਵੇ ਦੇ ਸਬੰਧੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਪੈਦਾ ਹੋਣ ਵਾਲੇ ਦਾਅਵੇ ਦੇ ਪੂਰੇ ਅਤੇ ਅੰਤਿਮ ਸਮਝੌਤੇ ਦੇ ਰੂਪ ਵਿੱਚ ਦਿੱਤੀਆਂ ਹਨ। |
| ਤਾਰੀਖ (ਦਸਤਖਤ) |

vi. ਦਾਅਵੇ ਨਿਪਟਾਰੇ ਤੋਂ ਬਾਅਦ ਕਾਰਵਾਈ

ਗ਼ੈਰ-ਜੀਵਨ ਦਾਅਵੇ ਦੇ ਨਿਪਤਾਰੇ ਦੇ ਬਾਅਦ ਅੰਡਰਰਾਈਟਿੰਗ ਨਾਲ ਸੰਬੰਧਿਤ ਕਾਰਵਾਈ ਇੱਕ ਕਾਰੋਬਾਰ ਵਰਗ ਤੋਂ ਦੂਜੇ ਕਾਰੋਬਾਰ ਵਰਗ ਵਿੱਚ ਵੱਖ-ਵੱਖ ਹੋ ਸਕਦੀ ਹੈ।

**ਉਦਾਹਰਨ**

ਅੱਗ ਪਾਲਸੀ ਅਧੀਨ ਬੀਮਾ ਕਰਵਾਈ ਰਕਮ ਦਾਅਵੇ ਦੇ ਭੁਗਤਾਨ ਦੀ ਰਕਮ ਦੀ ਹੱਦ ਤੱਕ ਘੱਟ ਜਾਂਦੀ ਹੈ। ਪਰ, ਇਸ ਦੀ ਬਹਾਲੀ ਪ੍ਰੋ-ਰਾਟਾ ਪ੍ਰੀਮੀਅਮ ਦੇ ਭੁਗਤਾਨ ਨਾਲ ਹੋ ਜਾਂਦੀ ਹੈ, ਜੋ ਕਿ ਭੁਗਤਾਨ ਕੀਤੇ ਦਾਅਵੇ ਦੀ ਰਕਮ ਤੋਂ ਕੱਟਿਆ ਜਾਂਦਾ ਹੈ।

ਨਿੱਜੀ ਦੁਰਘਟਨਾ ਪਾਲਸੀ ਅਧੀਨ ਬੀਮਾ ਕੀਤੀ ਰਕਮ ਪੂੰਜੀ ਦੇ ਭੁਗਤਾਨ ਕਰਨ ਦੇ ਬਾਅਦ ਪਾਲਸੀ ਰੱਦ ਹੋ ਜਾਂਦੀ ਹੈ।

ਇਸਤਰ੍ਹਾਂ ਵਿਅਕਤੀਗਤ ਦ੍ਰਿੜ੍ਹਤਾ ਗਾਰੰਟੀ ਪਾਲਸੀ ਅਧੀਨ ਦਾਅਵਾ ਭੁਗਤਾਨ ਦੇ ਬਾਅਦ ਪਾਲਸੀ ਆਪਣੇ-ਆਪ ਖਤਮ ਹੋ ਜਾਂਦੀ ਹੈ।

**vii. ਬਚੀ ਸੰਪੱਤੀ**

ਆਮ ਤੌਰ ਉੱਤੇ ਨੁਕਸਾਨੀ ਗਈ ਜਾਇਦਾਦ ਨੂੰ ਬਚੀ ਸੰਪੱਤੀ (Salvage) ਕਿਹਾ ਜਾਂਦਾ ਹੈ। ਘਾਟੇ ਦੇ ਭੁਗਤਾਨ ਉੱਤੇ, ਬਚੀ ਸੰਪੱਤੀ ਬੀਮਾਕਰਤਾ ਦੀ ਹੋ ਜਾਂਦੀ ਹੈ।

**ਉਦਾਹਰਨ**

ਜਦੋਂ ਮੋਟਰ ਦਾਅਵੇ ਪੂਰੇ ਘਾਟੇ ਦੇ ਅਧਾਰ ਉੱਤੇ ਨਿਪਟਾਇਆ ਜਾਂਦਾ ਹੈ ਤਾਂ ਨੁਕਸਾਨੇ ਗਏ ਵਹੀਕਲ ਨੂੰ ਬੀਮਾਕਰਤਾ ਵਲੋਂ ਲੈ ਲਿਆ ਜਾਂਦਾ ਹੈ। ਹੋਰ ਗ਼ੈਰ-ਜੀਵਨ ਬੀਮਿਆਂ ਜਿਵੇਂ ਕਿ ਅੱਗ ਬੀਮਾ, ਜਹਾਜ਼ੀ ਕਾਰਗੋ ਦਾਅਵਿਆਂ ਆਦਿ ਤੋਂ ਵੀ ਬਚੀ ਸੰਪੱਤੀ ਹੋ ਸਕਦੀ ਹੈ।

ਕੰਪਨੀਆਂ ਵਲੋਂ ਇਸ ਲਈ ਤਹਿ ਕੀਤੇ ਨਿਯਮਾਂ ਦੇ ਮੁਤਾਬਕ ਬਚੀ ਸੰਪੱਤੀ (Salvage) ਨੂੰ ਸਿਰੇ ਲਗਾਇਆ ਜਾਂਦਾ ਹੈ। ਸਰਵੇਖਕ, ਜਿਹਨਾਂ ਨੇ ਘਾਟੇ ਦਾ ਮੁਲਾਂਕਣ ਕੀਤਾ ਹੁੰਦਾ ਹੈ, ਨਿਪਟਾਰੇ ਦੇ ਢੰਗ ਦੀ ਵੀ ਸਿਫਾਰਸ਼ ਕਰ ਸਕਦੇ ਹਨ।

**viii. ਵਸੂਲੀ**

ਦਾਅਵੇ ਨੂੰ ਨਿਪਟਾਉਣ ਤੋਂ ਬਾਅਦ ਬੀਮਾ ਇਕਰਾਰਨਾਮਿਆਂ ਉੱਤੇ ਲਾਗੂ ਪਰ-ਸਥਾਪਨ ਹੱਕਾਂ ਦੇ ਤਹਿਤ ਬੀਮਾਕਰਤਾ ਬੀਮਤ ਦੇ ਅਧਿਕਾਰਾਂ ਤੇ ਉਪਾਅ ਕਰਨ ਦਾ ਹੱਕਦਾਰ ਹੁੰਦਾ ਹੈ ਅਤੇ ਸੁਤੰਤਰ ਧਿਰ ਤੋਂ ਭੁਗਤਾਨ ਕੀਤੇ ਘਾਟੇ ਨੂੰ ਵਸੂਲ ਸਕਦਾ ਹੈ, ਜੋ ਕਿ ਲਾਗੂ ਹੋਣ ਵਾਲੇ ਸੰਬੰਧਿਤ ਕਾਨੂੰਨਾਂ ਦੇ ਤਹਿਤ ਘਾਟੇ ਲਈ ਜ਼ਿੰਮੇਵਾਰ ਹੋ ਸਕਦੇ ਹਨ। ਇਸਕਰਕੇ ਬੀਮਾਕਰਤਾ ਜਹਾਜ਼ ਭੇਜਣ ਵਾਲੀਆਂ ਕੰਪਨੀਆਂ, ਰੇਲਵੇ, ਰੋਡ ਕੈਰੀਅਰ, ਹਵਾਈ-ਕੰਪਨੀਆਂ ਤੇ ਪੋਰਟ ਟਰੱਸਟਾਂ ਆਦਿ ਤੋਂ ਘਾਟੇ ਦੀ ਵਸੂਲੀ ਕਰ ਸਕਦਾ ਹੈ।

**ਉਦਾਹਰਨ**

**ਸਾਮਾਨ ਦੇ ਨਾ-ਪਹੁੰਚਣ ਦੇ ਕੇਸ ਵਿੱਚ, ਘਾਟੇ ਦੀ ਜ਼ਿੰਮੇਵਾਰੀ ਕੈਰੀਅਰ ਦੀ ਹੁੰਦੀ ਹੈ। ਇਸੇ ਤਰ੍ਹਾਂ, ਪੋਰਟ ਟਰੱਸਟ ਸਾਮਾਨ ਲਈ ਦੇਣਦਾਰ ਹੈ, ਜੋ ਕਿ ਸੁਰੱਖਿਅਤ ਢੰਗ ਨਾਲ ਆ ਤਾਂ ਗਿਆ ਸੀ, ਪਰ ਬਾਅਦ ਵਿੱਚ ਗੁੰਮ ਹੋ ਗਿਆ। ਇਸ ਮਕਸਦ ਲਈ, ਦਾਅਵੇ ਦੇ ਨਿਪਟਾਰੇ ਤੋਂ ਪਹਿਲਾਂ ਬੀਮਤ ਤੋਂ ਠੀਕ ਮੋਹਰ ਲੱਗਾ ਪਰ-ਸਥਾਪਨ ਪੱਤਰ ਦੀ ਲੈਣਾ ਹੁੰਦਾ ਹੈ।**

---

### ix. ਦਾਅਵਿਆਂ ਦੇ ਸਬੰਧੀ ਵਿਵਾਦ

**ਸਭ ਤੋਂ ਵਧੀਆ ਯਤਨਾਂ ਦੇ ਬਾਵਜੂਦ ਦਾਅਵਿਆਂ ਦੇ ਭੁਗਤਾਨ ਵਿੱਚ ਦੇਰੀ, ਦਾਅਵੇ ਦਾ ਨਾ-ਭੁਗਤਾਨ (ਇਨਕਾਰ) ਜਾਂ ਘੱਟ ਰਕਮ ਲਈ ਦਾਅਵੇ ਨੂੰ ਮਨਜ਼ੂਰੀ, ਜੋ ਕਿ ਅਸੰਤੁਸ਼ਟਾ ਅਤੇ ਬੀਮਾਕਰਤਾ ਤੇ ਬੀਮਤ ਵਿਚਾਲੇ ਝਗੜੇ ਦਾ ਕਾਰਨ ਬਣ ਸਕਦਾ ਹੈ।**

**ਇਹਨਾਂ ਤੋਂ ਬਿਨਾਂ, ਸਭ ਤੋਂ ਆਮ ਕਾਰਨਾਂ ਵਿੱਚੋਂ ਕੁਝ ਹਨ:**

- ✓ **ਪ੍ਰਮੁੱਖ ਤੱਥਾਂ ਬਾਰੇ ਨਾ-ਦੱਸਣਾ**
- ✓ **ਬੀਮਾ ਸੁਰੱਖਿਆ ਦੀ ਕਮੀ**
- ✓ **ਅਲਹਿਦਾ ਰੱਖੇ ਸੰਕਟਾਂ ਕਰਕੇ ਹੋਇਆ ਨੁਕਸਾਨ**
- ✓ **ਢੁਕਵੀਂ ਬੀਮਾ ਕੀਤੀ ਰਕਮ ਦੀ ਕਮੀ**
- ✓ **ਵਾਰੰਟੀ ਦਾ ਉਲੰਘਣ**
- ✓ **ਘੱਟ-ਬੀਮੇ, ਘਸਾਈ ਆਦਿ ਦੇ ਕਰਕੇ ਰਕਮ ਦੇ ਮੁੱਦੇ**

**ਇਹ ਸਭ ਕਰਕੇ ਬੀਮਤ ਨੂੰ ਉਸ ਸਮੇਂ ਭਾਰੀ ਦੁੱਖ ਹੁੰਦਾ ਹੈ, ਜਦੋਂ ਉਹ ਪਹਿਲਾਂ ਹੀ ਘਾਟੇ ਦੇ ਕਰਕੇ ਵਿੱਤੀ ਹਾਲਤਾਂ ਤੋਂ ਪ੍ਰਭਾਵਿਤ ਹੁੰਦਾ ਹੈ। ਉਸ ਦੇ ਦੁੱਖ ਨੂੰ ਘਟਾਉਣ ਲਈ, ਸ਼ਿਕਾਇਤ ਨਿਪਟਾਰਾ ਅਤੇ ਵਿਵਾਦ ਨਿਪਟਾਉਣ ਦੇ ਢੰਗ ਪਾਲਸੀ ਵਿੱਚ ਹੀ ਦਿੱਤੇ ਹੁੰਦੇ ਹਨ। ਅੱਗ ਜਾਂ ਜਾਇਦਾਦ ਦੀਆਂ ਪਾਲਸੀਆਂ ਵਿੱਚ "ਵਿਚੋਲਪੁਣੇ" ਦੀ ਸ਼ਰਤ ਪਾਲਸੀ ਵਿੱਚ ਹੁੰਦੀ ਹੈ।**

## C. ਵਿਚੋਲਪੁਣਾ (arbitration)

**ਇਕਰਾਰਾਂ ਦੇ ਕਰਕੇ ਹੋਏ ਵਿਵਾਦਾਂ ਨੂੰ ਨਿਪਟਾਉਣ ਦਾ ਇੱਕ ਢੰਗ ਹੈ ਵਿਚੋਲਪੁਣਾ। ਵਿਚੋਲਪੁਣਾ ਅਕਸਰ ਅਰਬੀਟੇਰਸ਼ਨ ਐਂਡ ਕਨਸੀਲੇਸ਼ਨ ਐਕਟ, 1996 ਦੇ ਨਿਯਮਾਂ ਦੇ ਤਹਿਤ ਕੀਤਾ ਜਾਂਦਾ ਹੈ। ਸਮਝੌਤੇ ਨੂੰ ਲਾਗੂ ਕਰਨ ਜਾਂ ਵਿਵਾਦ ਨਿਪਟਾਉਣ ਦੇ ਆਮ ਢੰਗਾਂ ਵਿੱਚ ਕਾਨੂੰਨੀ ਅਦਾਲਤ ਜਾਣਾ ਹੁੰਦਾ ਹੈ। ਇੰਝ ਦੇ ਮੁਕੱਦਮਿਆਂ ਵਿੱਚ ਕਾਫ਼ੀ ਦੇਰੀ ਅਤੇ ਖਰਚਾ ਲੱਗਦਾ ਹੈ। ਵਿਚੋਲਪੁਣਾ ਕਾਨੂੰਨ ਧਿਰਾਂ ਨੂੰ ਇਕਰਾਰ ਦੇ ਅਧੀਨ ਵਿਵਾਦਾਂ ਨੂੰ ਵਿਚੋਲਪੁਣੇ ਦੇ ਹੋਰ ਵੀ ਗ਼ੈਰ-ਰਸਮੀ ਢੰਗ, ਘੱਟ ਖਰਚੀਲੇ ਅਤੇ ਪ੍ਰਾਈਵੇਟ ਢੰਗ ਨਾਲ ਸੁਲਝਾਣਾ ਮਨਜ਼ੂਰ ਕਰਦਾ ਹੈ।**

ਵਿਚੋਲਪੁਣਾ ਆਪਸੀ ਵਿਵਾਦ ਵਾਲੀਆਂ ਧਿਰਾਂ ਵਲੋਂ ਚੁਣੇ ਗਏ ਇੱਕ ਵਿਚੋਲੇ ਜਾਂ ਵੱਧ ਵਿਚੋਲਿਆਂ ਰਾਹੀਂ ਕੀਤਾ ਜਾ ਸਕਦਾ ਹੈ। ਇੱਕਲੇ ਵਿਚੋਲੇ ਹੋਣ ਦੇ ਹਾਲਤ ਵਿੱਚ, ਧਿਰਾਂ ਨੂੰ ਉਸ ਵਿਅਕਤੀ ਲਈ ਸਹਿਮਤ ਹੋਣਾ ਚਾਹੀਦਾ ਹੈ। ਕਈ ਵਪਾਰਕ ਬੀਮਾ ਪਾਲਸੀਆਂ ਵਿਚੋਲਪੁਣਾ ਨਿਯਮ ਰੱਖਦੀਆਂ ਹਨ, ਜਿਸ ਦੇ ਅਧੀਨ ਵਿਵਾਦ ਵਿਚੋਲਪੁਣੇ ਅਧੀਨ ਆਉਣਗੇ। ਅੱਗ ਅਤੇ ਬਹੁਤੀਆਂ ਫੁਟਕਲ ਪਾਲਸੀਆਂ ਵਿੱਚ ਵੀ ਇੱਕ ਵਿਚੋਲਪਾਣਾ ਧਾਰਾ ਸ਼ਰਤ ਹੁੰਦੀ ਹੈ, ਜਿਸ ਮੁਤਾਬਕ ਜੇ ਪਾਲਸੀ ਦੇ ਅਧੀਨ ਦੇਣਦਾਰੀ ਨੂੰ ਕੰਪਨੀ ਵਲੋਂ ਮੰਨਿਆ ਜਾਂਦਾ ਹੈ ਅਤੇ ਭੁਗਤਾਨ ਕੀਤੇ ਜਾਣ ਵਾਲੀ ਮਾਤਰਾ ਸਬੰਧੀ ਮੱਤਭੇਦ ਹੋਵੇ ਤਾਂ ਇੰਝ ਦੇ ਮੱਤਫੇਦ ਨੂੰ ਵਿਚੋਲੇ ਨੂੰ ਸੌਂਪਣਾ ਚਾਹੀਦਾ ਹੈ। ਆਮ ਤੌਰ ਉੱਤੇ ਵਿਚੋਲ ਦਾ ਫੈਸਲਾ ਦੋਵਾਂ ਧਿਰਾਂ ਲਈ ਅੰਤਿਮ ਅਤੇ ਲਾਜ਼ਮੀ ਮੰਨਿਆ ਜਾਂਦਾ ਹੈ।

ਸ਼ਰਤਾਂ ਪਾਲਸੀ ਤੋਂ ਪਾਲਸੀ ਦੇ ਮੁਤਾਬਕ ਵੱਖ-ਵੱਖ ਹੁੰਦੀਆਂ ਹਨ। ਆਮ ਤੌਰ ਉੱਤੇ ਇਹ ਹੇਠ ਦਿੱਤੇ ਹਨ:

i. ਵਿਵਾਦ ਧਿਰਾਂ ਵਲੋਂ ਨਿਯੁਕਤ ਕੀਤੇ ਵਿਚੋਲੇ ਨੂੰ ਫੈਸਲੇ ਲਈ ਪੇਸ਼ ਕੀਤਾ ਜਾਂਦਾ ਹੈ ਜਾਂ ਇੱਕ ਵਿਚੋਲੇ ਦੀ ਨਿਯੁਕਤੀ ਨੂੰ ਲੈ ਕੇ ਜੇ ਉਹਨਾਂ ਵਿੱਚ ਕੋਈ ਅਸਹਮਿਤੀ ਹੋਣ ਉੱਤੇ, ਦੋ ਵਿਚੋਲੇ ਹਰੇਕ ਧਿਰ ਵਲੋਂ ਇੱਕ ਫੈਸਲਾ ਕਰਨ ਲਈ ਨਿਯੁਕਤ ਕੀਤੇ ਜਾਂਦੇ ਹਨ।

ii. ਇਹਨਾਂ ਦੋ ਵਿਚੋਲਿਆਂ ਵਲੋਂ ਅੰਪਾਇਰ ਨਿਯੁਕਤ ਕੀਤਾ ਜਾਂਦਾ ਹੈ, ਜੋ ਕਿ ਮੀਟਿੰਗ ਦੀ ਪ੍ਰਧਾਨਗੀ ਕਰਦਾ ਹੈ। ਇਹਨਾਂ ਮੀਟਿੰਗਾਂ ਵਿਚਲੀ ਕਾਰਵਾਈ ਕਾਨੂੰਨੀ ਅਦਾਲਤ ਨਾਲ ਮਿਲਦੀ ਹੈ। ਹਰ ਧਿਰ ਆਪਣਾ ਕੇਸ ਦੱਸਦੀ ਹੈ, ਜੇ ਲੋੜ ਹੋਵੇ ਤਾਂ, ਵਕੀਲ ਦੀ ਮੱਦਦ ਨਾਲ ਅਤੇ ਗਵਾਹਾਂ ਦੀ ਪੁੱਛ-ਗਿੱਛ ਕੀਤੀ ਜਾਂਦੀ ਹੈ।

iii. ਜੇ ਦੋ ਵਿਚੋਲੇ ਇੱਕ ਫੈਸਲੇ ਉੱਤੇ ਸਹਿਮਤ ਨਹੀਂ ਹੁੰਦੇ ਹਨ ਤਾਂ ਮਸਲੇ ਨੂੰ ਅੰਪਾਇਰ ਦੇ ਸਾਹਮਣੇ ਰੱਖਿਆ ਜਾਂਦਾ ਹੈ, ਜੋ ਕਿ ਆਪਣਾ ਫ਼ੈਸਲਾ ਸੁਣਾਉਂਦਾ ਹੈ।

iv. ਫ਼ੈਸਲਾ ਦਿੱਤੇ ਜਾਣ ਵਾਲਾ ਖਰਚਾ ਫ਼ੈਸਲਾ ਦੇਣ ਵਾਲੇ ਵਿਚੋਲੇ (arbitrator) ਜਾਂ ਅੰਪਾਇਰ ਦੀ ਮਨਮਨਰਜ਼ੀ ਉੱਤੇ ਨਿਰਭਰ ਕਰਦਾ ਹੈ।

ਦੇਣਦਾਰੀ ਦੇ ਸਵਾਲ ਸਬੰਧੀ ਵਿਵਾਦਾਂ ਨੂੰ ਮੁਕੱਦਮਾ ਰਾਹੀਂ ਹੱਲ ਕੀਤਾ ਜਾਂਦਾ ਹੈ।

**ਉਦਾਹਰਨ**

**ਜੇ ਬੀਮਾਕਰਤਾ ਫੈਸਲਾ ਕਰਦਾ ਹੈ ਕਿ ਘਾਟਾ ਦੇਣਯੋਗ ਨਹੀਂ ਹੈ, ਕਿਉਂਕਿ ਇਹ ਪਾਲਸੀ ਦੇ ਅਧੀਨ ਸੁਰੱਖਿਅਤ ਨਹੀਂ ਸੀ ਤਾਂ ਇੰਝ ਦੇ ਮਸਲਿਆਂ ਦਾ ਫੈਸਲਾ ਕਾਨੂੰਨੀ ਅਦਾਲਤ ਰਾਹੀਂ ਕੀਤਾ ਜਾਵੇਗਾ। ਜੇਕਰ, ਬੀਮਾਕਰਤਾ ਪਾਲਸੀ ਦੇ ਪ੍ਰਭਾਵਹੀਣ, ਕਿਉਂਕਿ ਇਹ ਪ੍ਰਮੁੱਖ ਤੱਥਾਂ ਦੇ ਧੋਖ਼ੇ ਰਾਹੀਂ ਨਾ-ਦੱਸਣ ਦੇ ਕਰਕੇ ਪ੍ਰਾਪਤ ਕੀਤੀ ਗਈ ਸੀ ('ਅਤਿ ਚੰਗੇ ਵਿਸ਼ਵਾਸ਼ ਦੇ ਕਾਨੂੰਨੀ ਫਰਜ਼ ਦਾ ਉਲੰਘਣ), ਹੋਣ ਦੇ ਅਧਾਰ ਉੱਤੇ ਦਾਅਵਾ ਭੁਗਤਾਨ ਤੋਂ ਇਨਕਾਰ ਕਰਦਾ ਹੈ ਤਾਂ ਮਾਮਲੇ ਨੂੰ ਮੁਕੱਦਮੇ ਤਹਿਤ ਹੱਲ ਕੀਤਾ ਜਾਂਦਾ ਹੈ।**

---

## D. ਹੋਰ ਸ਼ਿਕਾਇਤ ਹੱਲ ਕਰਨ ਢੰਗ

**IRDAI ਦੇ ਨਿਯਮਾਂ ਤਹਿਤ, ਬੀਮਤ ਦੇ ਕਿਸੇ ਵੀ ਕਾਰਨ ਕਰਕੇ ਬੀਮਾਕਰਤਾ ਦੀ ਸੇਵਾ ਤੋਂ ਸੰਤੁਸ਼ਟ ਨਾ ਹੋਣ ਦੇ ਹਾਲਤ ਵਿੱਚ ਉਪਲੱਬਧ ਸ਼ਿਕਾਇਤ ਨਿਪਟਾਰਾ ਸਿਸਟਮ ਬਾਰੇ ਜਾਣਕਾਰੀ ਸਭ ਪਾਲਸੀਆਂ ਵਿੱਚ ਦੇਣੀ ਜ਼ਰੂਰੀ ਹੈ।**

**ਨਿੱਜੀ ਬੀਮਾ ਦੇ ਕਾਰੋਬਾਰ ਦੇ ਦਾਅਵਿਆਂ ਦੇ ਕੇਸ ਵਿੱਚ ਅਸੰਤੁਸ਼ਟ ਬੀਮਤ ਬੀਮਾ ਲੋਕਪਾਲ ਨਾਲ ਸੰਪਰਕ ਕਰ ਸਕਦਾ ਹੈ। ਇਸ ਪ੍ਰਕਿਰਿਆ ਬਾਰੇ ਵੇਰਵੇ ਸਮੇਤ ਜਾਣਕਾਰੀ ਪਾਠ 9 ਵਿੱਚ ਦਿੱਤੀ ਗਈ ਹੈ। ਬੀਮਾ ਲੋਕਪਾਲ ਦੇ ਦਫ਼ਤਰ ਦੇ ਵੇਰਵੇ ਪਾਲਸੀ ਵਿੱਚ ਦਿੱਤੇ ਹੁੰਦੇ ਹਨ। ਲੋਕਪਾਲ ਦਾ ਫ਼ੈਸਲਾ ਬੀਮਾਕਰਤਾ ਲਈ ਲਾਜ਼ਮੀ ਹੁੰਦਾ ਹੈ ਪਰ ਬੀਮਤ ਲਈ ਨਹੀਂ।**

**ਵਿੱਤੀ ਅਥਾਰਟੀ ਅਤੇ ਲੋਕਪਾਲ ਦੀਆਂ ਹੱਦਾਂ ਦੇ ਬਾਰੇ ਪਾਠ 9 ਵਿੱਚ ਵੇਰਵੇ ਸਮੇਤ ਮੌਜੂਦ ਹਨ।**

**ਆਪਣੇ ਆਪ ਨੂੰ ਟੈਸਟ ਕਰੋ 1**

**ਹੇਠ ਦਿੱਤੀਆਂ ਸਰਗਰਮੀਆਂ ਵਿੱਚੋਂ ਕਿਸ ਨੂੰ ਦਾਅਵਿਆਂ ਦੇ ਪੇਸ਼ੇਵਰ ਢੰਗ ਨਾਲ ਨਿਪਟਾਉਣ ਵਿੱਚ ਨਹੀਂ ਰੱਖਿਆ ਜਾ ਸਕਦਾ ਹੈ?**

**I. ਘਾਟੇ ਦੇ ਕਾਰਨਾਂ ਦੇ ਸਬੰਧ ਵਿੱਚ ਜਾਣਕਾਰੀ ਪ੍ਰਾਪਤ ਕਰਨੀ**

**II. ਦਾਅਵੇ ਨੂੰ ਪੱਖ-ਪਾਤੀ ਢੰਗ ਨਾਲ ਪੇਸ਼ ਕਰਨਾ**

**III. ਪਤਾ ਕਰਨਾ ਕਿ ਕੀ ਘਾਟਾ ਬੀਮਾ ਕਰਵਾਏ ਗਏ ਸੰਕਟ ਦੇ ਨਤੀਜੇ ਵਜੋਂ ਹੋਇਆ ਹੈ**

**IV. ਦਾਅਵੇ ਦੇ ਅਧੀਨ ਦੇਣਯੋਗ ਰਕਮ ਦੀ ਮਾਤਰਾ ਤਹਿ ਕਰਨੀ**

**ਸਵੈ ਜਾਂਚ ਦੇ ਜਵਾਬ**

**ਜਵਾਬ 1- ਸਹੀ ਚੋਣ II ਹੈ।**

---

**ਮੁੱਖ ਸ਼ਬਦ**

**ਪੂਰਾ ਕਰਨ ਸਮਾਂ**

**ਬਚੀ ਸੰਪੱਤੀ**

**ਵਸੂਲੀ**

**ਦਾਅਵਾ ਮੁਲਾਂਕਣ**

---

# ਪਾਠ C-07

# ਦਸਤਾਵੇਜ਼

**ਪਾਠ ਜਾਣ-ਪਛਾਣ**

**ਬੀਮਾ ਉਦਯੋਗ ਵਿੱਚ ਅਸੀਂ ਵੱਡੀ ਗਿਣਤੀ ਵਿੱਚ ਫਾਰਮਾਂ ਤੇ ਦਸਤਾਵੇਜ਼ਾਂ ਨਾਲ ਕੰਮ ਕਰਦੇ ਹਾਂ। ਇਹਨਾਂ ਦਾ ਬੀਮਤ ਅਤੇ ਬੀਮਾਕਰਤਾ ਦੇ ਸੰਬੰਧਾਂ ਵਿਚਾਲੇ ਸਪਸ਼ਟਤਾ ਲਿਆਉਣ ਦਾ ਮਕਸਦ ਹੈ। ਇਹ ਪਾਠ ਵਿੱਚ, ਅਸੀਂ ਵੱਖ-ਵੱਖ ਦਸਤਾਵੇਜ਼ਾਂ, ਜੋ ਕਿ ਪੇਸ਼ਕਸ਼ ਪੜਾਅ ਦੇ ਦੌਰਾਨ ਸ਼ਾਮਿਲ ਹੁੰਦੇ ਹਨ ਅਤੇ ਉਹਨਾਂ ਦੀ ਮਹੱਤਤਾ ਦੇ ਬਾਰੇ ਸਿੱਖਾਂਗੇ।**

**ਸਿੱਖਣ ਦੇ ਨਤੀਜੇ**

**ਇਹਨਾਂ ਦੀ ਮਹੱਤਤਾ ਨੂੰ ਸਮਝਣਾ:**

**A. ਪ੍ਰਾਸਪੈਕਟਸ**

**B. ਪੇਸ਼ਕਸ਼ ਫਾਰਮ**

**C. ਆਪਣੇ ਗਾਹਕ ਨੂੰ ਜਾਣੋ (KYC) ਦਸਤਾਵੇਜ਼**

**ਇਹ ਪਾਠ ਸਿੱਖਣ ਦੇ ਬਾਅਦ ਤੁਸੀਂ ਯੋਗ ਹੋਣੇ ਚਾਹੀਦੇ ਹੋ:**

- **ਪੇਸਕਸ਼ ਪੜਾਅ ਸੰਬੰਧੀ ਦਸਤਾਵੇਜ਼ ਅਤੇ ਇਸ ਦੀ ਮਹੱਤਤਾ ਨੂੰ ਸਮਝਣਾ**
- **ਪ੍ਰਾਸਪੈਕਟਸ ਦੇ ਮਕਸਦਾਂ ਦੀ ਪਛਾਣ ਕਰਨੀ**
- **ਪੇਸ਼ਕਸ਼ ਫਾਰਮ ਦੀ ਮਹੱਤਤਾ ਨੂੰ ਸਮਝਣਾ**
- **ਮਨੀ ਲਾਂਡਰਿੰਗ ਵਿਰੁਧ (ਏਐਮਐਲ AML), ਅਤੇ ਆਪਣੇ ਗਾਹਕ ਨੂੰ ਜਾਣੋ (KYC) ਨਿਯਮਾਂ ਤੇ ਦਸਤਾਵੇਜ਼ਾਂ ਦੇ ਮਹੱਤਵ, ਜੋ ਅਕਸਰ ਸਭ ਪਾਲਸੀਆਂ ਲਈ ਲਾਗੂ ਹੁੰਦੇ ਹਨ, ਨੂੰ ਸਮਝਣਾ**
- **ਉਮਰ ਦਾ ਸਬੂਤ ਅਤੇ ਮੰਨਣਯੋਗ ਦਸਤਾਵੇਜ਼ਾਂ ਦੀ ਮਹੱਤਤਾ।**

## A. ਪ੍ਰਾਸਪੈਕਟਸ

ਪ੍ਰਾਸਪੈਕਟਸ ਪੇਸਕਸ਼ ਪੜਾਅ ਦਸਤਾਵੇਜ਼ ਹੈ। ਪ੍ਰਾਸਪੈਕਟਸ ਬੀਮਾ ਕੰਪਨੀਆਂ ਵਲੋਂ ਉਤਪਾਦ ਦੇ ਬਾਰੇ ਵੇਰਵੇ ਸਮੇਤ ਜਾਣਕਾਰੀ ਦੇਣ ਲਈ ਵਰਤਿਆ ਜਾਂਦਾ ਇੱਕ ਰਸਮੀ ਕਾਨੂੰਨੀ ਦਸਤਾਵੇਜ਼ ਹੈ। ਇਸ ਦਾ ਅਰਥ ਹੈ ਕਿ ਬੀਮਾਕਰਤਾ ਵਲੋਂ ਜਾਰੀ ਕੀਤਾ ਕਾਗਜ਼ੀ, ਇਲੈਕਟ੍ਰੋਨਿਕ ਜਾਂ ਹੋਰ ਰੂਪ ਵਿੱਚ ਦਸਤਾਵੇਜ਼, ਜੋ ਕਿ ਬੀਮਾ ਉਤਪਾਦਾਂ ਦੀ ਵਿਕਰੀ ਜਾਂ ਪ੍ਰਚਾਰ ਲਈ ਵਰਤਿਆ ਜਾਂਦਾ ਹੈ। ਇਸ ਮਕਸਦ ਲਈ ਬੀਮਾ ਉਤਪਾਦਾਂ ਵਿੱਚ ਪੇਸ਼ ਕੀਤੇ ਐਡ-ਆਨ ਬੀਮਾ-ਸੁਰੱਖਿਆ/ਰਾਈਡਰ, ਜੇ ਹੋਣ, ਵੀ ਸ਼ਾਮਲ ਹੁੰਦੇ ਹਨ। ਪ੍ਰਾਸਪੈਕਟਸ ਇੱਕ ਜਾਣ-ਪਛਾਣ ਕਰਵਾਉਣ ਵਾਲਾ ਦਸਤਾਵੇਜ਼ ਹੈ, ਜੋ ਕਿ ਸੰਭਾਵਿਤ ਪਾਲਸੀਧਾਰਕ ਨੂੰ ਕੰਪਨੀ ਦੇ ਉਤਪਾਦਾਂ ਨਾਲ ਜਾਣੂ ਕਰਵਾਉਂਦਾ ਹੈ।

IRDAI ਦੇ (ਪਾਲਸੀਧਾਰਕਾਂ ਦੇ ਹਿੱਤਾਂ ਦੀ ਸੁਰੱਖਿਆ) ਨਿਯਮ 2017 ਦੇ ਮੁਤਾਬਕ ਪ੍ਰਾਸਪੈਕਟਸ ਵਿੱਚ ਸਭ ਜ਼ਰੂਰੀ ਤੱਥ ਹੋਣੇ ਚਾਹੀਦੇ ਹਨ, ਜੋ ਕਿ ਸੰਭਾਵਿਤ ਪਾਲਸੀਧਾਰਕ ਨੂੰ ਪਾਲਸੀ ਖਰੀਦਣ ਦੇ ਫੈਸਲੇ ਸੰਬੰਧੀ ਜਾਣਕਾਰੀ ਦੇਣ ਲਈ ਚਾਹੀਦੇ ਹਨ। ਇਸ ਵਿੱਚ ਬੀਮੇ ਦੇ ਹਰ ਪਲਾਨ ਲਈ ਹੇਠ ਦਿੱਤੀ ਜਾਣਕਾਰੀ ਹੋਣੀ ਚਾਹੀਦੀ ਹੈ:

- ਅਥਾਰਟੀ ਵਲੋਂ ਸੰਬੰਧਿਤ ਬੀਮਾ ਉਤਪਾਦ ਲਈ ਜਾਰੀ ਕੀਤਾ ਵਿਲੱਖਣ ਪਛਾਣ ਨੰਬਰ (UIN)
- ਬੀਮਾ ਸੁਰੱਖਿਆ ਦੀ ਹੱਦ
- ਫਾਇਦੇ ਦਾ ਦਾਇਰਾ / ਪਾਤਰਤਾ - ਗਾਰੰਟੀਸ਼ੁਦਾ ਅਤੇ ਗ਼ੈਰ-ਗਾਰੰਟੀਸ਼ੁਦਾ
- ਬੀਮਾ ਸੁਰੱਖਿਆ ਲਈ ਵਾਰੰਟੀਆਂ, ਅਲਹਿਦਗੀਆਂ/ ਅਪਵਾਦ ਵੇਰਵਿਆਂ ਸਮੇਤ
- ਬੀਮਾ ਸੁਰੱਖਿਆ ਲਈ ਨਿਯਮ ਅਤੇ ਸ਼ਰਤਾਂ
- ਬੀਮੇ ਵਲੋਂ ਸੁਰੱਖਿਆ ਦਿੱਤੀ ਘਟਨਾ ਜਾਂ ਘਟਨਾਵਾਂ ਦਾ ਵਰਣਨ
- ਪ੍ਰਾਸਪੈਕਟਸ ਦੀਆਂ ਸ਼ਰਤਾਂ ਅਧੀਨ ਬੀਮੇ ਲਈ ਯੋਗ ਜੀਵਨ ਦੀ ਸ਼੍ਰੇਣੀ ਜਾਂ ਸ਼੍ਰੇਣੀਆਂ ਜਾਂ ਜਾਇਦਾਦ
- ਕੀ ਪਲੈਨ ਭਾਗੀਦਾਰੀ ਵਾਲਾ ਹੈ ਜਾਂ ਗ਼ੈਰ-ਭਾਗੀਦਾਰ

ਉਤਪਾਦ ਉੱਤੇ ਮੰਨਣਯੋਗ ਐਡ-ਆਨ ਬੀਮਾ-ਸੁਰੱਖਿਆ (ਜਿਸ ਨੂੰ ਜੀਵਨ ਬੀਮਾ ਵਿੱਚ ਰਾਈਡਰ ਕਿਹਾ ਜਾਂਦਾ ਹੈ) ਅਤੇ ਉਹਨਾਂ ਦੇ ਫਾਇਦੇ ਵੀ ਦਿੱਤੇ ਹੋਣੇ ਚਾਹੀਦੇ ਹਨ।

ਹੋਰ ਖਾਸ ਜਾਣਕਾਰੀ, ਜੋ ਕਿ ਪ੍ਰਾਸਪੈਕਟਸ ਵਿੱਚ ਸ਼ਾਮਲ ਹੋ ਸਕਦੀ ਹੈ:

1. ਕਵਰ ਅਤੇ ਪ੍ਰੀਮੀਅਮ ਵਿੱਚ ਅੰਤਰ ਜਿਵੇਂ ਕਿ ਵੱਖੋ-ਵੱਖਰੇ ਉਮਰ ਸਮੂਹਾਂ ਜਾਂ ਵੱਖੋ-ਵੱਖ ਦਾਖ਼ਲ ਉਮਰ ਦੇ ਹਿਸਾਬ ਨਾਲ
2. ਪਾਲਸੀ ਦੇ ਨਵਿਆਉਣ ਦੇ ਨਿਯਮ
3. ਕੁਝ ਨਿਸ਼ਚਿਤ ਹਾਲਾਤਾਂ ਵਿੱਚ ਪਾਲਸੀ ਨੂੰ ਰੱਦ ਕਰਨ ਦੇ ਨਿਯਮ

4. ਵੱਖ-ਵੱਖ ਹਾਲਤਾਂ ਦੇ ਅਧੀਨ ਕੋਈ ਲਾਗੂ ਹੋਈਆਂ ਛੋਟਾਂ ਜਾਂ ਲੋਡਿੰਗ ਦੇ ਵੇਰਵੇ
5. ਪਾਲਸੀ ਦੇ ਨਿਯਮਾਂ ਵਿੱਚ ਕੋਈ ਵੀ ਰੀਵਿਜ਼ਨ ਜਾਂ ਸੋਧ ਦੀ ਸੰਭਾਵਨਾ, ਜਿਸ ਵਿੱਚ ਪ੍ਰੀਮੀਅਮ ਵੀ ਸ਼ਾਮਲ ਹੈ
6. ਇੱਕੋ ਬੀਮਾਕਰਤਾ ਦੇ ਨਾਲ ਜਲਦੀ ਜੁੜਨਾ, ਨਿਯਮਤ ਨਵਿਆਉਣ, ਅਨੁਕੂਲ ਦਾਅਵਿਆਂ ਦੇ ਤਜਰਬੇ ਆਦਿ ਦੇ ਲਈ ਪਾਲਸੀਧਾਰਕ ਨੂੰ ਪ੍ਰੋਤਸਾਹਨ ਵਜੋਂ ਦਿੱਤੇ ਜਾਣ ਵਾਲੇ ਇਨਾਮ।
7. ਪ੍ਰਾਸਪੈਕਟਸ ਵਿੱਚ IRDAI ਵਲੋਂ ਜਾਰੀ ਕੀਤਾ ਉਤਪਾਦ UIN ਸ਼ਾਮਲ ਕੀਤਾ ਹੋਣਾ ਚਾਹੀਦਾ ਹੈ
8. IRDAI ਰੈਗੂਲੇਸ਼ਨ ਜ਼ਰੂਰੀ ਬਣਾਉਂਦੇ ਹਨ ਕਿ ਪ੍ਰਾਸਪੈਕਟਸ ਵਿੱਚ ਸੈਕਸ਼ਨ 41 ਦੀ ਕਾਪੀ ਸ਼ਾਮਲ ਹੋਣੀ ਚਾਹੀਦੀ ਹੈ। ਇਹ ਭਾਗ ਭਾਰਤ ਵਿੱਚ ਰਹਿਣ ਵਾਲੇ ਕਿਸੇ ਵੀ ਵਿਅਕਤੀ ਨੂੰ ਜਾਂ ਜਾਇਦਾਦ ਸੰਬੰਧੀ ਬੀਮੇ ਦੀ ਕਿਸੇ ਵੀ ਕਿਸਮ ਲਈ ਨਵਾਂ ਬੀਮਾ, ਜਾਰੀ ਰੱਖਣ ਜਾਂ ਨਵਿਆਉਣ ਲਈ ਸਿੱਧਾ ਜਾਂ ਅਸਿੱਧਾ ਲਾਲਚ ਦੇ ਕੇ ਪ੍ਰੇਰਿਤ ਨਹੀਂ ਕਰ ਸਕਦਾ ਹੈ, ਜਿਸ ਵਿੱਚ ਪਾਲਸੀ ਉੱਤੇ ਭੁਗਤਾਨਯੋਗ ਕਮਿਸ਼ਨ ਦਾ ਪੂਰਾ ਜਾਂ ਅਧੂਰਾ ਹਿੱਸਾ ਛੋਟ ਦੇ ਰੂਪ ਵਿੱਚ ਸ਼ਾਮਲ ਹੈ।

ਖਾਸ ਤੌਰ ਉੱਤੇ ਪ੍ਰਾਸਪੈਕਟਸ ਪੇਸ਼ਕਰਤਾ ਨੂੰ ਨਾਮਜ਼ਦਗੀ ਦੀ ਸਹੂਲਤ ਬਾਰੇ ਜਾਣਕਾਰੀ ਦਿੰਦਾ ਹੈ।

**ਆਪਣੇ ਆਪ ਨੂੰ ਟੈਸਟ ਕਰੋ 1**

ਹੇਠ ਦਿੱਤਿਆਂ ਵਿੱਚੋਂ ਕੀ ਬੀਮਾ ਪ੍ਰਾਸਪੈਕਟਸ ਦਾ ਹਿੱਸਾ ਨਹੀਂ ਹੁੰਦਾ ਹੈ?

I. ਲੋਕਪਾਲ ਦਾ ਨਾਂ

II. ਫਾਇਦੇ ਦੇ ਦਾਇਰੇ ਦੀ ਤਾਰੀਖ

III. ਪਾਤਰਤਾ

IV. ਛੋਟਾਂ

---

## B. ਪੇਸ਼ਕਸ਼ ਫਾਰਮ

ਬੀਮਾ ਪਾਲਸੀ ਬੀਮਤ ਅਤੇ ਬੀਮਾਕਰਤਾ ਦੇ ਵਿਚਾਲੇ ਇੱਕ ਕਾਨੂੰਨੀ ਇਕਰਾਰਨਾਮਾ ਹੁੰਦਾ ਹੈ। ਜਿਵੇਂ ਕਿਸੇ ਵੀ ਇਕਰਾਰਨਾਮੇ ਲਈ ਜ਼ਰੂਰੀ ਕਿ ਉਸ ਵਿੱਚ ਪੇਸ਼ਕਸ਼ ਦਾ ਹੋਣਾ ਅਤੇ ਉਸ ਦੀ ਮਨਜ਼ੂਰੀ ਹੋਵੇ।

“ਪੇਸ਼ਕਸ਼ ਫਾਰਮ” ਐਪਲੀਕੇਸ਼ਨ ਦਸਤਾਵੇਜ਼ ਹੈ, ਜੋ ਕਿ ਪੇਸ਼ਕਸ਼ ਬਣਾਉਣ ਲਈ ਵਰਤਿਆ ਜਾਂਦਾ ਹੈ। ਇਹ ਪੇਸ਼ਕਰਤਾ ਵਲੋਂ ਅਥਾਰਟੀ ਦੁਆਰਾ ਪ੍ਰਮਾਣਿਤ ਲਿਖਤੀ ਜਾਂ ਇਲੈਕਟ੍ਰੋਨਿਕ ਜਾਂ ਹੋਰ ਢੰਗ ਨਾਲ ਭਰਿਆ ਜਾਣ ਵਾਲਾ ਫਾਰਮ ਹੈ। ਇਸ ਵਿੱਚ ਜ਼ੋਖਮ ਨੂੰ ਕਵਰ ਕਰਨ ਵਾਸਤੇ ਮਨਜ਼ੂਰ ਜਾਂ ਇਨਕਾਰ ਕਰਨ ਲਈ ਬੀਮਾਕਰਤਾ ਵਲੋਂ ਚਾਹੀਦੀ ਸਾਰੀ ਜਾਣਕਾਰੀ ਹੁੰਦੀ ਹੈ। ਜੇ ਜ਼ੋਖਮ ਨੂੰ ਮਨਜ਼ੂਰ ਕਰ ਲਿਆ ਜਾਂਦਾ ਹੈ ਤਾਂ ਬੀਮਾਕਰਤਾ ਇਸ ਜਾਣਕਾਰੀ ਨੂੰ ਆਧਾਰ ਬਣਾ ਕੇ ਰੇਟ ਦਾ ਫੈਸਲਾ ਕਰ, ਬੀਮਾ-ਸੁਰੱਖਿਆ ਦੀ ਮਨਜ਼ੂਰੀ ਦੇਣ ਲਈ ਨਿਯਮਾਂ ਤੇ ਸ਼ਰਤਾਂ ਤੈਅ ਕਰ ਸਕਦਾ ਹੈ।

ਬੀਮੇ ਲਈ ਅਤਿ ਚੰਗੇ ਵਿਸ਼ਵਾਸ਼ ਅਤੇ ਪ੍ਰਮੁੱਖ ਜਾਣਕਾਰੀ ਦੇ ਦੇਣ ਦੇ ਫ਼ਰਜ਼ ਦੇ ਸਿਧਾਂਤ ਨਾਲ ਪੇਸ਼ਕਸ਼ ਫਾਰਮ ਸ਼ੁਰੂ ਹੁੰਦਾ ਹੈ। ਪੇਸ਼ਕਰਤਾ ਨੂੰ ਸਾਰੀ ਜਾਣਕਾਰੀ ਦਰੁਸਤ ਅਤੇ ਪੂਰੀ ਦੇਣਾ ਜ਼ਰੂਰੀ ਹੈ, ਕਿਉਂਕਿ ਇਹ ਦਸਤਾਵੇਜ਼ ਬੀਮਾ ਮਨਜ਼ੂਰ ਕਰਨ ਦਾ ਆਧਾਰ ਬਣਦਾ ਹੈ ਅਤੇ ਕਿਸੇ ਵੀ ਗ਼ਲਤ ਜਾਂ ਲੁਕਾਈ ਜਾਣਕਾਰੀ ਨਾਲ ਦਾਅਵੇ ਤੋਂ ਇਨਕਾਰ ਕੀਤਾ ਜਾ ਸਕਦਾ ਹੈ।

ਜਾਣਕਾਰੀ ਦੇਣ ਦਾ ਇਹ ਫ਼ਰਜ਼ ਪੇਸ਼ਕਸ਼ ਪੜਾਅ ਤੋਂ ਅੱਗੇ ਵੀ ਜਾਰੀ ਰਹਿੰਦਾ ਹੈ, ਬੀਮਾ ਇਕਰਾਰਨਾਮੇ ਦੇ ਮੁਕੰਮਲਲ ਹੋਣ ਤੋਂ ਬਾਅਦ ਤੱਕ ਵੀ। ਬੀਮੇ ਦੇ ਦੌਰਾਨ ਕਿਸੇ ਵੀ ਸਮੇਂ ਕੋਈ ਵੀ ਪ੍ਰਮੁੱਖ ਤਬਦੀਲੀ ਹੁੰਧੀ ਹੈ ਤਾਂ ਇਸ ਨੂੰ ਗ਼ੈਰ-ਜੀਵਨ ਬੀਮਾ ਪਾਲਸੀਆਂ ਲਈ ਖੁਲਾਸਾ ਕਰਨ ਦੀ ਲੋੜ ਹੁੰਦੀ ਹੈ।

ਬੀਮਾ ਪਾਲਸੀ ਦੀ ਵਿਕਰੀ ਜਾਂ ਬੀਮਾ ਪਾਲਸੀ ਜਾਰੀ ਕਰਨ ਦੇ ਦੌਰਾਨ ਪੇਸ਼ਕਸ਼ ਫਾਰਮ ਰਾਹੀਂ ਇਕੱਤਰ ਕੀਤੀ ਜਾਣਕਾਰੀ ਗੁਪਤ ਹੁੰਦੀ ਹੈ ਅਤੇ ਕਿਸੇ ਵੀ ਤੀਜੀ ਧਿਰ ਨਾਲ ਸਾਂਝੀ ਨਹੀਂ ਕੀਤੀ ਜਾਣੀ ਚਾਹੀਦੀ ਹੈ। ਜਿੱਥੇ ਕਿਸੇ ਵੀ ਕਾਰਨ ਕਰਕੇ ਪੇਸ਼ਕਰਤਾ ਨੂੰ ਪੇਸ਼ਗੀ ਜ਼ਮ੍ਹਾਂ ਨੂੰ ਰਕਮ ਵਾਪਸ ਕਰਨੀ ਪਵੇ ਤਾਂ ਇਹ ਪੇਸ਼ਕਸ਼ ਉੱਤੇ ਅੰਡਰਰਾਈਟਿੰਗ ਫੈਸਲੇ ਦੀ ਤਾਰੀਖ ਤੋਂ 15 ਦਿਨਾਂ ਦੇ ਵਿੱਚ ਵਿੱਚ ਕੀਤਾ ਜਾਣਾ ਚਾਹੀਦਾ ਹੈ।

IRDAI ਦੀਆਂ ਸੋਧਾਂ ਮੁਤਾਬਕ, ਇਹ ਬੀਮਾਕਰਤਾ ਦਾ ਬੀਮਤ ਵੱਲ ਫ਼ਰਜ਼ ਹੈ ਕਿ ਉਹ ਬੀਮਤ ਨੂੰ ਮੁਫ਼ਤ ਵਿੱਚ ਪੇਸ਼ਕਸ਼ ਨੂੰ ਮਨਜ਼ੂਰ ਹੋਣ ਦੇ 30 ਦਿਨਾਂ ਵਿੱਚ ਵਿੱਚ ਬੀਮਤ ਵਲੋਂ ਪੇਸ਼ ਕੀਤੇ ਪੇਸ਼ਕਸ਼ ਫਾਰਮ ਦੀ ਕਾਪੀ ਭੇਜੇ। ਏਜੰਟ ਤੋਂ ਇਹ ਸਮਾਂ-ਹੱਦ ਬਾਰੇ ਧਿਆਨ ਰੱਖਣ, ਆਪਣੇ ਤੌਰ ਤੇ ਕੰਮ ਕਰਨ ਦੀ ਪ੍ਰਗਤੀ ਦੇਖਣਾ ਅਤੇ ਗਾਹਕ ਸੇਵਾ ਦੇ ਤੌਰ ਉੱਤੇ ਸੰਭਾਵਿਤ/ਬੀਮਤ ਨਾਲ ਜਦੋਂ ਲੋੜ ਹੋਵੇ ਗੱਲਬਾਤ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

a) ਪੇਸ਼ਕਸ਼ ਫਾਰਮ - ਵੇਰਵੇ

ਪੇਸ਼ਕਸ਼ ਫਾਰਮ ਦਸਤਾਵੇਜ਼ ਦਾ ਪਹਿਲਾਂ ਪੜਾਅ ਹੈ, ਜਿਸ ਰਾਹੀਂ ਬੀਮਤ ਬੀਮਾਕਰਤਾ ਨੂੰ ਜਾਣਕਾਰੀ ਦਿੰਦਾ ਹੈ:

- ✓ ਉਹ ਕੌਣ ਹੈ
- ✓ ਉਸ ਨੂੰ ਕਿਸ ਕਿਸਮ ਦੇ ਬੀਮੇ ਦੀ ਲੋੜ ਹੈ
- ✓ ਵੇਰਵਾ, ਜਿਸ ਦਾ / ਉਹ ਬੀਮਾ ਕਰਵਾਉਣਾ ਚਾਹੁੰਦਾ/ਚਾਹੁੰਦੀ ਹੈ ਅਤੇ
- ✓ ਕਿੰਨੇ ਸਮੇਂ ਲਈ
- ✓ ਜ਼ੋਖਮ ਦੇ ਵੇਰਵੇ (ਜਿਵੇਂ ਕਿ ਜੀਵਨ ਤੇ ਸਿਹਤ ਬੀਮੇ ਲਈ - ਸਿਹਤ ਦੇ ਵੇਰਵੇ ਜਾਂ ਲੱਗੀਆਂ ਬੀਮਾਰੀਆਂ ਦੇ ਵੇਰਵੇ ਦਿੱਤੇ ਜਾਣੇ ਚਾਹੀਦੇ ਹਨ)
- ✓ ਵੇਰਵਿਆਂ ਵਿੱਚ ਬੀਮੇ ਦੇ ਵਿਸ਼ੇ ਦੇ ਮਾਲੀ ਮੁੱਲ ਅਤੇ ਉਸ ਨਾਲ ਸਬੰਧਿਤ ਸਭ ਪ੍ਰਮੁੱਖ ਤੱਥਾਂ, ਜੋ ਕਿ ਪੇਸ਼ ਕੀਤੇ ਬੀਮੇ ਨਾਲ ਜੁੜੇ ਹੋਣ, ਸ਼ਾਮਲ ਹੁੰਦੇ ਹਨ।

ਦੂਜੇ ਸ਼ਬਦਾਂ ਵਿੱਚ ਪੇਸ਼ਕਸ਼ ਫਾਰਮ ਰਾਹੀਂ ਪੇਸ਼ਕਰਤਾ ਦੀ ਪਛਾਣ, ਜਿਵੇਂ ਕਿ ਨਾਂ, ਪਿਉ ਦਾ ਨਾਂ, ਪਤਾ ਤੇ ਹੋਰ ਪਛਾਣ ਦਿੰਦੀ ਜਾਣਕਾਰੀ,ਸੰਬੰਧੀ ਵੇਰਵੇ ਇਕੱਤਰ ਕੀਤੇ ਜਾਂਦੇ ਹਨ। ਆਪਣੇ ਗਾਹਕਾਂ ਦੀ ਸਹੀ ਪਛਾਣ ਤਸਦੀਕ ਕਰਨ ਵਾਸਤੇ ਪੇਸ਼ਕਸ਼ ਦੇ ਨਾਲ ਦਸਤਾਵੇਜ਼ ਜਿਵੇਂ ਕਿ ਪਤਾ ਸਬੂਤ, ਪੈਨ ਕਾਰਡ, ਫੋਟੋ ਆਦਿ ਇਕੱਤਰ ਕੀਤੇ ਜਾਂਦੇ ਹਨ।

ਜੀਵਨ ਅਤੇ ਸਿਹਤ ਬੀਮੇ ਦੇ ਸੰਬੰਧ ਵਿੱਚ, ਪੇਸ਼ਕਰਤਾ ਦੇ ਪਰਿਵਾਰਿਕ ਮੈਂਬਰਾਂ (ਮਾਪਿਆਂ ਸਮੇਤ) ਦੀ ਲੰਮੀ ਉਮਰ, ਸਿਹਤ ਸਥਿਤੀ ਤੇ ਉਹਨਾਂ ਨੂੰ ਕੋਈ ਲੰਮੇ ਸਮੇਂ ਦੀ ਬੀਮਾਰੀ ਬਾਰੇ ਵੇਰਵੇ ਇਕੱਤਰ ਕੀਤੇ ਜਾਂਦੇ ਹਨ। ਉਤਪਾਦ ਦੇ ਮੁਤਾਬਕ ਬੀਮੇ ਲਈ ਪ੍ਰਸਤਾਵਿਤ ਬੀਮਤ ਦੇ ਡਾਕਟਰੀ ਵੇਰਵੇ, ਨਿੱਜੀ ਲੱਛਣਾਂ ਅਤੇ ਬੀਮਾਰੀ ਦੇ ਨਿੱਜੀ ਅਤੀਤ ਬਾਰੇ ਵੀ ਪੁੱਛਿਆ ਜਾ ਸਕਦਾ ਹੈ।

ਬੀਮੇ ਦੇ ਵਿਸ਼ੇ ਦੇ ਮਾਲੀ ਮੁੱਲ ਦੇ ਵੇਰਵੇ ਅਤੇ ਸੰਭਾਵਿਤ ਬੀਮਾ ਨਾਲ ਸਬੰਧਿਤ ਸਭ ਪ੍ਰਮੁੱਖ ਤੱਥਾਂ, ਨੂੰ ਬੀਮੇ ਦੀਆਂ ਕਈ ਕਿਸਮਾਂ ਲਈ ਇਕੱਤਰ ਕੀਤੇ ਜਾਂਦੇ ਹਨ।

ਬੀਮਾ ਸਲਾਹਕਾਰ ਦੀਆਂ ਸਿਫਾਰਸ਼ਾਂ, ਜਿਸ ਵਿੱਚ ਇਸ ਸਿਫਾਰਸ਼ ਦੇ ਕਾਰਨ ਸ਼ਾਮਲ ਹੁੰਦੇ ਹਨ, ਵੀ ਪੇਸ਼ਕਸ਼ ਫਾਰਮ ਦਾ ਹਿੱਸਾ ਹੋ ਸਕਦੀਆਂ ਹਨ। ਇਸ ਵਿੱਚ ਐਲਾਨ ਹੋ ਸਕਦਾ ਹੈ ਕਿ ਸਿਫਾਰਸ਼ ਕੀਤੀ ਪਾਲਸੀ ਦੇ ਵੇਰਵੇ ਪੇਸ਼ਕਰਤਾ ਨੂੰ ਪੂਰੀ ਤਰ੍ਹਾਂ ਸਮਝਾ ਦਿੱਤੇ ਗਏ ਹਨ ਅਤੇ ਉਹ ਉਸ ਦੀ ਪੁਸ਼ਟੀ ਕਰਦੇ ਹਨ।

ਪੇਸ਼ਕਸ਼ ਫਾਰਮ ਵਿੱਚ ਅੱਗੇ ਬੀਮਾਕਰਤਾ ਬਾਰੇ ਜਾਣਕਾਰੀ, ਏਜੰਟ, ਉਤਪਾਦ ਦੇ ਵੇਰਵੇ, ਬੀਮਾ ਕੀਤੀ ਰਕਮ, ਪ੍ਰੀਮੀਅਮ ਭੁਗਤਾਨ ਦਾ ਢੰਗ ਆਦਿ ਦੇ ਭਾਗ ਹੋ ਸਕਦੇ ਹਨ। ਫਾਰਮ ਵਿੱਚ ਪੇਸ਼ਕਰਤਾ ਦੇ ਦਸਤਖਤ ਵੀ ਹੁੰਦੇ ਹਨ, ਜੋ ਕਿ ਇਹ ਸਬੂਤ ਹੁੰਦਾ ਹੈ ਕਿ ਉਹਨਾਂ ਨੇ ਫਾਰਮ ਭਰਿਆ ਹੈ ਅਤੇ ਪੇਸ਼ਕਸ਼ ਭੇਜੀ ਹੈ।

ਹੋਰ ਵੇਰਵਿਆਂ ਵਿੱਚ ਪੇਸ਼ਕਰਤਾ ਦਾ ਨਾਂ, ਜਨਮ ਦੀ ਤਾਰੀਖ, ਸੰਪਰਕ ਦੇ ਵੇਰਵੇ, ਵਿਆਹੁਤਾ ਸਥਿਤੀ, ਕੌਮੀਅਤ, ਮਾਪਿਆਂ ਤੇ ਜੀਵਨ-ਸਾਥੀ ਦਾ ਨਾਂ, ਵਿਦਿਅਕ ਯੋਗਤਾ, ਆਦਤਾਂ ਤੇ ਪਛਾਣ ਦਾ ਸਬੂਤ, ਪਰਿਵਾਰਿਕ ਤੱਥ, ਰੁਜ਼ਗਾਰ ਦੇ ਵੇਰਵੇ, ਬੈਂਕ ਦੇ ਵੇਰਵੇ, ਨਾਮਜ਼ਦ/ ਨਿਯੁਕਤ ਕੀਤੇ ਦਾ ਨਾਂ; ਮੌਜੂਦਾ ਬੀਮੇ ਦੇ ਵੇਰਵੇ ਤੇ ਪਾਲਸੀ ਚੁਣਨ ਦੇ ਕਾਰਨਾਂ ਬਾਰੇ ਜਾਣਕਾਰੀ ਹਾਸਲ ਕੀਤੀ ਜਾਂਦੀ ਹੈ।

ਬੀਮਾ ਉਤਪਾਦ ਦੇ ਮੁਤਾਬਕ ਸੰਭਾਵਿਤ ਬੀਮਤ ਦੇ ਡਾਕਟਰੀ ਵੇਰਵੇ, ਨਿੱਜੀ ਲੱਛਣਾਂ ਅਤੇ ਬੀਮਾਰੀ ਦੇ ਨਿੱਜੀ ਅਤੀਤ ਬਾਰੇ ਵੀ ਪੁੱਛਿਆ ਜਾ ਸਕਦਾ ਹੈ।

ਜੀਵਨ ਦੀ ਵਿੱਤੀ ਵਿਉਂਤਬੰਦੀ ਬਾਰੇ ਪੱਖਾਂ ਦੀ ਜਾਣਕਾਰੀ ਪੁੱਛੀ ਜਾ ਸਕਦੀ ਹੈ, ਜਿਸ ਵਿੱਚ ਉਸ ਦੇ ਕੰਮ ਕਰਨ ਦਾ ਸਮਾਂ, ਸੰਭਾਵਿਤ ਆਮਦਨ ਅਤੇ ਖ਼ਰਚਿਆਂ ਦੇ ਨਾਲ ਨਾਲ ਬੱਚਤ ਤੇ ਨਿਵੇਸ਼, ਸਿਹਤ, ਰਿਟਾਇਰਮੈਂਟ ਤੇ ਬੀਮੇ ਦੀਆਂ ਲੋੜਾਂ ਸ਼ਾਮਲ ਹਨ।

ਏਜੰਟ ਦੀਆਂ ਸਿਫਾਰਸ਼ਾਂ, ਜਿਸ ਵਿੱਚ ਇਹਨਾਂ ਸਿਫਾਰਸ਼ਾਂ ਦੇ ਕਾਰਨ ਸ਼ਾਮਲ ਹੁੰਦੇ ਹਨ, ਵੀ ਪੇਸ਼ਕਸ਼ ਫਾਰਮ ਦਾ ਹਿੱਸਾ ਹੋ ਸਕਦੀਆਂ ਹਨ। ਉੱਤੇ ਦਿੱਤੇ IRDAI ਨਿਯਮਾਂ ਦੀ ਪਾਲਣਾ ਕਰਨ ਲਈ ਇਸ ਵਿੱਚ ਏਜੰਟ ਐਲਾਨ ਕਰੇਗਾ ਕਿ ਸਿਫਾਰਸ਼ ਕੀਤੀ ਪਾਲਸੀ ਦੇ ਵੇਰਵੇ ਪੇਸ਼ਕਰਤਾ ਨੂੰ ਪੂਰੀ ਤਰ੍ਹਾਂ ਸਮਝਾ ਦਿੱਤੇ ਗਏ ਹਨ ਅਤੇ ਉਹ ਉਸ ਦੀ ਪੁਸ਼ਟੀ ਕਰਦੇ ਹਨ।

ਪੇਸ਼ਕਸ਼ ਫਾਰਮ ਨੂੰ ਬੀਮਾਕਰਤਾ ਵਲੋਂ ਬੀਮਾ ਕੰਪਨੀ ਦੇ ਨਾਂ, ਲੋਗੋ, ਪਤਾ ਅਤੇ ਵਰਗ/ ਬੀਮੇ ਦੀ ਕਿਸਮ/ ਉਤਪਾਦ, ਜਿਸ ਲਈ ਇਹ ਵਰਤਿਆ ਜਾ ਰਿਹਾ ਹੈ, ਨਾਲ ਛਾਪਿਆ ਜਾਂਦਾ ਹੈ। ਬੀਮਾ ਕੰਪਨੀਆਂ ਲਈ ਰਿਵਾਇਤੀ ਹੈ ਕਿ ਪੇਸ਼ਕਸ਼ ਫਾਰਮ ਵਿੱਚ ਛਪੀ ਸੂਚਨਾ ਜੋੜੀ ਜਾਵੇ, ਹਾਲਾਂਕਿ ਇਸ ਲਈ ਕੋਈ ਮਿਆਰੀ ਰੂਪ ਜਾਂ ਇਸ ਸਬੰਧੀ ਕੋਈ ਪੱਧਤੀ ਨਹੀਂ ਹੈ।

**b) ਪੇਸ਼ਕਸ਼ ਫਾਰਮ ਵਿੱਚ ਐਲਾਨ**

ਬੀਮਾ ਕੰਪਨੀਆਂ ਅਕਸਰ ਪੇਸ਼ਕਸ਼ ਫਾਰਮ ਦੇ ਅੰਤ ਉੱਤੇ ਐਲਾਨ ਜੋੜਦੀਆਂ ਹਨ, ਜਿਸ ਉੱਤੇ ਪੇਸ਼ਕਰਤਾ ਵਲੋਂ ਦਸਤਖਤ ਕੀਤੇ ਜਾਂਦੇ ਹਨ। ਇਸ ਨਾਲ ਯਕੀਨੀ ਬਣਾਇਆ ਜਾਂਦਾ ਹੈ ਬੀਮਤ ਨੇ ਫਾਰਮ ਠੀਕ ਤਰ੍ਹਾਂ ਨਾਲ ਭਰਨ ਦੀ ਤਕਲੀਫ਼ ਕੀਤੀ ਹੈ ਅਤੇ ਦਿੱਤੇ ਗਏ ਤੱਥਾਂ ਨੂੰ ਸਮਝ ਲਿਆ ਹੈ ਤਾਂ ਕਿ ਦਾਅਵੇ ਦੇ ਸਮੇਂ ਤੱਥਾਂ ਨੂੰ ਗਲਤ ਦਰਸਾਉਣ ਕਰਕੇ ਅਸਹਿਮਤੀ ਦੇ ਕੋਈ ਵੀ ਹਾਲਤ ਪੈਦਾ ਨਾ ਹੋਣ। ਇੰਝ ਦੇ ਐਲਾਨ ਆਮ ਕਨੂੰਨ ਦੇ ਤਹਿਤ ਅਤਿ ਚੰਗਾ ਭਰੋਸੇ ਦੇ ਸਿਧਾਂਤ ਨੂੰ ਇਕਰਾਰ ਦੇ ਤਹਿਤ ਚੰਗੇ ਯਕੀਨ ਦੀ ਪਾਲਣਾ ਕਰਨ ਦੀ ਜ਼ਿੰਮੇਵਾਰੀ ਵਿੱਚ ਬਦਲ ਦਿੰਦੇ ਹਨ।

**ਉਦਾਹਰਨ**

ਇੰਝ ਦੇ ਐਲਾਨਾਂ ਦੀ ਉਦਾਹਰਨ:

'ਮੈਂ/ਅਸੀਂ ਇੱਥੇ ਐਲਾਨ ਕਰਦੇ ਹਾਂ ਅਤੇ ਜ਼ਿੰਮੇਵਾਰੀ ਲੈਂਦਾ/ਲੈਂਦੇ ਹਾਂ ਕਿ ਉੱਤੇ ਦਿੱਤੇ ਬਿਆਨ ਸਭ ਤਰ੍ਹਾਂ ਸਹੀਂ ਅਤੇ ਪੂਰੇ ਹਨ ਅਤੇ ਕੋਈ ਵੀ ਹੋਰ ਜਾਣਕਾਰੀ ਨਹੀਂ ਹੈ, ਜੋ ਕਿ ਬੀਮੇ ਲਈ ਅਰਜ਼ੀ ਵਾਸਤੇ ਢੁੱਕਵੀਂ ਹੋਵੇ, ਜਿਸ ਨੂੰ ਤੁਹਾਨੂੰ ਦੱਸਿਆ ਨਾ ਗਿਆ ਹੋਵੇ।'

'ਮੈਂ/ਅਸੀਂ ਸਹਿਮਤ ਹਾਂ ਕਿ ਇਹ ਪੇਸ਼ਕਸ਼ ਅਤੇ ਐਲਾਨ ਮੇਰੇ/ਸਾਡੇ ਅਤੇ (ਬੀਮਾਕਰਤਾ ਦਾ ਨਾਂ) ਵਿੱਚ ਇਕਰਾਰ ਦਾ ਅਧਾਰ ਬਣਨਗੇ।'

**ਆਪਣੇ ਆਪ ਨੂੰ ਟੈਸਟ ਕਰੋ 2**

ਪੇਸ਼ਕਸ਼ ਫਾਰਮ ਦੇ ਸੰਬੰਧ ਵਿੱਚ ਹੇਠ ਦਿੱਤਿਆਂ ਵਿੱਚੋਂ ਕੀ ਢੁੱਕਵਾਂ ਨਹੀਂ ਹੈ?

I. ਬੇਹੱਦ ਚੰਗਾ ਯਕੀਨ

II. ਦਾਅਵਾ ਕੀਤੀ ਜਾਣ ਵਾਲੀ ਅੰਦਾਜ਼ਨ ਰਕਮ

III. ਪ੍ਰਮੁੱਖ ਤੱਥ ਬਾਰੇ ਐਲਾਨ ਦਾ ਫ਼ਰਜ਼

IV. ਦਿੱਤੇ ਵੇਰਵਿਆਂ ਨੂੰ ਗੁਪਤ ਰੱਖਣਾ

ਇੰਞ ਦੀਆਂ ਸੂਚਨਾਵਾਂ ਦੀਆਂ ਕੁਝ ਉਦਾਹਰਨਾਂ ਹਨ:

'ਬੀਮਤ ਵਲੋਂ ਜੋਖਿਮ ਦੇ ਮੁਲਾਂਕਣ ਲਈ ਪ੍ਰਮੁੱਖ ਤੱਥਾਂ ਬਾਰੇ ਜਾਣਕਾਰੀ ਨਾ ਦੇਣਾ, ਗਲਤ ਜਾਣਕਾਰੀ ਦੇਣਾ, ਧੋਖਾ ਜਾਂ ਨਾ-ਸਹਿਯੋਗ ਕਰਨ ਨਾਲ ਜਾਰੀ ਕੀਤੀ ਪਾਲਸੀ ਦੇ ਤਹਿਤ ਬੀਮਾ ਸੁਰੱਖਿਆ ਰੱਦ ਹੋ ਜਾਵੇਗੀ।'

'ਕੰਪਨੀ ਜੋਖਿਮ ਕਵਰ ਨਹੀਂ ਕਰੇਗੀ, ਜਦੋਂ ਤੱਕ ਕਿ ਕੰਪਨੀ ਵਲੋਂ ਪੇਸ਼ਕਸ਼ ਨੂੰ ਮਨਜ਼ੂਰ ਨਹੀਂ ਕੀਤਾ ਜਾਂਦਾ ਅਤੇ ਪੂਰਾ ਪ੍ਰੀਮੀਅਮ ਦੇ ਨਹੀਂ ਦਿੱਤਾ ਜਾਂਦਾ।'

---

## C. ਆਪਣੇ ਗਾਹਕ ਨੂੰ ਜਾਣੋ (KYC) ਨਿਯਮ

**ਮਨੀ ਲਾਂਡਰਿੰਗ ਦੀ ਰੋਕਥਾਮ ਅਤੇ KYC ਨਿਯਮ**

ਹਵਾਲਾ ਧਨ ਦੀ ਕਾਰਵਾਈ ਰਾਹੀਂ ਮੁਜ਼ਰਮ ਅਸਲ ਸਰੋਤ ਅਤੇ ਮੁਜ਼ਰਮਾਨਾ ਕਾਰਵਾਈਆਂ ਤੋਂ ਪੈਦਾ ਧਨ ਦੀ ਮਲਕੀਅਤ ਨੂੰ ਛੁਪਾਉਣ ਲਈ ਫੰਡ ਟਰਾਂਸਫਰ ਕਰਦੇ ਹਨ। ਧਨ ਹਵਾਲੇ ਦੇ ਢੰਗਾਂ ਨੂੰ ਮੁਜ਼ਰਮਾਂ ਵਲੋਂ ਗ਼ੈਰ-ਕਨੂੰਨੀ ਢੰਗਾਂ ਰਾਹੀਂ ਇੱਕਠੇ ਕੀਤੇ ਧਨ ਨੂੰ ਕਨੂੰਨ ਬਣਾਉਣ ਲਈ ਵਰਤਿਆ ਜਾਂਦਾ ਹੈ। ਇਸ ਕਾਰਵਾਈ ਵਿੱਚ ਉਹ ਮੁਜ਼ਰਮਾਨਾ ਢੰਗ ਨਾਲ ਬਣਾਏ ਧਨ ਦੇ ਮੂਲ ਸਰੋਤ ਨੂੰ ਲੁਕਾਉਣ ਅਤੇ ਇਸ ਨੂੰ ਵਾਜਬ ਬਣਾਉਣ ਦੀ ਕੋਸ਼ਿਸ਼ ਕਰਦੇ ਹਨ।

ਅਪਰਾਧੀ ਵਿੱਤੀ ਸੇਵਾਵਾਂ ਜਿਵੇਂ ਕਿ ਬੈਂਕਾਂ ਤੇ ਬੀਮੇ ਨੂੰ ਆਪਣੇ ਧਨ ਦੇ ਹਵਾਲੇ ਵਾਸਤੇ ਵਰਤਣ ਦੀ ਕੋਸ਼ਿਸ਼ ਕਰਦੇ ਹਨ। ਉਹ ਜਾਅਲੀ ਪਛਾਣ ਨਾਲ ਲੈਣ-ਦੇਣ ਦੀ ਕੋਸ਼ਿਸ਼ ਕਰਦੇ ਹਨ ਜਿਵੇਂ ਕਿ ਬੀਮੇ ਦੀ ਕੋਈ ਕਿਸਮ ਖਰੀਦਣ ਲੈਣੀ ਅਤੇ ਫੇਰ ਉਸ ਧਨ ਨੂੰ ਕਢਵਾਉਣ ਦਾ ਪ੍ਰਬੰਧ ਕਰਨਾ ਅਤੇ ਜਦੋਂ ਉਹਨਾਂ ਦਾ ਮਕਸਦ ਪੂਰਾ ਹੋ ਜਾਵੇ ਤਾਂ ਗਾਇਬ ਹੋ ਜਾਣਾ। ਭਾਰਤ ਸਮੇਤ ਸੰਸਾਰ ਦੀਆਂ ਸਰਕਾਰਾਂ ਲਗਾਤਾਰ ਇੰਞ ਦੇ ਧਨ ਹਵਾਲੇ ਦੀਆਂ ਕੋਸ਼ਿਸ਼ਾਂ ਨੂੰ ਰੋਕਣ ਦੀਆਂ ਲਗਾਤਾਰ ਕੋਸ਼ਿਸ਼ ਕਰਦੀਆਂ ਹਨ।

**ਪਰਿਭਾਸ਼ਾ**

ਧਨ ਹਵਾਲਾ ਗ਼ੈਰ-ਕਾਨੂੰਨੀ ਧਨ ਨੂੰ ਇਸ ਦੇ ਗ਼ੈਰ-ਕਾਨੂੰਨੀ ਸਰੋਤ ਨੂੰ ਓਹਲੇ ਰੱਖ ਕੇ ਅਰਥਚਾਰੇ ਵਿੱਚ ਲਿਆਉਣ ਦਾ ਢੰਗ ਹੈ ਤਾਂ ਕਿ ਇਹ ਕਾਨੂੰਨੀ ਰੂਪ ਵਿੱਚ ਪ੍ਰਾਪਤ ਕੀਤਾ ਜਾਪੇ। ਭਾਰਤ ਸਰਕਾਰ ਨੇ ਹਵਾਲਾ ਧਨ ਵਿਰੋਧੀ ਸਰਗਰਮੀਆਂ ਉੱਤੇ ਰੋਕ ਲਗਾਉਣ ਲਈ ਪੀਐਮਐਲਏ, 2002 ਸ਼ੁਰੂ ਕੀਤੀ ਸੀ।

---

ਧਨ ਹਵਾਲਾ ਰੋਕੂ ਐਕਟ (ਪੀਐਮਐਲਏ), 2002 ਨੂੰ ਧਨ ਹਵਾਲਾ ਸਰਗਰਮੀਆਂ ਨੂੰ ਰੋਕਣ ਅਤੇ ਧਨ-ਹਵਾਲੇ ਤੋਂ ਬਣਾਈ ਗਈ ਜਾਇਦਾਦ ਨੂੰ ਕੁਰਕ ਕਰਨ ਲਈ 2005 ਤੋਂ ਲਾਗੂ ਹੋਇਆ।

ਇਸ ਤੋਂ ਤੁਰੰਤਬਾਅਦ ਮਨੀ ਲਾਂਡਰਿੰਗ ਰੋਕਣ ਲਈ IRDAI ਨੇ ਗਾਹਕਾਂ ਵਲੋਂ ਬੀਮਾ ਸੇਵਾਵਾਂ ਲੈਣ ਲਈ ਸਹੀ ਪਛਾਣ ਦਾ ਪਤਾ ਲਗਾਉਣ, ਸ਼ੱਕੀ ਲੈਣ ਦੇਣ ਲਈ ਰਿਪੋਰਟ ਕਰਨਾ ਹਵਾਲਾ ਧਨ ਹੋਣ ਜਾਂ ਸ਼ੱਕ ਹੋਣ ਦੇ ਕੇਸਾਂ ਵਿੱਚ ਪੂਰਾ ਰਿਕਾਰਡ ਰੱਖਣ ਦੀ ਹਿਦਾਇਤਾਂ ਜਾਰੀ ਕੀਤੀਆਂ। ਇਕਰਾਰ ਦੇ ਸ਼ੁਰੂ ਤੋਂ ਹੀ ਜਾਗਰੂਕ ਰਹਿਣਾ ਤੇ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਇਹ ਕਿਸੇ ਵੀ ਢੰਗ ਨਾਲ ਧਨ ਹਵਾਲੇ ਦਾ ਸਾਧਨ ਨਹੀਂ ਹੋਣਾ ਚਾਹੀਦਾ ਹੈ।

ਭਾਰਤ ਸਰਕਾਰ ਵਲੋਂ 1 ਜੁਲਾਈ 2005 ਤੋਂ ਮਨੀ ਲਾਂਡਰਿੰਗ ਰੋਕਥਾਮ ਕਨੂੰਨ 2002 (PMLA) ਲਾਗੂ ਕਰ ਦਿੱਤਾ ਗਿਆ ਸੀ। ਕਨੂੰਨ ਦੇ ਮੁਤਾਬਕ ਬੈਂਕਿੰਗ ਕੰਪਨੀ ਵਿੱਤੀ ਸੰਗਠਨ (ਜਿਸ ਵਿੱਚ ਬੀਮਾ ਕੰਪਨੀਆਂ ਸ਼ਾਮਲ ਹਨ) ਅਤੇ ਵਿਚੋਲਿਆਂ ਨੂੰ PMLA ਦੇ ਅਧੀਨ ਸਾਰੇ ਲੈਣ-ਦੇਣ ਦੇ ਰਿਕਾਰਡ ਰੱਖਣਾ ਜ਼ਰੂਰੀ ਹੈ। ਇਸ ਮੁਤਾਬਕ ਹੀ IRDAI ਨੇ 31 ਮਾਰਚ 2006 ਨੂੰ ਧਨ ਹਵਾਲਾ ਵਿਰੁਧ/ਅੱਤਵਾਦੀ ਲਈ ਵਿੱਤੀ ਸਹਾਇਤਾ ਰੋਧੀ ਦਿਸ਼ਾ ਨਿਰਦੇਸ਼ ਜਾਰੀ ਕੀਤੇ।

ਆਪਣੇ ਗਾਹਕ ਨੂੰ ਜਾਣੋ ਇੱਕ ਕਾਰਵਾਈ ਹੈ, ਜੋ ਕਿ ਕਾਰੋਬਾਰ ਵਲੋਂ ਆਪਣੇ ਗਾਹਕਾਂ ਦੀ ਪਛਾਣ ਦੀ ਜਾਂਚ ਕਰਨ ਲਈ ਵਰਤੀ ਜਾਂਦੀ ਹੈ। ਬੈਂਕ ਤੇ ਬੀਮਾਕਰਤਾ ਆਪਣੇ ਗਾਹਕਾਂ ਤੋਂ ਵੇਰਵੇ ਸਮੇਤ ਜਾਣਕਾਰੀ ਦੇਣ ਦੀ ਮੰਗ ਕਰ ਰਹੇ ਹਨ ਤਾਂ ਕਿ ਪਛਾਣ ਚੋਰੀ, ਵਿੱਤੀ ਧੋਖੇ ਅਤੇ ਧਨ ਹਵਾਲੇ ਨੂੰ ਰੋਕਿਆ ਜਾ ਸਕੇ। ਕੇਵਾਈਸੀ (KYC) ਦਿਸ਼ਾ ਨਿਰਦੇਸ਼ ਦਾ ਮਕਸਦ ਧਨ ਹਵਾਲਾ ਸਰਗਰਮੀਆਂ ਲਈ ਮੁਜਰਮਾਂ ਵਲੋਂ ਵਿੱਤੀ ਸੰਸਥਾਵਾਂ ਦੀ ਵਰਤੋਂ ਕਰਨ ਉੱਤੇ ਰੋਕ ਲਗਾਉਣਾ ਹੈ।

ਇਸਕਰਕੇ ਬੀਮਾਕਰਤਾ ਨੂੰ ਆਪਣੇ ਗਾਹਕਾਂ ਦੀ ਸਹੀਂ ਪਛਾਣ ਕਰਨ ਦੀ ਲੋੜ ਹੁੰਦੀ ਹੈ। ਏਜੰਟਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪੇਸ਼ਕਰਤਾ ਕੇਵਾਈਸੀ ਕਾਰਵਾਈ ਦੇ ਹਿੱਸੇ ਵਜੋਂ ਹੇਠ ਦਿੱਤੇ ਗਏ ਦਸਤਾਵੇਜ਼ਾਂ ਨੂੰ ਪੇਸ਼ਕਸ਼ ਫਾਰਮ ਦੇ ਨਾਲ ਦੇਵੇ:

i. ਪਛਾਣ ਦਾ ਸਬੂਤ - ਡਰਾਇਵਿੰਗ ਲਾਇਸੈਂਸ, ਪਾਸਪੋਰਟ, ਵੋਟਰ ਆਈਡੀ ਕਾਰਡ, ਪੈਨ ਕਾਰਡ, ਫੋਟੋਗਰਾਫ਼ ਆਦਿ।

ii. ਪਤਾ ਸਬੂਤ - ਡਰਾਇਵਿੰਗ ਲਸੰਸ, ਪਾਸਪੋਰਟ, ਟੈਲੀਫੋਨ ਬਿੱਲ, ਬਿਜਲੀ ਦਾ ਬਿੱਲ, ਬੈਂਕ ਪਾਸਬੁੱਕ ਆਦਿ। ਲੋਕਾਂ, ਕੰਪਨੀਆਂ, ਭਾਈਵਾਲ ਫ਼ਰਮਾਂ, ਟਰੱਸਟ ਤੇ ਫਾਊਂਡੇਸ਼ਨਾਂ ਲਈ ਵੱਖ-ਵੱਖ ਦਸਤਾਵੇਜ਼ ਜਰੂਰੀ ਕੀਤੇ ਹਨ।

iii. ਵੱਧ ਧਨ ਦੇ ਲੈਣ-ਦੇਣ ਦੇ ਕੇਸ ਵਿੱਚ ਆਮਦਨ ਸਬੂਤ ਦਸਤਾਵੇਜ਼ ਅਤੇ ਵਿੱਤੀ ਸਥਿਤੀ

iv. ਬੀਮਾ ਇਕਰਾਰਨਾਮੇ ਦਾ ਮਕਸਦ

a) ਉਮਰ ਸਬੂਤ - ਨਿੱਜੀ ਕਿਸਮਾਂ ਲਈ

ਜਦੋਂ ਜੀਵਨ, ਸਿਹਤ, ਨਿੱਜੀ ਹਾਦਸੇ ਆਦਿ ਬੀਮੇ ਲਈ ਵਿਅਕਤੀ ਨਾਲ ਕੰਮ ਕਰਨਾ ਹੋਵੇ ਤਾਂ ਬੀਮਾ ਕੰਪਨੀਆਂ ਬੀਮਤ ਦੇ ਜ਼ੋਖਮ ਪ੍ਰੋਫਾਇਲ ਦਾ ਪਤਾ ਲਗਾਉਣ ਲਈ ਉਮਰ ਨੂੰ ਮਹੱਤਵਪੂਰਨ ਕਾਰਨ ਮੰਨਦੀਆਂ ਹਨ। ਜੀਵਨ ਬੀਮਾ ਕਾਰੋਬਾਰ ਵਿੱਚ, ਉਮਰ ਨੂੰ ਸਭ ਤੋਂ ਮਹੱਤਵਪੂਰਨ ਵਜੋਂ, ਜੀਵਨ ਬੀਮਾਕਰਤਾ ਉਮਰ ਸੰਬੰਧੀ ਦਸਤਾਵੇਜ਼ ਦੇ ਜ਼ਿਆਦਾ ਵੇਰਵੇ ਦੀ ਪਾਲਣਾ ਕਰਦੇ ਹਨ। [ਹਾਲਾਂਕਿ ਸਰਕਾਰ, ਭਾਰਤੀ ਰਿਜ਼ਰਵ ਬੈਂਕ ਅਤੇ IRDAI ਅੱਗੇ ਦਿੱਤੇ KYC ਨਿਯਮਾਂ ਪ੍ਰਤੀ ਵੱਧ ਸਖਤ ਹੋ ਰਹੇ ਹਨ।] ਅੰਡਰਰਾਈਟਿੰਗ ਕਾਰਵਾਈ ਦਾ ਸਭ ਤੋਂ ਮਹੱਤਵਪੂਰਨ ਪੱਖ ਉਮਰ ਦੇ ਸਬੂਤ ਦੀ ਜਾਂਚ ਕਰਨ ਦੇ ਬਾਅਦ ਉਮਰ ਨੂੰ ਮੰਨਣਾ ਹੈ।

**i. ਮਿਆਰੀ ਉਮਰ ਸਬੂਤ**

**ਉਮਰ ਦੇ ਸਬੂਤ ਵਿੱਚ ਦੋ ਕਿਸਮ ਦੇ ਸਬੂਤ ਬੀਮਾਕਰਤਾ ਨੂੰ ਮਿਲਦੇ ਹਨ। ਜਾਇਜ਼ ਉਮਰ ਸਬੂਤ ਮਿਆਰੀ ਜਾਂ ਗ਼ੈਰ-ਮਿਆਰੀ ਵੀ ਹੋ ਸਕਦੇ ਹਨ।**

- ✓ **ਮਿਆਰੀ ਉਮਰ ਸਬੂਤ ਅਕਸਰ ਸਰਕਾਰੀ ਅਧਿਕਾਰੀਆਂ ਵਲੋਂ ਜਾਰੀ ਕੀਤੇ ਜਾਂਦੇ ਹਨ, ਜਿਵੇਂ ਕਿ ਨਗਰਪਾਲਿਕ ਜਾਂ ਹੋਰ ਸਰਕਾਰੀ ਸੰਸਥਾ ਵਲੋਂ ਜਾਰੀ ਕੀਤਾ ਜਨਮ ਸਰਟੀਫਿਕੇਟ, ਸਕੂਲ ਛੱਡਣ ਸਰਟੀਫਿਕੇਟ, ਪਾਸਪੋਰਟ ਆਦਿ।**
- ✓ **ਜਦੋਂ ਮਿਆਰੀ ਉਮਰ ਸਬੂਤ ਉਪਲੱਬਧ ਨਹੀਂ ਹੁੰਦੇ ਹਨ ਤਾਂ ਗ਼ੈਰ-ਮਿਆਰੀ ਉਮਰ ਸਬੂਤ (ਛੇਤੀ ਮੰਨਿਆ ਨਹੀਂ ਜਾਣਾ ਚਾਹੀਦਾ)**

**ਕੁਝ ਦਸਤਾਵੇਜ਼ਾਂ ਨੂੰ ਮਿਆਰੀ ਉਮਰ ਸਬੂਤ ਵਜੋਂ ਮੰਨਿਆ ਜਾਂਦਾ ਹੈ:**

i. **ਸਕੂਲ ਜਾਂ ਕਾਲਜ ਸਰਟੀਫਿਕੇਟ**

ii. **ਨਗਰਪਾਲਿਕਾ ਰਿਕਾਰਡ ਤੋਂ ਲਿਆ ਜਨਮ ਸਰਟੀਫਿਕੇਟ**

iii. **ਪਾਸਪੋਰਟ**

iv. **ਪੈਨ ਕਾਰਡ**

v. **ਸੇਵਾ ਰਜਿਸਟਰ**

vi. **ਫੌਜੀ ਵਿਅਕਤੀ ਦੇ ਕੇਸ ਵਿੱਚ ਪਛਾਣ ਪੱਤਰ**

vii. **ਢੁੱਕਵੀਂ ਅਥਾਰਟੀ ਵਲੋਂ ਜਾਰੀ ਕੀਤਾ ਵਿਆਹੁਤਾ ਸਰਟੀਫਿਕੇਟ**

**ii. ਗ਼ੈਰ-ਮਿਆਰੀ ਉਮਰ ਸਬੂਤ**

**ਜਦੋਂ ਉੱਤੇ ਦਿੱਤੇ ਮਿਆਰੀ ਉਮਰ ਸਬੂਤ ਉਪਲੱਬਧ ਨਹੀਂ ਹੁੰਦੇ ਤਾਂ ਜੀਵਨ ਬੀਮਾਕਰਤਾ ਗ਼ੈਰ-ਮਿਆਰੀ ਉਮਰ ਸਬੂਤ ਦੇਣ ਨੂੰ ਵੀ ਮਨਜ਼ੂਰ ਕਰ ਸਕਦਾ ਹੈ। ਕੁਝ ਦਸਤਾਵੇਜ਼ਾਂ ਨੂੰ ਗ਼ੈਰ-ਮਿਆਰੀ ਉਮਰ ਸਬੂਤ ਵਜੋਂ ਮੰਨਿਆ ਜਾਂਦਾ ਹੈ:**

i. **ਜਨਮ-ਕੁੰਡਲੀ**

ii. **ਰਾਸ਼ਨ ਕਾਰਡ**

iii. **ਸਵੈ-ਐਲਾਨ ਦੇ ਢੰਗ ਨਾਲ ਦਿੱਤਾ ਹਲਫ਼ੀਆ-ਬਿਆਨ**

iv. **ਪਿੰਡ ਪੰਚਾਇਤ ਵਲੋਂ ਸਰਟੀਫਿਕੇਟ**

**ਆਪਣੇ ਆਪ ਨੂੰ ਟੈਸਟ ਕਰੋ 3**

**ਹੇਠ ਦਿੱਤਿਆਂ ਵਿੱਚੋਂ ਕਿਸ ਨੂੰ ਮਿਆਰੀ ਉਮਰ ਸਬੂਤ ਵਜੋਂ ਮੰਨਿਆ ਨਹੀਂ ਜਾਂਦਾ ਹੈ?**

I. **ਨਗਰਪਾਲਿਕਾ ਰਿਕਾਰਡ ਤੋਂ ਲਿਆ ਜਨਮ ਸਰਟੀਫਿਕੇਟ**

II. **ਐਮ.ਐਲ.ਏ. ਵਲੋਂ ਜਾਰੀ ਕੀਤਾ ਜਨਮ ਸਰਟੀਫਿਕੇਟ**

III. **ਪਾਸਪੋਰਟ**

IV. **ਪੈਨ ਕਾਰਡ**

---

**ਸਵੈ ਜਾਂਚ ਦੇ ਜਵਾਬ**

**ਜਵਾਬ 1 - ਸਹੀ ਚੋਣ I ਹੈ।**

**ਜਵਾਬ 2 - ਸਹੀ ਚੋਣ II ਹੈ।**

**ਜਵਾਬ 3 - ਸਹੀ ਚੋਣ II ਹੈ।**

---

**ਸਾਰ**

- **ਪ੍ਰਾਸਪੈਕਟਸ ਬੀਮਾ ਕੰਪਨੀਆਂ ਵਲੋਂ ਉਤਪਾਦ ਦੇ ਬਾਰੇ ਵੇਰਵੇ ਸਮੇਤ ਜਾਣਕਾਰੀ ਦੇਣ ਲਈ ਵਰਤਿਆ ਜਾਂਦਾ ਇੱਕ ਰਸਮੀ ਕਾਨੂੰਨੀ ਦਸਤਾਵੇਜ਼ ਹੈ।**
- **ਪੇਸ਼ਕਸ਼ ਕਰਨ ਲਈ ਵਰਤੇ ਜਾਂਦੇ ਐਪਲੀਕੇਸ਼ਨ ਦਸਤਾਵੇਜ਼ ਨੂੰ ਆਮ ਤੌਰ ਉੱਤੇ 'ਪੇਸ਼ਕਸ਼ ਫਾਰਮ' ਦੇ ਵਜੋਂ ਜਾਣਿਆ ਜਾਂਦਾ ਹੈ।**
- **ਕੁਝ ਦਸਤਾਵੇਜ਼ਾਂ ਨੂੰ ਮਿਆਰੀ ਉਮਰ ਸਬੂਤ, ਜਿਹਨਾਂ ਵਿੱਚ ਸਕੂਲ ਜਾਂ ਕਾਲਜ ਸਰਟੀਫਿਕੇਟ, ਨਗਰਪਾਲਿਕ ਰਿਕਾਰਡ ਤੋਂ ਜਾਰੀ ਕੀਤਾ ਜਨਮ ਸਰਟੀਫਿਕੇਟ ਆਦਿ ਸ਼ਾਮਿਲ ਹਨ, ਮੰਨਿਆ ਜਾਂਦਾ ਹੈ।**
- **ਬੀਮਾਕਰਤਾ ਨੂੰ ਆਪਣੇ ਗਾਹਕਾਂ ਦੀ ਸਹੀਂ ਪਛਾਣ ਕਰਨ ਦੀ ਲੋੜ ਹੁੰਦੀ ਹੈ। ਕੇਵਾਈਸੀ(KYC) ਪ੍ਰਕਿਰਿਆ ਦੇ ਹਿੱਸੇ ਵਜੋਂ ਕੇਵਾਈਸੀ(KYC) ਦਸਤਾਵੇ ਜਿਵੇਂ ਕਿ ਸਿਰਨਾਵਾਂ ਸਬੂਤ, ਪੈਨ ਕਾਰਡ, ਫੋਟੋਗਰਾਫ਼ ਆਦਿ, ਲੈਣ ਦੀ ਲੋੜ ਹੁੰਦੀ ਹੈ।**

---

**ਮੁੱਖ ਸ਼ਬਦ**

1. **ਪ੍ਰਾਸਪੈਕਟਸ**
2. **ਪੇਸ਼ਕਸ਼ ਫਾਰਮ**
3. **ਨੈਤਿਕ ਖ਼ਤਰੇ**

4. **ਆਪਣੇ ਗਾਹਕ ਨੂੰ ਜਾਣੋ (KYC)**

5. **ਉਮਰ ਸਬੂਤ**

6. **ਮਿਆਰੀ ਅਤੇ ਗ਼ੈਰ-ਮਿਆਰੀ ਉਮਰ ਸਬੂਤ**

7. **ਮੁਕਤ-ਜਾਂਚ ਸਮਾਂ**

---

# ਪਾਠ C-08

# ਗਾਹਕ ਸੇਵਾ

**ਪਾਠ ਜਾਣ-ਪਛਾਣ**

**ਇਸ ਪਾਠ ਵਿੱਚ ਤੁਸੀਂ ਗਾਹਕ ਸੇਵਾ ਦੀ ਮਹੱਤਤਾ ਬਾਰੇ ਸਿੱਖੋਗੇ। ਤੁਸੀਂ ਗਾਹਕ ਨੂੰ ਸੇਵਾ ਦੇਣ ਲਈ ਏਜੰਟਾਂ ਦੀ ਭੂਮਿਕਾ ਬਾਰੇ ਸਿੱਖੋਗੇ। ਤੁਸੀਂ ਗਾਹਕਾਂ ਨਾਲ ਗੱਲਬਾਤ ਕਰਨ ਅਤੇ ਸਬੰਧ ਬਣਾਉਣ ਬਾਰੇ ਵੀ ਸਿੱਖੋਗੇ।**

**ਸਿੱਖਣ ਦੇ ਨਤੀਜੇ**

A. ਗਾਹਕ ਸੇਵਾ - ਆਮ ਸਿਧਾਂਤ

B. ਵਧੀਆ ਗਾਹਕ ਸੇਵਾ ਦੇਣ ਵਿੱਚ ਬੀਮਾ ਏਜੰਟ ਦੀ ਭੂਮਿਕਾ

C. ਗਾਹਕ ਸੇਵਾ ਵਿੱਚ ਗੱਲਬਾਤ ਮੁਹਾਰਤ

D. ਗ਼ੈਰ-ਮੌਖਿਕ ਗੱਲਬਾਤ

E. ਨੈਤਿਕ ਵਿਵਹਾਰ

**ਇਸ ਪਾਠ ਪੜ੍ਹਨ ਦੇ ਬਾਅਦ, ਤੁਸੀਂ ਯੋਗ ਹੋਣੇ ਚਾਹੀਦੇ ਹੋ:**

**ਗਾਹਕ ਸੇਵਾ ਦੀ ਮਹੱਤਤਾ ਨੂੰ ਸਮਝਣਾ**

1. ਸੇਵਾ ਦੀ ਕੁਆਲਟੀ ਦੱਸਣ ਦੇ
2. ਬੀਮਾ ਉਦਯੋਗ ਵਿੱਚ ਸੇਵਾ ਦੀ ਮਹੱਤਤਾ ਦਾ ਮੁਆਇਨਾ
3. ਚੰਗੀ ਸੇਵਾ ਦੇਣ ਵਿੱਚ ਬੀਮਾ ਏਜੰਟ ਦੀ ਭੂਮਿਕਾ ਬਾਰੇ ਵਿਚਾਰ ਕਰਨ ਦੇ
4. ਗੱਲਬਾਤ ਦੀ ਪ੍ਰਕਿਰਿਆ ਨੂੰ ਸਮਝਾਉਣ ਦੇ
5. ਗ਼ੈਰ-ਮੌਖਿਕ ਗੱਲਬਾਤ ਦੀ ਮਹੱਤਤਾ ਦਰਸਾਉਣ ਦੇ
6. ਲੋੜੀਂਦਾ ਨੈਤਿਕ ਰਵੱਈਆ

## A. ਗਾਹਕ ਸੇਵਾ - ਆਮ ਸਿਧਾਂਤ

### 1. ਗਾਹਕ ਸੇਵਾ ਕਿਉਂ?

ਗਾਹਕ ਕਿਸੇ ਵੀ ਉਦਯੋਗ ਲਈ ਸਭ ਤੋਂ ਮਹੱਤਵਪੂਰਨ ਹਿੱਸਾ ਹਨ ਅਤੇ ਕੋਈ ਵੀ ਉਦਯੋਗ ਉਹਨਾਂ ਪ੍ਰਤੀ ਉਦਾਸੀਨ ਨਹੀਂ ਹੋ ਸਕਦਾ ਹੈ। ਗਾਹਕ ਸੇਵਾ ਦੀ ਭੂਮਿਕਾ ਅਤੇ ਸੰਬੰਧ ਸੇਵਾ ਖੇਤਰ ਵਿੱਚ ਮਹੱਤਵਪੂਰਨ ਹਨ ਅਤੇ ਇਸੇ ਤਰ੍ਹਾਂ ਬੀਮੇ ਲਈ ਵੀ।

ਹਰ ਉਦਯੋਗ ਦਾ ਆਪਣੇ ਗਾਹਕਾਂ ਨੂੰ ਖੁਸ਼ ਕਰਨ ਦਾ ਮਕਸਦ ਹੁੰਦਾ ਹੈ। ਇਸ ਨੂੰ ਕਾਰ ਖਰੀਦਣ ਨੂੰ ਬੀਮਾ ਖਰੀਦਣ ਤੋਂ ਵੱਖਰੇ ਹੋਣ ਨਾਲ ਸਮਝਿਆ ਜਾ ਸਕਦਾ ਹੈ।

ਕਾਰ ਨੂੰ ਵੇਖਿਆ, ਛੋਹਿਆ, ਚਲਾ ਕੇ ਟੈਸਟ ਕੀਤਾ ਤੇ ਆਨੰਦ ਮਾਣਿਆ ਜਾ ਸਕਦਾ ਹੈ, ਜਦੋਂ ਕਿ ਕਾਰ ਦਾ ਬੀਮਾ ਹਾਦਸੇ ਵਿੱਚ ਕਾਰ ਦੇ ਨੁਕਸਾਨ ਹੋਣ ਉੱਤੇ ਭੁਗਤਾਨ ਕਰਨ ਦਾ ਸਿਰਫ਼ ਵਾਅਦਾ ਹੈ। ਇਹ ਵਾਅਦਾ ਅਛੋ ਹੈ - ਇਹ ਨਾ ਵੇਖਿਆ ਜਾ ਸਕਦਾ ਹੈ, ਨਾ ਛੋਹਿਆ ਅਤੇ ਨਾ ਹੀ ਅਨੁਭਵ ਕੀਤਾ ਜਾ ਸਕਦਾ ਹੈ।

ਜਦੋਂ ਕਿ ਕਾਰ ਦਾ ਗਾਹਕ ਕਾਰ ਨੂੰ ਸੌਖੀ ਤਰ੍ਹਾਂ ਸਮਝ ਅਤੇ ਅਨੁਭਵ ਕਰ ਸਕਦਾ ਹੈ, ਬੀਮੇ ਦਾ ਗਾਹਕ ਜੋ ਬੀਮਾ ਸੁਰੱਖਿਆ ਖਰੀਦਦਾ ਹੈ, ਲਈ ਉਸ ਦਾ ਮੁਲਾਂਕਣ ਅਤੇ ਤਜਰਬਾ ਤਾਂ ਹੀ ਕਰ ਸਕਦਾ ਹੈ, ਜਦੋਂ ਉਸ ਨੂੰ ਘਾਟਾ ਪੈਂਦਾ ਹੈ ਅਤੇ ਬੀਮਾ ਕੰਪਨੀ ਦਾਅਵੇ ਦਾ ਨਿਪਟਾਰਾ ਕਰਦੀ ਹੈ। ਸਾਰੇ ਗਾਹਕਾਂ ਨੂੰ ਇਹ ਤਜਰਬੇ ਦਾ ਮੌਕਾ ਨਹੀਂ ਮਿਲਦਾ ਹੈ। ਬੀਮੇ ਵਿੱਚ ਜਦੋਂ ਵੀ ਇਹ ਹਾਲਤ ਪੈਦਾ ਹੋਵੇ ਅਤੇ ਜੇ ਸੇਵਾ ਉਮੀਦ ਤੋਂ ਵਧੀਆ ਹੋਵੇ ਤਾਂ ਗਾਹਕ ਖ਼ੁਸ਼ ਹੁੰਦਾ ਹੈ।

### 2. ਸੇਵਾ ਦੀ ਕੁਆਲਟੀ

ਬੀਮਾ ਕੰਪਨੀਆਂ ਅਤੇ ਉਹਨਾਂ ਦੇ ਮੁਲਾਜ਼ਮਾਂ, ਜਿਸ ਵਿੱਚ ਉਹਨਾਂ ਦੇ ਏਜੰਟ ਵੀ ਹਨ, ਲਈ ਇਹ ਜ਼ਰੂਰੀ ਹੈ ਕਿ ਉੱਚ ਪੱਧਰੀ ਕੁਆਲਟੀ ਸੇਵਾ ਦਿੱਤੀ ਜਾਵੇ ਅਤੇ ਗਾਹਕ ਨੂੰ ਖੁਸ਼ ਰੱਖਿਆ ਜਾਵੇ।

ਪਰ ਉੱਚ ਪੱਧਰੀ ਕੁਆਲਟੀ ਸੇਵਾ ਕੀ ਹੈ? ਇਸ ਦੇ ਕੀ ਗੁਣ ਹਨ?

ਜੇਈਥਮਲ, ਪਾਰਾਸੁਰਮਨ ਤੇ ਬੇਰੀ ਦੀ ਸੇਵਾ ਕੁਆਲਟੀ ਲਈ ਜਾਣੇ-ਪਛਾਣੇ SERVQUAL ਢੰਗ ਵਿੱਚ ਸੇਵਾ ਕੁਆਲਟੀ ਦੇ 5 ਵੱਡੇ ਸੂਚਕ ਹਨ:

a) ਭਰੋਸੇਯੋਗਤਾ: ਵਾਅਦਾ ਕੀਤਾ ਸੇਵਾ ਨੂੰ ਨਿਰਭਰਤਾ ਅਤੇ ਦਰੁਸਤਾ ਨਾਲ ਨਿਭਾਉਣ ਦੀ ਸਮਰੱਥਾ ਨੂੰ ਚੰਗੀ ਸੇਵਾ ਦੇ ਸਭ ਤੋਂ ਮਹੱਤਵਪੂਰਨ ਸੰਕੇਤ ਵਜੋਂ ਵੇਖਿਆ ਜਾਂਦਾ ਹੈ। ਇਹ ਆਧਾਰ ਹੈ, ਜਿਸ ਉੱਤੇ ਭਰੋਸਾ ਬਣਦਾ ਹੈ।

b) ਜਵਾਬਦੇਹੀ: ਗਾਹਕ ਦੀ ਮਦਦ ਲਈ ਵਿਅਕਤੀਗਤ ਸੇਵਾ ਦੀ ਇੱਛਾ ਤੇ ਸਮੱਰਥਾ ਅਤੇ ਗਾਹਕ ਦੀਆਂ ਲੋੜਾਂ ਲਈ ਤੁਰੰਤ ਹੁੰਗਾਰਾ ਦੇਣ ਨੂੰ ਦਰਸਾਉਂਦਾ ਹੈ। ਇਸ ਨੂੰ ਸੇਵਾ ਦੇਣ ਦੇ ਦੌਰਾਨ ਗਤੀ, ਸੁਨਿਸ਼ਚਿਤਤਾ, ਅਤੇ ਰਵੱਈਏ ਵਰਗੇ ਸੂਚਕਾਂ ਨਾਲ ਮਾਪਿਆ ਜਾਂਦਾ ਹੈ।

c) ਅਸ਼ੋਰੈਂਸ: ਗਾਹਕਾਂ ਦੀਆਂ ਲੋੜਾਂ ਨੂੰ ਸਮਝਣ ਅਤੇ ਪੂਰਾ ਕਰਨ ਲਈ ਮੁਲਾਜ਼ਮ ਜਾਂ ਏਜੰਟ ਵਲੋਂ ਦਰਸਾਏ ਗਿਆਨ, ਯੋਗਤਾ ਤੇ ਨਿਮਰਤਾ ਨੂੰ ਕਿਹਾ ਜਾਂਦਾ ਹੈ ਅਤੇ ਇਸ ਤਰ੍ਹਾਂ ਭਰੋਸਾ ਤੇ ਵਿਸ਼ਵਾਸ਼ ਪਹੁੰਚਾਇਆ ਜਾਂਦਾ ਹੈ।

d) ਹਮਦਰਦੀ: ਹਮਦਰਦੀ ਨੂੰ ਮਨੁੱਖੀ ਛੋਹ ਵਜੋਂ ਦਰਸਾਇਆ ਜਾਂਦਾ ਹੈ। ਇਹ ਗਾਹਕ ਨੂੰ ਦਿੱਤੇ ਗਏ ਆਦਰ ਦੇ ਰਵੱਈਏ ਅਤੇ ਵਿਅਕਤੀਗਤ ਤੌਰ ਉੱਤੇ ਧਿਆਨ ਨੂੰ ਦਰਸਾਉਂਦਾ ਹੈ।

e) ਆਲੇ ਦੁਆਲੇ ਦਾ ਮਾਹੌਲ: ਪਰਤੱਖ ਮਾਹੌਲ ਜਿਵੇਂ ਕਿ ਟਿਕਾਣਾ, ਖਾਕਾ ਤੇ ਸਾਫ਼-ਸਫਾਈ ਦੇ ਨਾਲ ਨਾਲ ਪੇਸ਼ੇਵਰ ਹੋਣ ਦੀ ਭਾਵਨਾ, ਜੋ ਕਿ ਗਾਹਕ ਸੇਵਾ ਪੂਰਕ ਨਾਲ ਸੰਪਰਕ ਕਰਨ ਸਮੇਂ ਮਹਿਸੂਸ ਕਰਦਾ ਹੈ, ਨੂੰ ਦਰਸਾਉਂਦਾ ਹੈ। ਪਹਿਲਾਂ ਅਨੁਭਵ ਬਹੁਤ ਦੇਰ ਤੱਕ ਰਹਿੰਦਾ ਹੈ।

### 3. ਗਾਹਕ ਸੇਵਾ ਅਤੇ ਬੀਮਾ


ਬੀਮਾ ਉਦਯੋਗ ਵਿੱਚ ਮੂਹਰਲੇ ਵਿਕਰੇਤਾ ਦੇਣ ਵਾਲੇ ਕਹਿੰਦੇ ਹਨ ਕਿ ਸਿਖਰ ਉੱਤੇ ਪਹੁੰਚਣ ਤੇ ਟਿਕੇ ਰਹਿਣ ਦਾ ਭੇਤ ਮੌਜੂਦਾ ਗਾਹਕਾਂ ਦੀ ਵੱਡੀ ਗਿਣਤੀ ਦਾ ਸਹਿਯੋਗ ਪ੍ਰਾਪਤ ਕਰਨਾ ਹੈ, ਜੋ ਕਿ ਕਾਰੋਬਾਰ ਬਣਾਉਣ ਲਈ ਮਦਦ ਕਰਦੇ ਹਨ। ਇਹ ਗਾਹਕ ਮੌਜੂਦਾ ਇਕਰਾਰਨਾਮਿਆਂ ਦੇ ਨਵਿਆਉਣ ਤੋਂ ਦਲਾਲੀ ਦਾ ਸਰੋਤ ਹਨ। ਇਹ ਨਵੇਂ ਗਾਹਕ ਖਿੱਚਣ ਲਈ ਮੁੱਲਵਾਨ ਸਰੋਤ ਵੀ ਹੋ ਸਕਦੇ ਹਨ।

ਬੀਮੇ ਵਿਕਰੀ ਵਿੱਚ ਵਿਕਰੀ ਦਾ ਸਭ ਤੋਂ ਵੱਡਾ ਮੰਤਰ ਗਾਹਕਾਂ ਨੂੰ ਪੱਕੇ ਗਾਹਕਾਂ ਵਿੱਚ ਬਦਲਣਾ ਹੁੰਦਾ ਹੈ। ਗਾਹਕ ਉਹ ਹੁੰਦੇ ਹਨ, ਜੋ ਉਤਪਾਦ ਖਰੀਦਦੇ ਹਨ। ਪੱਕੇ ਗਾਹਕ, ਦੂਜੇ ਹੱਥ ਏਜੰਟ ਨਾਲ ਜਿੰਦਗੀ ਭਰ ਜੁੜਨ ਵਾਲੇ ਲੋਕ ਹਨ, ਜੋ ਉਸ ਤੋਂ ਖਰੀਦਣਾ ਜਾਰੀ ਰੱਖਣ ਦੇ ਨਾਲ ਨਾਲ ਉਸ ਨੂੰ ਸੰਭਾਵਿਤ ਤੌਰ ਉੱਤੇ ਹੋਰ ਗਾਹਕ ਬਣਾਉਣ ਤੇ ਵਿਕਰੀ ਲਈ ਉਸ ਦੀ ਮਦਦ ਵੀ ਕਰਦੇ ਹਨ।

ਕਿਸੇ ਦੇ ਗਾਹਕ ਨੂੰ ਸੇਵਾ ਦੇਣ ਦੀ ਗੰਭੀਰ ਵਚਨਬੱਧਤਾ ਨਾਲ ਕੰਮ ਕਰਕੇ ਗਾਹਕ ਬਣਾਏ ਜਾਂਦੇ ਹਨ। ਇਹ ਸਮਝਣਾ ਕਿ ਗਾਹਕ ਨੂੰ ਖੁਸ਼ ਰੱਖਣਾ ਏਜੰਟ ਤੇ ਕੰਪਨੀ ਨੂੰ ਕਿਵੇਂ ਫਾਇਦਾ ਦਿੰਦਾ ਹੈ, ਵਿਅਕਤੀ ਨੂੰ ਗਾਹਕ ਦੇ ਉਮਰ ਭਰ ਜੁੜੇ ਰਹਿਣ ਦੇ ਮੁੱਲ ਦੇ ਸਿਧਾਂਤ ਨੂੰ ਸਮਝਣਾ ਚਾਹੀਦਾ ਹੈ।

ਗਾਹਕ ਦੇ ਉਮਰ ਭਰ ਜੁੜੇ ਰਹਿਣ ਦੇ ਮੁੱਲ ਨੂੰ ਆਰਥਿਕ ਫਾਇਦਿਆਂ ਦੇ ਸਮੂਹ ਵਜੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ, ਜੋ ਕਿ ਗਾਹਕ ਨਾਲ ਲੰਮੇ ਸਮੇਂ ਦੇ ਮਜ਼ਬੂਤ ਸਬੰਧ ਬਣਾਉਣ ਤੋਂ ਹੋ ਸਕਦੇ ਹਨ।

ਚਿੱਤਰ 1 : ਗਾਹਕ ਜੀਵਨ ਕਾਲ ਮੁੱਲ




ਏਜੰਟ, ਜੋ ਸੇਵਾ ਦਿੰਦਾ ਹੈ ਅਤੇ ਆਪਣੇ ਗਾਹਕਾਂ ਨਾਲ ਨੇੜਲੇ ਸਬੰਧ ਬਣਾਉਂਦਾ ਹੈ, ਸਾਖ ਅਤੇ ਬਰੈਂਡ ਮੁੱਲ ਬਣਾਉਂਦਾ ਹੈ, ਜਿਸ ਨਾਲ ਵਪਾਰ ਵੱਧਣ ਵਿੱਚ ਮੱਦਦ ਮਿਲਦੀ ਹੈ।

**ਆਪਣੇ ਆਪ ਨੂੰ ਟੈਸਟ ਕਰੋ 1**

ਗਾਹਕ ਜੀਵਨ ਮੁੱਲ ਦਾ ਕੀ ਭਾਵ ਹੈ?

I. ਗਾਹਕ ਦੀ ਜ਼ਿੰਦਗੀ ਦੇ ਦੌਰਾਨ ਸੇਵਾ ਦੇਣ ਦੌਰਾਨ ਆਈ ਕੀਮਤ ਦਾ ਜੋੜ ਹੈ

II. ਪੈਦਾ ਹੋਏ ਵਪਾਰ ਦੇ ਆਧਾਰ ਉੱਤੇ ਗਾਹਕ ਨੂੰ ਦਿੱਤਾ ਦਰਜਾ

III. ਆਰਥਿਕ ਫਾਇਦਿਆਂ ਦਾ ਜੋੜ, ਜੋ ਕਿ ਗਾਹਕ ਨਾਲ ਲੰਮਾ ਸਮਾਂ ਸਬੰਧ ਬਣਾਉਣ ਤੋਂ ਪ੍ਰਾਪਤ ਹੋ ਸਕਦੇ ਹਨ

IV. ਵੱਧ ਤੋਂ ਵੱਧ ਬੀਮਾ, ਜੋ ਕਿ ਗਾਹਕ ਨਾਲ ਸਬੰਧਿਤ ਹੋ ਸਕਦੇ ਹਨ


---

## 4. ਗਾਹਕ ਸੰਬੰਧ ਅਤੇ ਸੇਵਾ

ਹਾਲਾਂਕਿ ਗਾਹਕ ਸੇਵਾ ਸੰਤੁਸ਼ਟ ਅਤੇ ਪੱਕੇ ਗਾਹਕ ਬਣਾਉਣ ਦਾ ਮੁੱਖ ਭਾਗ ਹੈ, ਪਰ ਉਹਨਾਂ ਨਾਲ ਮਜ਼ਬੂਤ ਸੰਬੰਧ ਬਣਾਉਣੇ ਵੀ ਜ਼ਰੂਰੀ ਹਨ। ਬੀਮਾਕਰਤਾ ਦੇ ਬਾਰੇ ਗਾਹਕ ਦੇ ਖਿਆਲ ਬੀਮਾਕਰਤਾ ਵਲੋਂ ਪੇਸ਼ ਕੀਤੀਆਂ ਸੇਵਾਵਾਂ ਅਤੇ ਸੰਬੰਧਾਂ ਦੇ ਅਨੁਭਵਾਂ ਉੱਤੇ ਨਿਰਭਰ ਕਰਦੇ ਹਨ।

ਮਜ਼ਬੂਤ ਸਬੰਧ ਕਿਸ ਤਰ੍ਹਾਂ ਬਣਦੇ ਹਨ? ਬੇਸ਼ੱਕ ਇਸ ਦਾ ਮੂਲ ਹੈ ਭਰੋਸਾ। ਇਸ ਦੇ ਨਾਲ ਹੀ ਹੋਰ ਤੱਥ ਹਨ, ਜੋ ਕਿ ਉਸ ਭਰੋਸੇ ਨੂੰ ਮਜ਼ਬੂਤ ਕਰਦੇ ਹਨ ਤੇ ਵਧਾਉਂਦੇ ਹਨ। ਆਉ ਉਹਨਾਂ ਵਿੱਚੋਂ ਕੁਝ ਤੱਥਾਂ ਬਾਰੇ ਵਿਚਾਰ ਕਰੀਏ।

**ਚਿੱਤਰ 2: ਭਰੋਸੇ ਦੇ ਤੱਤ**




i. ਹਰ ਸਬੰਧ ਇੱਕ ਖਿੱਚ ਨਾਲ ਸ਼ੁਰੂ ਹੁੰਦਾ ਹੈ: ਖਿੱਚ ਦਾ ਅਰਥ ਹੈ ਕਿ ਪਸੰਦ ਕੀਤੇ ਜਾਣਾ ਅਤੇ ਗਾਹਕ ਨਾਲ ਤਾਲਮੇਲ ਬਣਾਉਣ ਦੇ ਸਮਰੱਥ ਹੋਣਾ, ਪਹਿਲਾਂ ਪ੍ਰਭਾਵ ਬਹੁਤ ਵਧੀਆ ਬਣਾ ਕੇ ਸ਼ੁਰੂ ਕਰਨਾ ਹੁੰਦਾ ਹੈ। ਖਿੱਚ ਹਰੇਕ ਦੇ ਦਿਲ ਨੂੰ ਖੋਲ੍ਹਣ ਦੀ ਪਹਿਲੀ ਕੁੰਜੀ ਮੰਨਿਆ ਜਾਂਦਾ ਹੈ। ਇਸ ਦੇ ਬਿਨਾਂ ਤਾਂ ਸਬੰਧ ਪੈਦਾ ਹੋਣਾ ਹੀ ਬਹੁਤ ਔਖਾ ਹੈ। ਵਿਕਰੇਤਾ ਤੋਂ ਬਹੁਤੀ ਉਮੀਦ ਨਹੀਂ ਕੀਤੀ ਜਾ ਸਕਦੀ ਹੈ, ਜੇ ਉਹ ਗਾਹਕ ਨੂੰ ਪਸੰਦ ਨਾ ਆਵੇ।

ii. ਸਬੰਧ ਦੇ ਵਿੱਚ ਦੂਜਾ ਤੱਥ ਹੈ ਕਿਸੇ ਦੀ ਮੌਜੂਦਗੀ, ਮੌਜੂਦ ਹੋਣਾ, ਜਦੋਂ ਲੋੜ ਹੋਵੇ।

iii. ਗੱਲਬਾਤ: ਭਾਵੇ ਕੋਈ ਪੂਰੀ ਤਰ੍ਹਾਂ ਪੇਸ਼ ਨਾ ਹੋ ਸਕੇ ਅਤੇ ਗਾਹਕ ਲਈ ਪੂਰੀਆਂ ਉਮੀਦਾਂ ਨਾਲ ਪੂਰਾ ਇਨਸਾਫ਼ ਨਾ ਕਰ ਸਕੇ ਤਾਂ ਵੀ ਉਹ ਗੱਲਬਾਤ ਦੇ ਢੰਗ, ਜੋ ਕਿ ਯਕੀਨੀ ਬਣਾਵੇ, ਹਮਦਰਦੀ ਅਤੇ ਜ਼ੁੰਮੇਵਾਰੀ ਦੀ ਭਾਵਨਾ ਦਰਸਾਉਂਦਾ ਹੋਵੇ, ਨਾਲ ਮਜ਼ਬੂਤ ਰਿਸ਼ਤਾ ਬਣਾਈ ਰੱਖ ਸਕਦਾ ਹੈ।

ਗੱਲਬਾਤ ਦੇ ਉਪਰ ਦੱਸੇ ਮਾਪਢੰਡ ਅਨੁਸ਼ਾਸ਼ਨ ਅਤੇ ਮੁਹਾਰਤ ਦੀ ਮੰਗ ਕਰਦੇ ਹਨ। ਉਹ ਅਸਲ ਵਿੱਚ ਦਰਸਾਉਂਦੇ ਹਨ ਕਿ ਕੋਈ ਕਿਵੇਂ ਸੋਚਦਾ ਅਤੇ ਵੇਖਦਾ ਹੈ।

ਕੰਪਨੀਆਂ ਗਾਹਕ ਸਬੰਧ ਪ੍ਰਬੰਧਨ, ਉੱਤੇ ਬਹੁਤ ਜ਼ੋਰ ਦਿੰਦੀਆਂ ਹਨ, ਕਿਉਂਕਿ ਗਾਹਕ ਨੂੰ ਨਾਲ ਜੋੜੀ ਰੱਖਣ ਉੱਤੇ ਖਰਚ ਨਵੇਂ ਗਾਹਕ ਬਣਾਉਣ ਨਾਲੋਂ ਬਹੁਤ ਘੱਟ ਹੁੰਦਾ ਹੈ। ਗਾਹਕ ਸਬੰਧ ਬਣਾਉਣ ਦੇ ਮੌਕੇ ਮਿਲਣ ਦੀਆਂ ਕਈ ਥਾਵਾਂ ਉੱਤੇ ਬਣਦੇ ਹਨ, ਜਿਵੇਂ ਕਿ ਗਾਹਕ ਦੀਆਂ ਬੀਮਾਂ ਲੋੜਾਂ ਨੂੰ ਸਮਝਣ ਦੌਰਾਨ, ਬੀਮਾ ਸੁਰੱਖਿਆ ਸਮਝਾਉਣ ਦੌਰਾਨ, ਫਾਰਮ ਦੇਣ ਦੇ ਦੌਰਾਨ ਆਦਿ।

## B. ਵਧੀਆ ਗਾਹਕ ਸੇਵਾ ਦੇਣ ਵਿੱਚ ਬੀਮਾ ਏਜੰਟ ਦੀ ਭੂਮਿਕਾ।

ਆਉ ਹੁਣ ਵਿਚਾਰ ਕਰੀਏ ਕਿ ਕਿਵੇਂ ਇੱਕ ਏਜੰਟ ਗਾਹਕ ਨੂੰ ਬਹੁਤ ਵਧੀਆ ਸੇਵਾ ਦੇ ਸਕਦਾ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਵਿਕਰੇਤਾ ਵਲੋਂ ਗਾਹਕ ਨਾਲ ਸੰਪਰਕ ਕੀਤੇ ਜਾਣ ਦੇ ਪਲ ਤੋਂ ਦਾਅਵੇ ਦੇ ਨਿਪਟਾਏ ਜਾਣ ਦੇ ਆਖਰੀ ਸਮੇਂ ਤੱਕ ਗਾਹਕ ਨੂੰ ਅਨੁਭਵ ਦਾ ਸਫ਼ਰ ਕਰਨਾ ਹੁੰਦਾ ਹੈ, ਜਿਸ ਨੂੰ ਅਸੀਂ 'ਗਾਹਕ ਦਾ ਸਫ਼ਰ' ਕਹਾਂਗੇ। ਏਜੰਟ ਨੂੰ

ਇਕਰਾਰ ਦੇ ਪੂਰੇ ਸਮੇਂ ਦੌਰਾਨ ਗਾਹਕ ਦਾ ਸਾਥੀ ਬਣਨ ਦੀ ਲੋੜ ਹੁੰਦੀ ਹੈ, ਸਫ਼ਰ ਦੇ ਹਰ ਪੜਾਅ ਦੌਰਾਨ ਉਸ ਦਾ ਹੱਥ ਫੜੀ ਰੱਖਣਾ ਚਾਹੀਦਾ ਹੈ ਤਾਂ ਕਿ ਹਰ ਪੜਾਅ ਉੱਤੇ ਯਾਦਗਾਰ ਅਨੁਭਵ ਹੋ ਸਕੇ।

ਆਓ ਸਫ਼ਰ ਦੇ ਕੁਝ ਪੜਾਆਵਾਂ ਅਤੇ ਹਰ ਪੜਾਅ ਵਿੱਚ ਨਿਭਾਈ ਜਾਂਦੀ ਭੂਮਿਕਾ ਬਾਰੇ ਵਿਚਾਰ ਕਰੀਏ।

1. ਵਿਕਰੀ

ਇਹ ਕਿਹਾ ਜਾਂਦਾ ਹੈ ਕਿ ਵਿਕਰੀ ਕਲਾ ਅਤੇ ਵਿਗਿਆਨ ਦੋਵੇਂ ਹਨ। ਇਹ ਵਿਗਿਆਨ ਹੈ, ਕਿਉਂਕਿ ਇਸ ਵਿੱਚ ਕਾਰਵਾਈਆਂ ਦਾ ਸਮੂਹ ਹੈ, ਜੇ ਉਹਨਾਂ ਦੀ ਨਿਰੰਤਰ ਤੇ ਸਹੀ ਢੰਗ ਨਾਲ ਪਾਲਣਾ ਕੀਤੀ ਜਾਵੇ ਤਾਂ ਕਾਮਯਾਬ ਹੋਣ ਦੀ ਸੰਭਵਾਨਾ ਹੁੰਦੀ ਹੈ। ਇਹ ਕਲਾ ਵੀ ਹੈ, ਕਿਉਂਕਿ ਹਰ ਵਿਕਰੇਤਾ ਆਪਣੀ ਵੱਖਰੀ ਸੋਚ, ਸ਼ੈਲੀ ਅਤੇ ਸਖਸ਼ੀਅਤ ਨੂੰ ਕਾਰਵਾਈ ਵਿੱਚ ਲਿਆਉਂਦਾ ਹੈ ਅਤੇ ਨਤੀਜੇ ਹਰ ਵਿਅਕਤੀ ਵਲੋਂ ਕਾਰਵਾਈ ਵਿੱਚ ਪਾਏ ਗਏ ਯਤਨਾਂ ਉੱਤੇ ਨਿਰਭਰ ਕਰਦੇ ਹਨ।

- ਸੰਭਾਵਿਤ ਤਿਆਰੀ: ਵਿਕਰੀ ਅਮਲ ਸੰਭਾਵਿਤ ਤਿਆਰੀ ਨਾਲ ਸ਼ੁਰੂ ਹੁੰਦਾ ਹੈ, ਜੋ ਕਿ ਅਸਲ ਵਿੱਚ ਸੰਭਾਵਿਤ ਗਾਹਕ ਲਈ 'ਖੋਜ ਕਰਨੀ' ਹੈ। ਖੋਜ ਕਰਨਾ ਖਾਸ ਹੈ, ਕਿਉਂਕਿ ਜਦੋਂ ਤੱਕ 'ਕੋਈ ਲੱਭਦਾ ਨਹੀ ਹੈ, ਉਦੋਂ ਤੱਕ ਕੁਝ ਮਿਲਦਾ ਨਹੀਂ ਹੈ', ਇਹ ਪ੍ਰਕਿਰਿਆ ਵਿੱਚ ਸਭ ਤੋਂ ਖਾਸ ਪੜਾਅ ਹੈ। ਏਜੰਟ ਅਕਸਰ ਆਪਣੇ ਸੁਭਾਵਿਕ ਬਾਜ਼ਾਰ, ਜਾਣੇ-ਪਛਾਣੇ ਅਤੇ ਸੌਖੀ ਤਰ੍ਹਾਂ ਲੱਭੇ ਜਾਣ ਵਾਲੇ ਲੋਕਾਂ ਨਾਲ ਸ਼ੁਰੂ ਕਰਦਾ ਹੈ। ਸ਼ੁਰੂਆਤੀ ਚੁਣੌਤੀ ਕਿਸੇ ਦੇ ਸਭ ਤੋਂ ਨੇੜਲੇ ਸਮੂਹ ਵਿੱਚੋਂ ਅਗਲੇ ਲੋਕਾਂ ਦਾ ਨੈੱਟਵਰਕ ਲੱਭਣਾ ਹੁੰਦਾ ਹੈ - ਉਹਨੂੰ ਜਾਣਨਾ ਅਤੇ ਉਹਨਾਂ ਵਲੋਂ ਜਾਣਿਆ ਜਾਣਾ।

  ਕਿਸੇ ਦੇ ਜਾਣੇ ਪਛਾਣੇ ਅਤੇ ਨੇੜਲੇ ਜਾਣੇ ਜਾਂਦੇ ਲੋਕਾਂ ਵਿੱਚ ਸਭ ਬੀਮੇ ਲਈ ਵਾਜਬ ਉਮੀਦਵਾਰ ਨਹੀਂ ਹੁੰਦੇ ਜਾਂ ਉਹ ਖਰੀਦਣ ਵਿੱਚ ਦਿਲਚਸਪੀ ਨਹੀਂ ਰੱਖਦੇ ਹੋ ਸਕਦੇ। ਇਸਕਰਕੇ ਉਹਨਾਂ ਦੀ ਪਾਤਰਤਾ ਦਾ ਪਤਾ ਲਗਾਉਣਾ ਜ਼ਰੂਰੀ ਹੈ ਤਾਂ ਕਿ ਸਿਰਫ਼ ਉਹਨਾਂ ਲਈ ਹੀ ਟੀਚਾ ਮਿਥਿਆ ਜਾ ਸਕੇ, ਜੋ ਕਿ ਬੀਮਾ ਖਰੀਦਣਾ ਚਾਹੁੰਦੇ ਹਨ। ਜਦੋਂ ਏਜੰਟ ਸੰਭਾਵਿਤ ਨਾਲ ਮਜ਼ਬੂਤ ਰਿਸ਼ਤਾ ਬਣਾਉਣ ਦੇ ਸਮਰੱਥ ਹੋ ਜਾਂਦਾ ਹੈ ਤਾਂ ਸੰਭਾਵਿਤ ਅਮਲ ਕਾਮਯਾਬ ਬਣ ਜਾਂਦਾ ਹੈ। ਵਿਕਰੇਤਾ ਦਾ ਪਹਿਲਾਂ ਕੰਮ ਵਿਸ਼ਵਾਸ਼ ਵੇਚਣਾ ਅਤੇ ਭਰੋਸਾ ਬਣਾਉਣਾ ਹੁੰਦਾ ਹੈ।

- *ਇੰਟਰਵਿਊ ਲਈ ਸੱਦਾ:* ਹਾਲਾਂਕਿ ਨਿੱਜੀ ਰਿਸ਼ਤੇ ਬੀਮਾ ਕਾਰੋਬਾਰ ਬਣਾਉਣ ਲਈ ਮੁੱਢ ਹਨ, ਪਰ ਕਮਾਈ ਹੋਈ ਸਾਖ ਨੂੰ ਵਿਕਰੀ ਵਿੱਚ ਬਦਲਣਾ ਜ਼ਰੂਰੀ ਹੁੰਦਾ ਹੈ। ਇਹ ਵਿਕਰੇਤਾ ਵਲੋਂ ਵਿਸਤ੍ਰਿਤ ਵਿਕਰੀ ਇੰਟਰਵਿਊ ਵਾਸਤੇ ਰਸਮੀ ਮੁਲਾਕਾਤ ਸੈਟ ਅੱਪ ਕਰਨ ਨਾਲ ਸ਼ੁਰੂ ਹੁੰਦੀ ਹੈ। ਇਹ ਪੜਾਅ ਕਿਸੇ ਦੇ ਪੇਸ਼ੇਵਾਰ ਸਨਦਾਂ ਸਥਾਪਤ ਕਰਨ ਅਤੇ ਸਰਸਰੀ ਚਰਚਾ ਤੋਂ ਕਾਰੋਬਾਰ ਨੂੰ ਵੱਖ ਕਰਨ ਲਈ ਨਾਜ਼ੁਕ ਹੈ।

- *ਲੋੜਾਂ ਦਾ ਪਤਾ ਲਗਾਉਣਾ ਅਤੇ ਹੱਲ ਦੀ ਸਿਫਾਰਸ਼ ਕਰਨੀ:* ਵਿਕਰੀ ਇੰਟਰਵਿਊ ਦੀ ਮੂਲ ਭਾਵਨਾ ਵਿੱਚ ਉਹ ਪੜਾਅ ਹੁੰਦੇ ਹਨ, ਜਿੱਥੇ ਵਿਕਰੀ ਏਜੰਟ ਸੰਭਾਵਿਤ ਗਾਹਕ ਦੀਆਂ ਲੋੜਾਂ ਦਾ ਪਤਾ ਲਗਾਉਂਦਾ ਅਤੇ ਉਹਨਾਂ ਬਾਰੇ ਜਾਗਰੂਕ ਕਰਦਾ ਹੈ ਕਿ ਇਹਨਾਂ ਦਾ ਹੱਲ ਬੀਮੇ ਵਿਚ ਹੈ। ਮਾਹਰ ਵਿਕਰੇਤਾ ਆਪਣੀ ਯੋਗਤਾ ਨਾਲ ਸੰਭਾਵਿਤ

ਦਾ ਮਾਰਗ ਦਰਸ਼ਨ ਕਰਕੇ ਵਿਲੱਖਣ ਬਣਦੇ ਹਨ, ਜਿਸ ਦੇ ਦੁਆਰਾ ਉਹ ਸੰਭਾਵਿਤ ਤੋਂ ਵਾਜਬ ਸਵਾਲ ਪੁੱਛਦੇ ਹਨ, ਬੀਮਾ ਸੁਰੱਖਿਆ ਨਾ ਲੈਣ ਦੇ ਕਾਰਨਾਂ ਦਾ ਪਤਾ ਲਗਾਉਂਦੇ ਹਨ ਅਤੇ ਬੀਮੇ ਦੀ ਲੋੜ ਸਿਰਜਦੇ ਹਨ।

ਸੰਭਾਵਿਤ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਬੀਮਾ ਹੱਲ ਬਾਰੇ ਉਸ ਨੂੰ *ਸਭ ਤੋਂ ਵਧੀਆ ਸਲਾਹ* ਦੇਣੀ ਏਜੰਟ ਦੀ ਜ਼ੁੰਮੇਵਾਰੀ ਹੈ। ਸਭ ਤੋਂ ਪਹਿਲਾਂ ਵਿਅਕਤੀ ਨੂੰ ਸੰਭਾਵਿਤ ਨੂੰ ਲੋੜਾਂ ਬਾਰੇ ਜਾਗਰੂਕ ਕਰਨਾ ਹੁੰਦਾ ਹੈ, ਜਿਸ ਲਈ ਬੀਮਾ ਹੱਲ਼ ਹੈ। ਇਸ ਵਿੱਚ ਖਰੀਦੇ ਜਾਣ ਵਾਲੇ ਬੀਮੇ ਦੀ ਰਕਮ ਬਾਰੇ ਢੁੱਕਵੀਂ ਸਲਾਹ ਦੇਣਾ ਵੀ ਸ਼ਾਮਲ ਹੁੰਦਾ ਹੈ। ਮਿਸਾਲ ਵਜੋਂ ਵਿਅਕਤੀ ਵਲੋਂ ਖਰੀਦੇ ਜਾਣ ਵਾਲੇ ਜੀਵਨ ਬੀਮੇ ਦੀ ਰਕਮ ਉਸ ਦੀ ਆਮਦਨ ਤੇ ਭੁਗਤਾਨ ਸਮਰੱਥਾ ਨਾਲ ਸੰਬੰਧਿਤ ਹੋਵੇਗੀ।

ਮੂਲ ਧਾਰਨਾ ਦਾ ਧਿਆਨ ਰੱਖਣਾ ਵੀ ਮਹੱਤਵਪੂਰਨ ਹੁੰਦਾ ਹੈ, ਖਾਸ ਕਰਕੇ ਜਦੋਂ ਗ਼ੈਰ-ਜੀਵਨ ਬੀਮਾ ਖਰੀਦਣਾ ਹੋਵੇ: ਬੀਮਾ ਕਰਵਾਉਣ ਦੀ ਸਿਫਾਰਸ਼ ਨਾ ਕਰੋ, ਜਿੱਥੇ ਜ਼ੋਖਮ ਹੋਰ ਢੰਗ ਨਾਲ ਨਿਪਟਿਆ ਜਾ ਸਕਦਾ ਹੋਵੇ।

ਕੀ ਬੀਮਾ ਲੋੜੀਦਾ ਹੈ ਜਾਂ ਨਹੀਂ, ਹਾਲਤ ਉੱਤੇ ਨਿਰਭਰ ਕਰਦਾ ਹੈ। ਜੇ ਹੋਣ ਵਾਲੇ ਘਾਟੇ ਨਾਲੋਂ ਪ੍ਰੀਮੀਅਮ ਦਾ ਭੁਗਤਾਨ ਵੱਧ ਹੁੰਦਾ ਹੈ ਤਾਂ ਜੋਖਿਮ ਨੂੰ ਝੱਲਣਾ ਠੀਕ ਰਹੇਗਾ। ਦੂਜੇ ਪਾਸੇ, ਜੇ ਜ਼ੋਖਮ ਦੇ ਨਤੀਜੇ ਵਜੋਂ ਘਾਟਾ ਹੋਣ ਦੀ ਸੰਭਾਵਨਾ ਗੰਭੀਰ ਹੋਵੇ ਤਾਂ ਉਸ ਲਈ ਬੀਮਾ ਕਰਵਾਉਣਾ ਸਿਆਣਪ ਹੁੰਦੀ ਹੈ।

**ਉਦਾਹਰਨ**

ਹੜ੍ਹ ਸੰਭਾਵਿਤ ਖੇਤਰ ਵਿੱਚ ਘਰ ਰੱਖਣ ਵਾਲੇ ਵਿਅਕਤੀ ਲਈ, ਹੜ੍ਹ ਲਈ ਬੀਮਾ ਐਡ-ਆਨ ਬੀਮਾ ਸੁਰੱਖਿਆ ਖਰੀਦਣੀ ਮੱਦਦਗਾਰ ਹੋ ਸਕਦੀ ਹੈ। ਦੂਜੇ ਪਾਸੇ, ਜੇ ਘਰ ਮਾਲਿਕ ਦਾ ਘਰ ਅਜਿਹੀ ਥਾਂ ਹੋਵੇ, ਜਿੱਥੇ ਹੜ੍ਹਾਂ ਦਾ ਖਤਰਾ ਨਾ-ਮਾਤਰ ਹੋਵੇ ਤਾਂ ਇਸ ਵਾਸਤੇ ਬੀਮਾ ਸੁਰੱਖਿਆ ਖਰੀਦਣਾ ਜ਼ਰੂਰੀ ਨਹੀਂ ਹੈ।

---

ਕਈ ਗਾਹਕ ਨੂੰ ਖ਼ਰਚ ਕੀਤੇ ਰੁਪਏ ਲਈ ਵੱਧ ਤੋਂ ਵੱਧ ਬੀਮਾ ਪ੍ਰਾਪਤ ਕਰਨ ਦਾ ਫ਼ਿਕਰ ਨਹੀਂ ਹੁੰਦਾ ਹੈ, ਬਲਕਿ ਜੋਖਿਮ ਸੰਭਾਲਣ ਦੀ ਕੀਮਤ ਨੂੰ ਘਟਾਉਣ ਵਿੱਚ ਹੁੰਦਾ ਹੈ। ਇਸਕਰਕੇ ਫ਼ਿਕਰ ਉਹਨਾਂ ਜੋਖਿਮਾਂ ਦੀ ਪਛਾਣ ਕਰਨਾ ਹੋਵੇਗਾ, ਜੋ ਕਿ ਗਾਹਕ ਝੱਲ ਨਹੀਂ ਸਕਦਾ ਹੈ ਅਤੇ ਇਸਕਰਕੇ ਬੀਮਾ ਕਰਵਾਉਣਾ ਜ਼ਰੂਰੀ ਹੈ।

ਏਜੰਟ ਉਦੋਂ ਕਾਮਯਾਬ ਬਣਦਾ ਹੈ, ਜਦੋਂ ਉਹ ਸਭ ਤੋਂ ਵਧੀਆ ਸਲਾਹ ਦਿੰਦਾ ਹੈ। ਏਜੰਟ ਨੂੰ ਲਗਾਤਾਰ ਖੁਦ ਨੂੰ ਗਾਹਕ ਵਾਲੀ ਥਾਂ ਉੱਤੇ ਰੱਖ ਕੇ ਸੋਚਣਾ ਚਾਹੀਦਾ ਹੈ। ਕੀ ਉਹ ਗਾਹਕ ਨੂੰ ਕੇਵਲ ਵਿਕਰੀ ਕਰਨ ਜਾ ਰਿਹਾ/ਰਹੀ ਹੈ ਜਾਂ ਗਾਹਕ ਨੂੰ ਇੱਕ ਕੋਚ ਅਤੇ ਸਾਥੀ ਵਜੋਂ ਜੋੜਨ ਲਈ, ਜੋ ਕਿ ਉਸ ਦੇ ਜੋਖਿਮਾਂ ਨੂੰ ਹੋਰ ਵੀ ਪ੍ਰਭਾਵੀ ਢੰਗ ਨਾਲ ਪ੍ਰਬੰਧਨ ਵਿੱਚ ਮਦਦ ਕਰੇਗਾ?

- ਇਤਰਾਜ਼ਾਂ ਨੂੰ ਦੂਰ ਕਰਨਾ *ਅਤੇ ਵਿਕਰੀ ਪੂਰੀ ਕਰਨੀ:* ਗਾਹਕ ਨੂੰ ਸਹੀ ਉਤਪਾਦ ਖਰੀਦਣ ਦੇ ਬਾਰੇ ਸਭ ਤੋਂ ਵਧੀਆ ਸਲਾਹ ਅਤੇ ਸਿਫਾਰਸ਼ਾਂ ਕਰਨੀਆਂ ਹੀ ਕਾਫ਼ੀ ਨਹੀਂ ਹੈ। ਵਿਅਕਤੀ ਨੂੰ ਉਸ ਨੂੰ ਖਰੀਦਣ ਬਾਰੇ ਫ਼ੈਸਲੇ ਕਰਨ ਲਈ ਤਿਆਰ ਕਰਨ ਦੀ ਵੀ ਲੋੜ ਹੁੰਦੀ ਹੈ। ਕਈ ਵਾਰ ਗਾਹਕ ਕੋਲ ਕਈ ਸਵਾਲ ਹੋ ਸਕਦੇ ਹਨ ਅਤੇ ਇਤਰਾਜ਼ ਵੀ ਹੋ ਸਕਦੇ ਹਨ, ਜੋ ਕਿ ਉਸ ਵਲੋਂ ਖਰੀਦਣ ਲਈ ਵਚਨਬੱਧ ਹੋਣ ਤੋਂ ਪਹਿਲਾਂ ਖਤਮ ਕਰਨੇ ਜ਼ਰੂਰੀ

ਹਨ। ਜਦੋਂ ਇਹਨਾਂ ਇਤਰਾਜ਼ਾਂ ਨਾਲ ਨਿਪਟਣਾ ਹੋਵੇ ਤਾਂ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਜਿੰਨ੍ਹਾਂ ਫਿਕਰਾਂ ਲਈ ਇਤਰਾਜ਼ ਉਠਾਏ ਗਏ ਹਨ ਉਹਨਾਂ ਦੀ ਪਛਾਣ ਅਤੇ ਹੱਲ ਕਰਨ ਦੀ ਲੋੜ ਹੈ।

ਅੰਤ ਵਿੱਚ ਬੀਮਾ ਏਜੰਟ ਦੀ ਭੂਮਿਕਾ ਕੇਵਲ ਵਿਕਰੇਤਾ ਤੋਂ ਵੱਧ ਹੁੰਦੀ ਹੈ। ਉਸ ਨੂੰ ਜੋਖਿਮ ਮੁੱਲ ਨਿਰਧਾਰਕ, ਅੰਡਰਰਾਇਟਰ, ਜੋਖਿਮ ਪ੍ਰਬੰਧ ਕੌਂਸਲਰ, ਲੋੜ ਮੁਤਾਬਕ ਹੱਲ ਡਿਜ਼ਾਇਨ ਕਰਤਾ ਅਤੇ ਸਬੰਧ ਨਿਰਮਾਤਾ ਵੀ ਹੋਣਾ ਚਾਹੀਦਾ ਹੈ, (ਜੋ ਕਿ ਭਰੋਸਾ ਅਤੇ ਲੰਮਾ ਸਮਾਂ ਸਬੰਧ ਬਣਾਉਣ ਵਿੱਚ ਪ੍ਰਫੁਲਿਤ ਹੋਵੇ), ਸਭ ਭੂਮਿਕਾ ਇੱਕਠੀਆਂ ਇੱਕ ਨਾਲ।

## 2. ਪੇਸ਼ਕਸ਼ ਪੜਾਅ

ਏਜੰਟ ਨੂੰ ਗਾਹਕ ਨੂੰ ਬੀਮੇ ਲਈ ਪੇਸ਼ਕਸ਼ ਭਰਨ ਲਈ ਸਹਾਇਤਾ ਕਰਨੀ ਚਾਹੀਦੀ ਹੈ। ਬੀਮਤ ਨੂੰ ਉਸ ਵਿੱਚ ਦਿੱਤੇ ਬਿਆਨਾਂ ਦੀ ਜ਼ਿੰਮੇਵਾਰੀ ਲੈਣ ਦੀ ਲੋੜ ਹੁੰਦੀ ਹੈ। ਪੇਸ਼ਕਸ਼ ਫਾਰਮ ਦੇ ਮੁੱਖ ਪੱਖਾਂ ਬਾਰੇ ਜਾਣਕਾਰੀ ਅਗਲੇ ਪਾਠ ਵਿੱਚ ਦਿੱਤੀ ਗਈ ਹੈ।

ਏਜੰਟ ਨੂੰ ਪੇਸ਼ਕਸ਼-ਕਰਤਾ ਨੂੰ ਪੇਸ਼ਕਸ਼ ਫਾਰਮ ਵਿੱਚ ਹਰੇਕ ਸਵਾਲਾਂ ਦੇ ਜਵਾਬ ਦੇਣ ਲਈ ਵੇਰਵਾ ਭਰਨ ਬਾਰੇ ਸਮਝਾਉਣਾ ਅਤੇ ਸਪਸ਼ਟ ਕਰਨਾ ਚਾਹੀਦਾ ਹੈ। ਦਰੁਸਤ ਅਤੇ ਪੂਰੀ ਜਾਣਕਾਰੀ ਨਾ ਦੇਣ ਦੀ ਹਾਲਤ ਵਿੱਚ ਗਾਹਕ ਦਾ ਦਾਅਵਾ ਖ਼ਤਰੇ ਵਿੱਚ ਪੈ ਜਾਂਦਾ ਹੈ।

ਕਈ ਵਾਰ ਜੇ ਪਾਲਸੀ ਪੂਰੀ ਕਰਨ ਲਈ ਹੋਰ ਜਾਣਕਾਰੀ ਚਾਹੀਦੀ ਹੋਵੇ ਤਾਂ ਕੰਪਨੀ ਗਾਹਕ ਨੂੰ ਸਿੱਧਾ ਜਾਂ ਏਜੰਟ/ਸਲਾਹਕਾਰ ਰਾਹੀਂ ਜਾਣਕਾਰੀ ਦੇ ਸਕਦੀ ਹੈ। ਏਜੰਟ ਨੂੰ ਸੰਬੰਧਿਤ ਜਾਣਕਾਰੀਆਂ ਬਾਰੇ ਸਮਝਾ ਕੇ ਇਹਨਾਂ ਨੂੰ ਪੂਰਾ ਕਰਨ ਲਈ ਮਦਦ ਕਰਨੀ ਜਰੂਰੀ ਹੈ।

IRDAI (ਈ-ਬੀਮਾ ਪਾਲਸੀ ਜਾਰੀ ਕਰਨੀ) ਨਿਯਮ 2015 ਰਾਹੀਂ ਈ-ਪੇਸ਼ਕਸ਼ ਫਾਰਮ ਦੀ ਸੁਵਿਧਾ ਹੈ, ਜੋ ਕਿ ਕਾਗਜ਼ੀ ਪੇਸ਼ਕਸ਼ ਫਾਰਮ ਵਾਂਗ ਹੀ ਹਨ ਅਤੇ ਪੇਸ਼ਕਰਤਾ ਨੂੰ ਪੇਸ਼ਕਸ਼ ਲਈ ਆਪਣੀ ਸਹਿਮਤੀ ਦੇਣ ਦਾ ਪ੍ਰਬੰਧ ਹੈ, ਜਿਸ ਨੂੰ ਇਕਹੇਰੇ ਪਾਸਵਰਡ (ਮੋਬਾਈਲ ਫ਼ੋਨ OTP) ਰਾਹੀਂ ਪ੍ਰਮਾਣਿਤ ਕੀਤਾ ਜਾ ਸਕਦਾ ਹੈ।

## 3. ਮਨਜ਼ੂਰੀ ਪੜਾਅ

### a) ਕਵਰ ਨੋਟਸ / ਬੀਮੇ ਦਾ ਸਰਟੀਫਿਕੇਟ

ਅੰਡਰਰਾਈਟਿੰਗ ਪੂਰਾ ਹੋਣ ਦੇ ਬਾਅਦ ਪਾਲਸੀ ਜਾਰੀ ਹੋਣ ਲਈ ਕੁਝ ਸਮਾਂ ਲੱਗ ਸਕਦਾ ਹੈ। ਪਾਲਸੀ ਤਿਆਰ ਕਰਨ ਦਾ ਕੰਮ ਲੰਬਿਤ ਹੋਵੇ ਜਾਂ ਬੀਮੇ ਲਈ ਸਮਝੌਤਾ ਗੱਲਬਾਤ ਜਾਰੀ ਹੋਵੇ ਅਤੇ ਆਰਜ਼ੀ ਤੌਰ ਉੱਤੇ ਬੀਮਾ ਸੁਰੱਖਿਆ ਦੇਣ ਦੀ ਲੋੜ ਹੋਵੇ ਜਾਂ ਇਮਾਰਤ/ਥਾਂ ਦੀ ਅਸਲ ਲਾਗੂ ਹੋਣ ਵਾਲੀ ਦਰ ਪਤਾ ਕਰਨ ਲਈ ਜਾਂਚ ਕੀਤੀ ਜਾ ਰਹੀ ਹੋਵੇ ਤਾਂ ਪਾਲਸੀ ਦੇ ਅਧੀਨ ਸੁਰੱਖਿਆ ਦੀ ਪੁਸ਼ਟੀ ਕਰਨ ਲਈ ਕਵਰ ਨੋਟ ਜਾਰੀ ਕੀਤਾ ਜਾ ਸਕਦਾ ਹੈ।

ਕਵਰ ਨੋਟ ਅਤੇ ਬੀਮੇ ਦੇ ਸਰਟੀਫਿਕੇਟਾਂ ਨੂੰ ਸਮੁੰਦਰੀ ਅਤੇ ਮੋਟਰ ਬੀਮਾ ਕਾਰੋਬਾਰ ਲਈ ਪ੍ਰਮੁੱਖ ਰੂਪ ਵਿੱਚ ਵਰਤਿਆ ਜਾਂਦਾ ਹੈ, ਇਸਕਰਕੇ ਕਵਰ ਨੋਟ ਨੂੰ ਆਮ ਬੀਮਾ ਭਾਗ ਵਿੱਚ ਵੇਰਵੇ ਸਮੇਤ ਵਿਚਾਰਿਆ ਗਿਆ ਹੈ।

ਇਹ ਯਕੀਨੀ ਬਣਾਉਣਾ ਕਿ ਕੰਪਨੀ ਵਲੋਂ ਬੀਮਤ ਨੂੰ ਕਵਰ ਨੋਟ ਜਾਰੀ ਕੀਤਾ ਗਿਆ ਹੈ, ਏਜੰਟ ਦੀ ਜ਼ਿੰਮੇਵਾਰੀ ਹੈ, ਜਿੱਥੇ ਵੀ ਲਾਗੂ ਹੋਵੇ। ਇਸ ਸਬੰਧੀ ਗਾਹਕ ਨਾਲ ਗੱਲਬਾਤ ਕਰਨ ਵਿੱਚ ਤੀਬਰਤਾ ਦਰਸਾਉਂਦੀ ਹੈ ਕਿ ਉਸ ਦੇ ਹਿੱਤ ਏਜੰਟ ਅਤੇ ਕੰਪਨੀ ਦੇ ਹੱਥਾਂ ਵਿੱਚ ਸੁਰੱਖਿਅਤ ਹਨ।

b) ਪਾਲਸੀ ਦਸਤਾਵੇਜ਼

ਪਾਲਸੀ ਇੱਕ ਰਸਮੀ ਦਸਤਾਵੇਜ਼ ਹੈ, ਜੋ ਕਿ ਬੀਮੇ ਦੇ ਇਕਰਾਰ ਦਾ ਸਬੂਤ ਦਿੰਦਾ ਹੈ। ਇਹ ਦਸਤਾਵੇਜ਼ ਨੂੰ ਇੰਡੀਅਨ ਸਟੈਂਪ ਐਕਟ, 1899 ਦੇ ਨਿਯਮਾਂ ਤਹਿਤ ਮੋਹਰ ਲਗਾਉਣਾ ਜ਼ਰੂਰੀ ਹੈ। ਪਾਲਸੀ ਦਸਤਾਵੇਜ਼ ਬੀਮਤ ਨੂੰ ਦੇਣਾ ਬੀਮਾਕਰਤਾ ਦੀ ਜ਼ਿੰਮੇਵਾਰੀ ਹੈ।

4. ਪ੍ਰੀਮੀਅਮ ਭੁਗਤਾਨ

ਪ੍ਰੀਮੀਅਮ ਬੀਮਤ ਵਲੋਂ ਬੀਮਾਕਰਤਾ ਨੂੰ ਬੀਮੇ ਦੀ ਵਿਸ਼ਾ-ਵਸਤੂ ਦੇ ਬੀਮੇ ਲਈ ਕੀਤਾ ਜਾਣ ਵਾਲਾ ਭੁਗਤਾਨ ਹੈ, ਬੀਮੇ ਦੇ ਇਕਰਾਰਨਾਮੇ ਦੇ ਤਹਿਤ।

ਚੰਗਾ ਏਜੰਟ ਯਕੀਨੀ ਬਣਾਉਂਦਾ ਹੈ ਕਿ ਬੀਮਤ ਆਪਣੀ ਪਾਲਸੀ ਲੈਣ ਜਾਂ ਜਾਰੀ ਰੱਖਣ ਜਾਂ ਨਵਿਆਉਣ ਲਈ ਪ੍ਰੀਮੀਅਮ ਦਾ ਭੁਗਤਾਨ ਕਰੇ ਅਤੇ ਗਾਹਕ ਨੂੰ ਪ੍ਰੀਮੀਅਮ ਦੇ ਭੁਗਤਾਨ ਲਈ ਮੌਜੂਦ ਵੱਖ-ਵੱਖ ਢੰਗਾਂ ਬਾਰੇ ਜਾਣਕਾਰੀ ਰਹੇ।

5. ਪ੍ਰੀਮੀਅਮ ਦੇ ਭੁਗਤਾਨ ਦੇ ਢੰਗ

ਪ੍ਰੀਮੀਅਮ ਬੀਮਾ ਪਾਲਸੀ ਲੈਣ ਵਾਲੇ ਕਿਸੇ ਵੀ ਸੰਭਾਵਿਤ ਵਿਅਕਤੀ ਜਾਂ ਪਾਲਸੀਹੋਲਡਰ ਵਲੋਂ ਬੀਮਾਕਰਤਾ ਨੂੰ ਅੱਗੇ ਦਿੱਤੇ ਕਿਸੇ ਵੀ ਇੱਕ ਢੰਗ ਨਾਲ ਦੇਣਾ ਹੁੰਦਾ ਹੈ:

a) ਨਕਦ

b) ਕਿਸੇ ਵੀ ਮਾਨਤਾ ਪ੍ਰਾਪਤ ਬੈਂਕ ਦੇ ਨੈਗੋਸ਼ੀਏਬਲ ਦਸਤਾਵੇਜ਼ ਜਿਵੇਂ ਕਿ ਚੈੱਕ, ਡਿਮਾਂਡ ਡਰਾਫਟ, ਪੇਅ ਆਰਡਰ, ਭਾਰਤ ਵਿੱਚ ਕਿਸੇ ਵੀ ਸੂਚੀਬੱਧ ਬੈਂਕ ਤੋਂ ਕਢਵਾਏ ਬੈਂਕਰ ਚੈੱਕ;

c) ਡਾਕ ਮਨੀ ਆਰਡਰ;

d) ਕਰੈਡਿਟ ਜਾਂ ਡੇਬਿਟ ਕਾਰਡ;

e) ਬੈਂਕ ਗਾਰੰਟੀ ਜਾਂ ਨਕਦ ਜ਼ਮ੍ਹਾਂ;

f) ਇੰਟਰਨੈੱਟ;

g) ਈ-ਟਰਾਂਸਫਰ

h) ਪੇਸ਼ਕਰਤਾ ਜਾਂ ਪਾਲਸੀਹੋਲਡਰ ਜਾਂ ਜੀਵਨ ਬੀਮਤ ਦੀਆਂ ਬੈਂਕ ਟਰਾਂਸਫਰ ਦੀਆਂ ਸਥਾਈ ਹਦਾਇਤਾਂ ਰਾਹੀਂ ਸਿੱਧੇ ਜ਼ਮ੍ਹਾਂ;

i) ਸਮੇਂ ਸਮੇਂ ਉੱਤੇ ਅਥਾਰਟੀਆਂ ਵਲੋਂ ਮਨਜ਼ੂਰ ਕੀਤੇ ਕਿਸੇ ਹੋਰ ਢੰਗ ਜਾਂ ਭੁਗਤਾਨ ਰਾਹੀਂ;

ਆਈਆਰਡੀਏ ਨਿਯਮਾਂ ਦੇ ਤਹਿਤ, ਜੇਕਰ ਪੇਸ਼ਕਰਤਾ/ ਪਾਲਸੀਹੋਲਡਰ ਨੈੱਟ ਬੈਕਿੰਗ ਜਾਂ ਕਰੈਡਿਟ / ਡੇਬਿਟ ਕਾਰਡ ਰਾਹੀਂ ਭੁਗਤਾਨ ਕਰਨ ਦੀ ਚੋਣ ਕਰਦਾ ਹੈ ਤਾਂ ਭੁਗਤਾਨ ਕੇਵਲ ਪੇਸ਼ਕਰਤਾ / ਪਾਲਸੀਹੋਲਡਰ ਦੇ ਨਾਂ ਉੱਤੇ ਜਾਰੀ ਬੈਂਕ ਖਾਤੇ ਜਾਂ ਕਰੈਡਿਟ /ਡੇਬਿਟ ਕਾਰਡ ਰਾਹੀਂ ਹੀ ਹੋਣਾ ਚਾਹੀਦਾ ਹੈ।

6. ਪਾਲਸੀ ਦਸਤਾਵੇਜ਼ ਅਤੇ ਪ੍ਰੀਮੀਅਮ ਦੀ ਰਸੀਦ ਦੇ ਜਾਰੀ ਹੋਣ ਦੇ ਬਾਅਦ ਸੇਵਾ।

ਇੱਕ ਵਾਰ ਗਾਹਕ ਪ੍ਰੀਮੀਅਮ ਲਈ ਭੁਗਤਾਨ ਕਰਦਾ ਹੈ ਤਾਂ ਬੀਮਾਕਰਤਾ ਰਸੀਦ ਜਾਰੀ ਕਰਨ ਲਈ ਪਾਬੰਦ ਹੁੰਦਾ ਹੈ। ਭਾਵੇ ਪ੍ਰੀਮੀਅਮ ਨੂੰ ਪੇਸ਼ਗੀ ਦੇ ਰੂਪ ਵਿੱਚ ਭੁਗਤਾਨ ਕੀਤਾ ਜਾਵੇ ਤਾਂ ਵੀ ਰਸੀਦ ਦਿੱਤੀ ਜਾਂਦੀ ਹੈ।

ਏਜੰਟ ਬੀਮਤ ਨਾਲ ਸੰਪਰਕ ਕਰ ਸਕਦਾ ਹੈ ਅਤੇ ਪਤਾ ਕਰ ਸਕਦਾ ਕਿ ਬੀਮਾ ਕੰਪਨੀ ਵਲੋਂ ਪਾਲਸੀ ਦਸਤਾਵੇਜ਼ ਮਿਲ ਗਏ ਹਨ। ਇੰਝ ਏਜੰਟ ਕੋਲ ਗਾਹਕ ਨਾਲ ਸੰਪਰਕ ਕਰਨ ਦਾ ਵਧੀਆ ਮੌਕਾ ਹੁੰਦਾ ਹੈ। ਏਜੰਟ ਪਾਲਸੀਧਾਰਕ ਨੂੰ ਕਿਸੇ ਵੀ ਸ਼ੰਕਾ ਨੂੰ ਖਤਮ ਕਰਨ ਅਤੇ ਪਾਲਸੀ ਵਿਧਾਨਾਂ ਤੇ ਪਾਲਸੀ ਧਾਰਕ ਦੇ ਹੱਕਾਂ ਤੇ ਸਹੂਲਤਾਂ ਬਾਰੇ ਵੀ ਸਮਝਾ ਸਕਦਾ ਹੈ। ਇਹ ਗਾਹਕ ਲਈ ਵਚਨਬੱਧਤਾ ਦਰਸਾਉਂਦਾ ਹੈ ਅਤੇ ਲਗਾਤਾਰ ਸਹਿਯੋਗ ਤੇ ਸੇਵਾ ਦੇਣ ਦਾ ਮੌਕਾ ਦਿੰਦਾ ਹੈ। ਵਿਅਕਤੀ ਨੂੰ ਗਾਹਕ ਨੂੰ ਮੁਕਤ-ਜਾਂਚ ਸਮੇਂ, ਜਿਸ ਦੌਰਾਨ ਪਾਲਸੀ ਨੂੰ ਵਾਪਸ ਕੀਤਾ ਤੇ ਦਿੱਤੇ ਪ੍ਰੀਮੀਅਮ ਦੀ ਧਨ-ਵਾਪਸੀ ਹੋ ਸਕਦੀ ਹੈ, ਬਾਰੇ ਵੀ ਦੱਸਣਾ ਚਾਹੀਦਾ ਹੈ।

ਜੇ ਪਾਲਸੀ ਇਲੈਕਟਰੋਨਿਕ ਬੀਮਾ ਪਾਲਸੀ ਵਜੋਂ ਖਰੀਦੀ ਜਾਂਦੀ ਹੈ ਤਾਂ ਏਜੰਟ ਪੰਜੀਕ੍ਰਿਤ ਬੀਮਾ ਭੰਡਾਰ ਵਿੱਚੋਂ ਗਾਹਕ ਨੂੰ ਈ-ਬੀਮਾ ਖਾਤਾ (e-I-A) ਖੋਲ੍ਹਣ ਲਈ ਮਦਦ ਕਰ ਸਕਦਾ ਹੈ।

ਇਹ ਅਗਲੇ ਪੜਾਅ ਦਾ ਢੰਗ ਬਣਦਾ ਹੈ, ਜਿਸ ਰਾਹੀਂ ਹੋਰ ਵਿਅਕਤੀਆਂ ਦੇ ਨਾਂ ਅਤੇ ਜਾਣਕਾਰੀ ਪੁੱਛੀ ਜਾ ਸਕਦੀ ਹੈ, ਜਿਹਨਾਂ ਨੂੰ ਗਾਹਕ ਜਾਣਦਾ ਹੈ, ਜੋ ਕਿ ਏਜੰਟ ਦੀਆਂ ਸੇਵਾਵਾਂ ਤੋਂ ਫਾਇਦਾ ਲੈ ਸਕਦੇ ਹਨ। ਇਹ ਹੋਰ ਵੀ ਬੇਹਤਰ ਹੈ ਜੇ ਕਲਾਂਇਟ ਖੁਦ ਇਹਨਾਂ ਲੋਕ ਨਾਲ ਸੰਪਰਕ ਕਰੇ ਅਤੇ ਏਜੰਟ ਦੀ ਉਹਨਾਂ ਨਾਲ ਜਾਣ-ਪਛਾਣ ਕਰਵਾਏ।

7. ਪਾਲਸੀ ਨਵਿਆਉਣਾ

ਬਹੁਤੀਆਂ ਜਰਨਲ ਬੀਮਾ ਪਾਲਸੀਆਂ ਹਰ ਸਾਲ ਨਵਿਆਈਆਂ ਜਾਂਦੀਆਂ ਹਨ। ਆਮ ਬੀਮਾ ਪਾਲਸੀਆਂ ਲਈ ਹਰ ਵਾਰ ਨਵਿਆਉਣ ਦੇ ਸਮੇਂ ਉੱਤੇ ਗਾਹਕ ਕੋਲ ਉਸੇ ਕੰਪਨੀ ਨਾਲ ਬੀਮਾ ਜਾਰੀ ਰੱਖਣ ਜਾਂ ਹੋਰ ਕੰਪਨੀ ਬਦਲਣ ਦਾ ਮੌਕਾ ਹੁੰਦਾ ਹੈ। ਜੀਵਨ ਬੀਮੇ ਦੇ ਕੇਸ ਵਿੱਚ ਜਦੋਂ ਗਾਹਕ ਪ੍ਰੀਮੀਅਮ ਭੁਗਤਾਨ ਦੀ ਮਿਆਦ ਦੌਰਾਨ ਨਿਯਮਤ ਅੰਤਰਾਲ ਉੱਤੇ ਪ੍ਰੀਮੀਅਮ ਦਾ ਭੁਗਤਾਨ ਕਰਦਾ ਹੈ ਤਾਂ ਪਾਲਸੀ ਜਾਰੀ ਰਹੇਗੀ। ਇਹ ਇੱਕ ਵਾਰ ਦੇ ਭੁਗਤਾਨ ਉੱਤੇ ਲਾਗੂ ਨਹੀਂ ਹੁੰਦੇ ਹਨ।

ਆਮ ਬੀਮਾਕਰਤਾ ਪ੍ਰੀਮੀਅਮ ਭੁਗਤਾਨ ਦੀ ਮਿਆਦ ਸਮਾਪਤੀ ਦੀ ਤਾਰੀਖ ਤੋਂ ਪਹਿਲਾਂ ਪਾਲਸੀ ਨਵਿਆਉਣ ਲਈ ਅਕਸਰ ਨਵਿਆਉਣ ਨੋਟਿਸ ਭੇਜਦੇ ਹਨ।

ਪਾਲਸੀ ਨੂੰ ਨਵਿਆਉਣ ਜਾਂ ਜਾਰੀ ਰੱਖਣ ਦੀ ਗਾਹਕ ਦੀ ਮਰਜ਼ੀ ਅਕਸਰ ਏਜੰਟ ਤੇ ਕੰਪਨੀ ਵਲੋਂ ਬਣਾਏ ਭਰੋਸੇ ਤੇ ਸਾਖ ਉੱਤੇ ਨਿਰਭਰ ਕਰਦੀ ਹੈ ਅਤੇ ਏਜੰਟ ਨੂੰ ਦੇਯ ਮਿਤੀ ਤੋਂ ਪਹਿਲਾਂ ਪਾਲਸੀ ਨਵਿਆਉਣ ਜਾਂ ਜਾਰੀ ਰੱਖਣ ਲਈ ਗਾਹਕ ਨੂੰ ਯਾਦ ਕਰਵਾਉਣ ਲਈ ਉਸ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਵੱਧ ਕਮਾਈ ਕਰਨ ਵਾਲੇ ਏਜੰਟ ਅਕਸਰ ਆਪਣੇ ਗਾਹਕਾਂ ਨਾਲ ਸੰਪਰਕ ਵਿੱਚ ਰਹਿੰਦੇ ਹਨ ਅਤੇ ਸੇਵਾ ਤੇ ਸੰਬੰਧਾਂ ਦੀ ਮਜ਼ਬੂਤੀ ਕਰਕੇ ਉਹਨਾਂ ਦਾ ਭਰੋਸਾ ਤੇ ਵਫ਼ਾਦਾਰੀ ਜਿੱਤਦੇ ਹਨ - ਜਿਵੇਂ ਕਿ ਤਿਓਹਾਰਾਂ ਜਾਂ ਪਰਿਵਾਰਿਕ ਫੰਕਸ਼ਨਾਂ ਵਰਗੇ ਮੌਕਿਆਂ ਉੱਤੇ ਆਪਣੇ ਗਾਹਕਾਂ ਨੂੰ ਸ਼ੁਭਕਾਮਨਾਵਾਂ ਦੇਣੀਆਂ ਅਤੇ ਉਹਨਾਂ ਦੇ ਦੁੱਖ ਸੁੱਖ ਵੰਡਾਉਣੇ।

8. ਦਾਅਵਾ ਪੜਾਅ

ਮਹੱਤਵਪੂਰਨ ਅਜ਼ਮਾਇਸ਼ ਦਾਅਵਾ ਨਿਪਟਾਰੇ ਸਮੇਂ ਆਉਂਦੀ ਹੈ। ਏਜੰਟ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਦਾਅਵੇ ਲਈ ਜ਼ਿੰਮੇਵਾਰ ਹਾਦਸੇ ਦੇ ਬਾਰੇ ਫ਼ੌਰਨ ਬੀਮਾਕਰਤਾ ਨੂੰ ਜਾਣਕਾਰੀ ਦਿੱਤੀ ਜਾਵੇ ਅਤੇ ਗਾਹਕ ਸਾਵਧਾਨੀ ਨਾਲ ਰਸਮੀ ਕਾਰਵਾਈਆਂ ਦੀ ਪਾਲਣਾ ਕਰੇ। ਏਜੰਟ ਘਾਟੇ ਦੇ ਮੁਲਾਂਕਣ ਲਈ ਹੋਣ ਵਾਲੀਆਂ ਸਾਰੀਆਂ ਜਾਂਚਾਂ ਵਿੱਚ ਵੀ ਸਹਾਇਤਾ ਕਰ ਸਕਦਾ ਹੈ। ਚੰਗਾ ਏਜੰਟ ਗਾਹਕ ਜਾਂ ਉਹਦੇ ਪ੍ਰਤੀਨਿਧਾਂ ਨੂੰ ਦਾਅਵਾ ਕਰਨ ਲਈ ਸਾਰੀਆਂ ਰਸਮੀ ਕਾਰਵਾਈਆਂ ਨੂੰ ਫ਼ੌਰਨ, ਦਰੁਸਤ ਤੇ ਪੂਰੀ ਤਰ੍ਹਾਂ ਭਰਨ ਲਈ ਸਹਾਇਤਾ ਕਰਦਾ ਹੈ।

**ਆਪਣੇ ਆਪ ਨੂੰ ਟੈਸਟ ਕਰੋ 2**

ਸਥਿਤੀ ਦੀ ਪਛਾਣ ਕਰਨੀ, ਜਿੱਥੇ ਬੀਮੇ ਲਈ ਲੋੜ ਉੱਤੇ ਵਿਚਾਰ-ਚਰਚਾ ਦੀ ਲੋੜ ਨਾ ਹੋਵੇ।

I. ਜਾਇਦਾਦ ਬੀਮਾ

II. ਵਪਾਰ ਦੇਣਦਾਰੀ ਬੀਮਾ

III. ਤੀਜੀ ਧਿਰ ਦੇਣਦਾਰੀ ਲਈ ਮੋਟਰ ਬੀਮਾ

IV. ਅੱਗ ਬੀਮਾ

## C. ਗਾਹਕ ਸੇਵਾ ਵਿੱਚ ਗੱਲਬਾਤ ਮੁਹਾਰਤ

ਏਜੰਟ ਨੂੰ ਕੰਮ ਦੀ ਥਾਂ ਉੱਤੇ ਪ੍ਰਭਾਵੀ ਕਾਰਗੁਜ਼ਾਰੀ ਵਾਸਤੇ ਸਾਫਟ ਮੁਹਾਰਤ ਹੋਣੀ ਚਾਹੀਦੀ ਹੈ।


ਸਾਫਟ ਮੁਹਾਰਤਾਂ ਵਿਅਕਤੀ ਦੀ ਦੂਜਿਆਂ ਨਾਲ ਕੰਮ ਉੱਤੇ ਅਤੇ ਬਾਹਰ ਦੋਵਾਂ ਥਾਵਾਂ ਉੱਤੇ ਪ੍ਰਭਾਵੀ ਢੰਗ ਨਾਲ ਗੱਲਬਾਤ ਕਰਨ ਦੀ ਸਮਰੱਥਾ ਨਾਲ ਸੰਬੰਧਿਤ ਹੈ। ਗੱਲਬਾਤ ਕੁਸ਼ਲਤਾ (soft skills) ਇਸ ਕਿਸਮ ਦੀਆਂ ਨਰਮ ਮੁਹਾਰਤਾਂ ਵਿੱਚ ਸਭ ਤੋਂ ਮਹੱਤਵਪੂਰਨ ਹੈ।

### 1. ਗੱਲਬਾਤ ਦੀ ਕਾਰਵਾਈ

**ਗੱਲਬਾਤ ਕੀ ਹੈ?**

ਸਭ ਗੱਲਾਂਬਾਤਾਂ ਲਈ ਇੱਕ ਭੇਜਣ ਵਾਲਾ, ਜੋ ਕਿ ਸੁਨੇਹਾ ਭੇਜਦਾ ਹੈ, ਅਤੇ ਇੱਕ ਉਹ ਵਿਅਕਤੀ, ਜੋ ਕਿ ਪ੍ਰਾਪਤਕਰਤਾ ਹੁੰਦਾ ਹੈ। ਕਾਰਵਾਈ ਪੂਰੀ ਹੋ ਜਾਂਦੀ ਹੈ, ਜਦੋਂ ਪ੍ਰਾਪਤਕਰਤਾ ਭੇਜਣ ਵਾਲੇ ਦੇ ਸੁਨੇਹੇ ਨੂੰ ਸਮਝ ਲੈਂਦਾ ਹੈ।

ਚਿੱਤਰ 3 : ਗੱਲਬਾਤ ਦੇ ਰੂਪ




ਗੱਲਬਾਤ ਆਹਮਣੇ-ਸਾਹਮਣੇ, ਫੋਨ ਉੱਤੇ, ਈਮੇਲ ਜਾਂ ਇੰਟਰਨੈੱਟ ਉੱਤੇ ਹੋ ਸਕਦੀ ਹੈ। ਇਹ ਰਸਮੀ ਜਾਂ ਗ਼ੈਰ-ਰਸਮੀ ਹੋ ਸਕਦੀ ਹੈ। ਸੁਨੇਹੇ ਜਾਂ ਵਰਤੇ ਮੀਡਿਆ ਦੀ ਸਮੱਗਰੀ ਜਾਂ ਰੂਪ ਜੋ ਵੀ ਹੋਵੇ, ਸੰਚਾਰ (ਗੱਲਬਾਤ) ਦੀ ਸਫ਼ਲਤਾ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਕੀ ਪ੍ਰਾਪਤਕਰਤਾ ਨੇ ਗੱਲਬਾਤ ਨੂੰ ਸਮਝ ਲਿਆ ਹੈ, ਜੋ ਕਿਹਾ/ਦੱਸਿਆ ਗਿਆ ਸੀ।

ਬੀਮਾ ਪਾਲਸੀ ਮੂਲ ਰੂਪ ਵਿੱਚ ਇੱਕ ਵਾਅਦਾ ਹੈ, ਇਸਕਰਕੇ ਇਹ ਜ਼ਰੂਰੀ ਹੈ ਕਿ ਬੀਮਾਕਰਤਾ ਵਲੋਂ ਜੋ ਵਾਅਦਾ ਕੀਤਾ ਗਿਆ ਹੈ, ਉਸ ਨੂੰ ਬੀਮਤ ਵਲੋਂ ਸਪਸ਼ਟ ਰੂਪ ਵਿੱਚ ਸਮਝ ਲਿਆ ਗਿਆ ਹੋਵੇ। ਵਿਚੋਲੇ ਦੇ ਰੂਪ ਵਿੱਚ ਏਜੰਟ ਗਾਹਕ ਨੂੰ ਬੀਮੇ ਦੀਆਂ ਸ਼ਰਤਾਂ ਦੇ ਬਾਰੇ ਨਾ ਸਿਰਫ਼ ਪੂਰੀ, ਦਰੁਸਤ ਤੇ ਸਪਸ਼ਟ ਜਾਣਕਾਰੀ ਦਿੰਦਾ ਹੈ, ਬਲਕਿ ਗਾਹਕ ਦੇ ਕਿਸੇ ਵੀ ਸ਼ੱਕ ਜਾਂ ਸਵਾਲਾਂ ਦਾ ਪਤਾ ਲਗਾ ਕੇ ਦੂਰ ਕਰਦਾ ਹੈ।

### 2. ਪ੍ਰਭਾਵੀ ਗੱਲਬਾਤ ਵਿੱਚ ਰੁਕਾਵਟਾਂ

ਪ੍ਰਭਾਵੀ ਗੱਲਬਾਤ ਵਿੱਚ ਰੁਕਾਵਟਾਂ ਉੱਤੇ ਦਿੱਤੇ ਕਾਰਵਾਈਆਂ ਵਿੱਚ ਹਰੇਕ ਪੜਾਅ ਵਿੱਚ ਆ ਸਕਦੀਆਂ ਹਨ, ਜਿਸਕਰਕੇ ਗੱਲਬਾਤ ਵਿਸਰ ਜਾਂਦੀ ਹੈ। ਰੁਕਾਵਟਾਂ ਨੂੰ ਵੇਖਣਾ, ਸਮਝਣਾ ਤੇ ਹਟਾਉਣਾ ਚੁਣੌਤੀ ਹੁੰਦੀ ਹੈ।

### ਆਪਣੇ ਆਪ ਨੂੰ ਟੈਸਟ ਕਰੋ 3

ਮਜ਼ਬੂਤ ਸਬੰਧ ਬਣਨ ਲਈ ਕੀ ਨਹੀਂ ਹੁੰਦਾ:-

I. ਖਿੱਚ

II. ਭਰੋਸਾ

III. ਗੱਲਬਾਤ

IV. ਨਾ-ਪਸੰਦ

---

## D. ਗ਼ੈਰ-ਮੌਖਿਕ ਗੱਲਬਾਤ

ਆਉ ਕੁਝ ਧਾਰਨਾਵਾਂ ਨੂੰ ਵੇਖੀਏ, ਜਿਹਨਾਂ ਬਾਰੇ ਏਜੰਟ ਨੂੰ ਪਤਾ ਹੋਣਾ ਚਾਹੀਦਾ ਹੈ।

### ਮਹੱਤਵਪੂਰਨ

1. ਪਹਿਲੇ ਪ੍ਰਭਾਵ ਨੂੰ ਵੱਡਾ ਬਣਾਉਣਾ

ਸੰਭਾਵਿਤ ਵਿਅਕਤੀ ਏਜੰਟ ਦਾ ਅੰਦਾਜ਼ਾ ਉਸ ਦੀ ਦਿੱਖ, ਚਾਲ-ਢਾਲ, ਵਿਹਾਰ, ਕੱਪੜਿਆਂ ਤੇ ਬੋਲੀ ਤੋਂ ਲਗਾਉਂਦਾ ਹੈ। ਦਿਲਖਿੱਚਵਾਂ ਹੋਣ ਸੰਬੰਧਾਂ ਦਾ ਪਹਿਲਾਂ ਪੜਾਅ ਹੈ ਅਤੇ ਪਹਿਲਾਂ ਅਨੁਭਵ ਬਹੁਤ ਦੇਰ ਤੱਕ ਰਹਿੰਦਾ ਹੈ, ਪਹਿਲੇ ਪ੍ਰਭਾਵ ਨੂੰ ਚੰਗਾ ਬਣਾਉਣਾ ਲਈ ਕੁਝ ਨੁਕਤੇ ਹੇਠ ਦਿੱਤੇ ਹਨ:

i. ਹਮੇਸ਼ਾ ਸਮੇਂ ਸਿਰ ਪੁੱਜੋ। ਆਪਣੀ ਯਾਤਰਾ ਨੂੰ ਕੁਝ ਮਿੰਟ ਪਹਿਲਾਂ ਸ਼ੁਰੂ ਕਰੋ, ਸਭ ਕਿਸਮ ਦੀਆਂ ਦੇਰੀਆਂ ਲਈ ਸਮਾਂ ਲੈ ਕੇ ਚੱਲੋ।

ii. ਖੁਦ ਨੂੰ ਢੁੱਕਵੇਂ ਰੂਪ ਵਿੱਚ ਪੇਸ਼ ਕਰੋ।

- ✓ ਹੁਲੀਆ ਪਹਿਲੇ ਪ੍ਰਭਾਵ ਨੂੰ ਠੀਕ ਬਣਾਉਂਦਾ ਹੋਣਾ ਚਾਹੀਦਾ ਹੈ
- ✓ ਕੱਪੜੇ ਮੀਟਿੰਗ ਜਾਂ ਸਮੇਂ ਮੁਤਾਬਕ ਢੁੱਕਵੇਂ ਹੋਣੇ ਚਾਹੀਦੇ ਹਨ
- ✓ ਦਿੱਖ ਸਾਫ਼ ਅਤੇ ਸਲੀਕੇਦਾਰ ਹੋਣੀ ਚਾਹੀਦੀ ਹੈ - ਚੰਗੀ ਤਰ੍ਹਾਂ ਵਾਲ ਕਟਵਾਏ ਅਤੇ ਸ਼ੇਵ ਕੀਤੀ ਹੋਵੇ, ਸਾਫ਼ ਅਤੇ ਸਲੀਕੇਦਾਰ ਕੱਪੜੇ ਹੋਣ, ਮੇਕਅੱਪ ਸਾਫ਼ ਅਤੇ ਸਲੀਕੇਦਾਰ ਹੋਣਾ ਚਾਹੀਦਾ ਹੈ

iii. ਇੱਕ ਗਰਮਜ਼ੋਸੀ, ਹੌਂਸਲੇ ਭਰਪੂਰ ਅਤੇ ਜੇਤੂ ਮੁਸਕਾਨ ਵਿਅਕਤੀ ਅਤੇ ਉਸਦੇ ਸਰੋਤੇ ਨੂੰ ਤੁਰੰਤ ਇੱਕ ਦੂਜੇ ਲਈ ਸੌਖਾ ਬਣਾ ਦਿੰਦੀ ਹੈ।

iv. ਖੁੱਲ੍ਹੇ, ਹੌਂਸਲੇ ਅਤੇ ਦ੍ਰਿੜ ਵਿਸ਼ਵਾਸ਼ੀ ਬਣਨਾ

- ✓ ਸਰੀਰਿਕ ਮੁਦਰਾ ਵਿੱਚ ਭਰੋਸਾ ਅਤੇ ਸਵੈ-ਹੌਂਸਲਾ ਝਲਣਾ ਚਾਹੀਦਾ ਹੈ
- ✓ ਸਿੱਧੇ ਖੜ੍ਹੇ ਹੋਵੋ, ਮੁਸਕਰਾਓ, ਅੱਖਾਂ ਵਿੱਚ ਅੱਖਾਂ ਪਾਓ, ਗਰਮਜ਼ੋਸ਼ੀ ਨਾਲ ਹੱਥ ਮਿਲਾਓ
- ✓ ਕੁਝ ਅਲੋਚਨਾ ਦਾ ਸਾਹਮਣਾ ਕਰਨ ਜਾਂ ਉਮੀਦ ਮੁਤਾਬਕ ਮੀਟਿੰਗ ਨਾ ਚੱਲਣ ਸਮੇਂ ਦ੍ਰਿੜ ਵਿਸ਼ਵਾਸ਼ੀ ਬਣੇ ਰਹੋ

v. ਹੋਰ ਵਿਅਕਤੀ ਵਿੱਚ ਦਿਲਚਸਪੀ - ਸਭ ਤੋਂ ਮਹੱਤਵਪੂਰਨ ਚੀਜ਼ ਹੈ ਦੂਜੇ ਵਿਅਕਤੀ ਵਿੱਚ ਅਸਲ ਵਿੱਚ ਦਿਲਚਸਪੀ ਲੈਣੀ।

- ✓ ਗਾਹਕ ਬਾਰੇ ਇੱਕ ਵਿਅਕਤੀ ਵਜੋਂ ਪਤਾ ਕਰਨ ਲਈ ਕੁਝ ਸਮਾਂ ਲਗਾਓ
- ✓ ਉਹਨਾਂ ਵਲੋਂ ਕਹੀ ਗੱਲ ਬਾਰੇ ਧਿਆਨ ਰੱਖੋ ਤੇ ਜਾਗਰੂਕ ਰਹੋ
- ✓ ਆਪਣੇ ਗਾਹਕ ਕੋਲ ਪੂਰੀ ਤਰ੍ਹਾਂ ਮੌਜੂਦ ਅਤੇ ਉਪਲੱਬਧ ਰਹੋ
- ✓ ਇੰਟਰਵਿਊ ਦੇ ਦੌਰਾਨ ਕਿਸੇ ਨਾਲ ਮੋਬਾਇਲ ਫ਼ੋਨ ਉੱਤੇ ਗੱਲ ਨਾ ਕਰੋ?

---

## 2. ਸਰੀਰਿਕ ਭਾਸ਼ਾ

ਸਰੀਰਿਕ ਭਾਸ਼ਾ ਦਾ ਭਾਵ ਹਿਲਜੁਲ, ਸੰਕੇਤ, ਚਿਹਰੇ ਦੇ ਹਾਵ-ਭਾਵ ਤੋਂ ਹੈ। ਢੰਗ, ਜਿਸ ਨਾਲ ਅਸੀਂ ਗੱਲ ਕਰਦੇ ਹਾਂ, ਤੁਰਦੇ, ਬਹਿੰਦੇ ਤੇ ਖੜ੍ਹਦੇ ਹਾਂ, ਇਹ ਸਾਡੇ ਬਾਰੇ ਸਭ ਕੁਝ ਕਹਿੰਦਾ ਹੈ ਅਤੇ ਸਾਡੇ ਅੰਦਰ ਕੀ ਚੱਲ ਰਿਹਾ ਹੈ।

ਇਹ ਅਕਸਰ ਕਿਹਾ ਜਾਂਦਾ ਹੈ ਕਿ ਲੋਕ ਤੁਹਾਡੇ ਵਲੋਂ ਕਹੇ ਗਏ ਵਿੱਚੋਂ ਬਹੁਤ ਘੱਟ ਫੀਸਦੀ ਹੀ ਸੁਣਦੇ ਹਨ। ਜੋ ਅਸੀਂ ਨਹੀਂ ਕਹਿੰਦੇ ਹਾਂ, ਉਹ ਸਾਡੇ ਬਾਰੇ ਬਹੁਤ ਵੱਧ ਬੋਲਦਾ ਹੈ ਅਤੇ ਬਹੁਤ ਉੱਚੀ ਵੀ। ਬੇਸ਼ੱਕ, ਹਰੇਕ ਨੂੰ ਆਪਣੀ ਸਰੀਰਿਕ ਭਾਸ਼ਾ ਬਾਰੇ ਧਿਆਨ ਰੱਖਣਾ ਚਾਹੀਦਾ ਹੈ।

### a) ਭਰੋਸਾ

ਇੱਥੇ ਕੁਝ ਗੁਰ ਹਨ, ਜਿਸ ਨਾਲ ਤੁਸੀਂ ਹੌਂਸਲੇ ਵਿੱਚ ਅਤੇ ਸਵੈ-ਭਰੋਸੇ ਵਿੱਚ ਦਿਖਾਈ ਦੇ ਸਕਦੇ ਹੋ, ਇਸ ਨਾਲ ਤੁਸੀਂ ਕਿਸੇ ਨੂੰ ਗੰਭੀਰਤਾ ਵਿੱਚ ਸੁਣਨ ਦਾ ਪ੍ਰਭਾਵ ਦਿੰਦੇ ਹੋ:

- ✓ ਅੰਦਾਜ਼ - ਮੋਢੇ ਪਿੱਛੇ ਵੱਲ ਰੱਖ ਕੇ ਸਿੱਧੇ ਖੜ੍ਹੇ ਹੋਵੋ
- ✓ ਮਜ਼ਬੂਤ ਅੱਖ ਸੰਪਰਕ - ਚਿਹਰੇ ਉੱਤੇ "ਮੁਸਕਾਰਹਟ" ਨਾਲ
- ✓ ਉਦੇਸ਼ਪੂਰਨ ਅਤੇ ਮਸ਼ਵਰੇ ਵਾਲੇ ਸੰਕੇਤ

b) ਭਰੋਸਾ

✓ ਅਕਸਰ, ਵਿਕਰੇਤਾ ਦੇ ਸ਼ਬਦ ਬੋਲੇ ਕੰਨਾਂ ਵਿੱਚ ਪੈਂਦੇ ਹਨ, ਕਿਉਂਕਿ ਸਰੋਤਿਆਂ ਦਾ ਉਸ ਵਿੱਚ ਭਰੋਸਾ ਨਹੀਂ ਹੈ - / ਉਸਦੀ ਸਰੀਰਿਕ ਭਾਸ਼ਾ ਯਕੀਨ ਨਹੀਂ ਦਿਵਾਉਂਦੀ ਹੈ ਕਿ / ਉਹ ਜੋ ਵੀ ਕਹਿ ਰਹੀ ਹੈ, ਉਸ ਪ੍ਰਤੀ ਉਹ ਇਮਾਨਦਾਰ ਹੈ।

3. ਸੁਣਨ ਮੁਹਾਰਤ

ਗੱਲਬਾਤ ਮੁਹਾਰਤ ਦੇ ਤੀਜੇ ਸਮੂਹ ਵਿੱਚ ਵਿਅਕਤੀ ਨੂੰ ਸੁਣਨ ਮੁਹਾਰਤ ਬਾਰੇ ਧਿਆਨ ਰੱਖਣ ਅਤੇ ਇਸ ਨੂੰ ਵਿਕਸਤ ਕਰਨ ਦੀ ਲੋੜ ਹੈ। ਇਹ ਨਿੱਜੀ ਪ੍ਰਭਾਵ ਦੇ ਜਾਣ-ਪਛਾਣੇ ਸਿਧਾਂਤ ਦੇ ਮੁਤਾਬਕ ਹੈ - 'ਸਮਝਾਉਣ ਤੋਂ ਪਹਿਲਾਂ ਸਮਝੋ'

ਸਰਗਰਮ ਸੁਣਨ ਦਾ ਭਾਵ ਹੈ:

✓ ਸਵਾਲ ਪੁੱਛਣ ਤੋਂ ਪਹਿਲਾਂ ਬੁਲਾਰੇ ਨੂੰ ਹਰ ਨੁਕਤਾ ਖਤਮ ਕਰਨ ਦਿਉ

✓ ਕਿਸੇ ਵੀ ਉਲਟ ਦਲੀਲ ਨਾਲ ਬੁਲਾਰੇ ਨੂੰ ਟੋਕੋ ਨਾ

✓ ਇਸ ਦੇ ਲਈ ਲੋੜ ਹੋ ਸਕਦੀ ਹੈ ਕਿ ਅਸੀਂ ਸੰਦੇਸ਼ ਨੂੰ ਠੀਕ ਸਮਝਿਆ ਹੈ ਅਤੇ ਜੋ ਵੀ ਕਿਹਾ ਗਿਆ ਹੋਵੇ, ਉਸ ਨੂੰ ਸਪਸ਼ਟ ਕਰਨ ਲਈ ਸਵਾਲ ਪੁਛੋ

✓ ਸੁਝਾਅ ਦੇਣ ਦਾ ਇੱਕ ਹੋਰ ਢੰਗ ਹੈ ਕਿ ਬੋਲਣ ਵਾਲੇ ਦੇ ਸ਼ਬਦਾਂ ਦੇ ਸਾਰ ਬਣਾਉਣਾ ਅਤੇ ਸਮੇਂ ਸਮੇਂ ਉੱਤੇ ਜਾਂ ਗੱਲਬਾਤ ਦੇ ਅੰਤ ਉੱਤੇ ਉਹਨਾਂ ਨੂੰ ਦੁਹਰਾਉਣਾ।

ਆਓ ਵੇਖੀਏ ਕਿ ਸਰਗਰਮ ਸੁਣਨ ਲਈ ਕਿਹੜੀਆਂ ਮੁਹਾਰਤਾਂ ਚਾਹੀਦੀਆਂ ਹਨ:

a) ਦਰਸਾਉਣਾ ਕਿ ਕੋਈ ਸੁਣ ਰਿਹਾ ਹੈ:

✓ ਜਿਵੇਂ ਕਿ ਕਿਸੇ ਵਲੋਂ:

✓ ਕਦੇ ਕਦੇ ਸਿਰ ਹਿਲਾਉਣਾ ਅਤੇ ਮੁਸਕਰਾਉਣਾ

✓ ਅੰਦਾਜ਼ ਰੱਖਣਾ, ਜੋ ਕਿ ਦੂਜੇ ਨੂੰ ਖੁੱਲ੍ਹਾ ਰੱਖੇ ਅਤੇ ਦੂਜੇ ਨੂੰ ਮੁਕਤ ਰੂਪ ਵਿੱਚ ਬੋਲਣ ਦੇਵੇ

✓ ਛੋਟੀਆਂ ਬੋਲਚਾਲ ਦੀਆਂ ਟਿੱਪਣੀਆਂ ਜਿਵੇਂ "ਮੈਂ ਸਮਝਿਆ/ਸਮਝੀ", "ਅੱਛਾ", "ਹਾਂ" ਅਤੇ "ਠੀਕ ਹੈ" ਕਰਨੀਆਂ।

b) ਧਿਆਨ ਦਿਓ

ਵਿਅਕਤੀ ਨੂੰ ਬੁਲਾਰੇ ਵੱਲ ਸੁਭਾਵਿਕ ਇੱਕਚਿਤ ਧਿਆਨ ਅਤੇ ਸੁਨੇਹੇ ਦੀ ਪੁਸ਼ਟੀ ਕਰਨ ਦੀ ਲੋੜ ਹੁੰਦੀ ਹੈ। ਧਿਆਨ ਦੇਣ ਦੇ ਕੁਝ ਪੱਖ ਹੇਠ ਦਿੱਤੇ ਹਨ:

ਬੁਲਾਰੇ ਵੱਲ ਸਿੱਧਾ ਵੇਖੋ

- ✓ ਧਿਆਨ ਵੰਡਣਾਉਣ ਵਾਲੇ ਵਿਚਾਰਾਂ ਨੂੰ ਪਾਸੇ ਰੱਖੋ
- ✓ ਦਿਮਾਗੀ ਰੂਪ ਵਿੱਚ ਖੰਡਨ ਕਰਨ ਲਈ ਤਿਆਰ ਨਾ ਰਹੋ
- ✓ ਸਭ ਬਾਹਰੀ ਰੁਕਾਵਟ ਪਾਉਣ ਵਾਲੀਆਂ ਗੱਲਾਂ ਤੋਂ ਬਚੋ [ਜਿਵੇਂ ਕਿ ਆਪਣੇ ਮੋਬਾਇਲ ਨੂੰ ਸ਼ਾਂਤ (silent) ਮੋਡ ਵਿੱਚ ਰੱਖੋ]
- ✓ ਬੁਲਾਰੇ ਦੀ ਸਰੀਰਿਕ ਭਾਸ਼ਾ ਨੂੰ "ਸੁਣੋ"

c) ਫਿਲਟਰ ਹਟਾਉਣੇ:

ਜੋ ਵੀ ਅਸੀਂ ਬਹੁਤ ਕੁਝ ਸੁਣਦੇ ਹਾਂ, ਅਸੀਂ ਆਪਣੇ ਨਿੱਜੀ ਤਰਕ-ਵਿਤਰਕਾਂ ਰਾਹੀਂ ਭਟਕ ਸਕਦੇ ਹਾਂ, ਜਿਵੇਂ ਕਿ ਕਿਸੇ ਦੀਆਂ ਧਾਰਨਾਵਾਂ, ਅਨੁਮਾਨ, ਵਿਚਾਰ ਅਤੇ ਵਿਸ਼ਵਾਸ਼।

ਅੰਦਾਜ਼ੇ ਨਾ ਲਗਾਓ: ਜੇ ਸੁਣਨ ਵਾਲਾ ਅੰਦਾਜ਼ੇ ਲਾਉਂਦਾ ਹੈ, ਭਾਵੇ ਜੇ ਉਹ ਸਪੀਕਰ ਨੂੰ ਸੁਣਦਾ ਵੀ ਹੈ, ਪਰ ਉਹ ਆਪਣੀ ਸੋਚ ਦੇ ਮੁਤਾਬਕ ਹੀ ਸਮਝੇਗਾ।

d) ਹਮਦਰਦੀਪੂਰਕ ਸੁਣਨਾ:

ਹਮਦਰਦੀ ਦਾ ਭਾਵ ਸ਼ਾਂਤ ਹੋ ਕੇ ਸੁਣਨਾ ਅਤੇ ਹੁੰਗਾਰਾ ਭਰਨਾ ਹੈ ਅਤੇ ਪੂਰਾ ਧਿਆਨ ਦੇਣਾ, ਜੋ ਕਿ ਹੋਰ ਵਿਅਕਤੀ ਨੇ ਕਿਹਾ ਹੈ, ਭਾਵੇਂ ਤੁਸੀਂ ਉਸ ਨਾਲ ਸਹਿਮਤ ਨਹੀਂ ਹੋ। ਇਹ ਮਹੱਤਵਪੂਰਨ ਹੈ ਕਿ ਬੁਲਾਰੇ ਨੂੰ ਮਾਨਤਾ ਦਰਸਾਈ ਜਾਵੇ, ਜ਼ਰੂਰੀ ਨਹੀਂ ਹੈ ਕਿ ਸਹਿਮਤੀ।

e) ਢੁੱਕਵੇਂ ਰੂਪ ਵਿੱਚ ਜਵਾਬ ਦੇਣਾ:

ਸਰਗਰਮ ਸੁਣਨ ਦਾ ਭਾਵ ਬੁਲਾਰੇ ਵਲੋਂ ਬੋਲੇ ਗਏ ਤੋਂ ਕੇਵਲ ਸੁਣਨ ਤੋਂ ਬਹੁਤ ਵੱਧ ਹੈ। ਗੱਲਬਾਤ ਤਾਂ ਹੀ ਪੂਰੀ ਮੰਨੀ ਜਾ ਸਕਦੀ ਹੈ, ਜਦੋਂ ਸਰੋਤਾ ਉਸੇ ਹੀ ਢੰਗ ਨਾਲ ਜਵਾਬ ਦੇਵੇ, ਸ਼ਬਦਾਂ ਰਾਹੀਂ ਜਾਂ ਕਿਰਿਆ ਰਾਹੀਂ। ਕੁਝ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੁੰਦੀ ਹੈ ਤਾਂ ਕਿ ਬੁਲਾਰੇ ਨੂੰ ਨੀਵਾਂ ਨਾ ਵਿਖਾਇਆ ਜਾਵੇ, ਬਲਕਿ ਸਨਮਾਨ ਵਾਲਾ ਸਲੂਕ ਕੀਤਾ ਜਾਵੇਗਾ।

ਇਹਨਾਂ ਵਿੱਚ ਹਨ:

- ✓ ਆਪਣੇ ਜਵਾਬ ਵਿੱਚ ਨਿਰਪੱਖ, ਖੁੱਲ੍ਹੇ ਅਤੇ ਇਮਾਨਦਾਰ ਰਹੋ
- ✓ ਕਿਸੇ ਦੇ ਵਿਚਾਰਾਂ ਨੂੰ ਇੱਜ਼ਤ ਦਿਓ
- ✓ ਦੂਜੇ ਵਿਅਕਤੀ ਨਾਲ ਉਸੇ ਢੰਗ ਨਾਲ ਵਰਤਾਓ ਕਰੋ, ਜਿਸ ਤਰ੍ਹਾਂ ਤੁਸੀਂ ਚਾਹੁੰਦੇ ਹੋ ਤੁਹਾਡੇ ਨਾਲ ਹੋਵੇ

### ਉਦਾਹਰਨ

ਸਪਸ਼ਟ ਕਰਨ ਲਈ ਪੁੱਛਣਾ - "ਮੈਨੂੰ ਲੱਗਦਾ ਹੈ ਕਿ ਅਸੀਂ ਸਾਡੇ ਸਿਹਤ ਪਲਾਨ ਦੇ ਫਾਇਦਿਆਂ ਦੇ ਬਾਰੇ ਸਪਸ਼ਟ ਨਹੀਂ ਕਰ ਸਕੇ। ਕੀ ਤੁਸੀਂ ਆਪਣੇ ਸ਼ੱਕਾਂ ਬਾਰੇ ਪੁੱਛ ਕੇ ਸਾਡੀ ਮਦਦ ਕਰੋਗੇ?"

ਬੁਲਾਰੇ ਦੇ ਠੀਕ ਸ਼ਬਦਾਂ ਦਾ ਸਾਰ ਦਿਓ - "ਤਾਂ ਤੁਸੀਂ ਕਹਿ ਰਹੇ ਹੋ ਕਿ 'ਸਾਡੀਆਂ ਸਿਹਤ ਸਕੀਮਾਂ ਦਿਲਖਿੱਚਵੀਆਂ ਨਹੀਂ ਹਨ',- ਕੀ ਮੈਂ ਤੁਹਾਨੂੰ ਠੀਕ ਤਰ੍ਹਾਂ ਸਮਝਿਆ ਹੈ?"

### ਆਪਣੇ ਆਪ ਨੂੰ ਟੈਸਟ ਕਰੋ 4

ਹੇਠ ਦਿੱਤਿਆਂ ਵਿੱਚੋਂ ਕਿਹੜਾ ਸਰਗਰਮ ਸੁਣਨ ਦਾ ਭਾਗ ਨਹੀਂ ਹੈ?

I. ਪੂਰੀ ਤਰ੍ਹਾਂ ਧਿਆਨ ਦੇਣਾ

II. ਬਹੁਤ ਵੱਧ ਅਨੁਮਾਨ ਲਗਾਉਣਾ

III. ਹਮਦਰਦੀਪੂਰਕ ਸੁਣਨਾ

IV. ਢੁੱਕਵੇਂ ਰੂਪ ਵਿੱਚ ਜਵਾਬ ਦੇਣਾ

---

## E. ਨੈਤਿਕ ਰਵੱਈਆ

ਹਾਲੀਆ ਸਾਲਾਂ ਵਿੱਚ ਗਲਤ ਵਿਹਾਰ ਦੀਆਂ ਕਈ ਰਿਪੋਰਟਾਂ ਮਿਲੀਆਂ ਹਨ ਅਤੇ ਕਾਰੋਬਾਰ ਵਿੱਚ ਨੈਤਿਕ ਰਵੱਈਏ ਦੇ ਬਾਰੇ ਕਈ ਗੰਭੀਰ ਮਸਲੇ ਖੜ੍ਹੇ ਹੋਏ ਹਨ, ਜਿਹਨਾਂ ਕਰਕੇ ਭਰੋਸਾ ਟੁੱਟਿਆ ਹੈ।

ਨਤੀਜੇ ਵਜੋਂ, ਜ਼ਿੰਮੇਵਾਰੀ, ਕਾਰਪੋਰੇਟ ਪ੍ਰਬੰਧ ਅਤੇ ਬੀਮੇ ਵਿੱਚ ਗਾਹਕਾਂ ਨੂੰ ਵਧੀਆ ਸੇਵਾ ਦੇਣ ਬਾਰੇ ਚਰਚਾ ਵਧਦੀ ਹੈ, ਜੋ ਕਿ ਕਾਰੋਬਾਰ "ਨੈਤਿਕਤਾ" ਦੇ ਵਜੋਂ ਜਾਣਿਆ ਜਾਂਦਾ ਹੈ।

ਆਪਣੇ ਫਾਇਦੇ ਬਾਰੇ ਸੋਚਣ ਵਿੱਚ ਕੁਝ ਗਲਤ ਨਹੀਂ ਹੈ। ਪਰ ਕਿਸੇ ਹੋਰ ਦੇ ਹਿੱਤ ਦੀ ਕੀਮਤ ਉੱਤੇ ਇੰਝ ਕਰਨਾ ਗਲਤ ਹੈ। ਜਦੋਂ ਹੋਰਾਂ ਦੀ ਕੋਈ ਚਿੰਤਾ ਨਹੀਂ ਹੁੰਦੀ, ਪਰ ਖੁਦ ਦੀ ਜਿਆਦਾ ਚਿੰਤਾ ਹੁੰਦੀ ਹੈ ਤਾਂ ਇਸ ਨੂੰ ਅਨੈਤਿਕ ਰਵੱਈਆ ਕਿਹਾ ਜਾਂਦਾ ਹੈ।

ਬੀਮਾ ਭਰੋਸੇ ਦਾ ਕਾਰੋਬਾਰ ਹੈ। ਭਰੋਸਾ (ਟਰੱਸਟ) ਭੰਗ ਕਰਨ ਦਾ ਮਤਲਬ ਧੋਖਾ ਦੇਣਾ ਹੈ। ਜਦੋਂ ਸੰਭਾਵਿਤ ਨੂੰ ਬੀਮਾ ਖਰੀਦਣ ਲਈ ਪ੍ਰੇਰਿਤ ਕਰਨ ਲਈ ਗਲਤ ਜਾਣਕਾਰੀ ਦਿੱਤੀ ਜਾਂਦੀ ਹੈ ਜਾਂ ਸੰਭਾਵਿਤ ਦੀਆਂ ਖਾਸ ਲੋੜਾਂ ਨੂੰ ਨਾ ਪੂਰਾ ਕਰਦੀਆਂ ਬੀਮੇ ਦੀਆਂ ਸਕੀਮਾਂ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਤਾਂ ਇਹ ਗਲਤ ਹੋ ਰਿਹਾ ਹੁੰਦਾ ਹੈ।

ਆਈਆਰਡੀਏਆਈ(IRDAI) ਵਲੋਂ ਕਈ ਨਿਯਮਾਂ ਵਿੱਚ ਨੈਤਿਕਤਾ ਨੂੰ ਨੈਤਿਕ ਰਵੱਈਏ ਵਜੋਂ ਦਰਸਾਇਆ ਗਿਆ ਹੈ। ਕੋਡ ਨੂੰ ਜਾਣਨਾ ਹੀ ਕਾਫ਼ੀ ਨਹੀਂ ਹੈ। ਬੀਮਾਕਰਤਾ ਅਤੇ ਉਹਨਾਂ ਦੇ ਪ੍ਰਤੀਨਿਧਾਂ ਲਈ ਸਭ ਤੋਂ ਮਹੱਤਵਪੂਰਨ ਹੈ ਕਿ ਉਹ ਪੇਸ਼ਕਰਤਾ/ਪਾਲਸੀਧਾਰਕ ਦੇ ਹਿੱਤ ਨੂੰ ਮੂਲ ਰੱਖਣ।

**ਲੱਛਣ: ਨੈਤਿਕ ਰਵੱਈਏ ਦੇ ਕੁਝ ਲੱਛਣ ਹਨ:**

a) **ਗਾਹਕ ਦੇ ਸਭ ਤੋਂ ਵੱਧ ਹਿੱਤਾਂ ਨੂੰ ਆਪਣੇ ਸਿੱਧੇ ਜਾਂ ਅਸਿੱਧੇ ਫਾਇਦਾਂ ਤੋਂ ਉੱਤੇ ਰੱਖਣਾ**

b) **ਗਾਹਕ ਦੇ ਮਾਮਲਿਆਂ ਲਈ ਸਭ ਕਾਰੋਬਾਰੀ ਅਤੇ ਨਿੱਜੀ ਜਾਣਕਾਰੀ ਨੂੰ ਸਖ਼ਤ ਗੁਪਤ ਰੱਖਣਾ ਅਤੇ ਵਿਸ਼ੇਸ਼ ਅਧਿਕਾਰਾਂ ਵਜੋਂ ਮੰਨਣਾ**

c) **ਸਭ ਤੱਥਾਂ ਬਾਰੇ ਪੂਰੇ ਅਤੇ ਢੁੱਕਵੇਂ ਸਪਸ਼ਟੀਕਰਨ ਦੇਣ ਨਾਲ ਗਾਹਕ ਨੂੰ ਪ੍ਰੇਰਿਤ ਫੈਸਲੇ ਕਰਨ ਦੇ ਯੋਗ ਕਰਨਾ।**

**ਹੇਠ ਦਿੱਤੇ ਹਾਲਤਾਂ ਵਿੱਚ ਨੈਤਿਕਤਾ ਨਾਲ ਸਮਝੌਤਾ ਕੀਤਾ ਗਿਆ ਹੋ ਸਕਦਾ ਹੈ:**

a) **ਦੋ ਸਕੀਮਾਂ ਵਿੱਚੋਂ ਚੋਣ ਕਰਨੀ, ਇੱਕ ਵਿੱਚ ਦੂਜੀ ਨਾਲੋਂ ਬਹੁਤ ਘੱਟ ਪ੍ਰੀਮੀਅਮ ਜਾਂ ਦਲਾਲੀ ਦੇਵੇ।**

b) **ਮੌਜੂਦਾ ਪਾਲਸੀ ਨੂੰ ਬੰਦ ਕਰਨ ਦੀ ਸਿਫਾਰਸ਼ ਕਰਨ ਅਤੇ ਨਵੀਂ ਖਰੀਦਣ ਲਈ ਪ੍ਰੇਰਿਤ ਕਰਨਾ**

c) **ਹਾਲਤਾਂ ਬਾਰੇ ਜਾਗਰੂਕ ਹੋਣਾ, ਜੇ ਬੀਮਕਰਤਾ ਨੂੰ ਪਤਾ ਹੋਵੇ, ਜਿਹੜੇ ਗਾਹਕ ਜਾਂ ਲਾਭਪਾਤਰਾਂ ਦੇ ਹਿੱਤਾਂ ਜਾਂ ਦਾਅਵੇ ਦੇ ਫਾਇਦਿਆਂ ਉੱਤੇ ਉਲਟ ਅਸਰ ਪਾ ਸਕਦੇ ਹਨ।**

**ਆਪਣੇ ਆਪ ਨੂੰ ਟੈਸਟ ਕਰੋ 5**

**ਹੇਠ ਦਿੱਤਿਆਂ ਵਿੱਚੋਂ ਕਿਹੜਾ ਨੈਤਿਕ ਰਵੱਈਏ ਦਾ ਲੱਛਣ ਨਹੀਂ ਹੈ?**

I. **ਢੁੱਕਵੇਂ ਸਪਸ਼ਟੀਕਰਨ ਗਾਹਕ ਨੂੰ ਪ੍ਰੇਰਿਤ ਫੈਸਲਾ ਕਰਨ ਦੇ ਯੋਗ ਕਰਦੇ ਹਨ।**

II. **ਗਾਹਕ ਦੇ ਕਾਰੋਬਾਰ ਅਤੇ ਨਿੱਜੀ ਜਾਣਕਾਰੀ ਨੂੰ ਗੁਪਤ ਰੱਖਣਾ**

III. **ਖੁਦ ਦੇ ਹਿੱਤਾਂ ਨੂੰ ਗਾਹਕ ਦੇ ਹਿੱਤਾਂ ਤੋਂ ਪਹਿਲਾਂ ਰੱਖਣਾ**

IV. **ਗਾਹਕ ਦੇ ਹਿੱਤਾਂ ਨੂੰ ਆਪਣੇ ਹਿੱਤਾਂ ਤੋਂ ਪਹਿਲਾਂ ਰੱਖਣਾ**

---

**ਸਾਰ**

a) **ਬੀਮੇ ਦੇ ਕੇਸ ਵਿੱਚ ਗਾਹਕ ਸੇਵਾ ਅਤੇ ਸਬੰਧਾਂ ਦੀ ਭੂਮਿਕਾ ਹੋਰ ਉਤਪਾਦਾਂ ਨਾਲੋਂ ਕਿਤੇ ਵੱਧ ਨਾਜ਼ੁਕ ਹੈ।**

b) **ਸੇਵਾ ਗੁਣਵੱਤਾ ਦੇ ਪੰਜ ਮੁੱਖ ਸੰਕੇਤਕਾਂ ਵਿੱਚ ਭਰੋਸੇਯੋਗਤਾ, ਜਵਾਬਦੇਹੀ, ਅਸ਼ੋਰੈਂਸ, ਹਮਰਦਰਦੀ ਅਤੇ ਸਪਸ਼ਟਤਾ ਹੈ।**

c) **ਗਾਹਕ ਜੀਵਨ ਮੁੱਲ ਨੂੰ ਆਰਥਿਕ ਫਾਇਦਿਆਂ ਦੇ ਜੋੜ ਵਜੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ, ਜੋ ਕਿ ਗਾਹਕ ਨਾਲ ਲੰਮੇ ਸਮੇਂ ਦੇ ਮਜ਼ਬੂਤ ਸਬੰਧ ਬਣਾਉਣ ਤੋਂ ਹੋ ਸਕਦੇ ਹਨ।**

d) ਗਾਹਕ ਸੇਵਾ ਦੇ ਖੇਤਰ ਵਿੱਚ ਏਜੰਟ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਹੈ।

e) ਸਰਗਰਮ ਸੁਣਨ ਵਿੱਚ ਧਿਆਨ ਦੇਣਾ, ਸੁਝਾਅ ਦੇਣੇ ਅਤੇ ਢੁੱਕਵੇਂ ਰੂਪ ਵਿੱਚ ਜਵਾਬ ਦੇਣਾ ਸ਼ਾਮਿਲ ਹੈ।

f) ਨੈਤਿਕ ਰਵੱਈਏ ਵਿੱਚ ਗਾਹਕ ਦੇ ਹਿੱਤਾਂ ਨੂੰ ਆਪਣੇ ਤੋਂ ਪਹਿਲਾਂ ਰੱਖਣਾ ਸ਼ਾਮਿਲ ਹੈ।

---

## ਮੁੱਖ ਸ਼ਬਦ

a) ਸੇਵਾ ਦੀ ਕੁਆਲਟੀ

b) ਹਮਦਰਦੀ

c) ਸਰੀਰਿਕ ਭਾਸ਼ਾ

d) ਸਰਗਰਮ ਸੁਣਨਾ

e) ਨੈਤਿਕ ਰਵੱਈਆ

---

## ਸਵੈ ਜਾਂਚ ਦੇ ਜਵਾਬ

ਜਵਾਬ 1 - ਸਹੀ ਚੋਣ III ਹੈ।

ਜਵਾਬ 2 - ਸਹੀ ਚੋਣ III ਹੈ।

ਜਵਾਬ 3 - ਸਹੀ ਚੋਣ IV ਹੈ।

ਜਵਾਬ 4 - ਸਹੀ ਚੋਣ II ਹੈ।

ਜਵਾਬ 5 - ਸਹੀ ਚੋਣ III ਹੈ।

---

# ਪਾਠ C-09

# ਸ਼ਿਕਾਇਤ ਨਿਪਟਾਰਾ ਢੰਗ

**ਪਾਠ ਜਾਣ-ਪਛਾਣ**

**ਬੀਮਾ ਉਦਯੋਗ ਨਿਸ਼ਚਿਤ ਰੂਪ ਵਿੱਚ ਅਜਿਹਾ ਸੇਵਾ ਉਦਯੋਗ ਹੈ, ਜਿਸ ਵਿੱਚ ਗਾਹਕ ਦੀਆਂ ਉਮੀਦਾਂ ਲਗਾਤਾਰ ਵੱਧ ਰਹੀਆਂ ਹਨ। ਸੇਵਾਵਾਂ ਦੇ ਮਿਆਰ ਨਾਲ ਅਸੰਤੁਸ਼ਟੀ ਹੁੰਦੀ ਹੈ। ਲਗਾਤਾਰ ਉਤਪਾਦ ਖੋਜਾਂ ਤੇ ਗਾਹਕ ਸੇਵਾ ਦੇ ਪੱਧਰ ਵਿੱਚ ਵੱਡੇ ਸੁਧਾਰਾਂ ਦੇ ਬਾਵਜੂਦ ਜਿਸ ਵਿੱਚ ਆਧੁਨਿਕ ਤਕਨੀਕ ਦੀ ਸਹਾਇਤਾ ਵੀ ਸ਼ਾਮਿਲ ਹੈ, ਉਦਯੋਗ ਗਾਹਕ ਅਸੰਤੁਸ਼ਟੀ ਅਤੇ ਗਲਤ ਸਾਖ ਕਰਕੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਸਰਕਾਰ ਅਤੇ ਰੈਗੂਲੇਟਰ ਨੇ ਹਾਲਤ ਸੁਧਾਰਨ ਲਈ ਕਈ ਯਤਨ ਕੀਤੇ ਹਨ।**

**IRDAI ਦੇ ਪਾਲਸੀਧਾਰਕਾਂ ਦੇ ਹਿੱਤਾਂ ਦੀ ਸੁਰੱਖਿਆ 2017 ਨਿਯਮਾਂ ਵਿੱਚ ਹਰ ਬੀਮਾਕਰਤਾ ਲਈ ਪਾਲਸੀਧਾਰਕਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਆਪਣੇ ਬੋਰਡ ਤੋਂ ਮਨਜ਼ੂਰੀ ਪ੍ਰਾਪਤ ਪਾਲਸੀ ਹੋਣੀ ਜ਼ਰੂਰੀ ਕੀਤੀ ਹੈ, ਜਿਸ ਵਿੱਚ ਸ਼ਾਮਲ ਹੋਵੇ**

i. **ਵੱਖ-ਵੱਖ ਸੇਵਾ ਦੇਣ ਲਈ ਸੇਵਾ ਮਾਪਢੰਡ ਜਿਸ ਵਿੱਚ ਇਹਨਾਂ ਦਾ ਪੂਰਾ ਹੋਣ ਦਾ ਸਮਾਂ ਵੀ ਸ਼ਾਮਲ ਹੈ।**

ii. **ਸ਼ਿਕਾਇਤਾਂ ਦੇ ਤੇਜ਼ੀ ਨਾਲ ਹੱਲ ਲਈ ਪ੍ਰਕਿਰਿਆ।**

**ਸਿੱਖਣ ਦੇ ਨਤੀਜੇ**

A. **ਸ਼ਿਕਾਇਤ ਨਿਪਟਾਰਾ ਢੰਗ**

B. **ਸਾਂਝਾ ਸ਼ਿਕਾਇਤ ਪ੍ਰਬੰਧ ਸਿਸਟਮ (ਆਈਜੀਐਮਐਸ)**

C. **ਗਾਹਕ ਅਦਾਲਤਾਂ**

D. **ਗਾਹਕ ਵਿਵਾਦ ਨਿਪਟਾਉਣ ਏਜੰਸੀਆਂ**

E. **ਬੀਮਾ ਲੋਕਪਾਲ**

F. **ਜਾਣਕਾਰੀ ਦਾ ਹੱਕ**

## A. ਸ਼ਿਕਾਇਤ ਨਿਪਟਾਰਾ

ਜਦੋਂ ਗਾਹਕ ਵਲੋਂ ਸ਼ਿਕਾਇਤ ਹੋਵੇ ਤਾਂ ਉੱਚ ਤਰਜੀਹੀ ਕਾਰਵਾਈ ਕਰਨ ਦਾ ਸਮਾਂ ਹੁੰਦਾ ਹੈ। ਯਾਦ ਰੱਖੋ ਕਿ ਸ਼ਿਕਾਇਤ ਦੇ ਕੇਸ ਵਿੱਚ ਗਾਹਕ ਸੇਵਾ ਦੀ ਅਸਫ਼ਲਤਾ ਦੇ ਕਰਕੇ ਗੁੱਸੇ ਹੁੰਦਾ ਹੈ। ਇਹ ਸਿਰਫ਼ ਕਹਾਣੀ ਦਾ ਇੱਕ ਪੱਖ ਹੈ।

ਕਈ ਵਾਰ ਗਾਹਕ ਹਾਲਤ ਨੂੰ ਗਲਤ ਸਮਝਣ ਕਰਕੇ ਵੀ ਖਿਝਿਆ ਹੁੰਦਾ ਹੈ। ਸਾਰੀਆਂ ਸੇਵਾਵਾਂ ਅਸਫ਼ਲਤਾਵਾਂ ਦੋ ਕਿਸਮ ਦੀਆਂ ਭਾਵਨਾਵਾਂ ਪੈਦਾ ਕਰਦੀਆਂ ਹਨ:

1. ਭਾਵਨਾ ਕਿ ਬੀਮਾਕਰਤਾ ਨੇ ਅਨੁਚਿਤ ਕੀਤਾ ਹੈ (ਧੋਖਾ ਦਿੱਤੇ ਜਾਣ ਦੀ ਭਾਵਨਾ)
2. ਅਹੰਕਾਰ ਨੂੰ ਠੇਸ ਲੱਗਣੀ (ਛੋਟਾ ਦਿੱਸਣ ਅਤੇ ਮਹਿਸੂਸ ਕਰਨਾ)

ਗਾਹਕ ਸਨਮਾਨ ਪਾਉਣਾ ਚਾਹੁੰਦਾ ਹੈ ਅਤੇ ਇਨਸਾਨੀ ਛੋਹ ਇਸ ਹਾਲਤ ਵਿੱਚ ਬੇਹੱਦ ਜ਼ਰੂਰੀ ਹੋ ਜਾਂਦੀ ਹੈ। ਪੇਸ਼ੇਵਰ ਬੀਮਾ ਸਲਾਹਕਾਰ ਦੇ ਤੌਰ ਉੱਤੇ ਸਭ ਤੋਂ ਪਹਿਲਾਂ ਏਜੰਟ ਇੰਝ ਦੀ ਸ਼ਿਕਾਇਤ ਵਾਲੇ ਹਾਲਤ ਪੈਦਾ ਹੀ ਨਹੀਂ ਹੋਣ ਦੇਵੇਗਾ। ਉਹ ਮਸਲੇ ਨੂੰ ਕੰਪਨੀ ਦੇ ਢੁੱਕਵੇਂ ਅਧਿਕਾਰੀ ਕੋਲ ਲੈ ਜਾ ਸਕਦਾ ਹੈ।

ਸ਼ਿਕਾਇਤ ਗਾਹਕ ਦੇ ਸੰਬੰਧ ਵਿੱਚ ਨਾਜ਼ੁਕ "ਸੱਚ ਦਾ ਪਲ਼" ਹੁੰਦਾ ਹੈ। ਜੇ ਏਜੰਟ/ਕੰਪਨੀ ਸਥਿਤੀ ਨੂੰ ਸਪਸ਼ਟ ਕਰਨ ਦੇ ਮੌਕੇ ਵਜੋਂ ਵਰਤ ਸਕੇ ਤਾਂ ਹਾਲਤ ਗਾਹਕ ਵਫ਼ਾਦਾਰੀ ਸੁਧਾਰ ਸਕਦੇ ਹਨ।

ਯਾਦ ਰੱਖੋ ਕਿ ਕੰਪਨੀ ਵਿੱਚ ਕੋਈ ਵੀ ਗਾਹਕ ਦੀਆਂ ਸਮੱਸਿਆਵਾਂ ਦਾ ਹੱਲ ਉਨੀ ਚੰਗੀ ਤਰ੍ਹਾਂ ਨਹੀਂ ਕਰ ਸਕਦਾ ਹੈ, ਜਿੰਨਾ ਕਿ ਏਜੰਟ ਕਰ ਸਕਦਾ ਹੈ।

ਸ਼ਿਕਾਇਤ ਸਾਨੂੰ ਸਮਝਣ ਦਾ ਮੌਕਾ ਦਿੰਦਾ ਹੈ ਕਿ ਅਸੀਂ ਗਾਹਕ ਦੇ ਹਿੱਤ ਦਾ ਕਿੰਨਾ ਧਿਆਨ ਰੱਖਦੇ ਹਾਂ। ਇਹ ਅਸਲ ਵਿੱਚ ਥੰਮ੍ਹ ਹਨ, ਜਿਸ ਉੱਤੇ ਬੀਮਾ ਕੰਪਨੀ ਦੀ ਸਾਖ ਅਤੇ ਕਾਰੋਬਾਰ ਬਣਦਾ ਹੈ। ਮੂੰਹ ਰਾਹੀਂ ਹੋਣ ਵਾਲਾ ਪ੍ਰਚਾਰ (ਚੰਗਾ/ਮਾੜਾ) ਵਿਕਰੀ ਅਤੇ ਸੇਵਾਵਾਂ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਸ਼ਿਕਾਇਤ ਨਿਪਟਾਰਾ ਲਈ ਕਾਰਵਾਈ ਬਾਰੇ ਜਾਣਕਾਰੀ ਹਰ ਪਾਲਸੀ ਦਸਤਾਵੇਜ਼ ਦੇ ਅੰਤ ਉੱਤੇ ਹੁੰਦੀ ਹੈ। ਇਸ ਨੂੰ ਗਾਹਕਾਂ ਦੇ ਧਿਆਨ ਵਿੱਚ ਲਿਆਉਣਾ ਚਾਹੀਦਾ ਹੈ। ਨਿਯਮਾਂ ਦੇ ਮੁਤਾਬਕ,ਪਾਲਸੀ ਧਾਰਕ ਦੀ ਕੋਈ ਵੀ ਸ਼ਿਕਾਇਤ ਪਹਿਲਾਂ ਬੀਮਾਕਰਤਾ ਦੇ ਸ਼ਿਕਾਇਤ ਵਿਭਾਗ ਨੂੰ ਕੀਤੀ ਜਾਣੀ ਚਾਹੀਦੀ ਹੈ। ਜੇ ਇਹ ਤਸੱਲੀਬਖਸ਼ ਹੱਲ ਨਹੀਂ ਕੀਤਾ ਜਾਂਦਾ ਤਾਂ ਸ਼ਿਕਾਇਤਕਰਤਾ ਸੰਯੁਕਤ ਸ਼ਿਕਾਇਤ ਨਿਪਟਾਰਾ ਪ੍ਰਨਾਲੀ ਰਾਹੀਂ ਰੈਗੂਲੇਟਰੀ ਨਾਲ ਸੰਪਰਕ ਕਰ ਸਕਦਾ ਹੈ।

## B. ਸਾਂਝਾ ਸ਼ਿਕਾਇਤ ਪ੍ਰਬੰਧ ਸਿਸਟਮ (ਆਈਜੀਐਮਐਸ)

ਹਰ ਬੀਮਾਕਰਤਾ ਕੋਲ ਆਪਣਾ ਖੁਦ ਦਾ ਸ਼ਿਕਾਇਤ ਨਿਪਟਾਰਾ ਢੰਗ ਹੁੰਦਾ ਹੈ। ਸਾਰੀਆਂ ਕੰਪਨੀਆਂ ਦੇ ਕਾਰਜਕਾਰੀ / ਕੰਟਰੋਲ ਕਰਨ ਵਾਲੇ / ਕਾਰਪੋਰੇਟ ਦਫ਼ਤਰਾਂ ਵਿੱਚ ਸ਼ਿਕਾਇਤ ਨਿਪਟਾਰਾ ਅਧਿਕਾਰੀ ਹੁੰਦਾ ਹੈ। ਪਾਲਸੀਧਾਰਕ ਕਿਸੇ ਵੀ ਸ਼ਿਕਾਇਤ ਲਈ ਸਿੱਧਾ ਪਹੁੰਚ ਕਰ ਸਕਦਾ ਹੈ।

IRDAI ਨੇ ਸਾਂਝਾ ਸ਼ਿਕਾਇਤ ਪ੍ਰਬੰਧ ਸਿਸਟਮ (ਆਈਜੀਐਮਐਸ) (IGMS) ਸ਼ੁਰੂ ਕੀਤਾ ਸੀ, ਜੋ ਕਿ ਆਨਲਾਈਨ ਗਾਹਕ ਸ਼ਿਕਾਇਤ ਰਜਿਸਟਰੇਸ਼ਨ ਪ੍ਰਨਾਲੀ ਵਜੋਂ ਕੰਮ ਕਰਦਾ ਹੈ। ਬੀਮਾਕਰਤਾ ਨੂੰ ਸਾਰੀਆਂ ਸ਼ਿਕਾਇਤਾਂ ਨੂੰ ਰਜਿਸਟਰ ਕਰਨਾ ਹੁੰਦਾ ਹੈ, ਜੋ ਵੀ ਉਹਨਾਂ ਨੂੰ ਪ੍ਰਨਾਲੀ ਵਿੱਚ ਮਿਲਦੀਆਂ ਹਨ, ਜੋ ਕਿ IRDAI ਦੇ IGMS ਨਾਲ ਜੁੜਿਆ ਹੋਇਆ ਹੈ। IGMS IRDAI ਨੂੰ ਉਦਯੋਗ ਵਿੱਚ ਸ਼ਿਕਾਇਤ ਨਿਪਟਾਰਾ ਦੀ ਨਿਗਰਾਨੀ ਕਰਨ ਲਈ ਮਦਦ ਕਰਦਾ ਹੈ ਅਤੇ ਬੀਮਾ ਸ਼ਿਕਾਇਤ ਡਾਟੇ ਦੇ ਕੇਂਦਰੀ ਭੰਡਾਰ ਵਜੋਂ ਕੰਮ ਕਰਦਾ ਹੈ।

ਪਾਲਸੀਧਾਰਕ ਕਿਸੇ ਸ਼ਿਕਾਇਤ ਲਈ ਪਹਿਲਾਂ ਸੰਬੰਧਿਤ ਬੀਮਾਕਰਤਾ ਨਾਲ ਸੰਪਰਕ ਕਰ ਸਕਦਾ ਹੈ। ਜੇ ਉਸ ਨੂੰ ਬੀਮਾਕਰਤਾ ਤੋਂ ਜਵਾਬ ਨਹੀਂ ਮਿਲਦਾ ਜਾਂ ਜੇ ਹੱਲ਼ ਉਸ ਦੀ ਤਸੱਲੀ ਨਹੀਂ ਕਰਵਾਉਂਦਾ ਤਾਂ ਉਹ IGMS ਦੇ ਅਧੀਨ ਰੈਗੂਲੇਟਰ ਨਾਲ ਸੰਪਰਕ ਕਰ ਸਕਦਾ ਹੈ। ਸ਼ਿਕਾਇਤ ਰਜਿਸਟਰ ਕਰਨ ਦੀ ਕਾਰਵਾਈ ਦੇ ਦੋ ਪੜਾਅ ਹਨ - (i) ਆਪਣੇ ਪਾਲਸੀ ਵੇਰਵੇ ਦੇ ਕੇ ਖੁਦ ਨੂੰ ਰਜਿਸਟਰ ਕਰਨਾ ਅਤੇ (ii) ਆਪਣੀ ਸ਼ਿਕਾਇਤ ਰਜਿਸਟਰ ਕਰਨੀ ਅਤੇ ਸ਼ਿਕਾਇਤਾਂ ਦੀ ਸਥਿਤੀ ਵੇਖਣੀ। ਸ਼ਿਕਾਇਤਾਂ ਫੇਰ ਸਬੰਧਿਤ ਬੀਮਾ ਕੰਪਨੀਆਂ ਨੂੰ ਭੇਜੀਆਂ ਜਾਂਦੀਆਂ ਹਨ ਅਤੇ IRDAI ਸ਼ਿਕਾਇਤਾਂ ਨਿਪਟਾਉਣ ਦੀ ਸਹੂਲਤ ਦਿੰਦੀ ਹੈ।

ਆਈਜੀਐਮਐਸ (IGMS) ਸ਼ਿਕਾਇਤਾਂ ਅਤੇ ਉਹਨਾਂ ਦੇ ਨਿਪਟਾਰੇ ਲਈ ਲੱਗੇ ਸਮੇਂ ਦਾ ਧਿਆਨ ਰੱਖਦਾ ਹੈ। ਸ਼ਿਕਾਇਤਾਂ ਅੱਗੇ ਦਿੱਤੇ URL 'ਤੇ ਵੀ ਰਜਿਸਟਰ ਕੀਤੀਆਂ ਜਾ ਸਕਦੀਆਂ ਹਨ

: http://www.policyholder.gov.in/Integrated_Grievance_Management.aspx

## C. ਗਾਹਕ ਸੁਰੱਖਿਆ

ਗਾਹਕ ਸੁਰੱਖਿਆ ਐਕਟ, 2019: ਇਹ 1986 ਦੇ ਅਸਲ ਕਾਨੂੰਨ ਪਾਸ ਕੀਤਾ ਗਿਆ ਸੀ "*ਗਾਹਕਾਂ ਦੇ ਹਿੱਤਾਂ ਨੂੰ ਵਧੀਆ ਸੁਰੱਖਿਆ ਦੇਣ ਅਤੇ ਗਾਹਕ ਦੇ ਝਗੜਿਆਂ ਦਾ ਨਿਪਟਾਰਾ ਕਰਵਾਉਣ ਲਈ ਗਾਹਕ ਕੌਂਸਲਾਂ ਦੀ ਸਥਾਪਨਾ ਅਤੇ ਹੋਰ ਅਧਿਕਾਰੀਆਂ ਦਾ ਪ੍ਰਬੰਧ ਕਰਨਾ*" ਕਨੂੰਨ ਨੂੰ ਗਾਹਕ ਸੁਰੱਖਿਆ (ਸੋਧ) ਐਕਟ, 2002 ਅਤੇ ਫੇਰ 2019 ਵਿੱਚ ਸੋਧਿਆ ਗਿਆ ਸੀ। ਕਨੂੰਨ ਵਿੱਚ ਕੁਝ ਪਰਿਭਾਸ਼ਾਵਾਂ ਹੇਠ ਦਿੱਤੀਆਂ ਹਨ:

"ਸੇਵਾ" ਦਾ ਭਾਵ ਕਿਸੇ ਵੀ ਸੇਵਾ ਤੋਂ ਹੈ, ਜੋ ਕਿ ਸੰਭਾਵਿਤ ਵਰਤੋਂਕਾਰ ਲਈ ਦਿੱਤੀ ਜਾਂਦੀ ਹੈ ਅਤੇ ਇਸ ਵਿੱਚ ਬੈਂਕਿੰਗ, ਆਰਥਿਕ, ਬੀਮਾ, ਆਵਾਜਾਈ, ਕਾਰਵਾਈ, ਬਿਜਲੀ ਜਾਂ ਹੋਰ ਊਰਜਾ ਦੇਣੀ, ਬੋਰਡਿੰਗ ਜਾਂ ਰਿਹਾਇਸ਼ ਜਾਂ ਦੋਵੇਂ, ਘਰ ਨਿਰਮਾਣ, ਮਨੋਰੰਜਨ, ਆਦਿ ਦੇ ਸਬੰਧ ਵਿੱਚ ਸਹੂਲਤਾਂ ਦਾ ਪ੍ਰਬੰਧ ਕਰਨਾ ਸ਼ਾਮਿਲ ਹੈ। ਬੀਮਾ ਸੇਵਾ ਵਜੋਂ ਸ਼ਾਮਿਲ ਹੈ। ਪਰ "ਸੇਵਾ" ਵਿੱਚ ਕੋਈ ਵੀ ਸੇਵਾ ਮੁਫ਼ਤ ਦੇਣੀ ਜਾਂ ਨਿੱਜੀ ਸੇਵਾ ਦੇ ਇਕਰਾਰ ਵਜੋਂ ਦੇਣੀ ਸ਼ਾਮਿਲ ਨਹੀਂ ਹੈ।

"ਗਾਹਕ" ਦਾ ਭਾਵ ਕੋਈ ਵੀ ਵਿਅਕਤੀ ਹੋ ਸਕਦਾ ਹੈ, ਜੋ ਕਿ

- ✓ ਸਾਮਾਨ ਨੂੰ ਕੀਮਤ ਚੁਕਾ ਕੇ ਸੰਪੱਤੀ ਵਜੋਂ ਖਰੀਦਦਾ ਹੈ। ਇਸ ਵਿੱਚ ਕਿਸੇ ਵੀ ਸਮਾਨ ਦਾ ਵਰਤੋਂਕਾਰ ਸ਼ਾਮਲ ਹੈ। (ਇਸ ਵਿੱਚ ਵਿਅਕਤੀ ਸ਼ਾਮਿਲ ਨਹੀਂ ਹੈ, ਜੋ ਕਿ ਇੰਝ ਦੇ ਸਾਮਾਨ ਨੂੰ ਮੁੜ-ਵੇਚਣ ਲਈ ਜਾਂ ਕਿਸੇ ਵਪਾਰ ਹਿੱਤਾਂ ਲਈ ਖਰੀਦਦਾ ਹੈ) ਜਾਂ

✓ ਜੋ ਕਿ ਭੁਗਤਾਨ ਕਰਕੇ ਸੇਵਾ ਕਿਰਾਏ ਉੱਤੇ ਲੈਂਦਾ ਜਾਂ ਲਾਭ ਲੈਂਦਾ ਹੈ। ਇਸ ਵਿੱਚ ਇੰਝ ਦੀਆਂ ਸੇਵਾਵਾਂ ਦੇ ਲਾਭਪਾਤਰ ਸ਼ਾਮਲ ਹਨ। (ਇਸ ਵਿੱਚ ਕੋਈ ਵੀ ਵਿਅਕਤੀ ਸ਼ਾਮਲ ਨਹੀਂ ਹੈ, ਜੋ ਕਿ ਇੰਝ ਦੀ ਸੇਵਾ ਨੂੰ ਕਿਸੇ ਵਪਾਰਕ ਮਕਸਦ ਲਈ ਵਰਤਦਾ ਹੈ।)

"ਨੁਕਸ" ਦਾ ਭਾਵ ਕੁਆਲਟੀ, ਕਿਸਮ ਜਾਂ ਕਾਰਗੁਜ਼ਾਰੀ ਦੇ ਢੰਗ, ਜੋ ਕਿ ਕਿਸੇ ਕਾਨੂੰਨ ਅਧੀਨ ਜਾਂ ਰਾਹੀਂ ਬਣਾਈ ਰੱਖਣ ਦੀ ਲੋੜ ਹੈ ਜਾਂ ਕਿਸੇ ਵਿਅਕਤੀ ਵਲੋਂ ਇਕਰਾਰ ਜਾਂ ਕਿਸੇ ਸੇਵਾ ਦੇ ਸਬੰਧ ਵਿੱਚ ਪਾਲਣ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ, ਵਿੱਚ ਖਰਾਬੀ, ਤੁਰੱਟੀ, ਅਪੂਰਨਤਾ ਆ ਜਾਵੇ।

"ਸ਼ਿਕਾਇਤ" ਦਾ ਭਾਵ ਸ਼ਿਕਾਇਤਕਰਤਾ ਵਲੋਂ ਕੋਈ ਇਲਜ਼ਾਮ ਲਿਖਤੀ ਰੂਪ ਵਿੱਚ ਲਗਾਉਣ ਤੋਂ ਹੈ, ਜੋ ਕਿ:

✓ ਅਨੁਚਿਤ ਕਾਰੋਬਾਰ ਵਿਹਾਰ ਜਾਂ ਪ੍ਰਤਿਬੰਧਿਤ ਕਾਰੋਬਾਰੀ ਪ੍ਰਥਾ ਨੂੰ ਅਪਣਾਉਣਾ

✓ ਉਸ ਵਲੋਂ ਖਰੀਦੇ ਗਏ ਸਾਮਾਨ ਵਿੱਚ ਇੱਕ ਜਾਂ ਵੱਧ ਨੁਕਸ

✓ ਉਸ ਵਲੋਂ ਪ੍ਰਾਪਤ ਕੀਤੀਆਂ ਸੇਵਾਵਾਂ ਵਿੱਚ ਕਿਸੇ ਕਿਸਮ ਦੀ ਤੁਰੱਟੀ

✓ ਕਾਨੂੰਨ ਰਾਹੀਂ ਤਹਿ ਕੀਤੇ ਜਾਂ ਪੈਕੇਜ ਉੱਤੇ ਦਰਸਾਏ ਗਏ ਤੋਂ ਵੱਧ ਵਸੂਲੀ ਗਈ ਕੀਮਤ

✓ ਸਾਮਾਨ, ਜੋ ਕਿ ਜੀਵਨ ਅਤੇ ਸੁਰੱਖਿਆ ਲਈ ਖਤਰਨਾਕ ਹੋਣ, ਜਦੋਂ ਜਨਤਕ ਵਿਕਰੀ ਲਈ ਉਪਲੱਬਧ ਕਰਵਾਉਣ ਦੇ ਦੌਰਾਨ ਇੰਝ ਦੇ ਸਾਮਾਨ ਦੀ ਵਰਤੋਂ ਦੀ ਸਮੱਗਰੀ, ਢੰਗ ਅਤੇ ਪ੍ਰਭਾਵ ਦੇ ਸਬੰਧੀ ਜਾਣਕਾਰੀ ਵਿਖਾਉਣ ਦੀ ਲੋੜੀਦੀ ਵਿਵਿਸਥਾ ਦਾ ਕਾਨੂੰਨੀ ਉਲੰਘਣਾ ਹੁੰਦਾ ਹੈ।

'ਗਾਹਕ ਵਿਵਾਦ' ਦਾ ਭਾਵ ਵਿਵਾਦ ਤੋਂ ਹੈ, ਜਿੱਥੇ ਵਿਅਕਤੀ, ਜਿਸ ਖਿਲਾਫ਼ ਸ਼ਿਕਾਇਤ ਕੀਤੀ ਗਈ ਹੈ, ਸ਼ਿਕਾਇਤ ਵਿੱਚ ਲਗਾਏ ਗਏ ਇਲਜ਼ਾਮਾਂ ਤੋਂ ਇਨਕਾਰ ਕਰਦਾ ਹੈ ਅਤੇ ਵਿਵਾਦ ਕਰਦਾ ਹੈ।

## D. ਗਾਹਕ ਵਿਵਾਦ ਨਿਪਟਾਉਣ ਏਜੰਸੀਆਂ

ਹਰ ਜ਼ਿਲੇ, ਸੂਬੇ ਅਤੇ ਕੌਮੀ ਪੱਧਰ ਤੇ ਗਾਹਕ ਵਿਵਾਦ ਨਿਪਟਾਉਣ ਏਜੰਸੀਆਂ ਤਿਆਰ ਕੀਤੀਆਂ ਜਾਂਦੀਆਂ ਹਨ।

i. ਜ਼ਿਲਾ ਗਾਹਕ ਝਗੜਾ ਨਿਪਟਾਰਾ ਕਮਿਸ਼ਨ

✓ ਜ਼ਿਲਾ ਗਾਹਕ ਝਗੜਾ ਨਿਪਟਾਰਾ ਕਮਿਸ਼ਨ (ਜ਼ਿਲ੍ਹਾ ਕਮਿਸ਼ਨ) ਸ਼ਿਕਾਇਤ ਨਿਪਟਾਉਣ ਲਈ ਨਿਆਂ ਵਿਵਸਥਾ ਹੈ, ਜਿੱਥੇ ਉਹ ਸ਼ਿਕਾਇਤਾਂ ਦਰਜ ਹੋ ਸਕਦੀਆਂ ਹਨ, ਜਿਸ ਵਿੱਚ ਸਾਮਾਨ ਜਾਂ ਸੇਵਾਵਾਂ ਦਾ ਮੁੱਲ 1 ਕਰੋੜ ਰੁਪਏ ਤੋਂ ਵੱਧ ਨਹੀਂ ਹੁੰਦਾ ਜ਼ਿਲ੍ਹਾ ਕਮਿਸ਼ਨ ਕੋਲ ਦੀਵਾਨੀ ਅਦਾਲਤ ਦੇ ਅਧਿਕਾਰ ਹੁੰਦੇ ਹਨ।

ii. ਰਾਜ ਗਾਹਕ ਝਗੜਾ ਨਿਪਟਾਰਾ ਕਮਿਸ਼ਨ

✓ ਰਾਜ ਗਾਹਕ ਵਿਵਾਦ ਨਿਪਟਾਉਣ ਕਮਿਸ਼ਨ (ਰਾਜ ਕਮਿਸ਼ਨ) ਸ਼ਿਕਾਇਤਾਂ ਨੂੰ ਸੁਣਨ ਲਈ ਨਿਆਂ ਵਿਵਸਥਾ ਹੈ, ਜਿੱਥੇ ਮੂਲ ਰੂਪ ਵਿੱਚ ਉਹ ਸ਼ਿਕਾਇਤਾਂ ਦਰਜ ਹੋ ਸਕਦੀਆਂ ਹਨ, ਜਿਸ ਵਿੱਚ ਸਾਮਾਨ/ਸੇਵਾ ਅਤੇ ਹਰਜਾਨੇ ਦਾ ਮੁੱਲ 1 ਕਰੋੜ ਤੋਂ ਵੱਧ ਹੈ, ਪਰ 10 ਕਰੋੜ ਰੁਪਏ ਤੋਂ ਵੱਧ ਨਹੀਂ ਹੈ।


- ✓ ਇਹ ਅਪੀਲ ਅਤੇ ਨਿਗਰਾਨੀ ਨਿਆਂ ਵਿਵਸਥਾ ਵੀ ਹੈ, ਜੋ ਕਿ ਜ਼ਿਲ੍ਹਾ ਕਮਿਸ਼ਨ ਦੀਆਂ ਅਪੀਲਾਂ ਸੁਣਦੀ ਹੈ।
- ✓ ਹੋਰ ਅਧਿਕਾਰ ਅਤੇ ਅਥਾਰਟੀ ਜ਼ਿਲਾ ਕਮਿਸ਼ਨ ਦੇ ਵਾਂਗ ਹੀ ਹਨ।

iii. ਕੌਮੀ ਗਾਹਕ ਝਗੜਾ ਨਿਪਟਾਰਾ ਕਮਿਸ਼ਨ

- ✓ ਕੌਮੀ ਗਾਹਕ ਝਗੜਾ ਨਿਪਟਾਰਾ ਕਮਿਸ਼ਨ (ਕੌਮੀ ਕਮਿਸ਼ਨ) ਕਨੂੰਨ ਦੇ ਅਧੀਨ ਆਖਰੀ ਅਥਾਰਟੀ ਹੈ।
- ✓ ਇਹ ਝਗੜਿਆਂ ਨੂੰ ਨਿਪਟਾਉਣ ਲਈ ਮੂਲ ਰੂਪ ਵਿੱਚ ਉਹ ਸ਼ਿਕਾਇਤਾਂ ਦਰਜ ਕਰਦੀ ਹੈ, ਜਿੱਥੇ ਕਿ ਸਾਮਾਨ/ਸੇਵਾਵਾਂ ਅਤੇ ਦਾਅਵੇ ਕੀਤੇ ਮੁਆਵਜ਼ੇ ਦੀ ਰਕਮ 10 ਕਰੋੜ ਰੁਪਏ ਤੋਂ ਵੱਧ ਹੈ।
- ✓ ਇਹ ਅਪੀਲ ਅਤੇ ਨਿਗਰਾਨੀ ਅਥਾਰਟੀ ਵੀ ਹੈ, ਜੋ ਕਿ ਰਾਜ ਕਮਿਸ਼ਨ ਵਲੋਂ ਪਾਸ ਕੀਤੇ ਹੁਕਮ ਸੰਬੰਧੀ ਅਪੀਲਾਂ ਸੁਣਦੀ ਹੈ।

ਜ਼ਿਲ੍ਹਾ ਕਮਿਸ਼ਨ, ਰਾਜ ਕਮਿਸ਼ਨ ਜਾਂ ਕੌਮੀ ਕਮਿਸ਼ਨ ਵਲੋਂ ਕੀਤੇ ਹਰ ਹੁਕਮ ਨੂੰ ਇਸ ਨੂੰ ਉਸੇ ਢੰਗ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ, ਜਿਵੇਂ ਕਿ ਆਦਲਤ ਦੇ ਸਾਹਮਣੇ ਪੇਸ਼ ਕੀਤੇ ਮੁਕਦਮੇ ਦੇ ਫ਼ੈਸਲੇ ਵਾਸਤੇ ਕੀਤਾ ਜਾਂਦਾ ਹੈ। ਕੌਮੀ ਕਮਿਸ਼ਨ ਦੇ ਹੁਕਮਾਂ ਦੇ ਵਿਰੁਧ ਅਪੀਲ ਕੇਵਲ ਸੁਪਰੀਮ ਵਿੱਚ ਹੀ ਕੀਤੀ ਜਾ ਸਕਦੀ ਹੈ।

ਚਿੱਤਰ 1 : ਗਾਹਕ ਝਗੜਾ ਨਿਪਟਾਰੇ ਲਈ ਢੰਗ



| ਰਾਜ ਕਮਿਸ਼ਨ ਦੇ ਹੁਕਮਾਂ ਦੇ ਵਿਰੁੱਧ ਅਪੀਲ ਸੁਣਦੇ ਹਨ | ਜ਼ਿਲ੍ਹਾ ਕਮਿਸ਼ਨ ਦੇ ਹੁਕਮਾਂ ਦੇ ਵਿਰੁੱਧ ਅਪੀਲ ਸੁਣਦੇ ਹਨ |
|---|---|

a) ਸ਼ਿਕਾਇਤ ਕਰਨ ਦਾ ਢੰਗ

ਉੱਤੇ ਦਿੱਤੀਆਂ ਸਭ ਏਜੰਸੀਆਂ ਵਿੱਚ ਸ਼ਿਕਾਇਤ ਦਰਜ ਕਰਵਾਉਣ ਦਾ ਢੰਗ ਬਹੁਤ ਹੀ ਸਰਲ ਹੈ। ਸ਼ਿਕਾਇਤ ਕਰਨ ਜਾਂ ਸੂਬਾ ਕਮਿਸ਼ਨ ਜਾਂ ਕੌਮੀ ਕਮਿਸ਼ਨ ਦੇ ਅੱਗੇ ਅਪੀਲ ਕਰਨ ਲਈ ਕੋਈ ਫੀਸ ਨਹੀਂ ਲੱਗਦੀ ਹੈ। ਸ਼ਿਕਾਇਤ ਸ਼ਿਕਾਇਤਕਰਤਾ ਵਲੋਂ ਖੁਦ ਜਾਂ ਉਸ ਵਲੋਂ ਅਧਿਕਾਰਿਤ ਏਜੰਟ ਰਾਹੀਂ ਦਿੱਤੀ ਜਾ ਸਕਦੀ ਹੈ। ਇਹ ਖੁਦ ਜਾ ਕੇ ਦਿੱਤੀ ਜਾ ਸਕਦੀ ਹੈ ਜਾਂ ਡਾਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸ਼ਿਕਾਇਤ ਕਰਨ ਲਈ ਕਿਸੇ ਵਕੀਲ ਦੀ ਲੋੜ ਨਹੀਂ ਹੁੰਦੀ ਹੈ।

b) ਗਾਹਕ ਕਮਿਸ਼ਨ ਦੇ ਹੁਕਮ

ਜੇ ਕਮਿਸ਼ਨ ਸੰਤੁਸ਼ਟ ਹੁੰਦਾ ਹੈ (a) ਕਿ ਮਸਲੇ ਵਿਚਲੇ ਸਮਾਨ ਵਿੱਚ ਸ਼ਿਕਾਇਤ ਕੀਤੇ ਨੁਕਸ ਹਨ ਜਾਂ (b) ਸੇਵਾਵਾਂ ਲਈ ਲਗਾਏ ਗਏ ਇਲਜ਼ਾਮ ਸਿੱਧ ਹੋ ਚੁੱਕੇ ਹਨ; ਕਮਿਸ਼ਨ ਵਿਰੋਧੀ ਧਿਰਾਂ ਨੂੰ ਹੇਠ ਦਿੱਤਿਆਂ ਵਿੱਚੋਂ ਕਿਸੇ ਲਈ ਹੁਕਮ ਦੇ ਸਕਦਾ ਹੈ:

i. ਸ਼ਿਕਾਇਤਕਰਤਾ ਨੂੰ ਕੀਮਤ ਵਾਪਿਸ ਕਰਨੀ (ਜਾਂ ਬੀਮੇ ਦੇ ਕੇਸ ਵਿੱਚ ਪ੍ਰੀਮੀਅਮ ਵਾਪਿਸ ਕਰਨਾ), ਸ਼ਿਕਾਇਤ-ਕਰਤਾ ਵਲੋਂ ਭੁਗਤਾਨ ਕੀਤੇ ਖਰਚੇ

ii. ਗਾਹਕ ਨੂੰ ਦੂਜੀ ਧਿਰ ਦੀ ਲਾਪਰਵਾਹੀ ਦੇ ਕਰਕੇ ਹੋਏ ਨੁਕਸਾਨ ਜਾਂ ਲੱਗੀ ਸੱਟ ਦੇ ਕਾਰਨ ਕਰਕੇ ਗਾਹਕਾਂ ਨੂੰ ਅਜਿਹੀ ਰਕਮ ਨੂੰ ਹਰਜਾਨੇ ਵਜੋਂ ਦੇਣਾ

iii. ਸ਼ਿਕਾਇਤ ਵਿੱਚ ਕਥਿਤ ਸੇਵਾਵਾਂ ਵਿੱਚ ਨੁਕਸ ਜਾਂ ਤੁਰੱਟੀਆਂ ਦੂਰ ਕਰਨਾ।

iv. ਅਨੁਚਿਤ ਕਾਰੋਬਾਰੀ ਵਿਹਾਰ ਜਾਂ ਪ੍ਰਬੰਧਿਤ ਕਾਰੋਬਾਰ ਪ੍ਰਥਾ ਨੂੰ ਬੰਦ ਕਰਨਾ ਜਾਂ ਉਹਨਾਂ ਨੂੰ ਦੁਹਰਾਉਣਾ ਨਹੀਂ

v. ਸ਼ਿਕਾਇਤਕਰਤਾ ਨੂੰ ਢੁਕਵੀਂ ਕੀਮਤ ਦੇਣੀ ਹੈ।

c) ਸ਼ਿਕਾਇਤਾਂ ਦੀ ਕਿਸਮ

ਬੀਮਾ ਕਾਰੋਬਾਰ ਦੇ ਸੰਬੰਧ ਵਿੱਚ ਤਿੰਨੇ ਕਮਿਸ਼ਨਾਂ ਵਿੱਚ ਦਰਜ ਗਾਹਕ ਝਗੜਿਆਂ ਦੀ ਵੱਡੀ ਗਿਣਤੀ ਦੇ ਮੁੱਖ ਵਰਗ ਹੇਠ ਲਿਖੇ ਹਨ:

i. ਦਾਅਵੇ ਦੇ ਨਿਪਟਾਰਿਆ ਵਿੱਚ ਦੇਰੀ

ii. ਦਾਅਵਿਆਂ ਦਾ ਨਿਪਟਾਰਾ ਨਾ ਹੋਣਾ

iii. ਦਾਅਵੇ ਖਾਰਜ ਕਰਨਾ

iv. ਘਾਟੇ ਦੀ ਰਾਸ਼ੀ ਜਾਂ ਮਾਤਰਾ

v. ਪਾਲਸੀ ਨਿਯਮ, ਸ਼ਰਤਾਂ ਆਦਿ।

## E. ਬੀਮਾ ਲੋਕਪਾਲ

ਕੇਂਦਰ ਸਰਕਾਰ ਨੇ ਬੀਮਾ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਐਕਟ 1999 ਰਾਹੀਂ ਮਿਲੇ ਅਧਿਕਾਰਾਂ ਅਧੀਨ 25 ਅਪਰੈਲ, 2017 ਨੂੰ ਅਧਿਕਾਰਿਤ ਗੈਜਟ ਵਿੱਚ ਪ੍ਰਕਾਸ਼ਿਤ ਨੋਟੀਫਿਕੇਸ਼ਨ ਰਾਹੀਂ ਬੀਮਾ ਲੋਕਪਾਲ ਨਿਯਮ 2017 ਬਣਾਇਆ ਹੈ।

ਬੀਮਾ ਲੋਕਪਾਲ ਸੰਬੰਧੀ ਨਿਯਮ ਬੀਮੇ ਦੀਆਂ ਸਭ ਨਿੱਜੀ ਬੀਮਾ ਵਰਗਾਂ, ਗਰੁੱਪ ਬੀਮਾ ਪਾਲਸੀਆਂ, ਸੋਲ ਪ੍ਰੋਪਰਾਈਟਰ ਅਤੇ ਲਘੂ ਉਦਯੋਗ ਲਈ ਜਾਰੀ ਕੀਤੀਆਂ ਪਾਲਸੀਆਂ ਦੀਆਂ ਸ਼ਿਕਾਇਤਾਂ ਦੇ ਸੰਬੰਧ ਵਿੱਚ ਸਭ ਬੀਮਾਕਰਤਾ ਅਤੇ ਉਹਨਾਂ ਦੇ ਏਜੰਟਾਂ ਤੇ ਵਿਚੋਲਿਆਂ ਉੱਤੇ ਲਾਗੂ ਹੁੰਦੇ ਹਨ। ['ਨਿੱਜੀ ਵਰਗਾਂ' ਦਾ ਅਰਥ ਕਾਰਪੋਰੇਟ ਸੰਗਠਨਾਂ ਨੂੰ ਵੇਚੇ ਬੀਮੇ ਦੇ ਉਲਟ ਨਿੱਜੀ ਸਮਰੱਥਾ ਮੁਤਾਬਕ ਲਏ ਬੀਮਾ ਤੋਂ ਹੈ] ਮਾਮਲੇ ਜਿੰਨਾਂ ਨਾਲ ਸੰਬੰਧਿਤ ਸ਼ਿਕਾਇਤਾਂ ਆਉਂਦੀਆਂ ਹਨ (a) IRDAI ਵਲੋਂ ਤੈਅ ਕੀਤੇ ਸਮੇਂ ਤੋਂ ਦਾਅਵੇ ਦੇ ਨਿਪਟਾਰਿਆ ਵਿੱਚ ਦੇਰੀ, (b) ਬੀਮਾਕਰਤਾ ਵਲੋਂ ਦਾਅਵੇ ਨੂੰ ਅਧੂਰਾ ਜਾਂ ਪੂਰਰਾ ਖਾਰਜ ਕਰਨਾ, (c) ਬੀਮੇ ਪਾਲਸੀ ਦੀਆਂ ਸ਼ਰਤਾਂ ਵਿੱਚ ਭੁਗਤਾਨ ਕੀਤੇ ਜਾਂ ਭੁਗਤਾਨ ਕਰਨ ਯੋਗ ਪ੍ਰੀਮੀਅਮ ਬਾਰੇ ਝਗੜੇ, (d) ਪਾਲਸੀ ਦਸਤਾਵੇਜ਼ ਜਾਂ ਪਾਲਸੀ ਇਕਰਾਰਨਾਮੇ ਵਿੱਚ ਕਿਸੇ ਵੀ ਸਮੇਂ ਪਾਲਸੀਆਂ ਸ਼ਰਤਾਂ ਤੇ ਨਿਯਮਾਂ ਵਿੱਚ ਗਲਤ ਜਾਣਕਾਰੀ, (e) ਬੀਮਾ ਪਾਲਸੀਆਂ ਦੀ ਕਨੂੰਨੀ ਸੰਰਚਨਾ, ਜੋ ਕਿ ਦਾਅਵੇ ਨੂੰ ਪ੍ਰਭਾਵਿਤ ਕਰੇ ਅਤੇ (f) ਪਾਲਸੀ ਸੇਵਾਵਾਂ ਅਤੇ ਬੀਮਾ ਕਰਤਾ ਤੇ ਉਹਨਾਂ ਦੇ ਏਜੰਟਾਂ ਤੇ ਵਿਚੋਲਿਆਂ ਦੇ ਵਿਰੁਧ ਸੰਬੰਧਿਤ ਸ਼ਿਕਾਇਤਾਂ

a) ਜੀਵਨ ਬੀਮਾ ਪਾਲਸੀ, ਸਿਹਤ ਬੀਮਾ ਪਾਲਸੀ ਸਮੇਤ ਜਰਨਲ ਬੀਮਾ ਪਾਲਸੀ ਜਾਰੀ ਕਰਨੀ, ਜੋ ਕਿ ਪੇਸ਼ਕਰਤਾ ਵਲੋਂ ਦਿੱਤੇ ਪੇਸ਼ਕਸ਼ ਫਾਰਮ ਨਾਲ ਮੇਲ ਨਹੀਂ ਖਾਂਦੀ ਹੈ।

b) ਜੀਵਨ ਬੀਮਾ ਅਤੇ ਸਿਹਤ ਬੀਮੇ ਸਮੇਤ ਜਨਰਲ ਬੀਮੇ ਵਿੱਚ ਪ੍ਰੀਮੀਅਮ ਮਿਲਣ ਦੇ ਬਾਅਦ ਬੀਮਾ ਪਾਲਸੀ ਜਾਰੀ ਨਾ ਕਰਨੀ ਅਤੇ

c) ਬੀਮਾ ਐਕਟ, 1938 ਦੇ ਵਿਧਾਨਾਂ ਜਾਂ IRDAI ਵਲੋਂ ਸਮੇਂ ਸਮੇਂ ਉੱਤੇ ਜਾਰੀ ਕੀਤੇ ਰੈਗੂਲੇਸ਼ਨਾਂ, ਸਰਕੂਲਰ, ਸੇਧਾਂ ਜਾਂ ਹਦਾਇਤਾਂ ਜਾਂ ਪਾਲਸੀ ਇਕਰਾਰਨਾਮੇ ਦੇ ਨਿਯਮਾਂ ਤੇ ਸ਼ਰਤਾਂ ਦੀ ਉਲੰਘਣ ਤੋਂ ਪੈਦਾ ਹੋਇਆ ਕੋਈ ਵੀ ਹੋਰ ਮਸਲਾ, ਜਦੋਂ ਤੱਕ ਉਹ ਉੱਤੇ ਦਿੱਤੇ ਧਾਰਾ (a) ਤੋਂ (f) ਨਾਲ ਸੰਬੰਧ ਹੋਣ

ਇਹਨਾਂ ਨਿਯਮਾਂ ਦਾ ਮਕਸਦ ਉੱਤੇ ਦਿੱਤੀਆਂ ਸ਼ਿਕਾਇਤਾਂ ਦੀਆਂ ਕਿਸਮਾਂ ਨੂੰ ਘੱਟੋ-ਘੱਟ ਕੀਮਤ ਵਿੱਚ ਤੇ ਨਿਰਪੱਖ ਢੰਗ ਨਾਲ ਹੱਲ ਕਰਨਾ ਹੈ।

ਲੋਕਪਾਲ, ਬੀਮਤ ਅਤੇ ਬੀਮਾਕਰਤਾ ਦੀ ਆਪਸੀ ਸਹਿਮਤੀ ਨਾਲ, ਦਰਸਾਈਆਂ ਗਈਆਂ ਸ਼ਰਤਾਂ ਦੇ ਤਹਿਤ ਵਿਚੋਲੇ ਅਤੇ ਸਲਾਹਕਾਰ ਵਜੋਂ ਕੰਮ ਕਰ ਸਕਦਾ ਹੈ।

ਲੋਕਪਾਲ ਦਾ ਫੈਸਲਾ, ਸ਼ਿਕਾਇਤ ਨੂੰ ਭਾਵੇਂ ਮੰਨਿਆ ਜਾਵੇ ਜਾਂ ਰੱਦ ਕੀਤਾ ਜਾਵੇ, ਅੰਤਿਮ ਹੁੰਦਾ ਹੈ।

a) ਲੋਕਪਾਲ ਨੂੰ ਸ਼ਿਕਾਇਤ

ਲੋਕਪਾਲ ਨੂੰ ਕੀਤੀ ਕੋਈ ਵੀ ਸ਼ਿਕਾਇਤ ਲਿਖਤੀ ਰੂਪ ਵਿੱਚ ਅਤੇ ਬੀਮਤ ਜਾਂ ਉਸ ਦੇ ਕਨੂੰਨੀ ਵਾਰਿਸਾਂ, ਨਾਮਜ਼ਦ ਜਾਂ ਸਪੁਰਦਦਾਰ ਵਲੋਂ ਕੀਤੀ ਹੋਣੀ ਚਾਹੀਦੀ ਹੈ ਅਤੇ ਬੀਮਾਕਰਤਾ ਦੀ ਬਰਾਂਚ/ਦਫ਼ਤਰ ਜਿਸ ਖੇਤਰ ਵਿੱਚ ਹੋਵੇ, ਉਸ ਖੇਤਰ ਵਿਚਲੇ ਲੋਕਪਾਲ ਨੂੰ ਸੰਬੋਧਿਤ ਹੋਣੀ ਚਾਹੀਦੀ ਹੈ। ਇਹ ਵਿੱਚ ਦਿੱਤੀ ਸ਼ਿਕਾਇਤ ਲਈ ਤੱਥ, ਸਹਾਇਕ ਦਸਤਾਵੇਜ਼, ਸ਼ਿਕਾਇਤਕਰਤਾ ਨੂੰ ਹੋਏ ਘਾਟੇ ਦੀ ਕਿਸਮ ਤੇ ਮਾਤਰਾ ਅਤੇ ਮੰਗ ਕੀਤੀ ਰਾਹਤ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ।

ਸ਼ਿਕਾਇਤਾਂ ਲੋਕਪਾਲ ਨੂੰ ਕੀਤੀਆਂ ਜਾ ਸਕਦੀਆਂ ਹਨ, ਜੇ:

i. ਸ਼ਿਕਾਇਤਕਰਤਾ ਪਹਿਲਾਂ ਲਿਖਤੀ ਰੂਪ ਵਿੱਚ ਸ਼ਿਕਾਇਤ ਬੀਮਾ ਕੰਪਨੀ ਨੂੰ ਲਿਖਤੀ ਰੂਪ ਵਿੱਚ ਕਰ ਚੁੱਕਾ ਸੀ ਅਤੇ :
   - ✓ ਬੀਮਾਕਰਤਾ ਨੇ ਸ਼ਿਕਾਇਤ ਨੂੰ ਰੱਦ ਕਰ ਦਿੱਤਾ ਹੈ ਜਾਂ
   - ✓ ਬੀਮਾਕਰਤਾ ਵਲੋਂ ਸ਼ਿਕਾਇਤ ਦੀ ਰਸੀਦ ਦੇਣ ਦੇ ਇੱਕ ਮਹੀਨੇ ਦੇ ਅੰਦਰ ਸ਼ਿਕਾਇਤ ਦਾ ਕੋਈ ਜਵਾਬ ਨਹੀਂ ਆਇਆ ਹੈ।

ii. ਸ਼ਿਕਾਇਤਕਰਤਾ ਬੀਮਾਕਰਤਾ ਵਲੋਂ ਦਿੱਤੇ ਜਵਾਬ ਨਾਲ ਸੰਤੁਸ਼ਟ ਨਹੀਂ ਹੈ

iii. ਸ਼ਿਕਾਇਤ ਬੀਮਾ ਕੰਪਨੀ ਵਲੋਂ ਰੱਦ ਕਰਨ ਦੇ ਇੱਕ ਸਾਲ ਵਿੱਚ ਕੀਤੀ ਗਈ ਹੈ

iv. ਸ਼ਿਕਾਇਤ ਕਿਸੇ ਅਦਾਲਤ ਜਾਂ ਗਾਹਕ ਕਮਿਸ਼ਨ ਜਾਂ ਸਾਲਸੀ (ਵਿਚੋਲਪੁਣੇ) ਵਿੱਚ ਲੰਬਿਤ ਨਹੀਂ ਪਈ ਹੈ।

v. ਦਾਅਵਾ ਕੀਤਾ ਹਰਜਾਨਾ ਖਰਚਿਆਂ ਸਮੇਤ 30 ਲੱਖ ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ ਹੈ।

b) ਲੋਕਪਾਲ ਵਲੋਂ ਸਿਫਾਰਸ਼ਾਂ

ਲੋਕਪਾਲ ਸ਼ਿਕਾਇਤ ਦੀਆਂ ਨਕਲਾਂ ਸ਼ਿਕਾਇਤ ਕਰਤਾ ਅਤੇ ਬੀਮਾ ਕੰਪਨੀ ਦੋਵਾਂ ਨੂੰ ਭੇਜੇਗਾ। ਲੋਕਪਾਲ ਸ਼ਿਕਾਇਤ ਮਿਲਣ ਦੇ ਇੱਕ ਮਹੀਨੇ ਦੇ ਵਿੱਚ ਵਿੱਚ ਆਪਣੀਆਂ ਸਿਫਾਰਸ਼ਾਂ ਕਰੇਗਾ।

c) ਹਰਜਾਨਾ

ਝਗੜੇ ਨੂੰ ਵਿਚੋਲਗਰੀ ਨਾਲ ਹੱਲ ਕੀਤੀ ਜਾ ਸਕਦਾ ਹੈ। ਜੇ ਇਹ ਸੰਭਵ ਨਾ ਹੋਵੇ ਤਾਂ ਲੋਕਪਾਲ ਸ਼ਿਕਾਇਤਾਕਰਤਾ ਵਲੋਂ ਸਾਰੀਆਂ ਲੋੜਾਂ ਪੂਰੀਆਂ ਕਰਨ ਤੋਂ 3 ਮਹੀਨਿਆਂ ਵਿੱਚ ਹਰਜਾਨੇ ਦੇ ਹੁਕਮ ਜਾਰੀ ਕਰ ਦੇਵੇਗਾ ਜੇ ਉਹ ਉਚਿਤ ਸਮਝਦਾ ਹੈ ਅਤੇ ਇਸ ਫੈਸਲੇ ਦੀ ਕਾਪੀ ਸ਼ਿਕਾਇਤਕਰਤਾ ਤੇ ਬੀਮਾਕਰਤਾ ਨੂੰ ਭੇਜ ਦੇਵੇਗਾ।

ਬੀਮਾਕਰਤਾ ਨੂੰ ਫੈਸਲਾ ਪ੍ਰਾਪਤ ਕਰਨ ਦੇ 30 ਦਿਨਾਂ ਦੇ ਅੰਦਰ ਅੰਦਰ ਇਸ ਦੀ ਪਾਲਣਾ ਕਰਨੀ ਪਵੇਗੀ ਹੈ ਅਤੇ ਇਸ ਬਾਰੇ ਲੋਕਪਾਲ ਨੂੰ ਸੂਚਨਾ ਦੇਣੀ ਹੁੰਦੀ ਹੈ। ਲੋਕਪਾਲ ਦਾ ਫੈਸਲਾ ਬੀਮਾਕਰਤਾ ਲਈ ਕਾਨੂੰਨੀ ਬੰਧਨ ਹੁੰਦਾ ਹੈ।

## F. ਜਾਣਕਾਰੀ ਦਾ ਹੱਕ

ਨਿਯਮ ਤੇ ਵਿਧਾਨਾਂ, ਜੋ ਕਿ ਬੀਮੇ ਵਿੱਚ ਸ਼ਿਕਾਇਤ ਨਿਪਟਾਰੇ ਲਈ ਖਾਸ ਹਨ, ਤੋਂ ਇਲਾਵਾ ਦੇਸ਼ ਵਿੱਚ ਹਰ ਕਿਸੇ ਲਈ ਕੁਝ ਆਮ ਕਨੂੰਨ ਵੀ ਹਨ। ਭਾਰਤ ਸਰਕਾਰ ਵਲੋਂ ਲਿਆਂਦਾ ਜਾਣਕਾਰੀ ਦਾ ਹੱਕ (RTI) ਕਨੂੰਨ 2005 ਬਹੁਤ ਮਹੱਤਵਪੂਰਨ ਹੈ ਜੋ ਕਿ ਭਾਰਤ ਦੇ ਨਾਗਰਿਕਾਂ ਨੂੰ ਜਨਤਕ ਅਥਾਰਟੀ ਕੋਲ ਮੌਜੂਦ ਜਾਣਕਾਰੀ ਲਈ ਪਹੁੰਚ ਦਿੰਦਾ ਹੈ, ਜੋ ਕਿ ਇਹਨਾਂ ਸੰਸਥਾਵਾਂ ਵਿੱਚ ਪਾਰਦਰਸ਼ਤਾ ਤੇ ਜਵਾਬਦੇਹੀ ਤੈਅ ਕਰਦਾ ਹੈ। ਕਨੂੰਨ ਜਾਣਕਾਰੀ ਦੀਆਂ ਬੇਨਤੀਆਂ ਨਾਲ ਨਿਪਟਣ ਲਈ ਮੁੱਖ ਪਬਲਿਕ ਜਾਣਕਾਰੀ ਅਧਿਕਾਰੀ (CPIO) ਦੀ ਨਿਯੁਕਤੀ ਕਰਦਾ ਹੈ। IRDAI ਦਿੱਤੇ ਕਨੂੰਨ ਦੇ ਵਿਧਾਨਾਂ ਦੇ ਮੁਤਾਬਕ ਲੋਕਾਂ ਨੂੰ ਜਾਣਕਾਰੀ ਦੇਣ ਲਈ ਪਾਬੰਦ ਹੈ। ਏਜੰਟਾਂ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ RTI ਐਕਟ ਦੇ ਤਹਿਤ, IRDAI ਅਤੇ ਬੀਮਾ ਕੰਪਨੀਆਂ ਨੂੰ ਗਾਹਕਾਂ ਨੂੰ ਨਿਸ਼ਚਿਤ ਜਾਣਕਾਰੀ ਦੇਣੀ ਪੈ ਸਕਦੀ ਹੈ, ਇਸ ਦੇ ਨਾਲ ਹੀ ਉਹਨਾਂ ਨੂੰ ਕੰਮ, ਦਸਤਾਵੇਜ਼, ਰਿਕਾਰਡ, ਦਸਤਾਵੇਜ਼/ਰਿਕਾਰਡਾਂ ਕੱਢ ਕੇ ਦੇਣ ਜਾਂ ਉਹਨਾਂ ਦੀਆਂ ਤਸਦੀਕ ਕੀਤੀਆਂ ਕਾਪੀਆਂ ਅਤੇ ਇਲੈਕਟ੍ਰੋਨਿਕ ਰੂਪ ਵਿੱਚ ਸੰਭਾਲੀ ਜਾਣਕਾਰੀ ਵੀ ਦੇਣ ਦੀ ਇਜਾਜ਼ਤ ਵੀ ਦੇਣੀ ਪੈ ਸਕਦੀ ਹੈ। ਪਰ ਜਾਣਕਾਰੀ ਦੀਆਂ ਕੁਝ ਕਿਸਮਾਂ ਨੂੰ ਖੁਲਾਸੇ ਤੋਂ ਛੋਟ ਮਿਲੀ ਹੋਈ ਹੈ।

## ਆਪਣੇ ਆਪ ਨੂੰ ਟੈਸਟ ਕਰੋ 1

___________ ਸ਼ਿਕਾਇਤਾਂ ਨੂੰ ਸੁਣਨ ਲਈ ਕਨੂੰਨੀ ਪ੍ਰਬੰਧ ਹੈ, ਜਦੋਂ ਸਾਮਾਨ, ਸੇਵਾਵਾਂ ਅਤੇ ਮੁਆਵਜ਼ਾ ਦਾਅਵਿਆਂ ਦਾ ਮੁੱਲ 20 ਲੱਖ ਰੁਪਏ ਤੱਕ ਹੈ।

I. ਜ਼ਿਲ੍ਹਾ ਕਮਿਸ਼ਨ

II. ਸੂਬਾ ਕਮਿਸ਼ਨ

III. ਜ਼ਿਲ੍ਹਾ ਪਰੀਸ਼ਦ

IV. ਕੌਮੀ ਕਮਿਸ਼ਨ

---

## ਸਾਰ

- ਆਈਆਰਡੀਏ (IRDAI) ਨੇ ਸਾਂਝਾ ਸ਼ਿਕਾਇਤ ਪ੍ਰਬੰਧ ਸਿਸਟਮ (ਆਈਜੀਐਮਐਸ (IGMS)) ਚਾਲੂ ਕੀਤਾ ਹੈ, ਜੋ ਕਿ ਬੀਮਾ ਸ਼ਿਕਾਇਤ ਡਾਟੇ ਦੇ ਕੇਂਦਰੀ ਭੰਡਾਰ ਅਤੇ ਉਦਯੋਗ ਵਿੱਚ ਸ਼ਿਕਾਇਤ ਨਿਪਟਾਰੇ ਦੀ ਨਿਗਰਾਨੀ ਲਈ ਸਾਧਨ ਵਜੋਂ ਕੰਮ ਕਰਦਾ ਹੈ।

- **ਹਰ ਜ਼ਿਲੇ ਅਤੇ ਸੂਬੇ ਅਤੇ ਕੌਮੀ ਪੱਧਰ ਉੱਤੇ ਗਾਹਕ ਵਿਵਾਦ ਨਿਪਟਾਉਣ ਏਜੰਸੀਆਂ ਸਥਾਪਿਤ ਕੀਤੀਆਂ ਗਈਆਂ ਹਨ।**
- **ਜਿੱਥੇ ਤੱਕ ਬੀਮਾ ਕਾਰੋਬਾਰ ਦਾ ਸੰਬੰਧ ਹੈ, ਗਾਹਕ ਝਗੜਿਆਂ ਦੀ ਵੱਡੀ ਗਿਣਤੀ ਦਾਅਵੇ ਨਿਪਟਾਉਣ ਵਿੱਚ ਦੇਰੀ, ਦਾਅਵਿਆਂ ਨੂੰ ਨਾ-ਨਿਪਟਾਉਣਾ, ਦਾਅਵਿਆਂ ਨੂੰ ਖ਼ਾਰਜ ਕਰਨਾ, ਘਾਟਾ ਦੀ ਰਾਸ਼ੀ ਤੇ ਪਾਲਸੀਆਂ ਦੇ ਨਿਯਮ, ਸ਼ਰਤਾਂ ਆਦਿ ਦੀ ਹੁੰਦੀ ਹੈ।**
- **ਲੋਕਪਾਲ, ਬੀਮਤ ਅਤੇ ਬੀਮਾਕਰਤਾ ਦੀ ਆਪਸੀ ਸਹਿਮਤੀ ਨਾਲ, ਸੰਦਰਭ ਦੀਆਂ ਸ਼ਰਤਾਂ ਦੇ ਤਹਿਤ ਵਿਚੋਲੇ ਅਤੇ ਸਲਾਹਕਾਰ ਵਜੋਂ ਕੰਮ ਕਰ ਸਕਦਾ ਹੈ।**
- **ਜੇ ਵਿਵਾਦ ਵਿਚੋਲਗੀ ਨਾਲ ਹੱਲ ਨਹੀਂ ਹੁੰਦਾ ਹੈ ਤਾਂ ਲੋਕਪਾਲ ਬੀਮਤ ਨੂੰ ਮੁਆਵਜ਼ੇ ਦਾ ਫੈਸਲਾ ਦਿੰਦਾ ਹੈ, ਜੋ ਕਿ ਉਸ ਨੂੰ ਜਾਪਦਾ ਹੈ ਠੀਕ ਹੈ ਅਤੇ ਇਹ ਬੀਮਤ ਨੂੰ ਪਏ ਘਾਟੇ ਨੂੰ ਪੂਰਾ ਕਰਨ ਲਈ ਲੋੜੀਂਦੇ ਤੋਂ ਵੱਧ ਨਹੀਂ ਹੈ।**

## ਮੁੱਖ ਸ਼ਬਦ

1. **ਸਾਂਝਾ ਸ਼ਿਕਾਇਤ ਪ੍ਰਬੰਧ ਸਿਸਟਮ (ਆਈਜੀਐਮਐਸ)**
2. **ਗਾਹਕ ਸੁਰੱਖਿਆ ਐਕਟ, 2019**
3. **ਜ਼ਿਲ੍ਹਾ ਕਮਿਸ਼ਨ**
4. **ਸੂਬਾ ਕਮਿਸ਼ਨ**
5. **ਕੌਮੀ ਕਮਿਸ਼ਨ**
6. **ਬੀਮਾ ਲੋਕਪਾਲ**

## ਸਵੈ ਜਾਂਚ ਦੇ ਜਵਾਬ

**ਜਵਾਬ 1 - ਸਹੀ ਜਵਾਬ I ਹੈ।**

# ਪਾਠ C-10

## ਬੀਮਾ ਮਾਰਕੀਟਿੰਗ ਫਰਮ ਲਈ ਰੈਗੂਲੇਟਰੀ ਪਹਿਲੂ

**ਪਾਠ ਦੀ ਜਾਣ-ਪਛਾਣ**

**ਇਸ ਪਾਠ ਵਿੱਚ, ਅਸੀਂ ਬੀਮਾ ਮਾਰਕੀਟਿੰਗ ਫਰਮ ਦੇ ਰੈਗੂਲੇਟਰੀ ਪਹਿਲੂਆਂ 'ਤੇ ਚਰਚਾ ਕਰਾਂਗੇ**

**ਸਿੱਖਣ ਦੇ ਨਤੀਜੇ**

**_A._ ਬੀਮਾ ਮਾਰਕੀਟਿੰਗ ਫਰਮ ਦੇ ਨਿਯਮ**

## A. ਬੀਮਾ ਮਾਰਕੀਟਿੰਗ ਫਰਮ

**ਬੀਮਾ ਮਾਰਕੀਟਿੰਗ ਫਰਮ ਦੇ ਨਿਯਮਾਂ ਦੀ ਰਜਿਸਟ੍ਰੇਸ਼ਨ 21 ਜਨਵਰੀ 2015 ਤੋਂ ਲਾਗੂ ਹੋਈ ਹੈ।**

**ਹੇਠ ਲਿਖੀਆਂ ਪਰਿਭਾਸ਼ਾਵਾਂ ਇਸ ਨਾਲ ਸੰਬੰਧਿਤ ਹਨ:**

1. **ਪਰਿਭਾਸ਼ਾਵਾਂ:**
   i) **"ਐਕਟ" ਦਾ ਅਰਥ ਹੈ ਬੀਮਾ ਐਕਟ**, 1938 (1938 **ਦਾ** 4), **ਜਿਨ੍ਹਾਂ ਕਿ ਸਮੇਂ-ਸਮੇਂ 'ਤੇ ਸੋਧਿਆ ਜਾਂਦਾ ਹੈ।**
   ii) **"ਬਿਨੈਕਾਰ" ਦਾ ਮਤਲਬ ਹੈ**
      a. **ਕੰਪਨੀ ਐਕਟ**, 2013 (2013 **ਦਾ** 18) **ਜਾਂ ਇਸ ਦੇ ਕਿਸੇ ਐਕਟ ਜਾਂ ਕਿਸੇ ਪਿਛਲੇ ਲਾਗੂ ਕੰਪਨੀ ਕਾਨੂੰਨ ਦੇ ਅਧੀਨ ਬਣਾਈ ਗਈ ਕੰਪਨੀ; ਜਾਂ**
      b. **ਸੀਮਤ ਦੇਣਦਾਰੀ ਭਾਈਵਾਲੀ ਐਕਟ**, 2008 **ਦੇ ਤਹਿਤ ਬਣਾਈ ਗਈ ਅਤੇ ਰਜਿਸਟਰ ਕੀਤੀ ਗਈ ਸੀਮਤ ਦੇਣਦਾਰੀ ਭਾਈਵਾਲੀ; ਜਾਂ**
      c. **ਸਹਿਕਾਰੀ ਸਭਾਵਾਂ ਐਕਟ**, 1912 **ਜਾਂ ਸਹਿਕਾਰੀ ਸਭਾਵਾਂ ਦੀ ਰਜਿਸਟ੍ਰੇਸ਼ਨ ਲਈ ਕਿਸੇ ਕਾਨੂੰਨ ਅਧੀਨ ਰਜਿਸਟਰਡ ਸਹਿਕਾਰੀ ਸਭਾਵਾਂ; ਜਾਂ**
      d. **ਕੋਈ ਹੋਰ ਵਿਅਕਤੀ ਜਿਸਨੂੰ ਅਥਾਰਟੀ ਦੁਆਰਾ ਇੱਕ ਬੀਮਾ ਮਾਰਕੀਟਿੰਗ ਫਰਮ ਵਜੋਂ ਕੰਮ ਕਰਨ ਲਈ ਮਾਨਤਾ ਦਿੱਤੀ ਜਾ ਸਕਦੀ ਹੈ।**
   iii) **"ਪ੍ਰਵਾਨਿਤ ਸੰਸਥਾ" ਦਾ ਅਰਥ ਹੈ ਸਿੱਖਿਆ ਅਤੇ/ਜਾਂ ਸਿਖਲਾਈ ਵਿੱਚ ਰੁੱਝੀ ਸੰਸਥਾ ਜੋ ਖਾਸ ਤੌਰ 'ਤੇ ਬੀਮਾ ਵਿਕਰੀ, ਸੇਵਾ ਅਤੇ ਮਾਰਕੀਟਿੰਗ ਦੇ ਖੇਤਰ ਵਿੱਚ, ਅਥਾਰਟੀ ਦੁਆਰਾ ਸਮੇਂ-ਸਮੇਂ 'ਤੇ ਪ੍ਰਵਾਨਿਤ ਅਤੇ ਅਧਿਸੂਚਿਤ ਕੀਤੀ ਜਾਂਦੀ**
   iii-a) **"ਅਭਿਲਾਸ਼ੀ ਜ਼ਿਲ੍ਹਾ" ਦਾ ਅਰਥ ਹੈ ਨੀਤੀ ਆਯੋਗ, ਭਾਰਤ ਸਰਕਾਰ ਦੁਆਰਾ ਮਨੋਨੀਤ ਕੀਤਾ ਗਿਆ ਜ਼ਿਲ੍ਹਾ, ਜਾਂ ਕੋਈ ਹੋਰ ਆਰਥਿਕ ਤੌਰ 'ਤੇ ਪਿਛੜੇ ਜ਼ਿਲ੍ਹੇ, ਜਿਨ੍ਹਾਂ ਕਿ ਅਥਾਰਟੀ ਦੁਆਰਾ ਮਾਨਤਾ ਪ੍ਰਾਪਤ ਹੋਵੇ।**
   iv) **"ਅਥਾਰਟੀ" ਦਾ ਅਰਥ ਹੈ ਬੀਮਾ ਰੈਗੂਲੇਟਰੀ ਅਤੇ ਵਿਕਾਸ ਅਥਾਰਟੀ ਐਕਟ**, 1999 (1999 **ਦਾ** 41) **ਦੇ ਸੈਕਸ਼ਨ** 3 **ਦੇ ਉਪਬੰਧਾਂ ਦੇ ਅਧੀਨ ਸਥਾਪਤ ਭਾਰਤੀ ਬੀਮਾ ਰੈਗੂਲੇਟਰੀ ਅਤੇ ਵਿਕਾਸ ਅਥਾਰਟੀ।**
   v) v) **ਇਹਨਾਂ ਨਿਯਮਾਂ ਦੇ ਉਦੇਸ਼ ਲਈ "ਪ੍ਰੀਖਿਆ ਸੰਸਥਾ" ਪ੍ਰਮਾਣੀਕਰਣ ਪ੍ਰੀਖਿਆਵਾਂ ਕਰਵਾਉਣ ਲਈ ਅਥਾਰਟੀ ਦੁਆਰਾ ਪ੍ਰਵਾਨਿਤ ਪ੍ਰੀਖਿਆ ਸੰਸਥਾ ਹੈ।**
   vi) **"ਵਿੱਤੀ ਸੇਵਾ ਕਾਰਜਕਾਰੀ"** (FSE) **ਇੱਕ ਵਿਅਕਤੀ ਹੈ ਜੋ ਬੀਮਾ ਮਾਰਕੀਟਿੰਗ ਫਰਮ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ ਅਤੇ ਅਥਾਰਟੀ ਤੋਂ ਇਲਾਵਾ, ਰੈਗੂਲੇਟਰ ਦੁਆਰਾ ਨਿਰਦਿਸ਼ਟ ਉਤਪਾਦਾਂ ਦੀ ਮਾਰਕੀਟ ਕਰਨ ਲਈ ਸੰਬੰਧਿਤ ਵਿੱਤੀ ਰੈਗੂਲੇਟਰਾਂ ਦੁਆਰਾ ਜਾਰੀ ਕੀਤਾ ਇੱਕ ਵੈਧ ਲਾਇਸੰਸ ਰੱਖਦਾ ਹੈ।**

vii) "ਫਿੱਟ ਅਤੇ ਸਹੀ" ਇੱਕ ਬਿਨੈਕਾਰ ਨੂੰ ਲਾਇਸੈਂਸ ਦੇਣ ਲਈ ਉਸ ਦੇ ਪ੍ਰਮੁੱਖ ਅਧਿਕਾਰੀ, ਡਾਇਰੈਕਟਰਾਂ ਜਾਂ ਭਾਈਵਾਲਾਂ ਸਮੇਤ ਬੀਮਾ ਮਾਰਕੀਟਿੰਗ ਫਰਮ ਵਜੋਂ ਕੰਮ ਕਰਨ ਲਈ ਅਨੁਕੂਲਤਾ ਨਿਰਧਾਰਤ ਕਰਨ ਲਈ ਮਾਪਦੰਡ ਹੈ।

viii) "ਬੀਮਾ ਮਾਰਕੀਟਿੰਗ ਫਰਮ" ਅਥਾਰਟੀ ਦੁਆਰਾ ਰਜਿਸਟਰਡ ਇਕਾਈ ਹੈ ਜੋ ਰੈਗੂਲੇਟਰ ਦੁਆਰਾ ਦਰਸਾਏ ਗਏ ਬੀਮਾ ਉਤਪਾਦਾਂ ਨੂੰ ਮੰਗਣ ਜਾਂ ਖਰੀਦਣ ਲਈ, ਰੈਗੂਲੇਟਰ ਦੁਆਰਾ ਨਿਰਧਾਰਿਤ ਬੀਮਾ ਸੇਵਾ ਗਤੀਵਿਧੀਆਂ ਨੂੰ ਸ਼ੁਰੂ ਕਰਨ ਲਈ ਅਤੇ ਅਜਿਹੇ ਹੋਰ ਵਿੱਤੀ ਉਤਪਾਦਾਂ ਦੀ ਮਾਰਕੀਟ, ਰੈਗੂਲੇਟਰ ਦੁਆਰਾ ਦਰਸਾਏ ਗਏ ਹੋਰ ਵਿੱਤੀ ਉਤਪਾਦਾਂ ਨੂੰ ਵੰਡਣ ਅਤੇ ਸੇਵਾ ਕਰਨ ਲਈ ਵਿਅਕਤੀਆਂ ਨੂੰ ਲਾਇਸੰਸ ਅਤੇ ਰੁਜ਼ਗਾਰ ਦਿੰਦੀ ਹੈ। ।

ix) "ਬੀਮਾ ਸੇਲਜ਼ ਪਰਸਨ" (ISP) ਇੱਕ ਵਿਅਕਤੀ ਹੈ ਜੋ ਬੀਮਾ ਉਤਪਾਦਾਂ ਦੀ ਮੰਗ ਕਰਨ ਜਾਂ ਖਰੀਦਣ ਲਈ ਬੀਮਾ ਮਾਰਕੀਟਿੰਗ ਫਰਮ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ।

x) "ਬੀਮਾ ਸੇਵਾ ਗਤੀਵਿਧੀ" ਦਾ ਅਰਥ ਹੈ ਹੇਠਾਂ ਦਿੱਤੇ ਨਿਯਮ ਵਿੱਚ ਦਰਸਾਏ ਗਈ ਗਤੀਵਿਧੀਆਂ

xi) ਬੀਮਾ ਮਾਰਕੀਟਿੰਗ ਫਰਮ ਦੇ "ਪ੍ਰਧਾਨ ਅਧਿਕਾਰੀ" ਦਾ ਮਤਲਬ ਹੈ ਇੱਕ ਨਿਰਦੇਸ਼ਕ ਜਾਂ ਸਹਿਭਾਗੀ ਜਾਂ ਕੋਈ ਅਧਿਕਾਰੀ ਜਾਂ ਕਰਮਚਾਰੀ ਜੋ ਇਸ ਦੁਆਰਾ ਮਨੋਨੀਤ ਕੀਤਾ ਗਿਆ ਹੈ, ਅਤੇ ਅਥਾਰਟੀ ਦੁਆਰਾ ਬੀਮਾ ਮਾਰਕੀਟਿੰਗ ਫਰਮ ਦੀਆਂ ਗਤੀਵਿਧੀਆਂ ਦੀ ਵਿਸ਼ੇਸ਼ ਤੌਰ 'ਤੇ ਨਿਗਰਾਨੀ ਕਰਨ ਲਈ ਪ੍ਰਵਾਨਿਤ ਹੈ ਅਤੇ ਜਿਸ ਕੋਲ ਲੋੜੀਂਦੀਆਂ ਯੋਗਤਾਵਾਂ ਅਤੇ ਪ੍ਰੈਕਟੀਕਲ ਸਿਖਲਾਈ ਹੈ ਅਤੇ ਜਿਸਨੇ ਇਹਨਾਂ ਨਿਯਮਾਂ ਦੇ ਅਧੀਨ ਲੋੜ ਅਨੁਸਾਰ ਪ੍ਰੀਖਿਆ ਪਾਸ ਕੀਤੀ ਹੈ।

xii) "ਨਿਯਮ" ਦਾ ਅਰਥ ਹੈ ਭਾਰਤੀ ਬੀਮਾ ਰੈਗੂਲੇਟਰੀ ਅਤੇ ਵਿਕਾਸ ਅਥਾਰਟੀ (ਬੀਮਾ ਮਾਰਕੀਟਿੰਗ ਫਰਮ ਦੀ ਰਜਿਸਟ੍ਰੇਸ਼ਨ) ਨਿਯਮ, 2015

**2. ਇਹਨਾਂ ਨਿਯਮਾਂ ਦਾ ਘੇਰਾ ਅਤੇ ਲਾਗੂਕਰਨ:**

**ਇਹ ਨਿਯਮ ਕਵਰ ਕਰਨਗੇ**

a. (i) **ਬੀਮਾਕਰਤਾਵਾਂ ਨਾਲ ਟਾਈ-ਅੱਪ:**

ਬੀਮਾ ਮਾਰਕੀਟਿੰਗ ਫਰਮਾਂ (IMF) ਕਿਸੇ ਵੀ ਸਮੇਂ ਵੱਧ ਤੋਂ ਵੱਧ ਦੋ ਜੀਵਨ ਬੀਮਾਕਰਤਾਵਾਂ, ਦੋ ਜਨਰਲ ਬੀਮਾਕਰਤਾਵਾਂ ਅਤੇ ਦੋ ਸਿਹਤ ਬੀਮਾਕਰਤਾਵਾਂ ਦੇ ਬੀਮਾ ਉਤਪਾਦਾਂ ਨੂੰ ਮੰਗਣ ਅਤੇ ਖਰੀਦਣ ਦੇ ਉਦੇਸ਼ ਲਈ ਬੀਮਾ ਵਿਕਰੀ ਵਿਅਕਤੀਆਂ (ISP) ਨੂੰ ਅਥਾਰਟੀ ਨੂੰ ਸੂਚਿਤ ਕਰਨ ਦੇ ਅਧੀਨ ਸ਼ਾਮਲ ਕਰੇਗੀ।

ਬਸ਼ਰਤੇ ਕਿ ਦੋ ਆਮ ਬੀਮਾਕਰਤਾਵਾਂ ਤੋਂ ਇਲਾਵਾ, ਬੀਮਾ ਮਾਰਕੀਟਿੰਗ ਫਰਮ ਕੋਲ ਐਗਰੀਕਲਚਰ ਇੰਸ਼ੋਰੈਂਸ ਕੰਪਨੀ ਆਫ਼ ਇੰਡੀਆ ਲਿਮਟਿਡ (ECGC) ਅਤੇ ਐਕਸਪੋਰਟ ਕ੍ਰੈਡਿਟ ਗਾਰੰਟੀ ਕਾਰਪੋਰੇਸ਼ਨ ਲਿਮਿਟੇਡ (AIC) ਨਾਲ ਜੁੜਨ ਦਾ ਵਿਕਲਪ ਹੋਵੇਗਾ।

**ਅੱਗੇ ਬਸ਼ਰਤੇ ਕਿ ਬੀਮਾਕਰਤਾਵਾਂ ਦੇ ਨਾਲ ਰੁਝੇਵਿਆਂ ਵਿੱਚ ਕੋਈ ਵੀ ਤਬਦੀਲੀ ਬੀਮਾ ਮਾਰਕੀਟਿੰਗ ਫਰਮ ਅਤੇ ਬੀਮਾਕਰਤਾ ਵਿਚਕਾਰ ਹੋਏ ਸਮਝੌਤੇ ਦੀਆਂ ਸ਼ਰਤਾਂ ਦੁਆਰਾ ਨਿਯੰਤਰਿਤ ਕੀਤੀ ਜਾਵੇਗੀ, ਇਕਰਾਰਨਾਮੇ ਨੂੰ ਰੱਦ ਕਰਨ/ ਸਮਾਪਤੀ/ ਬੰਦ ਹੋਣ ਦੀ ਸੂਰਤ ਵਿੱਚ ਸਬੰਧਤ ਬੀਮਾਕਰਤਾ ਦੁਆਰਾ ਮੌਜੂਦਾ ਪਾਲਿਸੀਧਾਰਕਾਂ ਦੀ ਸੇਵਾ ਲਈ ਢੁਕਵੇਂ ਪ੍ਰਬੰਧ ਕਰੇਗੀ।**

**ਬੀਮਾ ਮਾਰਕੀਟਿੰਗ ਫਰਮ ਇਸ ਲਈ ਅਥਾਰਟੀ ਦੁਆਰਾ ਨਿਰਧਾਰਿਤ ਫਾਰਮੈਟ ਵਿੱਚ ਬੀਮਾਕਰਤਾਵਾਂ ਨਾਲ ਇਕਰਾਰਨਾਮਾ ਦੇ ਵਿੱਚ ਕਿਸੇ ਵੀ ਅਜਿਹੇ ਬਦਲਾਅ ਦੀ ਅਥਾਰਟੀ ਨੂੰ ਸੂਚਿਤ ਕਰੇਗੀ।**

(ii) **ਬੀਮਾਕਰਤਾਵਾਂ ਨਾਲ ਬੀਮਾ ਮਾਰਕੀਟਿੰਗ ਫਰਮਾਂ ਲਈ ਮਨਜ਼ੂਰ ਉਤਪਾਦ:**
**ਬੀਮਾ ਮਾਰਕੀਟਿੰਗ ਫਰਮ ਨੂੰ ਹੇਠ ਮੰਗਣ ਜਾਂ ਪ੍ਰਾਪਤ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ:**

1. **ਵਿਅਕਤੀਗਤ ਅਤੇ/ਜਾਂ ਪ੍ਰਚੂਨ ਆਧਾਰ 'ਤੇ ਵੇਚੇ ਜਾਣ ਵਾਲੇ ਹਰ ਕਿਸਮ ਦੇ ਉਤਪਾਦ, ਗੈਰ-ਕਰਜ਼ਦਾਰ ਕਿਸਾਨਾਂ ਅਤੇ ਕੰਬੀ ਉਤਪਾਦਾਂ ਲਈ ਫਸਲ ਬੀਮਾ ਸਮੇਤ।**
2. **ਮਾਈਕਰੋ, ਛੋਟੀ ਅਤੇ ਮੀਡੀਅਮ ਐਂਟਰਪ੍ਰਾਈਜ਼** (MSME) **ਲਈ ਜਾਇਦਾਦ, ਸਮੂਹ ਨਿੱਜੀ ਦੁਰਘਟਨਾ, ਸਮੂਹ ਸਿਹਤ,** GSLI **ਅਤੇ ਮਿਆਦੀ ਬੀਮਾ ਪਾਲਿਸੀਆਂ।** IMF **ਨੂੰ** MSMEs **ਨੂੰ ਛੱਡ ਕੇ ਕਿਸੇ ਵੀ ਹਿੱਸੇ ਲਈ ਵਪਾਰਕ ਲਾਈਨਾਂ ਦੀ ਮੰਗ ਕਰਨ ਅਤੇ ਖਰੀਦਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।**

***ਵਿਆਖਿਆ: ਇਹਨਾਂ ਨਿਯਮਾਂ ਦੇ ਉਦੇਸ਼ ਲਈ,***

a. "***ਕੋਂਬੀ ਉਤਪਾਦ" ਦਾ ਮਤਲਬ ਹੈ ਅਥਾਰਟੀ ਦੁਆਰਾ ਪ੍ਰਵਾਨਿਤ ਜੀਵਨ, ਆਮ ਅਤੇ ਸਿਹਤ ਬੀਮੇ ਦੇ ਉਤਪਾਦਾਂ ਦਾ ਕੋਈ ਵੀ ਸੁਮੇਲ।***
b. "***ਮਾਈਕਰੋ, ਸਮਾਲ ਐਂਡ ਮੀਡੀਅਮ ਐਂਟਰਪ੍ਰਾਈਜਿਜ਼" ਦਾ ਅਰਥ ਜਿਵੇਂ ਕਿ 'ਮਾਈਕਰੋ, ਸਮਾਲ ਐਂਡ ਮੀਡੀਅਮ ਇੰਟਰਪ੍ਰਾਈਜਿਜ਼ ਡਿਵੈਲਪਮੈਂਟ ਐਕਟ,*** 2006' ***ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ, ਜਿਨ੍ਹੂੰ ਕਿ ਸਮੇਂ-ਸਮੇਂ 'ਤੇ ਸੋਧਿਆ ਗਿਆ ਹੈ।।***

b. **ਬੀਮਾ ਮਾਰਕੀਟਿੰਗ ਫਰਮ ਦੀਆਂ ਬੀਮਾ ਸੇਵਾਵਾਂ ਦੀਆਂ ਗਤੀਵਿਧੀਆਂ:**

i. **ਇੰਸ਼ੋਰੈਂਸ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਆਫ਼ ਇੰਡੀਆ (ਭਾਰਤੀ ਬੀਮਾਕਰਤਾਵਾਂ ਦੁਆਰਾ ਗਤੀਵਿਧੀਆਂ ਦੀ ਆਊਟਸੋਰਸਿੰਗ) ਨਿਯਮ,** 2017, **ਜਿਨ੍ਹੂੰ ਕਿ ਸਮੇਂ-ਸਮੇਂ 'ਤੇ ਸੋਧਿਆ ਗਿਆ ਹੈ; ਦੀ ਆਗਿਆ ਅਨੁਸਾਰ ਬੀਮਾਕਰਤਾਵਾਂ ਦੀਆਂ ਅਜਿਹੀਆਂ ਗਤੀਵਿਧੀਆਂ ਨੂੰ ਅੰਜ਼ਾਮ ਦੇਣਾ,**
ii. **ਬੀਮਾ ਭੰਡਾਰਾਂ ਦਾ ਪ੍ਰਵਾਨਿਤ ਵਿਅਕਤੀ ਬਣਨਾ;**
iii. **ਅਥਾਰਟੀ ਦੁਆਰਾ ਸਮੇਂ-ਸਮੇਂ 'ਤੇ ਇਜਾਜ਼ਤ ਦਿੱਤੀ ਗਈ ਕੋਈ ਹੋਰ ਬੀਮੇ ਸੰਬੰਧੀ ਗਤੀਵਿਧੀ।**

*ਸਪੱਸ਼ਟੀਕਰਨ: ਇਹਨਾਂ ਨਿਯਮਾਂ ਦੇ ਉਦੇਸ਼ ਲਈ, ਬੀਮਾ ਮਾਰਕੀਟਿੰਗ ਫਰਮ ਸਿਰਫ ਉਹਨਾਂ ਬੀਮਾ ਕੰਪਨੀਆਂ ਦੇ ਸਬੰਧ ਵਿੱਚ ਬੀਮਾ ਸੇਵਾ ਦੀਆਂ ਗਤੀਵਿਧੀਆਂ ਨੂੰ ਅੰਜਾਮ ਦੇਵੇਗੀ ਜਿਨ੍ਹਾਂ ਨਾਲ ਉਹਨਾਂ ਦਾ ਬੀਮਾ ਉਤਪਾਦ ਮੰਗਣ ਜਾਂ ਖਰੀਦਣ ਲਈ ਇੱਕ ਸਮਝੌਤਾ ਹੈ;*

c. **ਬੀਮਾ ਮਾਰਕੀਟਿੰਗ ਫਰਮ ਦੁਆਰਾ ਲੱਗੇ** FSE **ਦੁਆਰਾ ਹੋਰ ਵਿੱਤੀ ਉਤਪਾਦਾਂ ਦੀ ਮਾਰਕੀਟਿੰਗ ਅਰਥਾਤ:**
   i) **ਸੇਬੀ ਦੁਆਰਾ ਨਿਯੰਤ੍ਰਿਤ ਮਿਉਚੁਅਲ ਫੰਡ ਕੰਪਨੀਆਂ ਦੇ ਮਿਉਚੁਅਲ ਫੰਡ;**
   ii) PFRDA **ਦੁਆਰਾ ਨਿਯੰਤ੍ਰਿਤ ਪੈਨਸ਼ਨ ਉਤਪਾਦ;**
   iii) **ਸੇਬੀ ਲਾਇਸੰਸਸ਼ੁਦਾ ਨਿਵੇਸ਼ ਸਲਾਹਕਾਰਾਂ ਦੁਆਰਾ ਵੰਡੇ ਗਏ ਹੋਰ ਵਿੱਤੀ ਉਤਪਾਦ;**
   iv) RBI **ਦੁਆਰਾ ਨਿਯੰਤ੍ਰਿਤ ਬੈਂਕਾਂ**/NBFC **ਦੇ ਬੈਂਕਿੰਗ/ਵਿੱਤੀ ਉਤਪਾਦ;**
   v) **ਡਾਕ ਵਿਭਾਗ, ਭਾਰਤ ਸਰਕਾਰ ਦੁਆਰਾ ਪੇਸ਼ ਕੀਤੇ ਜਾਂਦੇ ਗੈਰ-ਬੀਮਾ ਉਤਪਾਦ;**

**ਅਥਾਰਟੀ ਦੁਆਰਾ ਸਮੇਂ-ਸਮੇਂ 'ਤੇ ਇਜਾਜ਼ਤ ਦਿੱਤੀ ਗਈ ਕੋਈ ਹੋਰ ਵਿੱਤੀ ਉਤਪਾਦ ਜਾਂ ਗਤੀਵਿਧੀ**

d. **ਇੱਕ** IMF **ਬੀਮਾ ਉਤਪਾਦਾਂ ਦੀ ਡਿਸਟੈਂਸ ਮਾਰਕੀਟਿੰਗ 'ਤੇ ਅਥਾਰਟੀ ਦੁਆਰਾ ਸਮੇਂ-ਸਮੇਂ 'ਤੇ ਜਾਰੀ ਦਿਸ਼ਾ-ਨਿਰਦੇਸ਼ਾਂ/ਨਿਯਮਾਂ/ਸਰਕੂਲਰ ਦੀ ਪਾਲਣਾ ਕਰੇਗਾ:**

   **ਡਿਸਟੈਂਸ ਮਾਰਕੀਟਿੰਗ ਹੋਵੇਗੀ**
   i) **ਟੈਲੀ-ਮਾਰਕੀਟਰ(ਆਂ) ਨੂੰ ਸ਼ਾਮਲ ਕੀਤੇ ਬਿਨਾਂ** IMF **ਦੁਆਰਾ ਕਿਤੀ ਜਾਵੇਗੀ**
   ii) **ਅਥਾਰਟੀ ਤੋਂ ਪੂਰਵ ਪ੍ਰਵਾਨਗੀ ਪ੍ਰਾਪਤ ਕਰਨ ਤੋਂ ਬਾਅਦ ਕਿਤੀ ਜਾਵੇਗੀ**
   iii) **ਸਿਰਫ਼** ISPs **ਰਾਹੀਂ ਹੀ ਕਿਤੀ ਜਾਵੇਗੀ**
   iv) **ਉਹਨਾਂ ਬੀਮਾਕਰਤਾ(ਵਾਂ) ਦੀ ਤਰਫੋਂ ਜਿਨ੍ਹਾਂ ਨਾਲ** IMF **ਦੁਆਰਾ ਦਰਸਾਏ ਅਨੁਸਾਰ ਬੀਮਾ ਕਾਰੋਬਾਰੀ ਗਤੀਵਿਧੀ ਨੂੰ ਪੂਰਾ ਕਰਨ ਲਈ ਸਮਝੌਤੇ ਕੀਤੇ ਗਏ ਹਨ**

**ਬੀਮਾ ਮਾਰਕੀਟਿੰਗ ਫਰਮ ਦੀ ਰਜਿਸਟ੍ਰੇਸ਼ਨ**

**3. ਬੀਮਾ ਮਾਰਕੀਟਿੰਗ ਫਰਮ ਨੂੰ ਰਜਿਸਟ੍ਰੇਸ਼ਨ ਦੇਣ ਲਈ ਅਰਜ਼ੀ:**

**ਬੀਮਾ ਮਾਰਕੀਟਿੰਗ ਫਰਮ ਵਜੋਂ ਕੰਮ ਕਰਨ ਲਈ ਰਜਿਸਟਰੇਸ਼ਨ ਪ੍ਰਾਪਤ ਕਰਨ ਦੀ ਇੱਛਾ ਰੱਖਣ ਵਾਲੇ ਬਿਨੈਕਾਰ ਨੂੰ ਹੇਠ ਲਿਖੀ ਪ੍ਰਕਿਰਿਆ ਦੀ ਪਾਲਣਾ ਕਰਨੀ ਚਾਹੀਦੀ ਹੈ : -**

   a. **ਅਥਾਰਟੀ ਨੂੰ ਇੱਕ ਅਰਜ਼ੀ (ਫਾਰਮ ਏ) ਜਮ੍ਹਾਂ**
   b. **ਪੰਜ ਹਜ਼ਾਰ ਰੁਪਏ ਦੀ ਗੈਰ-ਵਾਪਸੀਯੋਗ ਅਰਜ਼ੀ ਫੀਸ ਰਜਿਸਟਰੇਸ਼ਨ ਦੀ ਗ੍ਰਾਂਟ ਲਈ ਅਰਜ਼ੀ ਦੇ ਨਾਲ ਭੇਜੋ।**
   c. **ਸਾਰੇ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰੋ ਜਿਵੇਂ ਕਿ ਬਿਨੈ-ਪੱਤਰ ਫਾਰਮ-**A **ਵਿੱਚ ਵਿਸਤਾਰ ਵਿੱਚ ਦੱਸਿਆ ਗਿਆ ਹੈ ਅਤੇ ਇਸਦੇ ਨਾਲ-ਨਾਲ ਨਿਰਧਾਰਿਤ ਫਾਰਮ ਵਿੱਚ ਫਿੱਟ ਅਤੇ ਉਚਿਤ ਮਾਪਦੰਡਾਂ ਨੂੰ ਸੰਤੁਸ਼ਟ**

ਕਰਨ ਵਾਲੇ ਪ੍ਰਮੁੱਖ ਅਧਿਕਾਰੀ / ਨਿਰਦੇਸ਼ਕਾਂ / ਪ੍ਰਬੰਧਨ ਭਾਗੀਦਾਰਾਂ ਦੀ ਘੋਸ਼ਣਾ ਜਾਂ ਜਿਵੇਂ ਕਿ ਅਥਾਰਟੀ ਦੁਆਰਾ ਨਿਰਧਾਰਤ ਕੀਤਾ ਗਿਆ ਹੈ।

d. ਬੀਮਾ ਮਾਰਕੀਟਿੰਗ ਫਰਮ ਦੁਆਰਾ ਨਿਯੁਕਤ ਕੀਤੇ ਜਾਣ ਲਈ ਪ੍ਰਸਤਾਵਿਤ ਪ੍ਰਮੁੱਖ ਅਧਿਕਾਰੀ ਅਤੇ ISPs ਦੇ ਬੀਮਾ ਮਾਰਕੀਟਿੰਗ ਫਰਮ ਪ੍ਰੀਖਿਆ ਪਾਸ ਸਰਟੀਫਿਕੇਟ ਦੀ ਕਾਪੀ ਜਮ੍ਹਾਂ ਕਰੋ।
e. ਬੀਮਾ ਮਾਰਕੀਟਿੰਗ ਫਰਮ ਦੇ ਬੀਮਾ ਭੰਡਾਰ ਦੇ ਪ੍ਰਵਾਨਿਤ ਵਿਅਕਤੀ ਸਰਟੀਫਿਕੇਟ ਦੀ ਕਾਪੀ ਜਮ੍ਹਾਂ ਕਰੋ।
f. SEBI, RBI, PFRDA, ਡਾਕਘਰ ਦੁਆਰਾ ਪ੍ਰਸਤਾਵਿਤ ਗਤੀਵਿਧੀ ਲਈ ਪ੍ਰਸਤਾਵਿਤ ਬੀਮਾ ਮਾਰਕੀਟਿੰਗ ਫਰਮ ਦੁਆਰਾ ਨਿਯੁਕਤ ਕੀਤੇ ਜਾਣ ਵਾਲੇ FSE ਦੁਆਰਾ ਪ੍ਰਾਪਤ ਲਾਇਸੰਸ ਜਾਂ ਅਧਿਕਾਰ ਜਾਂ ਰਜਿਸਟ੍ਰੇਸ਼ਨ ਦੀ ਕਾਪੀ ਜਮ੍ਹਾਂ ਕਰੋ।
g. ਇਹ ਦੱਸਦੇ ਹੋਏ ਇੱਕ ਵਚਨਬੱਧਤਾ ਜਮ੍ਹਾਂ ਕਰੋ ਕਿ ਇੱਕ ਟੈਲੀ ਮਾਰਕਿਟ (ਜ਼) ਬੀਮਾ ਕਾਰੋਬਾਰ ਦੀ ਬੇਨਤੀ/ਲੀਡ ਜਨਰੇਸ਼ਨ ਲਈ ਨਹੀਂ ਲੱਗੇਗਾ।

4. ਬੀਮਾ ਮਾਰਕੀਟਿੰਗ ਫਰਮ ਲਈ ਅਰਜ਼ੀ ਅਤੇ ਯੋਗਤਾ ਦੇ ਮਾਪਦੰਡ 'ਤੇ ਵਿਚਾਰ ਕਰਨਾ:
   a. ਅਥਾਰਟੀ ਰਜਿਸਟ੍ਰੇਸ਼ਨ ਦੀ ਗ੍ਰਾਂਟ ਲਈ ਅਰਜ਼ੀ 'ਤੇ ਵਿਚਾਰ ਕਰਦੇ ਸਮੇਂ, ਬੀਮਾ ਮਾਰਕੀਟਿੰਗ ਫਰਮ ਦੁਆਰਾ ਕਾਰਜਾਂ ਨੂੰ ਪੂਰਾ ਕਰਨ ਨਾਲ ਸਬੰਧਤ ਸਾਰੇ ਮਾਮਲਿਆਂ ਨੂੰ ਧਿਆਨ ਵਿੱਚ ਰੱਖੇਗੀ।
   b. ਉਪਰੋਕਤ ਪ੍ਰਤੀ ਪੱਖਪਾਤ ਕੀਤੇ ਬਿਨਾਂ, ਅਥਾਰਟੀ ਖਾਸ ਤੌਰ 'ਤੇ, ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖੇਗੀ, ਅਰਥਾਤ:-
      i) ਭਾਵੇਂ ਕੋਈ ਵੀ ਡਾਇਰੈਕਟਰ, ਭਾਈਵਾਲ, ਪ੍ਰਮੁੱਖ ਅਧਿਕਾਰੀ ਜਾਂ ਬਿਨੈਕਾਰ ਦੁਆਰਾ ਮਨੋਨੀਤ ਉਸਦੇ ਇੱਕ ਜਾਂ ਇੱਕ ਤੋਂ ਵੱਧ ਅਧਿਕਾਰੀ ਜਾਂ ਉਸ ਦੁਆਰਾ ਨਾਮਜ਼ਦ ਕੀਤੇ ਹੋਰ ਕਰਮਚਾਰੀ ਜਾਂ ਕੋਈ ਹੋਰ ਵਿਅਕਤੀ, ਮੁੱਖ ਕਾਰਜਕਾਰੀ ਜਾਂ ਜਿਸ ਵੀ ਨਾਮ ਨਾਲ ਬੁਲਾਇਆ ਜਾਂਦਾ ਹੈ, ਬੀਮਾ ਐਕਟ, 1938 ਦੀ ਧਾਰਾ 42D ਦੀ ਉਪ-ਧਾਰਾ (5), ਜਿਨ੍ਹੰ ਕਿ ਸਮੇਂ-ਸਮੇਂ 'ਤੇ ਸੋਧਿਆ ਗਿਆ ਹੈ, ਦੇ ਅਧੀਨ ਨਿਰਧਾਰਤ ਕਿਸੇ ਵੀ ਅਯੋਗਤਾ ਤੋਂ ਪੀੜਤ ਹੈ;
      ii) ਕੀ ਕੋਈ ਵਿਅਕਤੀ, ਜੋ ਸਿੱਧੇ ਜਾਂ ਅਸਿੱਧੇ ਤੌਰ 'ਤੇ ਬਿਨੈਕਾਰ ਨਾਲ ਜੁੜਿਆ ਹੋਇਆ ਹੈ, ਨੂੰ ਅਥਾਰਟੀ ਦੁਆਰਾ ਕਿਸੇ ਵੀ ਲਾਇਸੈਂਸ ਜਾਂ ਰਜਿਸਟ੍ਰੇਸ਼ਨ ਦੀ ਗਰਾਂਟ ਦੇਣ ਤੋਂ ਪਹਿਲਾਂ ਇਨਕਾਰ ਕਿੱਤਾ ਗਿਆ ਹੈ।
      iii) ਕੀ ਬਿਨੈਕਾਰ ਹੇਠਾਂ ਦਰਸਾਏ ਅਨੁਸਾਰ ਪੂੰਜੀ ਲੋੜਾਂ ਨੂੰ ਪੂਰਾ ਕਰਦਾ ਹੈ।
      iv) ਕੀ 'ਪ੍ਰਧਾਨ ਅਧਿਕਾਰੀ ਅਤੇ ISP, ਅਥਾਰਟੀ ਦੁਆਰਾ ਨਿਰਧਾਰਤ ਮਾਪਦੰਡਾਂ ਨੂੰ ਪੂਰਾ ਕਰਦੇ ਹਨ।
      v) ਕੀ ਬਿਨੈਕਾਰ ਕੋਲ ਇਸਦੀਆਂ ਬੀਮਾ ਮਾਰਕੀਟਿੰਗ ਫਰਮ ਦੀਆਂ ਗਤੀਵਿਧੀਆਂ, ਸਾਜ਼ੋ-ਸਾਮਾਨ ਅਤੇ ਸਿਖਲਾਈ ਪ੍ਰਾਪਤ ਮਨੁੱਖੀ ਸ਼ਕਤੀ ਲਈ ਲੋੜੀਂਦੀ ਦਫ਼ਤਰੀ ਥਾਂ, ਆਪਣੀਆਂ ਗਤੀਵਿਧੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਲੋੜੀਂਦਾ ਬੁਨਿਆਦੀ ਢਾਂਚਾ ਹੈ
      vi) ਕੀ ਬਿਨੈਕਾਰ ਦੇ ਨਾਮ ਵਿੱਚ "ਬੀਮਾ ਮਾਰਕੀਟਿੰਗ ਫਰਮ" ਜਾਂ "IMF" ਸ਼ਬਦ ਹੈ।
      vii) ਕੀ ਬਿਨੈਕਾਰ ਜੋ ਬੀਮਾ ਗਤੀਵਿਧੀਆਂ ਤੋਂ ਇਲਾਵਾ ਹੋਰ ਗਤੀਵਿਧੀਆਂ ਵਿੱਚ ਵੀ ਰੁੱਝਿਆ ਹੋਇਆ ਹੈ, ਉਸ ਕੋਲ ਸਬੰਧਤ ਅਥਾਰਟੀਆਂ ਤੋਂ ਲੋੜੀਂਦੀਆਂ ਪ੍ਰਵਾਨਗੀਆਂ/ਅਧਿਕਾਰੀਆਂ ਹਨ;

viii) ਕੀ ਅਥਾਰਟੀ ਦੀ ਰਾਏ ਹੈ ਕਿ ਰਜਿਸਟ੍ਰੇਸ਼ਨ ਦੀ ਗ੍ਰਾਂਟ ਪਾਲਿਸੀਧਾਰਕਾਂ ਅਤੇ ਹੋਰ ਗਾਹਕਾਂ ਦੇ ਹਿੱਤ ਵਿੱਚ ਹੋਵੇਗੀ

**5. ਬੀਮਾ ਮਾਰਕੀਟਿੰਗ ਫਰਮ ਦੀਆਂ ਪੂੰਜੀ ਲੋੜਾਂ:**

b. ਬਿਨੈਕਾਰ ਦੀ ਕੁੱਲ ਕੀਮਤ ਹੋਣੀ ਚਾਹੀਦੀ ਹੈ:

i) 5 ਲੱਖ ਰੁਪਏ ਤੋਂ ਘੱਟ ਨਹੀਂ; ਜੇਕਰ ਬਿਨੈਕਾਰ ਸਿਰਫ਼ ਇੱਕ ਜ਼ਿਲ੍ਹੇ ਲਈ ਚੋਣ ਕਰ ਰਿਹਾ ਹੈ, ਜੋ ਕਿ ਇੱਕ ਅਭਿਲਾਸ਼ੀ ਜ਼ਿਲ੍ਹਾ ਹੈ

ਬਸ਼ਰਤੇ ਕਿ ਰਜਿਸਟ੍ਰੇਸ਼ਨ ਦੇ ਨਵੀਨੀਕਰਨ ਦੇ ਸਮੇਂ ਅਭਿਲਾਸ਼ੀ ਜ਼ਿਲ੍ਹੇ ਦੀ ਸਥਿਤੀ ਦੇ ਬਦਲਣ ਨਾਲ ਪੈਦਾ ਹੋਣ ਵਾਲੀ ਕੁੱਲ ਜਾਇਦਾਦ ਵਿੱਚ ਵਾਧਾ ਜਰੂਰੀ ਹੈ

ii) ਹੋਰ ਸਾਰੇ ਕੇਸਾਂ ਲਈ 10 ਲੱਖ ਰੁਪਏ ਤੋਂ ਘੱਟ ਨਹੀਂ

*ਸਪੱਸ਼ਟੀਕਰਨ: ਇਹਨਾਂ ਨਿਯਮਾਂ ਦੇ ਉਦੇਸ਼ਾਂ ਲਈ, "ਕੁੱਲ ਮੁੱਲ" ਦਾ ਮਤਲਬ ਕੰਪਨੀ ਐਕਟ, 2013 ਹੈ ਅਤੇ ਜਿਨ੍ਹੂੰ ਸਮੇਂ-ਸਮੇਂ 'ਤੇ ਸੋਧਿਆ ਗਿਆ ਹੈ।*

b. ਬਿਨੈਕਾਰ ਇਹ ਸੁਨਿਸ਼ਚਿਤ ਕਰੇਗਾ ਕਿ ਕੁੱਲ ਕੀਮਤ ਹਰ ਸਮੇਂ ਬਣਾਈ ਰੱਖੀ ਜਾਂਦੀ ਹੈ ਅਤੇ ਬੀਮਾ ਮਾਰਕੀਟਿੰਗ ਫਰਮ ਵਿੱਤੀ ਸਾਲ ਦੀ ਸਮਾਪਤੀ ਤੋਂ 3 ਮਹੀਨਿਆਂ ਦੇ ਅੰਦਰ ਸਾਲਾਨਾ ਇਸ ਪ੍ਰਭਾਵ ਲਈ ਇੱਕ ਚਾਰਟਰਡ ਅਕਾਊਂਟੈਂਟ ਦੁਆਰਾ ਪ੍ਰਮਾਣਿਤ ਪ੍ਰਮਾਣ ਪੱਤਰ ਜਮ੍ਹਾ ਕਰੇਗੀ।

c. ਭਾਰਤੀ ਬੀਮਾ ਕੰਪਨੀਆਂ (ਵਿਦੇਸ਼ੀ ਨਿਵੇਸ਼) ਨਿਯਮ, 2015 ਦੇ ਤਹਿਤ, ਪੋਰਟਫੋਲੀਓ ਨਿਵੇਸ਼ਕਾਂ ਸਮੇਤ ਵਿਦੇਸ਼ੀ ਨਿਵੇਸ਼ਕਾਂ ਦੁਆਰਾ ਇਕੁਇਟੀ ਸ਼ੇਅਰਾਂ ਜਾਂ ਬੀਮਾ ਮਾਰਕੀਟਿੰਗ ਫਰਮ ਦੇ ਯੋਗਦਾਨ ਦੀ ਕੁੱਲ ਹੋਲਡਿੰਗ, ਕੇਂਦਰ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਨਿਰਧਾਰਤ ਸੀਮਾਵਾਂ ਦੇ ਅਜਿਹੇ ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਹਨਾਂ ਨਿਯਮਾਂ ਦੇ ਉਦੇਸ਼ਾਂ ਲਈ, ਵਿਦੇਸ਼ੀ ਨਿਵੇਸ਼ ਦੀ ਗਣਨਾ ਉਸੇ ਤਰੀਕੇ ਨਾਲ ਕੀਤੀ ਜਾਵੇਗੀ ਜਿਵੇਂ ਕਿ ਬੀਮਾਕਰਤਾ ਲਈ ਬੀਮਾ ਰੈਗੂਲੇਟਰੀ ਅਤੇ ਵਿਕਾਸ ਅਥਾਰਟੀ (ਭਾਰਤੀ ਬੀਮਾ ਕੰਪਨੀਆਂ ਦੀ ਰਜਿਸਟ੍ਰੇਸ਼ਨ) ਰੈਗੂਲੇਸ਼ਨਜ਼, 2000 ਵਿੱਚ ਦਰਸਾਏ ਗਏ ਹਨ, ਜਿਨ੍ਹੂੰ ਕਿ ਸਮੇਂ ਸਮੇਂ ਤੇ ਸੋਧਿਆ ਗਿਆ ਹੈ।

**6. ਬੀਮਾ ਮਾਰਕੀਟਿੰਗ ਫਰਮ ਦੀ ਰਜਿਸਟਰੇਸ਼ਨ ਦੀ ਵੈਧਤਾ ਦੀ ਮਿਆਦ:**

a) ਇੱਕ ਬੀਮਾ ਮਾਰਕੀਟਿੰਗ ਫਰਮ ਦੀ ਰਜਿਸਟ੍ਰੇਸ਼ਨ ਇਸਦੇ ਜਾਰੀ ਹੋਣ ਦੀ ਮਿਤੀ ਤੋਂ 3 ਸਾਲਾਂ ਦੀ ਮਿਆਦ ਲਈ ਵੈਧ ਹੋਵੇਗੀ, ਜਦੋਂ ਤੱਕ ਇਸਨੂੰ ਅਥਾਰਟੀ ਦੁਆਰਾ ਮੁਅੱਤਲ ਜਾਂ ਰੱਦ ਨਹੀਂ ਕੀਤਾ ਜਾਂਦਾ [ਜਾਂ ਬੀਮਾ ਮਾਰਕੀਟਿੰਗ ਫਰਮ ਦੁਆਰਾ ਸਮਰਪਣ ਕੀਤਾ ਜਾਂਦਾ ਹੈ]। ਅਥਾਰਟੀ ਦੁਆਰਾ ਅਜਿਹੀ ਬਿਨੈ-ਪੱਤਰ, ਦਸਤਾਵੇਜ਼ਾਂ ਅਤੇ ਨਿਰਧਾਰਤ ਫੀਸਾਂ ਦੀ ਪ੍ਰਾਪਤੀ 'ਤੇ ਰਜਿਸਟ੍ਰੇਸ਼ਨ ਦਾ ਨਵੀਨੀਕਰਨ ਕੀਤਾ ਜਾ ਸਕਦਾ ਹੈ।

b) ਕਿਸੇ ਵੀ ਬੀਮਾ ਮਾਰਕੀਟਿੰਗ ਫਰਮ ਨੂੰ ਰਜਿਸਟ੍ਰੇਸ਼ਨ ਦੀ ਮਿਆਦ ਪੁੱਗਣ ਤੋਂ ਬਾਅਦ ਇਸ ਤਰ੍ਹਾਂ ਕੰਮ ਕਰਨ ਦੀ ਇਜਾਜ਼ਤ ਨਹੀਂ ਹੈ ਜਦੋਂ ਤੱਕ ਇਹ ਅਥਾਰਟੀ ਦੁਆਰਾ ਨਵਿਆਇਆ ਨਹੀਂ ਜਾਂਦਾ ਹੈ। ਉਹ

ਬੀਮਾ ਮਾਰਕੀਟਿੰਗ ਫਰਮ ਦੇ ਕਾਰਜਾਂ ਨੂੰ ਪੂਰਾ ਕਰਨ ਦੇ ਉਦੇਸ਼ਾਂ ਲਈ ਵੈਧ ਰਜਿਸਟ੍ਰੇਸ਼ਨ ਤੋਂ ਬਿਨਾਂ ਕਿਸੇ ਵਿਅਕਤੀ ਨੂੰ ਸ਼ਾਮਲ ਨਹੀਂ ਕਰਨਗੇ।

7. ਬੀਮਾ ਮਾਰਕੀਟਿੰਗ ਫਰਮ ਦਾ ਪ੍ਰਮੁੱਖ ਅਧਿਕਾਰੀ:

a. ਬੀਮਾ ਮਾਰਕੀਟਿੰਗ ਫਰਮ ਇੱਕ ਪ੍ਰਮੁੱਖ ਅਧਿਕਾਰੀ ਨੂੰ ਨਿਯੁਕਤ ਕਰੇਗੀ ਜੋ ਸਮੁੱਚੇ ਤੌਰ 'ਤੇ ਇੰਚਾਰਜ ਹੋਵੇਗਾ ਅਤੇ ਅਥਾਰਟੀ ਨੂੰ ਰੈਗੂਲੇਟਰੀ ਪਾਲਣਾ ਲਈ ਜ਼ਿੰਮੇਵਾਰ ਹੋਵੇਗਾ।

b. ਪ੍ਰਮੁੱਖ ਅਧਿਕਾਰੀ ਦੇ ਅਸਤੀਫ਼ੇ ਜਾਂ ਸਮਾਪਤੀ ਜਾਂ ਮੌਤ 'ਤੇ, ਬੀਮਾ ਮਾਰਕੀਟਿੰਗ ਫਰਮ ਜਲਦੀ ਤੋਂ ਜਲਦੀ ਇੱਕ ਨਵੇਂ ਪ੍ਰਮੁੱਖ ਅਧਿਕਾਰੀ ਦੀ ਨਿਯੁਕਤੀ ਕਰਨ ਦੀ ਕੋਸ਼ਿਸ਼ ਕਰੇਗੀ, ਅਤੇ ਅਥਾਰਟੀ ਤੋਂ 60 ਦਿਨਾਂ ਤੋਂ ਵੱਧ ਨਾ ਹੋਣ ਦੀ ਮਿਆਦ ਦੇ ਅੰਦਰ, ਮਨਜ਼ੂਰੀ ਲਵੇਗੀ।

ਬਸ਼ਰਤੇ ਕਿ ਇੱਕ ਪ੍ਰਮੁੱਖ ਅਧਿਕਾਰੀ ਦੀ ਗੈਰ-ਮੌਜੂਦਗੀ ਵਿੱਚ, ਬੀਮਾ ਮਾਰਕੀਟਿੰਗ ਫਰਮ ਦਾ ਪੂਰਾ ਸਮਾਂ ਨਿਰਦੇਸ਼ਕ ਜਾਂ ਮੈਨੇਜਿੰਗ ਪਾਰਟਨਰ ਜਾਂ ਕੋਈ ਹੋਰ ਸੀਨੀਅਰ ਮਨੋਨੀਤ ਅਧਿਕਾਰੀ, ਅਥਾਰਟੀ ਨੂੰ ਸੂਚਿਤ ਕਰਨ ਦੇ ਅਧੀਨ, ਪ੍ਰਧਾਨ ਅਧਿਕਾਰੀ ਨੂੰ ਮਿਲਣ ਲਈ ਕੰਮ ਕਰਨ ਅਤੇ ਕਰਤੱਵਾਂ ਕਰਨ ਲਈ ਅਧਿਕਾਰਤ ਕੀਤਾ ਜਾ ਸਕਦਾ ਹੈ। ਸਿਰਫ਼ ਰੈਗੂਲੇਟਰੀ ਪਾਲਣਾ ਲੋੜਾਂ; ਅਤੇ ਬੀਮਾ ਕਾਰੋਬਾਰ ਦੀ ਮੰਗ ਨਹੀਂ ਕਰਨਗੇ ਜਦੋਂ ਤੱਕ ਕਿ ਉਹ ਸਿਖਲਾਈ ਨਹੀਂ ਲੈਂਦੇ ਅਤੇ ਪ੍ਰੀਖਿਆ ਪਾਸ ਨਹੀਂ ਕਰਦੇ, ਅਤੇ ਪ੍ਰਿੰਸੀਪਲ ਅਫਸਰ ਦੇ ਸਾਰੇ ਯੋਗਤਾ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੇ।

8. ਬੀਮਾ ਮਾਰਕੀਟਿੰਗ ਫਰਮ ਦਾ ਪ੍ਰਮੁੱਖ ਅਧਿਕਾਰੀ - ਯੋਗਤਾ ਮਾਪਦੰਡ

ਬੀਮਾ ਮਾਰਕੀਟਿੰਗ ਫਰਮ ਦਾ ਪ੍ਰਮੁੱਖ ਅਧਿਕਾਰੀ, ਹੇਠਾਂ ਦਿੱਤੀਆਂ ਕਿਸੇ ਵੀ ਯੋਗਤਾ ਸ਼ਰਤਾਂ ਨੂੰ ਪੂਰਾ ਕਰੇਗਾ:

(a) ਇੰਸ਼ੋਰੈਂਸ ਇੰਸਟੀਚਿਊਟ ਆਫ ਇੰਡੀਆ, ਮੁੰਬਈ ਦੇ ਐਸੋਸੀਏਟ/ਫੈਲੋ; ਜਾਂ

(b) ਇੰਸਟੀਚਿਊਟ ਆਫ਼ ਐਕਚੂਰੀਜ਼ ਆਫ਼ ਇੰਡੀਆ ਦਾ ਐਸੋਸੀਏਟ/ਫੈਲੋ; ਜਾਂ

(c) ਚਾਰਟਰਡ ਇੰਸ਼ੋਰੈਂਸ ਇੰਸਟੀਚਿਊਟ, ਲੰਡਨ ਦੇ ਐਸੋਸੀਏਟ/ਫੈਲੋ; ਜਾਂ

(d) ਇੰਸਟੀਚਿਊਟ ਆਫ਼ ਇੰਸ਼ੋਰੈਂਸ ਐਂਡ ਰਿਸਕ ਮੈਨੇਜਮੈਂਟ, ਹੈਦਰਾਬਾਦ ਦੀ ਪੋਸਟ ਗ੍ਰੈਜੂਏਟ ਯੋਗਤਾ; ਜਾਂ

(e) ਜਿਸ ਸਾਲ ਅਰਜ਼ੀ ਦਿੱਤੀ ਗਈ ਹੈ, ਉਸ ਸਾਲ ਤੋਂ ਪਹਿਲਾਂ ਦੇ ਦੋ ਸਾਲਾਂ ਦੇ ਬੀਮੇ ਦੇ ਤਜਰਬੇ ਨਾਲ ਗ੍ਰੈਜੂਏਟ; ਜਾਂ

(f) ਜਿਸ ਸਾਲ ਅਰਜ਼ੀ ਦਿੱਤੀ ਗਈ ਹੈ, ਉਸ ਤੋਂ ਪਹਿਲਾਂ ਵਿੱਤੀ ਸੇਵਾਵਾਂ ਦੇ ਖੇਤਰ ਵਿੱਚ 5 ਸਾਲਾਂ ਦੇ ਤਜ਼ਰਬੇ ਨਾਲ ਗ੍ਰੈਜੂਏਟ

(g) UGC/AICTE/ਕਿਸੇ ਰਾਜ ਸਰਕਾਰ ਜਾਂ ਭਾਰਤ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਕਿਸੇ ਵੀ ਸੰਸਥਾ/ਯੂਨੀਵਰਸਿਟੀ ਤੋਂ ਬਿਜ਼ਨਸ ਐਡਮਿਨਿਸਟ੍ਰੇਸ਼ਨ ਵਿੱਚ ਮਾਸਟਰ ਜਾਂ ਇਸਦੇ ਬਰਾਬਰ; ਜਾਂ

(h) ਇੰਸਟੀਚਿਊਟ ਆਫ਼ ਚਾਰਟਰਡ ਅਕਾਊਂਟੈਂਟਸ ਆਫ਼ ਇੰਡੀਆ, ਨਵੀਂ ਦਿੱਲੀ ਦੇ ਐਸੋਸੀਏਟ/ਫੈਲੋ; ਜਾਂ

(i) ਇੰਸਟੀਚਿਊਟ ਆਫ਼ ਕਾਸਟ ਅਕਾਊਂਟੈਂਟਸ ਆਫ਼ ਇੰਡੀਆ, ਕੋਲਕਾਤਾ ਦੇ ਐਸੋਸੀਏਟ / ਫੈਲੋ; ਜਾਂ

(j) ਇੰਸਟੀਚਿਊਟ ਆਫ਼ ਕੰਪਨੀ ਸੈਕਟਰੀਜ਼ ਆਫ਼ ਇੰਡੀਆ, ਨਵੀਂ ਦਿੱਲੀ ਦਾ ਕਾਰਜਕਾਰੀ/ਪ੍ਰੋਫੈਸ਼ਨਲ; ਜਾਂ

(k) ਅਥਾਰਟੀ ਦੁਆਰਾ ਸਮੇਂ-ਸਮੇਂ 'ਤੇ ਨਿਰਧਾਰਤ ਕੋਈ ਹੋਰ ਯੋਗਤਾ

**9. ਪ੍ਰਿੰਸੀਪਲ ਅਫਸਰ ਦੀ ਸਿਖਲਾਈ, ਪ੍ਰੀਖਿਆ ਅਤੇ ਪ੍ਰਮਾਣੀਕਰਣ**

ਬੀਮਾ ਮਾਰਕੀਟਿੰਗ ਫਰਮ ਦਾ ਪ੍ਰਮੁੱਖ ਅਧਿਕਾਰੀ ਹੇਠਾਂ ਦੱਸੇ ਅਨੁਸਾਰ ਸਿਖਲਾਈ, ਪ੍ਰੀਖਿਆ ਅਤੇ ਪ੍ਰਮਾਣੀਕਰਣ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੇਗਾ:

a. ਮੁੱਖ ਅਧਿਕਾਰੀ ਨੂੰ ਅਥਾਰਟੀ ਦੁਆਰਾ ਮਾਨਤਾ ਪ੍ਰਾਪਤ ਸੰਸਥਾ ਤੋਂ ਪੰਜਾਹ ਘੰਟੇ ਦੀ ਬੀਮਾ ਮਾਰਕੀਟਿੰਗ ਫਰਮ ਦੀ ਸਿਖਲਾਈ ਲੇਣੀ ਪਏਗੀ, ਅਤੇ ਸਿਖਲਾਈ ਦੀ ਮਿਆਦ ਦੇ ਅੰਤ ਵਿੱਚ, ਅਥਾਰਟੀ ਦੁਆਰਾ ਮਾਨਤਾ ਪ੍ਰਾਪਤ ਪ੍ਰੀਖਿਆ ਸੰਸਥਾ ਦੁਆਰਾ ਕਰਵਾਈ ਗਈ ਇੱਕ ਪ੍ਰੀਖਿਆ ਪਾਸ ਕਰਨੀ ਹੋਵੇਗੀ

b. ਜੇਕਰ ਬੀਮਾ ਮਾਰਕੀਟਿੰਗ ਫਰਮ ਦੇ ਪ੍ਰਮੁੱਖ ਅਧਿਕਾਰੀ ਕੋਲ ਹੇਠ ਲਿਖੀਆਂ ਯੋਗਤਾਵਾਂ ਵਿੱਚੋਂ ਕੋਈ ਇੱਕ ਹੈ, ਤਾਂ ਉਸਨੂੰ 25 ਘੰਟੇ ਦੀ ਸਿਖਲਾਈ ਲੇਣੀ ਪਏਗੀ ਅਤੇ ਪ੍ਰੀਖਿਆ ਪਾਸ ਕਰਨੀ ਹੋਵੇਗੀ:

(i) ਇੰਸ਼ੋਰੈਂਸ ਇੰਸਟੀਚਿਊਟ ਆਫ ਇੰਡੀਆ, ਮੁੰਬਈ ਦੇ ਐਸੋਸੀਏਟ/ਫੈਲੋ; ਜਾਂ

(ii) ਇੰਸਟੀਚਿਊਟ ਆਫ਼ ਐਕਚੂਰੀਜ਼ ਆਫ਼ ਇੰਡੀਆ ਦਾ ਐਸੋਸੀਏਟ/ਫੈਲੋ; ਜਾਂ

(iii) ਚਾਰਟਰਡ ਇੰਸ਼ੋਰੈਂਸ ਇੰਸਟੀਚਿਊਟ, ਲੰਡਨ ਦੇ ਐਸੋਸੀਏਟ/ਫੈਲੋ; ਜਾਂ

(iv) ਇੰਸਟੀਚਿਊਟ ਆਫ਼ ਇੰਸ਼ੋਰੈਂਸ ਐਂਡ ਰਿਸਕ ਮੈਨੇਜਮੈਂਟ, ਹੈਦਰਾਬਾਦ ਦੀ ਪੋਸਟ ਗ੍ਰੈਜੂਏਟ ਯੋਗਤਾ।

c. ਜੇਕਰ ਪ੍ਰਸਤਾਵਿਤ ਪ੍ਰਿੰਸੀਪਲ ਅਫਸਰ ਨੇ ਕਿਸੇ ਬੀਮਾ ਬ੍ਰੋਕਿੰਗ ਕੰਪਨੀ / ਕਾਰਪੋਰੇਟ ਏਜੰਟ / ਵੈਬ ਐਗਰੀਗੇਟਰ ਦੇ ਪ੍ਰਿੰਸੀਪਲ ਅਫਸਰ ਲਈ ਲੋੜ ਅਨੁਸਾਰ ਸਿਖਲਾਈ ਅਤੇ ਪ੍ਰੀਖਿਆ ਪਾਸ ਕੀਤੀ ਹੈ, ਤਾਂ ਉਸਨੂੰ ਬੀਮਾ ਮਾਰਕੀਟਿੰਗ ਫਰਮ ਦਾ ਪ੍ਰਮੁੱਖ ਅਧਿਕਾਰੀ ਬਣਨ ਲਈ ਸਿਖਲਾਈ ਅਤੇ ਪ੍ਰੀਖਿਆ ਦੀ ਲੋੜ ਤੋਂ ਛੋਟ ਦਿੱਤੀ ਜਾਵੇਗੀ।

ਬਸ਼ਰਤੇ ਕਿ ਸਿਖਲਾਈ ਅਤੇ ਪ੍ਰੀਖਿਆ IMF ਦੇ ਪ੍ਰਮੁੱਖ ਅਧਿਕਾਰੀ ਵਜੋਂ ਬਿਨੈ ਕਰਨ ਦੀ ਮਿਤੀ ਤੋਂ ਪਹਿਲਾਂ 5 ਸਾਲਾਂ ਦੀ ਮਿਆਦ ਦੇ ਅੰਦਰ ਕੀਤੀ ਗਈ ਸੀ।

**10. ਬੀਮਾ ਮਾਰਕੀਟਿੰਗ ਫਰਮ ਦੇ ਪ੍ਰਮੁੱਖ ਅਧਿਕਾਰੀ ਲਈ ਫਿੱਟ ਅਤੇ ਸਹੀ ਮਾਪਦੰਡ**

ਇੰਸ਼ੋਰੈਂਸ ਮਾਰਕੀਟਿੰਗ ਫਰਮ ਦੇ ਪ੍ਰਮੁੱਖ ਅਧਿਕਾਰੀ ਜੋ ਰਜਿਸਟ੍ਰੇਸ਼ਨ ਦੀ ਮੰਗ ਕਰ ਰਿਹਾ ਹੈ, ਨੂੰ 'ਫਿੱਟ ਅਤੇ ਉਚਿਤ ਵਿਅਕਤੀ' ਮੰਨਿਆ ਜਾਵੇਗਾ ਜੇਕਰ ਉਹ ਸ਼ਰਤਾਂ ਨੂੰ ਪੂਰਾ ਕਰਦਾ ਹੈ, ਜਿਸ ਵਿੱਚ ਹੇਠਾਂ ਦਿੱਤੇ ਮਾਪਦੰਡ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਿਤ ਨਹੀਂ ਹਨ -

i. ਵਿੱਤੀ ਅਖੰਡਤਾ;

ii. ਸਜ਼ਾਵਾਂ ਜਾਂ ਸਿਵਲ ਦੇਣਦਾਰੀਆਂ ਦੀ ਅਣਹੋਂਦ;

iii. ਯੋਗਤਾ;

iv. ਚੰਗੀ ਪ੍ਰਤਿਸ਼ਠਾ ਅਤੇ ਚਰਿੱਤਰ;

v. ਕੁਸ਼ਲਤਾ ਅਤੇ ਇਮਾਨਦਾਰੀ; ਅਤੇ

vi. ਵਿਚੋਲੇ ਵਜੋਂ ਕੰਮ ਕਰਨ ਲਈ ਕਿਸੇ ਅਯੋਗਤਾ ਦੀ ਅਣਹੋਂਦ, ਜਿਵੇਂ ਕਿ ਐਕਟ ਵਿੱਚ ਨਿਰਧਾਰਤ ਕੀਤਾ ਗਿਆ ਹੈ, ਜਿਨ੍ਹੂੰ ਕਿ ਸਮੇਂ ਸਮੇਂ ਤੇ ਸੋਧਿਆ ਗਿਆ ਹੈ।

**11. ISP ਅਤੇ FSE ਲਈ ਪ੍ਰਮਾਣੀਕਰਨ ਲੋੜਾਂ**

a. ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਬੀਮਾ ਮਾਰਕੀਟਿੰਗ ਫਰਮ ਵਿਅਕਤੀਆਂ ਨੂੰ ਬੀਮਾ ਅਤੇ/ਜਾਂ ਵਿੱਤੀ ਉਤਪਾਦਾਂ ਦੀ ਮਾਰਕੀਟਿੰਗ ਕਰਨ ਲਈ ਸ਼ਾਮਲ ਕਰ ਸਕਦੀ ਹੈ।

b. ਬੀਮਾ ਮਾਰਕੀਟਿੰਗ ਫਰਮ ਨੂੰ ਉੱਪਰ ਦੱਸੇ ਵਿੱਤੀ ਉਤਪਾਦਾਂ ਤੋਂ ਇਲਾਵਾ ਕਿਸੇ ਹੋਰ ਵਿੱਤੀ ਉਤਪਾਦਾਂ ਦੀ ਮਾਰਕੀਟਿੰਗ ਕਰਨ ਦੀ ਇਜਾਜ਼ਤ ਨਹੀਂ ਹੈ।

c. ਬੀਮਾ ਮਾਰਕੀਟਿੰਗ ਫਰਮ ਦੁਆਰਾ ਲੱਗੇ ISPs ਨੂੰ ਉਹਨਾਂ ਬੀਮਾਕਰਤਾਵਾਂ ਦੇ ਬੀਮਾ ਉਤਪਾਦਾਂ ਨੂੰ ਮੰਗਣ ਅਤੇ ਖਰੀਦਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਜਿਨ੍ਹਾਂ ਨਾਲ IMF ਨੇ ਟਾਈ-ਅੱਪ / ਸਮਝੌਤਾ ਕੀਤਾ ਹੈ।

d. ਵਿੱਤੀ ਉਤਪਾਦਾਂ ਦੀ ਮਾਰਕੀਟਿੰਗ ਕਰਨ ਲਈ ਬੀਮਾ ਮਾਰਕੀਟਿੰਗ ਫਰਮ ਦੁਆਰਾ ਲਗਾਏ ਗਏ FSEs ਕੋਲ ਇਹਨਾਂ ਨਿਯਮਾਂ ਵਿੱਚ ਦਰਸਾਏ ਅਨੁਸਾਰ ਸੰਬੰਧਿਤ ਰੈਗੂਲੇਟਰ ਦੁਆਰਾ ਜਾਰੀ ਪ੍ਰਮਾਣਿਤ ਲਾਇਸੰਸ ਜਾਂ ਸਰਟੀਫਿਕੇਟ ਹੋਣਾ ਚਾਹੀਦਾ ਹੈ।

e. FSEs, ਸੰਬੰਧਿਤ ਰੈਗੂਲੇਟਰਾਂ ਦੇ ਨਿਯਮਾਂ ਦੁਆਰਾ ਨਿਯੰਤਰਿਤ ਕੀਤੇ ਜਾਣਗੇ ਅਤੇ ਕਿਸੇ ਵੀ ਗਲਤੀ ਅਤੇ ਕਮੀਸ਼ਨ ਲਈ ਜ਼ਿੰਮੇਵਾਰ ਹੋਣਗੇ ਅਤੇ ਸੰਬੰਧਿਤ ਰੈਗੂਲੇਟਰੀ/ਕਾਨੂੰਨੀ ਅਥਾਰਟੀਆਂ ਦੁਆਰਾ ਸ਼ੁਰੂ ਕੀਤੀ ਗਈ ਕਿਸੇ ਵੀ ਅਨੁਸ਼ਾਸਨੀ ਕਾਰਵਾਈ ਦੇ ਅਧੀਨ ਹੋਣਗੇ।

**12. ISP ਲਈ ਯੋਗਤਾਵਾਂ ਅਤੇ ਯੋਗਤਾ ਦੇ ਮਾਪਦੰਡ:**

ISP ਕੋਲ ਘੱਟੋ-ਘੱਟ ਯੋਗਤਾ ਹੋਣੀ ਚਾਹੀਦੀ ਹੈ:

a. ਕਿਸੇ ਮਾਨਤਾ ਪ੍ਰਾਪਤ ਬੋਰਡ/ਸੰਸਥਾ ਤੋਂ 12ਵੀਂ ਜਮਾਤ ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਪਾਸ ਕਿੱਤੀ ਹੋਣੀ ਚਾਹੀਦਾ ਹੈ।

b. ਅਥਾਰਟੀ ਦੁਆਰਾ ਨਿਰਧਾਰਤ ਬੀਮਾ ਮਾਰਕੀਟਿੰਗ ਫਰਮ ਸਿਖਲਾਈ ਤੋਂ ਗੁਜ਼ਰਨਾ ਚਾਹੀਦਾ ਹੈ ਅਤੇ ਅਥਾਰਟੀ ਦੁਆਰਾ ਮਾਨਤਾ ਪ੍ਰਾਪਤ ਸੰਸਥਾ ਤੋਂ ਬੀਮਾ ਮਾਰਕੀਟਿੰਗ ਫਰਮ ਪ੍ਰੀਖਿਆ ਵਿੱਚ ਯੋਗ ਹੋਣਾ ਚਾਹੀਦਾ ਹੈ ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ।

c. IMF ਦੇ ਰਜਿਸਟ੍ਰੇਸ਼ਨ ਦੇ ਖੇਤਰ ਵਿੱਚ ਨਿਵਾਸੀ ਹੋਣਾ ਚਾਹੀਦਾ ਹੈ।

**13. ISP ਦੀ ਸਿਖਲਾਈ, ਪ੍ਰੀਖਿਆ ਅਤੇ ਪ੍ਰਮਾਣੀਕਰਣ**

ਇੱਕ ਬੀਮਾ ਮਾਰਕੀਟਿੰਗ ਫਰਮ ਦਾ ISP ਸਿਖਲਾਈ, ਇਮਤਿਹਾਨ ਅਤੇ ਪ੍ਰਮਾਣੀਕਰਣ ਦੀਆਂ ਉਹੀ ਜ਼ਰੂਰਤਾਂ ਨੂੰ ਪੂਰਾ ਕਰੇਗਾ ਜੋ ਬੀਮਾ ਮਾਰਕੀਟਿੰਗ ਫਰਮ ਦੇ ਪ੍ਰਮੁੱਖ ਅਫਸਰ ਲਈ ਨਿਰਧਾਰਤ ਕੀਤੀਆਂ ਗਈਆਂ ਹਨ।

14. FSE ਦੀ ਸ਼ਮੂਲੀਅਤ

a. ਰੈਗੂਲੇਸ਼ਨ ਦੁਆਰਾ ਦਰਸਾਏ ਗਏ ਹੋਰ ਵਿੱਤੀ ਉਤਪਾਦਾਂ ਦੀ ਮਾਰਕੀਟਿੰਗ ਲਈ ਬੀਮਾ ਮਾਰਕੀਟਿੰਗ ਫਰਮ ਦੁਆਰਾ ਲੱਗੇ FSEs ਕੋਲ ਅਜਿਹੇ ਲਾਇਸੈਂਸ/ਸਰਟੀਫਿਕੇਟ/ਅਧਿਕਾਰਤ ਜਾਰੀ ਕਰਨ ਲਈ ਅਧਿਕਾਰਤ ਸਬੰਧਤ ਅਥਾਰਟੀਆਂ ਦੁਆਰਾ ਜਾਰੀ ਵੈਧ ਲਾਇਸੰਸ/ਸਰਟੀਫਿਕੇਟ/ਅਧਿਕਾਰਤ ਹੋਣੇ ਚਾਹੀਦੇ ਹਨ।

b. ਬੀਮਾ ਮਾਰਕੀਟਿੰਗ ਫਰਮ ਵਿੱਚ ਤੈਨਾਤ FSE ਲੋੜੀਂਦੀ ਸਿਖਲਾਈ, ਯੋਗਤਾਵਾਂ, ਤਜਰਬੇ ਅਤੇ ਹੋਰ ਲੋੜਾਂ ਨੂੰ ਪੂਰਾ ਕਰੇਗਾ ਜਿਵੇਂ ਕਿ ਹੋਰ ਰੈਗੂਲੇਟਰੀ/ਕਾਨੂੰਨੀ ਅਥਾਰਟੀਆਂ ਦੁਆਰਾ ਨਿਰਧਾਰਿਤ ਕੀਤੀ ਗਈ ਗਤੀਵਿਧੀ ਦੀ ਲੜੀ ਲਈ ਨਿਰੰਤਰ ਆਧਾਰ 'ਤੇ ਕੀਤੀ ਜਾਂਦੀ ਹੈ ਤਾਂ ਜੋ ਲਾਗੂ ਕਾਨੂੰਨ, ਨਿਯਮ, ਨਿਯਮ, ਦਿਸ਼ਾ-ਨਿਰਦੇਸ਼, ਸਰਕੂਲਰ, ਆਦਿ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾ ਸਕੇ।

15. ਬੀਮਾ ਮਾਰਕੀਟਿੰਗ ਫਰਮ ਨੂੰ ਭੁਗਤਾਨ ਯੋਗ ਮਿਹਨਤਾਨਾ

i. ਬੀਮਾਕਰਤਾ ਕਿਸੇ ਬੀਮਾ ਮਾਰਕੀਟਿੰਗ ਫਰਮ ਦੁਆਰਾ ਸ਼ੁਰੂ ਕੀਤੀਆਂ ਬੀਮਾ ਪਾਲਿਸੀਆਂ ਦੀ ਮੰਗ ਕਰਨ ਅਤੇ ਪ੍ਰਾਪਤ ਕਰਨ ਲਈ ਸਾਰੇ ਮਿਹਨਤਾਨੇ ਸਿਰਫ ਸਬੰਧਤ ਬੀਮਾ ਮਾਰਕੀਟਿੰਗ ਫਰਮ ਨੂੰ ਦੇਵੇਗਾ, ਨਾ ਕਿ ਕਿਸੇ ਹੋਰ ਵਿਅਕਤੀ ਜਾਂ ਇਕਾਈ ਨੂੰ

ਇੱਕ ਬੀਮਾਕਰਤਾ ਦੁਆਰਾ ਇੱਕ ਬੀਮਾ ਮਾਰਕੀਟਿੰਗ ਫਰਮ ਨੂੰ ਮਿਹਨਤਾਨੇ ਅਤੇ/ਜਾਂ ਇਨਾਮ ਦਾ ਭੁਗਤਾਨ ਭਾਰਤੀ ਬੀਮਾ ਰੈਗੂਲੇਟਰੀ ਅਤੇ ਵਿਕਾਸ ਅਥਾਰਟੀ (ਕਮਿਸ਼ਨ ਜਾਂ ਮਿਹਨਤਾਨੇ ਦਾ ਭੁਗਤਾਨ ਜਾਂ ਬੀਮਾ ਏਜੰਟਾਂ ਅਤੇ ਬੀਮਾ ਵਿਚੋਲਿਆਂ ਨੂੰ ਇਨਾਮ) ਰੈਗੂਲੇਸ਼ਨ, 2016 (ਜਿਨ੍ਹੂੰ ਸਮੇਂ ਸਮੇਂ ਤੇ ਸੋਧਿਆ ਗਿਆ ਹੈ) ਦੇ ਅਨੁਸਾਰ ਹੋਵੇਗਾ।

ਇਸ ਤੋਂ ਇਲਾਵਾ, ਬੀਮਾ ਮਾਰਕੀਟਿੰਗ ਫਰਮ ਜੀਵਨ ਬੀਮਾਕਰਤਾਵਾਂ ਤੋਂ ਉਹਨਾਂ ਦੇ ISPs ਦੀ ਭਰਤੀ, ਸਿਖਲਾਈ ਅਤੇ ਸਲਾਹ ਦੇਣ ਲਈ ਖਰਚਿਆਂ ਦੀ ਅਦਾਇਗੀ ਪ੍ਰਾਪਤ ਕਰ ਸਕਦੀ ਹੈ। ਇਹ ਅਦਾਇਗੀ ਜੀਵਨ ਬੀਮਾਕਰਤਾਵਾਂ ਦੇ ਮਾਮਲੇ ਵਿੱਚ IMF ਦੁਆਰਾ ਪ੍ਰਾਪਤ ਪਹਿਲੇ ਸਾਲ ਦੇ ਕਮਿਸ਼ਨ ਦੇ 50% ਅਤੇ ਨਵੀਨੀਕਰਨ ਕਮਿਸ਼ਨ ਦੇ 10% ਤੋਂ ਵੱਧ ਨਹੀਂ ਹੋਵੇਗੀ।

ii. ਬੀਮਾ ਮਾਰਕੀਟਿੰਗ ਫਰਮ ਬੀਮਾ ਸੇਵਾ ਗਤੀਵਿਧੀਆਂ ਕਰਨ ਲਈ ਫੀਸਾਂ, ਬੀਮਾ ਮਾਰਕੀਟਿੰਗ ਫਰਮ ਅਤੇ ਬੀਮਾ ਕੰਪਨੀ ਵਿਚਕਾਰ ਆਪਸੀ ਸਹਿਮਤੀ ਦੇ ਨਾਲ, ਪ੍ਰਾਪਤ ਕਰਨ ਦੀ ਵੀ ਹੱਕਦਾਰ ਹੋਵੇਗੀ, ਜੋ ਕਿ ਸਮੇਂ ਅਤੇ ਮਿਹਨਤ ਦੇ ਅਧਾਰ 'ਤੇ ਵਾਜਬ ਹੋਵੇਗੀ ਅਤੇ ਇਸ ਦਾ ਸਬੂਤ ਇੱਥੇ ਕੀਤੇ ਗਏ ਇਕਰਾਰਨਾਮੇ, ਜਿਨ੍ਹੂੰ ਫੀਸਾਂ ਦੇ ਆਧਾਰ ਦੇ ਨਾਲ ਸ਼ੁਰੂ ਵਿੱਚ ਸਪਸ਼ਟ ਤੌਰ 'ਤੇ ਸੰਬੋਧਿਤ ਕੀਤਾ ਗਿਆ ਸੀ, ਦੁਆਰਾ ਦਿੱਤਾ ਜਾਣਾ ਚਾਹੀਦਾ ਹੈ।

iii. ਬੀਮਾ ਮਾਰਕੀਟਿੰਗ ਫਰਮ, ਬੀਮਾ ਮਾਰਕੀਟਿੰਗ ਫਰਮ ਦੁਆਰਾ ਨਿਯੁਕਤ FSE ਦੁਆਰਾ ਪ੍ਰਦਾਨ ਕੀਤੀਆਂ ਸੇਵਾਵਾਂ ਲਈ ਵਿੱਤੀ ਸੰਸਥਾਵਾਂ ਤੋਂ 'ਲਾਗੂ ਸੇਵਾ ਖਰਚੇ' ਇਕੱਠੀ ਕਰਨ ਦੀ ਵੀ ਹੱਕਦਾਰ ਹੋਵੇਗੀ।

iv. ਬੀਮਾ ਮਾਰਕੀਟਿੰਗ ਫਰਮ ਦੇ ਮਿਹਨਤਾਨੇ ਦੇ ਸਬੰਧ ਵਿੱਚ ਬੀਮਾਕਰਤਾਵਾਂ ਦੁਆਰਾ ਖਾਤਿਆਂ ਦਾ ਨਿਪਟਾਰਾ ਹਰ ਮਹੀਨੇ ਕੀਤਾ ਜਾਵੇਗਾ।

**16. ISPs ਅਤੇ FSEs ਦਾ ਮਿਹਨਤਾਨਾ ਅਤੇ ISPs ਦਾ ਮਾਈਗ੍ਰੇਸ਼ਨ**

**1.** ISP **ਅਤੇ** FSE **ਦੀ ਘੱਟੋ-ਘੱਟ ਨਿਸ਼ਚਿਤ ਤਨਖਾਹ:**

(i) **ਬੀਮਾ ਮਾਰਕੀਟਿੰਗ ਫਰਮ ਦੁਆਰਾ ਨਿਯੁਕਤ ਹਰੇਕ** ISP **ਨੂੰ ਲਾਗੂ ਕਾਨੂੰਨਾਂ ਦੇ ਅਨੁਸਾਰ ਇੱਕ ਨਿਸ਼ਚਿਤ ਘੱਟੋ-ਘੱਟ ਮਹੀਨਾਵਾਰ ਤਨਖਾਹ ਦਾ ਭੁਗਤਾਨ ਕੀਤਾ ਜਾਵੇਗਾ।** IMF **ਅਤੇ** ISP **ਵਿਚਕਾਰ ਵਿਵਸਥਾ ਦੇ ਆਧਾਰ 'ਤੇ ਨਿਸ਼ਚਿਤ ਮਾਸਿਕ ਤਨਖ਼ਾਹ ਤੋਂ ਉੱਪਰ ਅਤੇ ਇਸ ਤੋਂ ਵੱਧ ਵੇਰੀਏਬਲ ਤਨਖਾਹ ਵੀ ਭੁਗਤਾਨਯੋਗ ਹੋ ਸਕਦੀ ਹੈ।**

(ii) FSE **ਨੂੰ ਸਬੰਧਤ ਰੈਗੂਲੇਟਰਾਂ ਦੇ ਲਾਗੂ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਵਿੱਤੀ ਸੰਸਥਾਵਾਂ ਦੁਆਰਾ ਮਿਹਨਤਾਨੇ ਦਾ ਭੁਗਤਾਨ ਕੀਤਾ ਜਾਵੇਗਾ।**

(iii) **ਉਪਰੋਕਤ ਧਾਰਾ** (i) **ਵਿੱਚ ਨਿਰਧਾਰਤ ਸ਼ਰਤ ਦੀ ਉਲੰਘਣਾ ਕਰਨ ਵਾਲੀ ਇੱਕ ਬੀਮਾ ਮਾਰਕੀਟਿੰਗ ਫਰਮ ਇੱਕ ਨੋਟਿਸ ਤੇ ਰਜਿਸਟ੍ਰੇਸ਼ਨ ਰੱਦ ਕਰਨ ਲਈ ਜ਼ਿੰਮੇਵਾਰ ਹੋਵੇਗੀ**

**2. ਬੀਮਾ ਏਜੰਟਾਂ ਦਾ ਬੀਮਾ ਮਾਰਕੀਟਿੰਗ ਫਰਮ ਵਿੱਚ ਮਾਈਗ੍ਰੇਸ਼ਨ:**

(i) **ਇੱਕ ਵਿਅਕਤੀਗਤ ਏਜੰਟ ਬੀਮਾ ਮਾਰਕੀਟਿੰਗ ਫਰਮ ਵਿੱਚ** PO/ISP/**ਮੈਨੇਜਿੰਗ ਪਾਰਟਨਰ/ਡਾਇਰੈਕਟਰ ਵਜੋਂ ਮਾਈਗ੍ਰੇਟ ਜਾਂ ਸ਼ਾਮਲ ਨਹੀਂ ਹੋ ਸਕਦਾ ਜਦੋਂ ਤੱਕ ਉਹ ਆਪਣੀ ਮੌਜੂਦਾ ਏਜੰਸੀ ਨਿਯੁਕਤੀ ਤੋਂ ਅਸਤੀਫਾ ਨਹੀਂ ਦੇ ਦਿੰਦਾ ਅਤੇ ਇਹਨਾਂ ਨਿਯਮਾਂ ਵਿੱਚ ਦਰਸਾਏ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦਾ ਹੈ।**

(ii) **ਬਸ਼ਰਤੇ ਕਿ ਕਿਸੇ ਬੀਮਾ ਮਾਰਕੀਟਿੰਗ ਫਰਮ ਵਿੱਚ ਪਰਵਾਸ ਕਰਨ ਜਾਂ ਉਸ ਵਿੱਚ ਸ਼ਾਮਲ ਹੋਣ ਵਾਲੇ ਏਜੰਟ ਦੇ ਏਜੰਸੀ ਲਾਭਾਂ ਨੂੰ ਜਾਰੀ ਰੱਖਣਾ ਸਬੰਧਤ ਬੀਮਾਕਰਤਾਵਾਂ ਦੀ ਬੋਰਡ ਦੁਆਰਾ ਪ੍ਰਵਾਨਿਤ ਨੀਤੀ ਦੁਆਰਾ ਨਿਯੰਤਰਿਤ ਕੀਤਾ ਜਾਵੇਗਾ।**

(iii) **ਇੱਕ ਬੀਮਾ ਮਾਰਕੀਟਿੰਗ ਫਰਮ ਵਿੱਚ ਇੱਕ** ISP **ਦੇ ਤੌਰ 'ਤੇ ਨਿਯੁਕਤ ਵਿਅਕਤੀ ਨੂੰ ਕਿਸੇ ਵੀ ਬੀਮਾ ਕੰਪਨੀ, ਬੀਮਾ ਮਾਰਕੀਟਿੰਗ ਫਰਮ ਜਾਂ ਬੀਮਾ ਬ੍ਰੋਕਿੰਗ ਫਰਮ ਵਿੱਚ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਜਦੋਂ ਤੱਕ ਕਿ ਉਸਨੇ ਮੌਜੂਦਾ ਬੀਮਾ ਮਾਰਕੀਟਿੰਗ ਫਰਮ ਤੋਂ ਕੋਈ ਇਤਰਾਜ਼ ਨਹੀਂ ਸਰਟੀਫਿਕੇਟ** (NOC) **ਪ੍ਰਾਪਤ ਨਹੀਂ ਕੀਤਾ ਹੈ।**

**17. ਬੀਮਾ ਮਾਰਕੀਟਿੰਗ ਫਰਮ ਦੇ ਸੰਚਾਲਨ ਦਾ ਖੇਤਰ**

**1. ਬੀਮਾ ਮਾਰਕੀਟਿੰਗ ਫਰਮ** ISPs, **ਜੋ ਉਸ ਖੇਤਰ ਦੇ ਨਿਵਾਸੀ ਹਨ, ਨੂੰ ਨਿਯੁਕਤ ਕਰੇਗੀ ਜਿਸ ਲਈ ਅਰਜ਼ੀ ਵਿੱਚ ਰਜਿਸਟਰੇਸ਼ਨ ਲਈ ਬੇਨਤੀ ਕੀਤੀ ਗਈ ਹੈ ਅਤੇ ਅਥਾਰਟੀ ਦੁਆਰਾ ਮਨਜ਼ੂਰ ਕੀਤੀ ਗਈ ਹੈ। ਹਾਲਾਂਕਿ,** IMF **ਪੂਰੇ ਦੇਸ਼ ਤੋਂ ਬੀਮਾ ਕਾਰੋਬਾਰ ਮੰਗਣ ਜਾਂ ਪ੍ਰਾਪਤ ਕਰਨ ਲਈ ਸੁਤੰਤਰ ਹੋਵੇਗਾ;**

2. "ਖੇਤਰ" ਨੂੰ ਉਸ ਜ਼ਿਲ੍ਹੇ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਜਿਸ ਲਈ ਬੀਮਾ ਮਾਰਕੀਟਿੰਗ ਫਰਮ ਦੀ ਰਜਿਸਟਰੇਸ਼ਨ ਵੈਧ ਹੈ। ਇੱਕ ਰਾਜ ਦੇ ਅੰਦਰ ਵੱਧ ਤੋਂ ਵੱਧ ਤਿੰਨ ਜ਼ਿਲ੍ਹਿਆਂ ਨੂੰ ਰਜਿਸਟ੍ਰੇਸ਼ਨ/ਨਵੀਨੀਕਰਨ ਦੀ ਆਗਿਆ ਹੈ।
3. ਅਥਾਰਟੀ ਨੂੰ ਬਿਨੈ-ਪੱਤਰ ਜਮ੍ਹਾਂ ਕਰਦੇ ਸਮੇਂ ਬੀਮਾ ਮਾਰਕੀਟਿੰਗ ਫਰਮ ਦੁਆਰਾ ਚੁਣੇ ਗਏ ਖੇਤਰ ਦਾ ਬਿਨੈ-ਪੱਤਰ A ਅਤੇ ਨਵਿਆਉਣ ਲਈ ਅਰਜ਼ੀ ਫਾਰਮ AA ਵਿੱਚ ਸਪਸ਼ਟ ਤੌਰ 'ਤੇ ਜ਼ਿਕਰ ਕੀਤਾ ਜਾਣਾ ਚਾਹੀਦਾ ਹੈ।

ਬਸ਼ਰਤੇ ਕਿ ਜੇਕਰ ਕੋਈ ਬਿਨੈਕਾਰ ਇੱਕ ਤੋਂ ਵੱਧ ਜ਼ਿਲ੍ਹਿਆਂ ਦੀ ਚੋਣ ਕਰ ਰਿਹਾ ਹੈ, ਤਾਂ ਉਹ ਘੱਟੋ-ਘੱਟ ਜ਼ਿਲ੍ਹਿਆਂ ਵਿੱਚੋਂ ਇੱਕ ਚਾਹਵਾਨ ਹੋਵੇਗਾ।

4. ਅੱਗੇ ਬਸ਼ਰਤੇ ਕਿ ਬੀਮਾ ਮਾਰਕੀਟਿੰਗ ਫਰਮ ਦੁਆਰਾ ਦਫਤਰ ਦਾ ਕੋਈ ਵੀ ਜੋੜ ਜਾਂ ਰਜਿਸਟਰਡ ਪਤੇ ਵਿੱਚ ਤਬਦੀਲੀ ਕੇਵਲ ਅਥਾਰਟੀ ਦੀ ਪੂਰਵ ਪ੍ਰਵਾਨਗੀ ਨਾਲ ਹੀ ਕੀਤੀ ਜਾਵੇਗੀ। ਦਫ਼ਤਰ ਨੂੰ ਵਧਾਣ ਜਾਂ ਰਜਿਸਟਰਡ ਪਤੇ ਵਿੱਚ ਤਬਦੀਲੀ ਲਈ ਬੇਨਤੀ ਅਥਾਰਟੀ ਨੂੰ ਅਥਾਰਟੀ ਦੁਆਰਾ ਨਿਰਧਾਰਤ ਫਾਰਮੈਟ ਵਿੱਚ ਕੀਤਾ ਜਾ ਸਕਦਾ ਹੈ;
5. ਅਥਾਰਟੀ ਬੀਮਾ ਮਾਰਕੀਟਿੰਗ ਫਰਮ ਨੂੰ ਫਾਰਮ B ਵਿੱਚ ਕੀਤੀ ਗਈ ਰਜਿਸਟ੍ਰੇਸ਼ਨ ਵਿੱਚ ਸ਼ਾਮਲ ਕਰੇਗੀ।
6. ਇੰਸ਼ੋਰੈਂਸ ਮਾਰਕੀਟਿੰਗ ਫਰਮ ਰਜਿਸਟ੍ਰੇਸ਼ਨ ਦੇ ਨਵੀਨੀਕਰਨ ਲਈ ਅਰਜ਼ੀ ਦਾਇਰ ਕਰਦੇ ਸਮੇਂ ਵੱਧ ਤੋਂ ਵੱਧ 3 ਜ਼ਿਲ੍ਹਿਆਂ ਦੇ ਅਧੀਨ ਹੋਰ ਖੇਤਰਾਂ ਲਈ ਅਰਜ਼ੀ ਦੇ ਸਕਦੀ ਹੈ।
7. ਬੀਮਾ ਮਾਰਕੀਟਿੰਗ ਫਰਮ ਚੁਣੇ ਗਏ ਖੇਤਰ ਵਿੱਚ ਸਥਾਪਿਤ ਕੀਤੇ ਜਾਣ ਵਾਲੇ ਦਫਤਰਾਂ ਦੇ ਵੇਰਵੇ ਦੱਸੇਗੀ; ਜਿਸ ਵਿੱਚ ਨਵੀਂ ਰਜਿਸਟ੍ਰੇਸ਼ਨ ਅਤੇ ਨਵਿਆਉਣ ਲਈ ਅਰਜ਼ੀ ਫਾਰਮ ਵਿੱਚ ਮਨੁੱਖਾਂ ਦੀ ਤਾਇਨਾਤੀ ਵੀ ਸ਼ਾਮਲ ਹੈ। ਨਵਿਆਉਣ ਦੇ ਸਮੇਂ ਚੁਣੇ ਗਏ ਵਾਧੂ ਖੇਤਰਾਂ ਨੂੰ ਗੁਣਾਂ 'ਤੇ ਵਿਚਾਰਿਆ ਜਾਵੇਗਾ।

   ਬਸ਼ਰਤੇ ਕਿ ਜੇਕਰ ਬੀਮਾ ਮਾਰਕੀਟਿੰਗ ਫਰਮ ਦੇ ਇੱਕ ਤੋਂ ਵੱਧ ਦਫ਼ਤਰ ਹਨ, ਤਾਂ ਇਹ ਯਕੀਨੀ ਬਣਾਏਗਾ ਕਿ ਹਰੇਕ ਦਫ਼ਤਰ ਵਿੱਚ ਘੱਟੋ-ਘੱਟ ਇੱਕ ISP ਹੋਵੇ।

8. ਜੇਕਰ ਨਵੀਨੀਕਰਣ ਅਰਜ਼ੀ ਵਿੱਚ ਬੀਮਾ ਮਾਰਕੀਟਿੰਗ ਫਰਮ ਦੁਆਰਾ ਵਾਧੂ ਖੇਤਰਾਂ ਦੀ ਚੋਣ ਨਹੀਂ ਕੀਤੀ ਜਾਂਦੀ, ਤਾਂ ਨਵੀਨੀਕਰਨ ਨੂੰ ਉਸ ਮੂਲ ਅਧਿਕਾਰ ਖੇਤਰ ਲਈ ਵਿਚਾਰਿਆ ਜਾਵੇਗਾ ਜਿਸ ਲਈ ਰਜਿਸਟ੍ਰੇਸ਼ਨ ਕੀਤੀ ਗਈ ਸੀ।
9. ਬੀਮਾ ਮਾਰਕੀਟਿੰਗ ਫਰਮ ਰਜਿਸਟ੍ਰੇਸ਼ਨ ਦੇ ਨਵੀਨੀਕਰਨ ਲਈ ਅਰਜ਼ੀ ਦਿੰਦੇ ਸਮੇਂ ਖੇਤਰ ਵਿੱਚ ਤਬਦੀਲੀ ਦੀ ਚੋਣ ਕਰ ਸਕਦੀ ਹੈ। ਅਥਾਰਟੀ ਨਵੇਂ ਚੁਣੇ ਗਏ ਖੇਤਰਾਂ ਵਿੱਚ ਸਥਾਪਤ ਕੀਤੇ ਜਾਣ ਵਾਲੇ ਦਫ਼ਤਰਾਂ ਦੇ ਵੇਰਵੇ ਜਮ੍ਹਾਂ ਕਰਾਉਣ ਵਾਲੀ ਬੀਮਾ ਮਾਰਕੀਟਿੰਗ ਫਰਮ ਦੇ ਅਧੀਨ ਬੇਨਤੀ 'ਤੇ ਵਿਚਾਰ ਕਰ ਸਕਦੀ ਹੈ; ਜਿੱਥੇ ਨਵੀਨੀਕਰਨ ਅਰਜ਼ੀ ਫਾਰਮ ਵਿੱਚ ਮਨੁੱਖਾਂ ਦੀ ਤਾਇਨਾਤੀ ਆਦਿ ਸ਼ਾਮਲ ਹਨ।

18. ISP ਪ੍ਰਤੀ ਬੀਮਾ ਮਾਰਕੀਟਿੰਗ ਫਰਮ ਦੇ ਕਰਤੱਵ ਅਤੇ ਜ਼ਿੰਮੇਵਾਰੀਆਂ

1. ਬੀਮਾ ਮਾਰਕੀਟਿੰਗ ਫਰਮ, ਅਥਾਰਟੀ ਤੋਂ ਰਜਿਸਟ੍ਰੇਸ਼ਨ ਪ੍ਰਾਪਤ ਕਰਨ 'ਤੇ, ਬੀਮਾ ਕਾਰੋਬਾਰੀ ਗਤੀਵਿਧੀ ਨੂੰ ਪੂਰਾ ਕਰਨ ਲਈ ਬੀਮਾ ਕੰਪਨੀਆਂ ਨਾਲ ਸਮਝੌਤਾ ਕਰ ਸਕਦੀ ਹੈ।
2. ਬੀਮਾ ਮਾਰਕੀਟਿੰਗ ਫਰਮ ਤਨਖਾਹ ਅਤੇ ਪ੍ਰੋਤਸਾਹਨ ਦੇ ਆਧਾਰ 'ਤੇ ਲਾਇਸੰਸਸ਼ੁਦਾ ISP ਅਤੇ FSE ਨੂੰ ਸ਼ਾਮਲ ਕਰ ਸਕਦੀ ਹੈ।
3. ਬੀਮਾ ਮਾਰਕੀਟਿੰਗ ਫਰਮ ਨਾਲ ਸਬੰਧਤ ਮਾਮਲਿਆਂ 'ਤੇ ਫਰਮ ਦੁਆਰਾ ਲੱਗੇ ISP ਨਾਲ ਸਮਝੌਤੇ ਵਿੱਚ ਹੇਠ ਸੰਬੰਧਿਤ ਸ਼ਰਤਾਂ ਅਤੇ ਧਾਰਾਵਾਂ ਸ਼ਾਮਲ ਹੋਣਗੀਆਂ –
    a. ਬੀਮਾ ਮਾਰਕੀਟਿੰਗ ਫਰਮ ਨਾਲ ਸ਼ਮੂਲੀਅਤ
    b. ਨਿਰਧਾਰਿਤ ਆਚਾਰ ਸੰਹਿਤਾ,
    c. ਵਿਕਰੀ ਪ੍ਰਕਿਰਿਆਵਾਂ/ਨਿਯਮ ਆਦਿ।
    d. ਮਿਹਨਤਾਨਾ -
        i. ISPs ਦੁਆਰਾ ਪਾਲਿਸੀਆਂ ਦੀ ਮੰਗ ਅਤੇ ਖਰੀਦ ਲਈ ਬੀਮਾ ਮਾਰਕੀਟਿੰਗ ਫਰਮ ਦੁਆਰਾ ISP ਨੂੰ ਭੁਗਤਾਨ ਯੋਗ ਮਿਹਨਤਾਨਾ ਤਨਖਾਹ ਅਤੇ ਪ੍ਰੋਤਸਾਹਨ ਦੇ ਅਧਾਰ 'ਤੇ ਹੋਵੇਗਾ।
        ii. ਉੱਪਰ ਦੱਸੀ ਗਈ ਘੱਟੋ-ਘੱਟ ਰਕਮ ਤੋਂ ਇਲਾਵਾ, ISPs ਦੀ ਕਾਰਗੁਜ਼ਾਰੀ 'ਤੇ ਨਿਰਭਰ ਕਰਦੇ ਹੋਏ, ਬੀਮਾ ਮਾਰਕੀਟਿੰਗ ਫਰਮ ਉਸਨੂੰ ਵਾਧੂ ਪ੍ਰੋਤਸਾਹਨ ਦੇ ਸਕਦੀ ਹੈ, ਜੋ ਕਿ ਪਹਿਲਾਂ ਘੋਸ਼ਿਤ ਕੀਤੇ ਜਾਂਦੇ ਹਨ ਅਤੇ ਉਸਦੇ ਅਤੇ ਬੀਮਾ ਮਾਰਕੀਟਿੰਗ ਫਰਮ ਵਿਚਕਾਰ ਰੁਜ਼ਗਾਰ ਸਮਝੌਤੇ ਦਾ ਹਿੱਸਾ ਬਣਦੇ ਹਨ।
    e. ਇੰਸ਼ੋਰੈਂਸ ਮਾਰਕੀਟਿੰਗ ਫਰਮ ਕਿਸੇ ਵੀ ਹਾਲਤ ਵਿੱਚ ਰਜਿਸਟਰੇਸ਼ਨ ਦੀ ਮਿਆਦ ਦੇ ਦੌਰਾਨ ISP ਨੂੰ ਰੁਜ਼ਗਾਰ ਤੋਂ ਬਰਖਾਸਤ ਨਹੀਂ ਕਰ ਸਕਦੀ, ਸਿਵਾਏ ਰਜਿਸਟ੍ਰੇਸ਼ਨ 27 (2) (b) ਦੇ ਅਧੀਨ।
    f. ਮਾਰਕੀਟਿੰਗ ਫਰਮ ਦੇ ਰਜਿਸਟਰੇਸ਼ਨ ਦੇ ਨਵੀਨੀਕਰਨ ਦੇ ਸਮੇਂ ਜਾਂ ਮਾਰਕੀਟਿੰਗ ਫਰਮ ਨੂੰ ਸੌਂਪੇ ਗਏ ਅਸਤੀਫੇ ਦੇ ਸਮੇਂ, ISP ਦੁਆਰਾ ਮਾਲਕ ਦੀ ਕੋਈ ਵੀ ਤਬਦੀਲੀ ਬੀਮਾ ਰੈਗੂਲੇਸ਼ਨ 27(2)(ਬੀ) ਵਿੱਚ ਨਿਰਧਾਰਤ ਸ਼ਰਤਾਂ ਅਤੇ ਨਿਯਮਾਂ ਦੀ ਪੂਰਤੀ ਦੇ ਅਧੀਨ ਹੋਵੇਗੀ।
4. ਬੀਮਾ ਮਾਰਕੀਟਿੰਗ ਫਰਮ ISP ਬਣਨ ਦੇ ਇਰਾਦੇ ਵਾਲੇ ਵਿਅਕਤੀਆਂ ਨੂੰ ਨਿਰਧਾਰਤ ਸਿਖਲਾਈ ਅਤੇ ਪ੍ਰਮਾਣੀਕਰਣ ਤੋਂ ਗੁਜ਼ਰਨ ਲਈ ਸਹਾਇਤਾ ਕਰੇਗੀ।
5. ਬੀਮਾ ਮਾਰਕੀਟਿੰਗ ਫਰਮ ISP ਦੀਆਂ ਗਤੀਵਿਧੀਆਂ ਦੀ ਨਿਰੰਤਰ ਨਿਗਰਾਨੀ ਨੂੰ ਯਕੀਨੀ ਬਣਾਏਗੀ ਅਤੇ ISP ਦੁਆਰਾ ਇਹਨਾਂ ਨਿਯਮਾਂ ਅਤੇ ਆਚਾਰ ਸੰਹਿਤਾ ਦੀ ਪਾਲਣਾ ਲਈ ਜ਼ਿੰਮੇਵਾਰ ਹੋਵੇਗੀ।

19. ਅਥਾਰਟੀ ਪ੍ਰਤੀ ਬੀਮਾ ਮਾਰਕੀਟਿੰਗ ਫਰਮ ਦੇ ਕਰਤੱਵ ਅਤੇ ਜ਼ਿੰਮੇਵਾਰੀਆਂ

ਬੀਮਾ ਮਾਰਕੀਟਿੰਗ ਫਰਮ

a. 30 ਦਿਨਾਂ ਦੇ ਅੰਦਰ ਅਥਾਰਟੀ ਨੂੰ ਤੁਰੰਤ ਲਿਖਤੀ ਰੂਪ ਹੇਠ ਦਿੱਤੀਆਂ ਗਲਾਂ ਬਾਰੇ ਸੂਚਿਤ ਕਰਨ ਦਾ ਵਾਅਦਾ ਕਰੇਗਾ:

i) ਅਥਾਰਟੀ ਦੁਆਰਾ ਜਾਰੀ ਬੀਮਾ ਮਾਰਕੀਟਿੰਗ ਫਰਮ ਦੀਆਂ ਗਤੀਵਿਧੀਆਂ ਦੇ ਦਾਇਰੇ ਦੇ ਸਬੰਧ ਵਿੱਚ ਰਜਿਸਟ੍ਰੇਸ਼ਨ ਦੀ ਸਥਿਤੀ ਵਿੱਚ ਕੋਈ ਤਬਦੀਲੀ;

ii) ਬੀਮਾਕਰਤਾਵਾਂ ਨਾਲ ਸ਼ਮੂਲੀਅਤ ਵਿੱਚ ਕੋਈ ਤਬਦੀਲੀ;

iii) ISP ਦਾ ਜੁੜਣਾ ਜਾਂ ਹਟਣਾ;

iv) ਇਸਦੇ ਸੰਵਿਧਾਨ (ਸ਼ੇਅਰਹੋਲਡਿੰਗ ਤਬਦੀਲੀ ਸਮੇਤ), ਮਲਕੀਅਤ, ਨਿਰਦੇਸ਼ਕ / ਭਾਈਵਾਲ ਵਿੱਚ ਕੋਈ ਤਬਦੀਲੀ;

v) ਕਿਸੇ ਹੋਰ ਰੈਗੂਲੇਟਰੀ / ਕਾਨੂੰਨੀ ਅਥਾਰਟੀ ਦੁਆਰਾ ਕੋਈ ਅਨੁਸ਼ਾਸਨੀ ਕਾਰਵਾਈ ਜਾਂ ਜਾਂਚ।

b. ਇਹ ਸੁਨਿਸ਼ਚਿਤ ਕਰੋ ਕਿ ਬੀਮਾ ਕਾਰੋਬਾਰ ਦੀ ਮੰਗ ਲਈ ਜ਼ਿੰਮੇਵਾਰ ISPs ਸਮਰੱਥ, ਯੋਗਤਾ ਪ੍ਰਾਪਤ, ਲੋੜੀਂਦੀ ਸਿਖਲਾਈ ਤੋਂ ਗੁਜ਼ਰ ਚੁੱਕੇ ਹੋਣ ਅਤੇ ਉਨਹਾਂ ਨੇ ਅਥਾਰਟੀ ਦੁਆਰਾ ਨਿਰਧਾਰਿਤ ਪ੍ਰੀਖਿਆ ਪਾਸ ਕੀਤੀ ਹੈ;

c. ਗਾਹਕ ਦੀ ਅਗਾਊਂ ਇਜਾਜ਼ਤ ਲਏ ਬਿਨਾਂ, ਉਸ ਦੇ ਗਾਹਕ ਬਾਰੇ ਕੋਈ ਵੀ ਗੁਪਤ ਜਾਣਕਾਰੀ, ਜੋ ਕਿ ਉਸ ਦੇ ਗਿਆਨ ਵਿੱਚ ਆਈ ਹੈ, ਦਾ ਖੁਲਾਸਾ ਨਾ ਕਰੋ, ਸਿਵਾਏ ਇਸ ਤੋਂ ਇਲਾਵਾ ਜਿੱਥੇ ਅਜਿਹੇ ਖੁਲਾਸੇ ਸਮੇਂ ਲਈ ਲਾਗੂ ਕਿਸੇ ਕਾਨੂੰਨ ਦੀ ਪਾਲਣਾ ਵਿੱਚ ਕੀਤੇ ਜਾਣ ਦੀ ਲੋੜ ਹੈ।

d. IRDA (ਇਸ਼ਤਿਹਾਰ ਅਤੇ ਖੁਲਾਸਾ) ਰੈਗੂਲੇਸ਼ਨ, 2000, ਜਿਨ੍ਹਾਂ ਕਿ ਸਮੇਂ-ਸਮੇਂ 'ਤੇ ਸੋਧਿਆ ਜਾਂਦਾ ਹੈ, ਦੀ ਪਾਲਣਾ ਕਰੋ, ਜੋ ਕਿ ਵਿਚੋਲਿਆਂ 'ਤੇ ਲਾਗੂ ਹੁੰਦਾ ਹੈ, ਅਤੇ ਬੀਮੇ ਦੀ ਜਾਗਰੂਕਤਾ ਨੂੰ ਵਧਾਉਣ ਲਈ ਉਪਾਅ ਕਰੋ।

e. ਅਥਾਰਟੀ ਦੁਆਰਾ ਜਾਰੀ ਕੀਤੇ ਗਏ ਉਨ੍ਹਾਂ ਦੇ ਰਜਿਸਟ੍ਰੇਸ਼ਨ ਦੇ ਵੇਰਵੇ, ਉਨ੍ਹਾਂ ਦੇ ਕੰਮ/ਦਫ਼ਤਰ ਦੇ ਸਥਾਨ 'ਤੇ ਪ੍ਰਦਰਸ਼ਿਤ ਕਰੋ, ਜਿਵੇਂ ਕਿ, ਰਜਿਸਟ੍ਰੇਸ਼ਨ ਜਾਰੀ ਕਰਨ ਦੀ ਮਿਤੀ ਅਤੇ ਇਸ ਦੀ ਵੈਧਤਾ, ਆਗਿਆ ਪ੍ਰਾਪਤ ਵਪਾਰਕ ਗਤੀਵਿਧੀਆਂ ਦੀ ਸੂਚੀ, ਸ਼ਿਕਾਇਤ ਨਿਪਟਣ ਦੀ ਪ੍ਰਕਿਰਿਆ, ਲੋਕਪਾਲ ਦੀ ਸੂਚੀ ਅਤੇ ਅਜਿਹੀ ਹੋਰ ਸੰਬੰਧਿਤ ਜਾਣਕਾਰੀ ਜੋ ਲਾਗੂ ਕਾਨੂੰਨ ਅਧੀਨ ਲੋੜੀਂਦਾ ਹੈ

f. ਅਥਾਰਟੀ ਦੁਆਰਾ ਸਮੇਂ-ਸਮੇਂ 'ਤੇ ਜਾਰੀ ਕੀਤੇ ਨਿਯਮਾਂ, ਨਿਯਮਾਂ, ਸਰਕੂਲਰ ਅਤੇ ਦਿਸ਼ਾ-ਨਿਰਦੇਸ਼ਾਂ ਸਮੇਤ, ਸਮੇਂ-ਸਮੇਂ 'ਤੇ ਸੋਧੇ ਗਏ ਐਕਟ ਦੇ ਅਧੀਨ ਸਾਰੇ ਲਾਗੂ ਉਪਬੰਧਾਂ ਦੀ ਪਾਲਣਾ ਕਰੋ।

g. ਰਜਿਸਟ੍ਰੇਸ਼ਨ ਦੀਆਂ ਸ਼ਰਤਾਂ ਦੇ ਅਨੁਸਾਰ ਆਪਣੇ ਕਰਤੱਵਾਂ, ਕਾਰਜਾਂ ਨੂੰ ਇਸ ਤਰੀਕੇ ਨਾਲ ਨਿਭਾਉਣਾ ਕਿ ਉਹ ਫਰੰਟਿੰਗ ਪ੍ਰਬੰਧਾਂ ਜਾਂ ਫਰੈਂਚਾਇਜ਼ੀ ਸੰਸਥਾ ਵਜੋਂ ਕੰਮ ਨਹੀਂ ਕਰਨਗੇ ਅਤੇ ਜਨਤਕ ਹਿੱਤ ਵਿੱਚ ਕੰਮ ਕਰਨਗੇ ਅਤੇ ਅਜਿਹੇ ਕਰਮਚਾਰੀਆਂ/ਵਿਅਕਤੀਆਂ ਦੁਆਰਾ ਕੀਤੀ ਗਈ ਉਲੰਘਣਾ ਦੇ ਮਾਮਲੇ ਵਿੱਚ ਉਹਨਾਂ ਦੁਆਰਾ ਲਗਾਏ ਗਏ ਵਿਅਕਤੀ ਵਿਸ਼ਵਾਸਯੋਗ ਸਮਰੱਥਾ ਵਿੱਚ ਉਹਨਾਂ ਦੇ ਆਪਣੇ ਕਰਮਚਾਰੀਆਂ ਦੀਆਂ ਭੁੱਲਾਂ ਅਤੇ ਕਮਿਸ਼ਨਾਂ ਲਈ ਜਵਾਬਦੇਹ ਹੋਣਗੇ

h. ਨਿਯਮਾਂ ਦੇ ਤਹਿਤ ਲੋੜ ਅਨੁਸਾਰ ਇੱਕ ਪੇਸ਼ੇਵਰ ਮੁਆਵਜ਼ਾ ਬੀਮਾ ਕਵਰ ਬਣਾਈ ਰੱਖੋ;

**20. ਬੀਮਾ ਕੰਪਨੀਆਂ ਪ੍ਰਤੀ ਬੀਮਾ ਮਾਰਕੀਟਿੰਗ ਫਰਮ ਦੇ ਕਰਤੱਵ ਅਤੇ ਜ਼ਿੰਮੇਵਾਰੀਆਂ**

**ਬੀਮਾ ਮਾਰਕੀਟਿੰਗ ਫਰਮ, ਐਕਟ ਦੀ ਧਾਰਾ 42D, ਜਿਨ੍ਹੂੰ ਕਿ ਸਮੇਂ-ਸਮੇਂ 'ਤੇ ਸੋਧਿਆ ਜਾਂਦਾ ਹੈ, ਦੇ ਅਧੀਨ ਅਥਾਰਟੀ ਤੋਂ ਰਜਿਸਟ੍ਰੇਸ਼ਨ ਪ੍ਰਾਪਤ ਕਰਨ ਤੋਂ ਬਾਅਦ ਇੱਕ ਬੀਮਾ ਵਿਚੋਲੇ ਵਜੋਂ ਕੰਮ ਕਰਨ ਲਈ, ਬੀਮਾ ਕਾਰੋਬਾਰੀ ਗਤੀਵਿਧੀ ਨੂੰ ਪੂਰਾ ਕਰਨ ਲਈ ਬੀਮਾ ਕੰਪਨੀਆਂ ਨਾਲ ਸਮਝੌਤਾ ਕਰ ਸਕਦਾ ਹੈ। ਸਮਝੌਤੇ ਵਿੱਚ ਹੇਠ ਦਿੱਤੀਆਂ ਸ਼ਰਤਾਂ ਸ਼ਾਮਲ ਹੋ ਸਕਦੀਆਂ ਹਨ-**

(a) **ਬੀਮਾ ਮਾਰਕੀਟਿੰਗ ਫਰਮ ਨਾਲ ਸ਼ਮੂਲੀਅਤ**

(b) **ਨਿਰਧਾਰਿਤ ਆਚਾਰ ਸੰਹਿਤਾ,**

(c) **ਵਿਕਰੀ ਪ੍ਰਕਿਰਿਆਵਾਂ/ਨਿਯਮ ਆਦਿ।**

(d) **ਮਿਹਨਤਾਨਾ ਆਧਾਰ**

(e) **ਨਿਊਨਤਮ ਮਿਆਦ**

(f) **ਰਿਕਾਰਡਾਂ ਨੂੰ ਸਾਂਝਾ ਕਰਨਾ**

(g) **ਉਤਪਾਦ ਸਿਖਲਾਈ**

(h) **ਭਾਰਤੀ ਰਿਜ਼ਰਵ ਬੈਂਕ** (RBI) **ਦੁਆਰਾ ਮਾਨਤਾ ਪ੍ਰਾਪਤ ਭੁਗਤਾਨ ਦੇ ਢੰਗ ਅਤੇ** IMF **ਅਤੇ ਇਕਰਾਰਨਾਮੇ ਵਿੱਚ ਬੀਮਾਕਰਤਾ ਵਿਚਕਾਰ ਆਪਸੀ ਸਹਿਮਤੀ ਅਨੁਸਾਰ ਪ੍ਰੀਮੀਅਮਾਂ ਦਾ ਸੰਗ੍ਰਹਿ।**

**21. ਨੋਟਿਸ ਦੇ ਨਾਲ ਬੀਮਾ ਮਾਰਕੀਟਿੰਗ ਫਰਮ ਦੀ ਰਜਿਸਟ੍ਰੇਸ਼ਨ ਨੂੰ ਰੱਦ ਕਰਨਾ**

**ਅਥਾਰਟੀ ਹੇਠਾਂ ਦਿੱਤੇ ਕਿਸੇ ਇੱਕ ਜਾਂ ਵੱਧ ਕਾਰਨਾਂ ਕਰਕੇ ਬੀਮਾ ਮਾਰਕੀਟਿੰਗ ਫਰਮ ਦੀ ਰਜਿਸਟਰੇਸ਼ਨ ਨੂੰ ਮੁਅੱਤਲ ਜਾਂ ਰੱਦ ਕਰ ਸਕਦੀ ਹੈ:**

i) **ਰਜਿਸਟ੍ਰੇਸ਼ਨ ਦੀ ਮਿਆਦ ਦੇ ਦੌਰਾਨ ਕਿਸੇ ਵੀ ਸਮੇਂ ਐਕਟ ਦੀ ਧਾਰਾ** 42D **ਦੀ ਉਪ ਧਾਰਾ** (5), **ਜਿਸਨੂੰ ਕਿ ਸਮੇਂ-ਸਮੇਂ 'ਤੇ ਸੋਧਿਆ ਗਿਆ ਹੈ, ਦੇ ਅਧੀਨ ਨਿਰਧਾਰਤ ਕਿਸੇ ਵੀ ਅਯੋਗਤਾ ਤੋਂ ਪੀੜਤ ਹੈ;**

ii) IRDA **ਐਕਟ** 1999, **ਜਿਸਨੂੰ ਕਿ ਸਮੇਂ-ਸਮੇਂ 'ਤੇ ਸੰਸ਼ੋਧਿਤ ਕੀਤਾ ਗਿਆ ਹੈ, ਦੇ ਨਿਯਮਾਂ, ਵਿਨਿਯਮਾਂ, ਦਿਸ਼ਾ-ਨਿਰਦੇਸ਼ਾਂ, ਨੋਟਿਸਾਂ, ਸਰਕੂਲਰ ਅਧੀਨ ਬਣਾਏ ਗਏ ਉਪਬੰਧਾਂ ਦੀ ਉਲੰਘਣਾ ਕਰਦਾ ਹੈ, ਜਿਵੇਂ ਕਿ:**

a. **ਅਥਾਰਟੀ ਦੁਆਰਾ ਲੋੜ ਅਨੁਸਾਰ ਇੱਕ ਬੀਮਾ ਮਾਰਕੀਟਿੰਗ ਫਰਮ ਵਜੋਂ ਆਪਣੀਆਂ ਗਤੀਵਿਧੀਆਂ ਨਾਲ ਸਬੰਧਤ ਕੋਈ ਵੀ ਜਾਣਕਾਰੀ ਪ੍ਰਦਾਨ ਕਰਨ ਵਿੱਚ ਅਸਫਲ;**

b. **ਗਲਤ ਜਾਂ ਝੂਠੀ ਜਾਣਕਾਰੀ ਪ੍ਰਦਾਨ ਕਰਦਾ ਹੈ; ਜਾਂ ਰਜਿਸਟ੍ਰੇਸ਼ਨ ਪ੍ਰਾਪਤ ਕਰਨ ਲਈ ਜਮ੍ਹਾ ਕੀਤੀ ਅਰਜ਼ੀ ਵਿੱਚ ਭੌਤਿਕ ਤੱਥਾਂ ਨੂੰ ਛੁਪਾਉਂਦਾ ਜਾਂ ਪ੍ਰਗਟ ਕਰਨ ਵਿੱਚ ਅਸਫਲ ਰਹਿੰਦਾ ਹੈ;**

c. **ਗਾਹਕ ਜਾਂ ਕਲਾਇੰਟ ਦੇ ਕਿਸੇ ਵੀ ਡਾਇਰੈਕਟਰ ਜਾਂ ਹੋਰ ਕਰਮਚਾਰੀ ਜਾਂ ਕਿਸੇ ਜਾਣ-ਪਛਾਣਕਾਰ ਵਜੋਂ ਕੰਮ ਕਰਨ ਵਾਲੇ ਕਿਸੇ ਵਿਅਕਤੀ ਨੂੰ ਛੋਟਾਂ ਜਾਂ ਨਕਦ ਜਾਂ ਪ੍ਰੇਰਨਾ ਵਿੱਚ ਸ਼ਾਮਲ ਕਰਦਾ ਹੈ;**

d. **ਇਹਨਾਂ ਨਿਯਮਾਂ ਵਿੱਚ ਦਰਸਾਏ ਅਨੁਸਾਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਅਸਫਲ;**

e. ਕਿਸੇ ਵੀ ਸ਼ਰਤਾਂ ਦੀ ਪਾਲਣਾ ਕਰਨ ਵਿੱਚ ਅਸਫਲ ਹੋਣਾ ਜਿਸ ਦੇ ਅਧੀਨ ਰਜਿਸਟ੍ਰੇਸ਼ਨ ਦਿੱਤੀ ਗਈ ਹੈ;

f. ISP ਪ੍ਰਤੀ ਬੀਮਾ ਮਾਰਕੀਟਿੰਗ ਫਰਮ ਦੇ ਕਰਤੱਵਾਂ ਅਤੇ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਵਿੱਚ ਅਸਫਲ;

g. ਅਥਾਰਟੀ ਪ੍ਰਤੀ ਬੀਮਾ ਮਾਰਕੀਟਿੰਗ ਫਰਮ ਦੇ ਕਰਤੱਵਾਂ ਅਤੇ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਵਿੱਚ ਅਸਫਲ;

h. ਬੀਮਾ ਕੰਪਨੀਆਂ ਪ੍ਰਤੀ ਬੀਮਾ ਮਾਰਕੀਟਿੰਗ ਫਰਮ ਦੇ ਕਰਤੱਵਾਂ ਅਤੇ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਵਿੱਚ ਅਸਫਲ;

iii) ਜਾਅਲੀ ਕਾਲਾਂ ਜਾਂ ਗਲਤ ਵਿਕਰੀ ਦਾ ਸਹਾਰਾ ਲੈਣਾ;

iv) ਪਾਲਿਸੀਧਾਰਕਾਂ ਦੇ ਹਿੱਤਾਂ ਦੇ ਵਿਰੁੱਧ ਜਾਂ ਜਨਤਕ ਹਿੱਤਾਂ ਦੇ ਵਿਰੁੱਧ ਇੱਕ ਢੰਗ ਨਾਲ ਕੰਮ ਕਰਦਾ ਹੈ।

**22. ISP ਅਤੇ FSE ਦਾ ਕੋਡ ਆਫ਼ ਕੰਡਕਟ**

ਵੈਧ ਸਰਟੀਫਿਕੇਟ ਰੱਖਣ ਵਾਲਾ ਹਰ ISP ਹੇਠਾਂ ਦਿੱਤੇ ਗਏ ਆਚਾਰ ਸੰਹਿਤਾ ਦੀ ਪਾਲਣਾ ਕਰੇਗਾ:

(i) ਹਰੇਕ ISP:

a. ਆਪਣੀ ਅਤੇ ਬੀਮਾ ਮਾਰਕੀਟਿੰਗ ਫਰਮ ਦੀ ਪਛਾਣ ਕਰੇਗਾ ਜਿਸਦਾ ਉਹ ਇੱਕ ISP ਹੈ;

b. ਮੰਗ 'ਤੇ ਸੰਭਾਵਨਾ ਨੂੰ ਉਸ ਦੇ ਸਰਟੀਫਿਕੇਟ ਵੇਰਵਿਆਂ ਦਾ ਖੁਲਾਸਾ ਕਰੇਗਾ;

c. ਪੇਸ਼ ਕੀਤੇ ਗਏ ਬੀਮਾ ਉਤਪਾਦਾਂ ਦੇ ਸਬੰਧ ਵਿੱਚ ਲੋੜੀਂਦੀ ਜਾਣਕਾਰੀ ਦਾ ਪ੍ਰਸਾਰ ਕਰਨਾ; ਅਤੇ ਬੀਮਾ ਉਤਪਾਦ ਦੀ ਸਿਫ਼ਾਰਸ਼ ਕਰਦੇ ਸਮੇਂ ਸੰਭਾਵਨਾ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਣਾ;

d. ਗਾਹਕਾਂ ਲਈ ਲੋੜਾਂ ਦਾ ਵਿਸ਼ਲੇਸ਼ਣ ਕਰਨਾ;

e. ਬੀਮਾਕਰਤਾਵਾਂ ਦੇ ਉਤਪਾਦਾਂ ਦੀ ਤੁਲਨਾ ਕਰੋ ਜਿਨ੍ਹਾਂ ਨਾਲ ਉਹਨਾਂ ਦਾ ਪ੍ਰਬੰਧ ਹੈ;

f. ਗਾਹਕਾਂ ਦੀਆਂ ਲੋੜਾਂ ਦੇ ਆਧਾਰ 'ਤੇ ਉਤਪਾਦ ਦੀ ਸਿਫਾਰਸ਼ ਕਰੋ;

g. ਪੇਸ਼ ਕੀਤੇ ਗਏ ਬੀਮਾ ਉਤਪਾਦ ਲਈ ਬੀਮਾਕਰਤਾ ਦੁਆਰਾ ਚਾਰਜ ਕੀਤੇ ਜਾਣ ਵਾਲੇ ਪ੍ਰੀਮੀਅਮ ਨੂੰ ਦਰਸਾਓ;

h. ਪੇਸ਼ਕਸ਼ ਕੀਤੇ ਬੀਮਾ ਉਤਪਾਦ ਦੇ ਸਬੰਧ ਵਿੱਚ ਮਿਹਨਤਾਨੇ ਦੇ ਪੈਮਾਨਿਆਂ ਦਾ ਖੁਲਾਸਾ ਕਰੋ, ਜੇਕਰ ਸੰਭਾਵੀ ਦੁਆਰਾ ਪੁੱਛਿਆ ਜਾਵੇ;

i. ਸੰਭਾਵਨਾ ਨੂੰ ਕਿ ਬੀਮਾਕਰਤਾ ਦੁਆਰਾ ਪ੍ਰਸਤਾਵ ਫਾਰਮ ਵਿੱਚ ਲੋੜੀਂਦੀ ਜਾਣਕਾਰੀ ਦੀ ਪ੍ਰਕਿਰਤੀ, ਅਤੇ ਇੱਕ ਬੀਮਾ ਇਕਰਾਰਨਾਮੇ ਦੀ ਖਰੀਦ ਵਿੱਚ ਸਮੱਗਰੀ ਦੀ ਜਾਣਕਾਰੀ ਦੇ ਖੁਲਾਸੇ ਦੀ ਮਹੱਤਤਾ ਬਾਰੇ ਸਮਝਾਓ;

j. ਬੀਮਾਕਰਤਾ ਨੂੰ ਪੇਸ਼ ਕੀਤੇ ਗਏ ਹਰੇਕ ਪ੍ਰਸਤਾਵ ਦੇ ਨਾਲ, ਸੰਭਾਵੀ ਬਾਰੇ ਸਾਰੀਆਂ ਵਾਜਬ ਪੁੱਛਗਿੱਛ ਕਰਕੇ, ਇੱਕ ਰਿਪੋਰਟ ਦੇ ਰੂਪ ਵਿੱਚ ("ਬੀਮਾ ਗੁਪਤ ਰਿਪੋਰਟ" ਕਿਹਾ ਜਾਂਦਾ ਹੈ) ਕਿਸੇ ਵੀ ਭੌਤਿਕ ਤੱਥ

ਜੋ ਕਿ ਪ੍ਰਸਤਾਵ ਨੂੰ ਸਵੀਕਾਰ ਕਰਨ ਦੇ ਸਬੰਧ ਵਿੱਚ ਬੀਮਾਕਰਤਾ ਦੇ ਫੈਸਲਾ ਅਤੇ ਅੰਡਰਰਾਈਟਿੰਗ 'ਤੇ ਬੁਰਾ ਪ੍ਰਭਾਵ ਪਾ ਸਕਦਾ ਹੈ, ਬੀਮਾਕਰਤਾ ਦੇ ਧਿਆਨ ਵਿੱਚ ਲਿਆਓ;

k. ਬੀਮਾਕਰਤਾ ਦੁਆਰਾ ਪ੍ਰਸਤਾਵ ਨੂੰ ਸਵੀਕਾਰ ਜਾਂ ਅਸਵੀਕਾਰ ਕਰਨ ਬਾਰੇ ਸੰਭਾਵੀ ਨੂੰ ਤੁਰੰਤ ਸੂਚਿਤ ਕਰੋ;

l. ਬੀਮਾਕਰਤਾ ਕੋਲ ਪ੍ਰਸਤਾਵ ਫਾਰਮ ਭਰਨ ਦੇ ਸਮੇਂ ਲੋੜੀਂਦੇ ਦਸਤਾਵੇਜ਼ ਅਤੇ ਪ੍ਰਸਤਾਵ ਨੂੰ ਪੂਰਾ ਕਰਨ ਲਈ ਬੀਮਾਕਰਤਾ ਦੁਆਰਾ ਬਾਅਦ ਵਿੱਚ ਮੰਗੇ ਗਏ ਹੋਰ ਦਸਤਾਵੇਜ਼ ਪ੍ਰਾਪਤ ਕਰੋ ;

m. ਬੀਮਾਕਰਤਾ ਦੁਆਰਾ ਦਾਅਵਿਆਂ ਦੇ ਨਿਪਟਾਰੇ ਲਈ ਲੋੜਾਂ ਦੀ ਪਾਲਣਾ ਕਰਨ ਵਿੱਚ ਪਾਲਿਸੀਧਾਰਕਾਂ ਜਾਂ ਦਾਅਵੇਦਾਰਾਂ ਜਾਂ ਲਾਭਪਾਤਰੀਆਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰੋ;

n. ਹਰੇਕ ਵਿਅਕਤੀਗਤ ਪਾਲਿਸੀ ਧਾਰਕ ਨੂੰ ਨਾਮਜ਼ਦਗੀ ਜਾਂ ਅਸਾਈਨਮੈਂਟ ਜਾਂ ਪਤੇ ਦੀ ਤਬਦੀਲੀ ਜਾਂ ਵਿਕਲਪਾਂ ਦੀ ਵਰਤੋਂ ਕਰਨ ਦੀ ਸਲਾਹ ਦਿਓ, ਜਿਵੇਂ ਵਿ ਹੋਵੇ, ਅਤੇ ਜਿੱਥੇ ਵੀ ਲੋੜ ਹੋਵੇ, ਇਸ ਲਈ ਲੋੜੀਂਦੀ ਸਹਾਇਤਾ ਦੀ ਪੇਸ਼ਕਸ਼ ਕਰੋ;

o. ਕਲੇਮ ਜਾਂ ਕਿਸੇ ਘਟਨਾ ਦੇ ਸੰਬੰਧ ਵਿੱਚ ਗਾਹਕ ਤੋਂ ਪ੍ਰਾਪਤ ਹੋਈ ਕੋਈ ਵੀ ਜਾਣਕਾਰੀ ਨੂੰ ਬਿਨਾਂ ਦੇਰੀ ਦੇ ਅੱਗੇ ਭੇਜੋ ਜੋ ਦਾਅਵੇ ਨੂੰ ਜਨਮ ਦੇ ਸਕਦੀ ਹੈ;

p. ਬੀਮਾਕਰਤਾ ਦੇ ਫੈਸਲੇ ਜਾਂ ਕਿਸੇ ਹੋਰ ਦਾਅਵੇ ਦੀ ਦੇਰੀ ਕੀਤੇ ਬਿਨਾਂ ਗਾਹਕ ਨੂੰ ਸਲਾਹ ਦਿਓ;

q. ਯਕੀਨੀ ਬਣਾਓ ਕਿ ਗਾਹਕ ਨੂੰ ਨੀਤੀਆਂ ਦੇ ਸਬੰਧ ਵਿੱਚ ਦਿੱਤੇ ਬਿਆਨ ਗੁੰਮਰਾਹਕੁੰਨ ਜਾਂ ਵਧਾ-ਚੜ੍ਹਾ ਕੇ ਨਹੀਂ ਹਨ;

r. ਐਕਟ ਦੀ ਧਾਰਾ 64-VB(4) ਦੀ ਪਾਲਣਾ ਨੂੰ ਯਕੀਨੀ ਬਣਾਓ, ਜਿਸਨੂੰ ਕਿ ਸਮੇਂ-ਸਮੇਂ 'ਤੇ ਸੋਧਿਆ ਗਿਆ ਹੈ;

s. ਕਲਾਇੰਟ ਦਾ ਧਿਆਨ ਐਕਟ ਦੇ ਸੈਕਸ਼ਨ 41 ਵੱਲ ਖਿੱਚੋ, ਜਿਸਨੂੰ ਕਿ ਸਮੇਂ-ਸਮੇਂ 'ਤੇ ਸੋਧਿਆ ਜਾਂਦਾ ਹੈ, ਜੋ ਛੋਟ ਅਤੇ ਕਮਿਸ਼ਨ / ਮਿਹਨਤਾਨੇ ਦੀ ਵੰਡ 'ਤੇ ਪਾਬੰਦੀ ਲਗਾਉਂਦਾ ਹੈ;

t. AML ਅਤੇ KYC ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨੂੰ ਅਮਲ ਵਿੱਚ ਯਕੀਨੀ ਲਆਓ

u. ਆਪਣੇ ਗ੍ਰਾਹਕਾਂ ਦੇ ਪ੍ਰਤੀ ਨਿਸ਼ਚਤ ਸਮਰੱਥਾ ਵਿੱਚ ਕੰਮ ਕਰੋ ਅਤੇ ਹਿੱਤਾਂ ਦੇ ਸਾਰੇ ਟਕਰਾਅ ਜਿਵੇਂ ਅਤੇ ਜਦੋਂ ਉਹ ਪੈਦਾ ਹੁੰਦੇ ਹਨ ਪ੍ਰਗਟ ਕਰੋ;

v. ਪੇਸ਼ੇਵਰ ਆਚਰਣ ਦੇ ਮਾਨਤਾ ਪ੍ਰਾਪਤ ਮਾਪਦੰਡਾਂ ਦੀ ਪਾਲਣਾ ਕਰੋ ਅਤੇ ਪਾਲਿਸੀਧਾਰਕਾਂ ਦੇ ਹਿੱਤ ਵਿੱਚ ਉਸਦੇ ਕਾਰਜਾਂ ਨੂੰ ਪੂਰਾ ਕਰੋ। ਐਕਟ ਦੇ ਉਪਬੰਧਾਂ ਦੀ ਪਾਲਣਾ ਕਰੋ, ਜਿਸਨੂੰ ਕਿ ਸਮੇਂ-ਸਮੇਂ 'ਤੇ ਸੰਸ਼ੋਧਿਤ ਕੀਤਾ ਗਿਆ ਹੈ, IRDA ਐਕਟ, 1999, IRDA (ਪਾਲਿਸੀਧਾਰਕਾਂ ਦੇ ਹਿੱਤਾਂ ਦੀ ਸੁਰੱਖਿਆ) ਨਿਯਮ, 2002 ਅਤੇ ਅਥਾਰਟੀ ਦੁਆਰਾ ਸਮੇਂ-ਸਮੇਂ 'ਤੇ ਜਾਰੀ ਕੀਤੇ ਗਏ ਕਿਸੇ ਵੀ ਹੋਰ ਨਿਯਮਾਂ, ਦਿਸ਼ਾ-ਨਿਰਦੇਸ਼ਾਂ, ਸਰਕੂਲਰ, ਨਿਰਦੇਸ਼ਾਂ ਦੀ ਪਾਲਣਾ ਕਰੋ।

(ii) ਕੋਈ ISP ਹੇਠ ਦਿੱਤੇ ਕੰਮ ਨਹੀਂ ਕਰੇਗਾ --

a. ਇੱਕ ਵੈਧ ਸਰਟੀਫਿਕੇਟ ਰੱਖੇ ਬਿਨਾਂ ਬੀਮਾ ਕਾਰੋਬਾਰ ਦੀ ਮੰਗ ਕਰੋ ਜਾਂ ਪ੍ਰਾਪਤ ਕਰਨਾ,

b. ਸਤਾਵ ਫਾਰਮ ਵਿੱਚ ਕਿਸੇ ਵੀ ਸਮੱਗਰੀ ਦੀ ਜਾਣਕਾਰੀ ਨੂੰ ਛੱਡਣ ਲਈ ਸੰਭਾਵਨਾ ਨੂੰ ਪ੍ਰੇਰਿਤ ਕਰਨਾ;
c. ਪ੍ਰਸਤਾਵ ਨੂੰ ਸਵੀਕਾਰ ਕਰਨ ਲਈ ਬੀਮਾਕਰਤਾ ਨੂੰ ਪ੍ਰਸਤਾਵ ਫਾਰਮ ਜਾਂ ਦਸਤਾਵੇਜ਼ਾਂ ਵਿੱਚ ਗਲਤ ਜਾਣਕਾਰੀ ਜਮ੍ਹਾਂ ਕਰਾਉਣ ਲਈ ਸੰਭਾਵੀ ਗਾਹਕ ਨੂੰ ਪ੍ਰੇਰਿਤ ਕਰਨਾ;
d. ਸੰਭਾਵੀ ਨਾਲ ਬੇਇੱਜ਼ਤੀ ਵਾਲਾ ਵਿਵਹਾਰ ਕਰਨਾ;
e. ਕਿਸੇ ਹੋਰ ਬੀਮਾ ਵਿਚੋਲੇ ਦੁਆਰਾ ਪੇਸ਼ ਕੀਤੇ ਗਏ ਕਿਸੇ ਪ੍ਰਸਤਾਵ ਵਿਚ ਦਖਲ ਦੇਣਾ;
f. ਉਸ ਦੇ ਬੀਮਾਕਰਤਾ ਦੁਆਰਾ ਪੇਸ਼ ਕੀਤੇ ਗਏ ਵੱਖ-ਵੱਖ ਦਰਾਂ, ਫਾਇਦੇ, ਨਿਯਮ ਅਤੇ ਸ਼ਰਤਾਂ ਦੀ ਪੇਸ਼ਕਸ਼ ਕਰਨਾ;
g. ਬੀਮਾ ਇਕਰਾਰਨਾਮੇ ਦੇ ਤਹਿਤ ਲਾਭਪਾਤਰੀ ਤੋਂ ਕਮਾਈ ਦੇ ਹਿੱਸੇ ਦੀ ਮੰਗ ਕਰਨਾ ਜਾਂ ਪ੍ਰਾਪਤ ਕਰਨਾ;
h. ਕਿਸੇ ਪਾਲਿਸੀ ਧਾਰਕ ਨੂੰ ਮੌਜੂਦਾ ਪਾਲਿਸੀ ਨੂੰ ਖਤਮ ਕਰਨ ਲਈ ਮਜ਼ਬੂਰ ਕਰਨਾ ਅਤੇ ਅਜਿਹੀ ਸਮਾਪਤੀ ਦੀ ਮਿਤੀ ਤੋਂ ਤਿੰਨ ਸਾਲਾਂ ਦੇ ਅੰਦਰ ਉਸਦੇ ਦੁਆਰਾ ਇੱਕ ਨਵਾਂ ਪ੍ਰਸਤਾਵ ਲਾਗੂ ਕਰਵਾਣਾ

iii) ਹਰੇਕ ISP, ਆਪਣੇ ਦੁਆਰਾ ਪਹਿਲਾਂ ਤੋਂ ਖਰੀਦੇ ਗਏ ਬੀਮਾ ਕਾਰੋਬਾਰ ਨੂੰ ਸੁਰੱਖਿਅਤ ਰੱਖਣ ਦੇ ਉਦੇਸ਼ ਨਾਲ, ਪਾਲਿਸੀਧਾਰਕ ਨੂੰ ਜ਼ੁਬਾਨੀ ਅਤੇ ਲਿਖਤੀ ਰੂਪ ਵਿੱਚ ਨੋਟਿਸ ਦੇ ਕੇ, ਪਾਲਿਸੀਧਾਰਕਾਂ ਦੁਆਰਾ ਨਿਰਧਾਰਤ ਸਮੇਂ ਦੇ ਅੰਦਰ ਪ੍ਰੀਮੀਅਮਾਂ ਦੀ ਅਦਾਇਗੀ ਨੂੰ ਯਕੀਨੀ ਬਣਾਉਣ ਲਈ ਹਰ ਕੋਸ਼ਿਸ਼ ਕਰੇਗਾ;

iv) FSE: ਹਰੇਕ FSE ਸਬੰਧਤ ਰੈਗੂਲੇਟਰੀ/ਵਿਧਾਨਿਕ ਅਥਾਰਟੀ ਦੁਆਰਾ ਨਿਰਧਾਰਤ ਆਚਾਰ ਸੰਹਿਤਾ ਦੀ ਪਾਲਣਾ ਕਰੇਗਾ ਜੋ ਉਸ ਵਿਸ਼ੇਸ਼ ਗਤੀਵਿਧੀ ਦੀ ਨਿਗਰਾਨੀ ਕਰਦਾ ਹੈ.

v) ISP ਦੁਆਰਾ ਕੋਡ ਆਫ ਕੰਡਕਟ ਦੀ ਉਲੰਘਣਾ: ISP ਦੁਆਰਾ ਉੱਪਰ ਦੱਸੇ ਗਏ ਕੋਡ ਆਫ ਕੰਡਕਟ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਅਥਾਰਟੀ ISP ਅਤੇ IMF ਦੇ ਖਿਲਾਫ ਅਨੁਸ਼ਾਸਨੀ ਕਾਰਵਾਈ ਸ਼ੁਰੂ ਕਰੇਗੀ ਜੇਕਰ ਉਹ ਕਿਸੇ ਵੀ ਗੈਰ-ਪਾਲਣਾ ਲਈ ਨੁਮਾਇੰਦਗੀ ਕਰ ਰਹੇ ਹਨ।

# ਭਾਗ

# ਜੀਵਨ ਬੀਮਾ

# ਪਾਠ L-01

# ਜੀਵਨ ਬੀਮੇ ਵਿੱਚ ਕੀ ਸ਼ਾਮਿਲ ਹੈ

**ਪਾਠ ਜਾਣ-ਪਛਾਣ**

**ਅਸੀਂ ਆਮ ਪਾਠਾਂ ਵਿੱਚ ਬੀਮੇ ਸੰਬੰਧੀ ਕੁਝ ਪੱਖ ਵੇਖ ਚੁੱਕੇ ਹਾਂ। ਪਰ ਜਦੋਂ ਜੀਵਨ ਬੀਮੇ ਸੰਬੰਧੀ ਗੱਲ ਆਉਂਦੀ ਹੈ ਤਾਂ ਸਾਨੂੰ ਉਹਨਾਂ ਨੂੰ ਹੋਰ ਗੰਭੀਰਤਾ ਨਾਲ ਵੇਖਣ ਦੀ ਲੋੜ ਹੈ।**

- ✓ **ਸੰਪਤੀ**
- ✓ **ਜੋਖਿਮ ਜਿਸ ਲਈ ਬੀਮਤ ਨੂੰ ਸੁਰੱਖਿਆ ਹੈ**
- ✓ **ਪੂਲਿੰਗ ਦਾ ਸਿਧਾਂਤ**
- ✓ **ਇਕਰਾਰਨਾਮਾ**

**ਆਓ ਹੁਣ ਜੀਵਨ ਬੀਮੇ ਦੇ ਲੱਛਣਾਂ ਬਾਰੇ ਪਤਾ ਕਰੀਏ। ਇਹ ਪਾਠ ਵਿੱਚ ਜੀਵਨ ਬੀਮੇ ਦੇ ਉੱਤੇ ਦਿੱਤੇ ਗਏ ਵੱਖ-ਵੱਖ ਭਾਗਾਂ ਬਾਰੇ ਸੰਖੇਪ ਜਾਣਕਾਰੀ ਲਵੇਗੇ।**

**ਸਿੱਖਣ ਦੇ ਨਤੀਜੇ**

A. **ਜੀਵਨ ਬੀਮਾ ਕਾਰੋਬਾਰ - ਭਾਗ, ਮਨੁੱਖੀ ਜੀਵਨ ਮੁੱਲ, ਪਰਸਪਰਤਾ**

B. **ਜ਼ੋਖਮ ਅਤੇ ਜੀਵਨ ਬੀਮਾ**

## A. ਜੀਵਨ ਬੀਮਾ ਕਾਰੋਬਾਰ - ਭਾਗ, ਮਨੁੱਖੀ ਜੀਵਨ ਮੁੱਲ, ਪਰਸਪਰਤਾ

### a) ਸੰਪੱਤੀ - ਮਨੁੱਖੀ ਜੀਵਨ ਮੁੱਲ (ਐਚਐਲਵੀ (HLV))

**ਅਸੀਂ ਪਹਿਲਾਂ ਹੀ ਵੇਖਿਆ ਹੈ ਕਿ ਸੰਪੱਤੀ ਜਾਇਦਾਦ ਦੀ ਇੱਕ ਕਿਸਮ ਹੈ, ਜਿਸ ਦਾ ਮੁੱਲ ਹੁੰਦਾ ਹੈ ਜਾਂ ਆਮਦਨ ਮਿਲਦੀ ਹੈ। ਜਿਆਦਾਤਾਰ ਸੰਪੱਤੀਆਂ ਲਈ ਮੁੱਲ ਅਤੇ ਘਾਟੇ ਦੀ ਰਕਮ ਦੋਵਾਂ ਨੂੰ ਨਿਸ਼ਚਿਤ ਧਨ ਦੇ ਰੂਪ ਵਿੱਚ ਮਾਪਿਆ ਜਾ ਸਕਦਾ ਹੈ।**

**ਉਦਾਹਰਨ**

**ਜੇ ਕਾਰ ਨੂੰ ਪੇਸ਼ ਆਉਣ ਵਾਲੇ ਹਾਦਸੇ ਕਰਕੇ ਹੋਣ ਵਾਲੇ ਨੁਕਸਾਨ ਦਾ ਅੰਦਾਜ਼ਾ 50000 ਰੁਪਏ ਦਾ ਹੈ ਤਾਂ ਬੀਮਾਕਰਤਾ ਇਸ ਘਾਟੇ ਲਈ ਮਾਲਕ ਨੂੰ ਹਰਜਾਨਾ ਦੇਵੇਗਾ।**

**ਜਦੋਂ ਵਿਅਕਤੀ ਦੀ ਮੌਤ ਹੁੰਦੀ ਹੈ ਤਾਂ ਅਸੀਂ ਘਾਟੇ ਦੀ ਰਕਮ ਦਾ ਅੰਦਾਜ਼ਾ ਕਿਵੇਂ ਲਗਾ ਸਕਦੇ ਹਾਂ?**

**ਕੀ ਉਹ 50,000 ਰੁ. ਤੋਂ ਵੱਧ ਦਾ ਹੈ ਜਾਂ 5,00,000?**

---

**ਏਜੰਟ ਜਦੋਂ ਗਾਹਕ ਨੂੰ ਮਿਲਦਾ ਹੈ ਤਾਂ ਉਹ ਉੱਪਰਲੇ ਸਵਾਲ ਦਾ ਜਵਾਬ ਦੇਣ ਦੇ ਸਮਰੱਥ ਹੋਣਾ ਚਾਹੀਦਾ ਹੈ। ਇਸ ਦੇ ਆਧਾਰ ਉੱਤੇ ਏਜੰਟ ਪਤਾ ਲਗਾਉਂਦਾ ਹੈ ਕਿ ਗਾਹਕ ਨੂੰ ਕਿੰਨੇ ਬੀਮੇ ਦੀ ਸਿਫਾਰਸ਼ ਕਰਨੀ ਹੈ। ਅਸਲ ਵਿੱਚ ਇਹ ਪਹਿਲਾਂ ਪਾਠ ਹੈ, ਜੋ ਕਿ ਜੀਵਨ ਬੀਮਾ ਏਜੰਟ ਨੂੰ ਪੜ੍ਹਨਾ ਜ਼ਰੂਰੀ ਹੈ।**

**ਕਿਸਮਤ ਨਾਲ ਸਾਡੇ ਕੋਲ ਸਾਧਨ ਹੈ, ਜਿਸ ਨੂੰ ਲਗਭਗ ਸੱਤਰ ਸਾਲ ਪਹਿਲਾਂ ਪ੍ਰੋ. ਹੁਬਨੇਰ ਨੇ ਵਿਕਸਿਤ ਕੀਤਾ। ਇਸ ਨੂੰ ਇਨਸਾਨੀ ਜੀਵਨ ਮੁੱਲ (HLV) ਕਿਹਾ ਜਾਂਦਾ ਹੈ ਅਤੇ ਸੰਸਾਰ ਭਰ ਵਿੱਚ ਵਰਤਿਆ ਜਾਂਦਾ ਹੈ।**

**HLV ਸਿਧਾਂਤ ਮਨੁੱਖੀ ਜੀਵਨ ਨੂੰ ਇੱਕ ਕਿਸਮ ਦੀ ਜਾਇਦਾਦ ਜਾਂ ਸੰਪੱਤੀ ਮੰਨਦਾ ਹੈ, ਜਿਸ ਤੋਂ ਆਮਦਨ ਹੋ ਸਕਦੀ ਹੈ। ਇਸਕਰਕੇ ਇਸ ਵਿੱਚ ਮਨੁੱਖੀ ਜੀਵਨ ਦੇ ਮੁੱਲ ਨੂੰ ਵਿਅਕਤੀ ਵਲੋਂ ਭਵਿੱਖ ਦੀ ਉਮੀਦ ਕੀਤੀ ਕਮਾਈ ਦੇ ਮੁਤਾਬਕ ਮਾਪਿਆ ਜਾਂਦਾ ਹੈ। ਸ਼ੁੱਧ ਕਮਾਈ ਦਾ ਭਾਵ ਭਵਿੱਖ ਵਿੱਚ ਹਰੇਕ ਸਾਲ ਦੌਰਾਨ ਵਿਅਕਤੀ ਵਲੋਂ ਉਮੀਦ ਕੀਤੀ ਕਮਾਈ ਵਿੱਚੋਂ ਉਸ ਵਲੋਂ ਆਪਣੇ ਉੱਤੇ ਖ਼ਰਚ ਕਰਨ ਤੋਂ ਬਾਅਦ ਬਚੀ ਆਮਦਨ ਹੈ। ਇਸਕਰਕੇ ਇਹ ਪਰਿਵਾਰ ਨੂੰ ਹੋਣ ਵਾਲੇ ਆਰਥਿਕ ਘਾਟੇ ਨੂੰ ਦਰਸਾਉਂਦਾ ਹੈ, ਜੇ ਕਮਾਈ ਕਰਨ ਵਾਲੇ ਦੀ ਅਚਾਨਕ ਮੌਤ ਹੋ ਜਾਵੇ। ਇਹਨਾਂ ਕਮਾਈਆਂ ਉੱਤੇ ਢੁੱਕਵੀਂ ਵਿਆਜ ਦਰ ਦੀ ਛੋਟ ਤੋਂ ਬਾਅਦ ਪੂੰਜੀ ਬਣਾਈ ਜਾਂਦੀ ਹੈ।**

**ਹਾਲਾਂਕਿ HLV ਦਾ ਹਿਸਾਬ ਲਗਾਉਣ ਲਈ ਕਈ ਮਾਪਢੰਡ ਹੁੰਦੇ ਹਨ, ਜਿਸ ਵਿੱਚ ਮਹਿੰਗਾਈ ਦਰ, ਤਨਖਾਹ ਵਾਧਾ, ਭਵਿੱਖ ਵਿੱਚ ਕਮਾਈ ਦੀ ਸਮਰੱਥਾ ਆਦਿ, ਪਰ HLV ਦਾ ਹਿਸਾਬ ਲਗਾਉਣ ਲਈ ਮੁੱਢਲਾ ਨਿਯਮ ਪਰਿਵਾਰ ਦੀ ਸਾਲਨਾ ਆਮਦਨ ਦਾ ਪਤਾ ਲਗਾਉਣ ਹੈ, ਜੋ ਕਿ ਵਿਆਜ ਦੇ ਰੂਪ ਵਿੱਚ ਚਾਹੀਦੀ ਹੋਵੇਗੀ। ਦੂਜੇ ਸ਼ਬਦਾਂ ਵਿੱਚ HLV ਕਮਾਈ ਕਰਨ ਵਾਲੇ ਵਿਅਕਤੀ ਵਲੋਂ ਪਰਿਵਾਰ ਲਈ ਸਾਲਨਾ ਯੋਗਦਾਨ ਨੂੰ ਵਿਆਜ ਦੀ ਦਰ ਨਾਲ ਵੰਡ ਹੁੰਦੀ ਹੈ।**

| ਉਦਾਹਰਨ |
|---|

ਸ੍ਰੀਮਾਨ ਰਾਜਨ ਹਰੇਕ ਸਾਲ 1,20,000 ਰੁਪਏ ਕਮਾਉਂਦਾ ਹੈ ਅਤੇ ਖੁਦ ਉੱਤੇ 24,000 ਰੁਪਏ ਖਰਚਦਾ ਹੈ। ਉਸ ਦੀ ਅਚਾਨਕ ਹੋਣ ਵਾਲੀ ਮੌਤ ਨਾਲ ਉਸ ਦੇ ਪਰਿਵਾਰ ਨੂੰ ਸ਼ੁੱਧ ਕਮਾਈ ਦੇ ਲਈ ਘਾਟਾ 96,000/- ਪ੍ਰਤੀ ਸਾਲ ਦਾ ਪਵੇਗਾ। ਮੰਨ ਲਵੋ ਕਿ ਵਿਆਜ ਦਰ 8% (0.08 ਦਰਸਾਈ ਗਈ ਹੈ) ਹੈ।

| ਮਨੁੱਖੀ ਜੀਵਨ ਮੁੱਲ (HLV) = ਨਿਰਭਰ ਲਈ ਸਾਲਨਾ ਯੋਗਦਾਨ ÷ ਵਿਆਜ ਦੀ ਦਰ |
|---|

HLV = 96000 / 0.08 = ਰੁ. 12,00,000

---


HLV ਪਤਾ ਲਗਾਉਣ ਲਈ ਮਦਦ ਕਰਦੀ ਹੈ ਕਿ ਕਿਸੇ ਨੂੰ ਪੂਰੀ ਸੁਰੱਖਿਆ ਲਈ ਕਿੰਨਾ ਬੀਮਾ ਹੋਣਾ ਹੈ। ਇਹ ਸਾਨੂੰ ਉੱਪਰੀ ਹੱਦ ਵੀ ਦੱਸਦੀ ਹੈ, ਜਿਸ ਦੇ ਬਾਅਦ ਜੀਵਨ ਬੀਮਾ ਦੀ ਸੁਰੱਖਿਆ ਦੇਣਾ ਵਾਜਬ ਨਹੀਂ ਹੋਵੇਗਾ।

ਆਮ ਤੌਰ ਉੱਤੇ ਬੀਮੇ ਦੀ ਰਕਮ ਵਿਅਕਤੀ ਦੀ ਸਾਲਨਾ ਕਮਾਈ ਦਾ 10 ਤੋਂ 15 ਗੁਣਾ ਹੋਣੀ ਚਾਹੀਦੀ ਹੈ। ਸ਼ੱਕ ਹੋਣਾ ਚਾਹੀਦਾ ਹੈ ਜੇ ਸ੍ਰੀਮਾਨ ਰਾਜਨ ਵਲੋਂ 2 ਕਰੋੜ ਰੁਪਏ ਦੇ ਬੀਮੇ ਦੀ ਮੰਗ ਕੀਤੀ ਜਾਂਦੀ ਹੈ ਜਦੋਂ ਕਿ ਉਹ ਹਰ ਸਾਲ 1.2 ਲੱਖ ਕਮਾਉਂਦਾ ਹੈ। ਖਰੀਦੇ ਗਏ ਬੀਮੇ ਦੀ ਅਸਲ ਰਕਮ ਕਾਰਕਾਂ ਜਿਵੇਂ ਕਿ ਕੋਈ ਕਿੰਨਾ ਬੀਮਾ ਕਰਵਾਉਣ ਦੇ ਸਮਰੱਥ ਹੈ ਅਤੇ ਕਿੰਨਾ ਖਰੀਦਣਾ ਚਾਹੁੰਦਾ ਹੈ, ਦੇ ਉੱਤੇ ਨਿਰਭਰ ਹੈ।

## B. ਜ਼ੋਖਮ ਅਤੇ ਜੀਵਨ ਬੀਮਾ

ਜਿਵੇਂ ਕਿ ਅਸੀਂ ਉੱਤੇ ਵੇਖਿਆ ਹੈ, ਜੀਵਨ ਬੀਮਾ ਉਹਨਾਂ ਜੋਖਿਮ ਘਟਨਾਵਾਂ ਲਈ ਸੁਰੱਖਿਆ ਦਿੰਦਾ ਹੈ, ਜੋ ਕਿ ਮਨੁੱਖੀ ਜੀਵਨ ਦੇ ਮੁੱਲ ਨੂੰ ਸੰਪੱਤੀ ਦੇ ਵਜੋਂ ਖਤਮ ਜਾਂ ਘੱਟ ਕਰ ਸਕਦੀਆਂ ਹਨ। ਹਾਲਤਾਂ ਦੀਆਂ ਤਿੰਨ ਕਿਸਮਾਂ ਹਨ, ਜਿੱਥੇ ਇੰਝ ਦਾ ਘਾਟਾ ਹੋ ਸਕਦਾ ਹੈ। ਉਹ ਖਾਸ ਹਾਲਤ ਹਨ, ਜਿਹਨਾਂ ਦਾ ਆਮ ਲੋਕਾਂ ਨੂੰ ਸਾਹਮਣਾ ਹੁੰਦਾ ਹੈ।

ਚਿੱਤਰ 1 : ਆਮ ਲੋਕਾਂ ਵਲੋਂ ਸਾਹਮਣਾ ਕੀਤੇ ਜਾਣ ਵਾਲੇ ਖਾਸ ਹਾਲਤ




ਦੂਜੇ ਪਾਸੇ ਸਧਾਰਨ ਬੀਮਾ ਖਾਸ ਤੌਰ ਉੱਤੇ ਉਹਨਾਂ ਜੋਖਿਮਾਂ ਲਈ ਕੰਮ ਕਰਦੀ ਹੈ, ਜੋ ਕਿ ਜਾਇਦਾਦ ਨੂੰ ਪ੍ਰਭਾਵਿਤ ਕਰਦੇ ਹਨ - ਜਿਵੇਂ ਕਿ ਅੱਗ, ਸਮੁੰਦਰ ਵਿੱਚ ਭੇਜਣ ਦੇ ਦੌਰਾਨ ਸਮਾਨ ਖਰਾਬ ਹੋਣਾ, ਚੋਰੀ ਤੇ ਸੰਨ੍ਹਮਾਰੀ ਅਤੇ ਮੋਟਰ ਹਾਦਸੇ। ਇਹ ਘਟਨਾਵਾਂ ਲਈ ਵੀ ਬੀਮਾ ਸੁਰੱਖਿਆ ਦਿੰਦੇ ਹਨ, ਜਿਹਨਾਂ ਦੇ ਨਾਲ ਨਾਂ ਅਤੇ ਸਾਖ ਖ਼ਰਾਬ ਹੋ ਸਕਦੇ ਹਨ। ਇਹ ਦੇਣਦਾਰੀ ਬੀਮੇ ਵਲੋਂ ਕਵਰ ਕੀਤੇ ਜਾਂਦੇ ਹਨ।

ਅੰਤ ਵਿੱਚ ਜੋਖਿਮ ਹਨ, ਜੋ ਕਿ ਵਿਅਕਤੀ ਨੂੰ ਪ੍ਰਭਆਵਿਤ ਕਰ ਸਕਦੇ ਹਨ। ਨਿੱਜੀ ਜੋਖਿਮ ਕਹੇ ਜਾਣ ਵਾਲਿਆਂ ਨੂੰ ਵੀ ਆਮ ਬੀਮੇ ਅਧੀਨ ਸੁਰੱਖਿਆ ਦਿੱਤੀ ਜਾ ਸਕਦੀ ਹੈ।

**ਉਦਾਹਰਨ**

ਦੁਰਘਟਨਾ ਬੀਮਾ, ਜੋ ਕਿ ਦੁਰਘਟਨਾ ਦੇ ਕਰਕੇ ਹੋਣ ਵਾਲੇ ਨੁਕਸਾਨ ਲਈ ਸੁਰੱਖਇਆ ਦਿੰਦਾ ਹੈ।

---

a) ਜੀਵਨ ਬੀਮਾ ਆਮ ਬੀਮੇ ਤੋਂ ਕਿਵੇਂ ਵੱਖਰਾ ਹੈ?

| ਆਮ ਬੀਮਾ | ਜੀਵਨ ਬੀਮਾ |
|---|---|
| • ਹਰਜਾਨਾ: ਨਿੱਜੀ ਦੁਰਘਟਨਾ ਬੀਮਾ ਤੋਂ ਬਿਨਾਂ ਬਾਕੀ ਆਮ ਜੀਵਨ ਬੀਮਾ ਪਾਲਸੀਆਂ ਹਰਜਾਨੇ ਦਾ ਇਕਰਾਰ ਹੁੰਦੀਆਂ ਹਨ, ਜਿਵੇਂ ਕਿ ਅੱਗ ਵਰਗੀ ਘਟਨਾ ਦੇ ਬਾਅਦ ਬੀਮਾਕਰਤਾ ਘਾਟੇ ਦੀ ਅਸਲ ਰਕਮ ਦਾ ਪਤਾ ਲਾਉਂਦਾ ਹੈ, ਜਿਸ ਦਾ ਘਾਟਾ ਪਿਆ ਹੁੰਦਾ ਤੇ ਉਸ ਲਈ ਹੀ ਹਰਜਾਨਾ ਦਿੰਦਾ ਹੈ - ਨਾ ਘੱਟ ਨਾ ਵੱਧ। | • ਅਸ਼ੋਰੈਂਸ: ਜੀਵਨ ਬੀਮਾ ਪਾਲਸੀਆਂ ਭਰੋਸੇ ਦੇ ਇਕਰਾਰਨਾਮੇ ਹੁੰਦੇ ਹਨ।<br>• ਮੌਤ ਦੀ ਘਟਨਾ ਵਿੱਚ ਭੁਗਤਾਨ ਦੀ ਰਕਮ ਸ਼ੁਰੂ ਵਿੱਚ ਇਕਰਾਰ ਤਿਆਰ ਕਰਨ ਦੇ ਸਮੇਂ ਹੀ ਤੈਅ ਕਰ ਦਿੱਤੀ ਜਾਂਦੀ ਹੈ।<br>• ਬੀਮਤ ਦੇ ਮਰਨ ਉੱਤੇ ਉਸ ਦੇ ਨਾਮਜ਼ਦ ਜਾਂ ਲਾਭਪਾਤਰ ਨੂੰ ਭਰੋਸਾ ਦਿੱਤੀ ਗਈ ਰਕਮ ਦਿੱਤੀ ਜਾਂਦੀ ਹੈ। |
| • ਅੰਤਰਾਲ: ਇਕਰਾਰ ਅਕਸਰ ਥੋੜ੍ਹੇ ਸਮੇਂ ਲਈ ਜਾਂ ਹਰ ਸਾਲ ਨਵਿਆਉਣ ਦੇ ਆਧਾਰ ਉੱਤੇ ਹੁੰਦਾ ਹੈ। | • ਇਕਰਾਰ ਅਕਸਰ ਲੰਮੇ ਸਮੇਂ ਲਈ ਹੁੰਦੇ ਹਨ, ਹਾਲਾਂਕਿ ਕੁਝ ਇਕਰਾਰ ਇੱਕ ਸਾਲ ਬਾਅਦ ਨਵਿਆਉਣ ਯੋਗ ਵਾਲੇ ਹੁੰਦੇ ਹਨ |
| • ਅਨਿਸ਼ਚਿਤਤਾ: ਆਮ ਬੀਮਾ ਇਕਰਾਰ ਵਿੱਚ, ਸੰਬੰਧਿਤ ਜੋਖਮ ਦੀ ਘਟਨਾ ਅਨਿਸ਼ਚਿਤ ਹੈ। ਯਕੀਨ ਨਾਲ ਕੋਈ ਵੀ ਨਹੀਂ ਕਹਿ ਸਕਦਾ ਹਿ ਕਿ ਘਰ ਨੂੰ ਅੱਗ ਲੱਗੇਗੀ ਜਾਂ ਕਾਰ ਨਾਲ ਹਾਦਸਾ ਹੋਵੇਗਾ। | • ਕੋਈ ਸਵਾਲ ਹੀ ਨਹੀਂ ਹੈ, ਜਿਸ ਵਿਅਕਤੀ ਨੇ ਜਨਮ ਲਿਆ ਹੈ ਤਾਂ ਮੌਤ ਨਿਸ਼ਚਤ ਹੈ। ਅਨਿਸ਼ਚਿਤ ਹੈ ਮੌਤ ਦਾ ਸਮਾਂ। ਇਸਕਰਕੇ ਜੀਵਨ ਬੀਮਾ ਅਚਾਨਕ ਹੋਣ ਵਾਲੀ ਮੌਤ ਦੇ ਜੋਖਿਮ ਲਈ ਸੁਰੱਖਿਆ ਦਿੰਦਾ ਹੈ। |
| • ਸੰਭਾਵਨਾ ਵਿੱਚ ਵਾਧਾ: ਆਮ ਬੀਮੇ ਵਿੱਚ ਸੰਕਟ ਜਿਵੇਂ ਕਿ ਅੱਗ ਜਾਂ ਭੁਚਾਲ ਦੇ ਕੇਸ ਵਿੱਚ, ਘਟਨਾ ਵਾਪਰਨ ਦੀ ਸੰਭਾਵਨਾ ਸਮੇਂ ਦੇ ਨਾਲ ਵਧਦੀ ਨਹੀਂ ਹੈ। | • ਜੀਵਨ ਬੀਮੇ ਵਿੱਚ ਉਮਰ ਦੇ ਨਾਲ ਮੌਤ ਦੀ ਸੰਭਾਵਨਾ ਵੱਧਦੀ ਹੈ। |

b) ਜੀਵਨ ਬੀਮਾ ਜੋਖਿਮ ਦੀ ਕਿਸਮ


ਕਿਉਂਕਿ ਮੌਤ ਦਰ ਉਮਰ ਦੇ ਨਾਲ ਵੱਧਦੀ ਹੈ, ਇਸਕਰਕੇ ਘੱਟ ਉਮਰ ਦੇ ਲੋਕਾਂ ਤੋਂ ਘੱਟ ਪ੍ਰੀਮੀਅਮ ਵਸੂਲਿਆ ਜਾਂਦਾ ਹੈ ਅਤੇ ਵੱਧ ਉਮਰ ਦੇ ਲੋਕਾਂ ਤੋਂ ਵੱਧ। ਇੱਕ ਨਤੀਜਾ ਸੀ ਕਿ ਪਰ ਚੰਗੀ ਸਿਹਤ ਵਾਲੇ ਬੁੱਢੇ ਵਿਅਕਤੀ ਸਕੀਮ ਛੱਡਣ

ਦੀ ਕੋਸ਼ਿਸ਼ ਕਰਦੇ ਸਨ, ਜਦੋਂ ਨਾ-ਸਿਹਤਮੰਦ ਮੈਂਬਰ ਸਕੀਮ ਵਿੱਚ ਰਹਿੰਦੇ ਸਨ। ਨਤੀਜੇ ਵਜੋਂ ਬੀਮਾ ਕੰਪਨੀਆਂ ਨੂੰ ਗੰਭੀਰ ਸਮੱਸਿਆਵਾਂ ਆ ਰਹੀਆਂ ਸਨ। ਉਹਨਾਂ ਦੀ ਕੋਸ਼ਿਸ਼ ਅਜਿਹੀਆਂ ਬੀਮਾ ਪਾਲਸੀਆਂ ਬਣਾਉਣੀਆਂ ਹੈ ਤਾਂ ਕਿ ਪ੍ਰੀਮੀਅਮ ਦੇ ਪੱਧਰ ਲੋਕਾਂ ਲਈ ਝੱਲਣਯੋਗ ਹੋਣ ਨੇ ਇੱਕ ਬਰਾਬਰ ਪ੍ਰੀਮੀਅਮ ਦਾ ਵਿਕਾਸ ਕੀਤਾ

c) ਲੈਵਲ ਪ੍ਰੀਮੀਅਮ (ਬਰਾਬਰ ਪ੍ਰੀਮੀਅਮ)

ਲੈਵਲ ਪ੍ਰੀਮੀਅਮ ਸਥਿਰ ਰਹਿੰਦਾ ਹੈ ਕਿ ਇਹ ਉਮਰ ਦੇ ਨਾਲ ਵੱਧਦਾ ਨਹੀਂ ਹੈ, ਪਰ ਪੂਰੇ ਇਕਰਾਰ ਦੇ ਸਮੇਂ ਦੌਰਾਨ ਇੱਕ ਹੀ ਰਹਿੰਦਾ ਹੈ। ਇਸ ਦਾ ਭਾਵ ਕਿ ਛੋਟੀ ਉਮਰ ਵਿੱਚ ਇੱਕਠਾ ਕੀਤਾ ਗਿਆ ਪ੍ਰੀਮੀਅਮ ਉਸ ਉਮਰ ਵਿੱਚ ਮਰਨ ਵਾਲਿਆਂ ਦੇ ਮੌਤ ਦਾਅਵਿਆਂ ਲਈ ਸੁਰੱਖਿਆ ਲਈ ਲੋੜੀਦੀ ਰਕਮ ਤੋਂ ਵੱਧ ਹੋਵੇਗਾ, ਜਦੋਂ ਵੱਡੀ ਉਮਰ ਵਿੱਚ ਇੱਕਠਾ ਕੀਤਾ ਗਈ ਰਕਮ ਘੱਟ ਹੋਵੇਗੀ, ਜੋ ਕਿ ਵੱਡੀ ਉਮਰ ਵਿੱਚ ਮਰਨ ਵਾਲਿਆਂ ਦੇ ਦਾਅਵਿਆਂ ਨੂੰ ਪੂਰਾ ਕਰਨ ਲਈ ਚਾਹੀਦੀ ਹੈ। ਲੈਵਲ ਪ੍ਰੀਮੀਅਮ ਦੋਵਾਂ ਦੀ ਔਸਤ ਹੁੰਦੀ ਹੈ। ਛੋਟੀ ਉਮਰ ਵਿੱਚ ਵਾਧੂ ਪ੍ਰੀਮੀਅਮ ਨੂੰ ਵੱਡੀ ਉਮਰ ਵਿੱਚ ਘੱਟ ਹੋਏ ਪ੍ਰੀਮੀਅਮ ਨੂੰ ਪੂਰਾ ਕਰਨ ਲਈ ਵਰਤਿਆ ਜਾਂਦਾ ਹੈ। ਲੈਵਲ ਪ੍ਰੀਮੀਅਮ ਫੀਚਰ ਨੂੰ ਹੇਠ ਦਿੱਤੇ ਢੰਗ ਨਾਲ ਸਮਝਾਇਆ ਹੈ।

ਚਿੱਤਰ 2 : ਲੈਵਲ ਪ੍ਰੀਮੀਅਮ




ਲੈਵਲ ਪ੍ਰੀਮੀਅਮ ਲੋੜੀਂਦੇ ਹਨ ਕਿਉਂਕਿ ਬੀਮਾ ਇਕਰਾਰ ਲੰਮੇ ਸਮੇਂ ਦੇ ਇਕਰਾਰ ਹੁੰਦੇ ਹਨ, ਜੋ ਕਿ 10, 20 ਜਾਂ ਕਈ ਸਾਲ ਚੱਲਦੇ ਹਨ। ਲੈਵਲ ਪ੍ਰੀਮੀਅਮ ਦਾ ਸਿਧਾਂਤ ਆਮ ਬੀਮਾ ਪਾਲਸੀਆਂ ਵਿੱਚ ਨਹੀਂ ਪੈਦਾ ਹੁੰਦਾ ਹੈ, ਜੋ ਕਿ ਅਕਸਰ ਥੋੜ੍ਹ-ਚਿਰ ਅਤੇ ਸਾਲਨਾ ਖ਼ਤਮ ਹੋਣ ਵਾਲੇ ਹੁੰਦੇ ਹਨ।

| ਉਦਾਹਰਨ |
| --- |

ਲੈਵਲ ਪ੍ਰੀਮੀਅਮ ਨੂੰ ਬੀਮਾਕਰਤਾ ਵਲੋਂ ਪਾਲਸੀ ਦੀ ਮਿਆਦ ਦੌਰਾਨ ਮੌਤ ਦਰ (ਮਰਨ ਦੀ ਸੰਭਵਾਨਾ) ਦੇ ਅਧਾਰ ਉੱਤੇ ਕੱਢਿਆ ਜਾਂਦਾ ਹੈ, ਕਿਉਂਕਿ ਬੀਮਤ ਦੀ ਉਮਰ ਹਰ ਸਾਲ ਵਧੇਗੀ। ਇੱਕ ਵਾਰ ਤੈਅ ਕੀਤਾ ਰੇਟ ਪਾਲਸੀ ਦੀ ਪੂਰੀ ਮਿਆਦ ਲਈ ਸਥਿਰ ਰਹੇਗਾ।

d) ਜੋਖਿਮ ਪੂਲਿੰਗ ਦਾ ਸਿਧਾਂਤ ਅਤੇ ਜੀਵਨ ਬੀਮਾ

ਅਸੀਂ ਪੂਲਿੰਗ ਦਾ ਸਿਧਾਂਤ ਅਤੇ ਪਰਸਪਰਤਾ ਬਾਰੇ ਪਹਿਲਾਂ ਵੀ ਚਰਚਾ ਕਰ ਚੁੱਕੇ ਹਾਂ। ਪੂਲਿੰਗ ਦਾ ਸਿਧਾਂਤ ਜੀਵਨ ਬੀਮੇ ਵਿੱਚ ਦੋ ਖਾਸ ਭੂਮਿਕਾਵਾਂ ਨਿਭਾਉਂਦਾ ਹੈ।

i. ਇਹ ਕਿਸੇ ਦੀ ਬੇਵਕਤੀ ਮੌਤ ਦੇ ਨਤੀਜੇ ਵਜੋਂ ਹੋਣ ਵਾਲੇ ਆਰਥਿਕ ਘਾਟੇ ਦੇ ਲਈ ਸੁਰੱਖਿਆ ਦਿੰਦੀ ਹੈ। ਇਸ ਨੂੰ ਉਸ ਫੰਡ ਰਾਹੀਂ ਪੂਰਿਆ ਜਾਂਦਾ ਹੈ, ਜੋ ਕਿ ਜੀਵਨ ਬੀਮਾ ਇਕਰਾਰ ਖਰੀਦਣ ਵਾਲੇ ਕਈ ਵਿਅਕਤੀਆਂ ਦਾ ਸਮੂਹ (ਜਾਂ ਪੂਲ) ਹੁੰਦਾ ਹੈ।

e) ਜੀਵਨ ਬੀਮਾ ਇਕਰਾਰ

ਪਾਲਸੀ ਦਸਤਾਵੇਜ਼ ਬੀਮਾ ਇਕਰਾਰਨਾਮੇ ਦਾ ਸਬੂਤ ਹੁੰਦਾ ਹੈ, ਜੋ ਕਿ ਬੀਮੇ ਦੀਆਂ ਸਾਰੀਆਂ ਸ਼ਰਤਾਂ ਤੇ ਨਿਯਮਾਂ ਦੇ ਵੇਰਵੇ ਹੁੰਦੇ ਹਨ।

ਇਕਰਾਰਨਾਮੇ ਵਿੱਚ ਜੀਵਨ ਬੀਮਾ ਪਾਲਸੀ ਦੀ ਬੀਮਾ ਕੀਤੀ ਰਕਮ ਦੱਸੀ ਹੁੰਦੀ ਹੈ। ਜੀਵਨ ਬੀਮੇ ਨੂੰ ਵਿੱਤੀ ਸੁਰੱਖਿਆ ਮੰਨਿਆ ਜਾਂਦਾ ਹੈ, ਕਿਉਂਕਿ ਬੀਮਾ ਕੀਤੀ ਰਕਮ ਨੂੰ ਇਕਰਾਰ ਵਲੋਂ ਗਾਰੰਟੀ ਦਿੱਤੀ ਜਾਂਦੀ ਹੈ। ਗਾਰੰਟੀ ਦਾ ਅਰਥ ਹੈ ਕਿ ਜੀਵਨ ਬੀਮੇ ਦਾ ਪ੍ਰਭਾਵੀ ਅਤੇ ਸੰਭਲ ਕੇ ਇੰਤਜ਼ਾਮ ਕੀਤਾ ਜਾਂਦਾ ਹੈ; ਸਖ਼ਤ ਨਿਯਮਾਂ ਅਤੇ ਨਿਗਰਾਨੀ ਦੇ ਤਹਿਤ।

ਜੀਵਨ ਬੀਮਾ ਇਕਰਾਰ ਵਿੱਚ ਜ਼ੋਖਮ ਸੁਰੱਖਿਆ ਅਤੇ ਬੱਚਤ ਦੋਵੇਂ ਹੋਣ ਕਰਕੇ ਇਹਨਾਂ ਨੂੰ ਅਕਸਰ ਵਿੱਤੀ ਉਤਪਾਦਾਂ ਨਾਲ ਮਿਲਾ ਕੇ ਵੇਖਿਆ ਜਾਂਦਾ ਹੈ। ਇਹਨਾਂ ਨੂੰ ਸੁਰੱਖਿਆ ਦੀ ਬਜਾਏ ਧਨ ਜੋੜਨ ਦੇ ਢੰਗ ਵਜੋਂ ਵੀ ਵੇਖਿਆ ਜਾਂਦਾ ਹੈ। ਅਸਲ ਵਿੱਚ ਕਈ ਜੀਵਨ ਬੀਮਾ ਉਤਪਾਦਾਂ ਦੀ ਵੱਡਾ ਨਕਦੀ ਮੁੱਲ ਜਾਂ ਬੱਚਤ ਭਾਗ ਹੁੰਦਾ ਹੈ, ਜੋ ਕਿ ਵਿਅਕਤੀ ਦੀ ਬੱਚਤ ਦਾ ਵੱਡਾ ਹਿੱਸਾ ਹੋ ਸਕਦਾ ਹੈ। ਕੋਈ ਇਹ ਦਲੀਲ ਦਿੰਦੇ ਹਨ ਕਿ ਬੀਮਾ ਕੰਪਨੀ ਤੋਂ ਕੇਵਲ ਮਿਆਦੀ ਬੀਮਾ ਖਰੀਦਣਾ ਚਾਹੀਦਾ ਹੈ ਅਤੇ ਬਾਕੀ ਬਚੇ ਪ੍ਰੀਮੀਅਮ ਨੂੰ ਉਹਨਾਂ ਸਾਧਨਾਂ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ, ਜਿੱਥੇ ਜ਼ਿਆਦਾ ਫਾਇਦਾ ਮਿਲੇ।

ਆਓ ਰਿਵਾਇਤੀ ਨਕਦੀ ਮੁੱਲ ਬੀਮਾ ਇਕਰਾਰਨਾਮੇ ਦੇ ਹੱਕ ਤੇ ਵਿਰੋਧ ਵਿਚਲੇ ਬਿਆਨਾਂ ਉੱਤੇ ਵਿਚਾਰ ਕਰੀਏ।

a) ਫਾਇਦੇ

i. ਬੀਮਾ ਦਾ ਇਤਿਹਾਸ ਨਿਵੇਸ਼ ਉੱਤੇ ਘੱਟੋ-ਘੱਟ ਗਾਰੰਟੀਸ਼ੁਦਾ ਰੇਟ ਨਾਲ ਸੁਰੱਖਿਅਤ ਅਤੇ ਭਰੋਸੇਯੋਗ ਨਿਵੇਸ਼ ਦਾ ਰਿਹਾ ਹੈ, ਜੋ ਕਿ ਬੀਮਾ ਮਿਆਦ ਦੇ ਦੌਰਾਨ ਵੱਧ ਵੀ ਸਕਦਾ ਹੈ।

ii. ਪ੍ਰੀਮੀਅਮ ਭੁਗਤਾਨ ਦੀ ਨਿਯਮਤਾ ਲਈ ਵਿਅਕਤੀ ਨੂੰ ਬੱਚਤ ਦੀ ਵਿਉਂਤਬੰਦੀ ਕਰਨ ਦੀ ਲੋੜ ਹੁੰਦੀ ਹੈ ਅਤੇ ਨਤੀਜੇ ਵਜੋਂ ਬੱਚਤ ਦੀ ਆਦਤ ਹੈ।

iii. ਬੀਮਾਕਰਤਾ ਪੇਸ਼ੇਵਰ ਨਿਵੇਸ਼ ਪ੍ਰਬੰਧ ਦਾ ਧਿਆਨ ਰੱਖਦਾ ਹੈ ਅਤੇ ਵਿਅਕਤੀ ਨੂੰ ਇਸ ਜ਼ੁੰਮੇਵਾਰੀ ਤੋਂ ਮੁਕਤ ਕਰਦਾ ਹੈ।

iv. ਬੀਮਾ ਨਕਦੀ ਦੀ ਸਹੂਲਤ ਵੀ ਦਿੰਦੀ ਹੈ। ਬੀਮਾਕਰਤਾ ਪਾਲਸੀ ਉੱਤੇ ਕਰਜ਼ ਲੈ ਸਕਦਾ ਹੈ ਜਾਂ ਪਾਲਸੀ ਦਾ ਤਿਆਗ ਕਰ ਸਕਦਾ ਹੈ ਅਤੇ ਇਸ ਨੂੰ ਨਕਦ ਵਿੱਚ ਬਦਲ ਸਕਦਾ ਹੈ।

v. ਨਕਦ ਮੁੱਲ ਕਿਸਮ ਦੇ ਜੀਵਨ ਬੀਮਾ ਅਤੇ ਪੈਨਸ਼ਨ ਯੋਜਨਾਵਾਂ ਦੋਵਾਂ ਲਈ ਕੁਝ ਟੈਕਸ ਛੋਟਾਂ ਮਿਲਦੀਆਂ ਹਨ।

vi. ਬੀਮਾ ਬੀਮਤ ਦੇ ਦੀਵਾਲੀਆ ਹੋਣ ਜਾਂ ਮੌਤ ਦੀ ਘਟਨਾ ਹੋਣ ਉੱਤੇ ਕਰਜ਼ ਦੇਣ ਵਾਲਿਆਂ ਦੇ ਦਾਅਵਿਆਂ ਤੋਂ ਸੁਰੱਖਿਅਤ ਹੈ।

b) ਨੁਕਸਾਨ

i. ਬੀਮਾ ਸਥਿਰ ਅਤੇ ਪੱਕੀ ਧਨ-ਵਾਪਸੀ ਦਿੰਦਾ ਹੈ, ਜੋ ਕਿ ਮਹਿੰਗਾਈ ਦਰ ਨਾਲ ਬਹੁਤ ਪ੍ਰਭਾਵਿਤ ਹੁੰਦੀ ਹੈ।

ii. ਵੱਧ ਬਜ਼ਾਰੀਕਰਨ ਅਤੇ ਹੋਰ ਸ਼ੁਰੂਆਤੀ ਖ਼ਰਚੇ ਜੀਵਨ ਬੀਮਾ ਪਾਲਸੀਆਂ ਦੇ ਸ਼ੁਰੂਆਤੀ ਸਾਲਾਂ ਦੌਰਾਨ ਇਕੱਤਰ ਹੋਣ ਵਾਲੇ ਨਕਦੀ ਦੀ ਮਾਤਰਾ ਨੂੰ ਘਟਾਉਂਦੇ ਹਨ।

iii. ਗਾਰੰਟੀਸ਼ੁਦਾ ਕਮਾਈ ਹੋਰ ਵਿੱਤੀ ਸਾਧਨਾਂ ਦੀ ਬਜਾਏ ਘੱਟ ਹੋ ਸਕਦੀ ਹੈ।

**ਆਪਣੇ ਆਪ ਨੂੰ ਟੈਸਟ ਕਰੋ 1**

ਬਹੁਵਿਧੀਕਰਨ (diversification) ਵਿੱਤੀ ਖੇਤਰ ਵਿੱਚ ਜੋਖਿਮ ਨੂੰ ਕਿਵੇਂ ਘਟਾਉਂਦੀ ਹੈ?

I. ਵੱਖ-ਵੱਖ ਸਰੋਤਾਂ ਤੋਂ ਫੰਡ ਇਕੱਤਰ ਕੀਤੇ ਜਾਂਦੇ ਹਨ ਅਤੇ ਉਹਨਾਂ ਨੂੰ ਇੱਕ ਥਾਂ ਉੱਤੇ ਨਿਵੇਸ਼ ਕੀਤਾ ਜਾਂਦਾ ਹੈ।

II. ਵੱਖ-ਵੱਖ ਸੰਪੱਤੀ ਵਰਗਾਂ ਵਿੱਚ ਫੰਡ ਨਿਵੇਸ਼ ਕਰਨੇ

III. ਨਿਵੇਸ਼ ਵਿਚਾਲੇ ਸਮੇਂ ਦਾ ਫ਼ਰਕ ਰੱਖਿਆ ਜਾਂਦਾ ਹੈ।

IV. ਸੁਰੱਖਿਆ ਸੰਪੱਤੀਆਂ ਵਿੱਚ ਨਿਵੇਸ਼ ਕਰਨਾ

**ਸਾਰ**

a) ਸੰਪੱਤੀ ਜਾਇਦਾਦ ਦੀ ਇੱਕ ਕਿਸਮ ਹੈ, ਜਿਸ ਦਾ ਮੁੱਲ ਹੁੰਦਾ ਹੈ ਜਾਂ ਆਮਦਨ ਮਿਲਦੀ ਹੈ।

b) HLV ਸਿਧਾਂਤ ਮਨੁੱਖੀ ਜੀਵਨ ਨੂੰ ਇੱਕ ਕਿਸਮ ਦੀ ਜਾਇਦਾਦ ਜਾਂ ਸੰਪੱਤੀ ਮੰਨਦਾ ਹੈ, ਜਿਸ ਤੋਂ ਆਮਦਨ ਹੋ ਸਕਦੀ ਹੈ। ਇਸਕਰਕੇ ਇਸ ਵਿੱਚ ਮਨੁੱਖੀ ਜੀਵਨ ਦੇ ਮੁੱਲ ਨੂੰ ਵਿਅਕਤੀ ਵਲੋਂ ਭਵਿੱਖ ਦੀ ਉਮੀਦ ਕੀਤੀ ਕਮਾਈ ਦੇ ਮੁਤਾਬਕ ਮਾਪਿਆ ਜਾਂਦਾ ਹੈ।

c) ਲੈਵਲ ਪ੍ਰੀਮੀਅਮ ਦਾ ਭਾਵ ਹੈ ਕਿ ਪ੍ਰੀਮੀਅਮ ਸਥਿਰ ਰਹਿੰਦਾ ਹੈ ਮਤਲਬ ਇਹ ਉਮਰ ਦੇ ਨਾਲ ਵੱਧਦਾ ਨਹੀਂ ਹੈ, ਪਰ ਪੂਰੇ ਇਕਰਾਰ ਦੇ ਦੌਰਾਨ ਇੱਕ ਹੀ ਰਹਿੰਦਾ ਹੈ।

d) ਪਰਸਪਰਤਾ ਵਿੱਤੀ ਬਾਜ਼ਾਰ ਵਿੱਚ ਵਿੱਤੀ ਜੋਖਿਮ ਘਟਾਉਣ ਲਈ ਮਹੱਤਵਪੂਰਨ ਢੰਗਾਂ ਵਿੱਚੋਂ ਇੱਕ ਹੈ, ਅਤੇ ਦੂਜਾ ਬਹੁਵਿਧੀਕਰਨ (diversification) ਹੈ।

e) ਜੀਵਨ ਬੀਮਾ ਇਕਰਾਰ ਵਿੱਚ ਗਾਰੰਟੀ ਦੇ ਭਾਗ ਵਜੋਂ ਇਹ ਵੀ ਜ਼ੋਰ ਦਿੱਤਾ ਜਾਂਦਾ ਹੈ ਕਿ ਜੀਵਨ ਬੀਮਾ ਸਖ਼ਤ ਸਰਕਾਰੀ ਨਿਯਮਾਂ ਅਤੇ ਸਹੀ ਨਿਗਰਾਨੀ ਦੇ ਅਧੀਨ ਹੈ।

## ਮੁੱਖ ਸ਼ਬਦ

1. ਸੰਪੱਤੀ
2. ਮਨੁੱਖੀ ਜੀਵਨ ਮੁੱਲ
3. ਲੈਵਲ ਪ੍ਰੀਮੀਅਮ
4. ਪਰਸਪਰਤਾ
5. ਬਹੁਵਿਧੀਕਰਨ

## ਸਵੈ ਜਾਂਚ ਦੇ ਜਵਾਬ

**ਜਵਾਬ 1 - ਸਹੀ ਜਵਾਬ II ਹੈ।**

# ਪਾਠ L-02

# ਵਿੱਤੀ ਵਿਉਂਤਬੰਦੀ

**ਪਾਠ ਜਾਣ-ਪਛਾਣ**

**ਪਿਛਲੇ ਪਾਠ ਵਿੱਚ ਅਸੀਂ ਵਿੱਤੀ ਸੁਰੱਖਿਆ ਦੇਣ ਲਈ ਜੀਵਨ ਬੀਮੇ ਮੌਜੂਦਗੀ ਅਤੇ ਇਸ ਦੀ ਭੂਮਿਕਾ ਦੇ ਬਾਰੇ ਵਿਚਾਰ ਕੀਤਾ ਹੈ। ਸੁਰੱਖਿਆ ਵਿਅਕਤੀ ਦੇ ਫ਼ਿਕਰਾਂ ਵਿੱਚੋਂ ਇੱਕ ਹੈ, ਜਿਸ ਲਈ ਉਹ ਆਪਣੀ ਆਮਦਨ ਤੇ ਧਨ ਨੂੰ ਮੌਜੂਦਾ ਤੇ ਭਵਿੱਖ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਜਾਰੀ ਕਰਦਾ ਹੈ। ਜੀਵਨ ਬੀਮੇ ਨੂੰ "ਨਿੱਜੀ ਵਿੱਤੀ ਵਿਉਂਤਬੰਦੀ" ਦੇ ਵੱਡੇ ਪ੍ਰਸੰਗ ਵਿੱਚ ਸਮਝਣਾ ਜ਼ਰੂਰੀ ਹੈ। ਇਹ ਪਾਠ ਦਾ ਮਕਸਦ ਵਿੱਤੀ ਵਿਉਂਤਬੰਦੀ ਦੇ ਵਿਸ਼ੇ ਨਾਲ ਜਾਣ-ਪਛਾਣ ਕਰਵਾਉਣਾ ਹੈ।**

**ਸਿੱਖਣ ਦੇ ਨਤੀਜੇ**

A. **ਵਿੱਤੀ ਵਿਉਂਤਬੰਦੀ ਅਤੇ ਵਿਅਕਤੀਗਤ ਜੀਵਨ ਚੱਕਰ**

B. **ਵਿੱਤੀ ਵਿਉਂਤਬੰਦੀ ਦੀ ਭੂਮਿਕਾ**

C. **ਵਿੱਤੀ ਵਿਉਂਤਬੰਦੀ - ਕਿਸਮਾਂ**

## A. ਵਿੱਤੀ ਵਿਉਂਤਬੰਦੀ ਅਤੇ ਵਿਅਕਤੀਗਤ ਜੀਵਨ ਚੱਕਰ

### 1. ਵਿੱਤੀ ਵਿਉਂਤਬੰਦੀ ਕੀ ਹੈ?

**ਸਾਡੇ ਵਿੱਚੋਂ ਬਹੁਤੇ ਆਪਣੀ ਕਮਾਊ ਜ਼ਿੰਦਗੀ ਦਾ ਵੱਡਾ ਭਾਗ ਧਨ ਬਣਾਉਣ ਲਈ ਗੁਜ਼ਾਰਦੇ ਹਨ। ਵਿੱਤੀ ਵਿਉਂਤਬੰਦੀ ਸਾਡੇ ਲਈ ਧਨ ਨੂੰ ਬਣਾਉਣ ਦਾ ਚੁਸਤ ਢੰਗ ਹੈ।**

### ਪਰਿਭਾਸ਼ਾ

**ਵਿੱਤੀ ਵਿਉਂਤਬੰਦੀ ਕਿਸੇ ਵਿਅਕਤੀ ਦੇ ਜੀਵਨ ਦੇ ਟੀਚੇ ਪਤਾ ਲਗਾਉਣ, ਇਹਨਾਂ ਪਤਾ ਕੀਤੇ ਟੀਚਿਆਂ ਨੂੰ ਵਿੱਤੀ ਟੀਚਿਆਂ ਵਿੱਚ ਤਬਦੀਲ ਕਰਨ ਅਤੇ ਕਿਸੇ ਦੇ ਵਿੱਤੀ ਸਾਧਨਾਂ ਦਾ ਇਹਨਾਂ ਟੀਚਿਆਂ ਨੂੰ ਪੂਰਾ ਕਰਨ ਦਾ ਪ੍ਰਬੰਧਨ ਹੈ।**

**ਵਿੱਤੀ ਵਿਉਂਤਬੰਦੀ ਵਿੱਚ ਮੌਜੂਦਾ ਤੇ ਭਵਿੱਖ ਦੀਆਂ ਲੋੜਾਂ, ਜਿਨਾਂ ਬਾਰੇ ਅੰਦਾਜ਼ਾ ਨਹੀਂ ਹੋ ਸਕਦਾ ਹੈ, ਨੂੰ ਪੂਰਨ ਦਾ ਖਾਕਾ ਤਿਆਰ ਕਰਨਾ ਸ਼ਾਮਲ ਹੈ। ਇਹ ਜੀਵਨ ਨੂੰ ਬੇਫ਼ਿਕਰ ਬਣਾਉਣ ਲਈ ਗੰਭੀਰ ਭੂਮਿਕਾ ਨਿਭਾਉਂਦੀ ਹੈ। ਧਿਆਨ ਨਾਲ ਕੀਤੀ ਗਈ ਵਿਉਂਤਬੰਦੀ ਨਾਲ ਵਿਅਕਤੀ ਆਪਣੀਆਂ ਸੁਭਾਵਿਕ ਤਰਜੀਹਾਂ ਤੈਅ ਕਰ ਸਕਦੇ ਹੈ ਅਤੇ ਆਪਣੇ ਵੱਖ-ਵੱਖ ਟੀਚਿਆਂ ਲਈ ਦਿਸ਼ਾਯੁਕਤ ਢੰਗ ਨਾਲ ਕੰਮ ਕਰ ਸਕਦਾ ਹੈ।**

ਚਿੱਤਰ 1 : ਟੀਚਿਆਂ ਦੀਆਂ ਕਿਸਮਾਂ:




i. **ਟੀਚੇ ਥੋੜ੍ਹੇ ਸਮੇਂ ਲਈ ਹੋ ਸਕਦੇ ਹਨ: ਐਲਸੀਡੀ ਟੀਵੀ ਖਰੀਦਣਾ ਜਾਂ ਪਰਿਵਾਰਿਕ ਛੁੱਟੀਆਂ ਉੱਤੇ ਜਾਣਾ**


ii. **ਇਹ ਮੱਧ ਮਿਆਦ ਦੇ ਹੋ ਸਕਦੇ ਹਨ: ਘਰ ਖਰੀਦਣਾ ਜਾਂ ਵਿਦੇਸ਼ ਵਿੱਚ ਛੁੱਟੀਆਂ ਉੱਤੇ ਜਾਣਾ**

iii. **ਲੰਮੇ ਸਮੇਂ ਦੇ ਟੀਚਿਆਂ ਵਿੱਚ ਹੋ ਸਕਦੇ ਹਨ: ਬੱਚਿਆਂ ਦੀ ਸਿੱਖਿਆ ਜਾਂ ਵਿਆਹ ਜਾਂ ਰਿਟਾਇਰਮੈਂਟ ਦੇ ਬਾਅਦ ਦਾ ਪ੍ਰਬੰਧ**

## 2. ਵਿਅਕਤੀ ਦਾ ਜੀਵਨ ਚੱਕਰ

ਵਿਅਕਤੀ ਪੈਦਾ ਹੋਣ ਤੋਂ ਮਰਨ ਦੇ ਦਿਨ ਤੱਕ ਜੀਵਨ ਦੇ ਵੱਖ-ਵੱਖ ਪੜਾਆਵਾਂ ਤੋਂ ਗੁਜ਼ਰਦਾ ਹੈ, ਜਿਸ ਵਿੱਚ ਉਸ ਤੋਂ ਕਈ ਭੂਮਿਕਾਵਾਂ ਨਿਭਾਉਣ ਦੀ ਉਮੀਦ ਕੀਤੀ ਜਾਂਦੀ ਹੈ। ਇਹਨਾਂ ਪੜਾਆਵਾਂ ਦੀ ਜਾਣਕਾਰੀ ਅਗਲੇ ਚਿੱਤਰ ਵਿੱਚ ਦਿੱਤੀ ਗਈ ਹੈ।

**ਚਿੱਤਰ 2 :ਆਰਥਿਕ ਜੀਵਨ ਚੱਕਰ**




**ਜੀਵਨ ਪੜਾਅ ਅਤੇ ਤਰਜੀਹਾਂ**

a) ਸਿਖਿਆਰਥੀ (20-25 ਸਾਲਾਂ ਦੀ ਉਮਰ ਤੱਕ): ਪੜਾਅ ਜਦੋਂ ਵਿਅਖਤੀ ਆਪਣੇ ਗਿਆਨ ਤੇ ਮੁਹਾਰਤ ਨੂੰ ਸੁਧਾਰ ਕੇ ਭਵਿੱਖ ਦੀ ਤਿਆਰੀ ਕਰਦਾ ਹੈ। ਵਿਅਕਤੀ ਦੀ ਸਿੱਖਿਆ ਲਈ ਵਿੱਤੀ ਸਾਧਨਾਂ ਵਾਸਤੇ ਫੰਡ ਚਾਹੀਦੇ ਹਨ। ਜਿਵੇਂ ਕਿ ਮੈਡੀਕਲ ਜਾਂ ਮੈਨੇਜਮੈਂਟ ਸਿੱਖਿਆ ਦੀ ਫੀਸ ਲਈ ਵੱਡੇ ਖ਼ਰਚੇ ਪੂਰਨ ਕਰਨ ਵਾਸਤੇ।

b) ਕਮਾਊ (25 ਸਾਲ ਤੋਂ ਬਾਅਦ): ਜਦੋਂ ਵਿਅਕਤੀ ਨੂੰ ਨੌਕਰੀ ਮਿਲ ਜਾਂਦੀ ਹੈ ਅਤੇ ਸ਼ਾਇਦ ਆਪਣੀਆਂ ਲੋੜਾਂ ਪੂਰੀਆਂ ਕਰਨ ਤੋਂ ਬਾਅਦ ਵਾਧੂ ਬਚ ਜਾਂਦੇ ਹਨ। ਪਰਿਵਾਰਿਕ ਜ਼ੁੰਮੇਵਾਰੀਆਂ ਹੁੰਦੀਆਂ ਹਨ ਅਤੇ ਵਿਅਕਤੀ ਨੇੜਲੇ ਭਵਿੱਖ ਵਿੱਚ ਪੈਦਾ ਹੋਣ ਵਾਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਧਨ ਨੂੰ ਬਚਾਅ ਅਤੇ ਨਿਵੇਸ਼ ਵੀ ਕਰ ਸਕਦਾ ਹੈ। ਜਿਵੇਂ ਨੌਜਵਾਨ ਵਿਅਕਤੀ ਘਰ ਲਈ ਕਰਜ਼ ਲੈ ਸਕਦਾ ਹੈ ਅਤੇ ਘਰ ਵਿੱਚ ਨਿਵੇਸ਼ ਕਰ ਸਕਦਾ ਹੈ।

c) ਸਾਥੀ (ਮੰਨ ਲਵੋ ਕਿ 28-30 ਵਿਚਾਲੇ ਵਿਆਹ ਕਰਵਾਉਣਾ): ਜਦੋਂ ਵਿਅਕਤੀ ਦਾ ਵਿਆਹ ਹੁੰਦਾ ਹੈ ਅਤੇ ਖੁਦ ਦਾ ਪਰਿਵਾਰ ਹੁੰਦਾ ਹੈ। ਇਹ ਖੁਦ ਦਾ ਘਰ, ਸ਼ਾਇਦ ਕਾਰ, ਘਰੇਲੂ ਸਾਮਾਨ, ਬੱਚਿਆਂ ਦੇ ਭਵਿੱਖ ਬਾਰੇ ਵਿਉਂਤਬੰਦੀ ਕਰਨ ਵਰਗੀਆਂ ਨਵੀਆਂ ਲੋੜਾਂ ਪੈਦਾ ਕਰਦਾ ਹੈ।

d) ਮਾਪੇ (28 ਤੋਂ 35 ਵਿਚਾਲੇ): ਇਹਨਾਂ ਸਾਲਾਂ ਦੇ ਦੌਰਾਨ ਵਿਅਕਤੀ ਇੱਕ ਜਾਂ ਵੱਧ ਬੱਚਿਆਂ ਦੇ ਮਾਂ-ਪਿਉ ਬਣ ਕੇ ਦੀ ਜ਼ੁੰਮੇਵਾਰੀ ਨਿਭਾਉਂਦਾ ਹੈ। ਹੁਣ ਉਹਨਾਂ ਦੇ ਸਿਹਤ ਤੇ ਸਿੱਖਿਆ - ਉਹਨਾਂ

ਨੂੰ ਚੰਗੇ ਸਕੂਲਾਂ ਆਦਿ ਵਿੱਚ ਭੇਜਣ ਦਾ ਫ਼ਿਕਰ ਵੀ ਹੁੰਦਾ ਹੈ।

e) ਸੇਵਾ ਦੇਣ ਵਾਲਾ (ਉਮਰ 35 ਤੋਂ 55 ਵਿਚਾਲੇ): ਇਸ ਪੜਾਅ ਉੱਤੇ ਬੱਚੇ ਅੱਲੜ੍ਹ ਉਮਰ ਵਿੱਚ ਹੁੰਦੇ ਹਨ ਅਤੇ ਆਪਣੇ ਹਾਈ ਸਕੂਲ ਤੇ ਕਾਲਜ ਦੇ ਦਿਨਾਂ ਵਿੱਚ ਹੁੰਦੇ ਹਨ। ਵਿਅਕਤੀ ਨੂੰ ਬੱਚਿਆਂ ਨੂੰ ਉਹਨਾਂ ਦੀ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਯੋਗ ਬਣਾਉਣ ਵਾਸਤੇ ਸਿੱਖਿਆ ਲਈ ਵੱਡੇ ਖਰਚਿਆਂ ਦਾ ਫ਼ਿਕਰ ਹੁੰਦਾ ਹੈ। ਜਿਵੇਂ ਕਿ ਪੰਜ ਸਾਲਾਂ ਦੇ ਮੈਡੀਕਲ ਕੋਰਸ ਲਈ ਵਿੱਤੀ ਲੋੜਾਂ ਨੂੰ ਪੂਰਾ ਕਰਨ ਦੀ ਰਕਮ ਦਾ ਇੰਤਜ਼ਾਮ ਕਰਨਾ। ਕਈ ਭਾਰਤੀ ਪਰਿਵਾਰਾਂ ਵਿੱਚ ਕੁੜੀਆਂ ਦੇ ਵਿਆਹ ਕਰਵਾਉਣ ਅਤੇ ਉਹਨਾਂ ਨੂੰ ਪੈਰਾਂ ਸਿਰ ਕਰਨਾ ਫ਼ਿਕਰ ਦਾ ਵੱਡਾ ਵਿਸ਼ਾ ਹੁੰਦਾ ਹੈ। ਅਸਲ ਵਿੱਚ ਅੱਜ ਬੱਚਿਆਂ ਦੇ ਵਿਆਹ ਅਤੇ ਸਿੱਖਿਆ ਬਹੁਤੇ ਭਾਰਤੀ ਪਰਿਵਾਰਾਂ ਲਈ ਬੱਚਤ ਦੀ ਸਭ ਤੋਂ ਵੱਡੀ ਪ੍ਰੇਰਨਾ ਹੈ।

f) ਬੱਚਿਆਂ ਤੋਂ ਬਿਨਾਂ ਇਕੱਲੇ (ਉਮਰ 55 ਤੋਂ 65): 'ਖਾਲੀ ਆਲ੍ਹਣੇ' ਦਾ ਅਰਥ ਹੈ ਕਿ ਬੱਚੇ ਵੱਡੇ ਹੋ ਕੇ ਆਪਣੇ ਪਰਿਵਾਰਾਂ ਵਿੱਚ ਰੁੱਝ ਗਏ ਹਨ ਅਤੇ ਘਰ ਛੱਡ ਗਏ ਹਨ। ਇਸ ਸਮਾਂ ਹੁੰਦਾ ਹੈ ਜਦੋਂ ਬਚਿਆਂ ਦੇ ਵਿਆਹ ਹੋ ਜਾਂਦੇ ਹਨ ਅਤੇ ਕਈ ਵਾਰ ਕੰਮ ਲਈ ਆਪਣੇ ਮਾਪਿਆਂ ਤੋਂ ਦੂਰ ਪਰਵਾਸ ਕਰ ਜਾਂਦੇ ਹਨ। ਇਸ ਪੜਾਅ ਤੱਕ ਵਿਅਕਤੀ ਕੋਲ ਘਰ ਦੇ ਕਰਜ਼ ਤੇ ਹੋਰ ਕਰਜ਼ ਖ਼ਤਮ ਹੋ ਜਾਂਦੇ ਹਨ ਅਤੇ ਰਿਟਾਇਰਮੈਂਟ ਲਈ ਫੰਡ ਇਕੱਤਰ ਹੋ ਚੁੱਕੇ ਹੁੰਦੇ ਹਨ। ਇਹੀ ਸਮਾਂ ਹੁੰਦਾ ਹੈ ਜਦੋਂ ਬੀਪੀ ਅਤੇ ਡਾਇਬਟੀਜ਼ ਵਰਗੀਆਂ ਬਿਮਾਰੀਆਂ ਤੁਹਾਡੇ ਦਰ ਉੱਤੇ ਦਸਤਕ ਦੇ ਚੁੱਕੀਆਂ ਹੁੰਦੀਆਂ ਹਨ। ਸਿਹਤ ਦੇਖਭਾਲ, ਵਿੱਤੀ ਆਤਮ-ਨਿਭਰਰਤਾ ਅਤੇ ਆਮਦਨ ਦੀ ਸੁਰੱਖਿਆ ਇਸ ਪੜਾਅ ਉੱਤੇ ਬਹੁਤ ਜ਼ਰੂਰੀ ਹੋ ਜਾਂਦੀ ਹੈ।

g) ਰਿਟਾਇਰਮੈਂਟ - ਜੀਵਨ ਦੀ ਸਾਂਝ (60 ਤੇ ਵੱਧ ਉਮਰ): ਇੱਥੇ ਵਿਅਕਤੀ ਸਰਗਰਮ ਕੰਮਕਾਜ ਤੋਂ ਰਿਟਾਇਰ ਹੋ ਚੁੱਕਿਆਂ ਹੁੰਦਾ ਹੈ ਤੇ ਆਪਣੀ ਜ਼ਿੰਦਗੀ ਦੀ ਜ਼ਮਾਂ ਪੂੰਜੀ ਨੂੰ ਜਿੰਦਗੀ ਦੀਆਂ ਲੋੜਾਂ ਪੂਰਨ ਕਰਨ ਲਈ ਵਰਤਦਾ ਹੈ। ਘਰਵਾਲਾ ਅਤੇ ਘਰਵਾਲੀਆਂ ਦੋਵਾਂ ਦੀਆਂ ਲੋੜਾਂ, ਜਦੋਂ ਤੱਕ ਜਿਉਂਦੇ ਹੋਣ, ਕੇਂਦਰ ਵਿੱਚ ਹੁੰਦੀਆਂ ਹਨ। ਸਿਹਤ ਮਸਲੇ, ਢੁੱਕਵੀਂ ਆਮਦਨ ਅਤੇ ਇਕੱਲਾਪਣ ਇੱਥੇ ਫ਼ਿਕਰ ਦੇ ਮਸਲੇ ਹੁੰਦੇ ਹਨ। ਇਹ ਹੀ ਉਹ ਸਮਾਂ ਹੁੰਦਾ ਹੈ ਜਦੋਂ ਵਿਅਕਤੀ ਜ਼ਿੰਦਗੀ ਦੀ ਕੁਆਲਟੀ ਸੁਧਾਰਨੀ ਚਾਹੁੰਦਾ ਹੈ ਅਤੇ ਆਪਣੇ ਸੁਪਨਿਆਂ ਨੂੰ ਸੱਚ ਕਰਕੇ ਆਨੰਦ ਮਾਣਨਾ ਚਾਹੁੰਦਾ ਹੈ - ਜਿਵੇਂ ਕਿ ਸ਼ੌਕ ਪੂਰੇ ਕਰਨਾ; ਯਾਤਰਾ ਜਾਂ ਤੀਰਥ ਯਾਤਰਾ ਉੱਤੇ ਜਾਣਾ। ਵਿਅਕਤੀ ਆਨੰਦ ਨਾਲ ਸਮਾਂ ਮਾਣੇਗਾ ਜਾਂ ਗਰੀਬੀ ਵਿੱਚ ਇਹ ਇਹਨਾਂ ਸਾਲਾਂ ਲਈ ਕੀਤੇ ਗਏ ਨਿਵੇਸ਼ ਉੱਤੇ ਨਿਰਭਰ ਕਰੇਗਾ।

ਜਿਵੇਂ ਕਿ ਅਸੀਂ ਉੱਤੇ ਵੇਖਿਆ ਹੈ ਕਿ ਆਰਥਿਕ ਜੀਵਨ ਚੱਕਰ ਵਿੱਚ ਤਿੰਨ ਪੜਾਅ ਹਨ: ਵਿਦਿਆਰਥੀ ਜਾਂ ਨੌਕਰੀ ਤੋਂ ਪਹਿਲਾਂ ਦਾ ਪੜਾਅ, ਕੰਮ ਕਰਨ ਦਾ ਪੜਾਅ ਜੋ 18 ਤੋਂ 25 ਸਾਲ ਦੀ ਉਮਰ ਤੋਂ ਸ਼ੁਰੂ ਹੋ ਕੇ 35 ਤੋਂ 40 ਸਾਲ ਦੀ ਉਮਰ ਤੱਕ ਰਹਿੰਦਾ ਹੈ, ਅਤੇ ਰਿਟਾਇਰਮੈਂਟ ਦੇ ਸਾਲ, ਜੋ ਕਿ ਵਿਅਕਤੀ ਵਲੋਂ ਕੰਮ ਛੱਡਣ ਦੇ ਬਾਅਦ ਸ਼ੁਰੂ ਹੁੰਦੇ ਹਨ।

3. ਕਿਸੇ ਵਿਅਕਤੀ ਨੂੰ ਬੱਚਤ ਕਰਨ ਅਤੇ ਵੱਖ-ਵੱਖ ਵਿੱਤੀ ਸੰਪੱਤੀਆਂ ਖਰੀਦਣ ਦੀ ਲੋੜ ਕਿਉਂ ਹੁੰਦੀ ਹੈ?

ਕਾਰਨ ਇਹ ਹੈ ਕਿ ਵਿਅਕਤੀ ਦੇ ਜੀਵਨ ਦੇ ਦੌਰਾਨ ਹਰ ਪੜਾਅ, ਜਦੋਂ ਉਹ ਖਾਸ ਭੂਮਿਕਾ ਨਿਭਾਉਂਦਾ ਹੈ, ਦੀਆਂ ਆਪਣੀਆਂ ਖਾਸ ਲੋੜਾਂ ਹੁੰਦੀਆਂ ਹਨ, ਜਿਹਨਾਂ ਲਈ ਮਾਲੀ ਵਿਵਸਥਾ ਦੀ ਲੋੜ ਹੁੰਦੀ ਹੈ।

ਉਦਾਹਰਨ

ਜਦੋਂ ਵਿਅਕਤੀ ਵਿਆਹ ਕਰਵਾਉਂਦਾ ਹੈ ਅਤੇ ਆਪਣਾ ਖੁਦ ਦਾ ਪਰਿਵਾਰ ਸ਼ੁਰੂ ਕਰਦਾ ਹੈ ਤਾਂ ਉਸ ਨੂੰ ਆਪਣੇ ਘਰ ਦੀ ਲੋੜ ਹੁੰਦੀ ਹੈ। ਜਿਵੇਂ ਬੱਚੇ ਵੱਡੇ ਹੁੰਦੇ ਹਨ ਤਾਂ ਉਹਨਾਂ ਦੀ ਉੱਚ ਸਿੱਖਿਆ ਲਈ ਫੰਡਾਂ ਦੀ ਲੋੜ ਹੁੰਦੀ ਹੈ। ਜਿਵੇਂ ਵਿਅਕਤੀ ਅੱਧਖੜ ਉਮਰ ਤੋਂ ਪਾਰ ਹੁੰਦਾ ਹੈ ਤਾਂ ਸਿਹਤ ਖਰਚੇ ਅਤੇ ਰਿਟਾਇਰਮੈਂਟ ਦੇ ਬਾਅਦ ਜ਼ਰੂਰਤ ਪੂਰੀ ਕਰਨ ਲਈ ਧਨ ਦਾ ਫ਼ਿਕਰ ਹੁੰਦਾ ਹੈ ਤਾਂ ਕਿ ਵਿਅਕਤੀ ਨੂੰ ਆਪਣੇ ਬੱਚਿਆਂ ਉੱਤੇ ਨਿਰਭਰ ਨਾ ਹੋਣਾ ਪਵੇ ਅਤੇ ਉਹ ਬੋਝ ਨਾ ਬਣੇ। ਆਤਮ-ਨਿਰਭਰ ਅਤੇ ਮਾਣ ਨਾਲ ਜਿਉਣਾ ਮਹੱਤਵਪੂਰਨ ਬਣ ਜਾਂਦਾ ਹੈ।

---

ਬੱਚਤ - ਨਿਵੇਸ਼ ਕਾਰਵਾਈ ਨੂੰ ਦੋ ਫ਼ੈਸਲਿਆਂ ਦੇ ਵਜੋਂ ਮੰਨਿਆ ਜਾਂਦਾ ਹੈ।

i. ਖਰਚਿਆਂ ਨੂੰ ਟਾਲਣਾ: ਮੌਜੂਦਾ ਤੇ ਭਵਿੱਖ ਦੀ ਵਰਤੋਂ ਵਿਚਾਲੇ ਸਰੋਤਾਂ ਦੀ ਵੰਡ।

ii. ਘੱਟ ਨਕਦ ਸੰਪੱਤੀ ਦੇ ਬਦਲੇ ਵਿੱਚ ਨਕਦੀ (ਜਾਂ ਤਿਆਰ ਖਰੀਦ ਸ਼ਕਤੀ) ਦਾ ਤਿਆਗ ਉਦਾਹਰਨ ਲਈ ਜੀਵਨ ਬੀਮਾ ਪਾਲਸੀ ਦੀ ਖਰੀਦਣ ਦਾ ਭਾਵ ਹੋਵੇਗਾ ਹੈ ਕਿ ਧਨ ਨੂੰ ਇੱਕ ਇਕਰਾਰ ਨਾਲ ਤਬਦੀਲ ਕਰਨਾ, ਜੋ ਕਿ ਘੱਟ ਨਕਦ ਸੰਪੱਤੀ ਹੈ।

ਵਿੱਤੀ ਵਿਉਂਤਬੰਦੀ ਵਿੱਚ ਦੋਵੇਂ ਕਿਸਮ ਦੇ ਫੈਸਲੇ ਸ਼ਾਮਿਲ ਹੁੰਦੇ ਹਨ। ਵਿਅਕਤੀ ਨੂੰ ਭਵਿੱਖ ਲਈ ਬੱਚਤ ਕਰਨ ਲਈ ਸਕੀਮ ਬਣਾਉਣ ਅਤੇ ਸੰਪੱਤੀ ਵਿੱਚ ਵੀ ਸਮਝਦਾਰੀ ਨਾਲ ਨਿਵੇਸ਼ ਕਰਨ ਦੀ ਲੋੜ ਹੁੰਦੀ ਹੈ, ਜੋ ਕਿ ਭਵਿੱਖ ਵਿੱਚ ਪੈਦਾ ਹੋਣ ਵਾਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਢੁੱਕਵੀ ਹੋਵੇ।

4. ਵਿਅਕਤੀਗਤ ਲੋੜਾਂ

ਜੇ ਅਸੀਂ ਉੱਤੇ ਦਿੱਤੇ ਜੀਵਨ ਚੱਕਰ ਦੇ ਪੜਾਆਵਾਂ ਨੂੰ ਵੇਖਦੇ ਹਾਂ ਤਾਂ ਅਸੀਂ ਵੇਖ ਸਕਦੇ ਹਾਂ ਕਿ ਤਿੰਨ ਕਿਸਮ ਦੀਆਂ ਲੋੜਾਂ ਪੈਦਾ ਹੋ ਸਕਦੀਆਂ ਹਨ। ਇਹਨਾਂ ਲਈ ਤਿੰਨ ਕਿਸਮ ਦੇ ਵਿੱਤੀ ਉਤਪਾਦ ਦੀ ਲੋੜ ਪੈਦਾ ਹੁੰਦੀ ਹੈ।

a) ਭਵਿੱਖ ਦੇ ਲੈਣ-ਦੇਣ ਦੇ ਸਮਰੱਥ

ਪਹਿਲੀ ਕਿਸਮ ਦੀਆਂ ਲੋੜਾਂ ਫੰਡਾਂ ਤੋਂ ਪੈਦਾ ਹੁੰਦੀਆਂ ਹਨ, ਜੋ ਕਿ ਅਗਾਊਂ ਖ਼ਰਚਿਆਂ ਨੂੰ ਪੂਰਾ ਕਰਨ ਲਈ ਚਾਹੀਦੇ ਹਨ, ਜੋ ਕਿ ਜੀਵਨ ਚੱਕਰ ਦੇ ਵੱਖ-ਵੱਖ ਪੜਾਆਵਾਂ ਦੇ ਦੌਰਾਨ ਆਉਣ ਦੀ ਉਮੀਦ ਹੁੰਦੀ ਹੈ। ਇੰਝ ਦੀਆਂ ਲੋੜਾਂ ਦੀਆਂ ਦੋ ਕਿਸਮਾਂ ਹਨ:

i. ਖਾਸ ਲੈਣ-ਦੇਣ ਦੀਆਂ ਲੋੜਾਂ: ਖਾਸ ਜੀਵਨ ਘਟਨਾਵਾਂ ਨਾਲ ਸੰਬੰਧਿਤ, ਜਿਹਨਾਂ ਲਈ ਸਰੋਤਾਂ ਦੀ ਵਚਨਬੱਧਤਾ ਦੀ ਲੋੜ ਹੁੰਦੀ ਹੈ। ਜਿਵੇਂ ਕਿ ਨਿਰਭਰ ਵਿਅਕਤੀਆਂ ਦੀ ਉੱਚ ਸਿੱਖਿਆ/ ਵਿਆਹ ਲਈ ਪ੍ਰਬੰਧ ਜਾਂ ਘਰ ਜਾਂ ਘਰੇਲੂ ਸਮਾਨ ਖਰੀਦਣਾ।

ii. ਆਮ ਲੈਣ-ਦੇਣ ਲੋੜਾਂ: ਕਿਸੇ ਖਾਸ ਮਕਸਦ ਲਈ ਤਹਿ ਕੀਤੇ ਬਿਨਾਂ ਮੌਜੂਦਾ ਖ਼ਰਚਿਆਂ ਵਿੱਚੋਂ ਵੱਖ ਰੱਖੀ ਰਕਮ - ਇਸ ਨੂੰ ਆਮ ਤੌਰ ਉੱਤੇ 'ਭਵਿੱਖ ਪ੍ਰਬੰਧ' ਕਿਹਾ ਜਾਂਦਾ ਹੈ।

b) ਅਚਨਚੇਤ ਲੋੜਾਂ ਪੂਰਨੀਆਂ

ਅਚਨਚੇਤ ਲੋੜਾਂ ਅਣਚਿਤੇ ਜਿੰਦਗੀ ਦੀਆਂ ਘਟਨਾਵਾਂ ਹਨ, ਜਿੰਨ੍ਹਾਂ ਲਈ ਵੱਡੀ ਰਕਮ ਦੀ ਲੋੜ ਹੋ ਸਕਦੀ ਹੈ। ਇਹ ਮੌਜੂਦਾਂ ਆਮਦਨ ਤੋਂ ਪੂਰੀਆਂ ਨਹੀਂ ਹੋ ਸਕਦੀਆਂ ਹਨ ਅਤੇ ਇਹਨਾਂ ਲਈ ਪਹਿਲਾਂ ਤੋਂ ਫੰਡ ਮੌਜੂਦ ਹੋਣ ਦੀ ਲੋੜ ਹੁੰਦੀ ਹੈ। ਇਹਨਾਂ ਵਿੱਚੋਂ ਕੁਝ ਘਟਨਾਵਾਂ ਜਿਵੇਂ ਕਿ ਮੌਤ ਤੇ ਅਪੰਗਤਾ ਜਾਂ ਬੇਰੁਜ਼ਗਾਰੀ, ਨਾਲ ਆਮਦਨ ਖਤਮ ਹੋ ਸਕਦੀ ਹੈ। ਹੋਰਾਂ ਜਿਵੇਂ ਕਿ ਅੱਗ, ਨਾਲ ਧਨ ਦਾ ਨੁਕਸਾਨ ਹੋ ਸਕਦਾ ਹੈ।

ਇੰਝ ਦੀਆਂ ਲੋੜਾਂ ਨੂੰ ਬੀਮੇ ਰਾਹੀਂ ਪੂਰਾ ਕੀਤਾ ਜਾ ਸਕਦਾ ਹੈ, ਜੇ ਇਹ ਘਟਨਾਵਾਂ ਹੋਣ ਦੀ ਸੰਭਾਵਨਾ ਘੱਟ ਹੋਵੇ, ਪਰ ਖਰਚ ਵੱਧ। ਬਦਲਵੇਂ ਰੂਪ ਵਿੱਚ ਵਿਅਕਤੀ ਇਹਨਾਂ ਨੂੰ ਨਕਦ ਸੰਪੱਤੀ ਦੇ ਰੂਪ ਵਿੱਚ ਵੱਡੀ ਰਕਮ ਇੱਕ ਪਾਸੇ ਕੱਢ ਕੇ ਰਾਖਵੀਂ ਵਜੋਂ ਰੱਖ ਕੇ ਪੂਰੀਆਂ ਕਰ ਸਕਦਾ ਹੈ।

c) ਧਨ ਇਕੱਤਰ ਕਰਨਾ

ਇਕੱਤਰ ਕਰਨ ਦੇ ਮਕਸਦ ਤੋਂ ਭਾਵ ਵਿਅਕਤੀ ਦੀ ਧਨ ਇਕੱਤਰ ਕਰਨ ਲਈ ਨਿਵੇਸ਼ ਕਰਨ, ਵਾਜਬ ਬਾਜ਼ਾਰੀ ਮੌਕਿਆਂ ਦਾ ਫਾਇਦਾ ਲੈਣ ਦੀ ਇੱਛਾ ਤੋਂ ਹੈ। ਕੁਝ ਵਿਅਕਤੀ ਨਿਵੇਸ਼ ਕਰਨ ਲਈ ਸਾਵਧਾਨੀ ਦਾ ਢੰਗ ਅਪਨਾਉਂਦੇ ਹਨ, ਜਦੋਂ ਕਿ ਕੁਝ ਵੱਡਾ ਫਾਇਦਾ ਲੈਣ ਲਈ ਵੱਡੇ ਜ਼ੋਖਮ ਲੈਂਦੇ ਹਨ। ਉੱਚ ਆਮਦਨ ਦੀ ਉਮੀਦ ਕੀਤੀ ਜਾਂਦੀ ਹੈ, ਕਿਉਂਕਿ ਇਹ ਵਿਅਕਤੀ ਦੇ ਧਨ ਜਾਂ ਸ਼ੁੱਧ ਕਮਾਈ ਨੂੰ ਤੇਜ਼ੀ ਨਾਲ ਵਧਾਉਣ ਦੇ ਮਦਦ ਕਰਦੀ ਹੈ। ਧਨ ਸਵੈ-ਨਿਰਭਰਤਾ, ਹੌਸਲੇ, ਤਾਕਤ ਅਤੇ ਪ੍ਰਭਾਵ ਨਾਲ ਸੰਬੰਧਿਤ ਹੈ।

5. ਵਿੱਤੀ ਉਤਪਾਦ

ਉੱਤੇ ਦਿੱਤੀਆਂ ਲੋੜਾਂ ਦੇ ਵਰਗ ਦੇ ਸੰਬੰਧ ਵਿੱਚ ਵਿੱਤੀ ਬਾਜ਼ਾਰ ਵਿੱਚ ਤਿੰਨ ਕਿਸਮ ਦੇ ਉਤਪਾਦ ਮੌਜੂਦ ਹਨ:

| | |
|---|---|
| ਲੈਣ-ਦੇਣ ਵਾਲੇ ਉਤਪਾਦ | ਬੈਂਕ ਜ਼ਮ੍ਹਾਂ ਅਤੇ ਹੋਰ ਬੱਚਤ ਸਾਧਨ, ਜੋ ਕਿ ਵਿਅਕਤੀ ਨੂੰ ਸਹੀਂ ਸਮੇਂ ਤੇ ਮਿਕਦਾਰ ਉੱਤੇ ਢੁੱਕਵੀਂ ਖਰੀਦ ਸ਼ਕਤੀ (ਬੈਂਕ ਨਕਦੀ) ਦੇ ਯੋਗ ਕਰਦੇ ਹਨ। |
| ਅਚਨਚੇਤ ਘਟਨਾ ਸੰਬੰਧੀ ਉਤਪਾਦ ਜਿਵੇਂ ਬੀਮਾ | ਇਹ ਵੱਡੇ ਘਾਟਿਆਂ ਤੋਂ ਸੁਰੱਖਿਆ ਦਿੰਦੇ ਹਨ ਜੋ ਕਿ ਅਚਾਨਕ ਹੋਣ ਵਾਲੀਆਂ ਘਟਨਾਵਾਂ ਵਾਪਰਨ ਕਰਕੇ ਹੋ ਸਕਦੇ ਹਨ |

| | |
|---|---|
| ਧਨ ਇਕੱਤਰ ਉਤਪਾਦ | ਸ਼ੇਅਰ ਤੇ ਉੱਚ ਫਾਇਦੇ ਵਾਲੇ ਬੌਂਡ ਜਾਂ ਰੀਅਲ ਇਸਟੇਟ ਇਸ ਤਰ੍ਹਾਂ ਦੇ ਉਤਪਾਦਾਂ ਦੇ ਉਦਾਹਰਨ ਹਨ। ਇਹਨਾਂ ਵਿੱਚ ਨਿਵੇਸ਼ ਹੋਰ ਧਨ ਬਣਾਉਣ ਲਈ ਲਗਾਏ ਜਾਣ ਵਾਲੇ ਧਨ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤਾ ਜਾਂਦਾ ਹੈ। |

ਇੱਕ ਵਿਅਕਤੀ ਨੂੰ ਉੱਤੇ ਦਿੱਤੀਆਂ ਸਭ ਲੋੜਾਂ ਦੇ ਮਿਸ਼ਰਨ ਦੀ ਲੋੜ ਹੋਵੇਗੀ ਅਤੇ ਇਸਕਰਕੇ ਤਿੰਨੇ ਹੀ ਕਿਸਮਾਂ ਦੇ ਉਤਪਾਦ ਚਾਹੀਦੇ ਹੋ ਸਕਦੇ ਹਨ। ਸੰਖੇਪ ਰੂਪ ਵਿੱਚ ਵਿਅਕਤੀ ਕਹਿ ਸਕਦਾ ਹੈ ਕਿ:

i. ਬੱਚਤ ਦੀ ਲੋੜ - ਨਕਦ ਲੋੜਾਂ ਲਈ

ii. ਬੀਮੇ ਦੀ ਲੋੜ - ਅਨਿਸ਼ਚਿਤਾਵਾਂ ਲਈ

iii. ਨਿਵੇਸ਼ ਦੀ ਲੋੜ - ਧਨ ਬਣਾਉਣ ਲਈ

**6. ਜੋਖਿਮ ਪ੍ਰੋਫਾਇਲ ਅਤੇ ਨਿਵੇਸ਼**

ਜਿਵੇਂ ਵਿਅਕਤੀ ਜੀਵਨ ਚੱਕਰ ਦੇ ਵੱਖ-ਵੱਖ ਪੜਾਆਵਾਂ, ਨੌਜਵਾਨ ਕਮਾਉਣ ਵਾਲੇ ਤੋਂ ਅੱਧਖੜ ਉਮਰ ਅਤੇ ਫਿਰ ਆਪਣੇ ਕਾਰਜਕਾਰੀ ਆਖਰੀ ਸਾਲਾਂ ਤੱਕ, ਤੋਂ ਗੁਜ਼ਰਦਾ ਹੈ ਤਾਂ ਜੋਖਿਮ ਪ੍ਰੋਫਾਇਲ ਜਾਂ ਜੋਖਿਮ ਲੈਣ ਸੰਬੰਧੀ ਨਜ਼ਰੀਆ ਵੀ ਬਦਲਦਾ ਹੈ।


ਜਦੋਂ ਵਿਅਕਤੀ ਨੌਜਵਾਨ ਹੁੰਦਾ ਹੈ ਤਾਂ ਉਹ ਕਾਫ਼ੀ ਸਰਗਰਮ ਹੁੰਦਾ ਹੈ ਤੇ ਜਿੰਨਾ ਵੀ ਸੰਭਵ ਹੋ ਸਕੇ ਧਨ ਇਕੱਤਰ ਕਰਨ ਲਈ ਜੋਖਿਮ ਲੈਣ ਦੀ ਇੱਛਾ ਰੱਖਦਾ ਹੈ। ਪਰ ਸਾਲ ਗੁਜ਼ਰਨ ਦੇ ਨਾਲ ਵਿਅਕਤੀ ਵੱਧ ਸੂਝਵਾਨ ਹੋ ਸਕਦਾ ਹੈ ਅਤੇ ਨਿਵੇਸ਼ ਲਈ ਸਾਵਧਾਨ ਹੋ ਸਕਦਾ ਹੈ। ਵਿਅਕਤੀ ਹੁਣ ਆਪਣੇ ਨਿਵੇਸ਼ਾਂ ਨੂੰ ਸੁਰੱਖਿਅਤ ਤੇ ਇਕਸਾਰ ਕਰਨ ਲਈ ਫਿਕਰਮੰਦ ਹੋ ਸਕਦਾ ਹੈ।

ਅੰਤ ਵਿੱਚ ਰਿਟਾਇਰਮੈਂਟ ਦੇ ਕੋਲ ਵਿਅਕਤੀ ਕਾਫ਼ੀ ਰੂੜ੍ਹੀਵਾਦੀ ਹੋ ਸਕਦਾ ਹੈ। ਹੁਣ ਧਿਆਨ ਇਕੱਠੇ ਕੀਤੇ ਧਨ ਉੱਤੇ ਹੁੰਦਾ ਹੈ, ਜੋ ਕਿ ਵਿਅਕਤੀ ਰਿਟਾਇਰਮੈਂਟ ਤੋਂ ਬਾਅਦ ਦੇ ਸਾਲਾਂ ਲਈ ਖਰਚ ਸਕੇ। ਵਿਅਕਤੀ ਕਿਸੇ ਦੇ ਬੱਚਿਆਂ ਲਈ ਦਾਨ ਦੇਣ, ਚੈਰਟੀ ਲਈ ਦਾਨਪੁੰਨ ਦੇ ਬਾਰੇ ਵੀ ਸੋਚ ਸਕਦਾ ਹੈ।

ਕਿਸੇ ਦੀ ਨਿਵੇਸ਼ ਸ਼ੈਲੀ ਜੋਖਿਮ ਪ੍ਰੋਫਾਇਲ ਦੇ ਨਾਲ ਚੱਲਦੇ ਹੋਏ ਬਦਲਦੀ ਹੈ। ਇਸ ਨੂੰ ਹੇਠ ਦਿੱਤੇ ਵਾਂਗ ਦਰਸਾਇਆ ਜਾਂਦਾ ਹੈ:

**ਚਿੱਤਰ 3 : ਜੋਖਿਮ ਪ੍ਰੋਫਾਇਲ ਅਤੇ ਨਿਵੇਸ਼ ਸ਼ੈਲੀ**

**ਜੋਖਿਮ ਪ੍ਰੋਫਾਇਲ ਨਿਵੇਸ਼ ਸ਼ੈਲੀ**




| ਆਪਣੇ ਆਪ ਨੂੰ ਟੈਸਟ ਕਰੋ 1 |
|---|

**ਹੇਠ ਦਿੱਤਿਆਂ ਕੀ ਅਣਚਾਹੀਆਂ ਘਟਨਾਵਾਂ ਲਈ ਖਾਸ ਤੌਰ ਉੱਤੇ ਸੁਰੱਖਿਆ ਦੇ ਸਕਦਾ ਹੈ?**

I. ਬੀਮਾ

II. ਲੈਣ-ਦੇਣ ਵਾਲੇ ਉਤਪਾਦਾਂ ਜਿਵੇਂ ਕਿ ਬੈਂਕ ਫਿਕਸ ਡਿਪਾਜ਼ਟ

III. ਸ਼ੇਅਰ

IV. ਰਿਣ-ਪੱਤਰ

---

## B. ਵਿੱਤੀ ਵਿਉਂਤਬੰਦੀ ਦੀ ਭੂਮਿਕਾ

### 1. ਵਿੱਤੀ ਵਿਉਂਤਬੰਦੀ

ਵਿੱਤੀ ਵਿਉਂਤਬੰਦੀ ਗਾਹਕ ਦੀਆਂ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ ਉੱਤੇ ਧਿਆਨ ਨਾਲ ਵਿਚਾਰ ਤੇ ਮੁਲਾਂਕਣ ਕਰਨ ਦੀ ਕਾਰਵਾਈ ਹੈ, ਜਿੱਥੇਉਸ ਦੇ ਨਿੱਜੀ ਜੋਖਿਮ ਪ੍ਰੋਫਾਇਲ ਤੇ ਆਮਦਨ ਦਾ ਪਤਾ ਕੀਤਾ ਜਾਂਦਾ ਹੈ, ਅਤੇ ਵੱਖ-ਵੱਖ ਸੰਭਾਵਿਤ / ਅਚਾਨਕ ਲੋੜਾਂ ਨੂੰ ਢੁੱਕਵੇਂ ਵਿੱਤੀ ਉਤਪਾਦਾਂ ਦੀ ਸਿਫ਼ਾਰਸ਼ ਕਰਕੇ ਪੂਰਾ ਕਰਨ ਲਈ ਖਾਕਾ ਤਿਆਰ ਕੀਤਾ ਜਾਂਦਾ ਹੈ।

ਵਿੱਤੀ ਵਿਉਂਤਬੰਦੀ ਦੇ ਭਾਗਾਂ ਵਿੱਚ ਸ਼ਾਮਿਲ ਹਨ:

- ✓ ਨਿਵੇਸ਼ ਕਰਨਾ - ਧਨ ਲਗਾਉਣਾ, ਜੋ ਕਿ ਵਿਅਕਤੀ ਵਲੋਂ ਜੋਖਿਮ ਲੈਣ ਦੀ ਸਮਰੱਥਾ ਤੇ ਅਧਾਰਿਤ ਹੋਵੇ
- ✓ ਜੋਖਿਮ ਪ੍ਰਬੰਧ,

- ✓ ਰਿਟਾਇਰਮੈਂਟ ਵਿਉਂਤਬੰਦੀ,
- ✓ ਟੈਕਸ ਅਤੇ ਇਸਟੇਟ ਵਿਉਂਤਬੰਦੀ ਅਤੇ
- ✓ ਵਿਅਕਤੀ ਦੀਆਂ ਲੋੜਾਂ ਦੇ ਮੁਤਾਬਕ ਧਨ ਉਪਲੱਬਧ ਕਰਵਾਉਣਾ

ਸੰਖੇਪ ਰੂਪ ਵਿੱਚ ਵਿੱਤੀ ਵਿਉਂਤਬੰਦੀ ਲਈ 360 ਡਿਗਰੀ ਵਿਉਂਤਬੰਦੀ ਦੀ ਲੋੜ ਹੈ।

ਚਿੱਤਰ 4 : ਵਿੱਤੀ ਵਿਉਂਤਬੰਦੀ ਦੇ ਭਾਗ




## 2. ਵਿੱਤੀ ਵਿਉਂਤਬੰਦੀ ਦੀ ਭੂਮਿਕਾ

ਵਿੱਤੀ ਵਿਉਂਤਬੰਦੀ ਨਵਾਂ ਵਿਸ਼ਾ ਨਹੀਂ ਹੈ। ਇਹ ਸਾਡੇ ਵੱਡ-ਵਡੇਰਿਆਂ ਦੇ ਸਮੇਂ ਤੋਂ ਸਧਾਰਨ ਰੂਪ ਵਿੱਚ ਵਰਤੋਂ ਵਿੱਚ ਹੈ। ਉਸ ਸਮੇਂ ਨਿਵੇਸ਼ ਕਰਨ ਦੇ ਵਿਕਲਪ ਸੀਮਿਤ ਸਨ। ਕੁਝ ਦਹਾਕੇ ਪਹਿਲਾਂ ਇਕਵਟੀ ਵਿੱਚ ਨਿਵੇਸ਼ ਨੂੰ ਜੂਏ ਦੇ ਬਰਾਬਰ ਸਮਝਿਆ ਜਾਂਦਾ ਸੀ। ਬੱਚਤ ਮੁੱਖ ਰੂਪ ਵਿੱਚ ਬੈਂਕ ਜ਼ਮ੍ਹਾਂ ਧਨ, ਡਾਕ ਬੱਚਤ ਸਕੀਮਾਂ ਤੇ ਹੋਰ ਸਥਿਰ ਆਮਦਨ ਸਾਧਨਾਂ ਦੇ ਰੂਪ ਵਿੱਚ ਸੀ। ਅੱਜ ਦੇ ਸਮੇਂ ਵਿੱਚ ਸਾਡੇ ਸਮਾਜ ਤੇ ਸਾਡੇ ਗਾਹਕਾਂ ਵਲੋਂ ਸਾਹਮਣਾ ਕੀਤੀਆਂ ਜਾਣ ਵਾਲੀਆਂ ਚੁਣੌਤੀਆਂ ਪੂਰੀ ਤਰ੍ਹਾਂ ਵੱਖ ਹਨ। ਇਹਨਾਂ ਵਿੱਚ ਕੁਝ ਹਨ:

### i. ਸਾਂਝੇ ਪਰਿਵਾਰਾਂ ਦਾ ਟੁੱਟਣਾ

ਸਾਂਝੇ ਪਰਿਵਾਰਾਂ ਦੀ ਥਾਂ ਉੱਤੇ ਛੋਟੇ ਪਰਿਵਾਰ ਆ ਗਏ ਹਨ, ਜਿਸ ਵਿੱਚ ਮਾਤਾ, ਪਿਤਾ ਅਤੇ ਬੱਚੇ ਹਨ। ਪਰਿਵਾਰ ਦੇ ਖਾਸ ਮੁਖੀ ਅਤੇ ਕਮਾਊ ਮੈਂਬਰ ਨੂੰ ਖੁਦ ਤੇ ਖੁਦ ਦੇ ਪਰਿਵਾਰ ਦੀ ਦੇਖਭਾਲ ਕਰਨ ਲਈ ਜ਼ੁੰਮੇਵਾਰੀ ਝੱਲਣੀ ਪੈਂਦੀ ਹੈ। ਇਸ ਲਈ ਢੁੱਕਵੀਂ ਵਿਉਂਤਬੰਦੀ ਅਤੇ ਪੇਸ਼ੇਵਰ ਵਿੱਤੀ ਵਿਉਂਤਕਾਰ ਵਲੋਂ ਸਲਾਹ ਸ਼ਾਮਲ ਹੋ ਸਕਦੀ ਹੈ।

### ii. ਬਹੁ ਨਿਵੇਸ਼ ਵਿਕਲਪ

ਅੱਜ ਧਨ ਬਣਾਉਣ ਲਈ ਵੱਡੀ ਗਿਣਤੀ ਵਿੱਚ ਨਿਵੇਸ਼ ਸਾਧਨ ਉਪਲੱਬਧ ਹਨ, ਇਹਨਾਂ ਵਿੱਚੋਂ ਹਰੇਕ ਦੀ ਜੋਖਿਮ ਦਰ ਅਤੇ ਆਮਦਨ ਵੱਖੋ-ਵੱਖਰੀ ਹੈ। ਵਿੱਤੀ ਟੀਚੇ ਨੂੰ ਪੂਰਾ ਹੋਣ ਕਰਨ ਨੂੰ ਯਕੀਨੀ ਬਣਾਉਣ ਲਈ ਵਿਅਕਤੀ ਨੂੰ

ਆਪਣੇ ਜੋਖਿਮ ਲੈਣ ਦੀ ਸਮਰੱਥਾ ਦੇ ਮੁਤਾਬਕ ਸਹੀ ਨਿਵੇਸ਼ ਫੈਸਲੇ ਸਿਆਣਪ ਨਾਲ ਕਰਨੇ ਹੁੰਦੇ ਹਨ। ਵਿੱਤੀ ਵਿਉਂਤਬੰਦੀ ਵਿਅਕਤੀ ਨੂੰ ਸੰਪੱਤੀ ਨੂੰ ਵੱਖ-ਵੱਖ ਥਾਂ ਤੇ ਨਿਵੇਸ਼ ਕਰਨ ਲਈ ਮਦਦ ਕਰ ਸਕਦੀ ਹੈ।

iii. ਜੀਵਨ-ਸ਼ੈਲੀ ਦਾ ਬਦਲਣਾ

ਪਲ਼ ਦੀ ਖੁਸ਼ੀ ਅੱਜ ਦੀ ਸ਼ੈਲੀ ਬਣ ਗਈ ਜਾਪਦੀ ਹੈ। ਵਿਅਕਤੀ ਨਵਾਂ ਨਕੋਰ ਮੋਬਾਇਲ, ਕਾਰ, ਵੱਡੇ ਘਰ, ਵੱਡੇ ਕਲੱਬਾਂ ਲਈ ਮੈਂਬਰੀ ਆਦਿ ਚਾਹੁੰਦਾ ਹੈ। ਇਹ ਚਾਹਤਾਂ ਨੂੰ ਪੂਰਾ ਕਰਨ ਲਈ ਲੋਕਾਂ ਨੂੰ ਅਕਸਰ ਵੱਧ ਉਧਾਰ ਲੈਣ ਅਤੇ ਆਪਣੀ ਆਮਦਨ ਦਾ ਵੱਡਾ ਹਿੱਸਾ ਕਰਜ਼ ਭੁਗਤਾਨ ਕਰਨ ਲਈ ਖ਼ਰਚਣਾ ਪੈਂਦਾ ਹੈ, ਜਿਸ ਨਾਲ ਬੱਚਤ ਲਈ ਬਹੁਤ ਘੱਟ ਥਾਂ ਬਚਦੀ ਹੈ। ਵਿੱਤੀ ਵਿਉਂਤਬੰਦੀ ਵਿਅਕਤੀ ਦੇ ਖ਼ਰਚਿਆਂ ਦੀ ਵਿਉਂਤਬੰਦੀ ਵਿੱਚ ਮਦਦ ਕਰਦੀ ਹੈ ਤਾਂ ਕਿ ਵਿਅਕਤੀ ਬੇਲੋੜੇ ਖ਼ਰਚਿਆਂ ਨੂੰ ਘਟਾ ਸਕੇ ਅਤੇ ਆਪਣੇ ਮੌਜੂਦਾ ਜੀਵਨ ਮਿਆਰ ਨੂੰ ਆਉਣ ਵਾਲੇ ਸਮੇਂ ਵਿੱਚ ਅੱਪਡੇਟ ਕਰਨ ਸਮੇਂ ਵੀ ਬਣਾਈ ਰੱਖ ਸਕੇ।

iv. ਮਹਿੰਗਾਈ

ਸਮੇਂ ਦੇ ਨਾਲ ਅਰਥ ਵਿਵਸਥਾ ਵਿੱਚ ਸਮਾਨ ਅਤੇ ਸੇਵਾਵਾਂ ਦੀ ਕੀਮਤ ਵਿੱਚ ਆਮ ਪੱਧਰ ਵਿੱਚ ਵਾਧਾ ਮਹਿੰਗਾਈ ਹੈ। ਇਸ ਨਾਲ ਪੈਸੇ ਦੇ ਮੁੱਲ ਵਿੱਚ ਕਮੀ ਆਉਂਦੀ ਹੈ। ਨਤੀਜੇ ਵਜੋਂ ਧਨ ਦੀ ਖਰੀਦ ਸ਼ਕਤੀ ਘਟਣਾ ਮਹਿੰਗਾਈ ਦਰ ਰਿਟਾਇਰਮੈਂਟ ਲਈ ਕਹਿਰ ਹੋ ਸਕਦੀ ਹੈ। ਵਿੱਤੀ ਵਿਉਂਤਬੰਦੀ ਵਿਅਕਤੀ ਨੂੰ ਮਹਿੰਗਾਈ ਨਾਲ ਨਿਪਟਣ ਯੋਗ ਬਣਾਉਣ ਵਿੱਚ ਮਦਦ ਕਰਦੀ ਹੈ, ਖਾਸ ਤੌਰ ਉੱਤੇ ਆਖਰੀ ਸਾਲਾਂ ਵਿੱਚ।

v. ਹੋਰ ਅਚਨਚੇਤ ਖ਼ਰਚੇ ਅਤੇ ਲੋੜਾਂ

ਵਿੱਤੀ ਵਿਉਂਤਬੰਦੀ ਵਿਅਕਤੀ ਨੂੰ ਕਈ ਹੋਰ ਲੋੜਾਂ ਤੇ ਚੁਣੌਤੀਆਂ ਜਿਵੇਂ ਕਿ ਮੈਡੀਕਲ ਐਮਰਜੈਂਸੀ ਤੇ ਟੈਕਸ ਦੇਣਦਾਰੀਆਂ, ਨੂੰ ਪੂਰਾ ਕਰਨ ਦੇ ਸਮਰੱਥ ਕਰਦੀ ਹੈ। ਵਿਅਕਤੀਆਂ ਨੂੰ ਇਹ ਵੀ ਯਕੀਨੀ ਬਣਾਉਣਾ ਜ਼ਰੂਰੀ ਹੁੰਦਾ ਹੈ ਕਿ ਉਹਨਾਂ ਦਾ ਧਨ ਤੇ ਜਾਇਦਾਦ ਸੰਪੱਤੀ ਉਹਨਾਂ ਦੀ ਮੌਤ ਦੇ ਬਾਅਦ ਉਹਨਾਂ ਦੇ ਪਿਆਰਿਆਂ ਨੂੰ ਠੀਕ ਤਰ੍ਹਾਂ ਮਿਲ ਜਾਵੇ। ਕਿਸੇ ਦੇ ਜਿਉਣ ਦੌਰਾਨ ਤੇ ਜਿਉਣ ਦੇ ਬਾਅਦ ਵਿੱਚ ਦਾਨ ਜਾਂ ਕੁਝ ਸਮਾਜਿਕ ਤੇ ਧਾਰਮਿਕ ਰਸਮਾਂ ਨੂੰ ਪੂਰਾ ਕਰਨ ਦੀਆਂ ਹੋਰ ਲੋੜਾਂ ਹੁੰਦੀਆਂ ਹਨ। ਵਿੱਤੀ ਵਿਉਂਤਬੰਦੀ ਇਹ ਸਭ ਪ੍ਰਾਪਤ ਕਰਨ ਦਾ ਇੱਕ ਸਾਧਨ ਹੈ।

3. ਵਿੱਤੀ ਵਿਉਂਤਬੰਦੀ ਸ਼ੁਰੂ ਕਰਨ ਲਈ ਕਦੋਂ ਸਹੀ ਸਮਾਂ ਹੁੰਦਾ ਹੈ?

ਵਿੱਤੀ ਵਿਉਂਤਬੰਦੀ ਸਿਰਫ਼ ਅਮੀਰ ਲੋਕਾਂ ਲਈ ਹੀ ਨਹੀਂ ਹੈ। ਅਸਲ ਵਿੱਚ ਆਦਰਸ਼ ਰੂਪ ਵਿੱਚ ਵਿਉਂਤਬੰਦੀ ਵਿਅਕਤੀ ਦੀ ਪਹਿਲੀ ਤਨਖਾਹ ਨਾਲ ਹੀ ਸ਼ੁਰੂ ਹੋਣੀ ਚਾਹੀਦੀ ਹੈ। ਅਜਿਹਾ ਕੋਈ ਸਮਾਂ ਨਹੀਂ ਹੁੰਦਾ ਜਦੋਂ ਕਿਹਾ ਜਾਵੇ ਕਿ ਹੁਣ ਵਿਉਂਤਬੰਦੀ ਸ਼ੁਰੂ ਕਰਨੀ ਚਾਹੀਦੀ ਹੈ।

ਪਰ ਮਹੱਤਵਪੂਰਨ ਸਿਧਾਂਤ ਹੈ ਜੋ ਸਾਨੂੰ ਮਾਰਗ ਦਰਸ਼ਨ ਦਿੰਦਾ ਹੈ - ਜਿੰਨਾ ਸਾਡੇ ਨਿਵੇਸ਼ ਲਈ ਸਮਾਂ ਵੱਧ ਹੋਵੇਗਾ, ਉਹਨਾਂ ਉਹ ਜ਼ਿਆਦਾ ਗੁਣਾ ਹੋਵੇਗਾ।

ਇਸਕਰਕੇ ਵਿਅਕਤੀ ਨੂੰ ਮੁੱਢ ਤੋਂ ਸ਼ੁਰੂ ਕਰਨੀ ਚਾਹੀਦੀ ਹੈ। ਵਿਅਕਤੀ ਦਾ ਨਿਵੇਸ਼ ਸਮੇਂ ਦੇ ਨਾਲ ਤਦ ਵੱਧ ਤੋਂ ਵੱਧ ਫਾਇਦਾ ਪ੍ਰਾਪਤ ਕਰੇਗਾ। ਫੇਰ, ਵਿਉਂਤਬੰਦੀ ਕੇਵਲ ਅਮੀਰ ਲੋਕਾਂ ਲਈ ਹੀ ਨਹੀਂ ਹੈ। ਇਹ ਹਰੇਕ ਲਈ ਹੈ। ਆਪਣੇ ਵਿੱਤੀ ਟੀਚੇ ਹਾਸਿਲ ਕਰਨ ਲਈ ਵਿਅਕਤੀ ਨੂੰ ਅਨੁਸ਼ਾਸ਼ਨ ਦੀ ਪਾਲਣਾ ਕਰਨੀ ਜ਼ਰੂਰੀ ਹੈ। ਬਿਨਾਂ-ਵਿਉਂਤਬੰਦੀ ਅਤੇ ਅਸਥਿਰ ਢੰਗ ਨਾਲ ਕੀਤੀ ਗਈ ਵਿੱਤੀ ਵਿਉਂਤਬੰਦੀ ਵਿੱਤੀ ਦਬਾਅ ਦਾ ਪ੍ਰਮੁੱਖ ਕਾਰਨ ਹੈ, ਜਿਹਨਾਂ ਦਾ ਵਿਅਕਤੀਆਂ ਨੂੰ ਸਾਹਮਣਾ ਕਰਨਾ ਪੈਂਦਾ ਹੈ।

**ਆਪਣੇ ਆਪ ਨੂੰ ਟੈਸਟ ਕਰੋ 2**

ਵਿੱਤੀ ਵਿਉਂਤਬੰਦੀ ਸ਼ੁਰੂ ਕਰਨ ਲਈ ਕਦੋਂ ਸਭ ਤੋਂ ਵਧੀਆ ਸਮਾਂ ਹੁੰਦਾ ਹੈ?

I. ਰਿਟਾਇਰਮੈਂਟ ਦੇ ਬਾਅਦ

II. ਜਿਵੇਂ ਕਿ ਉਸ ਨੂੰ ਪਹਿਲੀ ਤਨਖਾਹ ਮਿਲਦੀ ਹੈ

III. ਵਿਆਹ ਤੋਂ ਬਾਅਦ


IV. ਕੇਵਲ ਅਮੀਰ ਹੋਣ ਤੋਂ ਬਾਅਦ

---

## C. ਵਿੱਤੀ ਵਿਉਂਤਬੰਦੀ - ਕਿਸਮਾਂ

ਆਓ ਹੁਣ ਵੱਖ-ਵੱਖ ਵਿੱਤੀ ਵਿਉਂਤਬੰਦੀ ਕਿਸਮਾਂ ਉੱਤੇ ਵਿਚਾਰ ਕਰੀਏ, ਜੋ ਕਿ ਕਿਸੇ ਨੂੰ ਕਰਨ ਦੀ ਲੋੜ ਹੋ ਸਕਦੀ ਹੈ।

ਚਿੱਤਰ 5 : ਵਿੱਤੀ ਵਿਉਂਤਬੰਦੀ ਸਲਾਹਕਾਰ ਸੇਵਾਵਾਂ



ਵੱਖ-ਵੱਖ ਸਲਾਹਕਾਰੀ ਸੇਵਾਵਾਂ ਉੱਤੇ ਵਿਚਾਰ ਕਰੀਏ, ਜੋ ਕਿ ਦਿੱਤੀਆਂ ਜਾ ਸਕਦੀਆਂ ਹਨ। ਅਜਿਹੇ ਛੇ ਖੇਤਰ ਬਾਰੇ ਜਾਣਕਾਰੀ ਹੇਠ ਦਿੱਤੀ ਹੈ

- ✓ ਨਕਦੀ ਵਿਉਂਤਬੰਦੀ
- ✓ ਨਿਵੇਸ਼ ਵਿਉਂਤਬੰਦੀ
- ✓ ਬੀਮਾ ਵਿਉਂਤਬੰਦੀ
- ✓ ਰਿਟਾਇਰਮੈਂਟ ਵਿਉਂਤਬੰਦੀ
- ✓ ਇਸਟੇਟ ਵਿਉਂਤਬੰਦੀ
- ✓ ਟੈਕਸ ਵਿਉਂਤਬੰਦੀ

1. ਨਕਦੀ ਵਿਉਂਤਬੰਦੀ

ਨਕਦੀ ਦੇ ਆਉਣ-ਜਾਣ ਦਾ ਪ੍ਰਬੰਧ ਕਰਨ ਦੇ ਦੋ ਮਕਸਦ ਹਨ।

i. ਆਮਦਨ ਅਤੇ ਖ਼ਰਚ ਦੇ ਲੈਣ-ਦੇਣ ਦਾ ਪ੍ਰਬੰਧ ਕਰਨ ਦੀ ਲੋੜ ਹੁੰਦੀ ਹੈ, ਜਿਸ ਵਿੱਚ ਅਚਾਨਕ ਲੋੜਾਂ ਨੂੰ ਪੂਰਾ ਕਰਨ ਲਈ ਰਾਖਵੀਂ ਤਰਲ ਪੂੰਜੀ ਤਿਆਰ ਕਰਨ ਅਤੇ ਉਸ ਨੂੰ ਬਣਾਈ ਰੱਖਣ ਦੀ ਲੋੜ ਹੁੰਦੀ ਹੈ।

ii. ਪੂੰਜੀ ਨਿਵੇਸ਼ ਲਈ ਨਿਯਮਤ ਰੂਪ ਵਿੱਚ ਵਾਧੂ ਨਕਦੀ ਬਣਾਉਣ ਅਤੇ ਬਣਾਈ ਰੱਖਣ ਦੀ ਲੋੜ ਹੁੰਦੀ ਹੈ।

ਨਕਦੀ ਵਿਉਂਤਬੰਦੀ ਵਿੱਚ ਕਈ ਪੜਾਅ ਸ਼ਾਮਲ ਹਨ। ਵਿਅਕਤੀ ਨੂੰ ਬਜਟ ਬਣਾਉਣਾ ਅਤੇ ਆਪਣੀ ਆਮਦਨ ਅਤੇ ਖ਼ਰਚਿਆਂ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ ਤਾਂ ਕਿ ਨਿਯਮਤ ਅਤੇ ਇੱਕ ਮੁਸ਼ਤ ਲੱਗਣ ਵਾਲੀ ਰਕਮ ਦਾ ਪਤਾ ਲਗਾ ਸਕੇ। ਜਦੋਂ ਸਥਿਰ ਖ਼ਰਚੇ ਸੌਖੀ ਤਰ੍ਹਾਂ ਕੰਟਰੋਲ ਨਹੀਂ ਕੀਤੇ ਜਾ ਸਕਦੇ ਤਾਂ ਵਿਅਕਤੀ ਨੂੰ ਬਦਲਣਯੋਗ ਖ਼ਰਚਿਆਂ ਨੂੰ ਘਟਾਉਣਾ, ਟਾਲਣਾ ਅਤੇ ਬੰਦੋਬਸਤ ਕਰਨਾ ਚਾਹੀਦਾ ਹੈ। ਅਗਲਾ ਪੜਾਅ ਪੂਰੇ ਸਾਲ ਦਾ ਭਵਿੱਖ ਦੀ ਮਹੀਨੇਵਾਰ ਆਮਦਨ ਤੇ ਖ਼ਰਚਿਆਂ ਦਾ ਅੰਦਾਜ਼ਾ ਲਾਉਣਾ ਅਤੇ ਇਹ ਨਕਦੀ ਦੇ ਲੈਣ-ਦੇਣ ਦੇ ਪ੍ਰਬੰਧਨ ਲਈ ਵਿਉਂਤ ਬਣਾਉਣੀ ਹੈ।

ਨਕਦੀ ਵਿਉਂਤਬੰਦੀ ਕਾਰਵਾਈ ਦਾ ਹੋਰ ਹਿੱਸਾ ਅਖ਼ਤਿਆਰੀ ਆਮਦਨ ਨੂੰ ਵੱਧ ਤੋਂ ਵੱਧ ਕਰਨ ਲਈ ਕਾਰਜਨੀਤੀਆਂ ਤਿਆਰ ਕਰਨਾ ਹੁੰਦਾ ਹੈ।

| ਉਦਾਹਰਨ |
|---|

ਵਿਅਕਤੀ ਆਪਣੇ ਬਕਾਇਆ ਕਰਜ਼ ਦਾ ਪੁਨਰਗਠਨ ਕਰ ਸਕਦਾ ਹੈ।

ਵਿਅਕਤੀ ਬਕਾਇਆ ਕਰੈਡਿਟ ਕਾਰਡ ਦੇਣਦਾਰੀਆਂ ਨੂੰ ਏਕੀਕ੍ਰਿਤ ਕਰ ਸਕਦਾ ਹੈ ਅਤੇ ਘੱਟ ਵਿਆਜ ਦੇ ਬੈਂਕ ਕਰਜ਼ ਰਾਹੀਂ ਦੇ ਸਕਦਾ ਹੈ।

ਵਿਅਕਤੀ ਵੱਧ ਆਮਦਨ ਪ੍ਰਾਪਤ ਕਰਨ ਲਈ ਆਪਣੇ ਨਿਵੇਸ਼ ਨੂੰ ਵੱਖਰੇ ਢੰਗ ਨਾਲ ਨਿਰਧਾਰਿਤ ਕਰ ਸਕਦਾ ਹੈ।

---

2. ਬੀਮਾ ਵਿਉਂਤਬੰਦੀ

ਕੁਝ ਜੋਖਿਮ ਹੁੰਦੇ ਹਨ, ਜਿਹਨਾਂ ਦਾ ਹਰੇਕ ਵਿਅਕਤੀ ਨੂੰ ਸਾਹਮਣਾ ਹੁੰਦਾ ਹੈ, ਜਿਹਨਾਂ ਨਾਲ ਉਹ ਆਪਣੇ ਨਿੱਜੀ ਵਿੱਤੀ ਟੀਚਿਆਂ ਨੂੰ ਪ੍ਰਾਪਤ ਕਰ ਨਹੀਂ ਸਕਦੇ ਹੁੰਦੇ ਹਨ। ਬੀਮਾ ਵਿਉਂਤਬੰਦੀ ਵਿੱਚ ਕਾਰਜ ਯੋਜਨਾ ਬਣਾਉਣੀ ਸ਼ਾਮਿਲ ਹੁੰਦੀ ਹੈ, ਜੋ ਕਿ ਇੰਝ ਦੇ ਜੋਖਿਮਾਂ ਲਈ ਢੁੱਕਵਾਂ ਬੀਮਾ ਮੁਹੱਈਆ ਕਰਵਾਏ।

ਇੱਥੇ ਕੰਮ ਇਹ ਹੈ ਕਿ ਕਿੰਨੇ ਬੀਮੇ ਦੀ ਲੋੜ ਹੈ ਅਤੇ ਪਤਾ ਲਗਾਉਣਾ ਹੁੰਦਾ ਹੈ ਕਿ ਕਿਸ ਕਿਸਮ ਦੀ ਪਾਲਸੀ ਸਭ ਤੋਂ ਵਧੀਆ ਰਹੇਗੀ।

i. ਜੀਵਨ ਬੀਮਾ ਨੂੰ ਕਮਾਉਣ ਵਾਲੇ ਦੀ ਅਗੇਤਰੀ ਮੌਤ ਹੋਣ ਦੀ ਹਾਲਤ ਵਿੱਚ ਨਿਰਭਰਾਂ ਦੀ ਆਮਦਨ ਤੇ ਖਰਚ ਲੋੜਾਂ ਦੇ ਅੰਦਾਜ਼ੇ ਰਾਹੀਂ ਤਹਿ ਕੀਤਾ ਜਾ ਸਕਦਾ ਹੈ।

ii. ਸਿਹਤ ਬੀਮਾ ਲੋੜਾਂ ਦਾ ਅੰਦਾਜ਼ਾ ਹਸਪਤਾਲ ਦੇ ਖਰਚਿਆਂ ਦੇ ਰੂਪ ਵਿੱਚ ਲਗਾਇਆ ਜਾ ਸਕਦਾ ਹੈ, ਜੋ ਕਿ ਕਿਸੇ ਵੀ ਪਰਿਵਾਰਿਕ ਡਾਕਟਰੀ ਐਮਰਜੈਂਸੀ ਹੋਣ ਦੇ ਨਾਲ ਹੋ ਸਕਦੇ ਹਨ।

   a. ਆਖਰ ਵਿੱਚ ਕਿਸੇ ਦੀ ਸੰਪੱਤੀ ਦੇ ਬੀਮੇ ਨੂੰ ਵਿਅਕਤੀ ਦੇ ਘਰ/ ਵਹੀਕਲ/ ਫੈਕਟਰੀ ਆਦਿ ਦੇ ਨੁਕਸਾਨੇ ਜਾਣ ਦੇ ਜੋਖਿਮ ਤੋਂ ਸੁਰੱਖਿਅਤ ਰੱਖਣ ਲਈ ਲੋੜੀਂਦੀ ਬੀਮਾ ਸੁਰੱਖਿਆ ਦੀ ਕਿਸਮ ਤੇ ਮਾਤਰਾ ਦੇ ਰੂਪ ਵਿੱਚ ਸਮਝਿਆ ਜਾ ਸਕਦਾ ਹੈ।

3. ਨਿਵੇਸ਼ ਵਿਉਂਤਬੰਦੀ

ਨਿਵੇਸ਼ ਕਰਨ ਦਾ ਕੋਈ ਇੱਕ ਢੰਗ ਨਹੀਂ ਹੈ। ਹਰੇਕ ਵਿਅਕਤੀ ਤੋਂ ਵਿਅਕਤੀ ਲਈ ਢੁੱਕਵਾਂ ਢੰਗ ਵੱਖੋ-ਵੱਖਰਾ ਹੋਵੇਗਾ। ਨਿਵੇਸ਼ ਵਿਉਂਤਬੰਦੀ ਵਿਅਕਤੀ ਦੇ ਜੋਖਿਮ ਲੈਣ ਦੀ ਸਮਰੱਥਾ, ਵਿੱਤੀ ਟੀਚਿਆਂ ਤੇ ਉਹਨਾਂ ਟੀਚਿਆਂ ਨੂੰ ਪੂਰਾ ਕਰਨ ਲਈ ਮੌਜੂਦ ਸਮਾਂ ਦੇ ਅਧਾਰ ਉੱਤੇ ਸਭ ਤੋਂ ਢੁੱਕਵੇਂ ਨਿਵੇਸ਼ ਅਤੇ ਸੰਪੱਤੀ ਵੰਡ ਕਾਰਜਨੀਤੀਆਂ ਪਤਾ ਲਗਾਉਣ ਦੀ ਕਾਰਵਾਈ ਹੈ।

a) ਨਿਵੇਸ਼ ਮਾਪਢੰਡ

ਚਿੱਤਰ 6 : ਨਿਵੇਸ਼ ਮਾਪਢੰਡ




ਇੱਥੇ ਪਹਿਲਾਂ ਕਦਮ ਵਿੱਚ ਕੁਝ ਨਿਵੇਸ਼ ਮਾਪਢੰਡ ਤਹਿ ਕਰਨੇ ਹਨ। ਇਹਨਾਂ ਵਿੱਚ ਹਨ:

i. ਲਾਭ ਦਰ: ਨਿਵੇਸ਼ ਉੱਤੇ ਲਾਭ ਦਰ (ਰਿਟਰਨ) ਸਭ ਤੋਂ ਖ਼ਾਸ ਮਾਪਢੰਡ ਹੁੰਦਾ ਹੈ, ਜੋ ਕਿ ਲੋਕ ਆਪਣੇ ਧਨ ਨੂੰ ਨਿਵੇਸ਼ ਕਰਨ ਵੇਲੇ ਸੋਚਦੇ ਹਨ। ਲਾਭ ਦੀ ਦਰ ਨਿਰਧਾਰਿਤ ਕਰਦੀ ਹੈ ਕਿ ਨਿਵੇਸ਼ ਤੋਂ ਕਿਸੇ ਦੀ ਕਮਾਈ ਸਮੇਂ ਨਾਲ ਕਿੰਨੀ ਛੇਤੀ ਵਧਦੀ ਹੈ। ਜਦੋਂ ਵਿਅਕਤੀ 'ਮਿਸ਼ਰਿਤ ਦੀ ਸਮਰੱਥਾ' ਬਾਰੇ ਵਿਚਾਰ ਕਰਦਾ ਹੈ ਤਾਂ ਲਾਭ ਦਰ ਦੀ ਭੂਮਿਕਾ ਵਧ ਜਾਂਦੀ ਹੈ। ਜਿਵੇਂ ਕਿ ਜੇ ਅੱਜ ਦੀ ਵਿਆਜ ਦਰ 8% ਤੋਂ 1000 ਰੁਪਏ ਨਿਵੇਸ਼ ਕੀਤੇ ਜਾਣ ਤਾਂ ਪੰਜ ਸਾਲ ਦੇ ਅੰਤ ਉੱਤੇ ਇਹ ਇਕੱਤਰ ਹੋ ਕੇ 1469 ਰੁਪਏ ਹੋਣਗੇ ਅਤੇ 10 ਸਾਲਾਂ ਦੇ ਅੰਤ ਉੱਤੇ ਇਹ ਦੂਹਰੇ ਨਾਲੋ ਜ਼ਿਆਦਾ ਹੋ ਕੇ 2159 ਰੁਪਏ ਹੋ ਜਾਣਗੇ। ਇਹ ਲਾਭ ਦਰ ਦੀ ਉਮੀਦ ਜੋ ਕਿ ਧਨ ਇਕੱਤਰ ਕਰਨ ਵਿੱਚ ਮਦਦ ਕਰਦੀ ਹੈ ਕਿਸੇ ਨੂੰ ਨਿਵੇਸ਼ ਕਰਨ ਲਈ ਮੁੱਖ ਮਕਸਦ ਵਜੋਂ ਕੰਮ ਕਰਦੀ ਹੈ। ਇਸੇ ਸਮੇਂ ਹੀ ਯਾਦ ਰੱਖਣਾ ਚਾਹੀਦਾ ਹੈ ਕਿ ਧਨ-ਵਾਪਸੀ ਦੀ ਵੱਧ ਦਰ ਨਾਲ ਅਕਸਰ ਜ਼ੋਖਮ ਦਾ ਪੱਧਰ ਵੀ ਵੱਧ ਜਾਂਦਾ ਹੈ। ਵਿਅਕਤੀ ਧਨ-ਵਾਪਸੀ ਅਤੇ ਜ਼ੋਖਮ ਦੇ ਵਿਚਾਲੇ ਸੰਤੁਲਨ ਬਣਾਉਂਦਾ ਹੈ। ਇਹ ਵਿਅਕਤੀ ਦੀ ਜੋਖਿਮ ਸਹਿਣਸ਼ੀਲਤਾ ਉੱਤੇ ਨਿਰਭਰ ਕਰਦਾ ਹੈ।

ii. ਜੋਖਿਮ ਸਹਿਣਸ਼ੀਲਤਾ: ਨਿਵੇਸ਼ ਨੂੰ ਖਰੀਦਣ ਦੇ ਨਾਲ ਕੋਈ ਕਿੰਨੇ ਜੋਖਿਮ ਨੂੰ ਲੈਣਾ ਚਾਹੁੰਦਾ ਹੈ, ਉਸ ਦਾ ਪੈਮਾਨਾ ਹੈ।

iii. ਸਮਾਂ ਦੁਮੇਲ: ਇਹ ਵਿੱਤੀ ਟੀਚੇ ਨੂੰ ਪ੍ਰਾਪਤ ਕਰਨ ਲਈ ਉਪਲੱਬਧ ਸਮਾਂ ਹੈ। ਜਿੰਨਾ ਸਮਾਂ ਦੁਮੇਲ ਵੱਧ ਹੋਵੇਗਾ, ਥੋੜ੍ਹੇ ਸਮੇਂ ਦੀ ਦੇਣਦਾਰੀ ਦੇ ਬਾਰੇ ਘੱਟ ਚਿੰਤਾ ਹੋਵੇਗੀ। ਵਿਅਕਤੀ ਲੰਮੇ ਸਮੇਂ, ਘੱਟ ਤਰਲ ਸੰਪੱਤੀਆਂ ਉੱਤੇ ਨਿਵੇਸ਼ ਕਰ ਸਕਦਾ ਹੈ, ਜਿਹਨਾਂ ਉੱਤੇ ਵੱਧ ਧਨ-ਵਾਪਸੀ ਮਿਲ ਸਕਦੀ ਹੈ।

iv. ਨਕਦੀ: ਵਿਅਕਤੀ, ਜਿਸ ਦੀ ਨਿਵੇਸ਼ ਦੀ ਸਮਰੱਥਾ ਸੀਮਤ ਹੈ ਜਾਂ ਅਨਿਸ਼ਚਿਤ ਆਮਦਨ ਤੇ ਖਰਚ ਗ਼ੈਰਯਕੀਨੀ ਹੈ ਜਾਂ ਜੋ ਖਾਸ ਨਿੱਜੀ ਜਾਂ ਕਾਰੋਬਾਰੀ ਖ਼ਰਚੇ ਨੂੰ ਪੂਰਾ ਕਰਨ ਲਈ ਨਿਵੇਸ਼ ਕਰਦਾ ਹੈ, ਨੂੰ ਨਕਦ-ਸੰਪੱਤੀ ਦਾ ਫ਼ਿਕਰ ਹੋਵੇਗਾ [ ਇਸ ਨੂੰ ਬਿਨਾਂ ਮੁੱਲ ਗੁਆਏ ਨਿਵੇਸ਼ ਨੂੰ ਨਕਦੀ ਵਿੱਚ ਬਦਲਣ ਦੀ ਸਮੱਰਥਾ ਕਿਹਾ ਜਾਂਦਾ ਹੈ।]

v. ਮਾਰਕੀਟਿੰਗ ਯੋਗਤਾ: ਸੌਖ, ਜਿਸ ਨਾਲ ਸੰਪੱਤੀ ਖਰੀਦੀ ਜਾਂ ਵੇਚੀ ਜਾ ਸਕਦੀ ਹੈ।

vi. ਬਹੁਵਿਧੀਕਰਨ: ਹੱਦ, ਜਿਸ ਤੱਕ ਵਿਅਕਤੀ ਜੋਖਿਮ ਘਟਾਉਣ ਲਈ ਨਿਵੇਸ਼ ਨੂੰ ਬਹੁਭਾਂਤੀ ਬਣਾ ਜਾਂ ਪਸਾਰ ਸਕਦਾ ਹੈ।

vii. ਟੈਕਸ: ਕਈ ਨਿਵੇਸ਼ ਕੁਝ ਆਮਦਨ ਟੈਕਸ ਫਾਇਦੇ ਦਿੰਦੇ ਹਨ ਅਤੇ ਵਿਅਕਤੀ ਵੱਖ-ਵੱਖ ਨਿਵੇਸ਼ਾਂ ਦੇ ਟੈਕਸ ਫਾਇਦਿਆਂ ਦੇ ਬਾਰੇ ਵੀ ਸੋਚ ਸਕਦਾ ਹੈ।

b) ਢੁੱਕਵੇਂ ਨਿਵੇਸ਼ ਸਾਧਨ ਦੀ ਚੋਣ

ਅਗਲਾ ਪੜਾਅ ਉੱਤੇ ਦਿੱਤੇ ਮਾਪਢੰਡਾਂ ਦੇ ਅਧਾਰ ਉੱਤੇ ਢੁੱਕਵੇਂ ਨਿਵੇਸ਼ ਸਾਧਨਾਂ ਦੀ ਚੋਣ ਕਰਨੀ ਹੈ। ਅਸਲ ਚੋਣ ਵਿਅਕਤੀ ਵਲੋਂ ਆਮਦਨ ਦੀ ਦਰ ਅਤੇ ਜੋਖਿਮ ਦੇ ਬਾਰੇ ਉਮੀਦ ਉੱਤੇ ਨਿਰਭਰ ਕਰੇਗੀ।

ਭਾਰਤ ਵਿੱਚ ਕਈ ਉਤਪਾਦ ਹਨ, ਜਿਹਨਾਂ ਨੂੰ ਨਿਵੇਸ਼ ਦੇ ਇਰਾਦੇ ਨਾਲ ਵਿਚਾਰਿਆ ਜਾ ਸਕਦਾ ਹੈ। ਇਹਨਾਂ ਵਿੱਚ ਹਨ:

- ✓ ਬੈਂਕਾਂ/ ਕਾਰਪੋਰੇਟ ਵਿੱਚ ਸਥਿਰ ਜ਼ਮ੍ਹਾਂ,
- ✓ ਡਾਕਖਾਨੇ ਵਿੱਚ ਲਘੂ ਬੱਚਤ ਸਕੀਮਾਂ,
- ✓ ਜਨਤਕ ਜਾਰੀ ਸ਼ੇਅਰ,
- ✓ ਰਿਣ-ਪੱਤਰ ਜਾਂ ਹੋਰ ਸਕਿਉਰਟੀਆਂ,
- ✓ ਮਿਊਚਲ ਫੰਡ
- ✓ ਯੂਨਿਟ ਲਿੰਕ ਕੀਤੀਆਂ ਪਾਲਸੀਆਂ, ਜਿਹਨਾਂ ਨੂੰ ਜੀਵਨ ਬੀਮਾ ਕੰਪਨੀਆਂ ਵਲੋਂ ਜਾਰੀ ਕੀਤਾ ਜਾਂਦਾ ਹੈ।

4. ਰਿਟਾਇਰਮੈਂਟ ਵਿਉਂਤਬੰਦੀ

ਇਹ ਧਨ ਦੀ ਰਕਮ ਪਤਾ ਲਗਾਉਣ, ਜਿਸ ਦੀ ਵਿਅਕਤੀ ਨੂੰ ਰਿਟਾਇਰ ਹੋਣ ਦੇ ਬਾਅਦ ਉਸ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਚਾਹੀਦੀ ਹੈ ਅਤੇ ਇਹਨਾਂ ਲੋੜਾਂ ਨੂੰ ਪੂਰਾ ਕਰਨ ਲਈ ਵੱਖ-ਵੱਖ ਰਿਟਾਇਰਮੈਂਟ ਵਿਕਲਪਾਂ ਉੱਤੇ ਫੈਸਲਾ ਕਰਨ ਦਾ ਢੰਗ ਹੈ। ਰਿਟਾਇਰਮੈਂਟ ਵਿਉਂਤਬੰਦੀ ਵਿੱਚ ਤਿੰਨ ਪੜਾਅ ਹਨ

a) ਇਕੱਤਰ ਕਰਨਾ(accumulation): ਫੰਡ ਇਕੱਤਰ ਕਰਨ ਦਾ ਮਕਸਦ ਲੋੜੀਂਦੇ ਨਿਵੇਸ਼ ਵਾਸਤੇ ਧਨ ਤਹਿ ਕਰਨ ਲਈ ਵੱਖ-ਵੱਖ ਕਾਰਜ-ਨੀਤੀਆਂ ਰਾਹੀਂ ਪੂਰਾ ਕੀਤਾ ਜਾਂਦਾ ਹੈ।

b) ਸੁਰੱਖਿਆ (conservation): ਸੁਰੱਖਿਅਤ ਕਰਨ ਦਾ ਅਰਥ ਕਿਸੇ ਦੇ ਨਿਵੇਸ਼ ਨੂੰ ਚੰਗੀ ਤਰ੍ਹਾਂ ਵਰਤੋਂ ਵਿੱਚ ਲਿਆਂਦਾ ਜਾਣਾ ਅਤੇ ਉਸ ਦੇ ਕਾਰਜਕਾਰੀ ਸਾਲਾਂ ਦੇ ਦੌਰਾਨ ਵੱਧ ਤੋਂ ਵੱਧ ਬਣਾਉਣ ਨੂੰ ਯਕੀਨੀ ਬਣਾਉਣ ਲਈ ਕੀਤੇ ਜਾਣ ਵਾਲੇ ਯਤਨ ਹਨ।

c) ਵੰਡ (distribution): ਵੰਡ ਦਾ ਭਾਵ ਰਿਟਾਇਰਮੈਂਟ ਦੇ ਬਾਅਦ ਆਮਦਨ ਲੋੜਾਂ ਨੂੰ ਪੂਰਾ ਕਰਨ ਲਈ ਜੋੜਿਆ ਧਨ ਜਾਂ ਮੂਲ ਨੂੰ ਕਢਵਾਉਣ / ਵਾਰਸ਼ਿਕੀ ਭੁਗਤਾਨ ਵਿੱਚ ਬਦਲਣ ਦਾ ਢੁੱਕਵੇਂ ਢੰਗ ਤੋਂ ਹੈ।

## 5. ਇਸਟੇਟ ਵਿਉਂਤਬੰਦੀ

ਇਹ ਕਿਸੇ ਦੀ ਮੌਤ ਉਪਰੰਤ ਉਸ ਦੀ ਜਾਇਦਾਦ ਦੀ ਸਪੁਰਦਗੀ ਅਤੇ ਤਬਾਦਲੇ ਲਈ ਵਿਉਂਤ ਹੈ। ਇਸ ਵਿੱਚ ਨਾਮਜ਼ਦ ਅਤੇ ਨਿਯੁਕਤੀ ਜਾਂ ਵਸੀਅਤ ਤਿਆਰ ਕਰਨ ਵਰਗੀਆਂ ਕਈ ਕਾਰਵਾਈਆਂ ਸ਼ਾਮਿਲ ਹਨ। ਮੁੱਢਲਾ ਵਿਚਾਰ ਇਹ ਯਕੀਨੀ ਬਣਾਉਣਾ ਹੈ ਕਿ ਕਿਸੇ ਦੀ ਮੌਤ ਦੇ ਬਾਅਦ ਉਸ ਦੀ ਜਾਇਦਾਦ ਅਤੇ ਸੰਪੱਤੀ ਸੁਚਾਰੂ ਢੰਗ ਨਾਲ ਵੰਡੀ ਜਾਵੇ ਅਤੇ/ਜਾਂ ਉਸ ਦੀ ਇੱਛਾ ਮੁਤਾਬਕ ਵਰਤੀ ਜਾਵੇ।

## 6. ਟੈਕਸ ਵਿਉਂਤਬੰਦੀ

ਟੈਕਸ ਵਿਉਂਤੰਬਦੀ ਮੌਜੂਦਾ ਟੈਕਸ ਨਿਯਮਾਂ ਤੋਂ ਵੱਧ ਤੋਂ ਵੱਧ ਫਾਇਦਾ ਲੈਣ ਦਾ ਪਤਾ ਲਗਾਉਣ ਅਤੇ ਟੈਕਸ ਬਰੇਕ ਦਾ ਪੂਰਾ ਫਾਇਦਾ ਲੈਣ ਲਈ ਆਮਦਨ, ਖ਼ਰਚ ਅਤੇ ਨਿਵੇਸ਼ ਦੀ ਵਿਉਂਤਬੰਦੀ ਰਾਹੀਂ ਕੀਤੀ ਜਾਂਦੀ ਹੈ। ਭਾਰਤੀ ਟੈਕਸ ਕਨੂੰਨਾਂ ਦੇ ਮੁਤਾਬਕ ਵਿਅਕਤੀ ਵਲੋਂ ਆਪਣੀ ਜ਼ਿੰਦਗੀ, ਆਪਣੇ ਜੀਵਨ-ਸਾਥੀ ਅਤੇ ਬੱਚਿਆਂ ਦੀ ਜੀਵਨ ਬੀਮਾ ਪਾਲਸੀ ਉੱਤੇ ਭੁਗਤਾਨ ਕੀਤੇ ਪ੍ਰੀਮੀਅਮ ਦੀ ਟੈਕਸ-ਯੋਗ ਆਮਦਨ ਕੱਢਣ ਵਾਸਤੇ ਇਨਕਮ ਟੈਕਸ ਐਕਟ ਦੀ ਧਾਰਾ 80ਸੀ ਦੇ ਤਹਿਤ ਕਟੌਤੀ ਕੀਤੀ ਜਾਂਦੀ ਹੈ। ਇਸ ਵੇਲੇ ਸ਼ਰਤਾਂ ਦੇ ਨਾਲ 1,50,000 ਰੁਪਏ ਤੱਕ ਕਟੌਤੀ ਦੀ ਇਜਾਜ਼ਤ ਹੈ। ਇੰਝ ਦੀਆਂ ਪਾਲਸੀਆਂ ਦੀ ਪਰਿਪੱਕਤਾ ਰਕਮ (ਬੀਮਾ ਕੀਤੀ ਰਕਮ ਅਤੇ ਬੋਨਸ ਜੋੜ ਕੇ) ਨੂੰ ਵੀ ਧਾਰਾ 10 (10ਡੀ) ਦੇ ਤਹਿਤ ਟੈਕਸ ਛੋਟ ਮਿਲਦੀ ਹੈ। ਇਸੇ ਤਰ੍ਹਾਂ ਮੌਤ ਦਾਅਵਾ ਦੀ ਰਕਮ ਦੀ ਵੀ ਪ੍ਰਾਪਤਕਰਤਾ ਲਈ ਇਨਕਮ ਟੈਕਸ ਤੋਂ ਛੋਟ ਹੁੰਦੀ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਇੱਥੇ ਮਕਸਦ ਟੈਕਸ ਨੂੰ ਘੱਟੋ-ਘੱਟ ਕਰਨਾ ਹੈ, ਨਾ ਕਿ ਟੈਕਸ ਤੋਂ ਬਚਣਾ

ਜੀਵਨ ਬੀਮਾ ਏਜੰਟਾਂ ਨੂੰ ਅਕਸਰ ਹੀ ਆਪਣੇ ਗਾਹਕਾਂ ਤੇ ਸੰਭਾਵਿਤ ਗਾਹਕਾਂ ਨੂੰ ਨਾ ਕੇਵਲ ਬੀਮਾ ਲੋੜਾਂ ਪੂਰਾ ਕਰਨ ਲਈ ਸਲਾਹ ਦੇਣੀ ਪੈਂਦੀ ਹੈ, ਬਲਕਿ ਉਹਨਾਂ ਦੀਆਂ ਹੋਰ ਵਿੱਤੀ ਲੋੜਾਂ ਨੂੰ ਵੀ ਪੂਰਾ ਕਰਨ ਲਈ ਮਦਦ ਦੇਣੀ ਪੈਂਦੀ ਹੈ। ਕਿਸੇ ਵੀ ਬੀਮਾ ਏਜੰਟ ਲਈ ਵਿੱਤੀ ਵਿਉਂਤਬੰਦੀ ਦੀ ਪੂਰੀ ਜਾਣਕਾਰੀ ਬਹੁਤ ਲਾਭਕਾਰੀ ਹੋਵੇਗੀ।

**ਆਪਣੇ ਆਪ ਨੂੰ ਟੈਸਟ ਕਰੋ 3**

ਹੇਠ ਦਿੱਤਿਆਂ ਵਿੱਚੋਂ ਕਿਹੜਾ ਟੈਕਸ ਵਿਉਂਤਬੰਦੀ ਦਾ ਮਕਸਦ ਨਹੀਂ ਹੈ?

I. ਵੱਧ ਤੋਂ ਵੱਧ ਟੈਕਸ ਫਾਇਦਾ

II. ਦੂਰਦਰਸ਼ੀ ਨਿਵੇਸ਼ ਦੇ ਨਤੀਜੇ ਵਜੋਂ ਘੱਟ ਕੀਤਾ ਟੈਕਸ ਬੋਝ

III. ਟੈਕਸ ਚੋਰੀ

IV. ਟੈਕਸ ਬਰੇਕ ਦਾ ਪੂਰਾ ਫਾਇਦਾ ਲੈਣਾ

**ਸਾਰ**

- ਵਿੱਤੀ ਵਿਉਂਤਬੰਦੀ ਇੱਕ ਕਾਰਵਾਈ ਹੈ:
  - ✓ ਵਿਅਕਤੀ ਦੇ ਜੀਵਨ ਦੇ ਟੀਚਿਆਂ ਦੀ ਪਛਾਣ ਕਰਨ,
  - ✓ ਇਹ ਪਛਾਣ ਕੀਤੇ ਵਿੱਤੀ ਟੀਚਿਆਂ ਨੂੰ ਵਿੱਤੀ ਟੀਚਿਆਂ ਵਿੱਚ ਤਬਦੀਲ ਕਰਨਾ ਅਤੇ
  - ✓ ਕਿਸੇ ਦੀ ਪੂੰਜੀ ਦਾ ਇਸ ਢੰਗ ਨਾਲ ਪ੍ਰਬੰਧ ਕਰਨਾ, ਜਿਸ ਨਾਲ ਉਸ ਦੇ ਉਹਨਾਂ ਟੀਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਮਿਲੇ।
- ਵਿਅਕਤੀ ਦੇ ਜੀਵਨ ਚੱਕਰ ਦੇ ਅਧਾਰ ਉੱਤੇ ਤਿੰਨ ਕਿਸਮ ਦੇ ਵਿੱਤੀ ਉਤਪਾਦਾਂ ਦੀ ਲੋੜ ਹੁੰਦੀ ਹੈ। ਇਸ ਨਾਲ ਸਹਾਇਤਾ ਮਿਲਦੀ ਹੈ:
  - ✓ ਭਵਿੱਖ ਦੇ ਲੈਣ-ਦੇਣ ਦੇ ਸਮਰੱਥ,
  - ✓ ਅਚਨਚੇਤ ਖ਼ਰਚੇ ਪੂਰੇ ਕਰਨੇ ਅਤੇ
  - ✓ ਧਨ ਇਕੱਤਰ ਕਰਨ ਵਿੱਚ
- ਵਿੱਤੀ ਵਿਉਂਤਬੰਦੀ ਦੀ ਲੋੜ ਸਮਾਜਿਕ ਤਬਦੀਲੀਆਂ ਜਿਵੇਂ ਕਿ ਸਾਂਝੇ ਪਰਿਵਾਰ ਖਿੰਡਣ, ਵੱਖੋ-ਵੱਖ ਨਿਵੇਸ਼ ਵਿਕਲਪ ਜੋ ਕਿ ਅੱਜ ਉਪਲੱਬਧ ਹਨ ਅਤੇ ਬਦਲਦੀ ਜੀਵਨ-ਸ਼ੈਲੀ ਆਦਿ, ਨਾਲ ਹੋਰ ਵੀ ਵੱਧ ਗਈ ਹੈ।
- ਵਿੱਤੀ ਵਿਉਂਤਬੰਦੀ ਸ਼ੁਰੂ ਕਰਨ ਦਾ ਸਭ ਤੋਂ ਵਧੀਆ ਸਮਾਂ ਪਹਿਲੀ ਤਨਖਾਹ ਪ੍ਰਾਪਤ ਕਰਨ ਦੇ ਬਾਅਦ ਹੁੰਦਾ ਹੈ।
- ਵਿੱਤੀ ਵਿਉਂਤਬੰਦੀ ਸਲਾਹਾਕਾਰ ਸੇਵਾਵਾਂ ਵਿੱਚ ਸ਼ਾਮਿਲ ਹਨ:
  - ✓ ਨਕਦੀ ਵਿਉਂਤਬੰਦੀ,
  - ✓ ਨਿਵੇਸ਼ ਵਿਉਂਤਬੰਦੀ,
  - ✓ ਬੀਮਾ ਵਿਉਂਤਬੰਦੀ,
  - ✓ ਰਿਟਾਇਰਮੈਂਟ ਵਿਉਂਤਬੰਦੀ,
  - ✓ ਇਸਟੇਟ ਵਿਉਂਤਬੰਦੀ ਅਤੇ
  - ✓ ਟੈਕਸ ਵਿਉਂਤਬੰਦੀ

## ਮੁੱਖ ਸ਼ਬਦ

1. ਵਿੱਤੀ ਵਿਉਂਤਬੰਦੀ
2. ਜੀਵਨ ਪੜਾਅ
3. ਜੋਖਿਮ ਪ੍ਰੋਫਾਇਲ
4. ਨਕਦੀ ਵਿਉਂਤਬੰਦੀ
5. ਨਿਵੇਸ਼ ਵਿਉਂਤਬੰਦੀ
6. ਬੀਮਾ ਵਿਉਂਤਬੰਦੀ
7. ਰਿਟਾਇਰਮੈਂਟ ਵਿਉਂਤਬੰਦੀ
8. ਇਸਟੇਟ ਵਿਉਂਤਬੰਦੀ
9. ਅਨੁਕੂਲਤਾ ਜਾਣਕਾਰੀ
10. ਟੈਕਸ ਵਿਉਂਤਬੰਦੀ

## ਸਵੈ ਜਾਂਚ ਦੇ ਜਵਾਬ

**ਜਵਾਬ 1 - ਸਹੀ ਚੋਣ I ਹੈ।**

**ਜਵਾਬ 2 - ਸਹੀ ਚੋਣ II ਹੈ।**

**ਜਵਾਬ 3 - ਸਹੀ ਚੋਣ III ਹੈ।**

# ਪਾਠ L-03

# ਜੀਵਨ ਬੀਮਾ ਉਤਪਾਦ: ਰਿਵਾਇਤੀ

**ਪਾਠ ਨਾਲ ਜਾਣ-ਪਛਾਣ**

**ਪਾਠ ਵਿੱਚ ਤੁਹਾਨੂੰ ਜੀਵਨ ਬੀਮਾ ਉਤਪਾਦ ਦੇ ਸੰਸਾਰ ਨਾਲ ਜਾਣੂ ਕਰਵਾਇਆ ਜਾਂਦਾ ਹੈ। ਇਹ ਸਧਾਰਨ ਰੂਪ ਵਿੱਚ ਉਤਪਾਦਾਂ ਦੇ ਬਾਰੇ ਗੱਲਬਾਤ ਕਰਨ ਨਾਲ ਸ਼ੁਰੂ ਹੁੰਦਾ ਹੈ ਅਤੇ ਫਿਰ ਜੀਵਨ ਬੀਮਾ ਉਤਪਾਦਾਂ ਦੀ ਲੋੜ ਤੇ ਉਹਨਾਂ ਵਲੋਂ ਵੱਖ-ਵੱਖ ਜੀਵਨ ਟੀਚਿਆਂ ਨੂੰ ਪੂਰਾ ਕਰਨ ਲਈ ਨਿਭਾਈ ਜਾਂਦੀ ਭੂਮਿਕਾ ਦੇ ਬਾਰੇ ਵਿਚਾਰ-ਵਟਾਂਦਰਾ ਕੀਤਾ ਕੀਤਾ ਜਾਂਦਾ ਹੈ। ਅੰਤ ਵਿੱਚ ਅਸੀਂ ਰਿਵਾਇਤੀ ਜੀਵਨ ਬੀਮਾ ਉਤਪਾਦਾਂ ਉੱਤੇ ਧਿਆਨ ਵੇਖਦੇ ਹਾਂ।**

**ਸਿੱਖਣ ਦੇ ਨਤੀਜੇ**

A. **ਜੀਵਨ ਬੀਮਾ ਉਤਪਾਦ ਦਾ ਸਾਰ**

B. **ਰਿਵਾਇਤੀ ਜੀਵਨ ਬੀਮਾ ਉਤਪਾਦ**

## A. ਜੀਵਨ ਬੀਮਾ ਉਤਪਾਦ ਦਾ ਸਾਰ

### 1. ਉਤਪਾਦ ਕੀ ਹੈ?

ਸ਼ੁਰੂ ਕਰਨ ਲਈ , ਆਓ ਸਮਝੀਏ ਕਿ 'ਉਤਪਾਦ' ਦਾ ਕੀ ਭਾਵ ਹੈ। ਸੌਖੇ ਸ਼ਬਦਾਂ ਵਿੱਚ ਉਤਪਾਦ ਨੂੰ ਵਸਤੂ ਦੇ ਰੂਪ ਵਿੱਚ ਮੰਨਿਆ ਜਾਂਦਾ ਹੈ, ਜਿਸ ਨੂੰ ਬਾਜ਼ਾਰ ਵਿੱਚ ਖਰੀਦਿਆ ਅਤੇ ਵੇਚਿਆ ਜਾਂਦਾ ਹੈ।

ਇਹ ਸਮਝਣਾ ਜ਼ਰੂਰੀ ਹੈ ਕਿ ਹਰ ਉਤਪਾਦ ਵਿਸ਼ੇਸ਼ਤਾਵਾਂ ਜਾਂ ਗੁਣਾਂ ਦਾ ਬੰਡਲ ਹੋਣੀ ਚਾਹੀਦੀ ਹੈ, ਜਿਸ ਵਿੱਚ ਕੁਝ ਫਾਇਦੇ ਹੋਣ।

ਸਾਰੀਆਂ ਕੰਪਨੀਆਂ ਗਾਹਕਾਂ ਨੂੰ ਆਪਣੇ ਉਤਪਾਦ ਵੱਧ ਦਿਲਚਸਪ ਬਣਾ ਕੇ ਪੇਸ਼ ਕਰਦੀਆਂ ਅਤੇ ਵੱਖ-ਵੱਖ ਕਿਸਮ ਦੇ ਫ਼ੀਚਰ ਤੇ ਫਾਇਦੇ ਦੇਣ ਦੀ ਕੋਸ਼ਿਸ਼ ਕਰਦੀਆਂ ਹਨ। ਜੀਵਨ ਬੀਮਾ ਏਜੰਟ ਦੀ ਭੂਮਿਕਾ ਇਹਨਾਂ ਫ਼ੀਚਰਾਂ ਤੇ ਫਾਇਦਿਆਂ ਨੂੰ ਸਮਝਣਾ ਅਤੇ ਪੇਸ਼ ਕਰਨਾ ਹੈ, ਜਿਸ ਨਾਲ ਉਹਨਾਂ ਦੀ ਕੰਪਨੀਆਂ ਦੇ ਉਤਪਾਦ ਹੋਰਾਂ ਦੇ ਮੁਕਾਬਲੇ ਵਿਲੱਖਣ ਤੇ ਦਿਲ ਖਿੱਚਵੇਂ ਹੋ ਸਕਣ।

**ਉਦਾਹਰਨ**

ਕੋਲਗੇਟ, ਕਲੋਜ਼ਅੱਪ ਅਤੇ ਪ੍ਰੋਮਿਸ ਸਾਰੇ ਹੀ ਟੁੱਥਪੇਸਟ ਦੇ ਵੱਖ-ਵੱਖ ਬਰੈਂਡ ਹਨ। ਪਰ ਇਹਨਾਂ ਬਰੈਂਡਾਂ ਵਿੱਚੋਂ ਹਰੇਕ ਦੇ ਫ਼ੀਚਰ ਦੂਜੇ ਤੋਂ ਵੱਖਰੇ ਹਨ।

---

ਉਤਪਾਦ ਹੋ ਸਕਦੇ ਹਨ:

i. ਭੌਤਿਕ: ਦਾ ਭਾਵ ਪਦਾਰਥਕ ਵਸਤਾਂ ਤੋਂ, ਜਿਹਨਾਂ ਨੂੰ ਸਿੱਧਾ ਵੇਖਿਆ ਜਾਂ ਛੂਹ ਕੇ ਮਹਿਸੂਸ ਕੀਤਾ ਜਾ ਸਕਦਾ ਹੈ (ਜਿਵੇਂ ਕਿ ਕਾਰ ਜਾਂ ਟੈਲੀਵਿਜ਼ਨ)

ii. ਅਛੋਹ: ਭਾਵ ਉਸ ਉਤਪਾਦ ਤੋਂ ਹੈ, ਜਿਹਨਾਂ ਨੂੰ ਕੇਵਲ ਅਸਿੱਧੇ ਰੂਪ ਵਿੱਚ ਹੀ ਜਾਣਿਆ ਜਾ ਸਕਦਾ ਹੈ।

ਜੀਵਨ ਬੀਮਾ ਅਜਿਹੀ ਉਤਪਾਦ ਹੈ, ਜੋ ਕਿ ਅਛੋਹ (ਸਪਰਸ਼ਹੀਣ) ਹੈ।

### 2. ਜੀਵਨ ਬੀਮਾ ਉਤਪਾਦਾਂ ਦਾ ਮਕਸਦ

ਇਨਸਾਨ ਬਹੁਤ ਮੁੱਲਵਾਨ ਸੰਪੱਤੀ ਵੀ ਰੱਖਦੇ ਹਨ - ਮਨੁੱਖੀ ਪੂੰਜੀ - ਜੋ ਕਿ ਸਾਡੀ ਉਤਪਾਦਕ ਕਮਾਈ ਸਮਰੱਥਾ ਦਾ ਸਰੋਤ ਹੈ। ਪਰ ਜੀਵਨ ਤੇ ਮਨੁੱਖੀ ਚੰਗੀ ਸਿਹਤ ਦੇ ਬਾਰੇ ਅਨਿਸ਼ਚਿਤਤਾ ਹੁੰਦੀ ਹੈ। ਮੌਤ ਅਤੇ ਬੀਮਾਰੀ ਵਰਗੀਆਂ ਘਟਨਾਵਾਂ ਸਾਡੀ ਕਮਾਈ ਸਮਰੱਥਾਵਾਂ ਅਤੇ ਜੀਵਨ ਬੱਚਤਾਂ ਨੂੰ ਨਸ਼ਟ ਕਰ ਸਕਦੀਆਂ ਹਨ। ਬੀਮਾ ਇਹ ਹਾਲਤਾਂ ਲਈ ਸੁਰੱਖਿਆ ਪ੍ਰਦਾਨ ਕਰਦਾ ਹੈ।

ਜੀਵਨ ਬੀਮਾ ਉਤਪਾਦ ਵਿਅਕਤੀ ਦੀ ਕੰਮ ਕਰਨ ਦੀ ਅਸਮਰੱਥਾ, ਜੋ ਕਿ ਮੌਤ ਜਾਂ ਅਪੰਗ ਹੋਣ ਦੇ ਨਤੀਜੇ ਵਜੋਂ ਹੈ ਦੇ ਕਾਰਨ ਆਰਥਿਕ ਮੁੱਲ ਦੇ ਖਤਮ ਹੋਣ ਉੱਤੇ ਸੁਰੱਖਿਆ ਦਿੰਦੇ ਹਨ। ਜਦੋਂ ਵਿਅਕਤੀ ਜੀਵਨ ਬੀਮਾ ਲੈਂਦਾ ਹੈ ਅਤੇ

ਪਹਿਲੇ ਪ੍ਰੀਮੀਅਮ ਦਾ ਭੁਗਤਾਨ ਕਰਦਾ ਹੈ ਤਾਂ ਉਸ ਦੇ ਨਾਂ ਉੱਤੇ ਫ਼ੌਰਨ ਅਸਟੇਟ ਬਣਾਈ ਜਾਂਦੀ ਹੈ ਅਤੇ ਉਸ ਦੇ ਲਾਭ ਉਸ ਦੇ ਨਿਰਭਰਾਂ ਜਾਂ ਪਿਆਰਿਆਂ ਲਈ ਉਪਲੱਬਧ ਹੁੰਦੇ ਹਨ।

ਜੀਵਨ ਬੀਮਾ ਇਸ ਦੇ ਮੂਲ ਆਧਾਰ ਉੱਤੇ ਵਿਅਕਤੀ ਨੂੰ ਕੁਝ ਅਚਾਨਕ ਵਾਪਰਨ ਦੀ ਹਾਲਤ ਵਿੱਚ ਉਸ ਦੇ ਪਿਆਰਿਆਂ ਲਈ ਮਨ ਦੀ ਸ਼ਾਂਤੀ ਤੇ ਸੁਰੱਖਿਆ ਦਿੰਦੀ ਹੈ। ਇੰਝ ਦੀ ਸੁਰੱਖਿਆ ਦੇਣ ਤੋਂ ਇਲਾਵਾ ਜੀਵਨ ਬੀਮਾ ਬਾਜ਼ਾਰ ਦੀਆਂ ਹੋਰ ਲੋੜਾਂ ਪੂਰਦਾ ਹੈ, ਜਿਵੇਂ ਕਿ ਬੱਚਤ, ਧਨ ਇਕੱਤਰ ਕਰਨਾ, ਨਿਵੇਸ਼ ਦੇ ਬਚਾਅ ਅਤੇ ਸੁਰੱਖਿਆ ਤੇ ਧਨ-ਵਾਪਸੀ ਦੀਆਂ ਕੁਝ ਦਰਾਂ, ਜੋ ਇਸ ਕੋਰਸ ਵਿੱਚ ਵਿਚਾਰੀਆਂ ਨਹੀਂ ਗਈਆਂ ਹਨ।

ਜੀਵਨ ਬੀਮਾ ਉਦਯੋਗ ਵਿੱਚ ਪਿਛਲੀਆਂ ਦੋ ਸਦੀਆਂ ਵਿੱਚ ਉਤਪਾਦ ਪੇਸ਼ ਕਰਨ ਲਈ ਬਹੁਤ ਸਾਰੀਆਂ ਖੋਜਾਂ ਹੋਈਆਂ ਹਨ। ਰਾਹ ਮੌਤ ਫਾਇਦਾ ਉਤਪਾਦਾਂ ਦੇ ਨਾਲ ਸ਼ੁਰੂ ਹੋਇਆ ਸੀ, ਪਰ ਸਮੇਂ ਦੇ ਨਾਲ ਨਾਲ ਵੱਖ-ਵੱਖ ਜਿਉਣ ਫਾਇਦੇ ਜਿਵੇਂ ਕਿ ਇੰਡਾਊਮੈਂਟ, ਅਪੰਗਤਾ ਫਾਇਦੇ, ਡਰਾਉਣੀਆਂ ਬੀਮਾਰੀ ਖ਼ੌਫ਼ ਤੋਂ ਸੁਰੱਖਿਆ ਅਤੇ ਇਸੇ ਤਰ੍ਹਾਂ ਹੋਰਾਂ ਨੂੰ ਜੋੜਿਆ ਗਿਆ।

ਹਾਲੀਆਂ ਸਾਲਾਂ ਵਿੱਚ ਵੱਡੀਆਂ ਕਾਢਾਂ ਵਿੱਚੋਂ ਮਾਰਕੀਟ ਲਿੰਕ ਕੀਤੀਆਂ ਕੁਝ ਪਾਲਸੀਆਂ ਬਣਾਉਣਾ ਸੀ, ਜਿੱਥੇ ਕਿ ਬੀਮਤ ਨੂੰ ਉਸ ਦੀ ਨਿਵੇਸ਼ ਸੰਪਤੀ ਦੀ ਚੋਣ ਕਰਨ ਤੇ ਪ੍ਰਬੰਧ ਕਰਨ ਵਿੱਚ ਹਿੱਸਾ ਲੈਣ ਵਾਸਤੇ ਸੱਦਾ ਦਿੱਤਾ ਗਿਆ। ਹੋਰ ਵੱਡੀ ਕਾਢ ਮਨਮਰਜ਼ੀ ਮੁਤਾਬਕ ਉਤਾਪਦਾਂ ਨੂੰ ਬੰਡਲ ਵਿੱਚੋਂ ਅੱਡ-ਅੱਡ ਕਰਨਾ ਸੀ, ਜਿਸ ਨਾਲ ਲੋੜ, ਝੱਲਣਯੋਗਤਾ ਤੇ ਜੀਵਨ ਪੜਾਅ ਦੇ ਮੁਤਾਬਕ ਪਾਲਸੀ ਧਾਰਕ ਲਈ ਵੱਖ-ਵੱਖ ਫਾਇਦਿਆਂ ਦੇ ਨਾਲ ਨਾਲ ਕੀਮਤ ਦੇ ਹਿੱਸੇ ਵੱਖ-ਵੱਖ ਹੋ ਸਕਦੇ ਹਨ।

3. ਅਨੁਕੂਲਤਾ ਜਾਣਕਾਰੀ

ਬੀਮਾ ਵਿਚੋਲਿਆਂ ਜਿਸ ਵਿੱਚ ਏਜੰਟ ਤੇ ਦਲਾਲ ਸ਼ਾਮਲ ਹਨ, ਨੂੰ ਵੱਧ ਜੁੰਮੇਵਾਰ ਬਣਾਉਣ ਤੇ ਗਲਤ-ਵਿਕਰੀ ਦੇ ਮੌਕੇ ਘਟਾਉਣ ਵਾਸਤੇ IRDAI ਨੇ 'ਉਤਪਾਦ ਅਨੁਕੂਲਤਾ ਦਾ ਸਿਧਾਂਤ ਬਣਾਇਆ ਹੈ। 'ਅਨੁਕੂਲਤਾ ਜਾਣਕਾਰੀ' ਪੇਸ਼ਕਰਤਾ ਦੀ ਉਮਰ, ਆਮਦਨ, ਪਰਿਵਾਰਿਕ ਸਥਿਤੀ, ਜੀਵਨ ਪੜਾਅ, ਵਿੱਤੀ ਤੇ ਪਰਿਵਾਰਿਕ ਟੀਚੇ, ਨਿਵੇਸ਼ ਮਕਸਦ, ਪਹਿਲਾਂ ਮੌਜੂਦ ਬੀਮੇ ਆਦਿ ਬਾਰੇ ਜਾਣਕਾਰੀ ਤੋਂ ਹੈ। ਇਸਕਰਕੇ ਕਲਾਈਟ ਨੂੰ ਬੀਮਾ ਪਾਲਸੀ ਵੇਚਣ ਤੋਂ ਪਹਿਲਾਂ ਏਜੰਟ ਨੂੰ ਗਾਹਕ ਦੀਆਂ ਲੋੜਾਂ ਅਨੁਸਾਰ ਉਤਪਾਦ ਦੀ ਅਨੁਕੂਲਤਾ ਨੂੰ ਸਪਸ਼ਟ ਕਰਨ ਦੇ ਸਮਰੱਥ ਹੋਣਾ ਚਾਹੀਦਾ ਹੈ।

ਦੂਜੇ ਸ਼ਬਦਾਂ ਵਿੱਚ ਏਜੰਟ ਖਾਸ ਸੰਭਾਵਿਤ ਵਿਅਕਤੀ ਦੇ ਜ਼ੋਖਮ ਪ੍ਰੋਫਾਇਲ - ਉਮਰ, ਆਮਦਨ, ਪਰਿਵਾਰਿਕ ਸਥਿਤੀ, ਜੀਵਨ ਪੜਾਅ, ਵਿੱਤੀ ਤੇ ਪਰਿਵਾਰਿਕ ਟੀਚੇ, ਨਿਵੇਸ਼ ਮਕਸਦ, ਪਹਿਲਾਂ ਮੌਜੂਦ ਬੀਮਾ, ਬੀਮਾ ਲੋੜਾਂ ਆਦਿ ਨੂੰ ਧਿਆਨ ਵਿੱਚ ਰੱਖਦਾ ਹੈ ਅਤੇ ਫ਼ੈਸਲਾ ਕਰਦਾ ਹੈ ਕਿ ਕੀ ਉਤਪਾਦ ਉਸ ਪੇਸ਼ਕਰਤਾ ਲਈ ਢੁੱਕਵੀਂ ਹੈ। ਉਤਪਾਦ ਦੀ ਕਿਸਮ, ਪ੍ਰੀਮੀਅਮ ਦੀ ਰਕਮ, ਪ੍ਰੀਮੀਅਮ ਭੁਗਤਾਨ ਦੇ ਅੰਤਰਾਲ ਅਤੇ ਪਾਲਸੀ ਦੇ ਅਵਧੀ ਦੇ ਨਾਲ ਨਾਲ ਪ੍ਰੀਮੀਅਮ ਦੇ ਭੁਗਤਾਨ ਦੇ ਢੰਗ ਵੀ 'ਅਨੁਕੂਲਤਾ ਦੇ ਮਾਪਢੰਡ ਦਾ ਹਿੱਸਾ ਹਨ।

IRDAI ਨੇ ਨਿਯਮ ਬਣਾਇਆ ਹੈ ਕਿ ਇਕੱਤਰ ਕੀਤੀ ਅਨੁਕੂਲਤਾ ਜਾਣਕਾਰੀ ਉੱਤੇ ਪੇਸ਼ਕਰਤਾ ਤੇ ਏਜੰਟ ਦੇ ਦਸਤਖਤ ਹੋਣੇ ਚਾਹੀਦੇ ਹਨ ਅਤੇ ਬੀਮਾਕਰਤਾ ਵਲੋਂ ਪਾਲਸੀ ਰਿਕਾਰਡ ਦੇ ਹਿੱਸੇ ਵਜੋਂ ਸੰਭਾਲਿਆ ਜਾਣਾ ਚਾਹੀਦਾ ਹੈ ਅਤੇ ਅਥਾਰਟੀ ਨੂੰ ਜਾਂਚ ਦੇ ਦੌਰਾਨ ਪੇਸ਼ ਕਰਨਾ ਚਾਹੀਦਾ ਹੈ।

### 4. ਜੀਵਨ ਬੀਮਾ ਉਤਪਾਦਾਂ ਵਿੱਚ ਰਾਈਡਰ

ਰਾਈਡਰ ਪ੍ਰਬੰਧ ਹੈ, ਜਿਸ ਨੂੰ ਤਸਦੀਕ ਕਰਕੇ ਜੋੜਿਆ ਜਾਂਦਾ ਹੈ, ਜੋ ਇਕਰਾਰਨਾਮੇ ਦਾ ਭਾਗ ਬਣ ਜਾਂਦਾ ਹੈ। ਰਾਈਡਰ ਨੂੰ ਆਮ ਤੌਰ ਉੱਤੇ ਅਤਿਰਿਕਤ ਫਾਇਦੇ ਦੇਣ ਲਈ ਵਰਤਿਆ ਜਾਂਦਾ ਹੈ ਜਿਵੇਂ ਕਿ ਦੁਰਘਟਨਾ ਕਾਰਨ ਮੌਤ ਹੋਣ ਤੇ ਬੀਮੇ ਦੀ ਰਕਮ ਵਿੱਚ ਵਾਧਾ ਕਰਨਾ। ਜੀਵਨ ਬੀਮਾ ਕੰਪਨੀਆਂ ਕਈ ਰਾਈਡਰ ਦਿੰਦੀਆਂ ਹਨ, ਜਿਸ ਰਾਹੀਂ ਉਹਨਾਂ ਦੇ ਪੇਸ਼ਕਸ਼ ਦੇ ਮੁੱਲਾਂ ਵਿੱਚ ਵਾਧਾ ਹੋ ਜਾਂਦਾ ਹੈ। ਰਾਈਡਰ ਇੱਕਲੀ ਸਕੀਮ ਵਿੱਚ ਵਿਅਕਤੀ ਦੀਆਂ ਵੱਖ-ਵੱਖ ਲੋੜਾਂ ਸ਼ਾਮਲ ਕਰਨ ਵਿੱਚ ਮਦਦ ਕਰਦਾ ਹੈ।

ਰਾਈਡਰ ਅਪੰਗਤਾ ਸੁਰੱਖਿਆ, ਦੁਰਘਟਨਾ ਸੁਰੱਖਿਆ ਅਤੇ ਨਾਜ਼ੁਕ ਬੀਮਾਰੀ ਸੁਰੱਖਿਆ ਵਰਗੇ ਫਾਇਦਿਆਂ ਨੂੰ ਮਿਆਰੀ ਜੀਵਨ ਬੀਮਾ ਇਕਰਾਰ ਵਿੱਚ ਵਾਧੂ ਫਾਇਦਿਆਂ ਦੇ ਰੂਪ ਵਿੱਚ ਜੋੜਨ ਦਾ ਢੰਗ ਹੈ। ਪਾਲਸੀਧਾਰਕ ਵਾਧੂ ਪ੍ਰੀਮੀਅਮ ਦੇ ਭੁਗਤਾਨ ਰਾਹੀਂ ਉਹ ਲੈ ਸਕਦਾ ਹੈ।

**ਆਪਣੇ ਆਪ ਨੂੰ ਟੈਸਟ ਕਰੋ 1**

ਹੇਠ ਦਿੱਤਿਆਂ ਵਿੱਚੋਂ ਕਿਹੜਾ ਅਛੋਹ ਉਤਪਾਦ ਹੈ?

I. ਕਾਰ

II. ਘਰ


III. ਜੀਵਨ ਬੀਮਾ

IV. ਸਾਬਣ

## B. ਰਿਵਾਇਤੀ ਜੀਵਨ ਬੀਮਾ ਉਤਪਾਦ

**ਅਸੀਂ ਜੀਵਨ ਬੀਮਾ ਉਤਪਾਦਾਂ ਦੀਆਂ ਰਿਵਾਇਤੀ ਕਿਸਮਾਂ ਬਾਰੇ ਕੁਝ ਸਿੱਖਾਂਗੇ।**

**ਚਿੱਤਰ 1 : ਰਿਵਾਇਤੀ ਜੀਵਨ ਬੀਮਾ ਉਤਪਾਦ**




### 1. ਮਿਆਦੀ ਬੀਮਾ ਸਕੀਮ

ਮਿਆਦੀ ਬੀਮਾ ਅਜਿਹਾ ਇਕਰਾਰ ਹੁੰਦਾ ਹੈ, ਜੋ ਕਿ ਖਾਸ ਸਮੇਂ ਲਈ ਹੀ ਵਾਜਬ ਹੁੰਦਾ ਹੈ। ਇਹ ਛੋਟੀ ਹਵਾਈ ਯਾਤਰਾ ਦੇ ਥੋੜ੍ਹੇ ਸਮੇਂ ਤੋਂ ਲੈ ਕੇ ਕਈ ਸਾਲਾਂ ਤੱਕ ਹੋ ਸਕਦਾ ਹੈ। ਸੁਰੱਖਿਆ ਨੂੰ 65 ਜਾਂ 70 ਸਾਲ ਦੀ ਉਮਰ ਤੱਕ ਵਧਾਇਆ ਜਾ ਸਕਦਾ ਹੈ। ਇੱਕ-ਸਾਲ ਮਿਆਦੀ ਪਾਲਸੀਆਂ ਜਾਇਦਾਦ ਅਤੇ ਹਾਦਸਾ ਬੀਮਾ ਇਕਰਾਰਨਾਮਿਆਂ ਦੇ ਵਾਂਗ ਹੀ ਹੁੰਦੀਆਂ ਹਨ। ਇਸ ਪਾਲਸੀ ਵਿੱਚ ਬੱਚਤ ਜਾਂ ਨਕਦ ਮੁੱਲ ਤੱਤ ਨਹੀਂ ਹੁੰਦਾ ਹੈ।

ਅਕਤੂਬਰ 2020 ਵਿੱਚ IRDAI ਨੇ ਮਿਆਰੀ ਨਿੱਜੀ ਮਿਆਦੀ ਜੀਵਨ ਬੀਮਾ ਉਤਪਾਦ ਲਿਆਂਦੀ, ਜਿਸਨੂੰ "ਸਰਲ ਜੀਵਨ ਬੀਮਾ" (ਬੀਮਾਕਰਤਾ ਦਾ ਨਾਂ ਉਤਪਾਦ ਨਾਂ ਦੇ ਅੱਗੇ ਜੋੜਿਆ ਜਾਣਾ ਚਾਹੀਦਾ ਹੈ) ਕਿਹਾ ਜਾਂਦਾ ਹੈ, ਗ਼ੈਰ-ਲਿੰਕਡ ਗ਼ੈਰ-ਹਿੱਸੇਦਾਰੀ ਨਿੱਜੀ ਸ਼ੁੱਧ ਜੋਖਿਮ ਪ੍ਰੀਮੀਅਮ ਜੀਵਨ ਬੀਮਾ ਪਲਾਨ ਹੈ, ਜੋ ਕਿ ਪਾਲਸੀ ਦੀ ਮਿਆਦ ਦੌਰਾਨ ਬੀਮਤ ਦੀ ਅਚਨਚੇਤੀ ਮੌਤ ਉੱਤੇ ਨਾਮਜ਼ਦ ਨੂੰ ਉੱਕੀ-ਪੁੱਕੀ ਬੀਮਾ ਕਰਵਾਈ ਰਕਮ ਦਾ ਭੁਗਤਾਨ ਕਰਦਾ ਹੈ।

ਰੈਗੂਲੇਟਰੀ ਵਲੋਂ ਤੈਅ ਕੀਤੇ ਕੁਝ ਫਾਇਦਿਆਂ ਤੇ ਰਾਈਡਰਾਂ ਤੋਂ ਬਿਨਾਂ ਕੋਈ ਹੋਰ ਰਾਈਡਰ/ ਫਾਇਦੇ / ਵਿਕਲਪਾਂ /ਕਿਸਮਾਂ ਦੀ ਇਜਾਜ਼ਤ ਨਹੀਂ ਹੈ। ਇਸ ਤੋਂ ਇਲਾਵਾ ਉਤਪਾਦ ਵਿੱਚ ਖੁਦਕਸ਼ੀ ਅਲਹਿਦਗੀ ਤੋਂ ਇਲਾਵਾ ਕੋਈ ਵੀ ਅਲਹਿਦਗੀ ਨਹੀਂ ਹੋਣੀ ਚਾਹੀਦੀ ਹੈ। ਸਰਲ ਜੀਵਨ ਬੀਮਾ ਬਿਨਾਂ ਲਿੰਗ, ਰਿਹਾਇਸ਼ ਦੀ ਥਾਂ, ਯਾਤਰਾ, ਅਹੁਦੇ ਜਾਂ ਵਿਦਿਅਕ ਯੋਗਤਾ ਦੀ ਕਿਸੇ ਵੀ ਪਾਬੰਦੀ ਤੋਂ ਬਿਨਾਂ ਪੇਸ਼ ਕੀਤਾ ਜਾਣਾ ਚਾਹੀਦਾ ਹੈ।

#### a) ਮਕਸਦ


ਮਿਆਦੀ ਜੀਵਨ ਬੀਮਾ ਪਲਾਨ ਜੀਵਨ ਬੀਮੇ ਦੇ ਅਧੀਨ ਕੁਝ ਮੂਲ ਤੇ ਮੁੱਢਲੇ ਵਿਚਾਰ ਨੂੰ ਪੂਰਾ ਕਰਦਾ ਹੈ, ਜੋ ਕਿ ਬੀਮਤ ਦੀ ਮੌਤ ਉੱਤੇ ਨਿਰਭਰ ਵਿਅਕਤੀਆਂ ਨੂੰ ਯਕੀਨੀ ਬਣਾਈ ਰਕਮ ਦਿੰਦਾ ਹੈ।

ਪਾਲਸੀ ਆਮਦਨ ਤਬਾਦਲੇ ਪਲਾਨ ਵਜੋਂ ਵੀ ਕੰਮ ਕਰਦੀ ਹੈ। ਇਸ ਵਿੱਚ ਉੱਕੀ-ਪੁੱਕੀ ਰਕਮ ਦੇ ਭੁਗਤਾਨ ਨੂੰ ਨਿਰਭਰ ਲਾਭਪਾਤਰਾਂ ਨੂੰ ਮਹੀਨੇਵਾਰ, ਤਿਮਾਹੀ ਜਾਂ ਇੰਞ ਦੇ ਨਿਯਮਤ ਭੁਗਤਾਨਾਂ ਵਿੱਚ ਬਦਲਿਆ ਜਾਂਦਾ ਹੈ।

b) ਅਪੰਗਤਾ

ਆਮ ਤੌਰ ਉੱਤੇ ਮਿਆਦੀ ਜੀਵਨ ਪਾਲਸੀ ਕੇਵਲ ਮੌਤ ਲਈ ਸੁਰੱਖਿਆ ਦਿੰਦੀ ਹੈ। ਪਰ ਮੁੱਖ ਪਾਲਸੀ ਉੱਤੇ ਅਪੰਗਤਾ ਸੁਰੱਖਿਆ ਰਾਈਡਰ ਖਰੀਦਣਾ ਸੰਭਵ ਹੈ। ਇੰਞ ਦੇ ਹਾਲਤ ਵਿੱਚ ਜੇ ਬੀਮਤ ਨੂੰ ਇਕਰਾਰਨਾਮੇ ਦੀ ਮਿਆਦ ਦੇ ਦੌਰਾਨ ਖਾਸ ਅਪੰਗਤਾ ਦਾ ਸਾਹਮਣਾ ਕਰਨਾ ਪਵੇ ਤਾਂ ਅਪੰਗਤਾ ਫਾਇਦਾ ਦਾ ਲਾਭਪਾਤਰਾਂ /ਬੀਮਤ ਵਿਅਕਤੀ ਨੂੰ ਭੁਗਤਾਨ ਕੀਤਾ ਜਾਵੇਗਾ। ਫਾਇਦੇ ਬੀਮਤ ਦੀ ਮੌਤ ਤੱਕ ਜਾਰੀ ਰਹਿਣਗੇ।

ਚਿੱਤਰ 2 : ਅਪੰਗਤਾ



c) ਰਾਈਡਰ ਵਜੋਂ ਮਿਆਦੀ ਬੀਮਾ

ਮਿਆਦੀ ਜੀਵਨ ਬੀਮਾ ਅਧੀਨ ਸੁਰੱਖਿਆ ਅਕਸਰ ਇੱਕਲੀ ਪਾਲਸੀ ਦੇ ਵਜੋਂ ਦਿੱਤੀ ਜਾਂਦੀ ਹੈ, ਪਰ ਇਸ ਨੂੰ ਪਾਲਸੀ ਵਿੱਚ ਰਾਈਡਰ ਵਜੋਂ ਵੀ ਦਿੱਤਾ ਜਾ ਸਕਦਾ ਹੈ।

| ਉਦਾਹਰਨ |
| --- |

ਪੈਨਸ਼ਨ ਸਕੀਮ ਲਈ ਰਾਈਡਰ ਪੈਨਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਕਿਸੇ ਦੀ ਮੌਤ ਹੋਣ ਦੇ ਹਾਲਤ ਵਿੱਚ ਮੌਤ ਫਾਇਦਾ ਭੁਗਤਾਨ ਦਾ ਪ੍ਰਬੰਧ ਵੀ ਹੋ ਸਕਦਾ ਹੈ।

d) ਤਬਦੀਲੀ-ਯੋਗਤਾ

ਤਬਦੀਲੀ-ਯੋਗਤਾ ਮਿਆਦੀ ਬੀਮਾ ਪਾਲਸੀਆਂ ਪਾਲਸੀਧਾਰਕ ਨੂੰ ਮਿਆਦੀ ਬੀਮਾ ਪਾਲਸੀਆਂ ਨੂੰ ਸਥਾਈ ਸਕੀਮ ਜਿਵੇਂ ਕਿ “ਪੂਰਾ ਜੀਵਨ” ਵਿੱਚ ਬਿਨਾਂ ਬੀਮਾ-ਯੋਗਤਾ ਦੇ ਤਾਜ਼ਾ ਸਬੂਤ ਦਿੱਤੇ ਬਦਲਣ ਲਈ ਸਹਾਇਕ ਹਨ। ਇਹ ਸਹੂਲਤ ਉਹਨਾਂ ਲਈ ਮਦਦਗਾਰ ਹੈ, ਜੋ ਕਿ ਪੱਕਾ ਨਕਦ ਮੁੱਲ ਬੀਮਾ ਚਾਹੁੰਦੇ ਹਨ, ਪਰ ਉਹ ਉਸ ਦੇ ਉੱਚ ਪ੍ਰੀਮੀਅਮ ਨੂੰ ਨਹੀਂ ਦੇ ਸਕਦੇ ਹਨ। ਜਦੋਂ ਮਿਆਦੀ ਪਾਲਸੀ ਨੂੰ ਸਥਾਈ ਬੀਮੇ ਵਿੱਚ ਤਬਦੀਲ ਕੀਤਾ ਜਾਂਦਾ ਹੈ ਤਾਂ ਨਵੀਆਂ ਪ੍ਰੀਮੀਅਮ ਦਰਾਂ ਵੱਧ ਹੋਣਗੀਆਂ।

e) ਵਿਲੱਖਣ ਵਿਕਰੀ ਤਜਵੀਜ਼ (USP)

ਮਿਆਦੀ ਅਸ਼ੋਅਰੈਂਸ ਦੀ ਵਿਲੱਖਣ ਵਿਕਰੀ ਤਜਵੀਜ਼ (ਯੂਐਸਪੀ) ਇਸ ਦੀ ਘੱਟ ਕੀਮਤ ਹੈ, ਜੋ ਕਿ ਵਿਅਕਤੀ ਨੂੰ ਸੀਮਿਤ ਬਜਟ ਨਾਲ ਜੀਵਨ ਬੀਮਾ ਦੇ ਵੱਡੀ ਰਕਮ ਖਰੀਦਣ ਦੇ ਸਮੱਰਥ ਕਰਦੀ ਹੈ।

f) ਕਿਸਮਾਂ

ਮਿਆਦ ਅਸ਼ੋਅਰੈਂਸ ਦੀਆਂ ਕਈ ਕਿਸਮਾਂ ਸੰਭਵ ਹਨ।

ਚਿੱਤਰ 3 : ਮਿਆਦੀ ਅਸ਼ੋਅਰੈਂਸ ਦੀਆਂ ਕਿਸਮਾਂ

**ਮਿਆਦੀ ਬੀਮੇ ਦੇ ਵੱਖ-ਵੱਖ ਰੂਪ**

- ਘੱਟਣ ਵਾਲਾ ਮਿਆਦੀ ਬੀਮਾ
- ਵੱਧਣ ਵਾਲਾ ਮਿਆਦੀ ਬੀਮਾ
- ਪ੍ਰੀਮੀਅਮ ਦੀ ਧਨ ਵਾਪਸੀ ਨਾਲ ਮਿਆਦੀ ਬੀਮਾ

i. ਘੱਟਦਾ ਮਿਆਦੀ ਅਸ਼ੋਅਰੈਂਸ

ਇਸ ਪਲਾਨ ਵਿੱਚ ਘੱਟਦਾ ਮਿਆਦੀ ਬੀਮਾ ਹੁੰਦਾ ਹੈ, ਜੋ ਕਿ ਮੌਤ ਫਾਇਦੇ ਲਈ ਰਕਮ ਦਿੰਦਾ ਹੈ, ਜਿਹੜੀਆਂ ਬਕਾਇਆ ਕਰਜ਼ ਦੇ ਭੁਗਤਾਨ ਦੇ ਬਰਾਬਰ ਹੁੰਦਾ ਹੈ, ਜੇ ਕਰਜ਼ਦਾਰ ਕਰਜ਼ ਭੁਗਤਾਨ ਕਰਨ ਤੋਂ ਪਹਿਲਾਂ ਮਰ ਜਾਂਦਾ ਹੈ। ਇਸ ਨੂੰ ਅਕਸਰ ਘਰ-ਕਰਜ਼ ਛੋਟ (ਪਾਠ 15 ਵਿੱਚ ਵਿਚਾਰਿਆ ਹੈ) ਜਾਂ ਕਰੈਡਿਟ ਜੀਵਨ ਬੀਮੇ ਵਜੋਂ ਵੇਚਿਆ ਜਾਂਦਾ ਹੈ। ਇਹ ਪਲਾਨਾਂ ਨੂੰ ਆਮ ਤੌਰ ਉੱਤੇ ਕਰਜ਼ ਦੇਣ ਵਾਲੇ ਸੰਸਥਾਵਾਂ ਨੂੰ ਕਰਜ਼-ਲੈਣ ਵਾਲੇ ਕਰਜ਼ਦਾਰਾਂ ਦੇ ਜੀਵਨ ਦੀ ਸੁਰੱਖਿਆ ਲਈ ਗਰੁੱਪ ਬੀਮੇ ਵਜੋਂ ਵੇਚਿਆ ਜਾਂਦਾ ਹੈ। ਘਰ-ਕਰਜ਼ ਛੋਟ ਬੀਮਾ ਅਕਸਰ ਘਰ-ਕਰਜ਼ ਲੈਣ ਲਈ ਸ਼ਰਤ ਹੁੰਦੀ ਹੈ। ਇੰਝ ਦੇ ਪਲਾਨ ਗੱਡੀਆਂ ਜਾਂ ਹੋਰ ਨਿੱਜੀ ਕਰਜ਼ਾਂ ਲੈਣ ਲਈ ਵੀ ਉਪਲੱਬਧ ਹੋ ਸਕਦੇ ਹਨ।

ii. ਵੱਧਦਾ ਮਿਆਦੀ ਅਸ਼ੋਅਰੈਂਸ

ਜਿਵੇਂ ਕਿ ਨਾਂ ਤੋਂ ਪਤਾ ਲੱਗਦਾ ਹੈ, ਸਕੀਮ ਮੌਤ ਫਾਇਦਾ ਦਿੰਦੀ ਹੈ, ਜੋ ਕਿ ਪਾਲਸੀ ਦੀ ਮਿਆਦ ਦੇ ਨਾਲ ਵੱਧਦਾ ਰਹਿੰਦਾ ਹੈ। ਪ੍ਰੀਮੀਅਮ ਅਕਸਰ ਬੀਮਾ ਸੁਰੱਖਿਆ ਵੱਧਣ ਦੇ ਨਾਲ ਵੱਧਦਾ ਹੈ।

iii. ਪ੍ਰੀਮੀਅਮ ਦੀ ਵਾਪਸੀ ਦੇ ਫਾਇਦੇ ਨਾਲ ਮਿਆਦੀ ਬੀਮਾ

ਹੋਰ ਕਿਸਮ ਦੀ ਮਿਆਦੀ ਪਾਲਸੀ (ਜੋ ਕਿ ਭਾਰਤ ਵਿੱਚ ਕਾਫ਼ੀ ਹਰਮਨਪਿਆਰੀ ਹੈ) ਹੈ, ਜੋ ਕਿ ਪ੍ਰੀਮੀਅਮ ਦੀ ਵਾਪਸੀ ਵਾਲਾ ਮਿਆਦੀ ਅਸ਼ੋਅਰੈਂਸ ਹੈ। ਹਾਲਾਂ ਕਿ ਬਿਨਾਂ ਪ੍ਰੀਮੀਅਮ ਦੀ ਵਾਪਸੀ ਵਾਲੇ ਮਿਆਦੀ ਬੀਮਾ ਪਲਾਨ

ਦੇ ਮੁਕਾਬਲੇ ਪ੍ਰੀਮੀਅਮ ਭੁਗਤਾਨ ਬਹੁਤ ਜ਼ਿਆਦਾ ਹੋਵੇਗਾ, ਪਰ ਕੁਝ ਗਾਹਕਾਂ ਨੂੰ ਇੰਝ ਦੀਆਂ ਪਾਲਸੀਆਂ ਦੀ ਲੋੜ ਹੁੰਦੀ ਹੈ।

g) ਢੁੱਕਵੇਂ ਹਾਲਤ

ਮਿਆਦੀ ਬੀਮਾ ਅੱਗੇ ਦਿੱਤੇ ਹਾਲਤਾਂ ਵਿੱਚ ਢੁੱਕਵਾਂ ਹੋ ਸਕਦਾ ਹੈ:

i. ਜਦੋਂ ਬੀਮਾ ਸੁਰੱਖਿਆ ਦੀ ਲੋੜ ਕੇਵਲ ਆਰਜ਼ੀ ਰੂਪ ਵਿੱਚ ਹੋਵੇ, ਜਿਵੇਂ ਕਿ ਘਰ-ਕਰਜ਼ ਛੋਟ ਦੇ ਕੇਸ ਵਿੱਚ ਹੈ।

ii. ਬੱਚਤ ਪਲਾਨ ਲਈ ਅਤਿਰਿਕਤ ਸਹਾਇਕ ਦੇ ਵਜੋਂ।

iii. "ਮਿਆਦੀ ਬੀਮਾ ਖਰੀਦੋ ਅਤੇ ਬਾਕੀ ਨਿਵੇਸ਼ ਕਰੋ" ਵਿਚਾਰ ਦੇ ਵਜੋਂ, ਜਿੱਥੇ ਖਰੀਦਦਾਰ ਕੇਵਲ ਸਸਤੀ ਮਿਆਦੀ ਬੀਮਾ ਸੁਰੱਖਿਆ ਬੀਮਾ ਕੰਪਨੀ ਤੋਂ ਲੈਣੀ ਚਾਹੁੰਦਾ ਹੈ ਅਤੇ ਪ੍ਰੀਮੀਅਮ ਦੇ ਬਾਕੀ ਅੰਤਰ ਨੂੰ ਕਿਸੇ ਹੋਰ ਖਿੱਚਵੀਂ ਨਿਵੇਸ਼ ਵਿਕਲਪ ਵਿੱਚ।

| ਮਹੱਤਵਪੂਰਨ |
|---|

ਮਿਆਦੀ ਸਕੀਮ ਦੀਆਂ ਕਮੀਆਂ: ਮਿਆਦੀ ਬੀਮਾ ਸਕੀਮ ਸਿਰਫ਼ ਖਾਸ ਸਮੇਂ ਲਈ ਉਪਲੱਬਧ ਹੁੰਦੀਆਂ ਹਨ ਅਤੇ ਵਿਅਕਤੀ ਕੁਝ ਖਾਸ ਉਮਰ 65 ਜਾਂ 70 ਤੋਂ ਬਾਅਦ ਬੀਮਾ ਸੁਰੱਖਿਆ ਲੈਣ ਦੇ ਸਮਰੱਥ ਨਹੀਂ ਹੋਵੇਗਾ।

2. ਪੂਰਾ ਜੀਵਨ ਬੀਮਾ

ਪੂਰਾ ਜੀਵਨ ਬੀਮਾ ਪੱਕੀ ਜੀਵਨ ਬੀਮਾ ਪਾਲਸੀ ਦੀ ਮਿਸਾਲ ਹੈ। ਜੀਵਨ ਬੀਮਾ ਕਰਤਾ ਬੀਮਤ ਦੇ ਮਰਨ ਉੱਤੇ ਸਹਿਮਤ ਹੋਇਆ ਮੌਤ ਫਾਇਦਾ ਦੇਣ ਦੀ ਪੇਸ਼ਕਸ਼ ਕਰਦਾ ਹੈ, ਮੌਤ ਭਲਾ ਕਿਸੇ ਵੀ ਤਰ੍ਹਾਂ ਹੋਈ ਹੋਵੇ। ਪ੍ਰੀਮੀਅਮ ਦਾ ਵਿਅਕਤੀ ਦੀ ਪੂਰੀ ਜਿੰਦਗੀ ਜਾਂ ਤੈਅ ਕੀਤੇ ਸੀਮਿਤ ਸਮੇਂ ਲਈ ਭੁਗਤਾਨ ਕੀਤਾ ਜਾ ਸਕਦਾ ਹੈ।

ਪੂਰਾ ਜੀਵਨ ਪ੍ਰੀਮੀਅਮ ਮਿਆਦੀ ਪ੍ਰੀਮੀਅਮ ਤੋਂ ਬਹੁਤ ਵੱਧ ਹੁੰਦਾ ਹੈ, ਕਿਉਂਕਿ ਪੂਰਾ ਜੀਵਨ ਪਾਲਸੀ ਬੀਮਤ ਦੀ ਮੌਤ ਤੱਕ ਚਾਲੂ ਰਹਿੰਦੀ ਹੈ ਅਤੇ ਮੌਤ ਫਾਇਦੇ ਦਾ ਭੁਗਤਾਨ ਕਿਸੇ ਵੀ ਸਮੇਂ ਕੀਤਾ ਜਾਂਦਾ ਹੈ। ਪਲਾਨ ਪਾਲਸੀ ਧਾਰਕ ਦੇ ਖਾਤੇ ਵਿੱਚ ਨਕਦ ਮੁੱਲ ਵੀ ਦਿੰਦਾ ਹੈ। ਉਸ ਨੂੰ ਜੇ ਐਮਰਜੈਂਸੀ ਫੰਡਾਂ ਦੀ ਲੋੜ ਹੋਵੇ ਤਾਂ ਪਾਲਸੀ ਕਰਜ਼ ਦੇ ਤੌਰ ਉੱਤੇ ਨਕਦ ਕਢਵਾ ਸਕਦਾ ਹੈ ਜਾਂ ਉਹ ਪਾਲਸੀ ਸਮਰਪਣ ਕਰਕੇ ਇਸ ਦਾ ਨਕਦ ਮੁੱਲ ਲੈ ਸਕਦਾ ਹੈ।

ਬਾਕੀ ਰਹਿੰਦੇ ਕਰਜ਼ ਦੇ ਕੇਸ ਵਿੱਚ ਕਰਜ਼ ਦੀ ਰਕਮ ਤੇ ਵਿਆਜ ਨੂੰ ਮੌਤ ਹੋਣ ਉੱਤੇ ਲਾਭਪਾਤਰ ਨੂੰ ਕੀਤੇ ਜਾਣ ਵਾਲੇ ਭੁਗਤਾਨ ਵਿੱਚੋਂ ਕੱਟ ਲਿਆ ਜਾਂਦਾ ਹੈ।

ਪੂਰਾ ਜੀਵਨ ਪਾਲਸੀ ਪਰਿਵਾਰ ਦੇ ਮੁੱਖ ਕਮਾਊ ਲਈ ਚੰਗਾ ਪਲਾਨ ਹੈ, ਜੋ ਕਿ ਅਚਾਨਕ ਮੌਤ ਹੋਣ ਉੱਤੇ ਆਪਣੇ ਪਿਆਰਿਆਂ ਨੂੰ ਸੁਰੱਖਿਅਤ ਰੱਖਣਾ ਅਤੇ ਆਪਣੀ ਪੂੰਜੀ ਨੂੰ ਗੰਭੀਰ ਬੀਮਾਰੀਆਂ ਵਰਗੀਆਂ ਘਟਨਾਵਾਂ ਤੋਂ ਖੁਰਨ ਤੋਂ ਰੋਕਣਾ ਚਾਹੁੰਦਾ ਹੈ। ਵਿਅਕਤੀ ਰਿਟਾਇਰਮੈਂਟ ਲੋੜਾਂ, ਜੇ ਹੋਣ ਤਾਂ, ਲਈ ਪੂਰੀ ਜੀਵਨ ਬੀਮਾ ਪਾਲਸੀ ਦੇ ਨਕਦ ਮੁੱਲ

ਨੂੰ ਵਰਤ ਸਕਦਾ ਹੈ। ਪੂਰਾ ਜੀਵਨ ਬੀਮਾ ਘਰੇਲੂ ਬੱਚਤ ਅਤੇ ਅਗਲੀ ਪੀੜ੍ਹੀ ਨੂੰ ਦੇਣ ਲਈ ਧਨ ਬਣਾਉਣ ਵਾਸਤੇ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

3. ਬੰਦੋਬਸਤੀ (ਇੰਡਾਊਮੈਂਟ) ਬੀਮਾ

ਇਹ ਇਕਰਾਰ ਹੁੰਦਾ ਹੈ, ਜਿਸ ਵਿੱਚ ਬੀਮਾ ਕੀਤੀ ਰਕਮ ਪਾਲਸੀ ਦੇ ਮਿਆਦ ਦੇ ਦੌਰਾਨ ਬੀਮਤ ਦੀ ਮੌਤ ਹੋਣ ਉੱਤੇ ਬੀਮਤ ਦੇ ਨਾਮਜ਼ਦ ਨੂੰ ਭੁਗਤਾਨ ਕਰਨ ਯੋਗ ਹੁੰਦੀ ਹੈ। ਜੇ ਬੀਮਤ ਮਿਆਦ ਦੇ ਦੌਰਾਨ ਜਿਉਂਦਾ ਰਹਿੰਦਾ ਹੈ ਤਾਂ ਬੀਮਾ ਕੀਤੀ ਰਕਮ ਬੀਮਤ ਨੂੰ ਦੇ ਦਿੱਤੀ ਜਾਂਦੀ ਹੈ।

ਉਤਪਾਦ ਵਿੱਚ ਮੌਤ ਅਤੇ ਜਿਉਂਦਾ ਰਹਿਣ ਫਾਇਦੇ ਦੋਵੇਂ ਭਾਗ ਹਨ। ਬੰਦੋਬਸਤੀ ਬੀਮਾ ਸੁਰੱਖਿਅਤ ਅਤੇ ਲਾਜ਼ਮੀ ਢੰਗ ਨਾਲ ਧਨ ਵਧਾ ਕੇ ਵਿਅਕਤੀ ਦੇ ਬੀਮਾ ਅਤੇ ਬੱਚਤ ਉਦੇਸ਼ ਨੂੰ ਜੋੜਦਾ ਹੈ।

ਲੋਕ ਇੰਡਾਊਮੈਂਟ ਸਕੀਮਾਂ ਨੂੰ ਵੱਡੀ ਉਮਰ ਵਿੱਚ ਫਾਇਦੇ ਜਾਂ ਖਾਸ ਮਕਸਦ ਨੂੰ ਪੂਰਾ ਕਰਨ ਜਿਵੇਂ ਕਿ (a) ਸਿੱਖਿਆ ਲਈ (b) ਬੱਚਿਆਂ ਦੇ ਵਿਆਹ ਦੇ ਖਰਚੇ ਨੂੰ ਪੂਰਾ ਕਰਨ ਲਈ ਫੰਡ ਪ੍ਰਾਪਤ ਕਰਨ (c) ਮੌਰਗੇਜ਼ (ਘਰ) ਦੇ ਕਰਜ਼ ਦੇ ਭੁਗਾਤਨ ਦੇ ਯਕੀਨਨ ਢੰਗ ਵਜੋਂ ਖਰੀਦਦੇ ਹਨ।

ਸਰਕਾਰ ਅਕਸਰ ਭੁਗਤਾਨ ਕੀਤੇ ਪ੍ਰੀਮੀਅਮ ਉੱਤੇ ਟੈਕਸ ਫਾਇਦੇ ਦਿੰਦੀ ਹੈ, ਜੋ ਕਿ ਇਸ ਨੂੰ ਆਕਰਸ਼ਕ ਬਣਾਉਂਦੀ ਹੈ। ਕਈ ਇੰਡਾਊਂਸਮੈਂਟ ਪਾਲਸੀਆਂ 55 ਤੋਂ 65 ਸਾਲ ਦੀ ਉਮਰ ਉੱਤੇ ਪਰਿਪੱਕ ਹੁੰਦੀਆਂ ਹੈ, ਜਦੋਂ ਕਿ ਬੀਮਤ ਆਪਣੀ ਰਿਟਾਇਰਮੈਂਟ ਲਈ ਵਿਉਂਤ ਬਣਾਉਂਦਾ ਹੈ। ਇੰਝ ਦੇ ਕੇਸ ਵਿੱਚ ਇਹ ਪਾਲਸੀਆਂ ਰਿਟਾਇਰਮੈਂਟ ਬੱਚਤ ਦਾ ਸਹਾਇਕ ਹੋ ਸਕਦੀਆਂ ਹਨ।

ਕਿਸਮਾਂ: ਇੰਡਾਊਂਸਮੈਂਟ ਅਸ਼ੋਅਰੈਂਸ ਦੇ ਕੁਝ ਰੂਪ ਹਨ - ਜਿਹਨਾਂ ਬਾਰੇ ਹੇਠਾਂ ਜਾਣਕਾਰੀ ਦਿੱਤੀ ਗਈ ਹੈ।

4. ਧਨ ਵਾਪਸੀ ਪਾਲਸੀ

ਧਨ ਵਾਪਸੀ ਪਾਲਸੀ ਭਾਰਤ ਵਿੱਚ ਹਰਮਨਪਿਆਰੀ ਇੰਡਾਊਂਸਮੈਂਟ ਪਾਲਸੀ ਹੈ। ਇਸ ਵਿੱਚ ਮਿਆਦ ਦੇ ਦੌਰਾਨ ਕਿਸ਼ਤਾਂ ਦੇ ਰੂਪ ਵਿੱਚ ਬੀਮਾ ਕੀਤੀ ਰਕਮ ਦਾ ਇੱਕ ਹਿੱਸਾ ਵਾਪਿਸ ਕਰਨ ਦੀ ਸਹੂਲਤ ਹੈ ਅਤੇ ਬੀਮਾ ਕੀਤੀ ਰਕਮ ਦਾ ਬਾਕੀ ਹਿੱਸਾ ਮਿਆਦ ਦੇ ਅੰਤ ਉੱਤੇ ਵਾਪਿਸ ਕੀਤਾ ਜਾਂਦਾ ਹੈ।

| ਉਦਾਹਰਨ |
|---|

20 ਸਾਲਾਂ ਲਈ ਧਨ ਵਾਪਸੀ ਪਾਲਸੀ ਬੀਮਾ ਕਰਵਾਈ ਗਈ ਰਕਮ ਦਾ 20% ਹਿੱਸਾ ਜਿਉਂਦੇ ਰਹਿਣ ਦੇ ਫਾਇਦੇ ਵਜੋਂ 5, 10 ਅਤੇ 15ਵੇਂ ਸਾਲ ਦੇ ਅੰਤ ਉੱਤੇ ਦੇ ਸਕਦੀ ਹੈ ਅਤੇ ਬਾਕੀ ਰਹਿੰਦੇ 40% ਨੂੰ 20 ਸਾਲ ਦੀ ਮਿਆਦ ਪੂਰੀ ਹੋਣ ਦੇ ਉੱਤੇ ਭੁਗਤਾਨ ਕਰ ਸਕਦੀ ਹੈ। ਜੇ ਜੀਵਨ ਬੀਮਾ ਕਰਵਾਉਣ ਵਾਲਾ 18 ਸਾਲਾਂ ਬਾਅਦ ਮਰ ਜਾਂਦਾ ਹੈ ਤਾਂ ਪੂਰੀ ਬੀਮਾ ਕਰਵਾਈ ਰਕਮ ਅਤੇ ਇੱਕਠਾ ਕੀਤਾ ਹੋਇਆ ਬੋਨਸ (ਅਗਲੇ ਹਿੱਸੇ ਵਿੱਚ ਸਮਝਾਇਆ ਗਿਆ ਹੈ) ਦਿੱਤਾ ਜਾਂਦਾ ਹੈ, ਹਾਲਾਂਕਿ ਬੀਮਤ ਨੂੰ ਅੰਕਿਤ ਮੁੱਲ ਦਾ 60% ਫਾਇਦਾ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ।

ਧਨ ਵਾਪਸੀ ਸਕੀਮਾਂ ਹਰਮਨਪਿਆਰੀਆਂ ਹਨ, ਕਿਉਂਕਿ ਉਹਨਾਂ ਵਿੱਚ ਬੈਂਕ ਨਕਦੀ (ਨਕਦ ਵਾਪਸੀ) ਦਾ ਭਾਗ ਹੈ, ਜੋ ਕਿ ਛੋਟੀ ਅਤੇ ਵਿਚਕਾਰਲੀ ਮਿਆਦ ਦੀਆਂ ਲੋੜਾਂ ਨੂੰ ਪੂਰਾ ਹੋਣ ਕਾਰਨ ਆਕਰਸ਼ਕ ਬਣਾਉਂਦੀਆਂ ਹਨ। ਇੰਝ ਦੀਆਂ ਸਕੀਮਾਂ ਰਾਹੀਂ ਪੂਰਨ ਮੌਤ ਸੁਰੱਖਿਆ ਮਿਲਦੀ ਹੈ, ਜਦੋਂ ਵੀ ਪਾਲਸੀ ਦੇ ਦੌਰਾਨ ਵਿਅਕਤੀ ਕਿਸੇ ਵੀ ਸਮੇਂ ਮਰ ਜਾਂਦਾ ਹੈ।

**5. ਭਾਗ-ਲੈਣ (ਪਾਰ) ਅਤੇ ਗ਼ੈਰ-ਭਾਗ ਲੈਣ (ਨਾਨ-ਪਾਰ) ਪਲਾਨ**

ਜੀਵਨ ਬੀਮਾ ਉਤਪਾਦਾਂ ਨੂੰ ਭਾਗ-ਲੈਣ (ਪਾਰ) ਅਤੇ ਗ਼ੈਰ-ਭਾਗ ਲੈਣ (ਨਾਨ-ਪਾਰ) ਉਤਪਾਦਾਂ ਦੇ ਵਿੱਚ ਵੰਡਿਆ ਜਾ ਸਕਦਾ ਹੈ। ਸ਼ਬਦ "ਪਾਰ" ਦਾ ਭਾਵ ਪਾਲਸੀਆਂ ਤੋਂ ਹੈ, ਜੋ ਕਿ ਜੀਵਨ ਬੀਮਾਕਰਤਾ ਦੇ ਫਾਇਦਿਆਂ ਵਿੱਚ ਹਿੱਸਾ ਲੈਂਦੀਆਂ ਹਨ। ਦੂਜੇ ਪਾਸੇ "ਗ਼ੈਰ-ਪਾਰ" ਉਹ ਪਾਲਸੀਆਂ ਹਨ, ਜੋ ਕਿ ਫਾਇਦੇ ਵਿੱਚ ਹਿੱਸਾ ਨਹੀਂ ਲੈਂਦੀਆਂ ਹਨ। ਰਿਵਾਇਤੀ ਜੀਵਨ ਬੀਮੇ ਵਿੱਚ ਦੋਵੇਂ ਕਿਸਮਾਂ ਮੌਜੂਦ ਹਨ। ਸਾਰੇ ਰਿਵਾਇਤ ਪਲਾਨ ਅਧੀਨ, ਪੂਲ ਬਣਾਏ ਜੀਵਨ ਫੰਡ, ਜੋ ਕਿ ਪਾਲਸੀਧਾਰਕਾਂ ਦੇ ਪ੍ਰੀਮੀਅਮ ਤੋਂ ਬਣਾਏ ਜਾਂਦੇ ਹਨ, ਨੂੰ ਰੈਗੂਲੇਟਰੀ ਨਿਯਮਾਂ ਦੇ ਤਹਿਤ ਨਿਵੇਸ਼ ਕੀਤਾ ਜਾਂਦਾ ਹੈ। ਪਾਲਸੀ ਧਾਰਕ, ਜੋ ਕਿ 'ਪਾਰ ਉਤਪਾਦ' ਲਈ ਦੀ ਚੋਣ ਕਰਦੇ ਹਨ, ਗਾਰੰਟੀਸ਼ੁਦਾ ਬੀਮਾ ਕੀਤੀ ਰਕਮ ਤੋਂ ਇਲਾਵਾ, ਲਾਭ (ਬੋਨਸ) ਵਿੱਚ ਵੀ ਹਿੱਸਾ ਲੈਂਦੇ ਹਨ, ਜੋ ਕਿ ਬੀਮਾਕਰਤਾ ਵਲੋਂ ਕਮਾਇਆ ਜਾਂਦਾ ਹੈ। ਇਹਨਾਂ ਨੂੰ 'ਲਾਭ ਸਹਿਤ ਪਲਾਨ ਵਜੋਂ ਜਾਣਿਆ ਜਾਂਦਾ ਹੈ।

**6. ਗ਼ੈਰ-ਭਾਗ ਲੈਣ ਵਾਲੇ ਉਤਪਾਦ**

ਪਾਲਸੀ ਧਾਰਕ, ਜੋ ਕਿ ਬਿਨਾਂ ਲਾਭ ਗ਼ੈਰ-ਲਿੰਕ [ਨਾਨ ਪਾਰ] ਪਲਾਨ ਖਰੀਦਦੇ ਹਨ, ਨੂੰ ਇਕਰਾਰ ਦੇ ਸ਼ੁਰੂ ਵਲੋਂ ਤੈਅ ਕੀਤੇ ਸਥਿਰ ਤੇ ਗਾਰੰਟੀਸ਼ੁਦਾ ਫਾਇਦਾ ਮਿਲਦੇ ਹਨ, ਹੋਰ ਕੁਝ ਨਹੀਂ। ਗ਼ੈਰ-ਹਿੱਸੇਦਾਰੀ ਉਤਪਾਦ 'ਲਿੰਕ ਯੋਜਨਾਵਾਂ' ਦੇ ਅਧੀਨ ਜਾਂ 'ਗ਼ੈਰ-ਲਿੰਕ ਯੋਜਨਾਵਾਂ' ਤਹਿਤ ਵੀ ਦਿੱਤਾ ਜਾ ਸਕਦੇ ਹਨ। ਇਹਨਾਂ ਨੂੰ 'ਬਿਨਾਂ ਲਾਭ ਪਲਾਨ ਵਜੋਂ ਜਾਣਿਆ ਜਾਂਦਾ ਹੈ।

**ਉਦਾਹਰਨ**

ਕਿਸੇ ਵਿਅਕਤੀ ਕੋਲ 20 ਸਾਲਾਂ ਦੀ ਇੰਡਾਊਂਸਮੈਂਟ ਪਾਲਸੀ ਹੋ ਸਕਦੀ ਹੈ, ਜੋ ਕਿ ਹਰੇਕ ਸਾਲ ਦੀ ਮਿਆਦ ਲਈ ਬੀਮਾ ਕਰਵਾਈ ਰਕਮ ਦੇ 2% ਵਾਧੇ ਦੀ ਗਾਰੰਟੀ ਦਿੰਦੀ ਹੈ ਤਾਂ ਕਿ ਪਰਿਪੱਕਤਾ ਫਾਇਦਾ ਬੀਮਾ ਕਰਵਾਈ ਗਈ ਰਕਮ ਦੇ ਨਾਲ ਬੀਮਾ ਕਰਵਾਈ ਰਕਮ ਦੇ 40% ਵਾਧੇ ਦੇ ਨਾਲ ਹੋਵੇਗਾ।

---

ਆਈਆਰਡੀਏ (IRDAI) ਦੇ ਦਿਸ਼ਾ-ਨਿਰਦੇਸ਼ਾਂ ਦੇ ਤਹਿਤ, ਰਿਵਾਇਤੀ ਗ਼ੈਰ-ਪਾਰ ਪਾਲਸੀਆਂ ਵਿੱਚ ਕਿਸੇ ਘਟਨਾ ਦੇ ਵਾਪਰਨ ਉੱਤੇ ਮਿਲਣ ਵਾਲੇ ਲਾਭ ਨੂੰ ਸਪਸ਼ਟ ਤੌਰ ਤੇ ਪਹਿਲਾਂ ਹੀ ਦਰਸਾਇਆ ਜਾਣਾ ਚਾਹੀਦਾ ਹੈ ਅਤੇ ਕਿਸੇ ਹੋਰ ਬੈਂਚਮਾਰਕ ਦੇ ਇੰਡੈਕਸ ਨਾਲ ਜੋੜਿਆ ਨਹੀਂ ਹੋਣਾ ਚਾਹੀਦਾ ਹੈ। ਇਹੀ ਵਧੀਕ ਫਾਇਦੇ ਲਈ ਵੀ ਲਾਗੂ ਹੁੰਦੇ ਹਨ, ਜੋ ਕਿ ਨਿਯਮਤ ਅੰਤਰਾਲ ਉੱਤੇ ਇਕੱਤਰ ਹੁੰਦੇ ਹਨ। ਇਸ ਦਾ ਅਰਥ ਹੈ ਕਿ ਪਾਲਸੀਆਂ ਉੱਤੇ ਹੋਣ ਵਾਲੀ ਆਮਦਨ ਨੂੰ ਪਾਲਸੀ ਲੈਣ ਸਮੇਂ ਦੱਸਿਆ ਜਾਣਾ ਚਾਹੀਦਾ।

**ਮਹੱਤਵਪੂਰਨ**

**ਮੌਤ ਫਾਇਦੇ ਸਮੇਂ ਸਮੇਂ ਉੱਤੇ IRDAI ਵਲੋਂ ਜਾਰੀ ਕੀਤੇ ਨਿਯਮਾਂ ਦੇ ਅਧੀਨ ਹਨ। ਇਸ ਵੇਲੇ IRDAI (ਗ਼ੈਰ-ਲਿੰਕ ਕੀਤੇ) ਉਤਪਾਦ ਨਿਯਮ 2019 ਦੇ ਨਵੇਂ ਵਿਧਾਨ 9 ਦੇ ਤਹਿਤ ਰਿਵਾਇਤੀ ਉਤਪਾਦਾਂ ਲਈ, ਘੱਟੋ-ਘੱਟ ਮੌਤ ਬੀਮਾ-ਸੁਰੱਖਿਆ ਹੇਠ ਦਿੱਤਾ ਹੈ:**

**ਸਭ ਗ਼ੈਰ-ਲਿੰਕ ਕੀਤੀ ਨਿੱਜੀ ਜੀਵਨ ਬੀਮਾ ਉਤਪਾਦ ਲਈ ਪਾਲਸੀ ਦੀ ਪੂਰੀ ਮਿਆਦ ਦੌਰਾਨ ਸੀਮਤ ਜਾਂ ਨਿਯਮਤ ਪ੍ਰੀਮੀਅਤ ਉਤਪਾਦ ਲਈ ਘੱਟੋ-ਘੱਟ ਬੀਮਾ ਕੀਤੀ ਰਕਮ ਸਾਲਨਾ ਪ੍ਰੀਮੀਅਮ ਦੇ 7 ਗੁਣਾ ਅਤੇ ਇਕੱਲੇ ਪ੍ਰੀਮੀਅਮ ਉਤਪਾਦ ਲਈ ਇਕੱਲੇ ਪ੍ਰੀਮੀਅ ਤੋਂ 1.25 ਗੁਣਾ ਤੋਂ ਘੱਟ ਨਹੀਂ ਹੋਣੀ ਚਾਹੀਦੀ ਹੈ।**

**ਲਾਭ ਵਿੱਚ ਹਿੱਸਾ ਲੈਣ ਵਾਲੇ ਉਤਪਾਦਾਂ ਲਈ, ਮੌਤ ਉੱਤੇ ਬੀਮਾ ਕਰਵਾਈ ਰਕਮ ਤੋਂ ਇਲਾਵਾ ਪਾਲਸੀ ਵਿੱਚ ਤੈਅ ਕੀਤੇ ਗਏ ਅਤੇ ਮੌਤ ਦੀ ਮਿਤੀ ਤੱਕ ਇਕੱਤਰ ਹੋਏ ਬੋਨਸ ਅਤੇ ਵਾਧੂ ਫਾਇਦੇ ਮੌਤ ਉੱਤੇ ਦੇਣਯੋਗ ਹੋਣਗੇ, ਜੇ ਪਹਿਲਾਂ ਭੁਗਤਾਨ ਨਹੀਂ ਕੀਤੇ ਗਏ। ਸਾਰ ਇਹ ਹੈ ਕਿ ਦੋ ਕਿਸਮਾਂ ਹਨ, ਭਾਗ ਲੈਣ ਵਾਲੀ ਸਕੀਮ ਅਤੇ ਗ਼ੈਰ-ਭਾਗ ਲੈਣ ਵਾਲੀ ਸਕੀਮ।**

i. **ਭਾਗ ਲੈਣ ਪਾਲਸੀਆਂ ਲਈ ਬੋਨਸ ਫੰਡ ਦੀ ਨਿਵੇਸ਼ ਕਾਰਗੁਜ਼ਾਰੀ ਨਾਲ ਸੰਬੰਧਿਤ ਹੁੰਦਾ ਹੈ ਅਤੇ ਪਹਿਲਾਂ ਐਲਾਨਿਆ ਜਾਂ ਗਾਰੰਟੀਸ਼ੁਦਾ ਨਹੀਂ ਹੁੰਦਾ ਹੈ। ਬੋਨਸ, ਜਦੋਂ ਇੱਕ ਵਾਰ ਐਲਾਨਿਆ ਜਾਂਦਾ ਹੈ, ਗਾਰੰਟੀ ਬਣ ਜਾਂਦਾ ਹੈ। ਇਸਦਾ ਅਕਸਰ ਪਾਲਸੀਧਾਰਕ ਦੀ ਮੌਤ ਜਾਂ ਪਰਿਪੱਕਤਾ ਫਾਇਦੇ ਦੇ ਕੇਸ ਵਿੱਚ ਭੁਗਤਾਨ ਕੀਤਾ ਜਾਂਦਾ ਹੈ। ਇਹ ਬੋਨਸ ਨੂੰ ਉਤਰਾਧਿਕਾਰ ਬੋਨਸ ਵੀ ਕਿਹਾ ਜਾਂਦਾ ਹੈ।**

ii. **ਗ਼ੈਰ-ਭਾਗ ਲੈਣ ਪਾਲਸੀਆਂ ਦੇ ਕੇਸ ਵਿੱਚ ਪਾਲਸੀ ਉੱਤੇ ਹੋਣ ਵਾਲੀ ਆਮਦਨ ਨੂੰ ਪਾਲਸੀ ਦੇ ਸ਼ੁਰੂ ਹੋਣ ਸਮੇਂ ਹੀ ਦੱਸਿਆ ਜਾਂਦਾ ਹੈ।**

### 7. ਪੈਨਸ਼ਨ ਪਲੈਨ ਅਤੇ ਵਾਰਸ਼ਕੀ

**ਪੈਨਸ਼ਨ ਸਕੀਮ ਅਕਸਰ ਫੰਡ ਹੁੰਦਾ ਹੈ, ਜਿਸ ਵਿੱਚ ਵਿਅਕਤੀ ਦੇ ਕਾਰਜਕਾਰੀ ਸਾਲਾਂ ਦੇ ਦੌਰਾਨ ਧਨ ਭੁਗਤਾਨ ਕੀਤਾ ਜਾਂਦਾ ਹੈ ਅਤੇ ਕੰਮ ਤੋਂ ਉਸ ਦੀ** ਰਿਟਾਈਰਮੈਂਟ **ਦੇ ਬਾਅਦ ਨਿਯਮਤ ਅੰਤਰਾਲਾਂ ਤੇ ਭੁਗਤਾਨ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ।**

**ਪੈਨਸ਼ਨ ਪਲਾਨਾਂ ਨੂੰ ਗਰੁੱਪ (ਅਕਸਰ ਕੰਪਨੀ ਮੁਤਾਬਕ) ਜਾਂ ਨਿੱਜੀ ਤੌਰ ਉੱਤੇ ਬਣਾਇਆ ਜਾਂਦਾ ਹੈ। ਗਰੁੱਪ ਪੈਨਸ਼ਨ ਨੂੰ "ਤਹਿਸ਼ੁਦਾ ਫਾਇਦਾ ਪਲਾਨ", ਜਿੱਥੇ ਵਿਅਕਤੀ ਨੂੰ ਨਿਯਮਤ ਰੂਪ ਵਿੱਚ ਸਥਿਰ ਰਕਮ ਦਾ ਭੁਗਤਾਨ ਹੁੰਦਾ ਹੈ , ਜਾਂ "ਤਹਿਸ਼ੁਦਾ ਯੋਗਦਾਨ ਪਲਾਨ", ਜਿੱਥੇ ਸਥਿਰ ਰਕਮ ਨੂੰ ਨਿਵੇਸ਼ ਕੀਤਾ ਜਾਂਦਾ ਹੈ, ਉਹ ਰਿਟਾਇਰਮੈਂਟ ਉਮਰ ਉੱਤੇ ਉਪਲੱਬਧ ਹੈ। ਪੈਨਸ਼ਨ ਲਾਜ਼ਮੀ ਗਾਰੰਟੀਸ਼ੁਦਾ** ਸਾਲਨਾ ਵਾਰਸ਼ਕੀ **ਹੈ, ਇਸਕਰਕੇ ਜੀਵਨ ਦੇ ਲੰਮੇ ਹੋਣ ਜ਼ੋਖਮ ਤੋਂ ਬੀਮਾ ਸੁਰੱਖਿਆ ਦਿੰਦਾ ਹੈ। ਕਰਮਚਾਰੀ ਦੇ ਫਾਇਦੇ ਲਈ ਕੰਪਨੀ ਵਲੋਂ ਤਿਆਰ ਕੀਤੀ ਪੈਨਸ਼ਨ ਨੂੰ ਅਕਸਰ ਰੁਜ਼ਗਾਰ ਤਾਂ ਨਿਯੋਜਕ ਪੈਨਸ਼ਨ ਕਿਹਾ ਜਾਂਦਾ ਹੈ।**

ਰਿਟਾਇਰਮੈਂਟ ਉੱਤੇ ਮੈਂਬਰ ਦੇ ਖਾਤੇ ਵਿੱਚ ਪਏ ਧਨ ਨੂੰ ਰਿਟਾਇਰਮੈਂਟ ਫਾਇਦੇ ਦੇਣ ਲਈ ਵਰਤਿਆ ਜਾਂਦਾ ਹੈ, ਅਕਸਰ ਵਾਰਸ਼ਕੀ ਖਰੀਦ ਕੇ, ਜੋ ਕਿ ਤਦ ਨਿਯਮਤ ਆਮਦਨ ਦਿੰਦੀ ਹੈ। ਵਾਰਸ਼ਕੀ ਬੀਮਾ ਕੰਪਨੀ ਵਲੋਂ ਜਾਰੀ ਕੀਤਾ ਲੰਮੇ-ਸਮੇਂ ਦਾ ਨਿਵੇਸ਼ ਹੈ, ਜੋ ਕਿ ਕਿਸੇ ਦੀ ਆਮਦਨ ਨੂੰ ਸੁਰੱਖਿਆ ਦੇਣ ਲਈ ਮਦਦ ਵਾਸਤੇ ਡਿਜ਼ਾਇਨ ਕੀਤਾ ਹੈ। ਵਾਰਸ਼ਕੀ ਰਾਹੀਂ ਵਿਅਕਤੀ ਦੇ ਯੋਗਦਾਨ ਨੂੰ ਨਿਯਮਤ ਭੁਗਤਾਨ ਵਿੱਚ ਬਦਲਿਆ ਜਾਂਦਾ ਹੈ, ਜੋ ਕਿ ਜ਼ਿੰਦਗੀ ਭਰ ਲਈ ਹੁੰਦਾ ਰਹੇਗਾ।

ਵਿਅਕਤੀ ਬੀਮਾ ਕੰਪਨੀਆਂ ਤੋਂ ਪੈਨਸ਼ਨ ਪਲਾਨ ਖਰੀਦ ਕੇ ਪੈਨਸ਼ਨ ਫਾਇਦੇ ਲੈ ਸਕਦਾ ਹੈ। ਪੈਨਸ਼ਨ ਪਲਾਨ ਨੂੰ ਇਕੱਤਰ ਜਾਂ ਮੁਲਤਵੀ ਦੇ (deferred) ਅਧਾਰ ਉੱਤੇ ਕੀਤਾ ਜਾਂਦਾ , ਜੋ ਕਿ ਵਿਅਕਤੀ ਨੂੰ ਦੋ ਢੰਗਾਂ ਨਾਲ ਯੋਗਦਾਨ ਦਾ ਮੌਕਾ ਦਿੰਦਾ ਹੈ, (i) ਇੱਕ ਮੁੱਠ ਜਾਂ (ii) ਸਮੇਂ ਦੇ ਨਾਲ ਨਾਲ ਤਾਂ ਕਿ ਵਿਅਕਤੀ ਨੂੰ ਆਸ ਕੀਤੀ ਉਮਰ / ਤਾਰੀਖ (ਜਿਸ ਨੂੰ 'ਵੈਸਟਿੰਗ' ਤਾਰੀਖ ਕਿਹਾ ਜਾਂਦਾ ਹੈ) ਤੋਂ ਪੈਨਸ਼ਨ ਮਿਲ ਸਕੇ। ਵਿਅਕਤੀ ਮਹੀਨੇਵਾਰ, ਤਿਮਾਹੀ, ਛਿਮਾਹੀ ਜਾਂ ਸਾਲਾਨਾ ਰੂਪ ਵਿੱਚ ਪੈਨਸ਼ਨ / ਵਾਰਸ਼ਕੀ ਦੀ ਚੋਣ ਕਰ ਸਕਦਾ ਹੈ। ਪੈਨਸ਼ਨ ਪਲਾਨ ਫ਼ੌਰੀ ਤੌਰ ਉੱਤੇ ਵੀ ਉਪਲੱਬਧ ਹੁੰਦੇ ਹੈ, ਜੋ ਕਿ ਖਰੀਦ ਦੇ ਅਗਲੇ ਮਹੀਨੇ ਤੋਂ ਸ਼ੁਰੂ ਹੋ ਸਕਦੇ ਹਨ, ਜਦੋਂ ਇੱਕ ਮੁੱਠ ਰਕਮ ਦਾ ਭੁਗਤਾਨ ਕੀਤਾ ਜਾਂਦਾ ਹੈ, ਅਤੇ ਇਸ ਨੂੰ ਤੁਰੰਤ ਵਾਰਸ਼ਕੀ ਕਿਹਾ ਜਾਂਦਾ ਹੈ।

ਭਾਰਤੀ ਬੀਮਾ ਉਦਯੋਗ ਵਿੱਚ ਜੀਵਨ ਬੀਮਾਕਰਤਾ ਵਲੋਂ ਕਈ ਮੁਲਤਵੀ ਅਤੇ ਤੁਰੰਤ ਵਾਰਸ਼ਕੀ ਉਤਪਾਦ ਵੇਚੇ ਜਾਂਦੇ ਹਨ। ਹਰ ਉਤਪਾਦ ਦੇ ਆਪਣੇ ਫ਼ੀਚਰ, ਮਿਆਦ, ਸ਼ਰਤਾਂ ਤੇ ਵਾਰਸ਼ਕੀ ਵਿਕਲਪ ਹੁੰਦੇ ਹਨ।

ਸਰਲ ਪੈਨਸ਼ਨ: ਸਾਰੇ ਬੀਮਾਕਰਤਾ ਨੂੰ ਇੱਕ ਸਾਰ ਕਰਨ ਲਈ ਬਾਜ਼ਾਰ ਵਿੱਚ ਵਾਰਸ਼ਕੀ ਸਕੀਮਾਂ ਬਾਰੇ ਉਲਝਣ ਘਟਾਉਣ ਲਈ ਅਤੇ ਪੈਨਸ਼ਨ ਉਤਪਾਦ ਉਪਲੱਬਧ ਕਰਨ ਲਈ, ਜੋ ਕਿ ਆਮ ਗਾਹਕ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕਦਾ ਹੈ, IRDAI ਨੇ ਜਨਵਰੀ 2021 ਵਿੱਚ ਸਾਰੇ ਜੀਵਨ ਬੀਮਾਕਰਤਾ ਲਈ ਜ਼ਰੂਰੀ ਕੀਤਾ ਹੈ ਕਿ ਉਹ ਮਿਆਰੀ, ਫ਼ੌਰੀ ਵਾਰਸ਼ਕੀ ਉਤਪਾਦ ਲਿਆਉਣ, ਜਿਸ ਵਿੱਚ ਨਿੱਜੀ ਆਧਾਰ (ਗਰੁੱਪ ਨਹੀਂ) ਉੱਤੇ ਸਰਲ ਫ਼ੀਚਰ ਤੇ ਮਿਆਰੀ ਨਿਯਮ ਤੇ ਸ਼ਰਤਾਂ ਹੋਣ। ਇੰਝ ਦੇ ਮਿਆਰੀ ਉਤਪਾਦ ਗਾਹਕਾਂ ਨੂੰ ਦੱਸੇ ਵਿਕਲਪਾਂ ਵਿੱਚੋਂ ਚੋਣ ਕਰਨਾ ਸੌਖ ਕਰਨ, ਬੀਮਕਰਤਾ ਤੇ ਬੀਮਤ ਵਿਚਾਲੇ ਭਰੋਸਾ ਵਧਾਉਣਾ ਅਤੇ ਗਲਤ ਵਿਕਰੀ ਰੋਕਣ ਦੇ ਨਾਲ ਨਾਲ ਸੰਭਾਵਿਤ ਝਗੜੇ ਨੂੰ ਘਟਾਉਣ ਦਾ ਕੰਮ ਕਰਦਾ ਹੈ।

ਮਿਆਰੀ ਨਿੱਜੀ ਤੁਰੰਤ ਵਾਰਸ਼ਕੀ ਉਤਪਾਦ ਨੂੰ "ਸਰਲ ਪੈਨਸ਼ਨ" ਕਿਹਾ ਜਾਂਦਾ ਹੈ, ਜਿਸ ਅੱਗੇ ਬੀਮਾਕਰਤਾ ਦਾ ਨਾਂ ਜੋੜਿਆ ਹੁੰਦਾ ਹੈ। ਉਤਪਾਦ ਦੋ (ਅਤੇ ਸਿਰਫ਼ ਦੋ) ਹੇਠ ਦਿੱਤੀਆਂ ਵਾਰਸ਼ਕੀ ਚੋਣਾਂ ਦਿੰਦਾ ਹੈ:

a) ਖਰੀਦ ਕੀਮਤ ਦੀ 100% ਵਾਪਸੀ ਨਾਲ ਜੀਵਨ ਵਾਰਸ਼ਕੀ ਅਤੇ

b) ਜੁਆਇੰਟ ਜੀਵਨ ਵਾਰਸ਼ਕੀ ਵਿੱਚ ਪ੍ਰਾਇਮਰੀ ਵਾਰਸ਼ਕੀ ਪ੍ਰਾਪਤ ਕਰਨ ਵਾਲੇ ਦੀ ਮੌਤ ਉੱਤੇ ਸੈਕੰਡਰੀ ਵਾਰਸ਼ਕੀ ਪ੍ਰਾਪਤ ਕਰਨ ਵਾਲੇ ਨੂੰ 100% ਵਾਰਸ਼ਕੀ ਮਿਲਣ ਅਤੇ ਆਖਰੀ ਜਿਉਣ ਵਾਲੇ ਦੀ ਮੌਤ ਉੱਤੇ 100% ਖਰੀਦ ਮੁੱਲ ਵਾਪਸ ਮਿਲਣ ਦਾ ਵਿਧਾਨ ਹੈ।

ਵਾਰਸ਼ਕੀ ਭੁਗਤਾਨ ਦਾ ਢੰਗ ਮਹੀਨੇਵਾਰ, ਤਿਮਾਰੀ, ਛਿਮਾਹੀ ਤੇ ਸਾਲਾ ਹੋਵੇਗੀ। IRDAI ਦੀ ਵੈੱਬਸਾਈਟ ਉੱਤੇ ਅੱਗੇ ਦਿੱਤੇ ਲਿੰਕ ਉੱਤੇ ਵੇਰਵੇ ਮੌਜੂਦ ਹਨ-

https://www.irdai.gov.in/ADMINCMS/cms/whatsNew_Layout.aspx?page=PageNo4353&flag=1

**ਆਪਣੇ ਆਪ ਨੂੰ ਟੈਸਟ ਕਰੋ 2**

**ਪੂਰੇ ਜੀਵਨ ਬੀਮੇ ਦੇ ਲਈ ਦਿੱਤਾ ਜਾਣ ਵਾਲਾ ਪ੍ਰੀਮੀਅਮ ਮਿਆਦੀ ਬੀਮੇ ਲਈ ਦਿੱਤੇ ਜਾਣ ਵਾਲੇ ਪ੍ਰੀਮੀਅਮ ਤੋਂ ___________ ਹੁੰਦਾ ਹੈ।**

I. ਵੱਧ

II. ਘੱਟ

III. ਬਰਾਬਰ

IV. ਬਹੁਤ ਵੱਧ

---

**ਸਾਰ**

- ਜੀਵਨ ਬੀਮਾ ਉਤਪਾਦ ਵਿਅਕਤੀ ਦੀ ਕੰਮ ਕਰਨ ਦੀ ਸਮਰੱਥਾ ਦੇ ਆਰਥਿਕ ਮੁੱਲ ਦੇ ਖਤਮ ਹੋਣ ਉੱਤੇ ਸੁਰੱਖਿਆ ਦਿੰਦੀ ਹੈ, ਜੋ ਕਿ ਉਸ ਦੇ / ਨਿਰਭਰਾਂ ਜਾਂ ਖੁਦ ਲਈ ਉਪਲੱਬਧ ਹੁੰਦੀ ਹੈ।
- ਜੀਵਨ ਬੀਮਾ ਪਾਲਸੀ, ਇਸ ਦੇ ਮੂਲ ਆਧਾਰ ਉੱਤੇ, ਵਿਅਕਤੀ ਨੂੰ ਕੁਝ ਅਚਾਨਕ ਵਾਪਰਨ ਦੀ ਹਾਲਤ ਵਿੱਚ ਉਸ ਦੇ ਪਿਆਰਿਆਂ ਲਈ ਮਨ ਦੀ ਸ਼ਾਂਤੀ ਤੇ ਸੁਰੱਖਿਆ ਦਿੰਦੀ ਹੈ।
- ਮਿਆਦੀ ਬੀਮਾ ਕੁਝ ਸਮਾਂ ਲਈ ਹੀ ਜਾਇਜ਼ ਬੀਮਾ ਸੁਰੱਖਿਆ ਦਿੰਦਾ ਹੈ, ਜੋ ਕਿ ਇਕਰਾਰਨਾਮੇ ਵਿੱਚ ਤਹਿ ਕੀਤਾ ਹੁੰਦਾ ਹੈ।
- ਮਿਆਦੀ ਅਸ਼ੋਅਰੈਂਸ ਦੀ ਵਿਲੱਖਣ ਵਿਕਰੀ ਤਜਵੀਜ਼ (ਯੂਐਸਪੀ) ਇਸ ਦੀ ਘੱਟ ਕੀਮਤ ਹੈ, ਜੋ ਕਿ ਵਿਅਕਤੀ ਨੂੰ ਸੀਮਿਤ ਬਜਟ ਨਾਲ ਜੀਵਨ ਬੀਮਾ ਦੇ ਵੱਡੀ ਰਕਮ ਖਰੀਦਣ ਦੇ ਸਮੱਰਥ ਕਰਦੀ ਹੈ।
- ਜਦੋਂ ਕਿ ਮਿਆਦੀ ਅਸ਼ੋਅਰੈਂਸ ਪਾਲਸੀਆਂ ਆਰਜ਼ੀ ਅਸ਼ੋਅਰੈਂਸ ਦੀ ਉਦਾਹਰਣ ਹਨ, ਜਿੱਥੇ ਸੁਰੱਖਿਆ ਥੋੜ੍ਹੇ ਸਮੇਂ ਲਈ ਹੀ ਉਪਲੱਬਧ ਹੁੰਦੀ ਹੈ, ਪੂਰਾ ਜੀਵਨ ਬੀਮਾ ਪੱਕੀ ਜੀਵਨ ਬੀਮਾ ਪਾਲਸੀ ਦੀ ਉਦਾਹਰਨ ਹੈ।

**ਮੁੱਖ ਸ਼ਬਦ**

1. ਮਿਆਦੀ ਬੀਮਾ
2. ਪੂਰਾ ਜੀਵਨ ਬੀਮਾ
3. ਬੰਦੋਬਸਤੀ ਬੀਮਾ (ਇੰਡਾਊਮੈਂਟ ਬੀਮਾ)

4. ਧਨ ਵਾਪਸੀ ਪਾਲਸੀ

5. ਪਾਰ ਅਤੇ ਗ਼ੈਰ-ਪਾਰ ਸਕੀਮਾਂ

6. ਉਤਰਾਧਿਕਾਰ ਬੋਨਸ

**ਸਵੈ ਜਾਂਚ ਦੇ ਜਵਾਬ**

**ਜਵਾਬ 1 - ਸਹੀ ਚੋਣ III ਹੈ।**

**ਜਵਾਬ 2 - ਸਹੀ ਚੋਣ I ਹੈ।**

# ਪਾਠ L-04

# ਜੀਵਨ ਬੀਮਾ ਉਤਪਾਦ: ਗ਼ੈਰ-ਰਿਵਾਇਤੀ

**ਪਾਠ ਨਾਲ ਜਾਣ-ਪਛਾਣ**

**ਪਾਠ ਵਿੱਚ ਤੁਹਾਨੂੰ ਗ਼ੈਰ-ਰਿਵਾਇਤੀ ਜੀਵਨ ਬੀਮਾ ਉਤਪਾਦ ਦੇ ਸੰਸਾਰ ਨਾਲ ਜਾਣੂ ਕਰਵਾਇਆ ਜਾਂਦਾ ਹੈ। ਅਸੀਂ ਰਿਵਾਇਤੀ ਜੀਵਨ ਬੀਮਾ ਉਤਪਾਦਾਂ ਦੀਆਂ ਕਮੀਆਂ ਦੀ ਪੜਤਾਲ ਕਰਨ ਨਾਲ ਸ਼ੁਰੂ ਕਰਦੇ ਹਾਂ ਅਤੇ ਫੇਰ ਗ਼ੈਰ-ਰਿਵਾਇਤੀ ਜੀਵਨ ਬੀਮਾ ਉਤਪਾਦਾਂ ਲਈ ਖਿੱਚ ਉੱਤੇ ਧਿਆਨ ਦੇਵਾਂਗੇ। ਅੰਤ ਵਿੱਚ ਅਸੀਂ ਬਾਜ਼ਾਰ ਵਿੱਚ ਵੱਖ-ਵੱਖ ਕਿਸਮ ਦੇ ਉਪਲੱਬਧ ਗ਼ੈਰ-ਰਿਵਾਇਤੀ ਜੀਵਨ ਬੀਮਾ ਉਤਪਾਦਾਂ ਉੱਤੇ ਵੀ ਧਿਆਨ ਦੇਵਾਂਗੇ।**

**ਸਿੱਖਣ ਦੇ ਨਤੀਜੇ**

A. **ਗ਼ੈਰ-ਰਿਵਾਇਤੀ ਜੀਵਨ ਬੀਮਾ ਉਤਪਾਦ ਦਾ ਸਾਰ**

B. **ਗ਼ੈਰ-ਰਿਵਾਇਤੀ ਜੀਵਨ ਬੀਮਾ ਉਤਪਾਦ**

## A. ਗ਼ੈਰ-ਰਿਵਾਇਤੀ ਜੀਵਨ ਬੀਮਾ ਉਤਪਾਦ ਦਾ ਸਾਰ

### 1. ਗ਼ੈਰ-ਰਿਵਾਇਤੀ ਜੀਵਨ ਬੀਮਾ ਉਤਪਾਦ - ਮਕਸਦ ਅਤੇ ਲੋੜ

ਪਿਛਲੇ ਪਾਠਾਂ ਵਿੱਚ ਅਸੀਂ ਕੁਝ ਰਿਵਾਇਤੀ ਜੀਵਨ ਬੀਮਾ ਉਤਪਾਦਾਂ ਦੇ ਬਾਰੇ ਜਾਣਕਾਰੀ ਹਾਸਿਲ ਕਰ ਚੁੱਕੇ ਹਾਂ, ਜਿਹਨਾਂ ਵਿੱਚ ਬੀਮੇ ਦੇ ਨਾਲ ਨਾਲ ਬੱਚਤ ਭਾਗ ਵੀ ਸ਼ਾਮਿਲ ਹੈ।

ਲੋਕ ਰਿਵਾਇਤੀ ਜੀਵਨ ਬੀਮਾ ਪਾਲਸੀਆਂ ਦੀ ਸਮੱਰਥਾ ਬਾਰੇ ਸਵਾਲ ਕਰਦੇ ਹਨ ਤਾਂ ਕਿ ਵਿੱਤੀ ਬਾਜ਼ਾਰ ਵਿੱਚ ਹੋਰ ਸੰਪੱਤੀਆਂ ਦੇ ਮੁਕਾਬਲੇ ਦੀ ਮੁਨਾਫੇ ਦੀ ਦਰ ਦਿੱਤੀ ਜਾ ਸਕੇ। ਫਾਇਦੇ ਤੇ ਪ੍ਰੀਮੀਅਮ ਦੇ ਇਕੱਲੇ ਪੈਕੇਜ ਵਿੱਚ ਉਹਨਾਂ ਦੇ ਖਾਕੇ ਦੇ ਢੰਗ ਬਾਰੇ ਮਾਮਲੇ ਚੁੱਕੇ ਗਏ ਹਨ।

### 2. ਰਿਵਾਇਤੀ ਉਤਪਾਦਾਂ ਦੀਆਂ ਕਮੀਆਂ

ਗੰਭੀਰ ਜਾਂਚ-ਪੜਤਾਲ ਰਾਹੀਂ ਹੇਠ ਦਿੱਤੇ ਖੇਤਰਾਂ ਲਈ ਚਿੰਤਾ ਹੋ ਸਕਦੀ ਹੈ:

ਨਕਦ ਮੁੱਲ ਭਾਗ: ਰਿਵਾਇਤੀ ਬੀਮਾ ਪਲਾਸੀਆਂ ਵਿੱਚ ਬੱਚਤ ਜਾਂ ਨਕਦ ਮੁੱਲ ਭਾਗ ਪੂਰੀ ਤਰ੍ਹਾਂ ਪਰਿਭਾਸ਼ਿਤ ਨਹੀਂ ਹੁੰਦਾ ਹੈ। ਇਸ ਨਾਲ ਇਹ ਮੌਤ ਦਰ, ਵਿਆਜ ਦਰਾਂ, ਖ਼ਰਚਿਆਂ ਤੇ ਹੋਰ ਮਾਪਢੰਡ, ਜੋ ਕੀਤੇ ਹਨ, ਬਾਰੇ ਘੱਟ ਪਾਰਦਰਸ਼ੀ ਬਣਦੀਆਂ ਹਨ।

ਆਮਦਨ ਦੀ ਦਰ: ਰਿਵਾਇਤੀ ਪਾਲਸੀਆਂ ਉੱਤੇ ਮੁਨਾਫੇ (ਰਿਟਰਨ) ਦੀ ਦਰ ਦਾ ਪਤਾ ਲਗਾਉਣਾ ਸੌਖਾ ਨਹੀਂ ਹੈ, ਕਿਉਂਕਿ "ਫਾਇਦਾ ਪਾਲਸੀਆਂ ਨਾਲ" ਦੇ ਅਧੀਨ ਫਾਇਦੇ ਦਾ ਪਤਾ ਸਿਰਫ਼ ਇਕਰਾਰ ਖਤਮ ਹੋਣ ਉੱਤੇ ਹੀ ਲੱਗਦਾ ਹੈ। ਇਸ ਨਾਲ ਇਹਨਾਂ ਪਾਲਸੀਆਂ ਦਾ ਹੋਰ ਵਿੱਤੀ ਸਾਧਨਾਂ ਨਾਲ ਤੁਲਨਾ ਕਰਨੀ ਔਖੀ ਹੈ।

ਸਮਰਪਨ ਮੁੱਲ: ਨਕਦੀ ਅਤੇ ਸਮਰਪਨ ਮੁੱਲ ਕੱਢਣ ਦੇ ਢੰਗ ਨੂੰ ਜੀਵਨ ਬੀਮਾਕਰਤਾ ਵਲੋਂ ਨਿਯਤ ਕੀਤਾ ਜਾਂਦਾ ਹੈ ਅਤੇ ਪਾਰਦਰਸ਼ੀ ਨਹੀਂ ਹੈ।

ਮਨਾਫ਼ਾ: ਇਹਨਾਂ ਪਾਲਸੀਆਂ ਉੱਤੇ ਮਨਾਫ਼ਾ ਹੋਰ ਨਿਵੇਸ਼ਾਂ ਦੇ ਮੁਕਾਬਲੇ ਬਹੁਤ ਘੱਟ ਹੈ।

3. ਗ਼ੈਰ-ਰਿਵਾਇਤੀ ਪਾਲਸੀਆਂ ਦਾ ਫ਼ੀਚਰ: ਜੀਵਨ ਬੀਮਾ ਕੰਪਨੀਆਂ ਨੇ ਕੁਝ ਨਵੇਂ ਫ਼ੀਚਰਾਂ ਨਾਲ ਪਾਲਸੀਆਂ ਬਣਾਉਣੀਆਂ ਸ਼ੁਰੂ ਕੀਤੀਆਂ ਹਨ, ਜਿਨ੍ਹਾਂ ਵਿੱਚੋਂ ਕੁਝ ਅੱਗੇ ਦਿੱਤੇ ਹਨ:

   a) ਨਿਵੇਸ਼ ਫਾਇਦੇ ਨਾਲ ਸਿੱਧਾ ਲਿੰਕ: ਪੂੰਜੀ ਬਾਜ਼ਾਰ ਨਾਲ ਸਿੱਧੀਆਂ ਲਿੰਕ ਹੋਈਆਂ ਪਾਲਸੀਆਂ ਨੂੰ ਨਿਵੇਸ਼ ਫਾਇਦੇ ਦੀ ਕੋਸ਼ਿਸ਼ ਵਜੋਂ ਡਿਜ਼ਾਇਨ ਕੀਤਾ ਗਿਆ ਸੀ।

   b) ਮਹਿੰਗਾਈ ਦਰ ਨੂੰ ਪਿੱਛੇ ਛੱਡਣ ਵਾਲੀਆਂ ਪਾਲਸੀਆਂ: ਪਾਲਸੀਆਂ ਨੂੰ ਮਹਿੰਗਾਈ ਦਰ ਦੇ ਨੇੜੇ ਮੁਨਾਫਾ ਦੇਣ ਲਈ ਡਿਜਾਇਨ ਕੀਤਾ ਗਿਆ ਸੀ। ਬੀਮਾਕਰਤਾ ਨੇ ਸੋਚਣਾ ਸ਼ੁਰੂ ਕੀਤਾ ਸੀ ਕਿ ਜੀਵਨ ਪਾਲਸੀਆਂ ਨੂੰ, ਜੇ ਉਹ ਮਹਿੰਗਾਈ ਦਰ ਨੂੰ ਪਿੱਛੇ ਨਹੀਂ ਛੱਡ ਸਕਦੀਆਂ ਤਾਂ ਘੱਟੋ-ਘੱਟ ਉਸ ਨਾਲ ਮੇਲ ਖਾਣਾ ਚਾਹੀਦਾ ਹੈ।

c) ਲਚਕੀਲੇਪਨ ਨਾਲ ਪਾਲਸੀਆਂ: ਪਾਲਸੀਆਂ, ਜਿੰਨਾਂ ਵਿੱਚ ਗਾਹਕ ਨੂੰ ਹੁਣ (ਕੁਝ ਹੱਦਾਂ ਵਿੱਚ ਰਹਿ ਕੇ) ਉਹਨਾਂ ਵਲੋਂ ਦਿੱਤੇ ਜਾਣ ਵਾਲੇ ਪ੍ਰੀਮੀਅਮ ਦੀ ਰਕਮ ਅਤੇ ਮੌਤ ਫਾਇਦੇ ਤੇ ਨਕਦ ਮੁੱਲ ਦੀ ਰਕਮ ਬਾਰੇ ਆਪਣੀ ਲੋੜ ਮੁਤਾਬਕ ਫੈਸਲਾ ਲੈ ਸਕਦੇ ਹਨ, ਨੂੰ ਡਿਜਾਇਨ ਕੀਤਾ ਗਿਆ।

d) ਸਮਰਪਨ ਮੁੱਲ: ਪਾਲਸੀਆਂ, ਜੋ ਕਿ ਰਿਵਾਇਤੀ ਪਾਲਸੀਆਂ ਦੇ ਨਾਲੋਂ ਵਧੀਆ ਸਮਰਪਨ ਮੁੱਲ ਦਿੰਦੀਆਂ ਹਨ, ਨੂੰ ਵੀ ਬੀਮਾਕਰਤਾ ਵਲੋਂ ਤਿਆਰ ਕੀਤਾ ਗਿਆ ਸੀ।

ਇਹ ਪਾਲਸੀਆਂ ਬਹੁਤ ਹਰਮਨਪਿਆਰੀਆਂ ਹੋਈਆਂ ਅਤੇ ਭਾਰਤ ਵਰਗੇ ਕਈ ਦੇਸ਼ਾਂ ਵਿੱਚ ਰਿਵਾਇਤੀ ਉਤਪਾਦਾਂ ਨਾਲ ਬਦਲਣਾ ਸ਼ੁਰੂ ਵੀ ਕਰ ਦਿੱਤਾ ਹੈ।

**ਆਪਣੇ ਆਪ ਨੂੰ ਟੈਸਟ ਕਰੋ 1**

ਹੇਠ ਦਿੱਤਿਆਂ ਵਿੱਚੋਂ ਕਿਹੜੀ ਗ਼ੈਰ-ਰਿਵਾਇਤੀ ਜੀਵਨ ਬੀਮਾ ਉਤਪਾਦ ਹੈ?

I. ਮਿਆਦੀ ਬੀਮਾ

II. ਵਿਆਪਕ ਜੀਵਨ ਬੀਮਾ

III. ਬੰਦੋਬਸਤੀ (ਇੰਡਾਊਮੈਂਟ) ਬੀਮਾ

IV. ਪੂਰਾ ਜੀਵਨ ਬੀਮਾ

## B. ਗ਼ੈਰ-ਰਿਵਾਇਤੀ ਜੀਵਨ ਬੀਮਾ ਉਤਪਾਦ

**ਕੁਝ ਗ਼ੈਰ-ਰਿਵਾਇਤੀ ਉਤਪਾਦ**

ਅਸੀਂ ਕੁਝ ਗ਼ੈਰ-ਰਿਵਾਇਤੀ ਉਤਪਾਦਾਂ ਦੇ ਬਾਰੇ ਵਿਚਾਰ ਕਰੇਗੇ, ਜੋ ਕਿ ਭਾਰਤੀ ਬਾਜ਼ਾਰ ਤੇ ਹੋਰ ਥਾਵਾਂ ਉੱਤੇ ਫੈਲ ਰਹੇ ਹਨ।

### 1. ਯੂਨੀਵਰਸਲ ਜੀਵਨ ਅਤੇ ਵੇਰੀਬਲ ਜੀਵਨ

ਯੂਨੀਵਰਸਲ ਜੀਵਨ ਪਾਲਸੀ ਨੂੰ 1979 ਵਿੱਚ ਸੰਯੁਕਤ ਰਾਜ ਅਮਰੀਕਾ ਵਿੱਚ ਲਿਆਂਦਾ ਗਿਆ ਸੀ ਅਤੇ ਫ਼ੌਰਨ ਹਰਮਨਪਿਆਰੀ ਹੋ ਗਈ ਸੀ। ਇਸ ਦੇ ਫ਼ੀਚਰਾਂ ਵਿੱਚ ਬਦਲਣਯੋਗ ਪ੍ਰੀਮੀਅਮ, ਬਦਲਣਯੋਗ ਫੇਸ ਰਕਮ ਅਤੇ ਮੌਤ ਫਾਇਦੇ ਖਾਤੇ ਹਨ। ਰਿਵਾਇਤੀ ਪਾਲਸੀਆਂ, ਜਿੱਥੇ ਸਥਿਰ ਪ੍ਰੀਮੀਅਮ ਨੂੰ ਇਕਰਾਰ ਚਾਲੂ ਰੱਖਣ ਲਈ ਨਿਯਮਤ ਰੂਪ ਵਿੱਚ ਭੁਗਤਾਨ ਕਰਨ ਦੀ ਲੋੜ ਹੁੰਦੀ ਸੀ, ਯੂਨੀਵਰਸਲ ਜੀਵਨ ਪਾਲਸੀਆਂ ਪਾਲਸੀ-ਧਾਰਕਾਂ ਨੂੰ (ਹੱਦ ਵਿੱਚ ਰਹਿ ਕੇ) ਉਸ ਵਲੋਂ ਚਾਹੀਦੀ ਬੀਮਾ ਸੁਰੱਖਿਆ ਲਈ ਪ੍ਰੀਮੀਅਮ ਰਕਮ ਤਹਿ ਕਰਨ ਦਾ ਹੱਕ ਦਿੰਦਾ ਹੈ।

ਪਰਿਵਰਤਨਸ਼ੀਲ ਜੀਵਨ ਬੀਮੇ ਨੂੰ 1977 ਵਿੱਚ ਅਮਰੀਕਾ ਵਿੱਚ ਲਿਆਂਦਾ ਗਿਆ ਸੀ। ਇਹ "ਪੂਰਾ ਜੀਵਨ" ਕਿਸਮ ਦੀ ਪਾਲਸੀ ਹੈ, ਜਿਸ ਵਿੱਚ ਪਾਲਸੀ ਦੇ ਮੌਤ ਫਾਇਦਾ ਤੇ ਨਕਦ ਮੁੱਲ ਖਾਸ ਨਿਵੇਸ਼ ਖਾਤੇ, ਜਿਸ ਵਿੱਚ ਪ੍ਰੀਮੀਅਮ ਨੂੰ ਜ਼ਮ੍ਹਾਂ ਕਰਵਾਇਆ ਗਿਆ ਹੈ, ਦੀ ਨਿਵੇਸ਼ ਕਾਰਗੁਜ਼ਜਾਰੀ ਦੇ ਮੁਤਾਬਕ ਬਦਲਦਾ ਹੈ।

ਉੱਤੇ ਦਿੱਤੇ ਦੋਵੇਂ ਕਿਸਮ ਦੇ ਉਤਪਾਦਾਂ ਦਾ ਖਾਕਾ ਤੇ ਵਿਕਰੀ, ਜਿਸ ਨੂੰ ਪਰਿਵਰਤਨਸ਼ੀਲ ਬੀਮਾ ਉਤਪਾਦ ਕਹਿੰਦੇ ਹਨ, ਨੂੰ 2019 ਤੋਂ ਬਾਅਦ ਭਾਰਤ ਵਿੱਚ IRDAI (ULIP) ਨਿਯਮ 2019 ਜਾਰੀ ਕਰਕੇ ਬੰਦ ਕੀਤਾ ਜਾ ਚੁੱਕਾ ਹੈ ਅਤੇ ਮਨਜ਼ੂਰੀ ਨਹੀਂ ਹੈ।

2. ਯੂਨਿਟ ਲਿੰਕਡ ਬੀਮਾ

ਯੂਨਿਟ ਲਿੰਕ ਕੀਤੀਆਂ ਸਕੀਮਾਂ, ਜਿਹਨਾਂ ਨੂੰ ਯੂਲਿਪ (ULIP) ਵੀ ਕਹਿੰਦੇ ਹਨ, ਨੂੰ ਪਹਿਲੀ ਵਾਰ 1960 ਵਿੱਚ ਬਰਤਾਨੀਆਂ ਵਿੱਚ ਲਿਆਂਦਾ ਗਿਆ ਸੀ। ਇਹ ਅੱਜ ਸਭ ਤੋਂ ਵੱਧ ਹਰਮਨਪਿਆਰੇ ਅਤੇ ਮਹੱਤਵਪੂਰਨ ਉਤਪਾਦ ਹਨ, ਜੋ ਕਿ ਕਈ ਬਾਜ਼ਾਰਾਂ ਵਿੱਚ ਰਿਵਾਇਤੀ ਸਕੀਮਾਂ ਨੂੰ ਤਬਦੀਲ ਕਰ ਰਹੇ ਹਨ।

ਯੂਨਿਟ ਲਿੰਕ ਕੀਤੀਆਂ ਪਾਲਸੀਆਂ ਰਿਵਾਇਤੀ ਉਤਪਾਦਾਂ ਦੀਆਂ ਕਮੀਆਂ ਪੂਰਦੀਆਂ ਹਨ।

ਪਾਲਸੀਧਾਰਕ ਵਲੋਂ ਭੁਗਤਾਨ ਕੀਤੇ ਪ੍ਰੀਮੀਅਮ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ।


- ਪਹਿਲਾਂ ਹਿੱਸਾ ਬੀਮਾ ਸੁਰੱਖਿਆ ਦੇਣ ਲਈ ਵਰਤਿਆ ਜਾਂਦਾ ਹੈ ਅਤੇ
- ਦੂਜਾ ਹਿੱਸਾ ਹੁੰਦਾ ਹੈ, ਜਿਸ ਨੂੰ ਬੀਮਤ ਵਲੋਂ ਚੁਣੇ ਫੰਡਾਂ ਵਿੱਚ ਨਿਵੇਸ਼ ਕੀਤਾ ਜਾਂਦਾ ਹੈ।

ਇੰਝ ਦੇ ਇਕਰਾਰਨਾਮਿਆਂ ਅਧੀਨ ਫਾਇਦਿਆਂ ਨੂੰ ਪੂਰੇ ਜਾਂ ਅਧੂਰੇ ਰੂਪ ਵਿੱਚ ਪਾਲਸੀਧਾਰਕ ਦੇ ਖਾਤੇ ਵਿੱਚ ਮਿਤੀ, ਜਦੋਂ ਭੁਗਤਾਨ ਕੀਤਾ ਜਾਣ ਵਾਲਾ ਹੁੰਦਾ ਹੈ, ਵਿੱਚ ਜ਼ਮ੍ਹਾਂ ਯੂਨਿਟਾਂ ਦੇ ਮੁੱਲ ਤੋਂ ਪਤਾ ਲਗਾਇਆ ਜਾਂਦਾ ਹੈ।

ਕਈ ਬਾਜ਼ਾਰਾਂ ਵਿੱਚ ਇਹਨਾਂ ਪਾਲਸੀਆਂ ਨੂੰ ਨਿਵੇਸ਼ ਸਾਧਨ ਦੇ ਵਜੋਂ ਤਿਆਰ ਕੀਤਾ ਅਤੇ ਜੋੜੇ ਹੋਏ ਬੀਮਾ ਫਾਇਦੇ ਦੇ ਨਾਲ ਨਿਵੇਸ਼ ਸਾਧਨ ਵਜੋਂ ਵੇਚਿਆ ਗਿਆ ਸੀ।

ਰਿਵਾਇਤੀ ਬੱਚਤ ਪਾਲਸੀਆਂ, ਜੋ ਕਿ ਬੰਡਲ ਹੁੰਦੀਆਂ ਹਨ, ਦੇ ਉਲਟ ਯੂਨਿਟ ਲਿੰਕ ਇਕਰਾਰ ਨਾ-ਬੰਡਲ ਹੁੰਦੇ ਹਨ। ਇਹਨਾਂ ਦਾ ਢਾਂਚਾ ਬੀਮਾ ਲਈ ਭੁਗਤਾਨ ਅਤੇ ਦੂਜੇ ਖ਼ਰਚਿਆਂ ਨੂੰ ਬੜੇ ਪਾਰਦਰਸ਼ੀ ਰੂਪ ਵਿੱਚ ਦਰਸਾਉਂਦਾ ਹੈ।

ਚਿੱਤਰ 1 : ਪ੍ਰੀਮੀਅਮ ਵੰਡ



ਪ੍ਰੀਮੀਅਮ ਵਿੱਚੋਂ ਖਰਚਿਆਂ ਦੀ ਕਟੌਤੀ ਕਰਨ ਤੋਂ ਬਾਅਦ ਖਾਤੇ ਦਾ ਬਕਾਇਆ ਅਤੇ ਇਸ ਤੋਂ ਆਮਦਨ ਨੂੰ ਯੂਨਿਟ ਵਿੱਚ ਨਿਵੇਸ਼ ਕੀਤਾ ਜਾਂਦਾ ਹੈ।

ਯੂਨਿਟਾਂ ਦਾ ਮੁੱਲ

ਇਕਾਈਆਂ ਦੇ ਮੁੱਲ ਨੂੰ ਕਿਸੇ ਨਿਯਮ ਜਾਂ ਸੂਤਰ ਨਾਲ ਤਹਿ ਕੀਤਾ ਜਾਂਦਾ ਹੈ, ਜਿਸ ਨੂੰ ਪਹਿਲਾਂ ਹੀ ਤਹਿ ਕਰ ਲਿਆ ਜਾਂਦਾ ਹੈ। ਖਾਸ ਤੌਰ ਉੱਤੇ ਯੂਨਿਟ ਦਾ ਮੁੱਲ ਸ਼ੁੱਧ ਸੰਪਤੀ ਮੁੱਲ (NAV) ਰਾਹੀਂ ਦਿੱਤਾ ਜਾਂਦਾ ਹੈ, ਜੋ ਕਿ ਸੰਪਤੀ, ਜਿਸ ਵਿੱਚ ਫੰਡ ਨਿਵੇਸ਼ ਕੀਤੇ ਗਏ ਹਨ, ਦਾ ਬਾਜ਼ਾਰੀ ਮੁੱਲ ਦਰਸਾਉਂਦਾ ਹੈ। ਅੱਗੇ ਦਿੱਤੇ ਸੂਤਰ ਦੀ ਵਰਤੋਂ ਕਰਕੇ ਦੋ ਵੱਖੋ-ਵੱਖਰੇ ਵਿਅਕਤੀ ਇੱਕ ਹੀ ਦੇਣਯੋਗ ਫਾਇਦਾ ਲੈ ਸਕਦੇ ਹਨ।

ਫਾਰਮੂਲਾ ਅੱਗੇ ਦਿੱਤਾ ਹੈ:

ਸ਼ੁੱਧ ਸੰਪਤੀ ਮੁੱਲ [NAV] = ਫੰਡ ਦੀ ਸੰਪੱਤੀ ਦਾ ਬਾਜ਼ਾਰੀ ਮੁੱਲ / ਫੰਡਾਂ ਦੇ ਯੂਨਿਟਾਂ ਦੇ ਨੰਬਰ

ਇਸਕਰਕੇ ਪਾਲਸੀ-ਧਾਰਕ ਫਾਇਦੇ ਜੀਵਨ ਬੀਮਾ ਕੰਪਨੀ ਦੀ ਮਰਜ਼ੀ ਉੱਤੇ ਨਿਰਭਰ ਨਹੀਂ ਕਰਦੇ ਹਨ।

ਯੂਨਿਟ ਲਿੰਕ ਕੀਤੀਆਂ ਪਾਲਸੀਆਂ ਪਾਲਸੀ ਧਾਰਕਾਂ ਨੂੰ ਵੱਖ-ਵੱਖ ਕਿਸਮ ਦੇ ਫੰਡ ਚੁਣਨ ਦਿੰਦੀਆਂ ਹਨ। ਹਰ ਫੰਡ ਵਿੱਚ ਵੱਖੋ-ਵੱਖ ਪੋਰਟਫੋਲਿਓ ਮਿਕਸ ਹੋਵੇਗਾ। ਨਿਵੇਸ਼ਕਾਂ ਨੂੰ ਡੈਟ, ਸੰਤੁਲਨ ਅਤੇ ਇਕਵਿਟਈ ਫੰਡਾਂ ਵਿਚਾਲੇ ਚੋਣ ਕਰਨੀ ਹੁੰਦੀ ਹੈ ਜਿਹਨਾਂ ਨੂੰ ਹੇਠਾਂ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਵੱਡੇ ਵਰਗਾਂ ਦੇ ਵਿੱਚ, ਕੋਈ ਹੋਰ ਕਿਸਮਾਂ ਦੀਆਂ ਚੋਣਾਂ ਵੀ ਉਪਲੱਬਧ ਰਹਿੰਦੀਆਂ ਹਨ।

| ਇਕਵਿਟੀ ਫੰਡ | ਡੇਬਿਟ ਫੰਡ | ਸੰਤੁਲਿਤ ਕੀਤੇ ਫੰਡ | ਧਨ ਬਾਜ਼ਾਰ ਫੰਡ |
|---|---|---|---|
| ਇਹ ਫੰਡਾਂ ਵਿੱਚੋਂ ਪੂੰਜੀ ਦਾ ਵੱਡਾ ਹਿੱਸਾ ਇਕਵਿਟਈ ਅਤੇ ਇਕਵਿਟੀ ਸੰਬੰਧਿਤ ਸਾਧਨਾਂ ਵਿੱਚ ਲਗਾਇਆ ਜਾਂਦਾ ਹੈ। | ਇਸ ਵਿੱਚ ਫੰਡਾਂ ਦਾ ਵੱਡਾ ਹਿੱਸਾ ਸਰਕਾਰੀ ਬੌਂਡ, ਕਾਰਪੋਰੇਟ ਬੌਂਡ, ਫਿਕਸ ਡਿਪਸਿਟ ਵਿੱਚ ਨਿਵੇਸ਼ ਕੀਤਾ ਜਾਂਦਾ ਹੈ। | ਇਹ ਫੰਡ ਇਕਵਿਟਈ ਅਤੇ ਡੈਟ ਸਾਧਨਾਂ ਦੇ ਮਿਸ਼ਰਨ ਵਿੱਚ ਨਿਵੇਸ਼ ਕਰਦੇ ਹਨ | ਇਹ ਫੰਡ ਸਾਧਨਾਂ ਜਿਵੇਂ ਕਿ ਖ਼ਜ਼ਾਨਾ ਬਿੱਲ, ਜ਼ਮ੍ਹਾਂ ਦੇ ਸਰਟੀਫਿਕੇਟ, ਕਾਰੋਬਾਰੀ ਪੇਪਰ ਆਦਿ ਵਿੱਚ ਮੁੱਖ ਰੂਪ ਨਾਲ ਪੂੰਜੀ ਨਿਵੇਸ਼ ਕਰਦੇ ਹਨ। |

ਇੱਕ ਕਿਸਮ ਦੇ ਫੰਡਾਂ ਤੋਂ ਬਦਲ ਕੇ ਦੂਜੇ ਵਿੱਚ ਨਿਵੇਸ਼ ਕਰਨ ਦਾ ਵਿਧਾਨ ਵੀ ਹੈ, ਜੇਕਰ ਇੱਕ ਜਾਂ ਵੱਧ ਫੰਡ ਟੀਚਾ ਪੂਰਾ ਕਰਨ ਲਈ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੇ ਹੋਣ।

ULIP ਪਾਲਸੀਆਂ ਦੇ ਖਾਸ ਫ਼ੀਚਰਾਂ ਵਿੱਚੋਂ ਕੁਝ ਹੇਠ ਦਿੱਤੇ ਹਨ:

i. ਯੂਨਿਟਿੰਗ

ULIP ਪਾਲਸੀਆਂ ਦੇ ਅਧੀਨ ਫਾਇਦੇ ਨੂੰ ਪਾਲਸੀਧਾਰਕ ਦੇ ਖਾਤੇ ਵਿੱਚ ਖਾਸ ਤਾਰੀਖ, ਜਦੋਂ ਦਾਅਵੇ ਦਾ ਭੁਗਤਾਨ ਕੀਤਾ ਜਾਣ ਵਾਲਾ ਹੁੰਦਾ ਹੈ, ਵਿੱਚ ਜ਼ਮ੍ਹਾਂ ਯੂਨਿਟਾਂ ਦੇ ਮੁੱਲ ਤੋਂ ਪਤਾ ਲਗਾਇਆ ਜਾਂਦਾ ਹੈ। ਯੂਨਿਟ ਨੂੰ ਨਿਵੇਸ਼ ਫੰਡ ਬਰਾਬਰ ਦੇ ਭਾਗਾਂ ਦੀ ਗਿਣਤੀ ਵਿੱਚ ਵੰਡ ਕੇ ਬਣਾਇਆ ਜਾਂਦਾ ਹੈ।

ii. ਪਾਰਦਰਸ਼ੀ ਢਾਂਚਾ

ਬੀਮਾ ਸੁਰੱਖਿਆ ਦੇ ਖ਼ਰਚੇ ਅਤੇ ULIP ਵਿੱਚ ਖ਼ਰਚਿਆਂ ਨੂੰ ਸਪਸ਼ਟ ਰੂਪ ਵਿੱਚ ਦਰਸਾਇਆ ਗਿਆ ਹੁੰਦਾ ਹੈ। ਇੱਕਵਾਰ ਜਦੋਂ ਪ੍ਰੀਮੀਅਮ ਵਿੱਚੋਂ ਇਹਨਾਂ ਖਰਚਿਆਂ ਦੀ ਕਟੌਤੀ ਹੋ ਜਾਂਦੀ ਹੈ ਤਾਂ ਖਾਤੇ ਦਾ ਬਕਾਇਆ ਅਤੇ ਇਸ ਤੋਂ ਆਮਦਨ ਨੂੰ ਯੂਨਿਟ ਵਿੱਚ ਨਿਵੇਸ਼ ਕੀਤਾ ਜਾਂਦਾ ਹੈ।

iii. ਕੀਮਤ

ਯੂਲਿਪ(ULIP) ਦੇ ਤਹਿਤ ਬੀਮਤ ਪ੍ਰੀਮੀਅਮ ਦੀ ਰਕਮ ਤਹਿ ਕਰਦਾ/ਕਰਦੀ ਹੈ, ਜੋ ਕਿ ਉਹ ਨਿਯਮਤ ਅੰਤਰਾਲ ਉੱਤੇ ਦੇ ਸਕਦਾ/ਸਕਦੀ ਹੈ।

ਸਾਰੀਆਂ ਜੀਵਨ ਬੀਮਾ ਪਾਲਸੀਆਂ ਵਿੱਚ ਸ਼ੁਰੂਆਤੀ ਕੀਮਤ ਬਹੁਤ ਵੱਧ ਹੁੰਦੀ ਹੈ। ਰਿਵਾਇਤੀ ਪਾਲਸੀਆਂ ਦੇ ਅਧੀਨ ਇਹ ਖ਼ਰਚਿਆਂ ਨੂੰ ਪੂਰਾ ਕਰਨ ਲਈ ਵਸੂਲਿਆ ਜਾਣ ਵਾਲਾ ਪ੍ਰੀਮੀਅਮ ਪਾਲਸੀ ਦੀ ਮਿਆਦ ਦੌਰਾਨ ਵੰਡਿਆ ਜਾਂਦਾ ਹੈ।

ਯੂਲਿਪ ਦੇ ਕੇਸ ਵਿੱਚ ਉਹਨਾਂ ਖ਼ਰਚਿਆਂ ਨੂੰ ਸ਼ੁਰੂਆਤੀ ਪ੍ਰੀਮੀਅਮ ਦੇ ਵਿੱਚੋਂ ਹੀ ਕੱਟ ਲਿਆ ਜਾਂਦਾ ਹੈ। ਇਹ ਨਿਵੇਸ਼ ਲਈ ਜਾਰੀ ਕੀਤੀ ਰਕਮ ਨੂੰ ਕਾਫ਼ੀ ਘਟਾ ਦਿੰਦੀ ਹੈ। ਇਸਕਰਕੇ ਫਾਇਦਿਆਂ ਦੇ ਮੁੱਲ ਭੁਗਤਾਨ ਕੀਤੇ ਪ੍ਰੀਮੀਅਮ ਦੇ ਮੁਤਾਬਕ ਬਹੁਤ ਘੱਟ ਹੋਣਗੇ ਅਤੇ ਇਕਰਾਰ ਦੇ ਸ਼ੁਰੂਆਤੀ ਸਾਲਾਂ ਵਿੱਚ ਭੁਗਤਾਨ ਕੀਤੇ ਪ੍ਰੀਮੀਅਮ ਤੋਂ ਵੀ ਘੱਟ।

iv. ਮੌਤ ਫਾਇਦਾ

ਰਿਵਾਇਤੀ ਪਾਲਸੀਆਂ ਦੇ ਉਲਟ, ULIP ਪਾਲਸੀਆਂ ਵਿੱਚ ਮੌਤ ਦੇ ਫਾਇਦੇ ਦੀ ਰਕਮ ਭੁਗਤਾਨ ਕੀਤੇ ਪ੍ਰੀਮੀਅਮ ਦੀ ਗੁਣਾ ਹੁੰਦੀ ਹੈ। ਪਾਲਸੀ ਦੀ ਮਿਆਦ ਦੇ ਦੌਰਾਨ ਮੌਤ ਹੋਣ ਉੱਤੇ ਲਾਭਪਾਤਰ ਨੂੰ ਬੀਮਾ ਕੀਤੀ ਰਕਮ [ਜੋ ਕਿ ਪ੍ਰੀਮੀਅਮ ਦੀ ਗੁਣਾ ਹੁੰਦੀ ਹੈ] ਜਾਂ ਉਸ ਦੇ ਖਾਤੇ ਵਿੱਚ ਮੌਜੂਦਾ ਫੰਡ ਮੁੱਲ (ਯੂਨਿਟਾਂ ਦੀ ਗਿਣਤੀ ਨੂੰ ਯੂਨਿਟ ਦੀ ਕੀਮਤ ਨਾਲ ਗੁਣਾ) ਵਿੱਚੋਂ ਜੋ ਵੀ ਵੱਧ ਹੋਵੇ, ਦਾ ਭੁਗਤਾਨ ਕੀਤਾ ਜਾਵੇਗਾ।

v. ਨਿਵੇਸ਼ ਜੋਖਿਮ ਨੂੰ ਝੱਲਣਾ

ਯੂਨਿਟਾਂ ਦਾ ਮੁੱਲ ਜੀਵਨ ਬੀਮਾਕਰਤਾ ਦੇ ਨਿਵੇਸ਼ ਦੇ ਮੁੱਲ ਉੱਤੇ ਨਿਰਭਰ ਕਰਦਾ ਹੈ, ਜੋ ਕਿ ਗਾਰੰਟੀਸ਼ੁਦਾ ਨਹੀਂ ਹੈ।

ਜੀਵਨ ਬੀਮਾਕਰਤਾ, ਜਿਸ ਤੋਂ ਪੋਰਟਫੋਲਿਓ ਦੇ ਪ੍ਰਭਾਵੀ ਪ੍ਰਬੰਧ ਦੀ ਉਮੀਦ ਕੀਤੀ ਜਾਂਦੀ ਹੈ, ਯੂਨਿਟ ਮੁੱਲ ਬਾਰੇ ਕੋਈ ਗਾਰੰਟੀ ਨਹੀਂ ਦਿੰਦਾ ਹੈ। ਇਸਕਰਕੇ ਨਿਵੇਸ਼ ਦਾ ਜ਼ੋਖਮ ਪਾਲਸੀਧਾਰਕ / ਯੂਨਿਟ ਧਾਰਕ ਵਲੋਂ ਝੱਲਿਆ ਜਾਂਦਾ ਹੈ।

**ਆਪਣੇ ਆਪ ਨੂੰ ਟੈਸਟ ਕਰੋ 2**

ਹੇਠ ਦਿੱਤਿਆਂ ਵਿੱਚੋਂ ਕਿਹੜੇ ਬਿਆਨ ਗਲਤ ਹੈ/ਹਨ?

I. ਪਰਿਵਰਤਨਸ਼ੀਲ ਜੀਵਨ ਬੀਮਾ ਆਰਜ਼ੀ ਜੀਵਨ ਬੀਮਾ ਪਾਲਸੀ ਹੈ

II. ਪਰਿਵਰਤਨਸ਼ੀਲ ਜੀਵਨ ਬੀਮਾ ਪੱਕੀ ਜੀਵਨ ਬੀਮਾ ਪਾਲਸੀ ਹੈ

III. ਪਾਲਸੀ ਦਾ ਨਕਦ ਮੁੱਲ ਖਾਤਾ ਹੈ।

IV. ਪਾਲਸੀ ਘੱਟੋ-ਘੱਟ ਮੌਤ ਫਾਇਦੇ ਦੀ ਗਾਰੰਟੀ ਦਿੰਦੀ ਹੈ।

---

**ਸਾਰ**

- ਜੀਵਨ ਬੀਮਾ ਪਾਲਸੀਆਂ ਦੇ ਸੰਬੰਧ ਵਿੱਚ ਮੁੱਖ ਫ਼ਿਕਰ ਆਮਦਨ ਦੀ ਮੁਕਾਬਲੇਯੋਗ ਦਰ ਦੇਣੀ ਜੋ ਕਿ ਵਿੱਤੀ ਬਾਜ਼ਾਰ ਵਿੱਚ ਉਪਲੱਬਧ ਹੋਰ ਸੰਪਤੀਆਂ ਦੇ ਮੁਕਾਬਲੇ ਵਿੱਚ ਹੋਵੇ।
- ਗ਼ੈਰ-ਰਿਵਾਇਤੀ ਜੀਵਨ ਬੀਮਾ ਉਤਪਾਦਾਂ ਵਿੱਚ ਵਾਧੇ ਦੇ ਮੁੱਖ ਕਾਰਨਾਂ ਵਿੱਚ ਇਨਾਂ ਦਾ ਬੰਡਲਿੰਗ ਰਹਿਤ, ਨਿਵੇਸ਼ ਨਾਲ ਜੁੜੇ ਹੋਣਾ ਅਤੇ ਪਾਰਦਰਸ਼ੀ ਹੋਣਾ ਹੈ।
- ਵਿਆਪਕ ਜੀਵਨ ਬੀਮਾ ਇਸ ਦੇ ਲਚਕੀਲੇ ਪ੍ਰੀਮੀਅਮ, ਲਚਕੀਲਾ ਅੰਕਿਤ ਮੁੱਲ ਅਤੇ ਮੌਤ ਫਾਇਦਾ ਰਕਮ ਅਤੇ ਇਸ ਦੀ ਕੀਮਤ ਨਿਰਧਾਰਣ ਦੇ ਅਣ-ਬੰਡਲ ਲੱਛਣਾਂ ਕਰਕੇ ਇਹ ਪੱਕੀ ਜੀਵਨ ਬੀਮੇ ਦਾ ਰੂਪ ਹੈ।
- ULIP ਸਭ ਤੋਂ ਹਰਮਨਪਿਆਰੀ ਅਤੇ ਮਹੱਤਵਪੂਰਨ ਉਤਪਾਦਾਂ ਵਿਚੋਂ ਇੱਕ ਬਣ ਗਈ ਹੈ, ਜਿਸ ਨੇ ਕਈ ਬਾਜ਼ਾਰਾਂ ਵਿੱਚ ਰਿਵਾਇਤੀ ਪਲਾਨਾਂ ਨੂੰ ਬਦਲ ਦਿੱਤਾ ਹੈ।
- ਯੂਲਿਪ (ULIP) ਜੀਵਨ ਬੀਮਾਕਰਤਾ ਦੇ ਨਿਵੇਸ਼ ਕਾਰਗੁਜ਼ਾਰੀ ਦੇ ਫਾਇਦਿਆਂ ਨੂੰ ਸਿੱਧੇ ਤੇ ਤੁਰੰਤ ਨਕਦੀ ਦੇ ਰੂਪ ਵਿੱਚ ਲੈਣ ਦਾ ਸਾਧਨ ਹੈ।

---

**ਮੁੱਖ ਸ਼ਬਦ**

1. ਵਿਆਪਕ ਜੀਵਨ ਬੀਮਾ
2. ਪਰਿਵਰਤਨਸ਼ੀਲ ਜੀਵਨ ਬੀਮਾ
3. ਯੂਨਿਟ ਲਿੰਕ ਕੀਤਾ ਬੀਮਾ
4. ਸ਼ੁੱਧ ਸੰਪਤੀ ਮੁੱਲ

---

**ਸਵੈ ਜਾਂਚ ਦੇ ਜਵਾਬ**

**ਜਵਾਬ 1 - ਸਹੀ ਚੋਣ II ਹੈ।**

**ਜਵਾਬ 2 - ਸਹੀ ਚੋਣ I ਹੈ।**

# ਪਾਠ L-05

# ਜੀਵਨ ਬੀਮੇ ਦੇ ਇਸਤੇਮਾਲ

**ਪਾਠ ਜਾਣ-ਪਛਾਣ**

ਜੀਵਨ ਬੀਮਾ ਕੇਵਲ ਸਮੇਂ ਤੋਂ ਪਹਿਲਾਂ ਹੋਣ ਵਾਲੀ ਮੌਤ ਲਈ ਵਿਅਕਤੀਆਂ ਨੂੰ ਸੁਰੱਖਿਆ ਹੀ ਨਹੀਂ ਦਿੰਦਾ ਹੈ। ਇਹ ਦੇ ਹੋਰ ਇਸਤੇਮਾਲ ਵੀ ਹਨ। ਇਸ ਨੂੰ ਨਤੀਜਤਨ ਬੀਮਾ ਫਾਇਦਿਆਂ ਨਾਲ ਟ੍ਰਸਟ ਬਣਾਉਣ ਲਈ ਵਰਤਿਆ ਜਾ ਸਕਦਾ ਹੈ, ਇਸ ਨੂੰ ਉਦਯੋਗਾਂ ਦੇ ਮੁੱਖ ਵਿਅਕਤੀਆਂ ਲਈ ਸੁਰੱਖਿਆ ਪਾਲਸੀ ਬਣਾਉਣ ਲਈ ਵਰਤਿਆ ਜਾ ਸਕਦਾ ਹੈ ਅਤੇ ਘਰ-ਕਰਜ਼ ਲੈਣ ਲਈ ਵੀ ਵਰਤਿਆ ਜਾਂਦਾ ਹੈ। ਜੀਵਨ ਬੀਮੇ ਦੇ ਵੱਖ-ਵੱਖ ਇਸਤੇਮਾਲਾਂ ਦੇ ਬਾਰੇ ਅਸੀਂ ਸੰਖੇਪ ਜਾਣਕਾਰੀ ਦੇਵਾਂਗੇ।

**ਸਿੱਖਣ ਦੇ ਨਤੀਜੇ**

A. ਵਿਆਹੁਤਾ ਔਰਤ ਦੀ ਜਾਇਦਾਦ ਕਾਨੂੰਨ, 1874

B. ਮੁੱਖ-ਵਿਅਕਤੀ ਬੀਮਾ


C. ਘਰ-ਕਰਜ਼ ਛੋਟ ਬੀਮਾ

## A. ਜੀਵਨ ਬੀਮੇ ਦੇ ਇਸਤੇਮਾਲ

### 1. ਵਿਆਹੁਤਾ ਔਰਤ ਦਾ ਜਾਇਦਾਦ ਕਾਨੂੰਨ

ਵਿਆਹੁਤਾ ਔਰਤ ਦੀ ਜਾਇਦਾਦ ਕਾਨੂੰਨ, 1874 ਦੇ ਸੈਕਸ਼ਨ 6 ਨੇ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਜੀਵਨ ਬੀਮਾ ਪਾਲਸੀ ਦੇ ਤਹਿਤ ਫਾਇਦੇ ਟਰੱਸਟ ਬਣਾ ਕੇ ਪਤਨੀ ਅਤੇ ਬੱਚਿਆਂ ਨੂੰ ਸੁਰੱਖਿਅਤ ਢੰਗ ਨਾਲ ਮਿਲ ਜਾਣ।

ਚਿੱਤਰ 1 : MWP ਐਕਟ ਅਧੀਨ ਲਾਭਪਾਤਰ




ਸੈਕਸ਼ਨ ਤੈਅ ਕਰਦਾ ਹੈ ਕਿ ਜਦੋਂ ਵਿਆਹੁਤਾ ਬੰਦਾ ਆਪਣੇ ਜੀਵਨ ਲਈ ਪਾਲਸੀ ਲੈਂਦਾ ਹੈ ਅਤੇ ਇਹ ਪਾਲਸੀ ਵਿੱਚ ਸਪਸ਼ਟ ਰੂਪ ਦਰਸਾਉਂਦਾ ਹੈ ਕਿ ਇਹ ਉਸ ਦੀ ਪਤਨੀ ਜਾਂ ਪਤਨੀ ਤੇ ਬੱਚਿਆਂ ਦੇ ਫਾਇਦੇ ਲਈ ਹੈ ਅਤੇ ਸਿਰਫ਼ ਉਹਨਾਂ ਦੇ ਫਾਇਦੇ ਲਈ ਹੀ ਟਰੱਸਟ ਵਿੱਚ ਰੱਖੀ ਜਾਵੇਗੀ ਤਾਂ ਪਾਲਸੀ ਨੂੰ, ਜਦੋਂ ਤੱਕ ਟਰੱਸਟ ਰਹਿੰਦਾ ਹੈ, ਪਤੀ ਜਾਂ ਉਸ ਦੇ ਲੈਣਦਾਰਾਂ ਜਾਂ ਉਸ ਦੀ ਜਾਇਦਾਦ ਦੇ ਹਿੱਸਾ ਬਣਾਉਣ ਲਈ ਵਰਤਿਆ ਨਹੀਂ ਜਾਵੇਗਾ।

**MWP ਐਕਟ ਅਧੀਨ ਪਾਲਸੀ ਦੇ ਫੀਚਰ**

i. ਹਰ ਪਾਲਸੀ ਲਈ ਵੱਖਰਾ ਟਰੱਸਟ ਰਹੇਗਾ। ਜਾਂ ਤਾਂ ਪਤਨੀ ਜਾਂ ਬੱਚੇ (18 ਸਾਲਾਂ ਦੀ ਉਮਰ ਤੋਂ ਵੱਦ) ਟਰੱਸਟੀ ਹੋ ਸਕਦੇ ਹਨ।

ii. ਪਾਲਸੀ ਅਦਾਲਤੀ ਕੁਰਕੀ, ਲੈਣਦਾਰਾਂ ਅਤੇ ਬੀਮਤ ਦੇ ਕੰਟਰੋਲ ਤੋਂ ਬਾਹਰ ਰਹੇਗੀ।

iii. ਦਾਅਵਾ ਕੀਤਾ ਧਨ ਟਰੱਸਟੀ ਨੂੰ ਦਿੱਤਾ ਜਾਵੇਗਾ।

iv. ਪਾਲਸੀ ਨੂੰ ਸਮਰਪਿਤ ਨਹੀਂ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਨਾਮਜ਼ਦ ਜਾਂ ਨਿਯੁਕਤ ਕਰਨ ਦੀ ਇਜ਼ਾਜ਼ਤ ਹੈ।

v. ਜੇ ਪਾਲਸੀਧਾਰਕ ਪਾਲਸੀ ਦੇ ਅਧੀਨ ਲਾਭ ਪ੍ਰਾਪਤ ਕਰਨ ਅਤੇ ਪ੍ਰਸ਼ਾਸ਼ਕ ਕਰਨ ਲਈ ਕਿਸੇ ਖਾਸ ਟਰੱਸਟੀ ਦੀ ਨਿਯਕੁਤੀ ਨਹੀਂ ਕਰਦਾ ਹੈ ਤਾਂ ਪਾਲਸੀ ਅਧੀਨ ਦਿੱਤੀ ਗਈ ਸੁਰੱਖਿਆ ਰਕਮ ਸਰਕਾਰ ਦੇ ਅਧੀਨ ਅਧਿਕਾਰਿਕ ਟਰੱਸਟੀ ਨੂੰ ਦੇਣਯੋਗ ਬਣ ਜਾਂਦੀ ਹੈ, ਜਿਸ ਦੇ ਕਾਰਜ ਖੇਤਰ ਅਧੀਨ ਸੰਬੰਧਿਤ ਬੀਮੇ ਦਾ ਦਫ਼ਤਰ ਮੌਜੂਦ ਹੈ।

**ਲਾਭ**

ਟਰੱਸਟ ਨੂੰ ਡੀਡ ਦੇ ਅਧੀਨ ਬਣਾਇਆ ਜਾਂਦਾ ਹੈ, ਜੋ ਕਿ ਰੱਦ ਜਾਂ ਸੋਧਿਆ ਨਹੀਂ ਜਾ ਸਕਦਾ ਹੈ। ਇਸ ਵਿੱਚ ਇੱਕ ਜਾਂ ਵੱਧ ਬੀਮਾ ਪਾਲਸੀਆਂ ਹੋ ਸਕਦੀਆਂ ਹਨ। ਟਰੱਸਟੀ ਨਿਯੁਕਤ ਕਰਨਾ ਜ਼ਰੂਰੀ ਹੈ, ਜੋ ਕਿ ਲਾਭਪਾਤਰਾਂ ਵਾਸਤੇ ਉੱਤੇ ਟਰੱਸਟ ਜਾਇਦਾਦ ਦੇ ਪ੍ਰਸ਼ਾਸ਼ਨ, ਜਿਸ ਵਿੱਚ ਬੀਮਾ ਰਕਮ ਦਾ ਨਿਵੇਸ਼ ਕਰਨਾ ਵੀ ਸ਼ਾਮਲ ਹੈ, ਲਈ ਜ਼ੁੰਮੇਵਾਰ ਹੋਵੇਗਾ। ਇਹ ਫਾਇਦੇ ਭਵਿੱਖ ਵਿੱਚ ਲੈਣਦਾਰਾਂ ਨੂੰ ਦਿੱਤੇ ਜਾਣ ਤੋਂ ਸੁਰੱਖਿਅਤ ਹਨ।

**2. ਮੁੱਖ-ਵਿਅਕਤੀ ਬੀਮਾ**

ਮੁੱਖ-ਵਿਅਕਤੀ ਬੀਮਾ ਕਾਰੋਬਾਰ ਬੀਮੇ ਦਾ ਮਹੱਤਵਪੂਰਨ ਭਾਗ ਹੈ।

**ਪਰਿਭਾਸ਼ਾ**

ਮੁੱਖ-ਵਿਅਕਤੀ ਬੀਮੇ ਨੂੰ ਕਾਰੋਬਾਰ ਵਲੋਂ ਹਰਜਾਨੇ ਲਈ ਲਏ ਗਏ ਬੀਮੇ ਵਜੋਂ ਦਰਸਾਇਆ ਜਾ ਸਕਦਾ ਹੈ ਜੋ ਕਿ ਕਾਰੋਬਾਰ ਦੇ ਮਹੱਤਵਪੂਰਨ ਵਿਅਕਤੀ ਦੀ ਮੌਤ ਜਾਂ ਪੈਦਾ ਹੋਈ ਅਸਮਰੱਥਾ ਦੇ ਕਰਕੇ ਕਾਰੋਬਾਰ ਨੂੰ ਹੋਣ ਵਾਲੇ ਵਿੱਤੀ ਘਾਟੇ ਕਾਰਨ ਹੈ।

ਕਈ ਕਾਰੋਬਾਰਾਂ ਵਿੱਚ ਕੁਝ ਮੁੱਖ ਵਿਅਕਤੀ ਹੁੰਦੇ ਹਨ, ਜੋ ਕਿ ਕਾਰੋਬਾਰ ਦੇ ਮੁਨਾਫੇ ਦੇ ਵੱਡੇ ਹਿੱਸੇ ਲਈ ਜ਼ੁੰਮੇਵਾਰ ਹੁੰਦੇ ਹਨ ਅਤੇ ਜਿੰਨ੍ਹਾਂ ਦਾ ਗਿਆਨ ਅਤੇ ਮੁਹਾਰਤ ਸੰਗਠਨ ਲਈ ਬਹੁਤ ਜ਼ਰੂਰੀ ਹੁੰਦੀ ਹੈ ਅਤੇ ਜਿਸ ਨੂੰ ਬਦਲਣਾ ਬਹੁਤ ਮੁਸ਼ਕਿਲ ਹੁੰਦਾ ਹੈ। ਮੁੱਖ ਵਿਅਕਤੀ ਬੀਮੇ ਨੂੰ ਇੰਝ ਦੇ ਪ੍ਰਮੁੱਖ ਵਿਅਕਤੀਆਂ ਦੀ ਜ਼ਿੰਦਗੀ ਲਈ ਕੰਪਨੀ ਵਲੋਂ ਲਿਆ ਜਾਂਦਾ ਹੈ ਤਾਂ ਕਿ ਕਾਰੋਬਾਰ ਦੀ ਨਿਰੰਤਰਤਾ ਜਾਰੀ ਰਹੇ ਅਤੇ ਖ਼ਰਚਿਆਂ ਤੇ ਘਾਟਿਆਂ, ਜੋ ਕਿ ਮੁੱਖ ਵਿਅਕਤੀ ਦੇ ਨੁਕਸਾਨ ਦੀ ਹਾਲਤ ਵਿੱਚ ਹੋ ਸਕਦੇ ਹਨ, ਨੂੰ ਪੂਰਿਆ ਜਾ ਸਕੇ। ਮੁੱਖ-ਵਿਅਕਤੀ ਬੀਮਾ ਅਸਲ ਵਿੱਚ ਪਏ ਘਾਟੇ ਲਈ ਹਰਜਾਨਾ ਨਹੀਂ ਦਿੰਦਾ ਹੈ, ਬਲਕਿ ਬੀਮਾ ਪਾਲਸੀ ਵਿੱਚ ਤਹਿ ਕੀਤੀ ਰਕਮ ਦੇ ਰੂਪ ਵਿੱਚ ਇੱਕ ਪੱਕੀ ਰਕਮ ਦੇ ਰੂਪ ਵਿੱਚ ਹੁੰਦਾ ਹੈ।

ਮੁੱਖ-ਵਿਅਕਤੀ ਬੀਮਾ ਪਾਲਸੀ ਇੱਕ ਮਿਆਦੀ ਬੀਮਾ ਪਾਲਸੀ ਹੈ, ਜਿੱਥੇ ਬੀਮਾ ਕਰਵਾਈ ਗਈ ਰਕਮ ਨੂੰ ਮੁੱਖ ਵਿਅਕਤੀ ਦੀ ਆਪਣੀ ਆਮਦਨ ਦੀ ਬਜਾਏ ਕੰਪਨੀ ਦੇ ਫਾਇਦੇ ਨਾਲ ਜੋੜਿਆ ਜਾਂਦਾ ਹੈ। ਪ੍ਰੀਮੀਅਮ ਦਾ ਭੁਗਤਾਨ ਕੰਪਨੀ ਵਲੋਂ ਕੀਤਾ ਜਾਂਦਾ ਹੈ। ਮੁੱਖ ਵਿਅਕਤੀ ਦੀ ਮੌਤ ਉੱਤੇ ਬੀਮੇ ਦਾ ਫਾਇਦਾ ਕੰਪਨੀ ਨੂੰ ਦਿੱਤਾ ਜਾਂਦਾ ਹੈ। ਮੁੱਖ ਵਿਅਕਤੀ ਦਾ ਬੀਮਾ ਕੰਪਨੀ ਦੇ ਲਈ ਟੈਕਸਯੋਗ ਹੁੰਦਾ ਹੈ।

a) ਕੌਣ ਮੁੱਖ-ਵਿਅਕਤੀ ਕੌਣ ਹੋ ਸਕਦਾ ਹੈ?

ਮੁੱਖ ਵਿਅਕਤੀ ਕੋਈ ਵੀ ਹੋ ਸਕਦਾ ਹੈ, ਜੋ ਕਿ ਕਾਰੋਬਾਰ ਨਾਲ ਸਿੱਧਾ ਸੰਬੰਧਿਤ ਹੈ, ਜਿਸ ਦੇ ਜਾਣ ਨਾਲ ਕਾਰੋਬਾਰ ਨੂੰ ਵਿੱਤੀ ਘਾਟਾ ਪੈ ਸਕਦਾ ਹੈ। ਉਦਾਹਰਨ ਲਈ, ਵਿਅਕਤੀ ਕੰਪਨੀ ਦਾ ਡਾਇਰੈਕਟਰ ਹੋ ਸਕਦਾ ਹੈ, ਹਿੱਸੇਦਾਰ, ਮੁੱਖ ਸੇਲਜ਼ ਪਰਸਨ, ਮੁੱਖ ਪ੍ਰੋਜੈਕਟ ਮੈਨੇਜਰ, ਜਾਂ ਖਾਸ ਮੁਹਾਰਤ ਜਾਂ ਗਿਆਨ ਵਾਲਾ ਵਿਅਕਤੀ ਹੋ ਸਕਦਾ ਹੈ, ਜੋ ਕਿ ਕੰਪਨੀ ਲਈ ਖਾਸ ਤੌਰ ਉੱਤੇ ਕੀਮਤੀ ਹੈ।

b) ਬੀਮਾਯੋਗ ਘਾਟੇ

ਹੇਠ ਲਿਖੇ ਨੁਕਸਾਨ ਲਈ ਮੁੱਖ ਵਿਅਕਤੀ ਬੀਮੇ ਦੇ ਰੂਪ ਵਿੱਚ ਹਰਜਾਨਾ ਦਿੱਤਾ ਜਾ ਸਕਦਾ ਹੈ:

i. ਮੁੱਖ ਵਿਅਕਤੀ ਵਲੋਂ ਕੰਮ ਨਾ ਕਰਨ ਦੇ ਯੋਗ ਹੋਣ ਕਰਕੇ ਉਸ ਸਮੇਂ ਤੱਕ ਕਿਸੇ ਹੋਰ ਵਿਅਕਤੀ ਦੇ ਪ੍ਰਬੰਧ ਕਰਨ ਅਤੇ ਜੇ ਲੋੜ ਹੋਵੇ ਤਾਂ ਕਿਸੇ ਹੋਰ ਨੂੰ ਭਰਤੀ ਕਰਨਾ ਤੇ ਸਿਖਲਾਈ ਦੇਣ ਦੇ ਸੰਬੰਧੀ ਘਾਟੇ

ii. ਫਾਇਦੇ ਦੀ ਸੁਰੱਖਿਆ ਲਈ ਬੀਮਾ। ਉਦਾਹਰਨ ਲਈ, ਵਿਕਰੀ ਵਿੱਚ ਕਮੀ ਹੋਣ ਕਰਕੇ ਆਮਦਨ ਵਿੱਚ ਘਾਟੇ, ਕਿਸੇ ਵੀ ਕਾਰੋਬਾਰੀ ਪ੍ਰੋਜੈਕਟ, ਜਿਸ ਵਿੱਚ ਮੁੱਖ ਵਿਅਕਤੀ ਸ਼ਾਮਿਲ ਸੀ, ਵਿੱਚ ਦੇਰੀ ਜਾਂ ਰੱਦ ਹੋਣ ਦੇ ਨਤੀਜੇ ਵਜੋਂ ਹੋਣ ਵਾਲੇ ਘਾਟੇ, ਅੱਗੇ ਵੱਧਣ ਦੇ ਮੌਕਿਆਂ ਦਾ ਘਾਟੇ, ਖਾਸ ਮੁਹਾਰਤ ਜਾਂ ਗਿਆਨ ਦੇ ਘਾਟਿਆਂ ਨੂੰ ਪੂਰਾ ਕਰਨਾ।

3. ਘਰ-ਕਰਜ਼ ਛੋਟ ਬੀਮਾ (MRI)

ਵਿਅਕਤੀ ਜਾਇਦਾਦ ਖਰੀਦਣ ਲਈ ਕਰਜ਼ ਲੈਂਦਾ ਹੈ ਤਾਂ ਉਸ ਨੂੰ ਬੈਂਕ ਵਲੋਂ ਘਰ-ਕਰਜ਼ ਛੋਟ ਬੀਮਾ ਲੈਣ ਲਈ ਕਰਜ਼ ਇਕਰਾਰ ਦੇ ਹਿੱਸੇ ਵਜੋਂ ਭੁਗਤਾਨ ਕਰਨ ਦੀ ਲੋੜ ਹੋ ਸਕਦੀ ਹੈ। "ਕਰਜ਼ ਛੋਟਾ ਬੀਮਾ" ਨੂੰ ਆਮ ਕਰਕੇ "ਕਰੈਡਿਟ ਜੀਵਨ ਬੀਮਾ ਪਾਲਸੀ" ਕਿਹਾ ਜਾਂਦਾ ਹੈ।

a) ਐਮਆਰਆਈ (MRI) ਕੀ ਹੈ?

ਇਹ ਬੀਮਾ ਪਾਲਸੀ ਹੈ, ਜੋ ਕਿ ਘਰ-ਕਰਜ਼ ਲੈਣ ਵਾਲਿਆਂ ਲਈ ਵਿੱਤੀ ਸੁਰੱਖਿਆ ਦਿੰਦੀ ਹੈ। ਇਹ ਘਰ-ਕਰਜ਼ ਲੈਣ ਵਾਲੇ ਵਲੋਂ ਲਈ ਗਈ ਘੱਟਣ ਵਾਲੀ ਮਿਆਦੀ ਜੀਵਨ ਬੀਮਾ ਪਾਲਸੀ ਹੈ, ਜੋ ਕਿ ਘਰ-ਕਰਜ਼ ਉੱਤੇ ਬਕਾਇਆ ਦਾ ਭੁਗਤਾਨ ਕਰਦੀ ਹੈ, ਜੇ ਉਹ ਇਸ ਦੇ ਪੂਰੇ ਭੁਗਤਾਨ ਕੀਤੇ ਤੋਂ ਬਿਨਾਂ ਮਰ ਜਾਂਦਾ ਹੈ। ਇਸ ਨੂੰ ਕਰਜ਼ ਸੁਰੱਖਿਆ ਪਾਲਸੀ ਕਿਹਾ ਜਾ ਸਕਦਾ ਹੈ। ਇਹ ਸਕੀਮ ਉਹਨਾਂ ਲੋਕਾਂ ਲਈ ਢੁੱਕਵੀਂ ਹੈ, ਜਿਹਨਾਂ ਉੱਤੇ ਨਿਰਭਰ ਵਿਅਕਤੀਆਂ ਨੂੰ ਪਾਲਸੀਧਾਰਕ ਦੀ ਅਚਾਨਕ ਮੌਤ ਹੋਣ ਦੇ ਹਾਲਤ ਵਿੱਚ ਉਹਨਾਂ ਦੇ ਕਰਜ਼ ਨੂੰ ਪੂਰਾ ਕਰਨ ਲਈ ਸਹਾਇਤਾ ਦੀ ਲੋੜ ਹੋ ਸਕਦੀ ਹੈ।

b) ਫ਼ੀਚਰ

ਇਸ ਪਾਲਸੀ ਦੇ ਅਧੀਨ ਬੀਮਾ ਸੁਰੱਖਿਆ ਇੱਕ ਮਿਆਦੀ ਬੀਮਾ ਪਾਲਸੀ, ਜਿੱਥੇ ਪਾਲਸੀ ਮਿਆਦ ਦੇ ਦੌਰਾਨ ਬੀਮਾ ਸੁਰੱਖਿਆ ਸਥਿਰ ਰਹਿੰਦੀ ਹੈ, ਦੇ ਉਲਟ ਹਰੇਕ ਸਾਲ ਘੱਟਦੀ ਹੈ।

**ਆਪਣੇ ਆਪ ਨੂੰ ਟੈਸਟ ਕਰੋ 1**

**ਘਰ-ਕਰਜ਼ ਛੋਟ ਬੀਮਾ (ਮੋਰਟਗੇਜ਼ ਰਿਡੈਂਮਪਸ਼ਨ ਇੰਸ਼ੋਅਰੈਂਸ) ਦਾ ਕੀ ਮਕਸਦ ਹੈ?**

I. **ਸਸਤੇ ਘਰ-ਕਰਜ਼ ਦਰਾਂ ਦੀ ਸਹੂਲਤ ਦਿੰਦੀ ਹੈ**

II. **ਘਰ ਕਰਜ਼ ਲੈਣ ਵਾਲਿਆਂ ਲਈ ਵਿੱਤੀ ਸੁਰੱਖਿਆ ਦਿੰਦੀ ਹੈ**

III. **ਘਰ-ਕਰਜ਼ ਵਾਲੀ ਜਾਇਦਾਦ ਦੇ ਮੁੱਲ ਨੂੰ ਸੁਰੱਖਿਅਤ ਰੱਖਦੀ ਹੈ**

IV. **ਕੁਤਾਹੀ ਦੇ ਕੇਸ ਵਿੱਚ ਬੇਦਖ਼ਲੀ ਤੋਂ ਬਚਾਉਣ ਲਈ**

**ਸਾਰ**

- **ਵਿਆਹੁਤਾ ਔਰਤ ਦੀ ਜਾਇਦਾਦ ਐਕਟ, 1874 ਦੇ ਸੈਕਸ਼ਨ 6 ਤਹਿਤ ਜੀਵਨ ਬੀਮਾ ਪਾਲਸੀ ਅਧੀਨ ਪਤਨੀ ਤੇ ਬੱਚਿਆਂ ਨੂੰ ਪਾਲਸੀ ਫਾਇਦੇ ਮਿਲਦੇ ਹਨ।**
- **MWP ਐਕਟ ਦੇ ਅਧੀਨ ਪਾਲਸੀ ਅਦਾਲਤੀ ਕੁਰਕੀ, ਲੈਣਦਾਰਾਂ ਅਤੇ ਇੱਥੋਂ ਤੱਕ ਕਿ ਜੀਵਨ ਬੀਮਤ ਦੇ ਕੰਟਰੋਲ ਤੋਂ ਵੀ ਬਾਹਰ ਰਹੇਗੀ।**
- **ਮੁੱਖ-ਵਿਅਕਤੀ ਬੀਮਾ ਕਾਰੋਬਾਰ ਬੀਮੇ ਦਾ ਮਹੱਤਵਪੂਰਨ ਭਾਗ ਹੈ। ਇਸ ਨੂੰ ਕਾਰੋਬਾਰ ਦੁਆਰਾ ਹਰਜਾਨੇ ਲਈ ਲਏ ਗਏ ਬੀਮੇ ਵਜੋਂ ਦਰਸਾਇਆ ਜਾ ਸਕਦਾ ਹੈ ਜੋ ਕਿ ਕਾਰੋਬਾਰ ਦੇ ਮਹੱਤਵਪੂਰਨ ਵਿਅਕਤੀ ਦੀ ਮੌਤ ਜਾਂ ਪੈਦਾ ਹੋਈ ਅਸਮਰੱਥਾ ਦੇ ਕਰਕੇ ਕਾਰੋਬਾਰ ਨੂੰ ਹੋਣ ਵਾਲੇ ਵਿੱਤੀ ਘਾਟੇ ਲਈ ਹੈ।**
- **ਘਰ-ਕਰਜ਼ ਛੋਟ ਬੀਮਾ ਘਰ-ਕਰਜ਼ ਲੈਣ ਵਾਲੇ ਵਲੋਂ ਲਈ ਗਈ ਘਟਦੀ ਮਿਆਦੀ ਜੀਵਨ ਬੀਮਾ ਪਾਲਸੀ ਹੈ, ਜੋ ਕਿ ਘਰ-ਕਰਜ਼ ਉੱਤੇ ਬਕਾਇਆ ਦਾ ਭੁਗਤਾਨ ਕਰਦੀ ਹੈ, ਜੇ ਉਹ ਇਸ ਦੇ ਪੂਰੇ ਭੁਗਤਾਨ ਕੀਤੇ ਤੋਂ ਬਿਨਾਂ ਮਰ ਜਾਂਦਾ ਹੈ।**

**ਮੁੱਖ ਸ਼ਬਦ**

1. **ਵਿਆਹੁਤਾ ਔਰਤ ਦਾ ਜਾਇਦਾਦ ਕਾਨੂੰਨ**
2. **ਮੁੱਖ-ਵਿਅਕਤੀ ਬੀਮਾ**
3. **ਘਰ-ਕਰਜ਼ ਛੋਟ ਬੀਮਾ**

**ਸਵੈ ਜਾਂਚ ਦੇ ਜਵਾਬ**

**ਜਵਾਬ 1 - ਸਹੀ ਚੋਣ II ਹੈ।**

# ਪਾਠ L-06

# ਜੀਵਨ ਬੀਮੇ ਵਿੱਚ ਕੀਮਤ ਅਤੇ ਮੁਲਾਂਕਣ

**ਪਾਠ ਜਾਣ-ਪਛਾਣ**

**ਇਸ ਪਾਠ ਦਾ ਮਕਸਦ ਸਿਖਿਆਰਥੀ ਨੂੰ ਜੀਵਨ ਬੀਮਾ ਇਕਰਾਰਨਾਮਿਆਂ ਦੀ ਕੀਮਤ ਅਤੇ ਫਾਇਦਿਆਂ ਦੇ ਮੁੱਖ ਤੱਤਾਂ ਦੇ ਬਾਰੇ ਜਾਣਕਾਰੀ ਦੇਣਾ ਹੈ। ਅਸੀਂ ਪਹਿਲਾਂ ਉਹਨਾਂ ਤੱਤਾਂ ਬਾਰੇ ਵਿਚਾਰ ਕਰਾਂਗੇ, ਜੋ ਕਿ ਪ੍ਰੀਮੀਅਮ ਬਣਾਉਂਦੇ ਹਨ ਅਤੇ ਫੇਰ ਵਾਧੂ ਰਾਸ਼ੀ ਅਤੇ ਬੋਨਸ ਦੇ ਸਿਧਾਤਾਂ ਬਾਰੇ ਵਿਚਾਰ ਕਰਾਂਗੇ।**

**ਸਿੱਖਣ ਦੇ ਨਤੀਜੇ**

A. **ਬੀਮਾ ਕੀਮਤ - ਮੁੱਢਲੇ ਭਾਗ**

B. **ਵਾਧੂ ਰਾਸ਼ੀ ਅਤੇ ਬੋਨਸ**


## A. ਬੀਮਾ ਕੀਮਤ - ਮੁੱਢਲੇ ਭਾਗ

### 1. ਪ੍ਰੀਮੀਅਮ

ਸੌਖੇ ਰੂਪ ਵਿੱਚ, ਸ਼ਬਦ ਪ੍ਰੀਮੀਅਮ ਕੀਮਤ ਨੂੰ ਦਰਸਾਉਂਦਾ ਹੈ, ਜੋ ਕਿ ਬੀਮਤ ਵਲੋਂ ਬੀਮਾ ਪਾਲਸੀਆਂ ਖਰੀਦਣ ਲਈ ਭੁਗਤਾਨ ਕੀਤੀ ਜਾਂਦੀ ਹੈ। ਇਸ ਨੂੰ ਆਮ ਤੌਰ ਉੱਤੇ ਬੀਮਾ ਕਰਵਾਈ ਰਕਮ ਦੇ ਪ੍ਰਤੀ ਹਜ਼ਾਰ ਰੁਪਏ ਲਈ ਪ੍ਰੀਮੀਅਮ ਦੀ ਦਰ ਵਜੋਂ ਦਰਸਾਇਆ ਜਾਂਦਾ ਹੈ। ਪ੍ਰੀਮੀਅਮ ਦੀ ਦਰ ਪੇਸ਼ਕਰਤ ਦੀ ਉਮਰ ਅਤੇ ਪਲਾਨ ਉੱਤੇ ਨਿਰਭਰ ਕਰਦੀ ਹੈ।

ਇਹ ਪ੍ਰੀਮੀਅਮ ਦਰਾਂ ਬੀਮਾ ਕੰਪਨੀਆਂ ਦੇ ਕੋਲ ਦਰ ਸਾਰਣੀਆਂ ਦੇ ਰੂਪ ਵਿੱਚ ਉਪਲੱਬਧ ਹੁੰਦੀਆਂ ਹਨ।

ਚਿੱਤਰ 1 : ਪ੍ਰੀਮੀਅਮ




ਇਹਨਾਂ ਸਾਰਣੀਆਂ ਵਿੱਚ ਛਪੀਆਂ ਦਰਾਂ ਨੂੰ "ਦਫ਼ਤਰੀ ਪ੍ਰੀਮੀਅਮ" ਵਜੋਂ ਜਾਣਿਆ ਜਾਂਦਾ ਹੈ। ਬਹੁਤੇ ਹਾਲਤਾਂ ਵਿੱਚ ਇਹ ਮਿਆਦ ਦੌਰਾਨ ਇੱਕ ਸਮਾਨ ਰਹਿੰਦੀਆਂ ਹਨ ਅਤੇ ਇਹਨਾਂ ਨੂੰ ਸਾਲਨਾ ਦਰ ਦੇ ਵਜੋਂ ਦਰਸਾਇਆ ਜਾਂਦਾ ਹੈ।

**ਉਦਾਹਰਨ**

ਜੇ 20 ਸਾਲਾ ਇੰਡਾਊਂਸਮੈਂਟ ਪਾਲਸੀ ਲਈ ਦਿੱਤੀ ਉਮਰ ਵਾਸਤੇ ਪ੍ਰੀਮੀਅਮ 4,800 ਹੈ ਤਾਂ 4,800 ਰੁਪਏ ਵੀਹ ਸਾਲਾਂ ਦੇ ਲਈ ਹਰੇਕ ਸਾਲ ਦੇਣਾ ਹੁੰਦਾ ਹੈ।

---

ਪਰ, ਕੁਝ ਪਾਲਸੀਆਂ ਵਿੱਚ ਪਹਿਲੇ ਕੁਝ ਸਾਲਾਂ ਦੇ ਦੌਰਾਨ ਹੀ ਪ੍ਰੀਮੀਅਮ ਦੇਣਯੋਗ ਹੁੰਦਾ ਹੈ। ਕੰਪਨੀਆਂ ਕੋਲ ਸਿੰਗਲ ਪ੍ਰੀਮੀਅਮ ਇਕਰਾਰਨਾਮੇ ਵੀ ਹੁੰਦੇ ਹਨ, ਜਿੱਥੇ ਇਕਰਾਰ ਸ਼ੁਰੂ ਹੋਣ ਦੇ ਸਮੇਂ ਹੀ ਇੱਕ ਵਾਰ ਪ੍ਰੀਮੀਅਮ ਦਾ ਭੁਗਤਾਨ ਕਰਨਾ ਹੁੰਦਾ ਹੈ। ਇਹ ਪਾਲਸੀਆਂ ਅਕਸਰ ਨਿਵੇਸ਼ ਕਰਨ ਦੇ ਮਕਸਦ ਲਈ ਹੁੰਦੀਆਂ ਹਨ।

2. ਛੋਟਾਂ

ਜੀਵਨ ਬੀਮਾ ਕੰਪਨੀਆਂ ਦੇਣਯੋਗ ਪ੍ਰੀਮੀਅਮ ਉਤੇ ਕੁਝ ਖਾਸ ਕਿਸਮਾਂ ਦੀਆਂ ਛੋਟਾਂ ਵੀ ਦੇ ਸਕਦੀਆਂ ਹਨ। ਛੋਟਾਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ:

- ✓ ਬੀਮਾ ਕਰਵਾਈ ਰਕਮ ਲਈ
- ✓ ਪ੍ਰੀਮੀਅਮ ਭੁਗਤਾਨ ਦੇ ਢੰਗ ਲਈ

ਬੀਮਾ ਕਰਵਾਈ ਰਕਮ ਲਈ ਛੋਟ

ਬੀਮਾ ਕਰਵਾਈ ਰਕਮ ਲਈ ਛੋਟ ਉਹਨਾਂ ਨੂੰ ਦਿੱਤੀ ਜਾਂਦੀ ਹੈ, ਜਿਹਨਾਂ ਨੇ ਉੱਚ ਧਨ ਰਾਸ਼ੀ ਵਾਲੀਆਂ ਪਾਲਸੀਆਂ ਖਰੀਦੀਆਂ ਹਨ। ਇਹ ਗਾਹਕ ਨੂੰ ਫਾਇਦਾ ਦੇਣ ਦਾ ਢੰਗ ਹੈ, ਜੋ ਕਿ ਬੀਮਾਕਰਤਾ ਨੇ ਉੱਚ ਮੁੱਲ ਪਾਲਸੀਆਂ ਦੀ ਸੇਵਾ ਦੌਰਾਨ ਕਮਾਇਆ ਹੈ। ਤਰਕ ਇਹ ਹੈ ਕਿ 50,000 ਰੁਪਏ ਜਾਂ 5,00,000 ਰੁਪਏ ਦੀ ਪਾਲਸੀ ਉੱਤੇ ਕਾਰਵਾਈ ਲਈ ਯਤਨ ਤੇ ਖ਼ਰਚ ਇੱਕੋ ਹੀ ਹਨ। ਪਰ ਉੱਚ ਬੀਮਾ ਕਰਵਾਈ ਰਕਮ ਪਾਲਸੀਆਂ ਵੱਧ ਪ੍ਰੀਮੀਅਮ ਦਿੰਦੀਆਂ ਹਨ ਅਤੇ ਇਸਕਰਕੇ ਵੱਧ ਫਾਇਦੇ।

ਪ੍ਰੀਮੀਅਮ ਦੇ ਢੰਗ ਲਈ ਛੋਟ

ਇਸੇ ਤਰ੍ਹਾਂ ਪ੍ਰੀਮੀਅਮ ਭੁਗਤਾਨ ਦੇ ਢੰਗ ਲਈ ਵੀ ਛੋਟ ਦਿੱਤੀ ਜਾ ਸਕਦੀ ਹੈ। ਜੀਵਨ ਬੀਮਾ ਕੰਪਨੀਆਂ ਭੁਗਤਾਨ ਕੀਤੇ ਜਾਣ ਵਾਲੇ ਪ੍ਰੀਮੀਅਮ ਨੂੰ ਸਾਲਨਾ, ਛਿਮਾਹੀ, ਤਿਮਾਹੀ ਜਾਂ ਮਹੀਨੇਵਾਰ ਦੇਣ ਦੀ ਇਜ਼ਾਜ਼ਤ ਦੇ ਸਕਦੀਆਂ ਹਨ। ਜਿੰਨੀ ਵਾਰ ਵੱਧ ਭੁਗਤਾਨ ਹੋਵੇਗਾ, ਪ੍ਰੀਮੀਅਮ ਨੂੰ ਇਕੱਤਰ ਕਰਨ ਤੇ ਖਾਤਾ-ਪ੍ਰਬੰਧ ਲਈ ਪ੍ਰਸ਼ਾਸ਼ਕੀ ਖ਼ਰਚੇ ਵੱਧ ਹੋਣਗੇ। ਇਸ ਤੋਂ ਇਲਾਵਾ ਸਾਲਨਾ ਢੰਗ ਵਿੱਚ, ਬੀਮਾਕਰਤਾ ਇਸ ਰਕਮ ਨੂੰ ਪੂਰੇ ਸਾਲ ਲਈ ਵਰਤ ਸਕਦਾ ਹੈ ਅਤੇ ਇਸ ਉੱਤੇ ਵਿਆਜ ਕਮਾ ਸਕਦਾ ਹੈ। ਇਸਕਰਕੇ ਬੀਮਾਕਰਤਾ ਸਾਲਨਾ ਅਤੇ ਛਿਮਾਹੀ ਢੰਗ ਰਾਹੀਂ ਭੁਗਤਾਨ ਲਈ ਉਤਸ਼ਾਹਿਤ ਕਰਨ ਲਈ ਇਹਨਾਂ ਉੱਤੇ ਛੋਟ ਦਿੰਦੇ ਹਨ। ਉਹ ਮਹੀਨੇਵਾਰ ਭੁਗਤਾਨ ਦੇ ਢੰਗ ਉੱਤੇ ਵਾਧੂ ਪ੍ਰਸ਼ਾਸ਼ਕੀ ਲਾਗਤ ਪੂਰੀ ਕਰਨ ਲਈ ਵਾਧੂ ਖ਼ਰਚਾ ਵੀ ਵਸੂਲ ਸਕਦੇ ਹਨ।

3. ਵਾਧੂ ਖ਼ਰਚੇ

ਸਾਰਣੀਬੱਧ ਪ੍ਰੀਮੀਅਮ ਉਹਨਾਂ ਵਿਅਕਤੀਆਂ, ਜੋ ਕਿ ਕਿਸੇ ਮਹੱਤਵਪੂਰਨ ਕਾਰਕਾਂ ਤੋਂ ਪ੍ਰਭਾਵਿਤ ਨਹੀਂ ਹਨ, ਜਿਸ ਲਈ ਕੋਈ ਵਾਧੂ ਜੋਖਿਮ ਨਹੀਂ ਹੋਵੇਗਾ, ਤੋਂ ਵਸੂਲਿਆ ਜਾਂਦਾ ਹੈ। ਉਹਨਾਂ ਨੂੰ ਮਿਆਰੀ ਜੀਵਨ ਮੰਨਿਆ ਜਾਂਦਾ ਹੈ ਅਤੇ ਵਸੂਲੀ ਜਾਂਦੀ ਦਰ ਨੂੰ ਸਧਾਰਨ ਦਰ ਮੰਨਿਆ ਜਾਂਦਾ ਹੈ।

ਜੇ ਬੀਮਾ ਕਰਵਾਉਣ ਵਾਲਾ ਵਿਅਕਤੀ ਕੁਝ ਸਿਹਤ ਸਮੱਸਿਆਵਾਂ ਜਿਵੇਂ ਕਿ ਦਿਲ ਦੀ ਬੀਮਾਰੀ ਜਾਂ ਡਾਇਬਟੀਜ਼ ਤੋਂ ਪੀੜਤ ਹੈ, ਜੋ ਕਿ ਉਸ ਦੀ ਜ਼ਿੰਦਗੀ ਲਈ ਖ਼ਤਰਾ ਹੋ ਸਕਦੀਆਂ ਹਨ ਤਾਂ ਉਸ ਨੂੰ ਅਰਧ-ਮਿਆਰੀ ਮੰਨਿਆ ਜਾਵੇਗਾ। ਬੀਮਾਕਰਤਾ ਸਿਹਤ ਲਈ ਵਾਧੂ ਪ੍ਰੀਮੀਅਮ ਵਸੂਲਣਾ ਦਾ ਫ਼ੈਸਲਾ ਕਰ ਸਕਦਾ ਹੈ। ਇਸੇ ਤਰ੍ਹਾਂ ਰੁਜ਼ਗਾਰ ਵਾਧੂ ਖ਼ਰਚਾ ਉਹਨਾਂ ਵਿਅਕਤੀਆਂ ਲਈ ਲਗਾਇਆ ਜਾ ਸਕਦਾ ਹੈ, ਜਿਹਨਾਂ ਦਾ ਕੰਮ ਖ਼ਤਰਨਾਕ

ਹੋਵੇ ਜਿਵੇਂ ਕਿ ਸਰਕਸ ਵਿੱਚ ਕੰਮ ਕਰਨ ਵਾਲੇ। ਇਹ ਵਾਧੂ ਖ਼ਰਚਿਆਂ ਕਰਕੇ ਸਾਰਣੀ ਵਿੱਚ ਦਿੱਤੇ ਪ੍ਰੀਮੀਅਮ ਤੋਂ ਵੱਧ ਪ੍ਰੀਮੀਅਮ ਹੁੰਦਾ ਹੈ।

ਇਸ ਦੇ ਨਾਲ ਹੀ ਬੀਮਾਕਰਤਾ ਪਾਲਸੀ ਦੇ ਅਧੀਨ ਵਾਧੂ ਫਾਇਦੇ ਦੇ ਸਕਦਾ ਹੈ ਜੋ ਕਿ ਵਾਧੂ ਪ੍ਰੀਮੀਅਮ ਦੇਣ ਉੱਤੇ ਉਪਲੱਬਧ ਹੁੰਦੇ ਹਨ।

**ਉਦਾਹਰਨ**

ਇੱਕ ਬੀਮਾਕਰਤਾ ਦੂਹਰੇ ਦੁਰਘਟਨਾ ਫਾਇਦੇ ਜਾਂ ਡੀ.ਏ.ਬੀ. (ਜ਼ਿਥੇ ਬੀਮਾ ਕਰਵਾਈ ਰਕਮ ਤੋਂ ਦੋਗੁਣਾ ਭੁਗਤਾਨ ਦਾਅਵੇ ਵਜੋਂ ਕੀਤਾ ਜਾਂਦਾ ਹੈ ਜੇ ਮੌਤ ਦੁਰਘਟਨਾ ਕਾਰਨ ਹੋਵੇ) ਦੇ ਸਕਦਾ ਹੈ। ਇਸ ਦੇ ਲਈ ਬੀਮਾ ਕਰਵਾਏ ਗਏ ਹਜ਼ਾਰ ਰੁਪਏ ਪਿੱਛੇ ਇੱਕ ਰੁਪਇਆ ਵੱਧ ਪ੍ਰੀਮੀਅਮ ਵਸੂਲਿਆ ਜਾ ਸਕਦਾ ਹੈ।

ਇਸੇ ਤਰ੍ਹਾਂ ਹੀ ਪੱਕੇ ਤੌਰ ਉੱਤੇ ਅਪੰਗਤਾ (PDB) ਵਜੋਂ ਫਾਇਦਾ ਵੀ ਬੀਮਾ ਕਰਵਾਏ ਹਜ਼ਾਰ ਦੇ ਪਿੱਛੇ ਕੁਝ ਵਾਧੂ ਭੁਗਤਾਨ ਕਰਕੇ ਲਿਆ ਜਾ ਸਕਦਾ ਹੈ।

---

4. **ਪ੍ਰੀਮੀਅਮ ਨਿਰਧਾਰਿਤ ਕਰਨਾ**

ਆਓ ਵੇਖੀਏ ਕਿ ਜੀਵਨ ਬੀਮਾਕਰਤਾ ਦਰਾਂ, ਜੋ ਕਿ ਪ੍ਰੀਮੀਅਮ ਸਾਰਣੀਆਂ ਵਿੱਚ ਦਿੱਤੀਆਂ ਹਨ, ਦਾ ਪਤਾ ਕਿਵੇਂ ਲਗਾਉਂਦੇ ਹਨ। ਇਸ ਕੰਮ ਨੂੰ ਐਕਚੁਰੀ (actuary) ਵਲੋਂ ਕੀਤਾ ਜਾਂਦਾ ਹੈ। ਰਿਵਾਇਤੀ ਜੀਵਨ ਬੀਮਾ ਪਲਾਸੀਆਂ ਜਿਵੇਂ ਕਿ ਮਿਆਦੀ ਬੀਮਾ, ਪੂਰਾ ਜੀਵਨ ਅਤ ਇੰਡਾਊਮੈਂਟ ਦੇ ਕੇਸ ਵਿੱਚ ਪ੍ਰੀਮੀਅਮ ਤਹਿ ਕਰਨ ਲਈ ਹੇਠ ਦਿੱਤੇ ਭਾਗ ਹਨ:

- ✓ ਮੌਤ-ਦਰ
- ✓ ਵਿਆਜ
- ✓ ਪ੍ਰਬੰਧਕੀ ਖਰਚੇ
- ✓ ਰਾਖ਼ਵੀਂ ਰਕਮ
- ✓ ਬੋਨਸ ਲੋਡਿੰਗ

ਚਿੱਤਰ 2 : ਪ੍ਰੀਮੀਅਮ ਦੇ ਭਾਗ




ਪਹਿਲੇ ਦੋ ਭਾਗ ਸਾਨੂੰ ਸ਼ੁੱਧ ਪ੍ਰੀਮੀਅਮ ਦਿੰਦੇ ਹਨ। ਸ਼ੁੱਧ ਪ੍ਰੀਮੀਅਮ ਵਿੱਚ ਹੋਰ ਭਾਗ ਜੋੜ ਕੇ [ਜਿਸ ਨੂੰ 'ਲੋਡਿੰਗ' ਕਿਹਾ ਜਾਂਦਾ ਹੈ] ਅਸੀਂ ਕੁੱਲ ਜਾਂ ਆਫਿਸ ਪ੍ਰੀਮੀਅਮ ਕੱਢਦੇ ਹਾਂ

a) ਮੌਤ-ਦਰ ਅਤੇ ਵਿਆਜ

ਪ੍ਰੀਮੀਅਮ ਵਿੱਚ ਸਭ ਤੋਂ ਪਹਿਲਾਂ ਭਾਗ ਮੌਤ-ਦਰ ਹੈ। ਇਹ ਸੰਭਾਵਨਾ ਜਾਂ ਉਮੀਦ ਹੁੰਦੀ ਹੈ ਕਿ ਕੁਝ ਨਿਸ਼ਚਿਤ ਉਮਰ ਦਾ ਵਿਅਕਤੀ ਦਿੱਤੇ ਸਾਲ ਵਿੱਚ ਮਰ ਜਾਵੇਗਾ। ਵਿਅਕਤੀ ਦੀ ਸੰਭਾਵਿਤ ਮੌਤ ਦਾ ਸਾਲ ਕੱਢਣ ਲਈ "ਮੌਤ-ਦਰ ਸਾਰਣੀਆਂ" ਵਰਤੀਆਂ ਜਾਂਦੀਆਂ ਹਨ।

| ਉਦਾਹਰਨ |
|---|

ਜੇ 35 ਸਾਲ ਦੀ ਉਮਰ ਵਿੱਚ ਮੌਤ ਦਰ 0.0035 ਹੈ ਤਾਂ ਇਸ ਦਾ ਭਾਵ ਹੈ ਕਿ ਹਰੇਕ 1000 ਲੋਕਾਂ ਪਿੱਛੇ, ਜੋ ਕਿ 35 ਸਾਲ ਦੇ ਹੁੰਦੇ ਹਨ, 3.5 (10,000 ਪਿੱਛੇ 35) ਦੀ 35 ਤੋਂ 36 ਸਾਲ ਦੇ ਦੌਰਾਨ ਮਰਨ ਦੀ ਸੰਭਾਵਨਾ ਹੁੰਦੀ ਹੈ।

ਸਾਰਣੀ ਨੂੰ ਵੱਖ-ਵੱਖ ਉਮਰਾਂ ਦੇ ਲਈ ਮੌਤ-ਦਰ ਲਾਗਤ ਕੱਢਣ ਲਈ ਵਰਤਿਆ ਜਾ ਸਕਦਾ ਹੈ। ਉਦਾਹਰਨ ਲਈ ਜੇ 35 ਸਾਲ ਲਈ 0.0035 ਦੀ ਦਰ ਹੈ ਤਾਂ ਬੀਮੇ ਦਾ ਖ਼ਰਚ 0.0035 x 1000 (ਬੀਮਾ ਕਰਵਾਈ ਰਕਮ) = 3.50 ਰੁਪਏ ਪ੍ਰਤੀ ਹਜ਼ਾਰ ਬੀਮਾ ਰਾਸ਼ੀ ਲਈ ਹੋਵੇਗਾ।

ਉੱਤੇ ਦਿੱਤੇ ਖ਼ਰਚ ਨੂੰ "ਜੋਖਿਮ ਪ੍ਰੀਮੀਅਮ" ਵਜੋਂ ਜਾਣਿਆ ਜਾ ਸਕਦਾ ਹੈ। ਵੱਧ ਉਮਰ ਲਈ, ਜੋਖਿਮ ਪ੍ਰੀਮੀਅਮ ਵੱਧ ਹੋਵੇਗਾ।

**ਉਦਾਹਰਨ**

**ਜੇ ਸਾਨੂੰ ਪੰਜ ਸਾਲਾਂ ਦੇ ਬਾਅਦ ਬੀਮੇ ਦੇ ਖ਼ਰਚੇ ਕਰਨ ਲਈ ਹਜ਼ਾਰ ਪਿੱਛੇ 5 ਰੁਪਏ ਦੀ ਲੋੜ ਹੈ ਅਤੇ ਜੇ ਅਸੀਂ ਮੰਨੀਏ ਕਿ 6% ਵਿਆਜ ਦੀ ਦਰ ਹੈ ਤਾਂ ਪੰਜ ਸਾਲਾਂ ਦੇ ਬਾਅਦ ਦੇਣ ਵਾਲੇ 5 ਰੁਪਏ ਦਾ ਮੌਜੂਦਾ ਮੁੱਲ $5 \times 1/(1.06)^5 = 3.74$ ਹੋਵੇਗਾ।**

**ਜੇ 6% ਦੀ ਬਜਾਏ ਅਸੀਂ ਵਿਆਜ ਦਰ 10% ਮੰਨੀਏ ਤਾਂ ਮੌਜੂਦਾ ਮੁੱਲ ਕੇਵਲ 3.10 ਹੋਵੇਗਾ। ਦੂਜੇ ਸ਼ਬਦਾਂ ਵਿੱਚ ਜਿੰਨੀ ਵੱਧ ਵਿਆਜ ਦਰ ਮੰਨੀ ਜਾਵੇਗੀ, ਉਹਨਾਂ ਹੀ ਘੱਟ ਮੌਜੂਦਾ ਮੁੱਲ ਹੋਵੇਗਾ।**

---

**ਮੌਤ-ਦਰ ਅਤੇ ਵਿਆਜ ਦੇ ਸਾਡੇ ਅਧਿਐਨ ਤੋਂ ਅਸੀਂ ਦੋ ਵੱਡੇ ਨਤੀਜੇ ਕੱਢ ਸਕਦੇ ਹਾਂ**

- ✓ **ਮੌਤ-ਦਰ ਸਾਰਣੀ ਵਿੱਚ ਵੱਧ ਮੌਤ ਦਰ ਹੋਣ ਨਾਲ ਪ੍ਰੀਮੀਅਮ ਵੱਧ ਹੋਵੇਗਾ**
- ✓ **ਜਿੰਨੀ ਵੱਧ ਵਿਆਜ ਦਰ ਮੰਨੀ ਜਾਵੇ, ਉਨਾਂ ਹੀ ਪ੍ਰੀਮੀਅਮ ਘੱਟ ਹੋਵੇਗਾ।**

**ਸ਼ੁੱਧ ਪ੍ਰੀਮੀਅਮ**

**ਮੌਤ-ਦਰ ਅਤੇ ਵਿਆਜ ਦੇ ਅੰਦਾਜ਼ੇ "ਸ਼ੁੱਧ ਪ੍ਰੀਮੀਅਮ" ਦਿੰਦੇ ਹਨ।**

**ਕੁੱਲ ਪ੍ਰੀਮੀਅਮ**

**ਕੁੱਲ ਪ੍ਰੀਮੀਅਮ ਨੂੰ ਸ਼ੁੱਧ ਪ੍ਰੀਮੀਅਮ ਵਿੱਚ ਰਕਮ ਜੋੜ ਕੇ ਪ੍ਰਾਪਤ ਕੀਤਾ ਜਾਂਦਾ ਹੈ, ਜਿਸ ਨੂੰ ਲੋਡਿੰਗ ਕਹਿੰਦੇ ਹਨ। ਤਿੰਨ ਵਿਚਾਰ ਜਾਂ ਮਾਰਗ ਦਰਸ਼ਕ ਸਿਧਾਂਤ ਹਨ ਜਿਹਨਾਂ ਨੂੰ ਲੋਡਿੰਗ ਦੀ ਰਕਮ ਪਤਾ ਲਗਾਉਣ ਲਈ ਧਿਆਨ ਵਿੱਚ ਰੱਖਣਾ ਹੁੰਦਾ ਹੈ:**

**b) ਖ਼ਰਚ ਅਤੇ ਰਾਖਵੀਂ ਰਕਮ**

**ਜੀਵਨ ਬੀਮਾਕਰਤਾ ਨੂੰ ਕਈ ਕਿਸਮ ਦੇ ਵੱਖ-ਵੱਖ ਚਲਾਊ ਖ਼ਰਚੇ ਹੋ ਸਕਦੇ ਹਨ, ਜਿਹਨਾਂ ਵਿੱਚ ਹਨ:**

- ✓ **ਏਜੰਟ ਸਿਖਲਾਈ ਅਤੇ ਭਰਤੀ,**
- ✓ **ਏਜੰਟਾਂ ਨੂੰ ਦਲਾਲੀ,**
- ✓ **ਮੁਲਾਜ਼ਮਾਂ ਨੂੰ ਤਨਖਾਹ,**
- ✓ **ਦਫ਼ਤਰ ਲਈ ਕਿਰਾਇਆ**
- ✓ **ਦਫ਼ਤਰੀ ਸਟੇਸ਼ਨਰੀ**
- ✓ **ਬਿਜਲੀ ਖਰਚੇ,**
- ✓ **ਹੋਰ ਫੁਟਕਲ ਖ਼ਰਚੇ ਆਦਿ।**

ਇਹਨਾਂ ਸਭ ਨੂੰ ਬੀਮਾ ਕਰਤਾ ਵਲੋਂ ਇਕੱਤਰ ਕੀਤੇ ਪ੍ਰੀਮੀਅਮ ਰਾਹੀਂ ਹੀ ਦਿੱਤਾ ਜਾਣਾ ਹੁੰਦਾ ਹੈ। ਇਹ ਖ਼ਰਚਿਆਂ ਨੂੰ ਸ਼ੁੱਧ ਪ੍ਰੀਮੀਅਮ ਉੱਤੇ ਢੁਕਵੇਂ ਰੂਪ ਵਿੱਚ ਲੋਡ ਕੀਤਾ ਜਾਂਦਾ ਹੈ।

**c) ਲੈਪਸ ਅਤੇ ਅਚਨਚੇਤ ਸਥਿਤੀਆਂ**

ਖ਼ਰਚਿਆਂ ਤੋਂ ਇਲਾਵਾ, ਜੀਵਨ ਬੀਮਾਕਰਤਾ ਦੇ ਹਿਸਾਬ ਨੂੰ ਕੋਈ ਹੋਰ ਕਾਰਕ ਗ਼ਲਤ ਕਰ ਸਕਦੇ ਹਨ।

ਜੋਖਿਮ ਦੇ ਇੱਕ ਸਰੋਤ ਵਿੱਚ ਲੈਪਸ ਹੋਣਾ ਅਤੇ ਕਢਵਾਉਣਾ ਸ਼ਾਮਿਲ ਹੈ। ਲੈਪਸ ਦਾ ਭਾਵ ਹੈ ਕਿ ਪਾਲਸੀਧਾਰਕ ਨੇ ਪ੍ਰੀਮੀਅਮ ਦਾ ਭੁਗਤਾਨ ਕਰਨਾ ਰੋਕ ਦਿੱਤਾ ਹੈ। ਕਢਵਾਉਣ ਦੇ ਕੇਸ ਵਿੱਚ, ਪਾਲਸੀਧਾਰਕ ਨੇ ਪਾਲਸੀ ਸਮਰਪਿਤ ਕਰ ਦਿੱਤੀ ਹੈ ਅਤੇ ਪਾਲਸੀ ਰਾਹੀਂ ਇਕੱਤਰ ਹੋਏ ਨਕਦ ਮੁੱਲ ਤੋਂ ਰਕਮ ਵਾਪਿਸ ਲੈ ਲਈ ਹੈ।

ਲੈਪਸ ਅਕਸਰ ਪਹਿਲੇ ਤਿੰਨ ਸਾਲਾਂ ਵਿੱਚ ਵਾਪਰਦਾ ਹੈ, ਖਾਸ ਕਰਕੇ ਇਕਰਾਰ ਦੇ ਪਹਿਲੇ ਸਾਲ ਵਿੱਚ।

**d) ਫਾਇਦਾ (ਹਿੱਸੇਦਾਰਾਂ) ਪਾਲਸੀਆਂ ਅਤੇ ਬੋਨਸ ਲੋਡਿੰਗ**

ਜਦੋਂ ਬੀਮਾਕਰਤਾ ਉਲਟ ਹਾਲਤਾਂ ਵਿੱਚ ਵੀ ਪਾਲਸੀਆਂ ਨੂੰ ਝੱਲਣਯੋਗ ਬਣਾਈ ਰੱਖਣ ਲਈ ਬਫ਼ਰ ਬਣਾਉਣ ਵਾਸਤੇ ਪੇਸ਼ਗੀ ਵਿੱਚ ਵੱਧ ਲੋਡਿੰਗ ਵਸੂਲਣ ਦਾ ਅਮਲ ਸ਼ੁਰੂ ਕੀਤਾ ਤਾਂ ਇਸ ਨਾਲ 'ਫਾਇਦੇ ਸਮੇਤ' ਪਾਲਸੀਆਂ ਦਾ ਸਿਧਾਂਤ ਪੈਂਦਾ ਹੋਇਆ। ਜੇ ਤਜਰਬਾ ਲਗਾਤਾਰ ਅਨੁਕੂਲ ਹੋਵੇ ਤਾਂ ਜੀਵਨ ਬੀਮਾਕਰਤਾ ਫਾਇਦੇ ਵਿੱਚੋਂ ਕੁਝ ਨੂੰ ਪਾਲਸੀਧਾਰਕ ਨੂੰ ਬੋਨਸ ਦੇ ਰੂਪ ਵਿੱਚ ਸਾਂਝਾ ਕਰੇਗਾ।

ਸੰਖੇਪ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ:

ਕੁੱਲ ਪ੍ਰੀਮੀਅਮ = ਸ਼ੁੱਧ ਪ੍ਰੀਮੀਅਮ + ਖ਼ਰਚ ਲਈ ਲੋਡਿੰਗ + ਅਚਨਚੇਤੀ ਸਥਿਤੀਆਂ ਲਈ ਲੋਡਿੰਗ + ਬੋਨਸ ਲੋਡਿੰਗ

**ਆਪਣੇ ਆਪ ਨੂੰ ਟੈਸਟ ਕਰੋ 1**

ਪਾਲਸੀ ਲੈਪਸ ਹੋਣ ਦਾ ਕੀ ਭਾਵ ਹੈ?

I. ਪਾਲਸੀਧਾਰਕ ਨੇ ਪਾਲਸੀ ਲਈ ਪ੍ਰੀਮੀਅਮ ਭੁਗਤਾਨ ਪੂਰਾ ਕੀਤਾ ਹੈ

II. ਪਾਲਸੀਧਾਰਕ ਨੇ ਪਾਲਸੀ ਲਈ ਪ੍ਰੀਮੀਅਮ ਭੁਗਤਾਨ ਕਰਨਾ ਬੰਦ ਕਰ ਦਿੱਤਾ ਹੈ

III. ਪਾਲਸੀ ਸੰਪੂਰਨ (ਪਰਿਪੱਕ) ਹੋ ਚੁੱਕੀ ਹੈ

IV. ਪਾਲਸੀ ਨੂੰ ਬਾਜ਼ਾਰ ਵਿੱਚ ਵਾਪਿਸ ਲਿਆ ਗਿਆ

## B. ਬੱਚਤ ਅਤੇ ਬੋਨਸ

### 1. ਵਾਧੂ ਰਾਸ਼ੀ ਅਤੇ ਬੋਨਸ ਦਾ ਪਤਾ ਲਗਾਉਣਾ

ਹਰ ਜੀਵਨ ਬੀਮਾ ਕੰਪਨੀ ਤੋਂ ਉਸ ਦੀਆਂ ਸੰਪਤੀਆਂ ਅਤੇ ਦੇਣਦਾਰੀਆਂ ਦਾ ਨਿਯਮਤ ਤੌਰ ਉੱਤੇ ਮੁਲਾਂਕਣ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਇੰਝ ਦੇ ਮੁਲਾਂਕਣ ਦੇ ਦੋ ਮਕਸਦ ਹੁੰਦੇ ਹਨ:

i. ਜੀਵਨ ਬੀਮਾਕਰਤਾ ਦੀ ਵਿੱਤੀ ਸਥਿਤੀ ਦਾ ਪਤਾ ਲਗਾਉਣਾ ਅਤੇ ਲਗਾਉਣਾ ਕਿ ਕੀ ਇਹ ਕਰਜ਼ ਲਹਾਉਣਯੋਗ ਹੈ ਜਾਂ ਨਹੀਂ
ii. ਪਤਾ ਲਗਾਉਣ ਲਈ ਕਿ ਪਾਲਸੀਧਾਰਕਾਂ/ ਸ਼ੇਅਰ ਧਾਰਕਾਂ ਵਿਚਾਲੇ ਵੰਡਣ ਲਈ ਵਾਧੂ ਰਾਸ਼ੀ ਹੈ

**ਪਰਿਭਾਸ਼ਾ**

ਬੱਚਤ (ਸਰਪਲੱਸ) ਦੇਣਦਾਰੀਆਂ ਦੇ ਮੁੱਲ ਤੋਂ ਉੱਤੇ ਸੰਪਤੀਆਂ ਦਾ ਵਾਧੂ ਮੁੱਲ ਹੈ। ਜੇ ਇਹ ਰਿਣਾਤਮਕ ਹੈ ਤਾਂ ਇਹ ਦਬਾਅ (ਸਟਰੇਨ) ਵਜੋਂ ਜਾਣਿਆ ਜਾਂਦਾ ਹੈ।

---

ਆਓ ਵੇਖੀਏ ਕਿ ਜੀਵਨ ਬੀਮਾ ਪਾਲਸੀਆਂ ਵਿੱਚ ਕੰਪਨੀ ਦੇ ਫਾਇਦੇ ਤੋਂ ਵਾਧੂ ਰਾਸ਼ੀ (ਸਰਪਲੱਸ) ਵੱਖਰੀ ਕਿਵੇਂ ਹੈ।

ਕੰਪਨੀਆਂ ਆਮ ਤੌਰ ਉੱਤੇ ਦੋ ਢੰਗਾਂ ਨਾਲ ਫਾਇਦਾ ਸੋਚਦੀਆਂ ਹਨ। ਪਹਿਲਾਂ, ਦਿੱਤੇ ਗਏ ਲੇਖਾ ਸਮੇਂ ਦੇ ਦੌਰਾਨ ਖ਼ਰਚ ਤੋਂ ਉੱਤੇ ਵਾਧੂ ਹੋਣ ਵਾਲੀ ਆਮਦਨ ਨੂੰ ਲਾਭ ਕਿਹਾ ਜਾਂਦਾ ਹੈ, ਇਹ ਲਾਭ ਅਤੇ ਹਾਨੀ ਖਾਤੇ ਦਾ ਭਾਗ ਬਣਦੀ ਹੈ। ਫਾਇਦਾ ਕੰਪਨੀ ਦੇ ਬੈਲੇਂਸ ਸ਼ੀਟ ਦਾ ਭਾਗ ਵੀ ਬਣਦਾ ਹੈ - ਇਸ ਨੂੰ ਦੇਣਦਾਰੀਆਂ ਤੋਂ ਵੱਧ ਸੰਪਤੀਆਂ ਦੇ ਵਜੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਦੋਵੇ ਹਾਲਤਾਂ ਵਿੱਚ ਫਾਇਦਿਆਂ ਨੂੰ ਵਹੀਖਾਤੇ ਦੇ ਅੰਤਰਾਲ ਦੇ ਅੰਤ ਉੱਤੇ ਪਤਾ ਕੀਤਾ ਜਾਂਦਾ ਹੈ।

ਵਾਧੂ ਰਾਸ਼ੀ = ਸੰਪਤੀਆਂ - ਦੇਣਦਾਰੀਆਂ

ਆਓ ਸਮਝੀਏ ਕਿ ਜੀਵਨ ਬੀਮੇ ਵਿੱਚ ਦੇਣਦਾਰੀ ਦਾ ਕੀ ਅਰਥ ਹੈ। ਦਿੱਤੀਆਂ ਜੀਵਨ ਬੀਮਾ ਪਾਲਸੀਆਂ ਵਿੱਚ ਜੀਵਨ ਬੀਮਾਕਰਤਾ ਨੇ ਭਵਿੱਖ ਦੇ ਦਾਅਵਿਆਂ, ਖ਼ਰਚਿਆਂ ਤੇ ਹੋਰ ਆਸ ਕੀਤੇ ਭੁਗਤਾਨ, ਜੋ ਕਿ ਦੇਣੇ ਪੈ ਸਕਦੇ ਹਨ, ਨੂੰ ਪੂਰਨ ਲਈ ਪ੍ਰਬੰਧ ਕਰਨਾ ਹੁੰਦਾ ਹੈ। ਬੀਮਾਕਰਤਾ ਇਹ ਪਾਲਸੀਆਂ ਲਈ ਭਵਿੱਖ ਵਿੱਚ ਪ੍ਰੀਮੀਅਮ ਵਸੂਲਣ ਦੀ ਆਸ ਵੀ ਰੱਖਦਾ ਹੈ।

ਇਸਕਰਕੇ ਦੇਣਦਾਰੀਆਂ ਸਾਰੇ ਭੁਗਤਾਨਾਂ ਦਾ ਮੌਜੂਦਾ ਮੁੱਲ ਹਨ, ਜਿਸ ਵਿੱਚੋਂ ਇਹਨਾਂ ਪਾਲਸੀਆਂ ਉੱਤੇ ਮਿਲਣ ਵਾਲੇ ਆਸ ਕੀਤੇ ਪ੍ਰੀਮੀਅਮਾਂ ਦੇ ਮੌਜੂਦਾਂ ਮੁੱਲਾਂ ਨੂੰ ਘਟਾਇਆ ਜਾਂਦਾ ਹੈ। ਮੌਜੂਦਾ ਮੁੱਲ ਨੂੰ ਛੋਟ ਦੀ ਵਾਜਬ ਦਰ [ਵਿਆਜ ਦਰ] ਨੂੰ ਲਾਗੂ ਕਰਕੇ ਕੱਢਿਆ ਜਾਂਦਾ ਹੈ।

ਜਦੋਂ ਜੀਵਨ ਬੀਮਾਕਰਤਾ ਦਾ ਅਸਲ ਅਨੁਭਵ ਅਨੁਮਾਨਿਤ ਤੋਂ ਬਿਹਤਰ ਹੋਵੇ ਤਾਂ ਵਾਧੂ ਰਾਸ਼ੀ ਪੈਦਾ ਹੁੰਦੀ ਹੈ। ਜੀਵਨ ਬੀਮਾ ਕਰਤਾ ਦੀ ਇਹਨਾਂ ਫਾਇਦਿਆਂ ਨੂੰ ਲਾਭ ਸਹਿਤ ਪਾਲਸੀਆਂ ਵਿੱਚ ਬੀਮਾ ਧਾਰਕਾਂ ਨਾਲ ਸਾਂਝਾ ਕਰਨ ਦੀ ਜ਼ੁੰਮੇਵਾਰੀ ਹੁੰਦੀ ਹੈ।

**ਉਦਾਹਰਨ**

**XYZ ਕੰਪਨੀ ਦਾ 31 ਮਾਰਚ 2013 ਤੱਕ ਦੇ ਫਾਇਦੇ ਉਸ ਤਾਰੀਖ ਉੱਤੇ ਇਸ ਦੀ ਆਮਦਨ ਵਿੱਚੋਂ ਖ਼ਰਚ ਜਾਂ ਇਸ ਦੀ ਸੰਪਤੀ ਵਿੱਚੋਂ ਦੇਣਦਾਰੀਆਂ ਘੱਟ ਕੀਤੀਆਂ ਹੁੰਦੇ ਹਨ।**

**ਦੋਵੇਂ ਮੌਕਿਆਂ ਉੱਤੇ, ਫਾਇਦਾ ਸਪਸ਼ਟ ਰੂਪ ਵਿੱਚ ਪਰਿਭਾਸ਼ਿਤ ਹੁੰਦਾ ਹੈ ਅਤੇ ਪਤਾ ਹੁੰਦਾ ਹੈ।**

**2. ਬੋਨਸ**


**ਬੀਮਾਕਰਤਾ ਇਹ ਵੰਡਣਯੋਗ ਬੱਚਤ ਦਾ ਐਲਾਨ ਕਰਦਾ ਹੈ ਅਤੇ ਇਸ ਨੂੰ ਪਾਲਸੀਧਾਰਕ ਤੇ ਕੰਪਨੀ ਦੇ ਸ਼ੇਅਰਧਾਰਕਾਂ [ਜੇ ਕੋਈ ਹੋਣ] ਦੇ ਵਿਚਾਲੇ ਬੋਨਸ ਦੇ ਰੂਪ ਵਿੱਚ ਵੰਡਦਾ ਹੈ। ਭਾਰਤ, ਬਰਤਾਨੀਆ ਅਤੇ ਹੋਰ ਦੇਸ਼ਾਂ ਵਿੱਚ ਵਾਧੂ ਰਕਮ (ਬੱਚਤ) ਨੂੰ ਵੰਡਣਾ ਹਰਮਨਪਿਆਰਾ ਹੈ।**

**ਬੋਨਸ ਨੂੰ ਇਕਰਾਰਨਾਮੇ ਦੇ ਅਧੀਨ ਮੁੱਢਲੇ ਫਾਇਦੇ ਦੇ ਨਾਲ ਜੋੜਨ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ। ਖਾਸ ਤੌਰ ਉੱਤੇ ਇਹ ਮੁੱਢਲੀ ਬੀਮਾ ਕਰਵਾਈ ਰਕਮ ਜਾਂ ਹਰੇਕ ਸਾਲ ਮੁੱਢਲੀ ਪੈਨਸ਼ਨ ਦੇ ਨਾਲ ਜੋੜ ਕੇ ਦਰਸਾਇਆ ਜਾ ਸਕਦਾ ਹੈ। ਇਸ ਨੂੰ ਦਰਸਾਇਆ ਜਾਂਦਾ ਹੈ ਜਿਵੇਂ ਕਿ ਰੁ. 60 ਰੁਪਏ ਪ੍ਰਤੀ ਹਜ਼ਾਰ ਬੀਮਾ ਕਰਵਾਈ ਰਕਮ ਲਈ ਹੋਵੇਗਾ**

**ਬੋਨਸ ਦਾ ਸਭ ਤੋਂ ਸਾਂਝਾ ਰੂਪ ਰਿਵਰਸ਼ਨਰੀ ਬੋਨਸ ਹੈ। ਇੱਕ ਵਾਰ ਇਹ ਐਲਾਨ ਕੀਤਾ ਬੋਨਸ ਵਾਧਾ ਜੋ ਕਿ ਹਰ ਸਾਲ ਕੀਤਾ ਜਾਂਦਾ ਹੈ, ਜਦੋਂ ਇੱਕ ਵਾਰ ਪਾਲਸੀ ਨਾਲ ਜੋੜ ਦਿੱਤਾ ਤਾਂ ਇਸ ਨੂੰ ਵਾਪਸ ਨਹੀਂ ਲਿਆ ਜਾ ਸਕਦਾ ਹੈ। ਇਹਨਾਂ ਨੂੰ 'ਉਤਰਾਧਿਕਾਰ' ਬੋਨਸ ਕਿਹਾ ਜਾਂਦਾ ਹੈ, ਕਿਉਂਕਿ ਇਸ ਨੂੰ ਮੌਤ ਰਾਹੀਂ ਦਾਅਵੇ ਜਾਂ ਪਰਿਪੱਕਤਾ ਸਮੇਂ ਹੀ ਲਿਆ ਜਾ ਸਕਦਾ ਹੈ। ਬੋਨਸ ਪਾਲਸੀ ਸਮਰਪਨ ਕਰਨ ਉੱਤੇ ਵੀ ਦੇਣਯੋਗ ਹੋ ਸਕਦਾ ਹੈ, ਜੇ ਪਾਲਸੀ ਇਕਰਾਰ ਦੇ ਤਹਿਤ ਘੱਟੋ-ਘੱਟ ਮਿਆਦ [ਕਹਿ ਲਵੋ 5 ਸਾਲ] ਪੂਰੀ ਕਰ ਚੁੱਕੀ ਹੋਵੇ।**

**ਰਿਵਰਸ਼ਨਰੀ ਬੋਨਸ ਦੀਆਂ ਕਿਸਮਾਂ**

**ਚਿੱਤਰ 3 : ਰਿਵਰਸ਼ਨਰੀ ਬੋਨਸ ਦੀਆਂ ਕਿਸਮਾਂ**



i. ਸਧਾਰਨ ਰਿਵਰਸ਼ਨਰੀ ਬੋਨਸ

ਇਸ ਬੋਨਸ ਨੂੰ ਇਕਰਾਰ ਦੇ ਅਧੀਨ ਮੁੱਢਲੇ ਨਕਦ ਫਾਇਦੇ ਦੇ ਫੀਸਦੀ ਵਜੋਂ ਦਰਸਾਇਆ ਜਾਂਦਾ ਹੈ। ਉਦਾਹਰਨ ਲਈ ਭਾਰਤ ਵਿੱਚ ਇਸ ਨੂੰ ਬੀਮਾ ਕਰਵਾਈ ਗਈ ਰਕਮ ਦੇ ਹਜ਼ਾਰ ਪਿੱਛੇ ਰਕਮ ਵਜੋਂ ਐਲਾਨਿਆ ਜਾਂਦਾ ਹੈ।

ii. ਮਿਸ਼ਰਿਤ ਬੋਨਸ

ਇੱਥੇ ਕੰਪਨੀ ਵਲੋਂ ਮੂਲ ਫਾਇਦੇ ਦੇ ਫੀਸਦੀ ਅਤੇ ਪਹਿਲਾਂ ਹੀ ਜਾਰੀ ਬੋਨਸ ਵਜੋਂ ਹੀ ਬੋਨਸ ਐਲਾਨਿਆ ਜਾਂਦਾ ਹੈ। ਇਸਕਰਕੇ ਇਹ ਬੋਨਸ ਉੱਤੇ ਬੋਨਸ ਹੁੰਦਾ ਹੈ। ਇਸ ਨੂੰ ਬੀਮਾ ਕਰਵਾਈ ਰਕਮ ਦੇ @8% ਅਤੇ ਪਹਿਲਾਂ ਜਾਰੀ ਕੀਤੇ ਬੋਨਸ ਦੇ ਜੋੜ ਵਜੋਂ ਦਰਸਾਇਆ ਜਾਂਦਾ ਹੈ।

iii. ਟਰਮੀਨਲ ਬੋਨਸ

ਜਿਵੇਂ ਕਿ ਨਾਂ ਦਰਸਾਉਂਦਾ ਹੈ, ਇਹ ਬੋਨਸ ਨੂੰ ਇਕਰਾਰ ਦੇ ਖਤਮ ਹੋਣ ਉੱਤੇ ਜਾਰੀ ਕੀਤਾ ਜਾਂਦਾ ਹੈ, ਜਦੋਂ ਇਹ ਖ਼ਤਮ ਹੁੰਦਾ ਹੈ [ਮੌਤ ਜਾਂ ਪਰਿਪੱਕਤਾ ਉੱਤੇ]। ਇਹ ਆਉਣ ਵਾਲੇ ਸਾਲ ਵਿੱਚ ਕੀਤੇ ਜਾਣ ਵਾਲੇ ਦਾਅਵਿਆਂ ਲਈ ਹੀ ਲਾਗੂ ਹੁੰਦਾ ਹੈ। ਇਸਕਰਕੇ 2013 ਵਿੱਚ ਐਲਾਨਿਆ ਟਰਮੀਨਲ ਬੋਨਸ ਕੇਵਲ 2013-14 ਦੇ ਦੌਰਾਨ ਕੀਤੇ ਗਏ ਦਾਅਵਿਆਂ ਲਈ ਹੀ ਲਾਗੂ ਹੋਵੇਗਾ ਅਤੇ ਇਸ ਤੋਂ ਬਾਅਦ ਦੇ ਸਾਲਾਂ ਲਈ ਨਹੀਂ। ਟਰਮੀਨਲ ਬੋਨਸ ਇਕਰਾਰ ਦੀ ਮਿਆਦ ਉੱਤੇ ਨਿਰਭਰ ਕਰਦਾ ਹੈ ਅਤੇ ਇਸ ਦੇ ਨਾਲ ਵੱਧਦਾ ਹੈ। 25 ਸਾਲ ਚੱਲਣ ਵਾਲੇ ਇਕਰਾਰ ਲਈ 15 ਸਾਲ ਚੱਲਣ ਵਾਲੇ ਇਕਰਾਰ ਨਾਲੋਂ ਟਰਮੀਨਲ ਬੋਨਸ ਵੱਧ ਹੋਵੇਗਾ।

3. ਯੋਗਦਾਨ ਢੰਗ

ਬੱਚਤ ਨੂੰ ਵੰਡਣ ਦਾ ਇੱਕ ਹੋਰ ਢੰਗ ਹੈ, ਜਿਸ ਨੂੰ ਉੱਤਰੀ ਅਮਰੀਕਾ ਵਿੱਚ "ਯੋਗ" ਢੰਗ ਵਜੋਂ ਜਾਣਿਆ ਜਾਂਦਾ ਹੈ। ਇੱਥੇ ਵਾਧੂ ਰਕਮ (ਬੱਚਤ) ਮੌਤ-ਦਰ, ਵਿਆਜ ਅਤੇ ਖ਼ਰਚੇ ਦੇ ਸੰਬੰਧ ਵਿੱਚ ਪੂਰੇ ਸਾਲ ਦੌਰਾਨ ਵਾਪਰਨ ਦੀ ਕੀਤੀ ਆਸ ਅਤੇ ਅਸਲ ਵਿੱਚ ਵਾਪਰਨ ਦੇ ਵਿਚਾਲੇ ਅੰਤਰ ਹੈ, ਜਿਸ ਨੂੰ ਐਲਾਨ ਕੀਤਾ ਅਤੇ ਲਾਂਭਾਂਸ਼ ਵਜੋਂ ਵੰਡਿਆ ਜਾਂਦਾ ਹੈ।

ਲਾਂਭਾਸ਼ ਨੂੰ ਨਕਦ, ਭਵਿੱਖ ਦੇ ਪ੍ਰੀਮੀਅਮਾਂ ਨੂੰ ਅਡਜੱਸਟ/ਘਟਾਉਣ ਨਾਲ, ਪਾਲਸੀ ਵਿੱਚ ਗ਼ੈਰ-ਜ਼ਬਤੀ ਭੁਗਤਾਨ ਜੋੜ ਕੇ ਜਾਂ ਪਾਲਸੀ ਦੇ ਕਰੈਡਿਟ ਵਿੱਚ ਇਕੱਤਰ ਕੀਤਾ ਜਾ ਸਕਦਾ ਹੈ।

4. ਯੂਨਿਟ ਲਿੰਕ ਕੀਤੀਆਂ ਪਾਲਸੀਆਂ

ULIP ਪਾਲਸੀਆਂ ਦੀ ਕੀਮਤ ਦੇ ਸਿਧਾਂਤ ਤੇ ਹੋਰ ਫ਼ੀਚਰਾਂ ਨੂੰ ਪਾਠ ਵਿੱਚ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ।

**ਸਾਰ**

- ਸੌਖੇ ਰੂਪ ਵਿੱਚ, ਮਿਆਦੀ ਪ੍ਰੀਮੀਅਮ ਕੀਮਤ ਨੂੰ ਦਰਸਾਉਂਦਾ ਹੈ, ਜੋ ਕਿ ਬੀਮਤ ਵਲੋਂ ਬੀਮਾ ਪਾਲਸੀਆਂ ਖਰੀਦਣ ਲਈ ਭੁਗਤਾਨ ਕੀਤੀ ਜਾਂਦੀ ਹੈ।

- ਜੀਵਨ ਬੀਮਾ ਪਾਲਸੀਆਂ ਲਈ ਪ੍ਰੀਮੀਅਮ ਤਹਿ ਕਰਨ ਦੀ ਕਾਰਵਾਈ ਵਿੱਚ ਮੌਤ-ਦਰ, ਵਿਆਜ, ਪ੍ਰਬੰਧਕੀ ਖ਼ਰਚੇ ਅਤੇ ਰਾਖਵਾਂ ਧਨ ਦੇ ਬਾਰੇ ਵਿਚਾਰ ਕਰਨਾ ਸ਼ਾਮਿਲ ਹੈ।
- ਕੁੱਲ ਪ੍ਰੀਮੀਅਮ ਨੂੰ ਸ਼ੁੱਧ ਪ੍ਰੀਮੀਅਮ ਵਿੱਚ ਰਕਮ ਜੋੜ ਕੇ ਪ੍ਰਾਪਤ ਕੀਤਾ ਜਾਂਦਾ ਹੈ, ਜਿਸ ਨੂੰ ਲੋਡਿੰਗ ਕਹਿੰਦੇ ਹਨ।
- ਲੈਪਸ ਦਾ ਭਾਵ ਹੈ ਕਿ ਪਾਲਸੀਧਾਰਕ ਨੇ ਪ੍ਰੀਮੀਅਮ ਦਾ ਭੁਗਤਾਨ ਕਰਨਾ ਰੋਕ ਦਿੱਤਾ ਹੈ। ਕਢਵਾਉਣ ਦੇ ਕੇਸ ਵਿੱਚ, ਪਾਲਸੀਧਾਰਕ ਨੇ ਪਾਲਸੀ ਸਮਰਪਿਤ ਕਰ ਦਿੱਤੀ ਹੈ ਅਤੇ ਪਾਲਸੀ ਵਿੱਚ ਇਕੱਤਰ ਹੋਏ ਨਕਦ ਮੁੱਲ ਤੋਂ ਰਕਮ ਵਾਪਿਸ ਲੈ ਲਈ ਹੈ।
- ਜੀਵਨ ਬੀਮਾਕਰਤਾ ਦੇ ਅਸਲ ਅਨੁਭਵ ਜਦੋਂ ਅਨੁਮਾਨ ਤੋਂ ਵਧੀਆ ਹੁੰਦੇ ਹਨ ਤਾਂ ਵਾਧੂ ਰਕਮ ਉਤਪੰਨ ਹੁੰਦਾ ਹੈ।
- ਬੱਚਤ ਵੰਡ ਸਮਰੱਥ ਯੋਗ ਹੋਣ ਦੀਆਂ ਲੋੜਾਂ ਦੇ ਪ੍ਰਬੰਧ, ਮੁਕਤ ਸੰਪਤੀ ਵਧਾਉਣ ਆਦਿ ਲਈ ਕੀਤੀ ਜਾਂਦੀ ਹੈ।
- ਬੋਨਸ ਦਾ ਸਭ ਤੋਂ ਸਾਂਝਾ ਰੂਪ ਹੈ ਰਿਵਰਸ਼ਨਰੀ ਬੋਨਸ ਹੈ।

## ਮੁੱਖ ਸ਼ਬਦ

1. ਪ੍ਰੀਮੀਅਮ
2. ਛੋਟ
3. ਬੋਨਸ
4. ਬੱਚਤ
5. ਰਾਖਵੀਂ ਰਕਮ
6. ਲੋਡਿੰਗ
7. ਰਿਵਰਸ਼ਨਰੀ ਬੋਨਸ

## ਸਵੈ ਜਾਂਚ ਦੇ ਜਵਾਬ

**ਜਵਾਬ 1 - ਸਹੀ ਚੋਣ II ਹੈ।**

# ਪਾਠ L-07

# ਜੀਵਨ ਬੀਮਾ ਦਸਤਾਵੇਜ਼

**ਪਾਠ ਜਾਣ-ਪਛਾਣ**

**ਅਸੀਂ ਪਾਠ 7 ਵਿੱਚ ਵੇਖ ਚੁੱਕੇ ਹਾਂ ਕਿ ਬੀਮਾ ਉਦਯੋਗ ਨੂੰ ਵੱਡੀ ਗਿਣਤੀ ਵਿੱਚ ਫ਼ਾਰਮਾਂ ਤੇ ਦਸਤਾਵੇਜ਼ਾਂ ਨਾਲ ਕੰਮ ਕਰਨਾ ਹੁੰਦਾ ਹੈ। ਕੁਝ ਖਾਸ ਦਸਤਾਵੇਜ਼ ਸਿਰਫ਼ ਜੀਵਨ ਬੀਮੇ ਨਾਲ ਸੰਬੰਧਿਤ ਹਨ, ਜਿਨ੍ਹਾਂ ਬਾਰੇ ਇਸ ਪਾਠ ਵਿੱਚ ਵਿਚਾਰ ਕੀਤਾ ਜਾਂਦਾ ਹੈ। ਇਸ ਪਾਠ ਵਿੱਚ ਅਸੀਂ ਪਾਲਸੀ ਦਸਤਾਵੇਜ਼ਾਂ ਵਿੱਚ ਮੌਜੂਦ ਮੁੱਖ ਪ੍ਰਬੰਧਾਂ ਬਾਰੇ ਵਿਚਾਰ ਕਰਾਂਗੇ। ਛੋਟ ਦੀ ਮਿਆਦ, ਪਾਲਸੀ ਲੈਪਸ ਅਤੇ ਗ਼ੈਰ-ਜ਼ਬਤੀ ਦੇ ਨਾਲ ਸੰਬੰਧਿਤ ਵਿਧਾਨ ਤੇ ਹੋਰ ਸਹੂਲਤਾਂ ਬਾਰੇ ਵੀ ਵਿਚਾਰ ਕੀਤੀ ਜਾਂਦੀ ਹੈ।**

**ਸਿੱਖਣ ਦੇ ਨਤੀਜੇ**

A. **ਪੇਸ਼ਕਸ਼ ਪੜਾਅ ਦਸਤਾਵੇਜ਼**

B. **ਪਾਲਸੀ ਪੜਾਅ ਦਸਤਾਵੇਜ਼**

C. **ਪਾਲਸੀ ਸ਼ਰਤਾਂ ਅਤੇ ਸਹੂਲਤਾਂ**

**A. ਪੇਸਕਸ਼ ਪੜਾਅ ਦਸਤਾਵੇਜ਼**

**ਪਾਠ 7 ਵਿੱਚ ਪ੍ਰਾਸਪੈਕਟਸ ਤੇ ਪੇਸ਼ਕਸ਼ ਫਾਰਮ ਬਾਰੇ ਵਿਚਾਰ ਕੀਤੇ ਆਮ ਨੁਕਤਿਆਂ ਤੋਂ ਇਲਾਵਾ ਕੁਝ ਹੋਰ ਨੁਕਤੇ ਵੀ ਹਨ, ਜੋ ਕਿ ਜੀਵਨ ਬੀਮਾਕਰਤਾ ਨੂੰ ਸਮਝਣੇ ਜ਼ਰੂਰੀ ਹਨ।**

**ਪ੍ਰਾਸਪੈਕਟ: ਬੀਮੇ ਵਿੱਚ, 'ਪ੍ਰਾਸਪੈਕਟਸ (prospectus)' ਦਾ ਭਾਵ ਬੀਮਾਕਰਤਾ ਵਲੋਂ ਬੀਮਾ ਉਤਪਾਦ ਵੇਚਣ ਜਾਂ ਪ੍ਰਚਾਰ ਕਰਨ ਲਈ ਕਾਗਜ਼ੀ, ਇਲੈਕਟ੍ਰੋਨਿਕ ਜਾਂ ਹੋਰ ਰੂਪ ਵਿੱਚ ਜਾਰੀ ਕੀਤਾ ਦਸਤਾਵੇਜ਼ ਹੈ। ਬੀਮਾ ਉਤਪਾਦ ਦੇ ਪ੍ਰਾਸਪੈਕਟਸ ਵਿੱਚ ਸਪਸ਼ਟ ਰੂਪ ਵਿੱਚ ਦਿੱਤਾ ਹੋਣਾ ਚਾਹੀਦਾ ਹੈ:**

**(a) ਅਥਾਰਟੀ ਵਲੋਂ ਸੰਬੰਧਿਤ ਬੀਮਾ ਉਤਪਾਦ ਲਈ ਜਾਰੀ ਕੀਤਾ ਵਿਲੱਖਣ ਪਛਾਣ ਨੰਬਰ (UIN):**

**(b) ਫਾਇਦਿਆਂ ਦੀ ਗੁੰਜ਼ਾਇਸ਼;**

**(c) ਬੀਮਾ ਸੁਰੱਖਿਆ ਦੀ ਹੱਦ;**

**(D) ਬੀਮਾ ਕਵਰ ਲਈ ਵੇਰਵੇ ਸਮੇਤ ਵਾਰੰਟੀਆਂ, ਅਲਹਿਦਗੀਆਂ/ਛੋਟਾਂ ਅਤੇ ਸ਼ਰਤਾਂ।**

**ਪ੍ਰਾਸਪੈਕਟਸ ਵਿੱਚ ਇਹ ਵੀ ਹੋਣੇ ਚਾਹੀਦੇ ਹਨ:**

**(a) ਬੀਮੇ ਵਲੋਂ ਸੁਰੱਖਿਆ ਦਿੱਤੀ ਘਟਨਾ ਜਾਂ ਘਟਨਾਵਾਂ ਦਾ ਵਰਣਨ;**

**(b) ਇੰਝ ਦੇ ਪ੍ਰਾਸਪੈਕਟਸ ਦੀਆਂ ਸ਼ਰਤਾਂ ਅਧੀਨ ਬੀਮੇ ਲਈ ਪਾਤਰ ਜੀਵਨ ਦੇ ਵਰਗ ਜਾਂ ਜਾਇਦਾਦ।**

**ਜੀਵਨ ਬੀਮੇ ਵਿੱਚ, ਪ੍ਰਾਸਪੈਕਟਸ ਵਿੱਚ ਉਤਪਾਦ ਉੱਤੇ ਮੰਨਣਯੋਗ ਰਾਈਡਰ (ਜਿਸ ਨੂੰ ਸਿਹਤ ਅਤੇ ਜਰਨਲ ਬੀਮੇ ਵਿੱਚ ਐਡ-ਆਨ ਕਵਰ ਵੀ ਕਹਿੰਦੇ ਹਨ) ਅਤੇ ਉਹਨਾਂ ਦੇ ਫਾਇਦਿਆਂ ਬਾਰੇ ਵੀ ਜ਼ਿਕਰ ਹੋਣਾ ਚਾਹੀਦਾ ਹੈ।**

**ਪੇਸ਼ਕਸ਼ ਫਾਰਮ: ਜੀਵਨ ਬੀਮੇ ਦੇ ਸੰਬੰਧ ਵਿੱਚ, ਪੇਸ਼ਕਰਤਾ ਦੇ ਪਰਿਵਾਰਿਕ ਮੈਂਬਰਾਂ (ਮਾਪਿਆਂ ਸਮੇਤ) ਦੀ ਲੰਮੀ ਉਮਰ, ਸਿਹਤ ਸਥਿਤੀ ਤੇ ਉਹਨਾਂ ਨੂੰ ਕੋਈ ਲੰਮੇ ਸਮੇਂ ਦੀ ਬੀਮਾਰੀ ਬਾਰੇ ਵੇਰਵੇ ਪੇਸ਼ਕਸ਼ ਫਾਰਮ ਰਾਹੀ ਇਕੱਤਰ ਕੀਤੇ ਜਾਂਦੇ ਹਨ। ਉਤਪਾਦ ਦੇ ਮੁਤਾਬਕ, ਬੀਮੇ ਲਈ ਜੀਵਨ ਪੇਸ਼ਕਰਤਾ ਦੇ ਡਾਕਟਰੀ ਵੇਰਵੇ, ਬੀਮਾਰੀ ਅਤੇ ਨਿੱਜੀ ਆਦਤਾਂ ਦੇ ਬਾਰੇ ਵੀ ਪੁੱਛਿਆ ਜਾ ਸਕਦਾ ਹੈ। ਪੇਸ਼ਕਸ਼ ਫਾਰਮ ਦਸਤਾਵੇਜ਼ ਰਾਹੀਂ ਬੀਮਾਕਰਤਾ ਪੇਸ਼ਕਰਤਾ ਤੋਂ ਉਸ ਨੂੰ ਲੋੜੀਂਦੀ ਸਾਰੀ ਜਾਣਕਾਰੀ ਲੈਂਦਾ ਹੈ।**

**ਬੀਮਾ ਕਨੂੰਨ ਦੇ ਸੈਕਸ਼ਨ 45 ਵਿੱਚ ਦਿੱਤਾ ਗਿਆ ਹੈ ਕਿ ਤਿੰਨ ਸਾਲ ਲੰਘਣ ਉਪਰੰਤ ਪਾਲਸੀ ਨੂੰ ਗਲਤ-ਬਿਆਨੀ ਦੇ ਆਧਾਰ ਉੱਤੇ ਜਾਂਚਿਆ ਨਹੀਂ ਜਾ ਸਕੇਗਾ। ਏਜੰਟਾਂ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਹੈ ਕਿ ਉਹ ਪੇਸ਼ਕਰਤਾ ਨੂੰ ਪੇਸ਼ਕਸ਼ ਫਾਰਮ/ ਮੈਡੀਕਲ ਫਾਰਮ ਆਦ ਵਿੱਚ ਸਾਰੇ ਸਵਾਲਾਂ ਦੇ ਜਵਾਬ ਸਚਾਈ ਨਾਲ ਦੇਣ ਲਈ ਮਾਰਗ ਦਰਸ਼ਨ ਕਰਨ ਅਤੇ ਉਹਨਾਂ ਨੂੰ ਸੈਕਸ਼ਨ 45 ਦੀਆਂ ਸ਼ਰਤਾਂ ਮੁਤਾਬਕ ਇੰਝ ਨਾ ਕਰਨ ਦੇ ਨਤੀਜਿਆਂ ਬਾਰੇ ਸਲਾਹ ਦੇਣ।**

ਜੀਵਨ ਬੀਮੇ ਦੇ ਪੇਸ਼ਕਸ਼ ਫਾਰਮ ਵਿੱਚ ਕਨੂੰਨ ਦੇ ਸੈਕਸ਼ਨ 45 ਦੀਆਂ ਲੋੜਾਂ ਬਾਰੇ ਦੱਸਿਆ ਹੋਣਾ ਚਾਹੀਦਾ ਹੈ। ਜੀਵਨ ਬੀਮਾ ਕਵਰ ਲੈਣ ਲਈ ਪੇਸ਼ਕਸ਼ ਫਾਰਮ ਵਿੱਚ ਸਵਾਲਾਂ ਦੇ ਜਵਾਬ ਦੇਣ ਦੌਰਾਨ ਪੇਸ਼ਕਰਤਾ ਨੂੰ ਐਕਟ ਦੇ ਸੈਕਸ਼ਨ 45 ਦੇ ਵਿਧਾਨਾਂ ਬਾਰੇ ਸੇਧ ਦਿੱਤੀ ਜਾਣੀ ਚਾਹੀਦੀ ਹੈ।

ਇਸੇ ਤਰ੍ਹਾਂ ਕਨੂੰਨ ਦਾ ਸੈਕਸ਼ਨ 39 ਨਾਮਜ਼ਦਗੀ ਦੇ ਵਿਧਾਨ ਦੇ ਬਾਰੇ ਹੈ। ਜਦੋਂ ਵੀ ਪੇਸ਼ਕਰਤਾ ਲਈ ਨਾਮਜ਼ਦਗੀ ਦੀ ਸਹੂਲਤ ਮੌਜੂਦ ਹੋਵੇ ਤਾਂ ਏਜੰਟ ਨੂੰ ਕਨੂੰਨ ਦੇ ਸੈਕਸ਼ਨ 39 ਦੇ ਵਿਧਾਨਾਂ ਬਾਰੇ ਜਾਣਕਾਰੀ ਦੇਣੀ ਅਤੇ ਪੇਸ਼ਕਰਤਾ ਨੂੰ ਸਹੂਲਤ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

ਜੀਵਨ ਬੀਮਾ ਪੇਸ਼ਕਸ਼ ਫਾਰਮ ਵਿੱਚ ਜੀਵਨ ਬੀਮਾ ਕਰਵਾਉਣ ਵਾਲੇ ਦੀ ਨਿੱਜੀ ਵਿੱਤੀ ਵਿਉਂਤਬੰਦੀ ਦੇ ਪੱਖਾਂ ਬਾਰੇ ਜਾਣਕਾਰੀ ਪੁੱਛੀ ਜਾ ਸਕਦੀ ਹੈ, ਜਿਸ ਵਿੱਚ ਉਸ ਦੇ ਕੰਮ ਕਰਨ ਦਾ ਸਮਾਂ, ਸੰਭਾਵਿਤ ਆਮਦਨ ਅਤੇ ਖ਼ਰਚਿਆਂ ਦੇ ਨਾਲ ਨਾਲ ਬੱਚਤ ਤੇ ਨਿਵੇਸ਼, ਸਿਹਤ, ਰਿਟਾਇਰਮੈਂਟ ਤੇ ਬੀਮੇ ਦੀਆਂ ਲੋੜਾਂ ਸ਼ਾਮਲ ਹਨ।

ਉਮਰ ਸਬੂਤ: ਜੀਵਨ ਬੀਮਾ ਕਰਵਾਏ ਜਾਣ ਵਾਲੇ ਦੇ ਜ਼ੋਖਮ ਦੇ ਮੁਲਾਂਕਣ ਲਈ ਉਮਰ ਸਭ ਤੋਂ ਮਹੱਤਵਪੂਰਨ ਹੈ, ਜੀਵਨ ਬੀਮਾਕਰਤਾ ਠੀਕ ਉਮਰ ਦੀ ਪੜਤਾਲ ਕਰਨ ਲਈ ਦਸਤਾਵੇਜ਼ੀ ਸਬੂਤ ਇਕੱਤਰ ਕਰਦੇ ਹਨ। ਪਾਠ 7 ਵਿੱਚ ਚਰਚਾ ਕੀਤੇ ਮੁਤਾਬਕ ਜਾਇਜ਼ ਉਮਰ ਸਬੂਤ ਮਿਆਰੀ ਜਾਂ ਗ਼ੈਰ-ਮਿਆਰੀ ਵੀ ਹੋ ਸਕਦੇ ਹਨ।

ਜੀਵਨ ਬੀਮਾਕਰਤਾ ਹੇਠ ਦਿੱਤੇ ਦਸਤਾਵੇਜ਼ਾਂ ਨੂੰ ਵੀ ਵੇਖਦਾ ਹੈ।

a) ਏਜੰਟ ਦੀ ਗੁਪਤ ਰਿਪੋਰਟ

ਏਜੰਟ ਮੁੱਢਲਾ ਅੰਡਰਰਾਈਟਰ ਹੁੰਦਾ ਹੈ। ਪਾਲਸੀ-ਹੋਲਡਰ ਦੇ ਬਾਰੇ ਜੋਖਿਮ ਮੁਲਾਂਕਣ ਦੇ ਲਈ ਢੁੱਕਵੇਂ ਸਭ ਪ੍ਰਮੁੱਖ ਤੱਥਾਂ ਤੇ ਬਿਓਰੇ ਨੂੰ ਏਜੰਟ ਵਲੋਂ ਆਪਣੀ ਰਿਪੋਰਟ ਵਿੱਚ ਦੇਣਾ ਜ਼ਰੂਰੀ ਹੁੰਦਾ ਹੈ। ਇਸ ਦਾ ਭਾਵ ਹੈ ਕਿ ਸਿਹਤ ਦੀ ਸਥਿਤੀ, ਆਦਤਾਂ, ਰੁਜ਼ਗਾਰ, ਆਮਦਨ ਤੇ ਪਰਿਵਾਰਿਕ ਵੇਰਵੇ ਨੂੰ ਰਿਪੋਰਟ ਵਿੱਚ ਦੱਸਣ ਦੀ ਲੋੜ ਹੁੰਦੀ ਹੈ।

b) ਮੈਡੀਕਲ ਨਿਰੀਖਕ ਦੀ ਰਿਪੋਰਟ

ਬਹੁਤੇ ਕੇਸਾਂ ਵਿੱਚ, ਬੀਮਾ ਕਰਵਾਉਣ ਵਾਲੇ ਜੀਵਨ ਦੀ ਮੈਡੀਕਲ ਜਾਂਚ ਡਾਕਟਰ ਵਲੋਂ ਕੀਤੀ ਜਾਂਦੀ ਹੈ, ਜਿਸ ਨੂੰ ਬੀਮਾ ਕੰਪਨੀ ਵਲੋਂ ਤਹਿ ਕੀਤਾ ਹੁੰਦਾ ਹੈ। ਖਾਸ ਸਰੀਰਿਕ ਲੱਛਣ ਜਿਵੇਂ ਕਿ ਕੱਦ, ਭਾਰ, ਖ਼ੂਨ ਦਬਾਅ, ਦਿਲ ਦੀ ਸਥਿਤੀ ਆਦਿ ਨੂੰ ਡਾਕਟਰ ਵਲੋਂ ਆਪਣੀ ਰਿਪੋਰਟ ਵਿਚ ਰਿਕਾਰਡ ਕੀਤਾ ਜਾਂਦਾ ਹੈ, ਜਿਸ ਨੂੰ ਮੈਡੀਕਲ ਪਰੀਖਿਕ ਦੀ ਰਿਪੋਰਟ ਕਿਹਾ ਜਾਂਦਾ ਹੈ। ਇਸ ਤਰ੍ਹਾਂ ਬੀਮਾ ਕੰਪਨੀ ਦਾ ਅੰਡਰਰਾਈਟਰ ਬੀਮਾ ਕਰਵਾਉਣ ਵਾਲੇ ਜੀਵਨ ਦੇ ਸੰਬੰਧ ਵਿੱਚ ਮੌਜੂਦਾ ਸਿਹਤ ਸਥਿਤੀ ਬਾਰੇ ਜਾਣਕਾਰੀ ਪ੍ਰਾਪਤ ਕਰਦਾ ਹੈ।

ਬੀਮੇ ਲਈ ਬਹੁਤੀਆਂ ਪੇਸ਼ਕਸ਼ਾਂ ਨੂੰ ਬਿਨਾਂ ਮੈਡੀਕਲ ਜਾਂਚ ਦੀ ਮੰਗ ਕੀਤੇ ਹੀ ਅੰਡਰਰਾਈਟ ਕੀਤਾ ਅਤੇ ਮਨਜ਼ੂਰ ਕੀਤਾ ਜਾਂਦਾ ਹੈ। ਇਹਨਾਂ ਨੂੰ ਗ਼ੈਰ-ਮੈਡੀਕਲ ਕੇਸਾਂ ਵਜੋਂ ਜਾਣਿਆ ਜਾਂਦਾ ਹੈ। ਮੈਡੀਕਲ ਪਰੀਖਿਅਕ ਦੀ ਰਿਪੋਰਟ ਖਾਸ ਤੌਰ ਉੱਤੇ ਲੋੜੀਂਦੀ ਹੁੰਦੀ ਹੈ ਜਦੋਂ ਪੇਸ਼ਕਰਤਾ ਨੂੰ ਗ਼ੈਰ-ਮੈਡੀਕਲ ਅੰਡਰਰਾਈਟਿੰਗ ਲਈ ਮੰਨਿਆ ਨਹੀਂ ਜਾ ਸਕਦਾ ਹੈ, ਕਿਉਂਕਿ ਪੇਸ਼ ਕੀਤੀ ਬੀਮਾ ਰਕਮ ਜਾਂ ਪੇਸ਼ਕਰਤਾ ਜੀਵਨ ਦੀ ਉਮਰ ਬਹੁਤ ਵੱਧ ਹੁੰਦੀ ਹੈ ਜਾਂ ਪੇਸ਼ਕਸ਼ ਵਿੱਚ ਕੁਝ ਲੱਛਣ ਹਨ, ਜਿਹਨਾਂ ਕਰਕੇ ਪਰੀਖਣ ਕਰਵਾਉਣ ਅਤੇ ਮੈਡੀਕਲ ਪਰੀਖਿਕ ਵਲੋਂ ਰਿਪੋਰਟ ਦੀ ਲੋੜ ਹੈ।

c) ਨੈਤਿਕ ਖਤਰਾ ਰਿਪੋਰਟ

ਨੈਤਿਕ ਸੰਕਟ ਸੰਭਾਵਨਾ ਹੈ ਕਿ ਗਾਹਕ ਦਾ ਰਵੱਈਆ ਜੀਵਨ ਬੀਮਾ ਪਾਲਸੀ ਖਰੀਦਣ ਦੇ ਕਰਕੇ ਬਦਲ ਸਕਦਾ ਹੈ ਅਤੇ ਇੰਝ ਦੀ ਬਦਲਾਅ ਨਾਲ ਘਾਟੇ ਦੀ ਸੰਭਾਵਨਾ ਵੱਧ ਸਕਦੀ ਹੈ। ਜ਼ੋਖਮ ਦੇ ਮੁਲਾਂਕਣ ਕਰਨ ਦੌਰਾਨ ਜੀਵਨ ਬੀਮਾ ਅੰਡਰਰਾਈਟਰ ਇਸ ਚੀਜ਼ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਨ।

ਜੀਵਨ ਬੀਮਾ ਕੰਪਨੀਆਂ ਨੂੰ ਉਹਨਾਂ ਵਿਅਕਤੀਆਂ ਦੀ ਸੰਭਾਵਨਾ ਤੋਂ ਬਚਣ ਦੀ ਲੋੜ ਹੁੰਦੀ ਹੈ, ਜੋ ਕਿ ਜੀਵਨ ਬੀਮੇ ਨੂੰ ਖੁਦ ਦੇ ਜੀਵਨ ਜਾਂ ਹੋਰਾਂ ਦੀ ਜੀਵਨ ਖਤਮ ਕਰਨ ਵਰਗੇ ਕੰਮ ਕਰਕੇ ਫਾਇਦਾ ਲੈਣ ਲਈ ਖਰੀਦਣਾ ਚਾਹੁੰਦੇ ਹਨ। ਜੀਵਨ ਬੀਮਾ ਅੰਡਰਰਾਈਟਰਾਂ ਨੂੰ ਇਸਕਰਕੇ ਵੱਖ-ਵੱਖ ਕਾਰਨਾਂ ਨੂੰ ਵੇਖਣਾ ਹੁੰਦਾ ਹੈ, ਜੋ ਕਿ ਇੰਝ ਦੇ ਸੰਕਟ ਪੈਦਾ ਕਰ ਸਕਦੇ ਹਨ। ਇਸ ਮਕਸਦ ਲਈ, ਕੰਪਨੀ ਨੂੰ ਬੀਮਾ ਕੰਪਨੀ ਦੇ ਅਧਿਕਾਰੀ ਵਲੋਂ ਨੈਤਿਕ ਸੰਕਟ ਰਿਪੋਰਟ ਦੇਣ ਦੀ ਲੋੜ ਵੀ ਹੋ ਸਕਦੀ ਹੈ।

| ਉਦਾਹਰਨ |
|---|

ਵਿਕਾਸ ਨੇ ਹੁਣੇ ਹੀ ਜੀਵਨ ਬੀਮਾ ਪਾਲਸੀ ਖਰੀਦੀ ਹੈ। ਤਦ ਉਹ ਇੱਕ ਸਥਾਨ ਉੱਤੇ ਬਰਫ਼ ਉੱਤੇ ਚੱਲਣ (skiing) ਦੀ ਮੁਹਿੰਮ ਉੱਤੇ ਜਾਣ ਦਾ ਫੈਸਲਾ ਕਰਦਾ ਹੈ, ਜੋ ਕਿ ਧਰਤੀ ਉੱਤੇ ਸਭ ਤੋਂ ਖਤਰਨਾਕ ਬਰਫ਼ ਉੱਤੇ ਚੱਲਣ ਦੀ ਥਾਂ ਹੈ। ਪਹਿਲਾਂ ਉਸ ਨੇ ਇੰਝ ਦੀ ਚੜ੍ਹਾਈ ਉੱਤੇ ਚੜ੍ਹਨ ਦੀ ਮੁਹਿੰਮ ਤੋਂ ਇਨਕਾਰ ਕਰ ਦਿੱਤਾ ਸੀ।

| B. ਪਾਲਸੀ ਪੜਾਅ ਦਸਤਾਵੇਜ਼ |
|---|

1. ਪਹਿਲੀ ਪ੍ਰੀਮੀਅਮ ਰਸੀਦ

ਬੀਮਾ ਇਕਰਾਰਨਾਮਾ ਬਣਦਾ ਹੈ, ਜਦੋਂ ਜੀਵਨ ਬੀਮਾ ਕੰਪਨੀ ਪਹਿਲੀ ਪ੍ਰੀਮੀਅਮ ਰਸੀਦ (ਐਫਪੀਆਰ) ਜਾਰੀ ਕਰਦੀ ਹੈ।

ਐਫਪੀਆਰ (FPR) ਸਬੂਤ ਹੁੰਦਾ ਕਿ ਪਾਲਸੀ ਇਕਰਾਰਨਾਮਾ ਸ਼ੁਰੂ ਹੋ ਚੁੱਕਾ ਹੈ। ਪਹਿਲੀ ਪ੍ਰੀਮੀਅਮ ਰਸੀਦ ਵਿੱਚ ਹੇਠ ਦਿੱਤੀ ਜਾਣਕਾਰੀ ਹੁੰਦੀ ਹੈ:

i. ਜੀਵਨ ਬੀਮਤ ਦਾ ਨਾਂ ਅਤੇ ਪਤਾ

ii. ਪਾਲਸੀ ਨੰਬਰ

iii. ਭੁਗਤਾਨ ਕੀਤਾ ਪ੍ਰੀਮੀਅਮ

iv. ਪ੍ਰੀਮੀਅਮ ਭੁਗਤਾਨ ਦਾ ਢੰਗ ਅਤੇ ਫਰੀਕਿਊਂਸੀ

v. ਅਗਲੇ ਪ੍ਰੀਮੀਅਮ ਭੁਗਤਾਨ ਦੀ ਮਿਤੀ

vi. ਜੋਖਿਮ ਦੇ ਸ਼ੁਰੂਆਤ ਦੀ ਮਿਤੀ

vii. ਪਾਲਸੀ ਦੀ ਅੰਤਿਮ ਪਰਿਪੱਕਤਾ ਦੀ ਮਿਤੀ

viii. ਪ੍ਰੀਮੀਅਮ ਦੇ ਆਖਰੀ ਭੁਗਤਾਨ ਦੀ ਮਿਤੀ

ix. ਬੀਮਾ ਕੀਤੀ ਰਕਮ

ਐਫਪੀਆਰ ਜਾਰੀ ਕਰਨ ਦੇ ਬਾਅਦ ਬੀਮਾ ਕੰਪਨੀ ਅਗਲੀਆਂ ਪ੍ਰੀਮੀਅਮ ਭੁਗਤਾਨ ਦੀਆਂ ਰਸੀਦਾ ਪੇਸ਼ਕਰਤਾ ਵਲੋਂ ਅੱਗੇ ਪ੍ਰੀਮੀਅਮ ਦੇ ਭੁਗਤਾਨ ਕਰਨ ਉੱਤੇ ਜਾਰੀ ਕਰੇਗੀ। ਇਹ ਰਸੀਦਾਂ ਨੂੰ ਨਵਿਆਉਣ ਪ੍ਰੀਮੀਅਮ ਰਸੀਦਾਂ (ਆਰਪੀਆਰ) ਕਿਹਾ ਜਾਂਦਾ ਹੈ। ਆਰਪੀਆਰ(RPR) ਪ੍ਰੀਮੀਅਮ ਭੁਗਤਾਨ ਦੇ ਸੰਬੰਧੀ ਕਿਸੇ ਵੀ ਵਿਵਾਦ ਹੋਣ ਦੀ ਹਾਲਤ ਵਿੱਚ ਭੁਗਤਾਨ ਦੇ ਸਬੂਤ ਵਜੋਂ ਕੰਮ ਕਰਦੀਆਂ ਹਨ।

2. ਪਾਲਸੀ ਦਸਤਾਵੇਜ਼


ਪਾਲਸੀ ਦਸਤਾਵੇਜ਼ ਬੀਮੇ ਦੇ ਨਾਲ ਸੰਬੰਧਿਤ ਸਭ ਤੋਂ ਮਹੱਤਵਪੂਰਨ ਦਸਤਾਵੇਜ਼ ਹੈ। ਇਹ ਸਬੂਤ ਹੈ ਕਿ ਬੀਮਤ ਅਤੇ ਬੀਮਾ ਕੰਪਨੀ ਵਿਚਾਲੇ ਇਕਰਾਰ ਹੈ। ਇਹ ਖੁਦ ਵਿੱਚ ਇਕਰਾਰ ਨਹੀਂ ਹੁੰਦਾ ਹੈ। ਜੇ ਪਾਲਸੀਧਾਰਕ ਵਲੋਂ ਪਾਲਸੀ ਦਸਤਾਵੇਜ਼ ਗੁੰਮ ਹੋ ਜਾਵੇ ਤਾਂ ਇਸ ਨਾਲ ਬੀਮਾ ਇਕਰਾਰਨਾਮੇ ਉੱਤੇ ਫ਼ਰਕ ਨਹੀਂ ਪੈਂਦਾ ਹੈ। ਬੀਮਾ ਕੰਪਨੀ ਇਕਰਾਰਨਾਮੇ ਵਿੱਚ ਬਿਨਾਂ ਕੋਈ ਤਬਦੀਲੀ ਕੀਤੇ ਹੀ ਡੁਪਲੀਕੇਟ ਪਾਲਸੀ ਜਾਰੀ ਕਰੇਗੀ। ਪਾਲਸੀ ਦਸਤਾਵੇਜ਼ ਉੱਤੇ ਯੋਗ ਅਧਿਕਾਰੀ ਵਲੋਂ ਦਸਤਖਤ ਕੀਤੇ ਹੋਣੇ ਚਾਹੀਦੇ ਹਨ ਅਤੇ ਭਾਰਤੀ ਸਟੈਂਪ ਐਕਟ ਦੇ ਮੁਤਾਬਕ ਸਟੈਂਪ ਲੱਗੀ ਹੋਣੀ ਚਾਹੀਦੀ ਹੈ। ਜੀਵਨ ਬੀਮਾਕਰਤਾ ਪਾਲਸੀ ਦਸਤਾਵੇਜ਼ ਤਿਆਰ ਕਰਨ ਸਮੇਂ ਬਹੁਤ ਸਾਵਧਾਨ ਹੁੰਦੇ ਹਨ, ਕਿਉਂਕਿ ਉਹ ਕਿਸੇ ਵੀ ਅਸਪਸ਼ਟਤਾ ਜਾਂ ਉਲਝਣ, ਜੋ ਕਿ ਦਸਤਾਵੇਜ਼ ਦੇ ਸ਼ਬਦਾਂ ਰਾਹੀਂ ਪੈਦਾ ਹੋ ਸਕਦੀ ਹੈ, ਲਈ ਜੁੰਮੇਵਾਰੀ ਝੱਲਦੇ ਹਨ।

ਮਿਆਰੀ ਪਾਲਸੀ ਦਸਤਾਵੇਜ਼ ਵਿੱਚ ਤਿੰਨ ਭਾਗ ਹੁੰਦੇ ਹਨ:

a) ਪਾਲਸੀ ਅਨੁਸੂਚੀ

ਪਾਲਸੀ ਅਨੁਸੂਚੀ ਪਹਿਲਾਂ ਭਾਗ ਹੁੰਦਾ ਹੈ। ਇਸ ਨੂੰ ਅਕਸਰ ਪਾਲਸੀ ਦੇ ਮੁੱਖ ਸਫ਼ੇ ਉੱਤੇ ਵੇਖਿਆ ਜਾ ਸਕਦਾ ਹੈ। ਜੀਵਨ ਬੀਮਾ ਇਕਰਾਰਨਾਮਿਆਂ ਦੀ ਅਨੁਸੂਚੀ ਆਮ ਤੌਰ ਉੱਤੇ ਇੱਕੋ ਜਿਹੀ ਹੋਵੇਗੀ। ਇਸ ਵਿੱਚ ਆਮ ਤੌਰ ਉੱਤੇ ਹੇਠ ਦਿੱਤੀ ਜਾਣਕਾਰੀ ਹੁੰਦੀ ਹੈ:

ਚਿੱਤਰ 1 : ਪਾਲਸੀ ਦਸਤਾਵੇਜ਼ ਭਾਗ



i. ਬੀਮਾ ਕੰਪਨੀ ਦਾ ਨਾਂ

ii. ਪਾਲਸੀ ਦੇ ਕੁਝ ਆਮ ਵੇਰਵੇ ਹਨ:

- ✓ ਪਾਲਸੀ ਮਾਲਕ ਦਾ ਨਾਂ ਅਤੇ ਪਤਾ
- ✓ ਜਨਮ ਦੀ ਮਿਤੀ ਅਤੇ ਪਿਛਲੇ ਜਨਮਦਿਨ ਉੱਤੇ ਉਮਰ
- ✓ ਪਾਲਸੀ ਇਕਰਾਰਨਾਮੇ ਦੀ ਸਕੀਮ ਅਤੇ ਮਿਆਦ
- ✓ ਬੀਮਾ ਕੀਤੀ ਰਕਮ
- ✓ ਪ੍ਰੀਮੀਅਮ ਦੀ ਰਕਮ
- ✓ ਪ੍ਰੀਮੀਅਮ ਭੁਗਤਾਨ ਮਿਆਦ
- ✓ ਸ਼ੁਰੂ ਹੋਣ ਦੀ ਮਿਤੀ, ਪਰਿਪੱਕਤਾ ਮਿਤੀ ਅਤੇ ਆਖਰੀ ਪ੍ਰੀਮੀਅਮ ਦੀ ਦੇਣ ਮਿਤੀ
- ✓ ਕੀ ਪਾਲਸੀ ਫਾਇਦਿਆਂ ਨਾਲ ਹੈ ਜਾਂ ਬਿਨਾਂ
- ✓ ਨਾਮਜ਼ਦ ਦਾ ਨਾਂ
- ✓ ਪ੍ਰੀਮੀਅਮ ਭੁਗਤਾਨ ਦਾ ਢੰਗ - ਸਾਲਨਾ, ਛਿਮਾਹੀ, ਤਿਮਾਹੀ, ਮਹੀਨੇਵਾਰ, ਤਨਖਾਹ ਵਿੱਚੋਂ ਕਟੌਤੀ
- ✓ ਪਾਲਸੀ ਨੰਬਰ - ਜੋ ਕਿ ਪਾਲਸੀ ਇਕਰਾਰਨਾਮੇ ਦਾ ਵਿਲੱਖਣ ਪਛਾਣ ਨੰਬਰ ਹੁੰਦਾ ਹੈ

iii. ਭੁਗਤਾਨ ਕਰਨ ਲਈ ਬੀਮਾਕਰਤਾ ਦਾ ਵਾਅਦਾ ਘਟਨਾਵਾ ਜਿੰਨ੍ਹਾਂ ਦੇ ਵਾਪਰਨ ਤੇ ਅਤੇ ਰਕਮ ਜਿਸਦੇ ਭੁਗਤਾਨ ਦਾ ਵਾਅਦਾ ਕੀਤਾ ਜਾਂਦਾ ਹੈ। ਇਹ ਫਾਰਮ ਬੀਮਾ ਇਕਰਾਰਨਾਮੇ ਦਾ ਦਿਲ ਹਨ।

iv. ਅਧਿਕਾਰਿਤ ਦਸਤਖਤ ਕਰਤਾ ਦੇ ਦਸਤਖਤ ਅਤੇ ਪਾਲਸੀ ਸਟੈਂਪ

v. ਲੋਕਲ ਬੀਮਾ ਲੋਕਪਾਲ ਦਾ ਪਤਾ।

b) ਮਿਆਰੀ ਪ੍ਰਬੰਧ (ਜਾਂ ਨਿਯਮ)

ਪਾਲਸੀ ਦਸਤਾਵੇਜ਼ ਦਾ ਦੂਜਾ ਭਾਗ ਮਿਆਰੀ ਪਾਲਸੀ ਪ੍ਰਬੰਧਾਂ ਨਾਲ ਬਣਦਾ ਹੈ, ਜਿਵੇਂ ਕਿ ਉਮਰ ਦੇ ਸਬੂਤ, ਪ੍ਰੀਮੀਅਮ ਭੁਗਤਾਨ ਛੋਟ ਅੰਤਰਾਲ ਆਦਿ, ਜੋ ਕਿ ਆਮ ਤੌਰ ਉੱਤੇ ਸਾਰੇ ਜੀਵਨ ਬੀਮਾ ਇਕਰਾਰਾਂ ਵਿੱਚ ਹੁੰਦੇ ਹਨ। ਇਹਨਾਂ ਪ੍ਰਬੰਧਾਂ ਵਿੱਚੋਂ ਕੁਝ ਖਾਸ ਕਿਸਮ ਦੇ ਇਕਰਾਰਨਾਮਿਆਂ ਲਈ ਲਾਗੂ ਨਹੀਂ ਹੋ ਸਕਦੇ ਹਨ ਜਿਵੇਂ ਕਿ ਮਿਆਦ, ਇੱਕਲਾ ਪ੍ਰੀਮੀਅਮ ਜਾਂ ਗ਼ੈਰ-ਹਿੱਸੇਦਾਰੀ (ਫਾਇਦੇ ਤੋਂ ਬਿਨਾਂ) ਪਾਲਸੀਆਂ। ਇਹ ਮਿਆਰੀ ਪ੍ਰਬੰਧ ਨੂੰ ਹੱਕ ਅਤੇ ਸਹੂਲਤਾਂ ਅਤੇ ਹੋਰ ਸ਼ਰਤਾਂ, ਜੋ ਕਿ ਇਕਰਾਰਨਾਮੇ ਦੇ ਅਧੀਨ ਲਾਗੂ ਹੁੰਦੀਆਂ ਹਨ, ਨੂੰ ਪਰਿਭਾਸ਼ਿਤ ਕਰਦੇ ਹਨ।

c) ਖਾਸ ਪਾਲਸੀ ਪ੍ਰਬੰਧ

ਪਾਲਸੀ ਦਸਤਾਵੇਜ਼ ਦਾ ਤੀਜਾ ਭਾਗ ਖਾਸ ਪਾਲਸੀ ਪ੍ਰਬੰਧ ਰੱਖਦਾ ਹੈ, ਜੋ ਕਿ ਨਿੱਜੀ ਪਾਲਸੀ ਇਕਰਾਰਨਾਮਿਆਂ ਲਈ ਖਾਸ ਹੁੰਦੇ ਹਨ। ਇਹਨਾਂ ਨੂੰ ਪਾਲਸੀ ਦੇ ਮੁੱਖ ਸਫ਼ੇ ਉੱਤੇ ਛਾਪਿਆ ਜਾ ਸਕਦਾ ਹੈ ਜਾਂ ਨੱਥੀ ਫਾਰਮ ਦੇ ਰੂਪ ਵਿੱਚ ਵੱਖਰੇ ਤੌਰ ਉੱਤੇ ਜੋੜਿਆ ਜਾ ਸਕਦਾ ਹੈ।

ਜਦੋਂ ਕਿ ਮਿਆਰੀ ਪਾਲਸੀ ਪ੍ਰਬੰਧ ਜਿਵੇਂ ਕਿ ਗਰੇਸ ਦਿਨ ਜਾਂ ਲੈਪਸ ਹੋਣ ਉੱਤੇ ਗ਼ੈਰ-ਜ਼ਬਤੀ, ਅਕਸਰ ਇਕਰਾਰਨਾਮੇ ਅਧੀਨ ਕਾਨੂੰਨੀ ਪ੍ਰਬੰਧ ਹਨ, ਖਾਸ ਪ੍ਰਬੰਧ ਆਮ ਤੌਰ ਉੱਤੇ ਬੀਮਾਕਰਤਾ ਅਤੇ ਬੀਮਤ ਵਿਚਾਲੇ ਖਾਸ ਇਕਰਾਰ ਲਈ ਹੁੰਦੇ ਹਨ।

**ਉਦਾਹਰਨ**

ਔਰਤ, ਜੋ ਕਿ ਇਕਰਾਰ ਲਿਖਣ ਦੇ ਸਮੇਂ ਗਰਭਵਤੀ ਹੈ, ਦੀ ਗਰਭ ਦੇ ਦੌਰਾਨ ਮੌਤ ਨੂੰ ਸ਼ਾਮਿਲ ਨਾ ਕਰਨ ਵਾਲੀ ਸ਼ਰਤ।

**ਆਪਣੇ ਆਪ ਨੂੰ ਟੈਸਟ ਕਰੋ 1**

ਪਹਿਲੀ ਪ੍ਰੀਮੀਅਮ ਰਸੀਦ (FPR) ਕੀ ਦਰਸਾਉਂਦੀ ਹੈ? ਸਭ ਤੋਂ ਢੁੱਕਵੀਂ ਚੋਣ ਕਰੋ।

I. ਮੁਕਤ - ਜਾਂਚ ਸਮਾਂ ਸਮਾਪਤ ਹੋ ਚੁੱਕਾ ਹੈ

II. ਸਬੂਤ ਕਿ ਪਾਲਸੀ ਇਕਰਾਰਨਾਮਾ ਸ਼ੁਰੂ ਹੋ ਚੁੱਕਾ ਹੈ

III. ਪਾਲਸੀ ਹੁਣ ਰੱਦ ਨਹੀਂ ਹੋ ਸਕਦੀ ਹੈ

IV. ਪਾਲਸੀ ਨੇ ਕੁਝ ਨਕਦ ਮੁੱਲ ਪ੍ਰਾਪਤ ਕਰ ਲਿਆ ਹੈ।

---

## C. ਪਾਲਸੀ ਸ਼ਰਤਾਂ ਅਤੇ ਸਹੂਲਤਾਂ

### ਛੋਟ ਸਮਾਂ

ਪਾਠ 4 ਵਿੱਚ ਦੱਸਿਆ ਹੈ ਕਿ ਛੋਟ ਸਮਾਂ ਪ੍ਰਬੰਧ ਪਾਲਸੀ ਨੂੰ ਛੋਟ ਸਮੇਂ ਦੇ ਦੌਰਾਨ ਵੀ ਚਾਲੂ ਰਹਿਣ ਦੇ ਸਮਰੱਥ ਕਰਦਾ ਹੈ, ਜੋ ਕਿ ਪ੍ਰੀਮੀਅਮ ਦੇ ਨਾ-ਭੁਗਤਾਨ ਹੋਣ ਕਰਕੇ ਲੈਪਸ ਹੋ ਸਕਦੀ ਹੈ। ਹਰੇਕ ਬੀਮਾ ਪਾਲਸੀ ਇਕਰਾਰਨਾਮਾ ਮੌਤ ਫਾਇਦਾ ਦੇਣ ਲਈ ਇਸ ਸ਼ਰਤ ਉੱਤੇ ਨਿਰਭਰ ਕਰਦਾ ਹੈ ਕਿ ਸਾਰੇ ਪ੍ਰੀਮੀਅਮ ਦਾ ਭੁਗਤਾਨ ਕੀਤਾ ਗਿਆ ਹੈ ਅਤੇ ਪਾਲਸੀ ਚਾਲੂ ਹੈ। "ਛੋਟ (ਗਰੇਸ) ਸਮਾਂ" ਨਿਯਮ ਪਾਲਸੀਧਾਰਕ ਨੂੰ ਪ੍ਰੀਮੀਅਮ ਦੇ ਦੇਯ ਤਾਰੀਖ ਤੋਂ ਬਾਅਦ ਵੀ ਭੁਗਤਾਨ ਕਰਨ ਲਈ ਵਾਧੂ ਸਮਾਂ ਦਿੰਦਾ ਹੈ।

ਜੇਕਰ ਪ੍ਰੀਮੀਅਮ ਦੇਣਯੋਗ ਰਹਿੰਦਾ ਹੈ ਅਤੇ ਪਾਲਸੀਧਾਰਕ ਉਸ ਸਮੇਂ ਦੌਰਾਨ ਮਰ ਜਾਂਦਾ ਹੈ ਤਾਂ ਬੀਮਾਕਰਤਾ ਮੌਤ ਫਾਇਦੇ ਵਿੱਚੋਂ ਪ੍ਰੀਮੀਅਮ ਦੀ ਕਟੌਤੀ ਕਰ ਲੈਂਦਾ ਹੈ। ਜੇ ਛੋਟ ਸਮੇਂ ਦਾ ਬਾਅਦ ਵੀ ਪ੍ਰੀਮੀਅਮ ਦਿੱਤਾ ਨਹੀਂ ਜਾਂਦਾ ਹੈ ਤਾਂ ਪਾਲਸੀ ਨੂੰ ਲੈਪਸ ਗਿਣਿਆ ਜਾਂਦਾ ਹੈ ਅਤੇ ਕੰਪਨੀ ਮੌਤ ਫਾਇਦੇ ਦੇ ਭੁਗਤਾਨ ਲਈ ਕਾਨੂੰਨੀ ਰੂਪ ਵਿੱਚ ਜ਼ੁੰਮੇਵਾਰ ਨਹੀਂ ਹੈ। ਕੇਵਲ ਉਹੀ ਰਕਮ ਭੁਗਤਾਨ ਕਰਨ ਦੇ ਯੋਗ ਹੋਵੇਗੀ, ਜੋ ਕਿ ਗ਼ੈਰ-ਜ਼ਬਤੀ ਪ੍ਰਬੰਧ ਦੇ ਅਧੀਨ ਉਪਲੱਬਧ ਹੈ।

**ਮਹੱਤਵਪੂਰਨ**

**ਲੈਪਸ ਅਤੇ ਮੁੜ-ਸਥਾਪਨ / ਮੁੜ-ਪ੍ਰਚਲਣ**

ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ ਕਿ ਪਾਲਸੀ ਨੂੰ ਲੈਪਸ ਕਿਹਾ ਜਾ ਸਕਦਾ ਹੈ, ਜਦੋਂ ਪ੍ਰੀਮੀਅਮ ਦਾ ਭੁਗਤਾਨ ਛੋਟ ਸਮੇਂ ਦੇ ਦੌਰਾਨ ਵੀ ਨਾ ਕੀਤਾ ਜਾਵੇ। ਚੰਗੀ ਖ਼ਬਰ ਇਹ ਹੈ ਕਿ ਬਹੁਤੀਆਂ ਲੈਪਸ ਹੋਈਆਂ ਜੀਵਨ ਬੀਮਾ ਪਾਲਸੀਆਂ ਨੂੰ ਮੁੜ-ਸਥਾਪਿਤ [ਮੁੜ-ਪ੍ਰਚਲਣ] ਕੀਤਾ ਜਾ ਸਕਦਾ ਹੈ। IRDAI ਉਤਪਾਦ ਰੈਗੂਲੇਸ਼ਨਾਂ ਦੇ ਮੁਤਾਬਕ, ਗ਼ੈਰ-ਲਿੰਕ ਕੀਤੀ ਪਾਲਸੀ ਨੂੰ ਨਾ-ਭੁਗਤਾਨ ਕੀਤੇ ਪ੍ਰੀਮੀਅਮ ਦੀ ਤਾਰੀਖ ਤੋਂ 5 ਸਾਲਾਂ, ਜਦੋਂ ਕਿ ਲਿੰਕ ਕੀਤੀ ਪਾਲਸੀ ਨੂੰ 3 ਸਾਲਾਂ ਵਿੱਚ ਮੁੜ-ਪ੍ਰਚਲਿਤ ਕੀਤਾ ਜਾ ਸਕਦਾ ਹੈ।

**ਪਰਿਭਾਸ਼ਾ**

ਮੁੜ-ਸਥਾਪਨ ਉਹ ਕਾਰਵਾਈ ਹੈ, ਜਿਸ ਰਾਹੀਂ ਜੀਵਨ ਬੀਮਾ ਕੰਪਨੀ ਪਾਲਸੀ ਨੂੰ ਮੁੜ ਚਾਲੂ ਕਰਦੀ ਹੈ, ਜੋ ਕਿ ਜਾਂ ਤਾਂ ਭੁਗਤਾਨ ਨਾ ਹੋਣ ਕਰਕੇ ਖਤਮ ਕਰ ਦਿੱਤੀ ਗਈ ਸੀ ਜਾਂ ਗ਼ੈਰ-ਜ਼ਬਤੀ ਨਿਯਮਾਂ ਦੇ ਅਧੀਨ ਜਾਰੀ ਹੈ।

---

ਪਰ ਪਾਲਸੀ ਦਾ ਮੁੜ-ਪ੍ਰਚਲਣ ਬੀਮਤ ਦਾ ਬਿਨਾਂ-ਸ਼ਰਤ ਹੱਕ ਨਹੀਂ ਹੈ। ਇਸ ਨੂੰ ਕੇਵਲ ਕੁਝ ਸ਼ਰਤਾਂ ਅਧੀਨ ਹੀ ਪੂਰਾ ਕੀਤਾ ਜਾ ਸਕਦਾ ਹੈ:

i. ਤਹਿਸ਼ੁਦਾ ਸਮੇਂ ਦੇ ਦੌਰਾਨ ਮੁੜ-ਪ੍ਰਚਲਣ ਲਈ ਅਰਜ਼ੀ: ਪਾਲਸੀ ਮਾਲਕ ਨੂੰ ਇੰਝ ਦੇ ਮੁੜ-ਸਥਾਪਨ ਲਈ ਨਿਯਮਾਂ ਅਨੁਸਾਰ ਦਰਸਾਈ ਸਮਾਂ ਸੀਮਾ ਵਿੱਚ ਮੁੜ-ਪ੍ਰਚਲਣ ਅਰਜ਼ੀ ਪੂਰੀ ਕਰਨੀ ਜ਼ਰੂਰੀ ਹੈ, ਮੰਨ ਲਵੋ ਕਿ ਲੈਪਸ ਹੋਣ ਦੀ ਤਾਰੀਖ ਤੋਂ ਪੰਜ ਸਾਲ।

ii. ਜਾਰੀ ਰੱਖੀ ਬੀਮਾ-ਯੋਗਤਾ ਲਈ ਤਸੱਲੀਬਖਸ਼ ਸਬੂਤ: ਬੀਮਤ ਵਲੋਂ ਬੀਮਾ ਕੰਪਨੀ ਨੂੰ ਬੀਮਤ ਦੀ ਬੀਮਾਯੋਗਤਾ ਜਾਰੀ ਰੱਖਣ ਦੇ ਤਸੱਲੀਬਖ਼ਸ਼ ਸਬੂਤ ਦੇਣੇ ਜ਼ਰੂਰੀ ਹਨ। ਨਾ ਕੇਵਲ ਉਸ ਦੀ ਸਿਹਤ ਤਸੱਲੀਬਖ਼ਸ਼ ਹੋਣੀ ਚਾਹੀਦੀ ਹੈ, ਬਲਕਿ ਹੋਰ ਕਾਰਕ ਜਿਵੇਂ ਕਿ ਵਿੱਤੀ ਆਮਦਨ ਅਤੇ ਨੈਤਿਕ ਸਦਾਚਾਰ ਕਾਫੀ ਹੱਦ ਤੱਕ ਵਿਗੜਨੇ ਨਹੀਂ ਚਾਹੀਦੇ ਹਨ।

iii. ਵਿਆਜ ਦੇ ਨਾਲ ਬਾਕੀ ਰਹਿੰਦੇ ਪ੍ਰੀਮੀਅਮ ਦਾ ਭੁਗਤਾਨ: ਪਾਲਸੀ ਮਾਲਕ ਨੂੰ ਹਰੇਕ ਪ੍ਰੀਮੀਅਮ ਦੀ ਦੇਯ ਤਾਰੀਖ ਤੋਂ ਵਿਆਜ ਸਮੇਤ ਸਭ ਲੰਘੇ ਪ੍ਰੀਮੀਅਮ ਲਈ ਭੁਗਤਾਨ ਕਰਨਾ ਜ਼ਰੂਰੀ ਹੈ।

iv. ਨਿਰੰਤਰ ਬੀਮਾ-ਯੋਗਤਾ ਦੇ ਸਬੂਤ ਦਾ ਮੁਲਾਂਕਣ ਕਰਨ ਦੇ ਬਾਅਦ ਬੀਮਾਕਰਤਾ ਪਾਲਸੀ ਨੂੰ ਮੌਜੂਦਾ ਨਿਯਮਾਂ ਤੇ ਪ੍ਰੀਮੀਅਮ ਦੇ ਮੁਤਾਬਕ ਮੁੜ-ਪ੍ਰਚਲਣ ਕਰ ਸਕਦਾ ਹੈ ਜਾਂ ਪ੍ਰੀਮੀਅਮ ਵਧਾ ਜਾਂ ਜ਼ੋਖਿਮ ਕਵਰ ਨੂੰ ਘਟਾ ਕੇ ਜਾਂ ਦੋਵੇਂ ਹੀ ਕਰਕੇ ਮੁੜ-ਪ੍ਰਚਲਣ ਕਰਨ ਦੀ ਪੇਸ਼ਕਸ਼ ਕਰ ਸਕਦਾ ਹੈ।

ਸ਼ਾਇਦ ਉੱਤੇ ਦਿੱਤੀਆਂ ਸ਼ਰਤਾਂ ਵਿੱਚੋਂ ਸ਼ਰਤ ਦਾ ਸਭ ਤੋਂ ਵੱਧ ਮਹੱਤਵ ਇਹ ਹੈ ਕਿ ਮੁੜ-ਪ੍ਰਚਲਣ ਉੱਤੇ ਬੀਮਾ-ਯੋਗਤਾ ਦਾ ਸਬੂਤ ਚਾਹੀਦਾ ਹੈ। ਮੰਗੇ ਜਾਣ ਵਾਲੇ ਸਬੂਤ ਹਰੇਕ ਨਿੱਜੀ ਪਾਲਸੀ ਦੇ ਹਾਲਤਾਂ ਉੱਤੇ ਨਿਰਭਰ ਕਰੇਗਾ। ਜੇ ਪਾਲਸੀ ਨੂੰ ਬਹੁਤ ਹੀ ਥੋੜ੍ਹੇ ਸਮੇਂ ਲਈ ਲੈਪਸ ਹਾਲਤ ਵਿੱਚ ਰੱਖਿਆ ਗਿਆ ਹੋਵੇ ਤਾਂ ਬੀਮਾਕਰਤਾ ਪਾਲਸੀ ਨੂੰ ਬੀਮਾ-

ਯੋਗਤਾ ਦੇ ਕਿਸੇ ਵੀ ਸਬੂਤ ਤੋਂ ਬਿਨਾਂ ਬਿਨਾਂ ਬਹਾਲ ਕਰ ਸਕਦਾ ਹੈ ਜਾਂ ਬੀਮਤ ਵਲੋਂ ਤਸਦੀਕ ਕਰਵਾ ਕੇ, ਕਿ ਉਸ ਦੀ ਸਿਹਤ ਚੰਗੀ ਹੈ, ਸਧਾਰਨ ਬਿਆਨ ਲੈ ਸਕਦਾ ਹੈ।

ਪਰ ਕੁਝ ਹਾਲਤਾਂ ਵਿੱਚ ਬੀਮਾ ਕੰਪਨੀ ਨੂੰ ਬੀਮਾਯੋਗਤਾ ਲਈ ਮੈਡੀਕਲ ਪਰੀਖਣ ਜਾਂ ਹੋਰ ਸਬੂਤਾਂ ਦੀ ਲੋੜ ਵੀ ਹੋ ਸਕਦੀ ਹੈ:

i. ਜਦੋਂ ਛੋਟ ਸਮੇਂ ਦੀ ਮਿਆਦ ਬਹੁਤ ਸਮਾਂ ਪਹਿਲਾਂ ਲੰਘ ਚੁੱਕੀ ਹੈ ਅਤੇ ਪਾਲਸੀ ਲੈਪਸ ਸਥਿਤੀ ਵਿੱਚ ਹੈ ਕਹਿ ਲਵੋ ਕਿ ਇੱਕ ਸਾਲ ਦੇ ਲਗਭਗ।

ii. ਜੇ ਬੀਮਾਕਰਤਾ ਕੋਲ ਸ਼ੱਕ ਕਰਨ ਦਾ ਕਾਰਨ ਹੈ ਕਿ ਸਿਹਤ ਜਾਂ ਹੋਰ ਸਮੱਸਿਆ ਮੌਜੂਦ ਹੋ ਸਕਦੀ ਹੈ। ਤਾਜ਼ਾ ਮੈਡੀਕਲ ਪਰੀਖਣ ਤਾਂ ਵੀ ਕਰਵਾਉਣ ਦੀ ਲੋੜ ਹੋ ਸਕਦੀ ਹੈ ਜੇ ਬੀਮਾ ਪਾਲਸੀ ਵਿੱਚ ਬੀਮਾ ਕਰਵਾਈ ਰਕਮ ਜਾਂ ਅੰਕਿਤ ਮੁੱਲ ਬਹੁਤ ਵੱਡਾ ਹੈ।

| ਮਹੱਤਵਪੂਰਨ |
| --- |

ਲੈਪਸ ਹੋਈਆਂ ਪਾਲਸੀਆਂ ਦਾ ਮੁੜ-ਪ੍ਰਚਲਣ ਮਹੱਤਵਪੂਰਨ ਸੇਵਾ ਹੈ, ਜਿਸ ਨੂੰ ਜੀਵਨ ਬੀਮਾਕਰਤਾ ਸਰਗਰਮੀ ਨਾਲ ਕਰਨਾ ਚਾਹੁੰਦੇ ਹਨ ਕਿਉਂਕਿ ਲੈਪਸ ਸਥਿਤੀ ਵਿੱਚ ਪਾਲਸੀਆਂ ਨਾ ਤਾਂ ਬੀਮਾਕਰਤਾ ਵਾਸਤੇ ਚੰਗੀਆਂ ਹਨ ਅਤੇ ਨਾ ਹੀ ਪਾਲਸੀਧਾਰਕਾਂ ਵਾਸਤੇ।

---

ਗ਼ੈਰ-ਜ਼ਬਤੀ ਪ੍ਰਬੰਧ

ਬੀਮਾ ਐਕਟ, 1938 (ਸੈਕਸ਼ਨ 113) ਪਾਲਸੀਆਂ (ਜਿਨ੍ਹਾਂ ਦਾ ਸਮਰਪਨ ਮੁੱਲ ਹੁੰਦਾ ਹੈ) ਨੂੰ ਭੁਗਤਾਨ ਕੀਤੀ ਬੀਮਾ ਰਕਮ ਦੀ ਹੱਦ ਤੱਕ ਬਿਨਾਂ ਅਗਲੇ ਪ੍ਰੀਮੀਅਮ ਦਾ ਭੁਗਤਾਨ ਕੀਤੇ ਬਗੈਰ ਚਾਲੂ ਰੱਖ ਕੇ ਲੈਪਸ ਹੋਣ ਤੋਂ ਸੁਰੱਖਿਅਤ ਰੱਖਦਾ ਹੈ। ਇਹ ਤਾਂ ਹੈ, ਕਿਉਂਕਿ ਪਾਲਸੀਧਾਰਕ ਕੋਲ ਪਾਲਸੀ ਦੇ ਅਧੀਨ ਇਕੱਤਰ ਹੋਈ ਰਕਮ ਦੇ ਨਕਦ ਮੁੱਲ ਲਈ ਦਾਅਵਾ ਹੁੰਦਾ ਹੈ।

a) ਸਮਰਪਨ ਮੁੱਲ

ਸਮਰਪਨ ਮੁੱਲ ਉਹ ਰਕਮ ਹੁੰਦੀ ਹੈ, ਜੋ ਤੁਹਾਨੂੰ ਉਸ ਵੇਲੇ ਮਿਲਦੀ ਹੈ, ਜੋ ਤੁਸੀਂ ਬਿਨਾਂ-ਪਰਿਪੱਕਤਾ ਦੇ ਪਲਾਨ ਨੂੰ ਛੱਡਦੇ ਹੋ, ਮਤਲਬ ਜਦੋਂ ਤੁਸੀਂ ਪਾਲਸੀ ਦੀ ਪਰਿਪੱਕਤਾ ਤੋਂ ਪਹਿਲਾਂ ਇਸ ਦੀ ਪੂਰੀ ਰਕਮ ਕਢਵਾਉਣਾ ਜਾਂ ਇਸ ਨੂੰ ਖਤਮ ਕਰਨਾ ਚਾਹੁੰਦੇ ਹੋ।

ਜੀਵਨ ਬੀਮਾਕਰਤਾ ਕੋਲ ਅਕਸਰ ਚਾਰਟ ਹੁੰਦਾ ਹੈ ਜੋ ਕਿ ਵੱਖ-ਵੱਖ ਸਮੇਂ ਉੱਤੇ ਸਮਰਪਨ ਮੁੱਲ ਦੀ ਸੂਚੀ ਰੱਖਦਾ ਹੈ ਅਤੇ ਢੰਗ ਵੀ ਹੁੰਦਾ ਹੈ, ਜਿਸ ਰਾਹੀਂ ਸਮਰਪਨ ਮੁੱਲ ਕੱਢਿਆ ਜਾਂਦਾ ਹੈ। ਗਣਨਾ ਵਿੱਚ ਬੀਮੇ ਦੀ ਕਿਸਮ ਅਤੇ ਸਕੀਮ, ਪਾਲਸੀ ਦੀ ਉਮਰ ਅਤੇ ਪਾਲਸੀ ਪ੍ਰੀਮੀਅਮ-ਭੁਗਤਾਨ ਸਮੇਂ ਦੀ ਲੰਬਾਈ ਸ਼ਾਮਿਲ ਹੁੰਦੀ ਹੈ।

ਕਿਸੇ ਨੂੰ ਸਮਰਪਨ ਉੱਤੇ ਮਿਲਣ ਵਾਲੇ ਅਸਲ ਨਕਦ ਦੀ ਰਕਮ ਪਾਲਸੀ ਵਿੱਚ ਦਰਸਾਏ ਸਮਰਪਨ ਮੁੱਲ ਤੋਂ ਵੱਖਰੀ ਹੋ ਸਕਦੀ ਹੈ। ਅਸਲ ਰਕਮ ਕਿਸੇ ਵੀ ਇਕੱਤਰ ਹੋਏ ਬੋਨਸ, ਰਿਕਵਰੀ ਆਦਿ ਦੀ ਰਕਮ ਕਾਰਨ ਵੱਖਰੀ ਹੋ ਸਕਦੀ ਹੈ।

ਗਾਰੰਟੀਸ਼ੁਦਾ ਸਮਰਪਨ ਮੁੱਲ [GSV]: IRDAI ਦਿਸ਼ਾ-ਨਿਰਦੇਸ਼ (2019 ਦੀਆਂ ਸੋਧਾਂ) ਦੇ ਮੁਤਾਬਕ ਭਾਰਤ ਵਿੱਚ ਘੱਟੋ-ਘੱਟ ਲਗਾਤਾਰ ਦੋ ਸਾਲ ਪ੍ਰੀਮੀਅਮ ਭੁਗਤਾਨ ਕੀਤੇ ਜਾਣ ਉੱਤੇ ਗਾਰੰਟੀਸ਼ੁਦਾ ਸਮਰਪਨ ਮੁੱਲ [GSV] ਦਾ ਭੁਗਤਾਨ ਕਰਨ ਦਾ ਕਨੂੰਨ ਹੈ। ਸਮਰਪਨ ਮੁੱਲ, ਜੋ ਕਿ ਭੁਗਤਾਨ ਕੀਤੇ ਪ੍ਰੀਮੀਅਮ (ਕਹਿ ਲਵੋ 30%) ਦੇ ਫੀਸਦੀ ਵਜੋਂ ਕੱਢਿਆ ਜਾਂਦਾ ਹੈ, ਨੂੰ ਗਾਰੰਟੀਸ਼ੁਦਾ ਸਮਰਪਨ ਮੁੱਲ ਕਹਿੰਦੇ ਹਨ। ਮੁੱਲ ਭੁਗਤਾਨ ਕੀਤੇ ਪ੍ਰੀਮੀਅਮ ਦੇ ਅੰਤਰਾਲ ਉੱਤੇ ਨਿਰਭਰ ਕਰਦਾ ਹੈ। GSV ਨੂੰ ਪਾਲਸੀ ਦਸਤਾਵੇਜ਼ ਵਿੱਚ ਦਿੱਤਾ ਹੋਣਾ ਜ਼ਰੂਰੀ ਹੈ।

**b) ਪਾਲਸੀ ਕਰਜ਼**

ਜੀਵਨ ਬੀਮਾ ਪਾਲਸੀਆਂ, ਜੋ ਕਿ ਨਕਦ ਮੁੱਲ ਇਕੱਤਰ ਕਰਦੀਆਂ ਹਨ, ਵਿੱਚ ਪਾਲਸੀਧਰਕ ਨੂੰ ਬੀਮਾਕਰਤਾ ਤੋਂ ਧਨ ਉਧਾਰ ਲੈਣ ਦੇ ਹੱਕ ਦਾ ਪ੍ਰਬੰਧ ਵੀ ਹੁੰਦਾ ਹੈ, ਜਿਸ ਵਿੱਚ ਕਰਜ਼ ਦੇ ਲਈ ਪਾਲਸੀ ਦੇ ਨਕਦ ਮੁੱਲ ਨੂੰ ਜ਼ਮਾਨਤ ਦੇ ਤੌਰ ਤੇ ਰੱਖਿਆ ਜਾਂਦਾ ਹੈ। ਪਾਲਸੀ ਕਰਜ਼ ਪਾਲਸੀ ਦੇ ਸਮਰਪਨ ਮੁੱਲ ਦੇ ਕੁਝ ਫੀਸਦੀ ਤੱਕ ਸੀਮਿਤ ਹੁੰਦਾ ਹੈ (ਮੰਨ ਲਵੋ 90%)। ਯਾਦ ਰੱਖੋ ਕਿ ਪਾਲਸੀਧਾਰਕ ਨੇ ਆਪਣੇ ਖੁਦ ਦੇ ਖਾਤੇ ਤੋਂ ਕਰਜ਼ ਲਿਆ ਹੈ। ਉਹ ਰਕਮ ਲੈਣ ਲਈ ਸਮਰੱਥ ਹੋ ਸਕਦਾ ਹੈ ਜੇ ਪਾਲਸੀ ਨੂੰ ਸਮਰਪਤ ਕਰ ਦਿੱਤਾ ਜਾਂਦਾ ਹੈ। ਉਸ ਕੇਸ ਵਿੱਚ ਬੀਮੇ ਨੂੰ ਖਤਮ ਕਰ ਦਿੱਤਾ ਜਾਵੇਗਾ।

ਬੀਮਾਕਰਤਾ ਪਾਲਸੀ ਕਰਜ਼ ਉੱਤੇ ਵਿਆਜ ਵਸੂਲਦਾ ਹੈ, ਜੋ ਕਿ ਛਿਮਾਹੀ ਜਾਂ ਸਾਲਨਾ ਰੂਪ ਵਿੱਚ ਦੇਣਯੋਗ ਹੁੰਦਾ ਹੈ। ਹਾਲਾਂਕਿ ਕਰਜ਼ ਅਤੇ ਵਿਆਜ ਨਿਯਮਤ ਰੂਪ ਵਿੱਚ ਭੁਗਤਾਨਯੋਗ ਹਨ, ਜੇ ਕਰਜ਼ ਦਾ ਭੁਗਤਾਨ ਨਹੀਂ ਕੀਤਾ ਜਾਂਦਾ ਹੈ ਤਾਂ ਬੀਮਾਕਰਤਾ ਬਾਕੀ ਖੜ੍ਹੇ (ਨਾ-ਭੁਗਤਾਨ ਕੀਤੇ) ਕਰਜ਼ ਦੀ ਰਕਮ ਅਤੇ ਵਿਆਜ ਨੂੰ ਪਾਲਸੀ ਫਾਇਦੇ, ਜੋ ਕਿ ਦੇਣਯੋਗ ਹੁੰਦੇ ਹਨ, ਵਿੱਚੋਂ ਕੱਟ ਲੈਂਦਾ ਹੈ। ਕਰਜ਼ ਪਾਲਸੀਧਾਰਕ ਨੂੰ ਵਿੱਤੀ ਐਮਰਜੈਂਸੀ ਹਾਲਤਾਂ ਵਿੱਚ ਰਾਹਤ ਦਿੰਦਾ ਹੈ, ਜਦੋਂ ਕਿ ਬੀਮਾ ਵੀ ਜਾਰੀ ਰਹਿੰਦਾ ਹੈ।

ਕਿਉਂਕਿ ਕਰਜ਼ ਪਾਲਸੀ ਨੂੰ ਜ਼ਮਾਨਤ ਵਜੋਂ ਰੱਖ ਕੇ ਮਨਜ਼ੂਰ ਕੀਤਾ ਜਾਂਦਾ ਹੈ, ਇਸਕਰਕੇ ਪਾਲਸੀ ਬੀਮਾਕਰਤਾ ਦੇ ਹੱਕ ਵਿੱਚ ਨਿਯੁਕਤ ਕੀਤੀ ਜਾਂਦੀ ਹੈ (ਬਾਅਦ ਵਿੱਚ ਸਮਝਾਇਆ ਜਾਵੇਗਾ)। ਜਿੱਥੇ ਪਾਲਸੀਧਾਰਕ ਨੇ ਕਿਸੇ ਨੂੰ ਬੀਮਤ ਦੀ ਮੌਤ ਹੋਣ ਦੀ ਘਟਨਾ ਵਿੱਚ ਧਨ ਪ੍ਰਾਪਤ ਕਰਨ ਲਈ ਕਿਸੇ ਨੂੰ ਨਾਮਜ਼ਦ (ਬਾਅਦ ਵਿੱਚ ਸਮਝਾਇਆ ਗਿਆ ਹੈ) ਕੀਤਾ ਹੁੰਦਾ ਹੈ ਤਾਂ ਇਹ ਨਾਮਜ਼ਦ ਨੂੰ ਰੱਦ ਨਹੀਂ ਕੀਤਾ ਜਾਵੇਗਾ, ਪਰ ਨਾਮਜ਼ਦ ਦੇ ਹੱਕ ਬੀਮਾਕਰਤਾ ਦੇ ਪਾਲਸੀ ਵਿੱਚ ਹਿੱਤ ਦੀ ਹੱਦ ਤੱਕ ਪ੍ਰਭਾਵਿਤ ਹੋਣਗੇ।

**ਉਦਾਹਰਨ**

**ਅਰਜਨ ਨੇ ਜੀਵਨ ਬੀਮਾ ਪਾਲਸੀ ਖਰੀਦੀ ਹੈ, ਜਿਸ ਵਿੱਚ ਪਾਲਸੀ ਦੇ ਅਧੀਨ ਦੇਣਯੋਗ ਮੌਤ ਦਾਅਵਾ 2.5 ਲੱਖ। ਅਰਜਨ ਕੋਲ ਪਾਲਸੀ ਦੇ ਅਧੀਨ ਇੱਕ ਦੇਣ ਵਾਲਾ ਕਰਜ਼ ਤੇ ਵਿਆਜ ਹੈ, ਜਿਸ ਦੀ ਕੁੱਲ ਰਕਮ 1.5 ਲੱਖ। ਇਸਕਰਕੇ ਅਰਜਨ ਦੀ ਮੌਤ ਹੋਣ ਉੱਤੇ, ਨਾਮਜ਼ਦ ਬਾਕੀ ਰਹਿੰਦੀ 1 ਲੱਖ ਰੁਪਏ ਦੀ ਰਕਮ ਪ੍ਰਾਪਤ ਕਰੇਗਾ।**

---

**ਖਾਸ ਪਾਲਸੀ ਪ੍ਰਬੰਧ ਅਤੇ ਤਸਦੀਕ**

a) **ਨਾਮਜ਼ਦ**

i. **ਬੀਮਾ ਐਕਟ 1938 ਦੇ ਸੈਕਸ਼ਨ 39 ਅਧੀਨ, ਆਪਣੇ ਜੀਵਨ ਉੱਤੇ ਪਾਲਸੀ ਰੱਖਣ ਵਾਲੇ ਧਾਰਕ ਉਹਨਾਂ ਦੀ ਮੌਤ ਹੋਣ ਦੇ ਹਾਲਤ ਵਿੱਚ ਪਾਲਸੀ ਰਾਹੀਂ ਇਕੱਤਰ ਹੋਏ ਧਨ ਪ੍ਰਾਪਤੀ ਲਈ ਕਿਸੇ ਵਿਅਕਤੀ ਜਾਂ ਵਿਅਕਤੀਆਂ ਨੂੰ ਨਾਮਜ਼ਦ ਕਰ ਸਕਦੇ ਹਨ।**

ii. **ਜੀਵਨ ਬੀਮਾ ਕਰਵਾਉਣ ਵਾਲਾ ਇੱਕ ਤੋਂ ਵੱਧ ਵਿਅਕਤੀਆਂ ਨੂੰ ਨਾਮਜ਼ਦ ਕਰ ਸਕਦਾ ਹੈ।**

iii. **ਨਾਮਜ਼ਦ ਵੈਧ ਡਿਚਾਰਜ ਲਈ ਹੱਕਦਾਰ ਹੁੰਦੇ ਹਨ ਅਤੇ ਧਨ ਦੇ ਹੱਕਦਾਰਾਂ ਲਈ ਇਸ ਨੂੰ ਟਰੱਸਟੀ ਵਜੋਂ ਸੰਭਾਲਣਾ ਹੁੰਦਾ ਹੈ।**

iv. **ਨਾਮਜ਼ਦ ਜਾਂ ਤਾਂ ਪਾਲਸੀ ਖਰੀਦਣ ਦੇ ਸਮੇਂ ਜਾਂ ਬਾਅਦ ਵਿੱਚ ਕਿਸੇ ਵੀ ਸਮੇਂ ਪਾਲਸੀ ਦੀ ਪਰਿਪੱਕਤਾ ਤੋਂ ਪਹਿਲਾਂ ਕੀਤਾ ਜਾ ਸਕਦਾ ਹੈ।**

v. **ਨਾਮਜ਼ਦਗੀ ਨੂੰ ਪਾਲਸੀ ਦੀ ਲਿਖਤ ਵਿੱਚ ਜੋੜਿਆ ਜਾ ਸਕਦਾ ਹੈ ਜਾਂ ਪਾਲਸੀ ਉੱਤੇ ਤਸਦੀਕ ਕੀਤਾ ਜਾ ਸਕਦਾ ਹੈ। ਨਾਮਜ਼ਦਗੀ ਬਾਰੇ ਬੀਮਾਕਰਤਾ ਨੂੰ ਦੱਸਿਆ ਜਾਣਾ ਚਾਹੀਦਾ ਹੈ ਅਤੇ ਬੀਮਾਕਰਤਾ ਵਲੋਂ ਪਾਲਸੀ ਨਾਲ ਸੰਬੰਧਿਤ ਰਿਕਾਰਡ ਵਿੱਚ ਰਜਿਸਟਰ ਕੀਤਾ ਜਾਣਾ ਚਾਹੀਦਾ ਹੈ।**

vi. **ਨਾਮਜ਼ਦਗੀ ਨੂੰ ਪਾਲਸੀ ਦੇ ਪਰਿਪੱਕ ਹੋਣ ਤੋਂ ਪਹਿਲਾਂ ਕਿਸੇ ਵੀ ਸਮੇਂ ਤਸਦੀਕ (ਇੰਡੋਰਸਮੈਂਟ) ਰਾਹੀਂ ਜਾਂ ਇੱਕ ਹੋਰ ਤਸਦੀਕ ਜਾਂ ਵਸੀਅਤ ਰਾਹੀਂ ਰੱਦ ਜਾਂ ਬਦਲਿਆ ਜਾ ਸਕਦਾ ਹੈ।**

**ਮਹੱਤਵਪੂਰਨ**

**ਨਾਮਜ਼ਦਗੀ ਰਾਹੀਂ ਨਾਮਜ਼ਦ ਕੋਲ ਜੀਵਨ ਬੀਮਾ ਕਰਵਾਉਣ ਵਾਲੇ ਦੀ ਮੌਤ ਹੋਣ ਤੇ ਹੀ ਬੀਮਾਕਰਤਾ ਪਾਲਸੀ ਧਨ ਪ੍ਰਾਪਤ ਕਰਨ ਦਾ ਹੱਕ ਹੁੰਦਾ ਹੈ। ਪਰ ਧਨ ਸਿਰਫ਼ ਕਨੂੰਨੀ ਵਾਰਸ ਦਾ ਹੀ ਹੋਵੇਗਾ। ਨਾਮਜ਼ਦ ਕੋਲ ਪੂਰੇ (ਜਾਂ ਅਧੂਰੇ) ਦਾਅਵੇ ਉੱਤੇ ਕੋਈ ਹੱਕ ਨਹੀਂ ਹੁੰਦਾ ਹੈ। ਪਰ ਬੀਮਾ ਐਕਟ 1938 ਦੇ ਸੈਕਸ਼ਨ 39(7) ਦੇ ਅਧੀਨ, 26 ਦਸੰਬਰ 2014 ਤੋਂ ਬਾਅਦ ਭੁਗਤਾਨ ਲਈ  ਸਾਰੀਆਂ ਪਰਿਪਕਣ ਪਾਲਸੀਆਂ ਵਾਸਤੇ ਪਾਲਸੀ ਦੇ ਮਾਲਕ ਵਲੋਂ ਆਪਣੇ ਜੀਵਨ ਬੀਮਾ ਪਾਲਸੀ ਲਈ ਨਾਮਜ਼ਦ ਕੀਤੇ ਗਏ ਮਾਪਿਆਂ, ਜੀਵਨ-ਸਾਥੀ, ਬੱਚਿਆਂ ਜਾਂ ਜੀਵਨ-ਸਾਥੀ ਤੇ ਬੱਚਿਆਂ ਨੂੰ ਲਾਭਪਾਤਰ ਵਜੋਂ ਬੀਮਾ ਕੰਪਨੀ ਵਲੋਂ ਦੇਣਯੋਗ ਰਕਮ ਲੈਣ ਦਾ ਹੱਕ ਹੈ।**

---

ਜੇ ਨਾਮਜ਼ਦ ਨਾਬਾਲਗ ਹੁੰਦਾ ਹੈ ਤਾਂ ਪਾਲਸੀਧਾਰਕ ਨੂੰ ਇੱਕ ਸਪੁਰਦਦਾਰ ਨਿਯੁਕਤ ਕਰਨ ਦੀ ਲੋੜ ਹੁੰਦੀ ਹੈ। ਸਪੁਰਦਦਾਰ ਨੂੰ ਪਾਲਸੀ ਦਸਤਾਵੇਜ਼ ਉੱਤੇ ਸਪੁਰਦਦਾਰ ਵਜੋਂ ਕੰਮ ਕਰਨ ਲਈ ਸਹਿਮਤ ਦਰਸਾਉਣ ਲਈ ਦਸਤਖਤ ਕਰਨ ਦੀ ਲੋੜ ਹੁੰਦੀ ਹੈ। ਸਪੁਰਦਦਾਰ ਆਪਣਾ ਅਹੁਦਾ ਗਵਾ ਦਿੰਦਾ ਹੈ, ਜਦੋਂ ਨਾਮਜ਼ਦ ਬਾਲਗ ਬਣ ਜਾਂਦਾ ਹੈ। ਪਾਲਸੀ ਧਾਰਕ ਕਿਸੇ ਵੀ ਸਮੇਂ ਸਪੁਰਦਦਾਰ ਬਦਲ ਸਕਦਾ ਹੈ। ਜੇ ਸਪੁਰਦਦਾਰ ਨਾ ਦਿੱਤਾ ਗਿਆ ਹੋਵੇ ਅਤੇ ਨਾਮਜ਼ਦ ਨਾਬਾਲਗ ਹੋਵੇ ਤਾਂ ਜੀਵਨ ਬੀਮਤ ਦੀ ਮੌਤ ਹੋਣ ਉੱਤੇ, ਮੌਤ ਦਾਅਵੇ ਨੂੰ ਪਾਲਸੀਧਾਰਕ ਦੇ ਕਾਨੂੰਨੀ ਵਾਰਿਸ ਨੂੰ ਦਿੱਤਾ ਜਾਂਦਾ ਹੈ।

ਜਦੋਂ ਇੱਕ ਤੋਂ ਵੱਧ ਨਾਮਜ਼ਦ ਨਿਯੁਕਤ ਹੋਣ ਤਾਂ ਮੌਤ ਦਾਅਵਾ ਸਾਂਝੇ ਰੂਪ ਵਿੱਚ ਦਿੱਤਾ ਜਾਂਦਾ ਹੈ ਜਾਂ ਜਿਉਂਦੇ ਰਹਿਣ ਵਾਲਿਆਂ ਨੂੰ। ਪਾਲਸੀ ਸ਼ੁਰੂ ਹੋਣ ਦੇ ਬਾਅਦ ਨਾਮਜ਼ਦ ਨਿਯੁਕਤ ਕਰਨ ਉੱਤੇ ਬੀਮਾਕਰਤਾ ਨੂੰ ਜਾਣਕਾਰੀ ਦੇਣੀ ਜ਼ਰੂਰੀ ਹੈ।

ਬੀਮਾ ਕਨੂੰਨ ਦਾ ਸੈਕਸ਼ਨ 39(11) ਦਰਸਾਉਂਦਾ ਹੈ ਕਿ ਕਿ ਜਿੱਥੇ ਪਾਲਸੀਧਾਰਕ ਪਾਲਸੀ ਦੀ ਪਰਿਪੱਕਤਾ ਤੋਂ ਬਾਅਦ ਮਰ ਜਾਂਦਾ ਹੈ ਅਤੇ ਉਸ ਦੀ ਪਾਲਸੀ ਦੇ ਲਾਭ ਉਸ ਨੂੰ ਮੌਤ ਹੋਣ ਕਰਕੇ ਨਹੀਂ ਦਿੱਤੇ ਗਏ ਸਨ ਤਾਂ ਉਸ ਦੇ ਨਾਮਜ਼ਦ ਉਸ ਦੀ ਪਾਲਸੀ ਦੇ ਲਾਭ ਪ੍ਰਾਪਤ ਕਰਨ ਲਈ ਪਾਤਰ ਹੋਣਗੇ।

ਚਿੱਤਰ 2 : ਨਾਮਜ਼ਦ ਦੇ ਸੰਬੰਧੀ ਨਿਯਮ




b) ਨਿਯੁਕਤੀ / ਸਪੁਰਦਗੀ


ਜੀਵਨ ਬੀਮਾ ਪਾਲਸੀ ਵਾਅਦਾ ਜਾਂ ਕਰਜ਼ ਹੁੰਦੀ ਹੈ, ਜੋ ਕਿ ਬੀਮਾ ਕੰਪਨੀ ਬੀਮਤ ਲਈ ਰੱਖਦੀ ਹੈ, ਇਸ ਨੂੰ ਧਨ ਜਾਂ ਜਾਇਦਾਦ ਦੀ ਜ਼ਮਾਨਤ ਮੰਨਿਆ ਜਾਂਦਾ ਹੈ। ਅਸੀਂ ਵੇਖਿਆ ਹੈ ਕਿ ਪਾਲਸੀ ਦੇ ਸਮਰਪਨ ਮੁੱਲ ਉੱਤੇ ਬੀਮਾਕਰਤਾ ਵਲੋਂ ਪਾਲਸੀ ਕਰਜ਼ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਕਈ ਵਿੱਤੀ ਸੰਗਠਨ, ਜਿਸ ਵਿੱਚ ਬੈਂਕਾਂ ਸ਼ਾਮਲ ਹਨ, ਬੀਮਾ ਪਾਲਸੀਆਂ ਨੂੰ ਉਹਨਾਂ ਦੇ ਹੱਕ ਵਿੱਚ ਨਿਯੁਕਤ ਕਰਕੇ ਉਹਨਾਂ ਦੀ ਜ਼ਮਾਨਤ ਉੱਤੇ ਪੇਸ਼ਗੀ ਕਰਜ਼ ਦਿੰਦੇ ਹਨ।

ਨਿਯੁਕਤੀ ਅਕਸਰ ਜਾਇਦਾਦ ਦਾ ਤਬਾਦਲਾ ਹੋਰ ਵਿਅਕਤੀ ਦੇ ਹੱਕ ਵਿੱਚ ਲਿਖਤੀ ਰੂਪ ਵਿੱਚ ਕਰਨ ਨੂੰ ਕਿਹਾ ਜਾਂਦਾ ਹੈ।

ਜੀਵਨ ਬੀਮਾ ਪਾਲਸੀ ਦੀ ਸੁਪਰਦਗੀ ਦਾ ਭਾਵ ਹੈ ਕਿ ਪਾਲਸੀ ਦੇ ਹੱਕ, ਮਾਲਕੀ ਅਤੇ ਹਿੱਤ (ਜਾਇਦਾਦ ਵਜੋਂ) ਇੱਕ ਵਿਅਕਤੀ ਤੋਂ ਦੂਜੇ ਨੂੰ ਤਬਦੀਲ ਕਰਨ ਦੀ ਕਾਰਵਾਈ। ਵਿਅਕਤੀ, ਜੋ ਕਿ ਹੱਕਾਂ ਦਾ ਤਬਾਦਲਾ ਕਰਦਾ ਹੈ, ਨੂੰ ਸਪੁਰਦਕਰਤਾ (assignor) ਕਿਹਾ ਜਾਂਦਾ ਹੈ ਅਤੇ ਵਿਅਕਤੀ ਜਿਸ ਦੇ ਹੱਕ ਵਿੱਚ ਜਾਇਦਾਦ ਤਬਦੀਲ ਕੀਤੀ ਗਈ ਹੈ ਨੂੰ ਸਪੁਰਦਦਾਰ (assignee) ਕਹਿੰਦੇ ਹਨ। ਇੱਕ ਵਾਰ ਨਿਯੁਕਤੀ ਹੋ ਗਈ ਤਾਂ ਪਾਲਸੀ ਦੀ ਮਲਕੀਅਤ ਬਦਲਦੀ ਹੈ ਅਤੇ ਇਸਕਰਕੇ ਨਾਮਜ਼ਦਗੀ ਰੱਦ ਹੋ ਜਾਂਦੀ ਹੈ, ਸਿਰਫ਼ ਉਦੋਂ ਨਹੀਂ, ਜਦੋਂ ਪਾਲਸੀ ਕਰਜ਼ ਲਈ ਬੀਮਾ ਕੰਪਨੀ ਨੂੰ ਨਿਯਕੁਤ ਕੀਤਾ ਜਾਂਦਾ ਹੈ।

ਦੋ ਕਿਸਮ ਦੀਆਂ ਨਿਯੁਕਤੀਆਂ ਹੁੰਦੀਆਂ ਹਨ।

ਚਿੱਤਰ 3 : ਨਿਯੁਕਤੀਆਂ ਦੀ ਕਿਸਮ




| ਸ਼ਰਤ ਸਹਿਤ ਨਿਯੁਕਤੀ | ਪੂਰਨ ਨਿਯੁਕਤ |
|---|---|
| ਸ਼ਰਤ ਸਹਿਤ ਵਿੱਚ ਪਾਲਸੀ ਨੂੰ ਪਰਿਪੱਕਤਾ ਦੀ ਮਿਤੀ ਤੱਕ ਜੀਵਨ ਬੀਮਤ ਦੇ ਜਿਉਂਦੇ ਰਹਿਣ ਉੱਤੇ ਜਾਂ ਸਪੁਰਦਦਾਰ ਦੀ ਮੌਤ ਹੋਣ ਉੱਤੇ ਵਾਪਿਸ ਲੈ ਲਿਆ ਜਾਂਦਾ ਹੈ। | • ਅਸਲ ਨਿਯੁਕਤੀ ਵਿੱਚ ਸਭ ਅਧਿਕਾਰ, ਹੱਕ ਅਤੇ ਹਿੱਤ, ਜੋ ਕਿ ਸਪੁਰਦਕਰਤਾ ਨੂੰ ਪਾਲਸੀ ਉੱਤੇ ਹਨ, ਨੂੰ ਸਪੁਰਦਦਾਰ ਨੂੰ ਟ੍ਰਾਂਸਫਰ ਕਰ ਦਿੱਤੇ ਜਾਂਦੇ ਹਨ ਅਤੇ ਕਿਸੇ ਵੀ ਹਾਲਤ ਵਿੱਚ ਇਹ ਹੱਕ ਸਪੁਰਦਕਰਤਾ ਜਾਂ ਉਸ ਦੀ ਜਾਇਦਾਦ ਵਿੱਚ ਵਾਪਸ ਨਹੀਂ ਜਾਣਗੇ<br>• ਇਸਕਰਕੇ ਪਾਲਸੀ ਅਸਲ ਵਿੱਚ ਸਪੁਰਦਦਾਰ ਦੀ ਹੋ ਜਾਂਦੀ ਹੈ। ਉਹ ਪਾਲਸੀ ਉੱਤੇ ਜਿਵੇਂ ਵੀ ਚਾਹੇ ਸਪੁਰਦਕਰਤਾ ਦੀ ਸਹਿਮਤੀ ਲਏ ਬਿਨਾਂ ਕੰਮ ਕਰ ਸਕਦਾ ਹੈ। |

ਪੂਰਨ ਨਿਯੁਕਤੀ ਨੂੰ ਵਪਾਰਕ ਲੈਣ-ਦੇਣ ਵਿੱਚ ਆਮ ਕੀਤਾ ਜਾਂਦਾ ਹੈ, ਜਿੱਥੇ ਪਾਲਸੀ ਪਾਲਸੀਧਾਰਕ ਵਲੋਂ ਲਏ ਗਏ ਕਰਜ਼ ਉੱਤੇ ਗਹਿਣੇ ਰੱਖੀ ਹੁੰਦੀ ਹੈ ਜਿਵੇਂ ਕਿ ਘਰ ਦਾ ਕਰਜ਼।

**ਵੈਧ ਨਿਯੁਕਤੀ ਲਈ ਸ਼ਰਤਾਂ**

**ਆਓ ਸ਼ਰਤਾਂ ਵੇਖੀਏ, ਜੋ ਕਿ ਜਾਇਜ਼ ਨਿਯੁਕਤੀ ਲਈ ਜ਼ਰੂਰੀ ਹਨ।**

i. **ਸਪੁਰਦਕਰਤਾ ਕੋਲ ਪਾਲਸੀ ਲਈ ਅਸਲ ਹੱਕ ਅਤੇ ਮਾਲਕੀ ਅਧਿਕਾਰ ਹੋਣੇ ਜਾਂ ਸਪੁਰਦ ਕਰਨ ਯੋਗ ਹਿੱਤ ਹੋਣੇ ਚਾਹੀਦੇ ਹਨ।**

ii. **ਨਿਯੁਕਤੀ ਕਿਸੇ ਵੀ ਲਾਗੂ ਕਨੂੰਨ ਦੇ ਵਿਰੁਧ ਨਹੀਂ ਹੋਣੀ ਚਾਹੀਦੀ ਹੈ।**

iii. **ਸਪੁਰਦਦਾਰ ਕਿਸੇ ਹੋਰ ਦੀ ਨਿਯੁਕਤੀ ਤਾਂ ਕਰ ਸਕਦਾ ਹੈ ਪਰ ਨਾਮਜ਼ਦ ਨਹੀਂ ਕਰ ਸਕਦਾ ਹੈ ਕਿਉਂਕਿ ਸਪੁਰਦਦਾਰ ਜੀਵਨ ਬੀਮਤ ਨਹੀਂ ਹੈ।**

**ਜ਼ਰੂਰੀ:**

- **ਜੀਵਨ ਬੀਮਾ ਪਾਲਸੀ ਪੂਰੇ ਜਾਂ ਅਧੂਰੇ ਰੂਪ ਵਿੱਚ ਨਿਯੁਕਤ ਕੀਤੀ ਜਾ ਸਕਦੀ ਹੈ**
- **ਨਿਯੁਕਤੀ ਤੇ ਟਰਾਂਸਫਰਰ ਜਾਂ ਨਿਯੁਕਤੀਕਰਤਾ ਜਾਂ ਪ੍ਰਮਾਣਿਤ ਏਜੰਟ ਵਲੋਂ ਦਸਤਖਤ ਹੋਣਾ ਚਾਹੀਦਾ ਹੈ ਅਤੇ ਘੱਟੋ-ਘੱਟ ਇੱਕ ਗਵਾਹ ਵਲੋਂ ਤਸਦੀਕ ਕੀਤਾ ਜਾਣਾ ਚਾਹੀਦਾ ਹੈ।**
- **ਟਾਈਟਲ ਨੂੰ ਤਬਦੀਲ ਕਰਨ ਲਈ ਪਾਲਸੀ ਜਾਂ ਵੱਖਰੇ ਸਾਧਨ ਉੱਤੇ ਤਸਦੀਕ ਦੇ ਰੂਪ ਵਿੱਚ ਖਾਸ ਤੌਰ ਉੱਤੇ ਨਿਯਤ ਕੀਤਾ ਜਾਣਾ ਚਾਹੀਦਾ ਹੈ।**
- **ਪਾਲਸੀਧਾਰਕ ਵਲੋਂ ਬੀਮਾਕਰਤਾ ਨੂੰ ਨਿਯੁਕਤੀ ਦਾ ਨੋਟਿਸ ਦੇਣਾ ਚਾਹੀਦਾ ਹੈ, ਜਿਸ ਦੇ ਬਿਨਾਂ ਨਿਯੁਕਤੀ ਵੈਧ ਨਹੀਂ ਹੋਵੇਗੀ।**
- **ਸੈਕਸ਼ਨ 38(2) ਤੈਅ ਕਰਦਾ ਹੈ ਕਿ ਬੀਮਾਕਰਤਾ ਨਿਯੁਕਤੀ ਨੂੰ ਮਨਜ਼ੂਰ ਜਾਂ ਇਨਕਾਰ ਵੀ ਕਰ ਸਕਦਾ ਹੈ, ਜੇ ਇਸ ਦੇ ਵਾਜਬ ਕਾਰਨ ਹੋ ਕਿ ਇਹ ਨਿਯੁਕਤੀ ਸਹੀ ਨਹੀ ਹੈ ਜਾਂ ਪਾਲਸੀਧਾਰਕ ਦੇ ਹੱਕ ਜਾਂ ਜਨਤਕ ਹਿੱਤਾਂ ਵਿੱਚ ਨਹੀਂ ਹੈ ਜਾਂ ਸਿਰਫ਼ ਬੀਮਾ ਪਾਲਸੀ ਦੇ ਵਪਾਰ ਲਈ ਹੀ ਹੈ।**
- **ਪਰ ਬੀਮਾਕਰਤਾ ਨੂੰ ਤਸਦੀਕ ਲਈ ਨਾਂਹ ਕਰਨ ਤੋਂ ਪਹਿਲਾਂ ਇੰਝ ਦੇ ਇਨਕਾਰ ਨੂੰ ਕਾਰਨਾਂ ਸਮੇਤ ਲਿਖਤੀ ਰੂਪ ਵਿੱਚ ਲਿਆਉਣਾ ਹੁੰਦਾ ਹੈ ਅਤੇ ਪਾਲਸੀਧਾਰਕ ਨੂੰ ਇੰਝ ਦੇ ਟਰਾਂਸਫਰ ਜਾਂ ਨਿਯੁਕਤੀ ਲਈ ਦਿੱਤੇ ਨੋਟਿਸ ਦੀ ਤਾਰੀਖ ਤੋਂ ਤੀਹ ਦਿਨਾਂ ਦੇ ਅੰਦਰ ਅੰਦਰ ਸੂਚਿਤ ਕਰਨਾ ਹੁੰਦਾ ਹੈ।**

ਚਿੱਤਰ 4 : ਬੀਮਾ ਪਾਲਸੀਆਂ ਦੀ ਨਿਯੁਕਤੀ ਨਾਲ ਸੰਬੰਧਿਤ ਨਿਯਮ




**ਪਾਲਸੀਧਾਰਕਾਂ ਲਈ ਆਮ ਤੌਰ ਤੇ ਵਧਾਈਆਂ ਗਈਆਂ ਸਹੂਲਤਾਂ**

**a) ਡੁਪਲੀਕੇਟ ਪਾਲਸੀ:**

ਜੀਵਨ ਬੀਮਾ ਪਾਲਸੀ ਦਸਤਵੇਜ਼ ਕੇਵਲ ਵਾਅਦੇ ਦਾ ਸਬੂਤ ਹੀ ਹੁੰਦੇ ਹਨ। ਪਾਲਸੀ ਦਸਾਤਵੇਜ਼ ਗੁੰਮ ਹੋਣਾ ਜਾਂ ਖ਼ਰਾਬ ਹੋਣਾ ਕੰਪਨੀ ਨੂੰ ਇਕਰਾਰਨਾਮੇ ਦੇ ਅਧੀਨ ਕੰਪਨੀ ਦੀ ਦੇਣਦਾਰੀ ਤੋਂ ਮੁਕਤ ਨਹੀਂ ਕਰਦਾ ਹੈ। ਜੀਵਨ ਬੀਮਾ ਕੰਪਨੀਆਂ ਆਮ ਤੌਰ ਉੱਤੇ ਪਾਲਸੀ ਦਸਤਾਵੇਜ਼ ਗੁੰਮ ਹੋਣ ਦੀ ਹਾਲਤ ਵਿੱਚ ਮਿਆਰੀ ਢੰਗ ਅਪਨਾਉਂਦੀਆਂ ਹਨ।

ਆਮ ਤੌਰ ਉੱਤੇ ਦਫ਼ਤਰ ਹਾਲਤ ਦੀ ਜਾਂਚ ਕਰੇਗਾ ਕਿ ਕੀ ਕਥਿਤ ਗੁਆਚਣ ਉੱਤੇ ਸ਼ੱਕ ਕਰਨ ਦਾ ਕੋਈ ਕਾਰਨ ਹੈ। ਤਸੱਲੀਬਖ਼ਸ਼ ਸਬੂਤ ਦੇਣ ਦੀ ਲੋੜ ਪੈ ਸਕਦੀ ਹੈ ਤਾਂ ਕਿ ਯਕੀਨੀ ਬਣਾਇਆ ਜਾਵੇ ਕਿ ਪਾਲਸੀ ਗੁਆਚੀ ਹੈ ਅਤੇ ਇਸ ਨੂੰ ਕਿਸੇ ਢੰਗ ਨਾਲ ਇਸਤੇਮਾਲ ਨਹੀਂ ਕੀਤਾ ਗਿਆ। ਆਮ ਤੌਰ ਉੱਤੇ ਦਾਅਵੇ ਦਾ ਦਾਅਵੇਦਾਰ ਵਲੋਂ ਹਰਜ਼ਾਨਾ ਬੌਂਡ ਦੀ ਜ਼ਮਾਨਤ ਨਾਲ ਜਾਂ ਬਿਨਾਂ ਜਮਾਨਤ ਦੇ ਜਮ੍ਹਾਂ ਕਰਵਾਕੇ ਨਿਪਟਾਰਾ ਕੀਤਾ ਜਾਂਦਾ ਹੈ।

ਜੇ ਭੁਗਤਾਨ ਛੇਤੀ ਦੇਣ ਵਾਲਾ ਹੋਵੇ ਅਤੇ ਭੁਗਤਾਨ ਦੀ ਰਕਮ ਵੱਡੀ ਹੈ ਤਾਂ ਦਫ਼ਤਰ ਗੁਆਚਣ ਦੀ ਜਾਣਕਾਰੀ ਨੂੰ ਵੱਡੇ ਪੱਧਰ ਉੱਤੇ ਪਹੁੰਚਣ ਵਾਲੀ ਕੌਮੀ ਅਖ਼ਬਾਰ ਵਿੱਚ ਇਸ਼ਤਿਹਾਰ ਦੇਣ ਲਈ ਵੀ ਕਹਿ ਸਕਦਾ ਹੈ। ਇਹ ਯਕੀਨੀ ਬਣਾਉਣ ਉੱਤੇ ਕਿ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੈ, ਡੁਪਲੀਕੇਟ ਪਾਲਸੀ ਜਾਰੀ ਕੀਤੀ ਜਾ ਸਕਦੀ ਹੈ।

**b) ਤਬਦੀਲੀ**

ਪਾਲਸੀਧਾਰਕ ਪਾਲਸੀ ਨਿਯਮਾਂ ਤੇ ਸ਼ਰਤਾਂ ਵਿੱਚ ਤਬਦੀਲੀ ਕਰਨ ਦੀ ਉਮੀਦ ਕਰ ਸਕਦਾ ਹੈ। ਇੰਜ ਦੀਆਂ ਤਬਦੀਲੀਆਂ ਬੀਮਾਕਰਤਾ ਅਤੇ ਬੀਮਤ ਦੋਵਾਂ ਦੀ ਸਹਿਮਤੀ ਨਾਲ ਕਰਨ ਦਾ ਪ੍ਰਬੰਧ ਹੈ। ਆਮ ਤੌਰ ਤੇ

ਤਬਦੀਲੀਆਂ ਨੂੰ ਪਾਲਸੀ ਦੇ ਪਹਿਲੇ ਸਾਲ ਵਿੱਚ ਕਰਨ ਦੀ ਇਜ਼ਾਜ਼ਤ ਨਹੀਂ ਹੋ ਸਕਦੀ ਹੈ, ਸਿਰਫ਼ ਕੁਝ ਤਬਦੀਲੀਆਂ ਛੱਡ ਕੇ ਜਿਵੇਂ ਕਿ ਪ੍ਰੀਮੀਅਮ ਦੇ ਢੰਗ ਵਿੱਚ ਬਦਲਾਅ ਜਾਂ ਹੋਰ ਤਬਦੀਲੀਆਂ ਜੋ ਕਿ ਜ਼ਰੂਰੀ ਹੋਣ ਜਿਵੇਂ ਕਿ

- ✓ ਨਾਂ ਜਾਂ /ਪਤੇ ਵਿੱਚ ਤਬਦੀਲੀ;
- ✓ ਉਮਰ ਵਿੱਚ ਤਬਦੀਲੀ, ਜੇ ਇਹ ਵੱਧ ਜਾਂ ਘੱਟ ਸਿੱਧ ਹੋ ਜਾਵੇ;
- ✓ ਦੂਹਰੇ ਦੁਰਘਟਨਾ ਫਾਇਦੇ ਜਾਂ ਪੱਕੀ ਅਪੰਗਤਾ ਫਾਇਦੇ ਆਦਿ ਦੀ ਮਨਜ਼ੂਰੀ ਲਈ ਬੇਨਤੀ।

ਤਬਦੀਲੀਆਂ ਨੂੰ ਬਾਅਦ ਦੇ ਸਾਲਾਂ ਵਿੱਚ ਮਨਜ਼ੂਰੀ ਦਿੱਤੀ ਜਾ ਸਕਦੀ ਹੈ। ਇਹਨਾਂ ਤਬਦੀਲੀਆਂ ਵਿੱਚੋਂ ਕੁਝ ਨੂੰ ਪਾਲਸੀ ਉੱਤੇ ਢੁੱਕਵੀਂ ਤਸਦੀਕ ਨਾਲ ਲਾਗੂ ਕੀਤਾ ਜਾ ਸਕਦਾ ਹੈ ਜਾਂ ਵੱਖਰੇ ਸਫ਼ੇ ਰਾਹੀਂ। ਹੋਰ ਤਬਦੀਲੀਆਂ, ਜਿਹਨਾਂ ਲਈ ਪਾਲਸੀ ਸ਼ਰਤਾਂ ਵਿੱਚ ਪ੍ਰਮੁੱਖ ਬਦਲਾਅ ਦੀ ਲੋੜ ਹੁੰਦੀ ਹੈ, ਲਈ ਮੌਜੂਦਾ ਪਾਲਸੀਆਂ ਨੂੰ ਰੱਦ ਕਰਨ ਅਤੇ ਨਵੀਆਂ ਪਾਲਸੀਆਂ ਜਾਰੀ ਕਰਨ ਦੀ ਵੀ ਲੋੜ ਹੋ ਸਕਦੀ ਹੈ।

ਕੁਝ ਮੁੱਖ ਕਿਸਮ ਦੀਆਂ ਤਬਦੀਲੀਆਂ, ਜਿਹਨਾਂ ਦੀ ਮਨਜ਼ੂਰੀ ਹੁੰਦੀ ਹੈ

i. ਬੀਮੇ ਜਾਂ ਮਿਆਦ ਦੇ ਕੁਝ ਵਰਗਾਂ ਵਿੱਚ ਤਬਦੀਲੀ [ਜਿੱਥੇ ਜੋਖਿਮ ਵੱਧਦਾ ਨਹੀਂ ਹੈ]

ii. ਬੀਮਾ ਕੀਤੀ ਰਕਮ ਵਿੱਚ ਕਮੀ

iii. ਪ੍ਰੀਮੀਅਮ ਦੇ ਭੁਗਤਾਨ ਦੇ ਢੰਗ ਵਿੱਚ ਤਬਦੀਲੀ

iv. ਪਾਲਸੀ ਦੇ ਸ਼ੁਰੂ ਹੋਣ ਦੀ ਮਿਤੀ ਵਿੱਚ ਤਬਦੀਲੀ

v. ਪਾਲਸੀ ਨੂੰ ਦੋ ਜਾਂ ਵੱਧ ਪਾਲਸੀਆਂ ਵਿੱਚ ਵੰਡਣਾ

vi. ਵਾਧੂ ਪ੍ਰੀਮੀਅਮ ਜਾਂ ਪਾਬੰਦੀਸ਼ੁਦਾ ਸ਼ਰਤ ਨੂੰ ਹਟਾਉਣਾ

vii. ਬਿਨਾਂ ਫਾਇਦੇ ਤੋਂ ਫਾਇਦੇ ਵਾਲੀ ਸਕੀਮ ਵਿੱਚ ਬਦਲਣਾ

viii. ਨਾਂ ਵਿੱਚ ਸੋਧ

ix. ਦਾਅਵੇ ਦੇ ਭੁਗਤਾਨ ਲਈ ਨਿਪਟਾਰਾ ਵਿਕਲਪ ਅਤੇ ਦੂਹਰਾ ਦੁਰਘਟਨਾ ਬੀਮੇ ਦੀ ਮਨਜ਼ੂਰੀ

ਇਹਨਾਂ ਤਬਦੀਲੀਆਂ ਵਿੱਚ ਆਮ ਤੌਰ ਉੱਤੇ ਜੋਖਿਮ ਵਿੱਚ ਵਾਧਾ ਸ਼ਾਮਿਲ ਨਹੀਂ ਹੁੰਦਾ ਹੈ। ਕੁਝ ਹੋਰ ਤਬਦੀਲੀਆਂ ਹਨ, ਜਿਹਨਾਂ ਦੀ ਮਨਜ਼ੂਰੀ ਨਹੀਂ ਹੁੰਦੀ ਹੈ। ਇਹ ਉਹ ਤਬਦੀਲੀਆਂ ਹੋ ਸਕਦੀਆਂ ਹਨ, ਜਿਹਨਾਂ ਨਾਲ ਪ੍ਰੀਮੀਅਮ ਘੱਟ ਸਕਦਾ ਹੈ। ਉਦਾਹਰਨਾਂ ਵਿੱਚ ਪ੍ਰੀਮੀਅਮ ਭੁਗਤਾਨ ਮਿਆਦ ਵਿੱਚ ਵਾਧਾ ਕਰਨਾ; ਫਾਇਦੇ ਵਾਲੀ ਸਕੀਮ ਤੋਂ ਬਿਨਾਂ ਫਾਇਦਾ ਵਿੱਚ ਤਬਦੀਲੀ ਕਰਨੀ; ਬੀਮੇ ਦੇ ਇੱਕ ਵਰਗ ਤੋਂ ਦੂਜੇ ਵਿੱਚ ਤਬਦੀਲੀ ਕਰਨੀ, ਜਿੱਥੇ ਜੋਖਿਮ ਵਿੱਚ ਵਾਧਾ ਹੁੰਦਾ ਹੈ; ਅਤੇ ਬੀਮਾ ਕਰਵਾਈ ਰਕਮ ਵਿੱਚ ਵਾਧਾ।

**ਆਪਣੇ ਆਪ ਨੂੰ ਟੈਸਟ ਕਰੋ 2**

**ਹਾਲਤਾਂ ਦਾ ਪਤਾ ਕਰੋ, ਜਿਹਨਾਂ ਦੇ ਅਧੀਨ ਪਾਲਸੀਧਾਰਕ ਨੂੰ ਵਿਅਕਤੀ ਨਿਯੁਕਤ ਕਰਨ ਦੀ ਲੋੜ ਹੋਵੇਗੀ?**

I. **ਬੀਮਤ ਨਾਬਾਲਗ ਹੈ**

II. **ਨਾਮਜ਼ਦ ਨਾਬਾਲਗ ਹੈ**

III. **ਪਾਲਸੀਧਾਰਕ ਦਿਮਾਗੀ ਤੌਰ ਉੱਤੇ ਠੀਕ ਨਹੀਂ ਹੈ**

IV. **ਪਾਲਸੀਧਾਰਕ ਦਾ ਵਿਆਹ ਨਹੀਂ ਹੋਇਆ**

---

**ਸਾਰ**

- **ਸਿਹਤ ਦੀ ਸਥਿਤੀ, ਆਦਤਾਂ ਅਤੇ ਰੁਜ਼ਗਾਰ, ਆਮਦਨ ਤੇ ਪਰਿਵਾਰਿਕ ਵੇਰਵੇ ਨੂੰ ਏਜੰਟ ਵਲੋਂ ਏਜੰਟ ਦੀ ਰਿਪੋਰਟ ਵਿੱਚ ਦੱਸਣ ਦੀ ਲੋੜ ਹੁੰਦੀ ਹੈ।**
- **ਖਾਸ ਸਰੀਰਿਕ ਲੱਛਣ ਜਿਵੇਂ ਕਿ ਕੱਦ, ਭਾਰ, ਖ਼ੂਨ ਦਬਾਅ, ਦਿਲ ਦੀ ਸਥਿਤੀ ਆਦਿ ਨੂੰ ਡਾਕਟਰ ਵਲੋਂ ਆਪਣੀ ਰਿਪੋਰਟ ਵਿਚ ਰਿਕਾਰਡ ਕੀਤਾ ਜਾਂਦਾ ਹੈ, ਜਿਸ ਨੂੰ ਮੈਡੀਕਲ ਪਰੀਖਿਕ ਦੀ ਰਿਪੋਰਟ ਕਿਹਾ ਜਾਂਦਾ ਹੈ।**
- **ਨੈਤਿਕ ਸੰਕਟ ਸੰਭਾਵਨਾ ਹੈ ਕਿ ਗਾਹਕ ਦਾ ਰਵੱਈਆ ਜੀਵਨ ਬੀਮਾ ਪਾਲਸੀ ਖਰੀਦਣ ਦੇ ਕਰਕੇ ਬਦਲ ਸਕਦਾ ਹੈ ਅਤੇ ਇੰਝ ਦੀ ਬਦਲਾਅ ਨਾਲ ਘਾਟੇ ਦੀ ਸੰਭਾਵਨਾ ਵੱਧ ਜਾਂਦੀ ਹੈ।**
- **ਬੀਮਾ ਇਕਰਾਰਨਾਮਾ ਬਣਦਾ ਹੈ, ਜਦੋਂ ਜੀਵਨ ਬੀਮਾ ਕੰਪਨੀ ਪਹਿਲੀ ਪ੍ਰੀਮੀਅਮ ਰਸੀਦ (ਐਫਪੀਆਰ) ਜਾਰੀ ਕਰਦੀ ਹੈ। ਐਫਪੀਆਰ (FPR) ਸਬੂਤ ਹੁੰਦਾ ਕਿ ਪਾਲਸੀ ਇਕਰਾਰਨਾਮਾ ਸ਼ੁਰੂ ਹੋ ਚੁੱਕਾ ਹੈ।**
- **ਪਾਲਸੀ ਦਸਤਾਵੇਜ਼ ਬੀਮੇ ਦੇ ਨਾਲ ਸੰਬੰਧਿਤ ਸਭ ਤੋਂ ਮਹੱਤਵਪੂਰਨ ਦਸਤਾਵੇਜ਼ ਹੈ। ਇਹ ਸਬੂਤ ਹੈ ਕਿ ਬੀਮਤ ਅਤੇ ਬੀਮਾ ਕੰਪਨੀ ਵਿਚਾਲੇ ਇਕਰਾਰ ਹੈ।**
- **ਮਿਆਰੀ ਪਾਲਸੀ ਦਸਤਾਵੇਜ਼ ਦੇ ਖਾਸ ਤੌਰ ਉੱਤੇ ਤਿੰਨਾ ਭਾਗ ਹਨ, ਜਿਹਨਾਂ ਵਿੱਚ ਪਾਲਸੀ ਅਨੁਸੂਚੀ, ਮਿਆਰੀ ਪ੍ਰਬੰਧ (ਜਾਂ ਨਿਯਮ) ਅਤੇ ਪਾਲਸੀ ਦੇ ਲਈ ਖਾਸ ਪ੍ਰਬੰਧ ਸ਼ਾਮਿਲ ਹਨ।**
- **ਛੋਟ (ਗਰੇਸ) ਸਮਾਂ ਨਿਯਮ ਪਾਲਸੀਧਾਰਕ ਨੂੰ ਪ੍ਰੀਮੀਅਮ ਦੇ ਦੇਯ ਸਮੇਂ ਤੋਂ ਬਾਅਦ ਵੀ ਭੁਗਤਾਨ ਕਰਨ ਲਈ ਵਾਧੂ ਸਮਾਂ ਦਿੰਦਾ ਹੈ।**
- **ਮੁੜ-ਸਥਾਪਨ ਉਹ ਕਾਰਵਾਈ ਹੈ, ਜਿਸ ਰਾਹੀਂ ਜੀਵਨ ਬੀਮਾ ਕੰਪਨੀ ਪਾਲਸੀ ਨੂੰ ਮੁੜ ਚਾਲੂ ਕਰਦੀ ਹੈ, ਜੋ ਕਿ ਜਾਂ ਤਾਂ ਪ੍ਰੀਮੀਅਮ ਦਾ ਭੁਗਤਾਨ ਨਾ ਹੋਣ ਕਰਕੇ ਖਤਮ ਕਰ ਦਿੱਤੀ ਗਈ ਸੀ ਜਾਂ ਗ਼ੈਰ-ਜ਼ਬਤੀ ਪ੍ਰਬੰਧ ਦੇ ਅਧੀਨ ਜਾਰੀ ਹੈ।**

- ਪਾਲਸੀ ਕਰਜ਼ ਆਮ ਵਪਾਰਕ ਕਰਜ਼ ਤੋਂ ਦੋ ਢੰਗਾਂ ਨਾਲ ਵੱਖਰਾ ਹੈ, ਪਹਿਲਾਂ ਪਾਲਸੀ ਮਾਲਕ ਨੂੰ ਕਰਜ਼ ਨੂੰ ਵਾਪਿਸ ਕਰਨ ਦੀ ਕਾਨੂੰਨੀ ਪਾਬੰਦੀ ਨਹੀਂ ਹੁੰਦੀ ਹੈ ਅਤੇ ਬੀਮਾਕਰਤਾ ਨੂੰ ਬੀਮਤ ਦੀ ਕਰੈਡਿਟ ਜਾਂਚ ਕਰਨ ਦੀ ਲੋੜ ਨਹੀਂ ਹੁੰਦੀ ਹੈ।
- ਨਾਮਜ਼ਦਗੀ ਉਹ ਵਿਵਸਥਾ ਹੈ, ਜਿਸ ਵਿੱਚ ਬੀਮਤ ਵਿਅਕਤੀ/ਵਿਅਕਤੀਆਂ ਨੂੰ ਨਾਮਜ਼ਦ ਕਰਦਾ ਹੈ, ਜਿਹਨਾਂ ਨੂੰ ਬੀਮਾ ਕੰਪਨੀ ਵਲੋਂ ਉਸ ਦੀ ਮੌਤ ਤੋਂ ਬਾਅਦ ਬੀਮੇ ਦੀ ਰਕਮ ਦਿੱਤ ਜਾਂਦੀ ਹੈ।
- ਜੀਵਨ ਬੀਮਾ ਪਾਲਸੀ ਲਈ ਸਪੁਰਦਗੀ ਦਾ ਭਾਵ ਹੈ ਕਿ ਪਾਲਸੀ ਦੇ ਹੱਕ, ਮਾਲਕੀ ਅਤੇ ਪਾਲਸੀ ਵਿੱਚ ਹਿੱਤ (ਜਾਇਦਾਦ ਵਜੋਂ) ਇੱਕ ਵਿਅਕਤੀ ਤੋਂ ਦੂਜੇ ਨੂੰ ਤਬਦੀਲ ਕਰਨ ਦੀ ਕਾਰਵਾਈ। ਵਿਅਕਤੀ, ਜੋ ਕਿ ਹੱਕਾਂ ਨੂੰ ਤਬਦੀਲ ਕਰਦਾ ਹੈ, ਨੂੰ ਸਪੁਰਦਕਰਤਾ ਕਿਹਾ ਜਾਂਦਾ ਹੈ ਅਤੇ ਵਿਅਕਤੀ ਜਿਸ ਨੂੰ ਜਾਇਦਾਦ ਤਬਦੀਲ ਕੀਤੀ ਗਈ ਹੈ ਨੂੰ ਸਪੁਰਦਦਾਰ ਕਹਿੰਦੇ ਹਨ।
- ਤਬਦੀਲੀਆਂ ਬੀਮਾਕਰਤਾ ਅਤੇ ਬੀਮਤ ਦੋਵਾਂ ਦੀ ਸਹਿਮਤੀ ਨਾਲ ਹੀ ਹੁੰਦੀਆਂ ਹਨ। ਆਮ ਤੌਰ ਤੇ ਤਬਦੀਲੀਆਂ ਦੀ ਪਾਲਸੀ ਦੇ ਪਹਿਲੇ ਸਾਲ ਵਿੱਚ ਮਨਜ਼ੂਰੀ ਨਹੀਂ ਹੋ ਸਕਦੀ ਹੈ, ਸਿਰਫ਼ ਕੁਝ ਸਧਾਰਨ ਨੂੰ ਛੱਡ ਕੇ।

---

**ਮੁੱਖ ਸ਼ਬਦ**

1. ਏਜੰਟ ਦੀ ਗੁਪਤ ਰਿਪੋਰਟ
2. ਮੈਡੀਕਲ ਨਿਰੀਖਕ ਦੀ ਰਿਪੋਰਟ
3. ਨੈਤਿਕ ਖਤਰਾ ਰਿਪੋਰਟ
4. ਪਹਿਲੀ ਪ੍ਰੀਮੀਅਮ ਰਸੀਦ (FPR)
5. ਪਾਲਸੀ ਦਸਤਾਵੇਜ਼
6. ਪਾਲਸੀ ਅਨੁਸੂਚੀ
7. ਮਿਆਰੀ ਪ੍ਰਬੰਧ/ਨਿਯਮ
8. ਖਾਸ ਪ੍ਰਬੰਧ
9. ਛੋਟ ਸਮਾਂ
10. ਪਾਲਸੀ ਲੈਪਸ
11. ਪਾਲਸੀ ਮੁੜ-ਪ੍ਰਚਲਣ
12. ਸਮਰਪਨ ਮੁੱਲ

13. ਨਾਮਜ਼ਦਗੀ

14. ਨਿਯੁਕਤੀ

---

**ਸਵੈ ਜਾਂਚ ਦੇ ਜਵਾਬ**

**ਜਵਾਬ 1 - ਸਹੀ ਚੋਣ ॥ ਹੈ।**

**ਜਵਾਬ 2 - ਸਹੀ ਚੋਣ ॥ ਹੈ।**

---

# ਪਾਠ L-08

# ਜੀਵਨ ਬੀਮਾ ਅੰਡਰਰਾਈਰਿੰਗ

**ਪਾਠ ਜਾਣ-ਪਛਾਣ**

**ਜੀਵਨ ਬੀਮਾ ਏਜੰਟ ਦਾ ਕੰਮ ਸੰਭਾਵਿਤ ਗਾਹਕ ਵਲੋਂ ਪੇਸ਼ਕਸ਼ ਲੈਣ ਦੇ ਨਾਲ ਖ਼ਤਮ ਨਹੀਂ ਹੋ ਜਾਂਦਾ ਹੈ। ਪੇਸ਼ਕਸ਼ ਨੂੰ ਬੀਮਾ ਕੰਪਨੀ ਵਲੋਂ ਮਨਜ਼ੂਰ ਕੀਤਾ ਜਾਣਾ ਚਾਹੀਦਾ ਹੈ ਅਤੇ ਨਤੀਜੇ ਵਜੋਂ ਪਾਲਸੀ ਜਾਰੀ ਹੋਣੀ ਚਾਹੀਦੀ ਹੈ।**

**ਹਰ ਜੀਵਨ ਬੀਮਾ ਪੇਸ਼ਕਸ਼ ਨੂੰ ਉਸ ਮੋੜ ਤੋਂ ਗੁਜ਼ਰਨਾ ਹੁੰਦਾ ਹੈ, ਜਿੱਥੇ ਜੀਵਨ ਬੀਮਾਕਰਤਾ ਨੂੰ ਫੈਸਲਾ ਕਰਨਾ ਹੁੰਦਾ ਹੈ ਕਿ ਕੀ ਉਸ ਨੇ ਪੇਸ਼ਕਸ਼ ਨੂੰ ਮਨਜ਼ੂਰ ਕਰਨਾ ਹੈ ਅਤੇ ਜੇ ਹਾਂ ਤਾਂ ਕਿਹੜੀਆਂ ਸ਼ਰਤਾਂ ਉੱਤੇ। ਇਸ ਪਾਠ ਵਿੱਚ ਅਸੀਂ ਅੰਡਰਰਾਈਟਿੰਗ ਦੀ ਕਾਰਵਾਈ ਅਤੇ ਕਾਰਵਾਈ ਵਿੱਚ ਸ਼ਾਮਿਲ ਭਾਗਾਂ ਦੇ ਬਾਰੇ ਹੋਰ ਜਾਣਕਾਰੀ ਹਾਸਿਲ ਕਰਾਂਗੇ।**

**ਸਿੱਖਣ ਦੇ ਨਤੀਜੇ**

A. **ਅੰਡਰਰਾਈਟਿੰਗ - ਮੁੱਢਲੇ ਸਿਧਾਂਤ**

B. **ਗ਼ੈਰ-ਮੈਡੀਕਲ ਅੰਡਰਰਾਈਟਿੰਗ**

C. **ਮੈਡੀਕਲ ਅੰਡਰਰਾਈਟਿੰਗ**

## A. ਅੰਡਰਰਾਈਟਿੰਗ - ਮੁੱਢਲੇ ਸਿਧਾਂਤ

### 1. ਅੰਡਰਰਾਈਟਿੰਗ ਮਕਸਦ

ਅੰਡਰਰਾਈਟਿੰਗ ਦੇ ਦੋ ਮਕਸਦ ਹਨ

i. ਜ਼ੋਖਮ ਦੇ ਮੁਲਾਂਕਣ ਲਈ ਜ਼ੋਖਮ ਨੂੰ ਵਰਗੀਕ੍ਰਿਤ ਕਰਨਾ ਅਤੇ ਜ਼ੋਖਮ ਨੂੰ ਮਨਜ਼ੂਰ ਦੀਆਂ ਸ਼ਰਤਾਂ ਜਾਂ ਇਨਕਾਰ ਕਰਨ ਦਾ ਫ਼ੈਸਲਾ ਕਰਨਾ।

ii. ਬੀਮਾਕਰਤਾ ਦੇ ਵਿਰੁਧ ਉਲਟ-ਚੋਣ ਰੋਕਣਾ

**ਪਰਿਭਾਸ਼ਾ**

ਅੰਡਰਰਾਈਟਰ ਸ਼ਬਦ ਦਾ ਭਾਵ ਜੀਵਨ ਬੀਮੇ ਲਈ ਹਰੇਕ ਪੇਸ਼ਕਸ਼ ਨੂੰ ਇਸ ਵਿੱਚ ਮੌਜੂਦ ਜੋਖਿਮ ਦੇ ਦਰਜੇ ਦੇ ਰੂਪ ਵਿੱਚ ਮੁਲਾਂਕਣ ਕਰਨ ਅਤੇ ਤਦ ਬੀਮਾ ਨਾ ਦੇਣ ਜਾਂ ਦੇਣ ਅਤੇ ਕਿਹੜੀਆਂ ਸ਼ਰਤਾਂ ਉੱਤੇ, ਦੇ ਬਾਰੇ ਫੈਸਲਾ ਕਰਨਾ ਹੈ।

ਉਲਟ-ਚੋਣ ਲੋਕਾਂ ਦਾ ਰੁਝਾਨ ਹੈ, ਜਿਹਨਾਂ ਨੂੰ ਘਾਟਾ ਪੈਣ ਦੇ ਅਨੁਭਵ ਦੀ ਸੰਭਾਵਨਾ ਵੱਧ ਹੋਣ ਦਾ ਸ਼ੱਕ ਜਾਂ ਪਤਾ ਹੁੰਦਾ ਹੈ, ਉਹ ਬੀਮਾ ਲੈਂਦਾ ਹਨ ਤਾਂ ਕਿ ਉਸ ਕਾਰਵਾਈ ਤੋਂ ਫਾਇਦਾ ਉਠਾਇਆ ਜਾਵੇ।

---

**ਉਦਾਹਰਨ**

ਜੇ ਜੀਵਨ ਬੀਮਾਕਰਤਾ ਇਸ ਦੇ ਬਾਰੇ ਸਾਵਧਾਨ ਨਹੀਂ ਰਹਿੰਦੇ ਕਿ ਕਿਸ ਨੂੰ ਬੀਮਾ ਦੇਣਾ ਹੈ, ਤਾਂ ਸੰਭਾਵਨਾ ਹੁੰਦੀ ਹੈ ਕਿ ਗੰਭੀਰ ਬੀਮਾਰੀਆਂ ਜਿਵੇਂ ਕਿ ਦਿਲ ਦੀਆਂ ਸਮੱਸਿਆਵਾਂ ਜਾਂ ਕੈਂਸਰ, ਜਿਹਨਾਂ ਦੇ ਜਿਆਦਾ ਦੇਰ ਜਿਉਂਦੇ ਰਹਿਣ ਦੀ ਸੰਭਾਵਨਾ ਨਹੀਂ ਹੁੰਦੀ ਹੈ, ਵੀ ਜੀਵਨ ਬੀਮਾ ਲੈ ਸਕਦੇ ਹਨ।

ਦੂਜੇ ਸ਼ਬਦਾਂ ਵਿੱਚ, ਜੇ ਬੀਮਾਕਰਤਾ ਅੰਡਰਰਾਈਟਿੰਗ ਚੋਣ ਕਰਨ ਦਾ ਪੱਧਤੀ ਨਹੀਂ ਅਪਨਾਉਂਦਾ ਤਾਂ ਚੋਣ ਉਸ ਦੇ ਖਿਲਾਫ ਜਾ ਸਕਦੀ ਹੈ ਅਤੇ ਕਾਰਵਾਈ ਵਿੱਚ ਘਾਟਾ ਪਵੇਗਾ।

---

### 2. ਜੋਖਿਮਾਂ ਵਿੱਚ ਨਿਰਪੱਖਤਾ

ਸ਼ਬਦ ਨਿਰਪੱਖਤਾ (equity) ਦਾ ਭਾਵ ਹੈ ਕਿ ਐਪਲੀਕੇਸ਼ਨ ਦੇਣ ਵਾਲੇ, ਜਿਹਨਾਂ ਨੂੰ ਇੱਕੋ ਕਿਸਮ ਦੇ ਜੋਖਿਮਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਨੂੰ ਇੱਕ ਪ੍ਰੀਮੀਅਮ ਵਰਗ ਵਿੱਚ ਰੱਖਿਆ ਜਾਣਾ ਜ਼ਰੂਰੀ ਹੈ। ਮੌਤ-ਦਰ ਸਾਰਣੀ ਮਿਆਰੀ ਜੀਵਨ ਜਾਂ ਔਸਤ ਜੋਖਿਮ ਦੇ ਤਜਰਬੇ ਮੁਤਾਬਕ ਮੌਤ-ਦਰ ਦਰਸਾਉਂਦੀ ਹੈ। ਇਹਨਾਂ ਵਿੱਚ ਲੋਕਾਂ ਦੀ ਵੱਡੀ ਗਿਣਤੀ ਸ਼ਾਮਿਲ ਹੁੰਦੀ ਹੈ, ਜੋ ਕਿ ਜੀਵਨ ਬੀਮੇ ਲਈ ਪੇਸ਼ਕਸ਼ ਕਰਦੇ ਹਨ।

#### a) ਜੋਖਿਮ ਵਰਗੀਕਰਨ

ਬਰਾਬਰ ਨਿਰਪੱਖ ਲਈ ਅੰਡਰਰਾਈਟਰ ਜੋਖਿਮ ਵਰਗੀਕਰਨ ਦੇ ਵਜੋਂ ਜਾਣੇ ਜਾਂਦੇ  ਢੰਗ ਦੀ ਵਰਤੋਂ ਕਰਦਾ ਹੈ ਜਿਸਵਿੱਚ ਵਿਅਕਤੀਆਂ ਨੂੰ ਮਿਲਣ ਵਾਲੇ ਜੋਖਿਮਾਂ ਦੇ ਮੁਤਾਬਕ ਵਰਗੀਕ੍ਰਿਤ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਵੱਖਰੀ-ਵੱਖਰੀ ਜੋਖਿਮ ਕਲਾਸ ਵਿੱਚ ਰੱਖਿਆ ਜਾਂਦਾ ਹੈ। ਚਾਰ ਕਿਸਮ ਦੇ ਜੋਖਿਮ ਵਰਗ ਹਨ।

ਚਿੱਤਰ 1 : ਜੋਖਿਮ ਵਰਗੀਕਰਨ




i. ਮਿਆਰੀ ਜੀਵਨ

ਇਹਨਾਂ ਵਿਚ ਉਹ ਵਿਅਕਤੀ ਸ਼ਾਮਿਲ ਹਨ, ਜਿਹਨਾਂ ਦੀ ਮੌਤ ਦਰ ਦੀ ਉਮੀਦ ਮੌਤ-ਦਰ ਸਾਰਣੀ ਦੇ ਰਾਹੀਂ ਦਰਸਾਏ ਮਿਆਰੀ ਜੀਵਨ ਦੇ ਮੁਤਾਬਕ ਹੈ।

ii. ਤਰਜੀਹੀ ਜੋਖਿਮ

ਇਹਨਾਂ ਵਿੱਚ ਉਹ ਵਿਅਕਤੀ ਹਨ, ਜਿਹਨਾਂ ਦੀ ਮੌਤ ਦਰ ਦੀ ਉਮੀਦ ਮਿਆਰੀ ਜੀਵਨ ਤੋਂ ਕਾਫ਼ੀ ਘੱਟ ਹੁੰਦੀ ਹੈ ਅਤੇ ਇਸਕਰਕੇ ਘੱਟ ਪ੍ਰੀਮੀਅਮ ਵਸੂਲਿਆ ਜਾਂਦਾ ਹੈ।

iii. ਅਲਪ-ਮਿਆਰੀ ਜੀਵਨ

ਇਹਨਾਂ ਦੀ ਅਨੁਮਾਨਿਤ ਮੌਤ ਦਰ ਔਸਤ ਜਾਂ ਮਿਆਰੀ ਜੀਵਨ ਤੋਂ ਵੱਧ ਹੈ, ਪਰ ਫੇਰ ਵੀ ਬੀਮਾਯੋਗ ਮੰਨਿਆ ਜਾਂਦਾ ਹੈ। ਇਹਨਾਂ ਲਈ ਬੀਮੇ ਨੂੰ ਉੱਚ (ਜਾਂ ਵਾਧੂ) ਪ੍ਰੀਮੀਅਮ ਦਰਾਂ ਜਾਂ ਕੁਝ ਖਾਸ ਪਾਬੰਦੀਆਂ ਦੇ ਅਧੀਨ ਮਨਜ਼ੂਰ ਕੀਤਾ ਜਾ ਸਕਦਾ ਹੈ।

iv. ਇਨਕਾਰੀ ਜੀਵਨ

ਇਹ ਉਹ ਲੋਕ ਹਨ ਜਿਹਨਾਂ ਦੀ ਅਪੰਗਤਾ ਅਤੇ ਸੰਭਾਵਿਤ ਮੌਤ ਦਰ ਬਹੁਤ ਵੱਧ ਹੈ ਕਿ ਉਹਨਾਂ ਨੂੰ ਸਹਿਣਯੋਗ ਖ਼ਰਚੇ ਉੱਤੇ ਬੀਮਾ ਸੁਰੱਖਿਆ ਨਹੀਂ ਦਿੱਤੀ ਜਾ ਸਕੀ। ਕਈ ਵਾਰ ਵਿਅਕਤੀ ਦੀ ਪੇਸ਼ਕਸ਼ ਨੂੰ ਆਰਜ਼ੀ ਤੌਰ ਉੱਤੇ ਇਨਕਾਰ ਕੀਤਾ ਜਾ ਸਕਦਾ ਹੈ ਜੇ ਉਹ ਤਾਜ਼ਾ ਡਾਕਟਰੀ ਇਲਾਜ ਅਧੀਨ ਰਿਹਾ ਹੋਵੇ, ਜਿਵੇਂ ਕਿ ਓਪਰੇਸ਼ਨ।

3. ਅੰਡਰਰਾਈਟਿੰਗ ਕਾਰਵਾਈ

ਅੰਡਰਰਾਈਟਿੰਗ ਕਾਰਵਾਈ ਦੇ ਦੋ ਪੱਧਰ ਹਨ:

- ✓ ਖੇਤਰੀ ਪੱਧਰ ਉੱਤੇ
- ✓ ਅੰਡਰਰਾਈਟਿੰਗ ਵਿਭਾਗੀ ਪੱਧਰ ਉੱਤੇ

a) ਖੇਤਰੀ ਜਾਂ ਮੁੱਢਲਾ ਢੰਗ

ਖੇਤਰੀ ਪੱਧਰ ਅੰਡਰਰਾਈਟਿੰਗ ਨੂੰ ਮੁੱਢਲੀ ਅੰਡਰਰਾਈਟਿੰਗ ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਵਿੱਚ ਏਜੰਟ ਜਾਂ ਕੰਪਨੀ ਪ੍ਰਤੀਨਿਧੀ ਵਲੋਂ ਬੀਮਾ ਸੁਰੱਖਿਆ ਦੀ ਮਨਜ਼ੂਰੀ ਦਾ ਫੈਸਲਾ ਲੈਣ ਵਾਸਤੇ ਅਰਜ਼ੀਦਾਤਾ ਦੇ ਢੁੱਕਵੇਂਪਨ ਦੇ ਬਾਰੇ ਜਾਣਕਾਰੀ ਇਕੱਤਰ ਕਰਨਾ ਸ਼ਾਮਿਲ ਹੈ। ਏਜੰਟ ਮੁੱਢਲੇ ਅੰਡਰਰਾਈਟਿੰਗ ਲਈ ਗੰਭੀਰ ਭੂਮਿਕਾ ਨਿਭਾਉਂਦਾ ਹੈ। ਉਹ ਬੀਮਤ ਦੇ ਜੀਵਨ ਦੇ ਬਾਰੇ ਪਤਾ ਲਗਾਉਣ ਲਈ ਸਭ ਤੋਂ ਵਧੀਆ ਹਾਲਤ ਵਿੱਚ ਹੁੰਦਾ ਹੈ।

ਕਈ ਬੀਮਾ ਕੰਪਨੀਆਂ ਦਾ ਏਜੰਟਾਂ ਵਲੋਂ ਬਿਆਨ ਜਾਂ ਗੁਪਤ ਰਿਪੋਰਟ ਪੂਰੀ ਕਰਨ ਦੀ ਲੋੜ ਹੋ ਸਕਦੀ ਹੈ, ਜਿਸ ਵਿੱਚ ਏਜੰਟ ਵਲੋਂ ਪੇਸ਼ਕਰਤਾ ਦੇ ਜੀਵਨ ਦੇ ਸੰਬੰਧ ਵਿੱਚ ਖਾਸ ਜਾਣਕਾਰੀ, ਵਿਚਾਰ ਅਤੇ ਸਿਫਾਰਸ਼ਾਂ ਦੇਣ ਲਈ ਕਿਹਾ ਜਾ ਸਕਦਾ ਹੈ।

ਧੋਖਾ ਨਿਗਰਾਨੀ ਅਤੇ ਮੁੱਢਲੇ ਅੰਡਰਰਾਈਟਰ ਵਜੋਂ ਏਜੰਟ ਦੀ ਭੂਮਿਕਾ

ਜੋਖਿਮ ਦੇ ਮਨਜ਼ੂਰੀ ਦੇ ਸੰਬੰਧ ਵਿੱਚ ਬਹੁਤੇ ਫੈਸਲੇ ਤੱਥਾਂ ਉੱਤੇ ਨਿਰਭਰ ਹੁੰਦੇ ਹਨ ਜਿਹਨਾਂ ਨੂੰ ਪੇਸ਼ਕਸ਼ ਫਾਰਮ ਵਿੱਚ ਪੇਸ਼ਕਰਤਾ ਵਲੋਂ ਐਲਾਨਿਆ ਗਿਆ ਹੈ। ਅੰਡਰਰਾਈਟਰ, ਜੋ ਕਿ ਅੰਡਰਰਾਈਟਿੰਗ ਵਿਭਾਗ ਵਿੱਚ ਬੈਠਾ ਹੈ, ਲਈ ਇਹ ਪਤਾ ਕਰਨਾ ਔਖਾ ਹੈ ਕਿ ਇਹ ਤੱਥ ਗਲਤ ਹਨ ਅਤੇ ਧੋਖਾ ਦੇਣ ਦੇ ਇਰਾਦੇ ਨਾਲ ਜਾਣਬੁੱਝ ਕੇ ਗਲਤ ਦਰਸਾਏ ਗਏ ਹਨ।


ਏਜੰਟ ਇੱਥੇ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਉਹ ਪੇਸ਼ਕਰਤਾ ਦੇ ਜੀਵਨ ਵਿੱਚ ਸਿੱਧੇ ਤੇ ਨਿੱਜੀ ਸੰਪਰਕ ਵਿੱਚ ਹੋਣ ਕਰਕੇ ਯਕੀਨੀ ਬਣਾਉਣ ਲਈ ਸਭ ਤੋਂ ਵਧੀਆ ਸਥਿਤੀ ਵਿੱਚ ਹੁੰਦਾ ਹੈ ਕਿ ਦਿੱਤੇ ਗਏ ਤੱਥ ਸੱਚ ਹਨ।

b) ਵਿਭਾਗੀ ਪੱਧਰ ਉੱਤੇ ਅੰਡਰਰਾਈਟਿੰਗ

ਅੰਡਰਰਾਈਟਿੰਗ ਦਾ ਮੁੱਖ ਪੱਧਰ ਵਿਭਾਗੀ ਜਾਂ ਦਫ਼ਤਰੀ ਪੱਧਰ ਉੱਤੇ ਹੈ। ਇਸ ਵਿੱਚ ਮਾਹਿਰ ਅਤੇ ਸੰਬੰਧਿਤ ਵਿਅਕਤੀ, ਜੋ ਕਿ ਜੀਵਨ ਬੀਮੇ ਲਈ ਪੇਸ਼ਕਸ਼ ਨੂੰ ਇਨਕਾਰ ਜਾਂ ਮਨਜ਼ੂਰ ਕਰਨ ਅਤੇ ਕਿਹੜੀਆਂ ਸ਼ਰਤਾਂ ਉੱਤੇ ਦਾ ਫੈਸਲਾ ਕਰਨ ਲਈ ਸਾਰੀ ਢੁੱਕਵੀਂ ਜਾਣਕਾਰੀ ਉੱਤੇ ਵਿਚਾਰ ਕਰਦੇ ਹਨ।

## 4. ਅੰਡਰਰਾਈਟਿੰਗ ਦੇ ਢੰਗ

ਚਿੱਤਰ 2 :ਅੰਡਰਰਾਈਟਿੰਗ ਦੇ ਢੰਗ



ਅੰਡਰਰਾਈਟਰ ਦੋ ਢੰਗਾਂ ਦੀ ਵਰਤੋਂ ਕਰ ਸਕਦੇ ਹਨ:

| ਸਮਝ ਢੰਗ | ਸੰਖਿਅਕ ਢੰਗ |
|---|---|
| ਇਹ ਢੰਗ ਦੇ ਅਧੀਨ ਵਿਅਕਤੀਗਤ ਸਮਝ ਵਰਤੀ ਜਾਂਦੀ ਹੈ, ਖਾਸ ਤੌਰ ਉੱਤੇ ਜਦੋਂ ਜਟਿਲ ਕੇਸਾਂ ਉੱਤੇ ਫੈਸਲਾ ਕਰਨਾ ਹੁੰਦਾ ਹੈ। | ਇਹ ਢੰਗ ਅਧੀਨ, ਅੰਡਰਰਾਈਟਰ ਸਭ ਨਕਾਰਤਮਕ ਜਾਂ ਪ੍ਰਤਿਕੂਲ ਕਾਰਕਾਂ ਲਈ ਸਕਰਾਤਮਕ ਦਰਜਾ ਅੰਕ ਦਿੰਦੇ ਹਨ (ਕਿਸੇ ਵੀ ਸਕਰਾਤਮਕ ਜਾਂ ਅਨੁਕੂਲ ਕਾਰਕਾਂ ਲਈ ਨਕਰਾਤਮਕ ਅੰਕ ਦਿੰਦੇ ਹਨ)। |
| ਉਦਾਹਰਨ: ਫ਼ੈਸਲਾ ਕਰਨਾ ਕਿ ਅਸ਼ਾਂਤੀ ਵਾਲੇ ਦੇਸ਼ / ਖੇਤਰ ਵਿੱਚ ਰਹਿਣ ਵਾਲੇ ਵਿਅਕਤੀ ਨੂੰ ਜੀਵਨ ਬੀਮਾ ਦੇਣਾ ਹੈ ਜਾਂ ਨਹੀਂ। | ਉਦਾਹਰਨ: ਪਰਿਵਾਰ ਵਿੱਚ ਦਿਲ ਦੀਆਂ ਬੀਮਾਰੀਆਂ ਅਤੇ /ਜਾਂ ਛੇਤੀ ਮੌਤ ਹੋਣ ਦੇ ਅਤੀਤ ਵਾਲੇ ਵਿਅਕਤੀ ਨੂੰ ਸਕਰਾਤਮਕ ਅੰਕ ਦਿੱਤੇ ਜਾ ਸਕਦੇ ਹਨ। ਇੰਝ ਦਿੱਤੇ ਕੁੱਲ ਅੰਕ ਅੰਡਰਰਾਈਟਰ ਨੂੰ ਮੌਜੂਦ ਜ਼ੋਖਮ ਦੀ ਹੱਦ ਦਾ ਫ਼ੈਸਲਾ ਕਰਨ ਲਈ ਮਦਦ ਕਰਦੇ ਹਨ। |
| ਇਹਨਾਂ ਹਾਲਤਾਂ ਵਿੱਚ, ਵਿਭਾਗ ਮੈਡੀਕਲ ਡਾਕਟਰ ਦੇ ਮਾਹਿਰ ਵਿਚਾਰ ਵੀ ਲੈ ਸਕਦਾ ਹੈ, ਜਿਸ ਨੂੰ ਮੈਡੀਕਲ ਰੈਫਰੀ ਕਿਹਾ ਜਾਂਦਾ ਹੈ। | ਇਹ ਸਕਰਾਤਮਕ/ਨਕਰਾਤਮਕ ਅੰਕਾਂ ਦੇ ਕੁੱਲ ਜੋੜ ਅਤੇ/ਜਾਂ ਵਾਧੂ ਮੌਤ ਰੇਟਿੰਗ (EMR) ਵਜੋਂ ਜਾਣਿਆ ਜਾਂਦਾ ਹੈ। ਵੱਧ EMR ਦਰਸਾਉਂਦੀ ਹੈ ਕਿ ਜੀਵਨ ਅਰਧ-ਮਿਆਰੀ ਹੈ। ਜੇ EMR ਬਹੁਤ ਵੱਧ ਹੋਵੇ ਤਾਂ ਅੰਡਰਰਾਈਟਰ ਬੀਮੇ ਤੋਂ ਇਨਕਾਰ ਕਰ ਸਕਦੇ ਹਨ। |

ਅੰਡਰਰਾਈਟਿੰਗ ਫੈਸਲੇ

ਆਓ ਵੱਖ-ਵੱਖ ਕਿਸਮ ਦੇ ਫੈਸਲਿਆਂ ਉੱਤੇ ਵਿਚਾਰ ਕਰੀਏ, ਜੋ ਕਿ ਅੰਡਰਰਾਈਟਰ ਨੂੰ ਜੀਵਨ ਪੇਸ਼ਕਰਤਾ ਦੇ ਸੰਬੰਧ ਵਿੱਚ ਅੰਡਰਰਾਈਟਿੰਗ ਲਈ ਲੈਣੇ ਪੈ ਸਕਦੇ ਹਨ।.

a) ਸਧਾਰਨ ਦਰ (ਓਆਰ) ਮਨਜ਼ੂਰੀ ਸਭ ਤੋਂ ਆਮ ਫੈਸਲਾ ਹੈ। ਇਹ ਰੇਟਿੰਗ ਦਰਸਾਉਂਦੀ ਹੈ ਕਿ ਜੋਖਿਮ ਨੂੰ ਪ੍ਰੀਮੀਅਮ ਦੀ ਉਸ ਦਰ ਨਾਲ ਹੀ ਮਨਜ਼ੂਰ ਕੀਤਾ ਗਿਆ ਹੈ ਜੋ ਕਿ ਆਮ ਜਾਂ ਮਿਆਰੀ ਜੀਵਨ ਉੱਤੇ ਲਾਗੂ ਹੋਣਗੀਆਂ।

ਚਿੱਤਰ 3 : ਅੰਡਰਰਾਈਟਿੰਗ ਫੈਸਲੇ




b) ਵਾਧੂ ਦੇ ਨਾਲ ਮਨਜ਼ੂਰੀ: ਇਹ ਅਲਪ-ਮਿਆਰੀ ਜੋਖਿਮ ਦੀ ਵੱਡੀ ਗਿਣਤੀ ਦਾ ਹੱਲ ਕੱਢਣ ਦਾ ਸਭ ਤੋਂ ਆਮ ਢੰਗ ਹੈ। ਇਸ ਵਿੱਚ ਪ੍ਰੀਮੀਅਮ ਦੀਆਂ ਸਾਰਣੀਬੱਧ ਦਰਾਂ ਤੋਂ ਵਾਧੂ ਪ੍ਰੀਮੀਅਮ ਵਸੂਲਿਆ ਜਾਂਦਾ ਹੈ।

c) ਬੀਮਾ ਕਰਵਾਈ ਰਕਮ ਨੂੰ ਰੱਖਣ (ਲੀਅਨ) ਦਾ ਅਧਿਕਾਰ ਲੀਅਨ ਇੱਕ ਰੋਕੀ ਰੱਖਣ ਦੀ ਕਿਸਮ ਹੈ, ਜਿਸ ਨੂੰ ਬੀਮਾ ਕੰਪਨੀ ਉਸ ਵਲੋਂ ਦਾਅਵੇ ਕਰਨ ਦੇ ਰੂਪ ਵਿੱਚ ਦਿੱਤੇ ਜਾਣ ਵਾਲੇ ਫਾਇਦੇ ਦੀ ਰਕਮ ਨੂੰ (ਅਧੂਰੇ ਜਾਂ ਪੂਰੇ ਰੂਪ ਵਿੱਚ) ਰੋਕਣ ਲਈ ਵਰਤਦੀ ਹੈ।

ਉਦਾਹਰਨ: ਬੀਮਤ ਦੇ ਕੇਸ ਬਾਰੇ ਵਿਚਾਰ ਕਰੋ, ਜੋ ਕਿ ਟੀਬੀ ਵਰਗੀ ਕਿਸੇ ਬੀਮਾਰੀ ਤੋਂ ਪੀੜਤ ਸੀ ਅਤੇ ਸਿਹਤਯਾਬ ਹੋ ਚੁੱਕਾ ਹੈ। ਲੀਅਨ ਦਾ ਭਾਵ ਹੈ ਕਿ ਜੇ ਇਹ ਵਿਅਕਤੀ ਦਿੱਤੇ ਸਮੇਂ ਵਿੱਚ ਟੀਬੀ ਦੇ ਕਰਕੇ ਮਰ ਜਾਂਦਾ ਹੈ ਤਾਂ ਮੌਤ ਫਾਇਦੇ ਦੀ ਘਟੀ ਹੋਈ ਰਕਮ ਹੀ ਭੁਗਤਾਨ ਯੋਗ ਹੋਵੇਗੀ।

d) ਪਾਬੰਦੀਸ਼ੁਦਾ ਸ਼ਰਤ ਨਾਲ ਮਨਜ਼ੂਰੀ: ਕੁਝ ਕਿਸਮ ਦੇ ਸੰਕਟਾਂ ਲਈ ਇੱਕ ਪਾਬੰਦੀਸ਼ੁਦਾ ਸ਼ਰਤ ਲਗਾਈ ਜਾ ਸਕਦੀ ਹੈ, ਜੋ ਕਿ ਕੁਝ ਹਾਲਤਾਂ ਵਿੱਚ ਮੌਤ ਹੋਣ ਉੱਤੇ ਮੌਤ ਫਾਇਦੇ ਨੂੰ ਸੀਮਿਤ ਕਰ ਸਕਦੀ ਹੈ।

ਉਦਾਹਰਨ ਦੇ ਰੂਪ ਵਿੱਚ ਗਰਭਵਤੀ ਸ਼ਰਤ ਨੂੰ ਗਰਭਵਤੀ ਔਰਤਾਂ ਲਈ ਲਗਾਇਆ ਜਾ ਸਕਦਾ ਹੈ ਜੋ ਕਿ ਗਰਭ ਦੇ ਕਾਰਨ, ਮੰਨ ਲਵੋ ਕਿ ਡਿਲਵਰੀ ਦੇ ਤਿੰਨ ਮਹੀਨਿਆਂ ਵਿੱਚ, ਮੌਤ ਹੋਣ ਉੱਤੇ ਬੀਮਾ ਦੇਣਯੋਗ ਰਕਮ ਨੂੰ ਸੀਮਿਤ ਕੀਤਾ ਜਾ ਸਕੇ।

e) ਇਨਕਾਰ ਜਾਂ ਟਾਲਣਾ: ਅੰਤ ਵਿੱਚ, ਜੀਵਨ ਬੀਮਾ ਅੰਡਰਰਾਈਟਰ ਬੀਮੇ ਲਈ ਪੇਸ਼ਕਸ਼ ਨੂੰ ਇਨਕਾਰ ਕਰਨ ਦਾ ਫੈਸਲਾ ਵੀ ਕਰ ਸਕਦਾ ਹੈ। ਇਹ ਉਦੋਂ ਹੁੰਦਾ ਹੈ, ਜਦੋਂ ਸਿਹਤ ਜਾਂ ਹੋਰ ਲੱਛਣ ਸਪਸ਼ਟ ਹਨ, ਜੋ ਕਿ ਇੰਨੇ ਪ੍ਰਤਿਕੂਲ ਹੋਣ ਕਿ ਉਹਨਾਂ ਨਾਲ ਜੋਖਿਮ ਦੀ ਸੰਭਾਵਨਾ ਬਹੁਤ ਵੱਧ ਜਾਂਦੀ ਹੈ।

ਉਦਾਹਰਨ: ਵਿਅਕਤੀ, ਜੋ ਕਿ ਕੈਂਸਰ ਤੋਂ ਪੀੜਿਤ ਹੈ ਅਤੇ ਉਸ ਦੇ ਠੀਕ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ, ਲਈ ਇਨਕਾਰ ਕੀਤਾ ਜਾਵੇਗਾ।

ਇਸੇ ਤਰ੍ਹਾਂ ਕੁਝ ਕੇਸਾਂ ਵਿੱਚ ਜੋਖਿਮ ਨੂੰ ਮਨਜ਼ੂਰ ਕਰਨ ਤੋਂ ਟਾਲ ਦੇਣਾ ਸਿਆਣਪ ਹੋ ਸਕਦੀ ਹੈ ਜਦੋਂ ਤੱਕ ਕਿ ਹਾਲਤ ਸੁਧਰ ਨਹੀਂ ਜਾਂਦੇ ਅਤੇ ਵੱਧ ਚੰਗੇ ਨਹੀਂ ਬਣਦੇ।

**ਉਦਾਹਰਨ**

ਇੱਕ ਔਰਤ, ਜਿਸ ਦਾ ਹੁਣੇ ਹੀ ਬੱਚੇਦਾਨੀ ਦਾ ਓਪਰੇਸ਼ਨ ਹੋਇਆ ਹੈ, ਨੂੰ ਉਸ ਦੇ ਜੀਵਨ ਬੀਮਾ ਮਨਜ਼ੂਰ ਕਰਨ ਤੋਂ ਪਹਿਲਾਂ ਕੁਝ ਮਹੀਨੇ ਉਡੀਕ ਕਰਨ ਲਈ ਕਿਹਾ ਜਾ ਸਕਦਾ ਹੈ ਤਾਂ ਕਿ ਓਪਰੇਸ਼ਨ ਦੇ ਬਾਅਦ ਹੋਣ ਵਾਲੀਆਂ ਸੰਭਾਵਿਤ ਜਟਿਲਤਾਵਾਂ ਪੈਦਾ ਹੋਣ ਦੇ ਖਤਰੇ ਤੋਂ ਬਚਿਆ ਜਾ ਸਕੇ।

**ਆਪਣੇ ਆਪ ਨੂੰ ਟੈਸਟ ਕਰੋ 1**

ਇਹਨਾਂ ਵਿੱਚ ਕਿਸੇ ਕੇਸ ਵਿੱਚ ਜੀਵਨ ਬੀਮਾਕਰਤਾ ਵਲੋਂ ਇਨਕਾਰ ਕਰਨ ਜਾਂ ਟਾਲਣ ਦੀ ਸੰਭਾਵਨਾ ਹੈ?

I. 18 ਸਾਲਾਂ ਦਾ ਸਿਹਤਮੰਦ

II. ਖਿਡਾਰੀ

III. ਵਿਅਕਤੀ, ਜਿਸ ਨੂੰ ਏਡਜ਼ ਹੈ

IV. ਆਪਣੀ ਬਿਨਾਂ ਆਮਦਨ ਦੇ ਘਰੇ ਰਹਿਣ ਵਾਲੀ ਔਰਤ

## B. ਗ਼ੈਰ-ਮੈਡੀਕਲ ਅੰਡਰਰਾਈਟਿੰਗ

### 1. ਗ਼ੈਰ-ਮੈਡੀਕਲ ਅੰਡਰਰਾਈਟਿੰਗ

ਜੀਵਨ ਬੀਮਾ ਪੇਸ਼ਕਸ਼ਾਂ ਦੀ ਵੱਡੀ ਗਿਣਤੀ ਨੂੰ ਖਾਸ ਤੌਰ ਉੱਤੇ ਬੀਮਤ ਦੇ ਜੀਵਨ ਦੀ ਬੀਮਾਯੋਗਤਾ ਜਾਂਚ ਲਈ ਮੈਡੀਕਲ ਪਰੀਖਣ ਕਰਵਾਏ ਬਿਨਾਂ ਹੀ ਬੀਮੇ ਲਈ ਚੁਣਿਆ ਜਾ ਸਕਦਾ ਹੈ। ਇੰਝ ਦੇ ਕੇਸਾਂ ਨੂੰ ਗ਼ੈਰ-ਮੈਡੀਕਲ ਪੇਸ਼ਕਸ਼ਾਂ ਕਿਹਾ ਜਾਂਦਾ ਹੈ।

ਕੁਝ ਕਿਸਮ ਦੀਆਂ ਪਲਾਸੀਆਂ ਵਿੱਚ ਕਈ ਕਾਰਨਾਂ ਜਿਸ ਵਿੱਚ ਖ਼ਰਚੇ ਵੀ ਸ਼ਾਮਲ ਹਨ, ਦੇ ਕਰਕੇ ਜੀਵਨ ਬੀਮਾਕਰਤਾ ਮੈਡੀਕਲ ਜਾਂਚ ਲਈ ਮਜ਼ਬੂਰ ਕੀਤੇ ਬਿਨਾਂ ਬੀਮੇ ਦੀ ਇਜਾਜ਼ਤ ਦਿੰਦੇ ਹਨ।

2. ਗ਼ੈਰ-ਮੈਡੀਕਲ ਅੰਡਰਰਾਈਟਿੰਗ ਲਈ ਹਾਲਤ

ਪਰ ਗ਼ੈਰ-ਮੈਡੀਕਲ ਅੰਡਰਰਾਈਟਰ ਵਿੱਚ ਕੁਝ ਸ਼ਰਤਾਂ ਜਿਵੇਂ ਕਿ ਜੀਵਨ ਦੀ ਸ਼੍ਰੇਣੀ, ਬੀਮੇ ਦੇ ਕੁਝ ਪਲਾਨ, ਬੀਮਾ ਕਰਵਾਈ ਰਕਮ ਦੀ ਉੱਪਰਲੀ ਹੱਦ, ਦਾਖਲਾ ਉਮਰ ਹੱਦ, ਬੀਮੇ ਦੀ ਵੱਧ ਤੋਂ ਵੱਧ ਟਰਮ ਆਦਿ ਦੀ ਪਾਲਣਾ ਕਰਨੀ ਬਹੁਤ ਜ਼ਰੂਰੀ ਹੈ।

3. ਅੰਡਰਰਾਈਟਿੰਗ ਵਿੱਚ ਰੇਟਿੰਗ ਕਾਰਕ

ਰੇਟਿੰਗ ਕਾਰਕ ਸੰਭਾਵਿਤ ਬੀਮਤ ਦੇ ਜੀਵਨ ਵਿਚਲੇ ਵਿੱਤੀ ਹਾਲਤ, ਜੀਵਨ ਸ਼ੈਲੀ, ਆਦਤਾਂ, ਪਰਿਵਾਰਿਕ ਅਤੀਤ, ਨਿੱਜੀ ਸਿਹਤ ਅਤੀਤ ਤੇ ਹੋਰ ਨਿੱਜੀ ਹਾਲਤਾਂ ਨੂੰ ਦਰਸਾਉਂਦੇ ਹਨ, ਜਿਹਨਾਂ ਨਾਲ ਸੰਕਟ ਪੈਦਾ ਹੋ ਸਕਦਾ ਹੈ ਤੇ ਜੋਖਿਮ ਵੱਧ ਸਕਦਾ ਹੈ। ਅੰਡਰਰਾਈਟਿੰਗ ਵਿੱਚ ਇਹਨਾਂ ਸੰਕਟਾਂ ਦੀ ਪਛਾਣ ਕਰਨਾ ਤੇ ਉਹਨਾਂ ਦੇ ਸੰਭਵਿਤ ਅਸਰ ਤੇ ਜੋਖਿਮ ਦੇ ਮੁਤਾਬਕ ਵਰਗੀਕਰਨ ਕਰਨਾ ਸ਼ਾਮਿਲ ਹੈ।

ਰੇਟਿੰਗ ਕਾਰਕਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ - ਉਹ, ਜੋ ਕਿ ਨੈਤਿਕ ਸੰਕਟ ਵਿੱਚ ਯੋਗਦਾਨ ਦਿੰਦੇ ਹਨ ਅਤੇ ਉਹ ਜੋ ਕਿ ਸਰੀਰਿਕ [ਮੈਡੀਕਲ] ਸੰਕਟ ਵਿੱਚ ਯੋਗਦਾਨ ਦਿੰਦੇ ਹਨ। ਜੀਵਨ ਬੀਮਾ ਕੰਪਨੀਆਂ ਅਕਸਰ ਉਹਨਾਂ ਦੇ ਅੰਡਰਰਾਈਟਿੰਗ ਨੂੰ ਇਸ ਮੁਤਾਬਕ ਵਰਗਾਂ ਵਿੱਚ ਵੰਡਦੀਆਂ ਹਨ। ਕਾਰਕ ਜਿਵੇਂ ਕਿ ਆਮਦਨ, ਪੇਸ਼ਾ, ਜੀਵਨ-ਸ਼ੈਲੀ ਤੇ ਆਦਤਾਂ, ਜੋ ਕਿ ਨੈਤਿਕ ਸੰਕਟ ਲਈ ਯੋਗ ਦਿੰਦੀਆਂ ਹਨ ਨੂੰ ਵਿੱਤੀ ਅੰਡਰਰਾਈਟਿੰਗ ਦੇ ਹਿੱਸੇ ਵਜੋਂ ਮੁਲਾਂਕਣ ਕੀਤਾ ਜਾਂਦਾ ਹੈ, ਜਦੋਂ ਕਿ ਸਿਹਤ ਦੇ ਮੈਡੀਕਲ ਪੱਖਾਂ ਦਾ ਮੈਡੀਕਲ ਅੰਡਰਰਾਈਟਿੰਗ ਦੇ ਹਿੱਸੇ ਵਜੋਂ ਮੁਲਾਂਕਣ ਕੀਤਾ ਜਾਂਦਾ ਹੈ।

a) ਔਰਤ ਬੀਮਾ

ਔਰਤ ਅਕਸਰ ਮਰਦਾਂ ਨਾਲੋਂ ਵੱਧ ਲੰਮਾ ਜੀਵਨ ਬਤੀਤ ਕਰਦੀਆਂ ਹਨ। ਪਰ ਉਹਨਾਂ ਨੂੰ ਨੈਤਿਕ ਸੰਕਟ ਦੇ ਪੱਖ ਤੋਂ ਕੁਝ ਸਮੱਸਿਆਵਾਂ ਆ ਸਕਦੀਆਂ ਹਨ। ਇਹ ਇਸਕਰਕੇ ਕਿ ਭਾਰਤੀ ਸਮਾਜ ਵਿੱਚ ਔਰਤਾਂ ਹਾਲੇ ਵੀ ਮਰਦ ਦਬਦਬੇ ਦੇ ਸ਼ਿਕਾਰ ਅਤੇ ਸਮਾਜਿਕ ਸ਼ੋਸ਼ਣ ਤੋਂ ਪੀੜਿਤ ਹਨ। ਬੁਰਾਈਆਂ ਜਿਵੇਂ ਕਿ ਦਹੇਜ ਨਾਲ ਮੌਤਾਂ ਅੱਜ ਵੀ ਵਾਪਰਦੀਆਂ ਹਨ। ਔਰਤਾਂ ਦੀ ਲੰਮੀ ਉਮਰ ਗਰਭ ਨਾਲ ਸੰਬੰਧਿਤ ਕੁਝ ਸਮੱਸਿਆ ਤੋਂ ਪ੍ਰਭਾਵਿਤ ਵੀ ਹੋ ਸਕਦੀ ਹੈ।

ਔਰਤ ਦੀ ਬੀਮਾ-ਯੋਗਤਾ ਨੂੰ ਬੀਮੇ ਦੀ ਲੋੜ ਅਤੇ ਪ੍ਰੀਮੀਅਮ ਦੇ ਭੁਗਤਾਨ ਕਰਨ ਦੀ ਸਮਰੱਥਾ ਨਾਲ ਪਤਾ ਲਗਾਇਆ ਜਾਂਦਾ ਹੈ। ਇਸਕਰਕੇ ਬੀਮਾ ਕੰਪਨੀਆਂ ਪੂਰਾ ਬੀਮਾ ਕੇਵਲ ਉਹਨਾਂ ਔਰਤਾਂ ਨੂੰ ਦੇਣ ਦਾ ਫੈਸਲਾ ਕਰ ਸਕਦੀਆਂ ਹਨ, ਜੋ ਕਿ ਖੁਦ ਕਮਾਈ ਕਰਦੀਆਂ ਹਨ ਅਤੇ ਔਰਤਾਂ ਦੇ ਹੋਰ ਵਰਗਾਂ ਲਈ ਪਾਬੰਦੀਆਂ ਲਗਾ ਸਕਦੀਆਂ ਹਨ। ਇਸੇ ਤਰ੍ਹਾਂ ਗਰਭਵਤੀ ਔਰਤਾਂ ਉੱਤੇ ਕੁਝ ਸ਼ਰਤਾਂ ਲਗਾਈਆਂ ਜਾ ਸਕਦੀਆਂ ਹਨ।

b) ਨਾਬਾਲਗ

ਨਾਬਾਲਗਾਂ ਕੋਲ ਖੁਦ ਇਕਰਾਰ ਕਰਨ ਦਾ ਅਧਿਕਾਰ ਨਹੀਂ ਹੁੰਦਾ ਹੈ। ਇਸਕਰਕੇ ਨਾਬਾਲਗ ਦੇ ਜੀਵਨ ਲਈ ਪੇਸ਼ਕਸ਼ ਨੂੰ ਕਿਸੇ ਹੋਰ ਵਿਅਕਤੀ ਵਲੋਂ ਦਿੱਤਾ ਜਾਣਾ ਹੁੰਦਾ ਹੈ, ਜੋ ਕਿ ਨਾਬਾਲਗ ਨਾਲ ਮਾਪਿਆਂ ਜਾਂ ਕਾਨੂੰਨੀ

ਸਰਪਰਸਤ ਦੇ ਵਜੋਂ ਕੰਮ ਕਰਨ ਦੀ ਸਮਰੱਥਾ ਰੱਖਦਾ ਹੋਵੇ। ਬੀਮੇ ਦੇ ਲਈ ਲੋੜ ਦਾ ਪਤਾ ਲਗਾਉਣਾ ਵੀ ਜ਼ਰੂਰੀ ਹੋ ਸਕਦਾ ਹੈ, ਕਿਉਂਕਿ ਨਾਬਾਲਗਾਂ ਦੀ ਆਪਣੀ ਕੋਈ ਆਮਦਨ ਨਹੀਂ ਹੁੰਦੀ ਹੈ। ਨਾਬਾਲਗਾਂ ਲਈ ਬੀਮੇ ਉੱਤੇ ਵਿਚਾਰ ਕਰਨ ਦੇ ਦੌਰਾਨ ਤਿੰਨ ਸ਼ਰਤਾਂ ਨੂੰ ਆਮ ਤੌਰ ਉੱਤੇ ਵਿਚਾਰਿਆ ਜਾਂਦਾ ਹੈ:

i. ਕੀ ਉਹਨਾਂ ਦਾ ਸਰੀਰਿਕ ਢਾਂਚਾ ਠੀਕ ਤਰ੍ਹਾਂ ਵਿਕਸਤ ਹੋਇਆ ਹੈ

   ਪੌਸ਼ਟਿਕ ਤੱਤਾਂ ਦੀ ਕਮੀ ਕਰਕੇ ਜਾਂ ਹੋਰ ਸਰੀਰਿਕ ਸਮੱਸਿਆਵਾਂ ਕਰਕੇ ਕਮਜ਼ੋਰ ਸਰੀਰਿਕ ਢਾਂਚੇ ਨਾਲ ਗੰਭੀਰ ਜੋਖਿਮ ਪੈਦਾ ਹੋ ਸਕਦੇ ਹਨ।

ii. ਢੁੱਕਵਾਂ ਪਰਿਵਾਰਿਕ ਅਤੀਤ ਅਤੇ ਨਿੱਜੀ ਅਤੀਤ

   ਜੇ ਇਹਨਾਂ ਵਿੱਚ ਉਲਟ ਸੰਕੇਤ ਹੋਣ ਤਾਂ ਜੋਖਿਮ ਹੋ ਸਕਦਾ ਹੈ।

iii. ਕੀ ਪਰਿਵਾਰ ਕੋਲ ਢੁੱਕਵਾਂ ਬੀਮਾ ਹੈ

   ਇਹ ਜਾਂਚ ਕਰਨਾ ਵੀ ਜ਼ਰੂਰੀ ਹੈ ਕਿ ਕੀ ਪਰਿਵਾਰ ਵਿੱਚ ਬੀਮਾ ਲੈਣ ਦਾ ਰਿਵਾਜ ਹੈ। ਚੌਕੰਨੇ ਹੋਣਾ ਚਾਹੀਦਾ ਹੈ, ਜੇ ਨਾਬਾਲਗਾਂ ਦੇ ਪਰਿਵਾਰ ਵਿੱਚ ਕਿਸੇ ਹੋਰ ਮੈਂਬਰ ਕੋਲ ਬੀਮਾ ਨਹੀਂ ਹੈ। ਬੀਮੇ ਦੀ ਰਕਮ ਆਮ ਤੌਰ ਤੇ ਮਾਪਿਆਂ ਦੀ ਬੀਮਾ ਰਕਮ ਦੇ ਨਾਲ ਸੰਬੰਧਿਤ ਹੁੰਦੀ ਹੈ।

c) ਵੱਡੀ ਬੀਮਾ ਕਰਵਾਈ ਰਕਮ

ਅੰਡਰਰਾਈਟਰ ਨੂੰ ਚੌਕੰਨਾ ਹੋਣ ਦੀ ਲੋੜ ਹੁੰਦੀ ਹੈ ਜਦੋਂ ਬੀਮੇ ਦੀ ਰਕਮ ਸੰਭਾਵਿਤ ਬੀਮਤ ਦੀ ਸਾਲਨਾ ਆਮਦਨ ਤੋਂ ਬਹੁਤ ਵੱਧ ਹੁੰਦੀ ਹੈ। ਆਮ ਤੌਰ ਉੱਤੇ ਬੀਮਾ ਕਰਵਾਈ ਰਕਮ ਨੂੰ ਵਿਅਕਤੀ ਦੀ ਸਾਲਨਾ ਆਮਦਨ ਤੋਂ ਦਸ ਤੋਂ ਬਾਰਾਂ ਗੁਣਾ ਤੱਕ ਮੰਨਿਆ ਜਾਂਦਾ ਹੈ। ਜੇ ਅਨੁਪਾਤ ਇਸ ਤੋਂ ਬਹੁਤ ਵੱਧ ਹੋਵੇ ਤਾਂ ਇਸ ਨਾਲ ਬੀਮਾਕਰਤਾ ਦੇ ਵਿਰੁਧ ਚੋਣ ਦੀ ਸੰਭਾਵਨਾ ਪੈਦਾ ਹੁੰਦੀ ਹੈ।

| ਉਦਾਹਰਨ |
|---|

ਜੇ ਵਿਅਕਤੀ ਦੀ ਸਾਲਨਾ ਆਮਦਨ 5 ਲੱਖ ਰੁਪਏ ਹੈ ਅਤੇ 3 ਕਰੋੜ ਰੁਪਏ ਦੀ ਬੀਮਾ ਸੁਰੱਖਿਆ ਦੀ ਪੇਸ਼ਕਸ਼ ਕੀਤੀ ਹੈ, ਇਸ ਨਾਲ ਚਿੰਤਾ ਪੈਦਾ ਹੋ ਸਕਦੀ ਹੈ।

---

ਖਾਸ ਚਿੰਤਾ ਇੰਝ ਦੇ ਹਾਲਤਾਂ ਵਿੱਚ ਪੈਦਾ ਹੋ ਸਕਦੀ ਹੈ, ਕਿਉਂਕਿ ਵੱਡੀ ਬੀਮਾ ਰਕਮ ਦੀ ਪੇਸ਼ਕਸ਼ ਆਤਮਹੱਤਿਆ ਕਰਨ ਦੀ ਸੰਭਾਵਨਾ ਵਜੋਂ ਹੋ ਸਕਦੀ ਹੈ ਜਾਂ ਸਿਹਤ ਵਿੱਚ ਵਿਗਾੜ ਦੀ ਸੰਭਾਵਨਾ ਕਾਰਨ ਕੀਤੀ ਜਾ ਸਕਦੀ ਹੈ। ਇੰਝ ਦੀ ਵੱਡੀ ਰਕਮ ਦਾ ਤੀਜਾ ਕਰਨ ਸੇਲਜ਼ ਮੈਨ ਵਲੋਂ ਬਹੁਤ ਵੱਧ ਗਲਤ-ਵਿਕਰੀ ਹੋ ਸਕਦੀ ਹੈ।

ਵੱਡੀ ਰਕਮ ਦੇ ਬੀਮਾ ਕਰਵਾਉਣ ਦਾ ਸਿੱਧਾ ਭਾਵ ਉਸ ਅਨੁਪਾਤ ਵਿੱਚ ਪ੍ਰੀਮੀਅਮ ਭੁਗਤਾਨ ਵੀ ਵੱਧ ਹੋਵੇਗਾ, ਜਿਸ ਕਰਕੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਇੰਝ ਦਾ ਪ੍ਰੀਮੀਅਮ ਭੁਗਤਾਨ ਕੀਤਾ ਜਾਂਦਾ ਰਹੇਗਾ। ਆਮ ਤੌਰ ਉੱਤੇ ਭੁਗਤਾਨਯੋਗ ਪ੍ਰੀਮੀਅਮ ਵਿਅਕਤੀ ਦੀ ਸਾਲਨਾ ਆਮਦਨ ਦੇ ਤੀਜੇ ਹਿੱਸੇ ਤੱਕ ਹੋਣਾ ਚਾਹੀਦਾ ਹੈ।

d) ਉਮਰ

ਮੌਤ ਦਾ ਜ਼ੋਖਮ ਉਮਰ ਦੇ ਨਾਲ ਸੰਬੰਧਿਤ ਹੈ। ਅੰਡਰਰਾਈਟਰ ਨੂੰ ਵੱਡੀ ਉਮਰ ਦੇ ਲੋਕਾਂ ਲਈ ਬੀਮੇ ਦੇ ਬਾਰੇ ਵਿਚਾਰ ਕਰਨ ਦੇ ਸਮੇਂ ਬਹੁਤ ਸਾਵਧਾਨ ਰਹਿਣਾ ਚਾਹੀਦਾ ਹੈ।

| ਉਦਾਹਰਨ |
|---|

ਜੇ 50 ਸਾਲ ਦੀ ਉਮਰ ਦੇ ਬਾਅਦ ਪਹਿਲੀ ਵਾਰ ਪੇਸ਼ ਕੀਤਾ ਜਾ ਰਿਹਾ ਹੈ ਤਾਂ ਨੈਤਿਕ ਸੰਕਟ ਦੇ ਸ਼ੱਕ ਦੀ ਲੋੜ ਹੁੰਧੀ ਹੈ ਅਤੇ ਪੁੱਛਗਿੱਛ ਕਰਨੀ ਚਾਹੀਦੀ ਹੈ ਕਿ ਇੰਝ ਦਾ ਬੀਮਾ ਪਹਿਲਾਂ ਕਿਉਂ ਨਹੀਂ ਲਿਆ ਗਿਆ।

ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਗੰਭੀਰ ਬੀਮਾਰੀਆਂ ਜਿਵੇਂ ਕਿ ਦਿਲ ਅਤੇ ਗੁਰਦੇ ਫੇਲ੍ਹ ਹੋਣ ਦੀਆਂ ਬੀਮਾਰੀਆਂ ਹੋਣ ਦੀ ਸੰਭਾਵਨਾ ਉਮਰ ਨਾਲ ਵੱਧਦੀ ਹੈ ਅਤੇ ਬੁੱਢਾਪੇ ਵਿੱਚ ਬਹੁਤ ਵੱਧ ਹੁੰਦੀ ਹੈ। ਜੀਵਨ ਬੀਮਾਕਰਤਾ ਕੁਝ ਖਾਸ ਰਿਪੋਰਟਾਂ ਦੀ ਵੀ ਮੰਗ ਕਰ ਸਕਦੇ ਹਨ, ਜਦੋਂ ਪੇਸ਼ਕਸ਼ ਵਿੱਚ ਉੱਚ ਰਕਮ ਦੀ ਬੀਮੇ / ਵੱਡੀ ਉਮਰ ਤੱਕ ਲਈ ਜਾਂ ਦੋਵਾਂ ਦੇ ਮਿਸ਼ਰਨ ਦੀ ਬੇਨਤੀ ਕੀਤੀ ਜਾਂਦੀ ਹੈ।

| ਉਦਾਹਰਨ |
|---|

ਇੰਝ ਦੀਆਂ ਰਿਪੋਰਟਾਂ ਦੀਆਂ ਉਦਾਹਰਨਾਂ ਵਿੱਚ ਈਸੀਜੀ, ਈਈਜੀ, ਛਾਤੀ ਦਾ ਐਕਸਰੇ ਅਤੇ ਖ਼ੂਨ ਵਿੱਚ ਸ਼ੂਗਰ ਟੈਸਟ ਹਨ। ਇਹ ਟੈਸਟ ਪੇਸ਼ਕਸ਼ ਜਾਂ ਸਧਾਰਨ ਮੈਡੀਕਲ ਪਰੀਖਣ ਵਿੱਚ ਦਿੱਤੇ ਜਵਾਬਾਂ ਦੇ ਨਾਲੋਂ ਪੇਸ਼ਕਰਤਾ ਦੇ ਜੀਵਨ ਦੀ ਸਿਹਤ ਦੇ ਬਾਰੇ ਡੂੰਘੀ ਜਾਣਕਾਰੀ ਦਿੰਦੇ ਹਨ।

| ਉਦਾਹਰਨਾਂ |
|---|

ਜਦੋਂ ਪੇਸ਼ਕਸ਼ ਨੂੰ ਪੇਸ਼ਕਰਤਾ ਬੀਮਤ ਦੇ ਰਿਹਾਇਸ਼ੀ ਟਿਕਾਣੇ ਤੋਂ ਦੂਰ ਦੀ ਬਰਾਂਚ ਵਿੱਚ ਦਿੱਤਾ ਜਾਂਦਾ ਹੈ

ਮੈਡੀਕਲ ਪਰੀਖਣ ਨੂੰ ਕਿਤੇ ਹੋਰ ਕੀਤਾ ਜਾਂਦਾ ਹੈ ਭਾਵੇਂ ਕਿ ਯੋਗਤਾ ਪ੍ਰਾਪਤ ਮੈਡੀਕਲ ਪਰੀਖਿਕ ਪੇਸ਼ਕਰਤਾ ਦੀ ਰਿਹਾਇਸ਼ ਦੇ ਨੇੜੇ ਵੀ ਮੌਜੂਦ ਹੁੰਦਾ ਹੈ।

ਤੀਜੇ ਕੇਸ ਵਿੱਚ ਜਦੋਂ ਪੇਸ਼ਕਸ਼ ਨੂੰ ਕਿਸੇ ਹੋਰ ਦੇ ਜੀਵਨ ਲਈ ਕੀਤਾ ਜਾਂਦਾ ਹੈ, ਜਦੋਂ ਕਿ ਸਪਸ਼ਟ ਬੀਮਾਯੋਗ ਹਿੱਤ ਮੌਜੂਦ ਨਾ ਹੋਵੇ ਜਾਂ ਜਦੋਂ ਨਾਮਜ਼ਦ ਜੀਵਨ ਬੀਮਤ ਦੇ ਨੇੜਲੇ ਰਿਸ਼ਤੇਦਾਰਾਂ ਵਿੱਚੋਂ ਨਹੀਂ ਹੈ।

---


ਇੰਝ ਦੇ ਹਰੇਕ ਕੇਸ ਵਿੱਚ ਪੁੱਛਗਿੱਛ ਕੀਤੀ ਜਾ ਸਕਦੀ ਹੈ। ਅੰਤ ਵਿੱਚ, ਜਦੋਂ ਏਜੰਟ ਜੀਵਨ ਬੀਮਤ ਦੇ ਨਾਲ ਸੰਬੰਧਿਤ ਹੋਵੇ ਤਾਂ ਬਰਾਂਚ ਅਧਿਕਾਰੀ ਜਿਵੇਂ ਕਿ ਏਜੰਸੀ ਮੈਨੇਜਰ / ਵਿਕਾਸ ਅਧਿਕਾਰੀ ਤੋਂ ਨੈਤਿਕ ਜੋਖਿਮ ਰਿਪੋਰਟ ਦੀ ਮੰਗ ਕੀਤੀ ਜਾ ਸਕਦੀ ਹੈ।

e) ਰੁਜ਼ਗਾਰ

ਰੁਜ਼ਗਾਰ ਖ਼ਤਰੇ ਤਿੰਨਾਂ ਸਰੋਤਾਂ ਤੋਂ ਪੈਦਾ ਹੋ ਸਕਦੇ ਹਨ:

- ✓ ਹਾਦਸਾ
- ✓ ਸਿਹਤ ਖ਼ਤਰਾ
- ✓ ਨੈਤਿਕ ਖ਼ਤਰੇ

ਚਿੱਤਰ 4 : ਰੁਜ਼ਗਾਰ ਸੰਕਟਾਂ ਦੇ




ਸਰੋਤ

i. ਦੁਰਘਟਨਾ ਸੰਕਟ ਪੈਦਾ ਹੁੰਦਾ ਹੈ ਜਦੋਂ ਕੁਝ ਕਿਸਮ ਦੇ ਰੁਜ਼ਗਾਰ ਦੁਰਘਟਨਾ ਦੇ ਜੋਖਿਮ ਦੇ ਵੱਧ ਪ੍ਰਭਾਵ ਅਧੀਨ ਹੁੰਦੇ ਹਨ। ਇਸ ਵਰਗ ਵਿੱਚ ਕਈ ਰੁਜ਼ਗਾਰ ਹੁੰਦੇ ਹਨ - ਜਿਵੇਂ ਕਿ ਸਰਕਸ ਕਲਾਕਾਰ, ਪੈਡ ਉੱਤੇ ਕੰਮ ਕਰਨ ਵਾਲੇ, ਢਹਾਉਣ ਵਾਲੇ ਮਾਹਿਰ ਅਤੇ ਫਿਲਮ ਸਟੰਟ ਕਲਾਕਾਰ।

ii. ਸਿਹਤ ਸੰਕਟ ਪੈਦਾ ਹੁੰਦਾ ਹੈ ਜਦੋਂ ਕੰਮ ਦੀ ਕਿਸਮ ਅਜਿਹੀ ਹੋਵੇ, ਜਿਸ ਨਾਲ ਮੈਡੀਕਲ ਵਿਕਾਰ ਦੀ ਸੰਭਾਵਨਾ ਵੱਧਦੀ ਹੈ। ਸਿਹਤ ਸੰਕਟ ਕਈ ਕਿਸਮ ਦੇ ਹੁੰਦੇ ਹਨ।

- ✓ ਕੁਝ ਕੰਮਾਂ ਜਿਵੇਂ ਕਿ ਰਿਕਸ਼ਾ ਚਲਾਉਣਾ ਵਿੱਚ ਬਹੁਤ ਜ਼ਿਆਦਾ ਸਰੀਰਿਕ ਦਬਾਅ ਹੁੰਦਾ ਹੈ ਅਤੇ ਸਾਹ ਪ੍ਰਣਾਲੀ ਉੱਤੇ ਅਸਰ ਪੈਂਦਾ ਹੈ।
- ✓ ਹਾਲਤ, ਜਿੱਥੇ ਖ਼ਤਰਨਾਕ ਕਣਾਂ ਜਿਵੇਂ ਕਿ ਖਾਣ ਧੂੜ ਜਾਂ ਕੈਂਸਰਜਨਕ ਕਣ (ਜਿਹਨਾਂ ਨਾਲ ਕੈਂਸਰ ਹੁੰਦਾ ਹੈ) ਜਿਵੇਂ ਕਿ ਰਸਾਇਣ ਅਤੇ ਪ੍ਰਮਾਣੂ ਰੇਡੀਏਸ਼ਨ, ਦਾ ਸਾਹਮਣਾ ਕਰਨਾ ਪੈਂਦਾ ਹੈ।
- ✓ ਉੱਚ ਦਬਾਉ ਮਾਹੌਲ ਵਿੱਚ ਕੰਮ ਕਰਨ ਤੋਂ ਪੈਦਾ ਹੁੰਦੇ ਹਨ ਜਿਵੇਂ ਕਿ ਧਰਤੀ ਹੇਠਲੀਆਂ ਸੁਰੰਗਾਂ ਜਾਂ ਡੂੰਘਾ ਸਮੁੰਦਰ, ਨਾਲ ਤੀਬਰ ਦਬਾਅ ਘਟਨਾ (decompression) ਬੀਮਾਰੀ ਹੋ ਸਕਦੀ ਹੈ।

✓ ਅੰਤ ਵਿੱਚ, ਕੁਝ ਕੰਮ ਦੇ ਹਾਲਤਾਂ (ਜਿਵੇਂ ਕਿ ਤੰਗ ਥਾਂ ਅਤੇ ਕੰਪਿਊਟਰ ਸਾਹਮਣੇ ਬੈਠੇ ਰਹਿਣ ਜਾਂ ਵੱਧ ਆਵਾਜ਼ ਵਾਲੇ ਮਾਹੌਲ ਵਿੱਚ ਕੰਮ ਕਰਨਾ) ਵਿੱਚ ਵੱਧ ਮੌਜੂਦ ਰਹਿਣ ਨਾਲ ਲੰਮੇ ਸਮੇਂ ਦੌਰਾਨ ਸਰੀਰ ਦੇ ਕੁਝ ਹਿੱਸਿਆਂ ਦੇ ਕੰਮ ਕਰਨ ਉੱਤੇ ਅਸਰ ਪੈ ਸਕਦਾ ਹੈ।

iii. ਨੈਤਿਕ ਖ਼ਤਰਾ ਪੈਦਾ ਹੋ ਸਕਦਾ ਹੈ, ਜਦੋਂ ਇੱਕ ਰੁਜ਼ਗਾਰ ਦੇ ਕਰਕੇ ਮੁਜਰਮਾਨਾ ਰੁਚੀਆਂ ਜਾਂ ਨਸ਼ਿਆਂ ਤੇ ਸ਼ਰਾਬ ਵੱਲ ਰੁਚੀ ਪੈਦਾ ਜਾਂ ਪੈਦਾ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਉਸ ਦੀ ਉਦਾਹਰਨਾਂ ਵਿੱਚ ਨਾਈਟ ਕਲੱਬ ਵਿੱਚ ਡਾਂਸਰ ਜਾਂ ਸ਼ਰਾਬ ਦੀ ਦੁਕਾਨ ਉੱਤੇ ਕੰਮ ਕਰਨ ਵਾਲਾ ਕਾਮਾ ਜਾਂ ਸ਼ੱਕੀ ਮੁਜ਼ਰਮਾਨਾ ਸੰਬੰਧਾਂ ਵਾਲੇ ਕਾਰੋਬਾਰੀ ਨਾਲ ਕੰਮ ਕਰਨ ਵਾਲਾ 'ਬਾਡੀਗਾਰਡ' ਹਨ। ਕੁਝ ਵਿਅਕਤੀਆਂ, ਜਿਵੇਂ ਕਿ ਸੁਪਰਸਟਾਰ ਕਲਾਕਾਰ, ਦੇ ਕੰਮ ਪ੍ਰੋਫਾਇਲ ਕਾਰਨ ਨਸ਼ੇ ਵਾਲੀ ਜੀਵਨ-ਸ਼ੈਲੀ ਬਣ ਸਕਦੀ ਹੈ, ਜਿਸ ਨਾਲ ਕਈ ਵਾਰ ਦੁਖਦਾਈ ਅੰਤ ਹੁੰਦਾ ਹੈ।

ਜਿੱਥੇ ਵੀ ਰੁਜ਼ਗਾਰ ਕਿਸੇ ਖ਼ਤਰਨਾਕ ਵਰਗ ਅਧੀਨ ਆਉਂਦਾ ਹੈ ਤਾਂ ਬੀਮੇ ਲਈ ਐਪਲੀਕੇਸ਼ਨ ਦੇਣ ਵਾਲੇ ਨੂੰ ਆਮ ਤੌਰ ਉੱਤੇ ਇੱਕ ਰੁਜ਼ਗਾਰ ਸਵਾਲਾਨਾਮਾ ਪੂਰਾ ਕਰਨ ਦੀ ਲੋੜ ਹੁੰਦੀ ਹੈ, ਜਿਸ ਵਿੱਚ ਕੰਮ, ਫ਼ਰਜ਼ਾਂ ਤੇ ਮੌਜੂਦ ਜੋਖਿਮਾਂ ਦੇ ਖਾਸ ਵੇਰਵੇ ਬਾਰੇ ਪੁੱਛਿਆ ਜਾਂਦਾ ਹੈ। ਵਾਧੂ ਖ਼ਰਚੇ ਦੇ ਰੂਪ ਵਿੱਚ ਰੁਜ਼ਗਾਰ ਲਈ ਰੇਟਿੰਗ ਵੀ ਲਗਾਈ ਜਾ ਸਕਦੀ ਹੈ (ਜਿਵੇਂ ਕਿ ਹਰੇਕ ਹਜ਼ਾਰ ਰੁਪਏ ਦੇ ਬੀਮੇ ਪਿੱਛੇ ਦੋ ਰੁਪਏ)। ਇੰਝ ਦੀ ਵਾਧੂ ਰਕਮ ਨੂੰ ਘਟਾਇਆ ਜਾਂ ਹਟਾਇਆ ਜਾ ਸਕਦਾ ਹੈ, ਜਦੋਂ ਬੀਮਤ ਦਾ ਰੁਜ਼ਗਾਰ ਬਦਲ ਜਾਂਦਾ ਹੈ।

f) ਜੀਵਨ-ਸ਼ੈਲੀ ਅਤੇ ਆਦਤਾਂ

ਜੀਵਨ ਸ਼ੈਲੀ ਅਤੇ ਆਦਤਾਂ ਨਿੱਜੀ ਜੀਵਨ-ਸ਼ੈਲੀ ਦੇ ਲੱਛਣਾਂ ਦੀ ਵੱਡੀ ਗਿਣਤੀ ਨੂੰ ਕਵਰ ਕਰਦੀਆਂ ਹਨ, ਜੋ ਕਿ ਏਜੰਟ ਦੀ ਗੁਪਤ ਰਿਪੋਰਟ ਅਤੇ ਨੈਤਿਕ ਖਤਰਾ ਰਿਪੋਰਟ ਵਿੱਚ ਆ ਸਕਦੀਆਂ ਹਨ, ਜੋ ਕਿ ਜੋਖਿਮ ਦੀ ਮੌਜੂਦਗੀ ਦਾ ਸੁਝਾਅ ਦਿੰਦੀਆਂ ਹਨ। ਖਾਸ ਤੌਰ ਉੱਤੇ ਤਿੰਨ ਲੱਛਣ ਮਹੱਤਵਪੂਰਨ ਹਨ:

ਸਿਗਰਟਨੋਸ਼ੀ ਅਤੇ ਤੰਬਾਕੂ ਦੀ ਵਰਤੋਂ: ਤੰਬਾਕੂ ਦੀ ਵਰਤੋਂ ਨਾ ਕੇਵਲ ਖੁਦ ਲਈ ਜੋਖਿਮ ਹੈ, ਬਲਕਿ ਹੋਰ ਮੈਡੀਕਲ ਜੋਖਿਮਾਂ ਲਈ ਵੀ ਯੋਗਦਾਨ ਦਿੰਦਾ ਹੈ। ਕੰਪਨੀਆਂ ਅੱਜ ਸਿਗਰਟ ਪੀਣ ਵਾਲਿਆਂ ਤੇ ਨਾ ਪੀਣ ਵਾਲਿਆਂ ਅਤੇ ਤੰਬਾਕੂ ਦੇ ਹੋਰ ਰੂਪ ਜਿਵੇ ਕਿ ਗੁਟਕਾ ਤੇ ਪਾਨ ਮਸਾਲਾ ਖਾਣ ਵਾਲੇ ਵਰਤੋਂਕਾਰਾਂ ਲਈ ਵੱਖ-ਵੱਖ ਰੇਟ ਵਸੂਲਦੀਆਂ ਹਨ।

ਸ਼ਰਾਬ: ਕਦੇ ਕਦਾਈ ਜਾਂ ਠੀਕ-ਠਾਕ ਮਾਤਰਾ ਵਿੱਚ ਸ਼ਰਾਬ ਪੀਣ ਨੂੰ ਖ਼ਤਰਾ ਨਹੀਂ ਮੰਨਿਆ ਜਾਂਦਾ ਹੈ। ਪਰ ਲੰਮੇ ਸਮੇਂ ਲਈ ਭਾਰੀ ਮਾਤਰਾ ਵਿੱਚ ਸ਼ਰਾਬ ਪੀਣ ਨਾਲ ਜਿਗਰ ਦੇ ਕੰਮ ਉੱਤੇ ਅਸਰ, ਹਜ਼ਮਾ ਪ੍ਰਨਾਲੀ ਉੱਤੇ ਅਸਰ ਅਤੇ ਦਿਮਾਗੀ ਸਮੱਸਿਆਵਾਂ ਆ ਸਕਦੀਆਂ ਹਨ। ਸ਼ਰਾਬ ਦਾ ਹਾਦਸਿਆਂ, ਹਿੰਸਾ, ਪਰਿਵਾਰਿਕ ਦੁਰਵਿਹਾਰ, ਉਦਾਸੀ ਅਤੇ ਖੁਦਕਸ਼ੀਆਂ ਨਾਲ ਵੀ ਸੰਬੰਧ ਹੈ।

ਨਸ਼ੀਲੇ ਪਦਾਰਥ ਦੀ ਵਰਤੋਂ: ਨਸ਼ੀਲੇ ਪਦਾਰਥ ਦੀ ਵਰਤੋਂ ਦਾ ਭਾਵ ਹੈ ਕਿ ਵੱਖ-ਵੱਖ ਕਿਸਮ ਸਮਗਰੀ ਜਿਵੇਂ ਕਿ ਦਵਾਈਆਂ ਜਾਂ ਨਸ਼ਿਆਂ, ਸ਼ਾਂਤ ਕਰਨ ਵਾਲੀਆਂ ਦਵਾਈਆਂ ਤੇ ਹੋਰ ਇੰਝ ਦੀਆਂ ਉਤੇਜਕ ਦਵਾਈਆਂ ਦੀ ਵਰਤੋਂ

ਕਰਨਾ। ਇਹਨਾਂ ਵਿੱਚ ਕੁਝ ਗ਼ੈਰ-ਕਾਨੂੰਨੀ ਹਨ ਅਤੇ ਉਹਨਾਂ ਦੀ ਵਰਤੋਂ ਮੁਜ਼ਰਮਾਨਾ ਮਿਜ਼ਾਜ਼ ਅਤੇ ਨੈਤਿਕ ਸੰਕਟ ਨੂੰ ਦਰਸਾਉਂਦੀ ਹੈ।

**ਆਪਣੇ ਆਪ ਨੂੰ ਟੈਸਟ ਕਰੋ 2**

**ਹੇਠ ਦਿੱਤਿਆਂ ਵਿੱਚੋਂ ਕਿਹੜੀ ਨੈਤਿਕ ਸੰਕਟ ਦੀ ਉਦਾਹਰਨ ਹੈ?**

I. ਸਟੰਟ ਕਲਾਕਾਰ ਸਟੰਟ ਕਰਨ ਦੇ ਦੌਰਾਨ ਮਰ ਗਿਆ ਹੈ

II. ਵਿਅਕਤੀ ਜੋ ਕਿ ਬਹੁਤ ਵੱਧ ਮਾਤਰਾ ਵਿੱਚ ਸ਼ਰਾਬ ਪੀਂਦਾ ਹੈ, ਕਿਉਂਕਿ ਉਸ ਨੇ ਬੀਮਾ ਕਰਵਾਇਆ ਹੈ

III. ਬੀਮਤ ਪ੍ਰੀਮੀਅਮ ਭੁਗਤਾਨ ਲਈ ਅਸਫ਼ਲ ਰਿਹਾ ਹੈ

IV. ਪੇਸ਼ਕਰਤਾ ਨੇ ਪਾਲਸੀ ਦਸਤਾਵੇਜ਼ ਗੁਆ ਦਿੱਤੇ ਹਨ

---

## C. ਮੈਡੀਕਲ ਅੰਡਰਰਾਈਟਿੰਗ

### 1. ਮੈਡੀਕਲ ਅੰਡਰਰਾਈਟਿੰਗ

ਆਓ ਕੁਝ ਮੈਡੀਕਲ ਕਾਰਨਾਂ ਉੱਤੇ ਵਿਚਾਰ ਕਰੀਏ ਜਿਹਨਾਂ ਨਾਲ ਅੰਡਰਰਾਈਟਿੰਗ ਦੇ ਫੈਸਲੇ ਉੱਤੇ ਅਸਰ ਪੈ ਸਕਦਾ ਹੈ। ਇਹਨਾਂ ਦਾ ਮੁਲਾਂਕਣ ਮੈਡੀਕਲ ਅੰਡਰਰਾਈਟਿੰਗ ਦੇ ਤਹਿਤ ਕੀਤਾ ਜਾਂਦਾ ਹੈ। ਉਹ ਅਕਸਰ ਮੈਡੀਕਲ ਪਰੀਖਿਕ ਦੀ ਰਿਪੋਰਟ ਦੀ ਮੰਗ ਕਰ ਸਕਦੇ ਹਨ। ਆਓ ਕੁਝ ਕਾਰਨਾਂ ਨੂੰ ਵੇਖੀਏ, ਜਿਹਨਾਂ ਦੀ ਜਾਂਚ ਕੀਤੀ ਜਾਂਦੀ ਹੈ।

ਚਿੱਤਰ 5 : ਮੈਡੀਕਲ ਕਾਰਨ, ਜੋ ਕਿ ਅੰਡਰਰਾਈਟਰ ਦੇ ਫੈਸਲਾ ਨੂੰ ਪ੍ਰਭਾਵਿਤ ਕਰਦੇ ਹਨ।




a) ਪਰਿਵਾਰਿਕ ਅਤੀਤ

ਮੌਤ-ਦਰ ਉੱਤੇ ਅਸਰ ਪਾਉਣ ਵਾਲੇ ਪਰਿਵਾਰਿਕ ਅਤੀਤ ਨੂੰ ਤਿੰਨ ਪੱਖਾਂ ਤੋਂ ਵਿਚਾਰਿਆ ਜਾਂਦਾ ਹੈ।

i. ਖਾਨਦਾਨੀ: ਕੁਝ ਬੀਮਾਰੀਆਂ ਇੱਕ ਪੀੜ੍ਹੀ ਤੋਂ ਦੂਜੀ ਤੱਕ ਜਾਂਦੀਆਂ ਹਨ ਜਿਵੇਂ ਮਾਪਿਆਂ ਤੋਂ ਬੱਚਿਆਂ ਵਿੱਚ।

ii. ਪਰਿਵਾਰ ਵਿੱਚ ਔਸਤ ਲੰਮੀ ਉਮਰ: ਜਦੋਂ ਮਾਪੇ ਕੁਝ ਬੀਮਾਰੀਆਂ ਜਿਵੇਂ ਕਿ ਦਿਲ ਦੀ ਸਮੱਸਿਆ ਜਾਂ ਕੈਂਸਰ ਨਾਲ ਉਮਰ ਤੋਂ ਪਹਿਲਾਂ ਮਰ ਗਏ ਹਨ ਤਾਂ ਇਹ ਸੰਕੇਤ ਹੈ ਕਿ ਅਗਲੀ ਪੀੜ੍ਹੀ ਵੀ ਬਹੁਤ ਲੰਮਾ ਸਮਾਂ ਨਹੀਂ ਜਿਉਂਦੀ ਰਹੇਗੀ।

iii. ਪਰਿਵਾਰਿਕ ਮਾਹੌਲ: ਤੀਜਾ ਹੈ ਮਾਹੌਲ, ਜਿਸ ਵਿੱਚ ਪਰਿਵਾਰ ਰਹਿੰਦਾ ਹੈ, ਜਿਸ ਕਰਕੇ ਲਾਗ (infection) ਅਤੇ ਹੋਰ ਜੋਖਿਮਾਂ ਦਾ ਸਾਹਮਣਾ ਹੋ ਸਕਦਾ ਹੈ।

ਜੀਵਨ ਬੀਮਾਕਰਤਾ ਨੂੰ ਇਸਕਰਕੇ ਸੁਚੇਤ ਰਹਿਣਾ ਹੁੰਦਾ ਹੈ ਜਦੋਂ ਵੀ ਉਲਟ ਪਰਿਵਾਰਿਕ ਅਤੀਤ ਵਾਲੇ ਵਿਅਕਤੀਆਂ ਦੇ ਕੇਸਾਂ ਉੱਤੇ ਵਿਚਾਰ ਕਰਨਾ ਹੋਵੇ। ਉਹ ਹੋਰ ਰਿਪੋਰਟਾਂ ਦੀ ਮੰਗ ਕਰ ਸਕਦੇ ਹਨ ਅਤੇ ਇੰਝ ਦੇ ਕੇਸਾਂ ਵਿੱਚ ਵਾਧੂ ਮੌਤ-ਦਰ ਰੇਟਿੰਗ ਲਗਾ ਸਕਦੇ ਹਨ।

b) ਨਿੱਜੀ ਅਤੀਤ

ਨਿੱਜੀ ਅਤੀਤ ਦਾ ਭਾਵ ਹੈ ਕਿ ਮਨੁੱਖੀ ਸਰੀਰ ਦੀਆਂ ਵੱਖ-ਵੱਖ ਪ੍ਰਣਾਲੀਆਂ ਦੇ ਪਿਛਲੇ ਵਿਕਾਰਾਂ ਤੋਂ ਹੈ, ਜਿਹਨਾਂ ਤੋਂ ਸੰਭਾਵਿਤ ਬੀਮਤ ਦਾ ਜੀਵਨ ਪੀੜਤ ਰਿਹਾ ਹੈ। ਜੀਵਨ ਬੀਮੇ ਲਈ ਪੇਸ਼ਕਸ਼ ਫਾਰਮ ਵਿੱਚ ਖਾਸ ਤੌਰ ਉੱਤੇ ਸਵਾਲ ਹੁੰਦੇ ਹਨ, ਜਿਹਨਾਂ ਵਿੱਚ ਬੀਮਤ ਤੋਂ ਇਹਨਾਂ ਵਿੱਚੋਂ ਕਿਸੇ ਦੇ ਲਈ ਵੀ ਇਲਾਜ ਦੇ ਬਾਰੇ ਪੁੱਛਗਿੱਛ ਕੀਤੀ ਜਾਂਦੀ ਹੈ।

ਵੱਡੀਆਂ ਬੀਮਾਰੀਆਂ, ਜਿਨਾਂ ਨੂੰ ਅੰਡਰਰਾਈਟਰ ਵਲੋਂ ਵਿਚਾਰਿਆਂ ਜਾਂਦਾ ਹੈ, ਜਿਸ ਵਿੱਚ ਦਿਲ ਸੰਬੰਧੀ ਬੀਮਾਰੀਆਂ, ਸਾਹ-ਪ੍ਰਨਾਲੀ ਸੰਬੰਧੀ ਬੀਮਾਰੀਆਂ, ਘਾਤਕ ਰਸੌਲੀ/ ਕੈਂਸਰ, ਗੁਰਦਾ ਪ੍ਰਨਾਲੀ ਦੀਆਂ ਬੀਮਾਰੀਆਂ, ਨਾੜੀ ਪ੍ਰਨਾਲੀ ਦੇ ਨੁਕਸ, ਪਾਚਨ ਪ੍ਰਣਾਲੀ ਦੀਆਂ ਬੀਮਾਰੀਆਂ ਜਿਵੇਂ ਕਿ ਗਸਟਰਿਕ ਅਲਸਰ ਅਤੇ ਜਿਗਰ ਦੀ ਸਾਰਉਸਿਸ ਅਤੇ ਦਿਮਾਗੀ ਪ੍ਰਨਾਲੀ ਦੀਆਂ ਬੀਮਾਰੀਆਂ ਸ਼ਾਮਲ ਹਨ।

c) ਨਿੱਜੀ ਲੱਛਣ

ਇਹ ਵੀ ਬੀਮਾਰੀ ਲਈ ਰੁਝਾਨ ਦੇ ਮਹੱਤਵਪੂਰਨ ਸੰਕੇਤ ਹੋ ਸਕਦੇ ਹਨ।

i. ਬਣਤਰ

ਵਿਅਕਤੀ ਦੀ ਬਣਤਰ ਵਿੱਚ ਉਸ ਦਾ ਕੱਦ, ਭਾਰ, ਛਾਤੀ ਅਤੇ ਪੇਟ ਦਾ ਘੇਰਾ। ਦਿੱਤੀ ਉਮਰ ਤੇ ਉਚਾਈ ਲਈ, ਮਿਆਰੀ ਭਾਰ ਹੈ, ਜੋ ਕਿ ਪਰਿਭਾਸ਼ਿਤ ਹੈ ਅਤੇ ਜੇ ਭਾਰ ਇਸ ਮਿਆਰੀ ਭਾਰ ਦੇ ਮੁਕਾਬਲੇ ਬਹੁਤ ਵੱਧ ਜਾਂ ਘੱਟ ਹੈ ਤਾਂ ਅਸੀਂ ਕਹਿ ਸਕਦੇ ਹਾਂ ਕਿ ਵਿਅਕਤੀ ਦਾ ਭਾਰ ਵੱਧ ਜਾਂ ਘੱਟ ਹੈ।

ਇਸੇ ਤਰ੍ਹਾਂ ਉਮੀਦ ਕੀਤੀ ਜਾਂਦੀ ਹੈ ਕਿ ਸਧਾਰਨ ਵਿਅਕਤੀ ਦੀ ਛਾਤੀ ਘੱਟੋ-ਘੱਟ ਚਾਰ ਸੈਂਟੀਮੀਟਰ ਫੁੱਲਣੀ ਚਾਹੀਦੀ ਹੈ ਅਤੇ ਪੇਟ ਘੇਰਾ ਫੁੱਲੀ ਹੋਈ ਛਾਤੀ ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ।

ii. ਖ਼ੂਨ ਦਬਾਉ

ਹੋਰ ਸੰਕੇਤ ਵਿਅਕਤੀ ਦਾ ਖ਼ੂਨ ਦਬਾਉ ਹੈ। ਇਸ ਦੇ ਦੋ ਮਾਪ ਹਨ

- ✓ ਦਿਲ ਦੀ ਸੁੰਗੜਨ (systolic)
- ✓ ਦਿਲ ਦਾ ਫੈਲਾਅ (Diastolic)

ਜਦੋਂ ਦਿੱਤੇ ਮੁੱਲਾਂ ਮੁਕਾਬਲੇ ਅਸਲ ਮੁੱਲ ਬਹੁਤ ਵੱਧ ਹੈ ਤਾਂ ਅਸੀਂ ਵਿਅਕਤੀ ਨੂੰ ਉੱਚ ਖ਼ੂਨ ਦਬਾਅ ਜਾਂ ਹਾਈਪਰਟੈਨਸ਼ਨ ਹੋਇਆ ਕਹਿੰਦੇ ਹਾਂ। ਜਦੋਂ ਇਹ ਬਹੁਤ ਘੱਟ ਹੁੰਦਾ ਹੈ ਤਾਂ ਇਸ ਨੂੰ ਹਾਈਪੋਟੈਨਸ਼ਨ ਕਿਹਾ ਜਾਂਦਾ ਹੈ। ਵੱਧ ਖ਼ੂਨ ਦਬਾਅ ਦੇ ਗੰਭੀਰ ਨਤੀਜੇ ਹੋ ਸਕਦੇ ਹਨ।

iii. ਪੇਸ਼ਾਬ - ਖਾਸ ਗਰੇਵਟੀ

ਅੰਤ ਵਿੱਚ, ਪੇਸ਼ਾਬ ਵਿੱਚ ਖਾਸ ਗਰੇਵਟੀ ਦਾ ਮਾਪ ਪੇਸ਼ਾਬ ਪ੍ਰਣਾਲੀ ਵਿੱਚ ਵੱਖ-ਵੱਖ ਲੂਣਾਂ ਦਾ ਸੰਤੁਲਨ ਦਰਸਾ ਸਕਦਾ ਹੈ। ਇਹ ਪ੍ਰਣਾਲੀ ਵਿੱਚ ਕਿਸੇ ਵੀ ਨੁਕਸ ਨੂੰ ਦਰਸਾ ਸਕਦਾ ਹੈ।

d) ਬੈਕਡੇਟਿੰਗ:

ਬੈਕਡੇਟਿੰਗ ਦਾ ਅਰਥ ਹੈ ਕਿ ਪਾਲਸੀ ਦੀ ਸ਼ੁਰੂਆਤੀ ਤਾਰੀਖ ਨੂੰ ਪਹਿਲਾਂ ਦੀ ਤਾਰੀਖ ਵਿੱਚ ਬਦਲਣਾ ਹੈ। ਮਿਸਾਲ ਵਜੋਂ ਤੁਸੀਂ 1 ਜੂਨ 2013 ਨੂੰ ਜੀਵਨ ਬੀਮਾ ਪਾਲਸੀ ਖਰੀਦੀ ਹੈ, ਪਰ ਤੁਸੀਂ ਸੋਚਿਆ ਹੈ ਕਿ ਪਾਲਸੀ ਜਿਆਦਾ ਵਧੀਆ ਰਿਟਰਨ ਦੇਵੇਗੀ, ਜੇ ਤੁਸੀਂ ਇਸ ਨੂੰ ਅਪਰੈਲ 2013 ਵਿੱਚ ਖਰੀਦਿਆ ਹੁੰਦਾ। ਤੁਸੀਂ ਅਤੇ ਤੁਹਾਡੀ ਬੀਮਾ ਕੰਪਨੀ ਪਾਲਸੀ ਨੂੰ ਅਪਰੈਲ 2013 ਤੋਂ ਅਧਿਕਾਰਿਤ ਰੂਪ ਵਿੱਚ ਸ਼ੁਰੂ ਕਰਨ ਲਈ ਬਦਲਣ ਵਾਸਤੇ ਸਹਿਮਤ ਹੁੰਦੇ ਹੋ। ਇਸ ਹਾਲਤ ਵਿੱਚ ਤੁਸੀਂ ਪਾਲਸੀ ਨੂੰ ਬੈਕ-ਡੇਟ ਕੀਤਾ ਹੈ। ਅਕਸਰ ਜੇ ਪਾਲਸੀ ਨੂੰ ਇੱਕ ਮਹੀਨੇ ਤੋਂ ਘੱਟ ਲਈ ਪਿੱਛੇ ਕੀਤਾ ਜਾਵੇ ਤਾਂ ਕੋਈ ਵਿਆਜ ਨਹੀਂ ਵਸੂਲਿਆ ਜਾਂਦਾ ਹੈ।

ਬੈਕ-ਡੇਟਿੰਗ ਹੇਠ ਦਿੱਤੇ ਮਕਸਦ ਲਈ ਕੀਤੀ ਜਾਂਦੀ ਹੈ:

(i) ਉਮਰ ਦੇ ਮੁਤਾਬਕ ਘੱਟ ਪ੍ਰੀਮੀਅਮ ਦੇਣ ਲਈ: ਜਦੋਂ ਪਾਲਸੀ ਜਾਰੀ ਕੀਤੀ ਜਾਂਦੀ ਹੈ ਤਾਂ ਬੀਮਾਕਰਤਾ ਪਾਲਸੀਧਾਰਕ ਦੀ ਨੇੜਲੀ ਉਮਰ ਉੱਤੇ ਵਿਚਾਰ ਕਰਦਾ ਹੈ। ਭਾਵ ਜੇ ਤੁਸੀਂ 32 ਸਾਲ ਤੇ 7 ਮਹੀਨਿਆਂ ਦੇ ਹੋ ਤਾਂ ਬੀਮਾਕਰਤਾ ਤੁਹਾਨੂੰ 33 ਸਾਲ ਦਾ ਮੰਨੇਗਾ। ਇਹ ਨੇੜਲੀ ਉਮਰ ਤੁਹਾਨੂੰ ਵੱਧ ਪ੍ਰੀਮੀਅਮ ਹੱਦ ਵਿੱਚ ਰੱਖ ਸਕਦੀ ਹੈ। ਪਰ ਜੇ ਤੁਸੀਂ ਪਾਲਸੀ ਨੂੰ 2 ਮਹੀਨੇ ਪਿੱਛੇ ਕਰ ਦਿਓ ਤਾਂ ਬੀਮਾਕਰਤਾ ਤੁਹਾਡੀ ਉਮਰ ਨੂੰ 32 ਸਾਲ ਤੇ 5 ਮਹੀਨੇ ਹੀ ਮੰਨੇਗਾ। ਹੁਣ ਤੁਸੀਂ 32 ਸਾਲ ਦੀ ਉਮਰ ਵਾਸਤੇ ਪਲਾਨ ਦੇ ਅਧਾਰ ਉੱਤੇ ਘੱਟ ਪ੍ਰੀਮੀਅਮ ਦਾ ਭੁਗਤਾਨ ਕਰੋਗੇ।

(ii) ਭੁਗਤਾਨ ਲਈ ਸਮਾਂ ਨਿਯਤ ਕਰਨਾ: ਕਈ ਕਿੱਤੇ ਹੁੰਦੇ ਹਨ, ਜਿੱਥੇ ਆਮਦਨ ਨਿਰੰਤਰ ਇਕਸਾਰ ਨਹੀਂ ਹੁੰਦੀ ਹੈ। ਇਹਨਾਂ ਹਾਲਤਾਂ ਵਿੱਚ ਜੇ ਵਿਅਕਤੀ ਆਪਣੇ ਘੱਟ ਕੰਮ ਵਾਲੇ ਸਮੇਂ (ਆਫ-ਸੀਜ਼ਨ) ਵਿੱਚ ਜੀਵਨ ਬੀਮਾ ਪਾਲਸੀ ਖਰੀਦਦਾ ਹੈ ਤਾਂ ਪਾਲਸੀ ਨੂੰ ਵੱਧ ਤੋਂ ਵੱਧ ਕਮਾਈ ਵਾਲੇ ਸਮੇਂ ਲਈ ਬੈਕ-ਡੇਟ ਕੀਤਾ ਜਾ

ਸਕਦਾ ਹੈ। ਜਿਵੇਂ ਕਿ ਕਿਸਾਨ ਦੀ ਮੌਸਮੀ ਕਮਾਈ ਹੁੰਦੀ ਹੈ। ਉਹ ਆਪਣੀ ਫ਼ਸਲ ਦੀ ਰਕਮ ਲੈਣ ਦੇ ਬਾਅਦ ਹੀ ਬੀਮੇ ਦਾ ਭੁਗਤਾਨ ਕਰਨਾ ਚਾਹੇਗਾ। ਇਸ ਹਾਲਤ ਵਿੱਚ ਕਿਸਾਨ ਵਾਢੀ ਦੇ ਮੌਸਮ ਵਿੱਚ ਪਾਲਸੀ ਸ਼ੁਰੂ ਕਰਨ ਲਈ ਬੈਕਡੇਟ ਕਰ ਸਕਦਾ ਹੈ।

(iii) ਖਾਸ ਤਾਰੀਖਾਂ ਨਾਲ ਮਿਲਾਉਣ: ਤੁਸੀਂ ਪਾਲਸੀ ਨੂੰ ਆਪਣੀ ਕਿਸੇ ਮਹੱਤਵਪੂਰਨ ਤਾਰੀਖ ਲਈ ਬੈਕ-ਡੇਟ ਕਰ ਸਕਦੇ ਹੋ, ਜਿਵੇਂ ਕਿ ਜਨਮਦਿਨ ਅਤੇ ਵਰ੍ਹੇਗੰਢ। ਇਹ ਤੁਹਾਨੂੰ ਪ੍ਰੀਮੀਅਮ ਦੀ ਦੇਯ ਤਾਰੀਖ ਯਾਦ ਰੱਖਣ ਲਈ ਸੌਖਾ ਕਰ ਦੇਵੇਗੀ।

(iv) ਸਮੇਂ ਤੋਂ ਪਹਿਲਾਂ ਪਰਿਪੱਕਤਾ ਦਾਅਵੇ: ਬੈਕਡੇਟ ਕਰਨ ਨਾਲ ਪਾਲਸੀ ਦੀ ਮਿਆਦ ਘੱਟਦੀ ਹੈ ਅਤੇ ਪਹਿਲਾਂ ਪਰਿਪੱਕ ਹੋ ਜਾਂਦੀ ਹੈ। ਜਿਵੇਂ ਕਿ ਮਾਰਚ 2000 ਵਿੱਚ ਖਰੀਦੀ 30 ਸਾਲਾਂ ਦੀ ਜੀਵਨ ਬੀਮਾ ਪਾਲਸੀ ਨੂੰ ਅਪਰੈਲ 1999 ਵਿੱਚ ਬੈਕ-ਡੇਟ ਕਰਨ ਨਾਲ ਪਾਲਸੀ ਮਾਰਚ 2030 ਵਿੱਚ ਪਰਿਪੱਕ ਹੋਣ ਦੀ ਬਜਾਏ ਅਪਰੈਲ 2029 ਵਿੱਚ ਹੋਵੇਗੀ। ਇੰਡਾਊਮੈਂਟ ਪਾਲਸੀਆਂ ਦੇ ਕੇਸ ਵਿੱਚ ਇਹ ਸਮੇਂ ਤੋਂ ਪਹਿਲਾਂ ਪਰਿਪੱਕਤਾ ਫਾਇਦਾ ਇਕੱਤਰ ਕਰਨਾ ਫਾਇਦੇਮੰਦ ਹੋ ਸਕਦਾ ਹੈ।

**ਆਪਣੇ ਆਪ ਨੂੰ ਟੈਸਟ ਕਰੋ 3**

ਮੈਡੀਕਲ ਅੰਡਰਰਾਈਟਿੰਗ ਵਿੱਚ ਖਾਨਦਾਨੀ ਅਤੀਤ ਦੀ ਕਿਉਂ ਮਹੱਤਤਾ ਹੈ?

I. ਅਮੀਰ ਮਾਪਿਆਂ ਦੇ ਸਿਹਤਮੰਦ ਬੱਚੇ

II. ਕੁਝ ਬੀਮਾਰੀਆਂ ਮਾਪਿਆਂ ਤੋਂ ਬੱਚਿਆਂ ਨੂੰ ਮਿਲ ਸਕਦੀਆਂ ਹਨ

III. ਗਰੀਬ ਮਾਪਿਆਂ ਦੇ ਅਸੰਤੁਲਿਤ ਭੋਜਨ ਪ੍ਰਾਪਤ ਕਰਨ ਵਾਲੇ ਬੱਚੇ

IV. ਪਰਿਵਾਰਿਕ ਮਾਹੌਲ ਇੱਕ ਘਾਤਕ ਕਾਰਕ ਹੈ।

## ਸਾਰ

- ਨਿਰਪੱਖਤਾ ਲਈ ਅੰਡਰਰਾਈਟਰ ਜੋਖਿਮ ਵਰਗੀਕਰਨ ਦੇ ਵਜੋਂ ਜਾਣੇ ਜਾਂਦੇ ਢੰਗ ਦੀ ਵਰਤੋਂ ਕਰਦਾ ਹੈ ਜਿਸਵਿੱਚ ਵਿਅਕਤੀਆਂ ਨੂੰ ਮਿਲਣ ਵਾਲੇ ਜੋਖਿਮਾਂ ਦੇ ਮੁਤਾਬਕ ਵਰਗੀਕ੍ਰਿਤ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਵੱਖਰੀ-ਵੱਖਰੀ ਜੋਖਿਮ ਕਲਾਸ ਵਿੱਚ ਰੱਖਿਆ ਜਾਂਦਾ ਹੈ।
- ਅੰਡਰਰਾਈਟਿੰਗ ਦੋ ਪੜਾਆਵਾਂ ਵਿੱਚ ਕੀਤਾ ਜਾ ਸਕਦਾ ਹੈ:
  - ✓ ਖੇਤਰੀ ਪੱਧਰ ਉੱਤੇ ਅਤੇ
  - ✓ ਅੰਡਰਰਾਈਟਿੰਗ ਵਿਭਾਗੀ ਪੱਧਰ ਉੱਤੇ
- ਅੰਡਰਰਾਈਟਰਾਂ ਵਲੋਂ ਅੰਡਰਰਾਈਟਿੰਗ ਦੇ ਫੈਸਲੇ ਕੀਤੇ ਜਾਂਦੇ ਹਨ, ਜਿਹਨਾਂ ਵਿੱਚ ਮਿਆਰੀ ਦਰਾਂ ਉੱਤੇ ਮਿਆਰੀ ਜੋਖਿਮ ਨੂੰ ਮਨਜ਼ੂਰ ਕਰਨਾ ਜਾਂ ਅਲਪ-ਮਿਆਰੀ ਜੋਖਿਮਾਂ ਨੂੰ ਵਾਧੂ ਖ਼ਰਚੇ ਦੇ ਨਾਲ ਮਨਜ਼ੂਰ ਕਰਨਾ ਸ਼ਾਮਿਲ ਹੈ। ਕਈ ਵਾਰ ਬੀਮਾ ਕਰਵਾਈ ਰਕਮ ਨੂੰ ਰੋਕੀ ਰੱਖਣ ਦੇ ਅਧਿਕਾਰ ਨਾਲ ਮਨਜ਼ੂਰੀ ਦਿੱਤੀ ਜਾਂਦੀ ਹੈ ਜਾਂ ਪਾਬੰਦੀਸ਼ੁਦਾ ਸ਼ਰਤਾਂ ਦੇ ਨਾਲ *ਮਨਜ਼ੂਰੀ* ਹੁੰਦੀ ਹੈ। ਜਦੋਂ ਜੋਖਿਮ ਬਹੁਤ ਵੱਡਾ ਹੋਵੇ ਤਾਂ ਪੇਸ਼ਕਸ਼ ਤੋਂ *ਇਨਕਾਰ* ਕੀਤਾ ਜਾਂਦਾ ਹੈ ਜਾਂ *ਟਾਲਿਆ* ਜਾਂਦਾ ਹੈ।
- ਜੀਵਨ ਬੀਮਾ ਪੇਸ਼ਕਸ਼ਾਂ ਦੀ ਵੱਡੀ ਗਿਣਤੀ ਨੂੰ ਆਮ ਤੌਰ ਉੱਤੇ ਬੀਮੇ ਲਈ ਮੈਡੀਕਲ ਪਰੀਖਣ ਕਰਵਾਏ ਬਿਨਾਂ ਹੀ ਚੁਣਿਆ ਜਾ ਸਕਦਾ ਹੈ। ਇੰਝ ਦੇ ਕੇਸਾਂ ਨੂੰ ਗ਼ੈਰ-ਮੈਡੀਕਲ ਪੇਸ਼ਕਸ਼ਾਂ ਕਿਹਾ ਜਾਂਦਾ ਹੈ।
- ਗ਼ੈਰ-ਮੈਡੀਕਲ ਅੰਡਰਰਾਈਟਿੰਗ ਲਈ ਰੇਟਿੰਗ ਕਾਰਨਾਂ ਵਿੱਚੋਂ ਕੁਝ ਹੇਠ ਦਿੱਤੇ ਹਨ
  - ✓ ਉਮਰ
  - ✓ ਵੱਡੀ ਬੀਮਾ ਰਕਮ
  - ✓ ਨੈਤਿਕ ਖਤਰਾ ਆਦਿ
- ਮੈਡੀਕਲ ਅੰਡਰਰਾਈਟਿੰਗ ਲਈ ਰੇਟਿੰਗ ਕਾਰਨਾਂ ਵਿੱਚ ਸ਼ਾਮਿਲ ਹਨ
  - ✓ ਪਰਿਵਾਰਿਕ ਅਤੀਤ,
  - ✓ ਖਾਨਦਾਨੀ ਅਤੇ ਨਿੱਜੀ ਅਤੀਤ ਆਦਿ

## ਮੁੱਖ ਸ਼ਬਦ

1. ਅੰਡਰਰਾਈਰਿੰਗ
2. ਮਿਆਰੀ ਜੀਵਨ
3. ਗ਼ੈਰ-ਮੈਡੀਕਲ ਅੰਡਰਰਾਈਟਿੰਗ

4. **ਰੇਟਿੰਗ ਪੱਖ**

5. **ਮੈਡੀਕਲ ਅੰਡਰਰਾਈਟਿੰਗ**

6. **ਵਿਰੋਧੀ-ਚੋਣ**

---

**ਸਵੈ ਜਾਂਚ ਦੇ ਜਵਾਬ**

**ਜਵਾਬ 1 - ਸਹੀ ਚੋਣ III ਹੈ।**

**ਜਵਾਬ 2 - ਸਹੀ ਚੋਣ II ਹੈ।**

**ਜਵਾਬ 3 - ਸਹੀ ਚੋਣ II ਹੈ।**

---

# ਪਾਠ L-09

# ਜੀਵਨ ਬੀਮਾ ਦਾਅਵੇ

**ਪਾਠ ਜਾਣ-ਪਛਾਣ**

ਇਹ ਪਾਠ ਵਿੱਚ ਦਾਅਵੇ ਦੇ ਸਿਧਾਂਤ ਅਤੇ ਦਾਅਵਿਆਂ ਦਾ ਕਿਵੇਂ ਪਤਾ ਲਗਾਇਆ ਜਾਂਦਾ ਹੈ ਦੇ ਬਾਰੇ ਜਾਣਕਾਰੀ ਹੈ। ਪਾਠ ਵਿੱਚ ਦਾਅਵਿਆਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਅੰਤ ਵਿੱਚ ਤੁਸੀਂ ਮੌਤ ਦਾਅਵੇ ਲਈ ਪੇਸ਼ ਕੀਤੇ ਜਾਣ ਵਾਲੇ ਫਾਰਮਾਂ ਅਤੇ ਬੀਮਾਕਰਤਾ ਵਲੋਂ ਦਾਅਵੇ ਨੂੰ ਰੱਦ ਕਰਨ ਤੋਂ ਲਾਭਪਾਤਰ ਨੂੰ ਸੁਰੱਖਿਅਤ ਰੱਖਣ ਲਈ ਢੰਗਾਂ, ਬਸ਼ਰਤੇ ਬੀਮਤ ਵਲੋਂ ਕਿਸੇ ਵੀ ਪ੍ਰਮੁੱਖ ਜਾਣਕਾਰੀ ਨੂੰ ਲੁਕਾਇਆ ਨਾ ਗਿਆ ਹੋਵੇ, ਦੇ ਬਾਰੇ ਜਾਣਕਾਰੀ ਹਾਸਿਲ ਕਰੋਗੇ।

**ਸਿੱਖਣ ਦੇ ਨਤੀਜੇ**

A. ਦਾਅਵਿਆਂ ਦੀਆਂ ਕਿਸਮਾਂ ਅਤੇ ਦਾਅਵਾ ਕਾਰਵਾਈ

B. ਪਤਾ ਲਗਾਉਣਾ ਕਿ ਕੀ ਦਾਅਵਾ ਅਵਸਥਾ ਵਾਪਰੀ ਹੈ

C. ਜੀਵਨ ਬੀਮਾ ਪਾਲਸੀ ਲਈ ਦਾਅਵਾ ਕਾਰਵਾਈ

## A. ਦਾਅਵਿਆਂ ਦੀਆਂ ਕਿਸਮਾਂ ਅਤੇ ਦਾਅਵਾ ਕਾਰਵਾਈ

**ਦਾਅਵਿਆਂ ਦਾ ਸਿਧਾਂਤ**

ਬੀਮਾ ਕੰਪਨੀ ਅਤੇ ਬੀਮਾ ਪਾਲਸੀ ਦਾ ਅਸਲ ਇਮਤਿਹਾਨ ਉਦੋਂ ਹੁੰਦਾ ਹੈ ਜਦੋਂ ਪਾਲਸੀ ਦਾ ਨਤੀਜਾ ਦਾਅਵੇ ਦੇ ਰੂਪ ਵਿੱਚ ਹੁੰਦਾ ਹੈ। ਜੀਵਨ ਬੀਮੇ ਦਾ ਅਸਲ ਮੁੱਲ ਦਾਅਵੇ ਦੇ ਨਿਪਟਾਰੇ ਅਤੇ ਫਾਇਦੇ ਦੇ ਭੁਗਤਾਨ ਦੇ ਰੂਪ ਵਿੱਚ ਸਮਝਿਆ ਜਾਂਦਾ ਹੈ।

IRDAI ਦਾ ਪਾਲਸੀਧਾਰਕਾਂ ਦੇ ਹਿੱਤਾਂ ਦੀ ਸੁਰੱਖਿਆ ਨਿਯਮ 2017 ਦੇ ਤਹਿਤ ਜੀਵਨ ਬੀਮਾਕਰਤਾ ਨੂੰ ਮੌਤ ਦੇ ਦਾਅਵੇ ਬਿਨਾਂ ਦੇਰੀ ਕਾਰਵਾਈ ਕਰਨਗੇ ਅਤੇ ਮੌਤ ਦੀ ਸੂਚਨਾ ਮਿਲਣ ਦੇ 15 ਦਿਨਾਂ ਦੇ ਵਿੱਚ ਸਾਰੀਆਂ ਲੋੜਾਂ (required) ਦੀ ਇਕੱਠੀ ਮੰਗ ਕਰਨਗੇ।

ਮੌਤ ਦਾਅਵੇ ਦੇ ਅਧੀਨ ਸਭ ਢੁੱਕਵੇਂ ਪੇਪਰ/ ਸਪਸ਼ਟੀਕਰਨ ਪ੍ਰਾਪਤ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਵਿੱਚ ਵਿੱਚ ਦਾਅਵੇ ਦਾ ਭੁਗਤਾਨ ਕਰਨਾ, ਰੱਦ ਜਾਂ ਸਾਰੇ ਢੁੱਕਵੇਂ ਕਾਰਨ ਨਾਲ ਇਨਕਾਰ ਕੀਤਾ ਜਾਣਾ ਚਾਹੀਦਾ ਹੈ।

ਜੇ ਬੀਮਾਕਰਤਾ ਦੇ ਮੁਤਾਬਕ ਦਾਅਵੇ ਦੀ ਜਾਂਚ ਕਰਨ ਦੀ ਲੋੜ ਹੈ ਤਾਂ ਇਸ ਨੂੰ ਫ਼ੌਰਨ ਪੂਰਾ ਕੀਤਾ ਜਾਣਾ ਚਾਹੀਦਾ ਹੈ, ਜੋ ਕਿ ਸੂਚਨਾ ਮਿਲਣ ਦੀ ਤਾਰੀਖ ਦੇ 90 ਦਿਨਾਂ ਵਿੱਚ, ਅਤੇ ਉਸ ਦੇ ਬਾਅਦ 30 ਦਿਨਾਂ ਵਿੱਚ ਦਾਅਵੇ ਨੂੰ ਨਿਪਟਾਉਣਾ ਹੋਵੇਗਾ।

IRDAI ਨੇ ਪਰਿਪੱਕਤਾ ਦਾਅਵੇ, ਜਿਉਂਦੇ ਰਹਿਣ ਫਾਇਦੇ ਅਤੇ ਵਾਰਸ਼ਿਕੀ ਦੇ ਸੰਬੰਧ ਵਿੱਚ ਸਪਸ਼ਟ ਕੀਤਾ ਹੈ ਕਿ ਜੀਵਨ ਬੀਮਾਕਰਤਾ ਵਲੋਂ ਪਹਿਲਾਂ ਤੋਂ ਸੂਚਨਾ, ਬਾਅਦ ਦੀ ਤਾਰੀਖ ਦਾ ਚੈਕ ਜਾਂ ਦਾਅਵੇਦਾਰ ਨੂੰ RBI ਵਲੋਂ ਮਨਜ਼ੂਰ ਇਲੈਕਟ੍ਰੋਨਿਕ ਢੰਗ ਰਾਹੀਂ ਸਿੱਧਾ ਬੈਂਕ ਖਾਤੇ ਵਿੱਚ ਕਰੈਡਿਟ ਦੇ ਕੇ ਦਾਅਵੇ ਦੀ ਕਾਰਵਾਈ ਕਰਨੀ ਹੋਵੇਗੀ ਹੈ ਤਾਂ ਕਿ ਦਾਅਵੇ ਦਾ ਭੁਗਤਾਨ ਦੇਣ ਤਾਰੀਖ ਉੱਤੇ ਜਾਂ ਪਹਿਲਾਂ ਹੋ ਸਕੇ।

### ਪਰਿਭਾਸ਼ਾ

ਦਾਅਵਾ ਇੱਕ ਮੰਗ ਹੈ, ਜੋ ਕਿ ਬੀਮਾਕਰਤਾ ਨੂੰ ਇਕਰਾਰਨਾਮੇ ਵਿੱਚ ਚੰਗੇ ਵਾਅਦੇ ਵਜੋਂ ਪੂਰੀ ਕਰਨੀ ਚਾਹੀਦੀ ਹੈ।

---


ਜੀਵਨ ਬੀਮਾ ਇਕਰਾਰਨਾਮੇ ਦੇ ਅਧੀਨ ਦਾਅਵਾ ਉਦੋਂ ਹੁੰਦਾ ਹੈ, ਜਦੋਂ ਬੀਮਾ ਇਕਰਾਰਨਾਮੇ ਦੇ ਅਧੀਨ ਸੁਰੱਖਿਆ ਪ੍ਰਾਪਤ ਇੱਕ ਜਾਂ ਵੱਧ ਘਟਨਾਵਾਂ ਵਾਪਰਦੀਆਂ ਹਨ। ਜਦੋਂ ਕਿ ਕੁਝ ਦਾਅਵਿਆਂ ਵਿੱਚ ਇਕਰਾਰ ਚਾਲੂ ਰਹਿੰਦਾ ਹੈ, ਜਦੋਂ ਕਿ ਹੋਰਾਂ ਵਿੱਚ ਇਕਰਾਰ ਖਤਮ ਹੋ ਜਾਂਦਾ ਹੈ।

ਦਾਅਵੇ ਦੀਆਂ ਦੋ ਕਿਸਮਾਂ ਹੋ ਸਕਦੀਆਂ ਹਨ:

i. ਜਿਉਂਦੇ ਰਹਿਣ ਦਾਅਵੇ ਭੁਗਤਾਨਯੋਗ ਹਨ, ਜਦੋਂ ਜੀਵਨ ਬੀਮਤ ਜਿਉਂਦਾ ਹੈ ਅਤੇ

ii. ਮੌਤ ਦਾਅਵੇ

ਚਿੱਤਰ 1 : ਦਾਅਵਿਆਂ ਦੀਆਂ ਕਿਸਮਾਂ




ਜਦੋਂ ਕਿ ਮੌਤ ਦਾਅਵਾ ਜੀਵਨ ਬੀਮਤ ਦੀ ਮੌਤ ਉਪਰੰਤ ਹੁੰਦਾ ਹੈ, ਅਤੇ ਜਿਉਂਦਾ ਰਹਿਣ ਦਾਅਵਾ ਪਾਲਸੀ ਵਿੱਚ ਦਿੱਤੀਆਂ ਇੱਕ ਜਾਂ ਵੱਧ ਘਟਨਾਵਾਂ ਦੇ ਵਾਪਰਨ ਉੱਤੇ ਕੀਤਾ ਜਾਂਦਾ ਹੈ।

**ਮਹੱਤਵਪੂਰਨ**

ਸਾਰੇ ਦਾਅਵੇ ਦੀਆਂ ਹਾਲਤਾਂ ਵਿੱਚ ਬੀਮਾਕਰਤਾ ਨੂੰ ਦਾਅਵੇਦਾਰ ਦੀ ਪਛਾਣ ਸਾਬਤ ਹੋਣ ਤੇ KYC ਦੇ ਮੁਤਾਬਕ ਪੂਰੀ ਤਰ੍ਹਾਂ ਦਸਤਾਵੇਜ਼ੀ ਹੋਣ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

**ਉਦਾਹਰਨ**

ਇੰਝ ਦੀਆਂ ਖਾਸ ਘਟਨਾਵਾਂ, ਜਿੱਥੇ ਬੀਮਤ ਨੂੰ ਦਾਅਵੇ ਭੁਗਤਾਨ ਕੀਤੇ ਜਾਂਦੇ ਹਨ।

i. ਬੀਮਤ ਪਾਲਸੀ ਦੇ ਪਰਿਪੱਕਤਾ ਅੰਤਰਾਲ ਨੂੰ ਪੂਰਾ ਕਰਦਾ ਹੈ;
ii. ਬੀਮਤ ਧਨ-ਵਾਪਸੀ ਪਾਲਸੀ ਦੇ ਅਧੀਨ ਪਹਿਲਾਂ ਨਿਸ਼ਚਿਤ ਅੰਤਰਾਲ ਨੂੰ ਪੂਰਾ ਕਰਦਾ ਹੈ, ਜਿੱਥੇ ਕਿਸ਼ਤਾਂ ਦੇਣਯੋਗ ਬਣ ਜਾਂਦੀਆਂ ਹਨ; ਜਾਂ ਵਾਰਸ਼ਿਕੀ (ਪੈਂਸ਼ਨ) ਪਲਾਨ ਦੇ ਅਧੀਨ।
iii. ਬੀਮਾ ਸੁਰੱਖਿਆ ਪ੍ਰਾਪਤ ਘਾਤਕ ਬੀਮਾਰੀਆਂ ਦਾ ਵਾਪਰਨਾ (ਰਾਈਡਰ ਫਾਇਦੇ ਦੇ ਤਹਿਤ ਜਾਂ ਹੋਰ ਤਰ੍ਹਾਂ);
iv. ਪਾਲਸੀਧਾਰਕ ਜਾਂ ਸਪੁਰਦਦਾਰ ਵਲੋਂ ਪਾਲਸੀ ਦਾ ਸਮਰਪਨ ਕਰਨਾ;

---

## B. ਪਤਾ ਲਗਾਉਣਾ ਕਿ ਕੀ ਦਾਅਵਾ ਅਵਸਥਾ ਵਾਪਰੀ ਹੈ

i. ਜਿਉਂਦੇ ਰਹਿਣ ਦਾ ਦਾਅਵਾ ਬੀਮਤ ਨੂੰ ਪਰਿਪੱਕਤਾ ਦੇ ਅੰਤਰਾਲ ਪੂਰਾ ਹੋਣ ਜਾਂ ਪਾਲਸੀ ਵਿੱਚ ਦਿੱਤੀਆਂ ਸ਼ਰਤਾਂ ਪੂਰਾ ਹੋਣ ਉੱਤੇ ਭੁਗਤਾਨ ਯੋਗ ਹੁੰਦਾ ਹੈ।

ii. ਪਰਿਪੱਕਤਾ ਦਾਅਵਿਆਂ ਅਤੇ ਧਨ-ਵਾਪਿਸ ਕਿਸ਼ਤ ਦਾਅਵਿਆਂ ਨੂੰ ਸੌਖੀ ਤਰ੍ਹਾਂ ਨਿਸ਼ਚਿਤ ਕੀਤਾ ਜਾਂਦਾ ਹੈ ਕਿਉਂਕਿ ਉਹ ਉਹਨਾਂ ਮਿਤੀਆਂ ਉੱਤੇ ਅਧਾਰਿਤ ਹੁੰਦੇ ਹਨ, ਜਿਹਨਾਂ ਨੂੰ ਇਕਰਾਰਨਾਮਾ ਸ਼ੁਰੂ ਕਰਨ ਦੇ ਸਮੇਂ ਹੀ ਨਿਰਧਾਰਿਤ ਕੀਤਾ ਜਾਂਦਾ ਹੈ। ਜਿਵੇਂ ਕਿ ਪਰਿਪੱਕਤਾ ਮਿਤੀ ਅਤੇ ਮਿਤੀ, ਜਦੋਂ ਜਿਉਂਦੇ ਰਹਿਣ ਫਾਇਦੇ ਦੀਆਂ ਕਿਸ਼ਤਾਂ ਦਾ ਭੁਗਤਾਨ ਧਨ ਵਾਪਿਸ ਪਾਲਸੀ ਅਧੀਨ ਕਰਨਾ ਹੁੰਦਾ ਹੈ, ਨੂੰ ਇਕਰਾਰ ਤਿਆਰ ਕਰਨ ਸਮੇਂ ਹੀ ਸਪਸ਼ਟ ਰੂਪ ਵਿੱਚ ਤਹਿ ਕੀਤਾ ਜਾਂਦਾ ਹੈ।

iii. ਸਮਰਪਣ ਮੁੱਲ ਭੁਗਤਾਨ ਹੋਰ ਦਾਅਵੇ ਭੁਗਤਾਨਾਂ ਤੋਂ ਵੱਖਰੇ ਹੁੰਦੇ ਹਨ। ਇੱਥੇ ਹੋਰ ਦਾਅਵਿਆਂ ਦੇ ਉਲਟ ਘਟਨਾ ਪਾਲਸੀ ਧਾਰਕ ਜਾਂ ਸਪੁਰਦਦਾਰ ਵਲੋਂ ਇਕਰਾਰਨਾਮੇ ਨੂੰ ਰੱਦ ਕਰਨ ਅਤੇ ਇਕਰਾਰਨਾਮੇ ਦੇ ਅਧੀਨ ਉਸ ਨੂੰ ਮਿਲਣ ਵਾਲੀ ਰਕਮ ਕਢਵਾਉਣ ਦੇ ਫੈਸਲੇ ਨਾਲ ਸ਼ੁਰੂ ਹੁੰਦੀ ਹੈ। ਸਮੇਂ ਤੋਂ ਪਹਿਲਾਂ ਕਢਵਾਉਣ ਉੱਤੇ ਅਕਸਰ ਜੁਰਮਾਨਾ ਲੱਗਦਾ ਹੈ। ਕਿਉਂਕਿ ਭੁਗਤਾਨ ਕੀਤੀ ਰਕਮ ਪੂਰੇ ਬੀਮੇ ਵਿੱਚ ਕੀਤੇ ਜਾਣ ਵਾਲੇ ਭੁਗਤਾਨ ਤੋਂ ਘੱਟ ਹੁੰਦੀ ਹੈ, ਇਸਕਰਕੇ ਮਿਲਣ ਵਾਲੀ ਰਕਮ ਵੀ ਉਸ ਰਕਮ ਤੋਂ ਘੱਟ ਹੋਵੇਗੀ, ਜਿਹੜੀ ਕਿ ਬੀਮਾ ਪੂਰਾ ਹੋਣ ਤੇ ਦਾਅਵੇ ਦੇ ਰੂਪ ਵਿੱਚ ਮਿਲਣੀ ਹੈ।

iv. ਘਾਤਕ ਬੀਮਾਰੀ ਦਾਅਵਿਆਂ ਦਾ ਪਤਾ ਪਾਲਸੀਧਾਰਕ ਦੇ ਦਾਅਵੇ ਨਾਲ ਉਸ ਵਲੋਂ ਨੱਥੀ ਕੀਤੇ ਮੈਡੀਕਲ ਤੇ ਹੋਰ ਰਿਕਾਰਡਾਂ ਦੇ ਅਧਾਰ ਉੱਤੇ ਲਗਾਇਆ ਜਾਂਦਾ ਹੈ।

v. ਵਾਰਸ਼ਕੀਆਂ: ਵਾਰਸ਼ਿਕੀ ਭੁਗਤਾਨ (ਪੈਨਸ਼ਨ ਪਲਾਨ) ਦੇ ਕੇਸ ਵਿੱਚ ਬੀਮਤ ਨੂੰ ਸਮੇਂ ਸਮੇਂ ਤੇ ਜੀਵਨ ਸਰਟੀਫਿਕੇਟ ਦੇਣ ਦੀ ਲੋੜ ਪੈਂਦੀ ਹੈ।

ਘਾਤਕ ਬੀਮਾਰੀ ਫਾਇਦੇ ਦਾ ਮਕਸਦ ਹੁੰਦਾ ਹੈ ਕਿ ਪਾਲਸੀਧਾਰਕ ਇੰਝ ਦੀ ਕਿਸੇ ਬੀਮਾਰੀ ਹੋਣ ਉੱਤੇ ਆਪਣੇ ਖ਼ਰਚੇ ਦਾ ਭੁਗਤਾਨ ਕਰ ਸਕੇ। ਜੇ ਪਾਲਸੀ ਨੂੰ ਸਪੁਰਦ (assignor) ਕੀਤਾ ਗਿਆ ਸੀ ਤਾਂ ਸਾਰੇ ਫਾਇਦੇ ਸਪੁਰਦਦਾਰ ਨੂੰ ਮਿਲਣਗੇ ਅਤੇ ਇਹ ਘਾਤਕ ਬੀਮਾਰੀ ਫਾਇਦੇ ਦੇ ਮਕਸਦ ਨੂੰ ਪੂਰਾ ਨਹੀਂ ਕਰੇਗੀ। ਇੰਝ ਦੇ ਹਾਲਤਾਂ ਤੋਂ ਬਚਣ ਲਈ ਪਾਲਸੀ ਧਾਰਕਾਂ ਨੂੰ ਜਾਣਕਾਰੀ ਦੇਣੀ ਜ਼ਰੂਰੀ ਹੈ ਕਿ ਉਹ ਫਾਇਦਿਆਂ ਦੀ ਕਿਸ ਹੱਦ ਤੱਕ ਸ਼ਰਤੀਆ ਨਿਯੁਕਤੀ ਦੇ ਢੰਗ ਨਾਲ ਨਿਯੁਕਤੀ ਕਰ ਸਕਦੇ ਹਨ।।

ਪਰਿਪੱਕਤਾ ਜਾਂ ਮੌਤ ਦਾਅਵੇ ਜਾਂ ਸਮਰਪਨ ਨਾਲ ਇਕਰਾਰਨਾਮੇ ਦੇ ਤਹਿਤ ਬੀਮਾ ਸੁਰੱਖਿਆ ਖਤਮ ਹੋ ਜਾਂਦੀ ਹੈ ਅਤੇ ਅੱਗੇ ਹੋਰ ਬੀਮਾ ਸੁਰੱਖਿਆ ਉਪਲੱਬਧ ਨਹੀਂ ਹੁੰਦੀ ਹੈ।

ਦਾਅਵਿਆਂ ਦੀਆਂ ਕਿਸਮਾਂ: ਪਾਲਸੀ ਦੀ ਮਿਆਦ ਦੇ ਦੌਰਾਨ ਹੇਠ ਦਿੱਤੇ ਭੁਗਤਾਨ ਕੀਤੇ ਜਾ ਸਕਦੇ ਹਨ:

a) ਜਿਉਂਦੇ ਰਹਿਣ ਫਾਇਦਾ ਭੁਗਤਾਨ

   ਪਾਲਸੀ ਦੀ ਮਿਆਦ ਦੇ ਦੌਰਾਨ ਬੀਮਾਕਰਤਾ ਵਲੋਂ ਬੀਮਤ ਨੂੰ ਤਹਿ ਕੀਤੇ ਸਮੇਂ ਦੇ ਦੌਰਾਨ ਨਿਯਮਤ ਰੂਪ ਵਿੱਚ ਭੁਗਤਾਨ ਕੀਤੇ ਜਾਂਦੇ ਹਨ।

   I. ਪਾਲਸੀ ਦਾ ਸਮਰਪਨ

   ਸਮਰਪਨ ਮੁੱਲ ਨਿਵੇਸ਼ਾਂ ਦੇ ਮੁੱਲ ਨੂੰ ਦਰਸਾਉਂਦਾ ਹੈ ਅਤੇ ਕਈ ਕਾਰਕਾਂ, ਜਿਸ ਵਿੱਚ ਬੀਮਾ ਕੀਤੀ ਰਕਮ, ਬੋਨਸ, ਪਾਲਸੀ ਦੀ ਮਿਆਦ ਅਤੇ ਭੁਗਤਾਨ ਕੀਤੇ ਪ੍ਰੀਮੀਅਮ ਉੱਤੇ ਨਿਰਭਰ ਕਰਦਾ ਹੈ। ਜੀਵਨ ਬੀਮੇ ਦੀ ਪਾਲਸੀ ਨੂੰ ਸਮੇਂ ਤੋਂ ਪਹਿਲਾਂ ਬੰਦ ਕਰਨਾ ਪਾਲਸੀ ਇਕਰਾਰਨਾਮੇ ਦਾ ਵਲੰਟੀਅਰ ਖਾਤਮਾ ਹੈ। ਪਾਲਸੀ ਕੇਵਲ ਤਾਂ ਹੀ ਸਪਰਮਣ ਕੀਤੀ ਜਾ ਸਕਦੀ ਹੈ, ਜੇ ਇਹ ਪੇਡ-ਅੱਪ ਮੁੱਲ ਹਾਸਿਲ ਕਰ ਚੁੱਕੀ ਹੈ ਬੀਮਤ ਨੂੰ ਦਿੱਤੀ ਜਾਣ ਵਾਲੀ ਰਕਮ ਸਮਰਪਨ ਮੁੱਲ ਹੁੰਦੀ ਹੈ, ਜੋ ਕਿ ਭੁਗਤਾਨ ਕੀਤੇ ਪ੍ਰੀਮੀਅਮ ਦਾ ਫੀਸਦੀ ਹੁੰਦੀ ਹੈ।. ਬੀਮਤ ਨੂੰ ਦਿੱਤਾ ਜਾਣ ਵਾਲਾ ਅਸਲ ਸਮਰਪਣ ਮੁੱਲ ਹਮੇਸ਼ਾ ਗਾਰੰਟੀਸ਼ੁਦਾ ਸਮਰਪਣ ਮੁੱਲ (GSV) ਤੋਂ ਵੱਧ ਹੁੰਦਾ ਹੈ।

II. ਰਾਈਡਰ ਫਾਇਦਾ

ਰਾਈਡਰ ਦੇ ਅਧੀਨ ਬੀਮਾ ਕੰਪਨੀ ਵਲੋਂ ਨਿਯਮਾਂ ਤੇ ਸ਼ਰਤਾਂ ਦੇ ਤਹਿਤ ਖਾਸ ਘਟਨਾ ਦੇ ਵਾਪਰਨ ਉੱਤੇ ਭੁਗਤਾਨ ਕੀਤਾ ਜਾਂਦਾ ਹੈ।

ਘਾਤਕ ਬੀਮਾਰੀ ਰਾਈਡਰ ਅਧੀਨ, ਘਾਤਕ ਬੀਮਾਰੀ ਦੀ ਜਾਂਚ ਹੋਣ ਉੱਤੇ ਨਿਯਮਾਂ ਦੇ ਤਹਿਤ ਤਹਿ ਕੀਤੀ ਰਕਮ ਦਿੱਤੀ ਜਾਂਦੀ ਹੈ। ਬੀਮਾਰੀ ਬੀਮਾ ਕੰਪਨੀ ਵਲੋਂ ਤਹਿ ਕੀਤੀ ਘਾਤਕ ਬੀਮਾਰੀਆਂ ਦੀ ਸੂਚੀ ਵਿੱਚ ਸ਼ਾਮਲ ਹੋਣੀ ਚਾਹੀਦੀ ਹੈ।

ਹਸਪਤਾਲ ਦੇਖਭਾਲ ਰਾਈਡਰ ਦੇ ਅਧੀਨ ਬੀਮਾਕਰਤਾ ਬੀਮਤ ਦੇ ਹਸਪਤਾਲ ਵਿੱਚ ਭਰਤੀ ਹੋਣ ਉੱਤੇ ਨਿਯਮਾਂ ਤੇ ਸ਼ਰਤਾਂ ਦੇ ਮੁਤਾਬਕ ਇਲਾਜ ਦਾ ਖਰਚਾ ਦਿੰਦਾ ਹੈ।

ਰਾਈਡਰ ਭੁਗਤਾਨ ਕਰਨ ਦੇ ਬਾਅਦ ਵੀ ਪਾਲਸੀ ਇਕਰਾਰਨਾਮਾ ਜਾਰੀ ਰਹਿੰਦਾ ਹੈ।

ਬੀਮਾ ਇਕਰਾਰਨਾਮੇ ਵਿੱਚ ਤਹਿ ਕੀਤੀ ਪਾਲਸੀ ਮਿਆਦ ਦੇ ਖਤਮ ਹੋਣ ਉੱਤੇ ਹੇਠ ਦਿੱਤੇ ਦਾਅਵਾ ਭੁਗਤਾਨ ਕੀਤੇ ਜਾਂਦੇ ਹਨ।

III. ਪਰਿਪੱਕਤਾ ਦਾਅਵਾ

ਇੰਝ ਦੇ ਦਾਅਵਿਆਂ ਵਿੱਚ, ਬੀਮਾਕਰਤਾ ਬੀਮਤ ਨੂੰ ਮਿਆਦ ਖਤਮ ਹੋਣ ਦੇ ਬਾਅਦ, ਜੇ ਬੀਮਤ ਪੂਰੀ ਸਕੀਮ ਦੀ ਮਿਆਦ ਦੌਰਾਨ ਜਿਉਂਦਾ ਰਹੇ, ਤਹਿ ਕੀਤੀ ਰਕਮ ਦੇਣ ਦਾ ਵਾਅਦਾ ਕਰਦਾ ਹੈ। ਇਸ ਨੂੰ ਪਰਿਪੱਕਤਾ ਦਾਅਵਾ ਕਹਿੰਦੇ ਹਨ।

i. ਹਿੱਸੇਦਾਰੀ ਸਕੀਮ: ਹਿੱਸੇਦਾਰੀ ਸਕੀਮ ਦੇ ਅਧੀਨ ਪਰਿਪੱਕਤਾ ਦਾਅਵੇ ਅਧੀਨ ਭੁਗਤਾਨ ਕਰਨ ਯੋਗ ਕੁੱਲ ਰਕਮ ਹੈ, ਜਿਸ ਵਿੱਚ ਬੀਮਾ ਕਰਵਾਈ ਰਕਮ ਅਤੇ ਇਕੱਤਰ ਹੋਏ ਬੋਨਸ ਦੇ ਜੋੜ ਵਿੱਚੋਂ ਬਾਕੀ ਰਹਿੰਦੇ ਪ੍ਰੀਮੀਅਮ ਤੇ ਪਾਲਸੀ ਕਰਜ਼ ਅਤੇ ਉਹਨਾਂ ਉੱਤੇ ਵਿਆਜ ਨੂੰ ਘੱਟ ਕਰਕੇ ਭੁਗਤਾਨ ਹੁੰਦਾ ਹੈ।
ii. ਪ੍ਰੀਮੀਅਮ ਵਾਪਸੀ (ROP) ਸਕੀਮ: ਕੁਝ ਕੇਸਾਂ ਵਿੱਚ ਮਿਆਦ ਖਤਮ ਉੱਤੇ ਭੁਗਾਤਨ ਕੀਤੇ ਪ੍ਰੀਮੀਅਮ ਨੂੰ ਵਾਪਿਸ ਕੀਤਾ ਜਾਂਦਾ ਹੈ, ਜਦੋਂ ਪਾਲਸੀ ਪੂਰੀ ਹੋ ਜਾਂਦੀ ਹੈ।
iii. ਯੂਨਿਟ ਲਿੰਕਡ ਬੀਮਾ ਸਕੀਮ (ਯੂਲਿਪ)(ULIP): ਯੂਪਿਲ ਦੇ ਕੇਸ ਵਿੱਚ, ਬੀਮਾਕਰਤਾ ਪਰਿਪੱਕਤਾ ਦਾਅਵੇ ਵਜੋਂ ਫੰਡ ਮੁੱਲ ਦਾ ਭੁਗਤਾਨ ਕਰਦਾ ਹੈ।
iv. ਧਨ-ਵਾਪਸੀ ਸਕੀਮ: ਧਨ-ਵਾਪਸੀ ਪਾਲਸੀ ਦੇ ਕੇਸ ਵਿੱਚ, ਬੀਮਾਕਰਤਾ ਪਾਲਸੀ ਦੇ ਮਿਆਦ ਦੇ ਦੌਰਾਨ ਪਹਿਲਾਂ ਦੀ ਭੁਗਤਾਨ ਕੀਤੇ ਜਿਊਂਦੇ-ਰਹਿਣ ਫਾਇਦਿਆਂ ਨੂੰ ਘਟਾ ਕੇ ਪਰਿਪੱਕਤਾ ਦਾਅਵੇ ਦਾ ਭੁਗਤਾਨ ਕਰਦਾ ਹੈ।

ਬੀਮਾ ਇਕਰਾਰਨਾਮੇ ਦਾਅਵੇ ਦੇ ਭੁਗਤਾਨ ਦੇ ਬਾਅਦ ਖਤਮ ਹੋ ਜਾਂਦੇ ਹਨ।

b) ਮੌਤ ਦਾਅਵਾ

ਜੇ ਬੀਮਤ ਪਾਲਸੀ ਦੀ ਮਿਆਦ ਦੇ ਦੌਰਾਨ, ਹਾਦਸੇ ਜਾਂ ਹੋਰ ਕਿਸੇ ਕਰਕੇ, ਮਰ ਜਾਂਦਾ ਹੈ ਤਾਂ ਬੀਮਾਕਰਤਾ ਬੀਮਾ ਕਰਵਾਈ ਰਕਮ ਦੇ ਨਾਲ ਨਾਲ ਇਕੱਤਰ ਹੋਏ ਬੋਨਸ, ਜੇ ਹਿੱਸੇਦਾਰ ਹੈ, ਵਿੱਚੋਂ ਬੀਮਾਕਰਤਾ ਨੂੰ ਮਿਲਣ ਵਾਲੀਆਂ ਬਕਾਇਆ ਰਕਮਾਂ [ਜਿਵੇਂ ਬਕਾਇਆ ਪਾਲਸੀ ਕਰਜ਼ ਅਤੇ ਵਿਆਜ ਜਾਂ ਪ੍ਰੀਮੀਅਮ ਦੇ ਨਾਲ ਵਿਆਜ] ਘਟਾ ਕੇ ਭੁਗਤਾਨ ਕਰਦਾ ਹੈ। ਇਹ ਮੌਤ ਦਾਅਵਾ ਹੈ, ਜਿਸ ਵਿੱਚ ਨਾਮਜ਼ਦ ਜਾਂ ਸਪੁਰਦਦਾਰ ਜਾਂ ਕਾਨੂੰਨੀ ਵਾਰਿਸ ਨੂੰ ਭੁਗਤਾਨ ਕੀਤਾ ਜਾਂਦਾ ਹੈ, ਜੋ ਵੀ ਹਾਲਤ ਹੋਣ। ਮੌਤ ਦਾਅਵੇ ਨਾਲ ਮੌਤ ਹੋਣ ਕਰਕੇ ਅਕਸਰ ਇਕਰਾਰ ਖਤਮ ਹੋ ਜਾਂਦਾ ਹੈ।

ਮੌਤ ਦਾਅਵਾ ਹੋ ਸਕਦਾ ਹੈ:

- ✓ ਜਲਦੀ (ਪਾਲਸੀ ਅੰਤਰਾਲ ਦੇ ਤਿੰਨ ਸਾਲਾਂ ਤੋਂ ਘੱਟ ਵਿੱਚ) ਜਾਂ
- ✓ ਜਲਦੀ ਤੋਂ ਬਿਨਾਂ (ਤਿੰਨ ਸਾਲਾਂ ਤੋਂ ਵੱਧ)


ਨਾਮਜ਼ਦ ਜਾਂ ਸਪੁਰਦਦਾਰ ਜਾਂ ਕਾਨੂੰਨੀ ਵਾਰਿਸ ਵਲੋਂ ਬੀਮਾਕਰਤਾ ਨੂੰ ਮੌਤ ਦਾ ਕਾਰਨ, ਮਿਤੀ ਅਤੇ ਸਥਾਨ ਦੱਸਣਾ ਹੁੰਦਾ ਹੈ।

i. ਮੌਤ ਦਾਅਵੇ ਲਈ ਦਿੱਤੇ ਜਾਣ ਵਾਲੇ ਫਾਰਮ

ਅਕਸਰ ਲਾਭਪਾਤਰ ਵਲੋਂ ਬੀਮਾਕਰਤਾ ਨੂੰ ਦਾਅਵੇ ਉੱਤੇ ਕਾਰਵਾਈ ਕਰਨ ਲਈ ਹੇਠ ਦਿੱਤੇ ਦਸਤਾਵੇਜ਼ ਦਿੱਤੇ ਜਾਣੇ ਹੁੰਦੇ ਹਨ:

- ✓ ਨਾਮਜ਼ਦ ਵਲੋਂ ਦਾਅਵਾ ਫਾਰਮ
- ✓ ਦਫ਼ਨਾਉਣ ਜਾਂ ਜਲਾਉਣ ਦਾ ਸਰਟੀਫਿਕੇਟ
- ✓ ਇਲਾਜ ਕਰਨ ਵਾਲੇ ਡਾਕਟਰ ਦਾ ਸਰਟੀਫਿਕੇਟ
- ✓ ਹਸਪਤਾਲ ਦਾ ਸਰਟੀਫਿਕੇਟ
- ✓ ਨੌਕਰੀ ਦੇਣ ਵਾਲੇ ਵਲੋਂ ਸਰਟੀਫਿਕੇਟ
- ✓ ਨਗਰਪਾਲਿਕਾ ਵਲੋਂ ਮੌਤ ਦੇ ਸਬੂਤ ਵਜੋਂ ਜਾਰੀ ਕੀਤਾ ਮੌਤ ਸਰਟੀਫਿਕੇਟ
- ✓ ਪੁਲਿਸ ਰਿਪੋਰਟ ਜਿਵੇਂ ਕਿ ਪਹਿਲੀ ਜਾਣਕਾਰੀ ਰਿਪੋਰਟ (ਐਫਆਈਆਰ), ਪੜਤਾਲ ਰਿਪੋਰਟ, ਪੋਸਟਮਾਰਟ ਰਿਪੋਰਟ, ਅਤੇ ਅੰਤਿਮ ਰਿਪੋਰਟ ਦੀਆਂ ਅਦਾਲਤੀ ਤਸਦੀਕ ਕੀਤੀਆਂ ਕਾਪੀਆਂ, ਜੋ ਕਿ ਹਾਦਸੇ ਰਾਹੀਂ ਮੌਤ ਹੋਣ ਦੇ ਕੇਸ ਵਿੱਚ ਚਾਹੀਦੀਆਂ ਹਨ।

**ਚਿੱਤਰ 2 : ਮੌਤ ਦਾਅਵੇ ਲਈ ਦਿੱਤੇ ਜਾਣ ਵਾਲੇ ਫਾਰਮ**




**ii. ਮੌਤ ਦਾਅਵੇ ਦੀ ਨਾਮਨਜ਼ੂਰੀ**

ਮੌਤ ਦਾਅਵੇ ਦਾ ਭੁਗਤਾਨ ਕੀਤਾ ਜਾ ਸਕਦਾ ਹੈ ਜਾਂ ਨਾਮਨਜ਼ੂਰ ਕੀਤਾ ਜਾ ਸਕਦਾ ਹੈ। ਜੇ ਦਾਅਵੇ ਉੱਤੇ ਕਾਰਵਾਈ ਕਰਨ ਦੇ ਦੌਰਾਨ, ਬੀਮਾਕਰਤਾ ਨੂੰ ਪਤਾ ਲੱਗੇ ਕਿ ਪੇਸ਼ਕਰਤਾ ਨੇ ਗਲਤ ਬਿਆਨ ਦਿੱਤੇ ਹਨ ਜਾਂ ਪਾਲਸੀ ਦੇ ਸੰਬੰਧ ਵਿੱਚ ਢੁੱਕਵੇਂ ਪ੍ਰਮੁੱਖ ਤੱਥਾਂ ਨੂੰ ਦਬਾਇਆ ਹੈ ਤਾਂ ਇਕਰਾਰਨਾਮਾ ਨੂੰ ਰੱਦ ਹੋਇਆ ਮੰਨਿਆ ਜਾਂਦਾ ਹੈ। ਪਾਲਸੀ ਦੇ ਅਧੀਨ ਸਭ ਫਾਇਦੇ ਜ਼ਬਤ ਕਰ ਲਏ ਜਾਂਦੇ ਹਨ।

**iii. ਸੈਕਸ਼ਨ 45: ਨਿਰਵਿਵਾਦਤਾ ਸ਼ਰਤ**

ਪਰ ਇਹ ਜ਼ੁਰਮਾਨਾ ਬੀਮਾ ਐਕਟ 1938 ਦੇ ਸੈਕਸ਼ਨ 45 ਦੇ ਅਧੀਨ ਹੈ।

**ਮਹੱਤਵਪੂਰਨ**

ਸੈਕਸ਼ਨ 45 ਮੁਤਾਬਕ:

"ਜੀਵਨ ਬੀਮੇ ਦੀ ਕੋਈ ਵੀ ਪਾਲਸੀ ਲਈ ਪਾਲਸੀ ਜਾਰੀ ਕਰਨ ਦੀ ਤਾਰੀਖ ਜਾਂ ਜ਼ੋਖਿਮ ਸ਼ੁਰੂ ਹੋਣ ਦੀ ਤਾਰੀਖ ਜਾਂ ਪਾਲਸੀ ਦੇ ਮੁੜ-ਪ੍ਰਚਲਣ ਜਾਂ ਪਾਲਸੀ ਲਈ ਰਾਈਡਰ ਜੋੜਨ ਦੀ ਤਾਰੀਖ, ਜੋ ਵੀ ਬਾਅਦ ਵਿੱਚ ਹੋਵੇ, ਤੋਂ ਲੈ ਕੇ ਤਿੰਨ ਸਾਲ ਦੀ ਮਿਆਦ ਪੁੱਗਣ ਤੋਂ ਬਾਅਦ ਕਿਸੇ ਵੀ ਆਧਾਰ ਉੱਤੇ ਇਤਰਾਜ਼ ਨਹੀਂ ਕੀਤਾ ਜਾ ਸਕਦਾ ਹੈ।"

## C. ਜੀਵਨ ਬੀਮਾ ਪਾਲਸੀ ਲਈ ਦਾਅਵਾ ਕਾਰਵਾਈ

ਹਾਲਾਂਕਿ ਸਾਰੇ ਬੀਮਾਕਰਤਾ ਲਈ ਦਾਅਵਾ ਕਾਰਵਾਈ ਲਈ ਕੋਈ ਮਿਆਰੀ ਢੰਗ ਨਹੀਂ ਹਨ, IRDAI ਨੇ ਬੀਮਾਕਰਤਾ ਲਈ ਦਾਅਵਾ ਨਿਪਟਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ।

**ਰੈਗੂਲੇਸ਼ਨ 8: ਜੀਵਨ ਬੀਮਾ ਪਾਲਸੀ ਦੇ ਸੰਬੰਧ ਵਿੱਚ ਦਾਅਵਾ ਢੰਗ**

i. ਜੀਵਨ ਬੀਮਾ ਪਾਲਸੀ ਵਿੱਚ ਮੁੱਢਲੇ ਦਸਤਾਵੇਜ਼ ਦੱਸੇ ਹੋਣੇ ਚਾਹੀਦੇ ਹਨ ਜੋ ਕਿ ਦਾਅਵੇਦਾਰ ਨੂੰ ਦਾਅਵੇ ਦੇ ਨਾਲ ਨੱਥੀ ਕਰਨ ਦੀ ਲੋੜ ਹੈ।

ii. ਜੀਵਨ ਬੀਮਾ ਕੰਪਨੀ ਨੂੰ ਦਾਅਵਾ ਪ੍ਰਾਪਤ ਹੋਣ ਉੱਤੇ ਬਿਨਾਂ ਦੇਰੀ ਦਾਅਵੇ ਉੱਤੇ ਕੰਮ ਸ਼ੁਰੂ ਕਰਨਾ ਚਾਹੀਦਾ ਹੈ। ਕੋਈ ਵੀ ਸਵਾਲ ਜਾਂ ਵਾਧੂ ਦਸਤਾਵੇਜ਼ਾਂ ਦੀ ਲੋੜ, ਜਿੰਨਾ ਵੀ ਸੰਭਵ ਹੋਵੇ, ਨੂੰ ਇੱਕ ਵਾਰ ਕੀਤਾ ਜਾਣਾ ਚਾਹੀਦਾ ਹੈ ਨਾ ਕਿ ਇੱਕ ਇੱਕ ਕਰਕੇ, ਦਾਅਵਾ ਪ੍ਰਾਪਤ ਹੋਣ ਦੇ 15 ਦਿਨਾਂ ਦੇ ਵਿੱਚ ਵਿੱਚ।

iii. IRDAI (ਪਾਲਸੀਧਾਰਕ ਦੇ ਹਿੱਤਾਂ ਦੀ ਰਾਖੀ) ਰੈਗੂਲੇਸ਼ਨ 2017 ਦੇ ਮੁਤਾਬਕ, ਜੀਵਨ ਬੀਮਾ ਪਾਲਸੀ ਦੇ ਅਧੀਨ ਮੌਤ ਦਾਅਵੇ ਦਾ ਭੁਗਤਾਨ, ਰੱਦ ਜਾਂ ਇਨਕਾਰ ਸਭ ਢੁੱਕਵੇਂ ਪੇਪਰ ਤੇ ਲੋੜੀਂਦੇ ਸਪਸ਼ਟੀਕਰਨ ਪ੍ਰਾਪਤ ਹੋਣ ਦੀ ਮਿਤੀ ਤੋਂ 30 ਵਿੱਚ ਹੋਣਾ ਚਾਹੀਦਾ ਹੈ। ਜਦੋਂ ਬੀਮਾ ਕੰਪਨੀ ਨੂੰ ਜਾਂਚ-ਪੜਤਾਲ ਕਰਨ ਦੀ ਲੋੜ ਹੋਵੇ ਤਾਂ ਇਸ ਨੂੰ ਜਿੰਨਾ ਵੀ ਛੇਤੀ ਸੰਭਵ ਹੋਵੇ ਸ਼ੁਰੂ ਕਰਨਾ ਤੇ ਪੂਰਾ ਕਰਨਾ ਚਾਹੀਦਾ, ਪਰ ਦਾਅਵਾ ਕੀਤੇ ਜਾਣ ਦੀ ਮਿਤੀ ਤੋਂ 90 ਦਿਨਾਂ ਤੋਂ ਬਾਅਦ ਕਿਸੇ ਵੀ ਹਾਲਤ ਵਿੱਚ ਨਹੀਂ। ਦਾਅਵਾ ਜਾਂਚ ਪੂਰੀ ਹੋਣ ਦੇ 30 ਦਿਨਾਂ ਦੇ ਵਿੱਚ ਵਿੱਚ ਨਿਪਟਾਇਆ ਜਾਣਾ ਚਾਹੀਦਾ ਹੈ।

iv. ਜੇਕਰ ਦਾਅਵਾ ਭੁਗਤਾਨ ਲਈ ਤਿਆਰ ਹੈ, ਪਰ ਭੁਗਤਾਨ ਲੈਣ ਵਾਲੇ ਦੀ ਢੁੱਕਵੀਂ ਪਛਾਣ ਨਾ ਹੋਣ ਕਾਰਨ ਕੀਤਾ ਨਹੀਂ ਜਾ ਸਕਦਾ ਹੈ, ਜੀਵਨ ਬੀਮਾ ਕਰਤਾ ਦਾਅਵਾ ਲੈਣ ਵਾਲੇ ਦੇ ਫਾਇਦੇ ਲਈ ਰਕਮ ਸੰਭਾਲੇਗਾ ਤੇ ਇਹ ਰਕਮ ਸਰਕਾਰੀ ਬੈਂਕ ਦੇ ਬੱਚਤ ਬੈਂਕ ਖਾਤੇ ਦੇ ਬਰਾਬਰ ਦਰ ਨਾਲ ਵਿਆਜ ਕਮਾਉਂਦੀ ਹੈ (ਸਭ ਪੇਪਰ ਤੇ ਜਾਣਕਾਰੀ ਦਿੱਤੇ ਜਾਣ ਦੇ 30 ਦਿਨਾਂ ਤੋਂ ਬਾਅਦ)

v. ਜਿੱਥੇ ਬੀਮਾਕਰਤਾ ਵਲੋਂ ਦਾਅਵੇ ਉੱਤੇ ਕਾਰਵਾਈ ਕਰਨ ਦੌਰਾਨ ਦੇਰੀ ਦਾ ਕਾਰਨ ਸਬ-ਰੈਗੂਲੇਸ਼ਨ (iv) ਵਿੱਚ ਦਿੱਤੇ ਤੋਂ ਬਿਨਾਂ ਹੈ, ਜੀਵਨ ਬੀਮਾ ਕੰਪਨੀ ਨੂੰ ਉਸ ਵਲੋਂ ਦਾਅਵੇ ਦੀ ਸਮੀਖਿਆ ਦੇ ਵਿੱਤੀ ਸਾਲ ਦੇ ਸ਼ੁਰੂ ਵਿੱਚ ਲਾਗੂ ਬੈਂਕ ਦਰ ਤੋਂ 2% ਵੱਧ ਦਰ ਨਾਲ ਦਾਅਵੇ ਉੱਤੇ ਵਿਆਜ ਦੇਣਾ ਹੋਵੇਗਾ।

**ਏਜੰਟ ਦੀ ਭੂਮਿਕਾ**

ਏਜੰਟ ਨੂੰ ਦਾਅਵਾ ਫਾਰਮ ਠੀਕ ਤਰ੍ਹਾਂ ਭਰਨ ਲਈ ਨਾਮਜ਼ਦ/ਕਾਨੂੰਨੀ ਵਾਰਿਸ ਜਾਂ ਲਾਭਪਾਤਰ ਨੂੰ ਹਰ ਸੰਭਵ ਸੇਵਾ ਦੇਣੀ ਹੁੰਦੀ ਹੈਅਤੇ ਉਹਨਾਂ ਨੂੰ ਬੀਮਾਕਰਤਾ ਦਫ਼ਤਰ ਵਿੱਚ ਜਮਾਂ ਕਰਨ ਵਿੱਚ ਸਹਾਇਤਾ ਕਰਨੀ ਹੁੰਦੀ ਹੈ।

ਜ਼ੁੰਮੇਵਾਰੀ ਤੋਂ ਮੁਕਤ ਹੋਣ ਦੇ ਨਾਲ ਨਾਲ, ਇੰਞ ਦੇ ਹਾਲਤਾਂ ਤੋਂ ਸਾਖ ਬਣਦੀ ਹੈ, ਜਿਸ ਨਾਲ ਏਜੰਟ ਕੋਲ ਮਰਨ ਵਾਲੇ ਦੇ ਪਰਿਵਾਰ ਤੋਂ ਭਵਿੱਖ ਵਿੱਚ ਕਾਰੋਬਾਰ ਜਾਂ ਹਵਾਲਾ (reference) ਲੈਣ ਦਾ ਮੌਕਾ ਮਿਲਦਾ ਹੈ।

**ਆਪਣੇ ਆਪ ਨੂੰ ਟੈਸਟ ਕਰੋ 1**

**ਦਾਅਵੇ ਦੀ ਕਾਰਵਾਈ ਨੂੰ ਸਭ ਤੋਂ ਵਧੀਆ ਢੰਗ ਨਾਲ ਦਰਸਾਉਣ ਲਈ ਕਿਹੜਾ ਬਿਆਨ ਹੈ? ਸਭ ਤੋਂ ਢੁੱਕਵੀਂ ਚੋਣ ਕਰੋ।**

I. **ਦਾਅਵਾ ਇੱਕ ਬੇਨਤੀ ਹੈ, ਕਿ ਬੀਮਾਕਰਤਾ ਨੂੰ ਇਕਰਾਰਨਾਮੇ ਵਿੱਚ ਕੀਤਾ ਵਾਅਦਾ ਪੂਰਾ ਕਰਨਾ ਚਾਹੀਦਾ ਹੈ।**

II. **ਦਾਅਵਾ ਇੱਕ ਮੰਗ ਹੈ, ਕਿ ਬੀਮਾਕਰਤਾ ਨੂੰ ਇਕਰਾਰਨਾਮੇ ਵਿੱਚ ਕੀਤਾ ਵਾਅਦਾ ਪੂਰਾ ਕਰਨਾ ਚਾਹੀਦਾ ਹੈ।**

III. **ਦਾਅਵਾ ਇੱਕ ਮੰਗ ਹੈ, ਕਿ ਬੀਮਤ ਨੂੰ ਇਕਰਾਰਨਾਮੇ ਵਿੱਚ ਕੀਤੀ ਵਚਨਬੱਧਤਾ ਪੂਰੀ ਕਰਨੀ ਚਾਹੀਦੀ ਹੈ।**

IV. **ਦਾਅਵਾ ਇੱਕ ਬੇਨਤੀ ਹੈ, ਕਿ ਬੀਮਤ ਨੂੰ ਇਕਰਾਰਨਾਮੇ ਵਿੱਚ ਕੀਤੀ ਵਚਨਬੱਧਤਾ ਪੂਰੀ ਕਰਨੀ ਚਾਹੀਦੀ ਹੈ।**

---

**ਸਾਰ**

- **ਦਾਅਵਾ ਇੱਕ ਮੰਗ ਹੈ, ਕਿ ਬੀਮਾਕਰਤਾ ਨੂੰ ਇਕਰਾਰਨਾਮੇ ਵਿੱਚ ਕੀਤਾ ਵਾਅਦਾ ਪੂਰਾ ਕਰਨਾ ਚਾਹੀਦਾ ਹੈ।**
- **ਦਾਅਵਾ ਜਿਉਂਦੇ ਰਹਿਣ ਦਾਅਵਾ ਜਾਂ ਮੌਤ ਦਾਅਵਾ ਹੋ ਸਕਦਾ ਹੈ। ਜਦੋਂ ਕਿ ਮੌਤ ਦਾਅਵਾ ਜੀਵਨ ਬੀਮਤ ਦੀ ਮੌਤ ਉਪਰੰਤ ਹੁੰਦਾ ਹੈ, ਅਤੇ ਜਿਉਂਦਾ ਰਹਿਣ ਦਾਅਵਾ ਇੱਕ ਜਾਂ ਵੱਧ ਘਟਨਾਵਾਂ ਹੋਣ ਉੱਤੇ ਕੀਤਾ ਜਾਂਦਾ ਹੈ।**
- **ਜਿਉਂਦੇ ਰਹਿਣ ਦਾਅਵੇ ਦੇ ਭੁਗਤਾਨ ਲਈ, ਬੀਮਾਕਰਤਾ ਨੂੰ ਪਤਾ ਲਗਾਉਣਾ ਹੁੰਦਾ ਹੈ ਕਿ ਘਟਨਾ ਪਾਲਸੀ ਵਿੱਚ ਦਿੱਤੀਆਂ ਹਾਲਤਾਂ ਦੇ ਮੁਤਾਬਕ ਹੀ ਵਾਪਰੀ ਹੈ।**
- **ਪਾਲਸੀ ਦੀ ਮਿਆਦ ਦੇ ਦੌਰਾਨ ਹੇਠ ਦਿੱਤੇ ਭੁਗਤਾਨ ਕੀਤੇ ਜਾ ਸਕਦੇ ਹਨ:**
  - ✓ **ਜਿਉਂਦੇ ਰਹਿਣ ਫਾਇਦਾ ਭੁਗਤਾਨ**
  - ✓ **ਪਾਲਸੀ ਦਾ ਸਮਰਪਨ**
  - ✓ **ਰਾਈਡਰ ਫਾਇਦਾ**
  - ✓ **ਪਰਿਪੱਕਤਾ ਦਾਅਵਾ**
  - ✓ **ਮੌਤ ਦਾਅਵਾ**
- **ਬੀਮਾ ਕਨੂੰਨ ਦਾ ਸੈਕਸ਼ਨ 45 (ਨਿਰਵਿਵਾਦਤਾ ਨਿਯਮ) ਬੀਮਾਕਰਤਾ ਵਲੋਂ ਕਮਜ਼ੋਰ ਤੱਥਾਂ ਦੇ ਆਧਾਰ ਤੇ ਦਾਅਵਾ ਰੱਦ ਕਰਨ ਤੋਂ ਬੀਮਤ ਨੂੰ ਸੁਰੱਖਿਆ ਦਿੰਦਾ ਹੈ ਅਤੇ ਬੀਮਾਕਰਤਾ ਨੂੰ ਪਾਲਸੀ ਉੱਤੇ ਸਵਾਲ ਕਰਨ ਲਈ 3 ਸਾਲਾਂ ਦੀ ਹੱਦ ਨਿਯਤ ਕਰਦਾ ਹੈ।**
- **IRDAI (ਪਾਲਸੀਧਾਰਕ ਹਿੱਤਾਂ ਦੀ ਰਾਖੀ) ਰੈਗੂਲੇਸ਼ਨ 2017 ਦੇ ਅਧੀਨ, IRDAI ਨੇ ਦਾਅਵੇ ਦੀ ਹਾਲਤ ਵਿੱਚ ਬੀਮਤ ਜਾਂ ਲਾਭਪਾਤਰ ਦੇ ਹਿੱਤਾਂ ਦੀ ਸੁਰੱਖਿਆ/ਰਾਖੀ ਲਈ ਨਿਯਮ ਬਣਾਏ ਹਨ।**

## ਸਵੈ ਜਾਂਚ ਦੇ ਜਵਾਬ

**ਜਵਾਬ  1 ਸਹੀ ਚੋਣ ॥ ਹੈ।**

---

# ਭਾਗ

# ਸਿਹਤ ਭਾਗ

# ਪਾਠ H-01

# ਸਿਹਤ ਬੀਮੇ ਨਾਲ ਜਾਣ-ਪਛਾਣ

## ਪਾਠ ਜਾਣ-ਪਛਾਣ

ਇਸ ਪਾਠ ਵਿੱਚ ਤੁਹਾਨੂੰ ਦੱਸਿਆ ਜਾਵੇਗਾ ਕਿ ਬੀਮੇ ਦਾ ਸਮੇਂ ਨਾਲ ਕਿਵੇਂ ਵਿਕਾਸ ਹੋਇਆ। ਇਸ ਵਿੱਚ ਸਿਹਤ-ਦੇਖਭਾਲ ਕੀ ਹੈ, ਇਸ ਦੇ ਵੱਖ-ਵੱਖ ਪੱਧਰਾਂ ਤੇ ਸਿਹਤ-ਦੇਖਭਾਲ ਦੀਆਂ ਕਿਸਮਾਂ ਬਾਰੇ ਦੱਸਿਆ ਜਾਵੇਗਾ। ਤੁਸੀਂ ਇਸ ਪਾਠ ਵਿੱਚ ਭਾਰਤ ਵਿੱਚ ਸਿਹਤ-ਦੇਖਭਾਲ ਤੇ ਇਸ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦੇ ਬਾਰੇ ਵੀ ਸਿੱਕਖੋਗੇ । ਅੰਤ ਵਿੱਚ ਭਾਰਤ ਵਿੱਚ ਸਿਹਤ ਦੇਖਭਾਲ ਦਾ ਵਿਕਾਸ ਬਾਰੇ ਅਤੇ ਭਾਰਤ ਦੇ ਸਿਹਤ ਬੀਮਾ ਬਾਜ਼ਾਰ ਵਿੱਚ ਵੱਖ-ਵੱਖ ਕੰਪਨੀਆਂ ਦੇ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ।

## ਸਿੱਖਣ ਦੇ ਨਤੀਜੇ

A. ਸਿਹਤ-ਦੇਖਭਾਲ ਨੂੰ ਸਮਝਣਾ

B. ਸਿਹਤ-ਦੇਖਭਾਲ ਦੇ ਪੱਧਰ

C. ਸਿਹਤ-ਦੇਖਭਾਲ ਦੀਆਂ ਕਿਸਮਾਂ

D. ਭਾਰਤ ਵਿੱਚ ਸਿਹਤ ਬੀਮੇ ਦਾ ਵਿਕਾਸ

E. ਸਿਹਤ ਬੀਮਾ ਬਾਜ਼ਾਰ

ਇਹ ਪਾਠ ਪੜ੍ਹਨ ਦੇ ਬਾਅਦ, ਤੁਸੀਂ ਯੋਗ ਹੋਣੇ ਚਾਹੀਦੇ ਹੋ:

a) ਸਮਝਣ ਦੇ ਕਿ ਬੀਮੇ ਦਾ ਵਿਕਾਸ ਕਿਵੇਂ ਹੋਇਆ।

b) ਸਿਹਤ-ਦੇਖਭਾਲ ਦੀ ਧਾਰਨਾ ਤੇ ਸਿਹਤ-ਦੇਖਭਾਲ ਦੀਆਂ ਕਿਸਮਾਂ ਤੇ ਪੱਧਰਾਂ ਦੀ ਵਿਆਖਿਆ ਕਰਨੀ।

c) ਭਾਰਤ ਵਿੱਚ ਸਿਹਤ-ਦੇਖਭਾਲ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦੇ ਮੁਲਾਂਕਣ ਤੇ ਆਜ਼ਾਦੀ ਦੇ ਬਾਅਦ ਹੋਈ ਤਰੱਕੀ

d) ਭਾਰਤ ਵਿੱਚ ਸਿਹਤ ਬੀਮੇ ਦੇ ਵਿਕਾਸ ਬਾਰੇ ਵਿਚਾਰ-ਚਰਚਾ।

e) ਭਾਰਤ ਵਿੱਚ ਸਿਹਤ ਬੀਮਾ ਬਾਜ਼ਾਰ ਨੂੰ ਜਾਣਨਾ।

## A. ਸਿਹਤ-ਦੇਖਭਾਲ ਨੂੰ ਸਮਝਣਾ

ਸ਼ਬਦ 'ਸਿਹਤ' (Health) ਸ਼ਬਦ 'hoelth' ਤੋਂ ਬਣਿਆ ਹੈ, ਜਿਸ ਦਾ ਅਰਥ ਹੈ 'ਤੰਦਰੁਸਤ ਸਰੀਰ'।

ਪੁਰਾਣੇ ਸਮਿਆਂ ਵਿੱਚ, ਸਿਹਤ ਨੂੰ 'ਰੱਬੀ ਦਾਤ' ਮੰਨਿਆ ਜਾਂਦਾ ਸੀ ਅਤੇ ਬੀਮਾਰੀ ਨੂੰ ਸੰਬੰਧਿਤ ਵਿਅਕਤੀ ਵਲੋਂ ਕੀਤੇ ਗਏ ਪਾਪਾਂ ਦੇ ਕਰਕੇ ਹੋਣਾ ਸਮਝਿਆ ਜਾਂਦਾ ਸੀ। ਇਹ ਹਿੱਪੋਕਰੇਟਸ ਸੀ(460 ਤੋਂ 370 BC) ਜਿਸਨੇ ਬੀਮਾਰੀ ਦੇ ਪਿੱਛੇ ਕਾਰਨ ਦਿੱਤੇ ਸੀ। ਉਸ ਦੇ ਮੁਤਾਬਕ, ਬੀਮਾਰੀ ਮਾਹੌਲ, ਸਫ਼ਾਈ, ਨਿੱਜੀ ਅਰੋਗਤਾ ਤੇ ਭੋਜਨ ਦੇ ਸੰਬੰਧੀ ਵੱਖ-ਵੱਖ ਕਾਰਨਾਂ ਦੇ ਕਰਕੇ ਹੁੰਦੀ ਹੈ। ਪੁਰਤਾਨ ਭਾਰਤ ਦੀਆਂ ਵੈਦਿਕ ਲਿਖਤਾਂ 'ਅਰੋਯਾਮ ਮਹਾਭਾਗਯਮ' ਦੱਸਦੀਆਂ ਹਨ, ਜਿਸ ਦਾ ਅਰਥ ਹੈ 'ਸਿਹਤ ਬਹੁਤ ਵੱਡੀ ਕਿਸਮ ਹੈ' ਜਾਂ ਇਸ ਦੂਜੇ ਸ਼ਬਦਾਂ ਵਿੱਚ'ਸਿਹਤ ਹੀ ਧਨ' ਹੈ। ਪੁਰਾਤਨ ਭਾਰਤ ਦੇ ਕਈ ਗਰੰਥਾਂ ਜਿਵੇਂ ਕਿ ਅਥਰਵਾ ਵੇਦ, ਚਰਕਾ ਸੰਹਿਤਾ, ਸੁਜ਼ਰੁਤਾ ਸੰਹਿਤਾ, ਅਸ਼ਟਾਂਗਹਰਦਿਆਮ, ਅਸ਼ਟਾਂਗਸੰਗ੍ਰਹਿ, ਭੇਲਾ ਸੰਮਿਤਾ ਅਤੇ ਕਸ਼ਪਸ ਸੰਗ੍ਰਹਿ ਵਿੱਚ ਪੁਰਾਣੇ ਸਮੇਂ ਦੇ ਭਾਰਤ ਵਿੱਚ ਇਲਾਜ ਦੇ ਅਮਲਾਂ ਬਾਰੇ ਵਿਚਾਰ ਕੀਤਾ ਗਿਆ ਹੈ।

## ਪਰਿਭਾਸ਼ਾ

ਸੰਸਾਰ ਭਰ ਵਿੱਚ ਸਭ ਤੋਂ ਵੱਧ ਮੰਨੀ ਗਈ ਸਿਹਤ ਦੀ ਪਰਿਭਾਸ਼ਾ ਸੰਸਾਰ ਸਿਹਤ ਸੰਸਥਾ (WHO) ਵਲੋਂ ਦਿੱਤੀ ਗਈ ਹੈ, ਜਿਸ ਮੁਤਾਬਕ - 'ਸਿਹਤ ਪੂਰਨ ਸਰੀਰਿਕ, ਮਾਨਸਿਕ ਤੇ ਸਮਾਜਿਕ ਚੰਗੀ ਭਾਵਨਾ ਦੀ ਸਥਿਤੀ ਹੈ, ਨਾ ਕਿ ਕੇਵਲ ਬੀਮਾਰੀ ਜਾਂ ਕਮਜ਼ੋਰੀ ਦਾ ਨਾ ਹੋਣਾ ।'

---

### ਸਿਹਤ ਦੇ ਭਾਗ

ਆਮ ਤੌਰ ਉੱਤੇ ਕਿਸੇ ਵਿਅਕਤੀ ਦੀ ਸਿਹਤ ਦਾ ਪਤਾ ਲਗਾਉਣ ਲਈ ਹੇਠ ਦਿੱਤੇ ਕਾਰਨ ਮੰਨੇ ਗਏ ਹਨ:

a) ਜੀਵਨ-ਸ਼ੈਲੀ ਕਾਰਨ

ਜੀਵਨ-ਸ਼ੈਲੀ ਕਾਰਕ ਉਹ ਹੁੰਦੇ ਹਨ, ਜਿਹਨਾਂ ਨੂੰ ਆਮ ਤੌਰ ਉੱਤੇ ਨਿੱਜੀ ਸੰਬੰਧਾਂ ਦੇ ਕਰਕੇ ਕੰਟਰੋਲ ਕੀਤਾ ਜਾਂਦਾ ਹੈ, ਜਿਵੇਂ ਕਿ ਕਸਰਤ ਕਰਨੀ ਤੇ ਸੀਮਿਤ ਖਾਣਾ, ਚਿੰਤਾ ਤੋਂ ਬਚਣਾ ਅਤੇ ਚੰਗੀ ਸਿਹਤ ਬਣਾਈ ਰੱਖਣੀ; ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ ਕੈਂਸਰ, ਏਡਜ਼, ਹਾਈਪਰ-ਟੈਨਸ਼ਨ ਤੇ ਡਾਇਬਟੀਜ਼ ਆਦਿ ਵਰਗੀਆਂ ਬੀਮਾਰੀਆਂ ਦਾ ਕਾਰਨ ਬਣਦੇ ਹਨ

b) ਮਾਹੌਲ ਕਾਰਨ

ਛੂਤ ਦੀਆਂ ਬੀਮਾਰੀਆਂ ਜਿਵੇਂ ਕਿ ਜ਼ੁਕਾਮ ਤੇ ਚੇਚਕ ਆਦਿ ਅਢੁੱਕਵੀਂ ਸਾਫ਼-ਸਫ਼ਾਈ ਰੱਖਣੀਆਂ ਦੀਆਂ ਆਦਤਾਂ ਕਰਕੇ, ਮਲੇਰੀਆ ਤੇ ਡੇਂਗੂ ਵਰਗੀਆਂ ਬੀਮਾਰੀਆਂ ਖ਼ਰਾਬ ਸਾਫ਼-ਸਫ਼ਾਈ ਪ੍ਰਬੰਧਾਂ ਕਰਕੇ ਫੈਲਦੀਆਂ ਹਨ, ਜਦੋਂ ਕਿ ਕੁਝ ਬੀਮਾਰੀਆਂ ਮਾਹੌਲ ਦੇ ਕਾਰਨਾਂ ਕਰਕੇ ਵੀ ਫੈਲਦੀਆਂ ਹਨ

c) ਖਾਨਦਾਨੀ ਕਾਰਨ

ਬੀਮਾਰੀਆਂ ਮਾਪਿਆਂ ਤੋਂ ਬੱਚਿਆਂ ਵਿੱਚ ਜੀਵਾਣੂ ਰਾਹੀਂ ਵੀ ਆ ਸਕਦੀਆਂ ਹਨ। ਕੁਝ ਖਾਨਦਾਰੀ ਕਾਰਨਾਂ ਦੇ ਕਰਕੇ ਲੋਕਾਂ ਵਿੱਚ ਵੱਖ-ਵੱਖ ਸਿਹਤ ਸੰਬੰਧੀ ਰੁਝਾਨ ਵੇਖਣ ਨੂੰ ਮਿਲਦੇ ਹਨ, ਜੋ ਕਿ ਸੰਸਾਰ ਭਰ ਵਿੱਚ ਨਸਲ, ਭੂਗੋਲਿਕ ਟਿਕਾਣੇ ਤੇ ਸਮਾਜਾਂ ਦੇ ਕਰਕੇ ਵੀ ਹੁੰਦੇ ਹਨ।

ਇਹ ਤਾਂ ਸਪਸ਼ਟ ਹੈ ਕਿ ਦੇਸ਼ ਦੀ ਸਮਾਜਿਕ ਤੇ ਆਰਥਿਕ ਤਰੱਕੀ ਇਸ ਦੇ ਲੋਕਾਂ ਦੀ ਸਿਹਤ ਉੱਤੇ ਨਿਰਭਰ ਕਰਦੀ ਹੈ। ਇਸ ਨਾਲ ਸਵਾਲ ਪੈਦਾ ਹੁੰਦਾ ਹੈ ਕਿ ਕੀ ਵੱਖ-ਵੱਖ ਹਾਲਤਾਂ ਲਈ ਵੱਖ-ਵੱਖ ਕਿਸਮ ਦੀ ਸਿਹਤ-ਦੇਖਭਾਲ ਦੀ ਲੋੜ ਹੈ।

**ਅਪਣੇ ਆਪ ਨੂੰ ਪਰਖੋ 1**

ਹੇਠ ਦਿੱਤੀਆਂ ਵਿੱਚੋਂ ਕਿਹੜੀ ਬੀਮਾਰੀ ਜੀਵਨ-ਸ਼ੈਲੀ ਕਾਰਨਾਂ ਨਾਲ ਸੰਬੰਧਿਤ ਨਹੀਂ ਹੈ (ਜਿਵੇਂ ਵਿਅਕਤੀ ਦੇ ਕੰਟਰੋਲ ਵੀੱਚ ਨਹੀਂ ਹੈ)?

I. ਕੈਂਸਰ

II. ਏਡਜ਼

III. ਮਲੇਰੀਆ

IV. ਹਾਈਪਰਟੈਂਨਸ਼ਨ

---

## B. ਸਿਹਤ-ਦੇਖਭਾਲ ਦੇ ਪੱਧਰ

ਸਿਹਤ-ਦੇਖਭਾਲ ਅਸਲ ਵਿੱਚ ਵੱਖ-ਵੱਖ ਏਜੰਸੀਆਂ ਵਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਹਨ ਅਤੇ ਸੇਵਾਵਾਂ ਦੇਣ ਵਾਲਿਆਂ ਵਿੱਚ ਸਰਕਾਰ ਵਲੋਂ ਲੋਕਾਂ ਦੀ ਸਿਹਤ ਲਈ ਪ੍ਰਚਾਰ, ਦੇਖਭਾਲ, ਨਿਗਰਾਨੀ ਜਾਂ ਮੁੜ-ਪ੍ਰਬੰਧ ਕਰਨਾ ਸ਼ਾਮਿਲ ਹੈ। ਸਿਹਤ ਦੇਖਭਾਲ ਦੇ ਪ੍ਰਭਾਵ ਹੋਣ ਲਈ ਜ਼ਰੂਰੀ ਹੈ:

- ਲੋਕਾਂ ਦੀਆਂ ਲੋੜਾਂ ਲਈ ਢੁੱਕਵੀਂ
- ਸਰਬੰਗੀ
- ਢੁੱਕਵਾਂ
- ਸੌਖੀ ਤਰ੍ਹਾਂ ਮੌਜੂਦ
- ਪੁੱਗਣਯੋਗ

ਸਿਹਤ ਦੇਖਭਾਲ ਸਹੂਲਤਾਂ ਆਬਾਦੀ ਲਈ ਬੀਮਾਰੀ ਦੀ ਹਾਦਸੇ ਦੀ ਸੰਭਾਵਨਾ ਦੇ ਉੱਤੇ ਅਧਾਰਿਤ ਹੋਣਾ ਚਾਹੀਦਾ ਹੈ। ਉਦਾਹਰਨ ਲਈ, ਵਿਅਕਤੀ ਨੂੰ ਬੁਖਾਰ, ਠੰਡ, ਖੰਘ, ਚਮੜੀ ਦੀ ਐਲਰਜੀ ਆਦਿ ਸਾਲ ਵਿੱਚ ਕਈ ਵਾਰ ਹੋ ਸਕਦੀ ਹੈ, ਪਰ ਉਸ ਨੂੰ ਹੈਪੇਟਾਈਟਸ ਬੀ ਹੋਣ ਦੀ ਸੰਭਾਵਨਾ ਠੰਡ ਲੱਗਣ ਜਾਂ ਖੰਘ ਹੋਣ ਤੋਂ ਘੱਟ ਹੈ।

ਇਸਕਰਕੇ ਕਿਸੇ ਵੀ ਖੇਤਰ ਵਿੱਚ ਸਿਹਤ-ਦੇਖਭਾਲ ਸਹੂਲਤ ਨੂੰ ਸਥਾਪਿਤ ਕਰਨਾ, ਭਾਵੇਂ ਪਿੰਡ, ਜ਼ਿਲ੍ਹੇ ਜਾਂ ਰਾਜ ਵਿੱਚ ਹੋਵੇ, ਵੱਖ-ਵੱਖ ਲੱਛਣਾਂ ਉੱਤੇ ਨਿਰਭਰ ਕਰੇਗਾ, ਜੋ ਕਿ ਉਸ ਖੇਤਰ ਦੇ ਹੋਣਗੇ ਜਿਵੇਂ ਕਿ:

- ✓ ਆਬਾਦੀ ਦਾ ਆਕਾਰ
- ✓ ਮੌਤ ਦਰ
- ✓ ਬੀਮਾਰੀ ਦਰ
- ✓ ਅਪੰਗਤਾ ਦਰ
- ✓ ਲੋਕਾਂ ਦੀ ਸਮਾਜਿਕ ਤੇ ਮਾਨਸਿਕ ਸਿਹਤ
- ✓ ਲੋਕਾਂ ਦੀ ਆਮ ਪੋਸ਼ਟਿਕ ਭੋਜਨ ਸਥਿਤੀ
- ✓ ਮਾਹੌਲ ਕਾਰਨ ਜਿਵੇਂ ਕਿ ਸੁਰੰਗ-ਖੁਦਾਈ ਜਾਂ ਉਦਯੋਗਿਕ ਖੇਤਰ
- ✓ ਸੰਭਵ ਸਿਹਤ ਦੇਖਭਾਲ ਦੇਣ ਵਾਲੀ ਪ੍ਰਣਾਲੀ ਜਿਵੇਂ ਕਿ ਦਿਲ ਦਾ ਡਾਕਟਰ ਪਿੰਡ ਵਿੱਚ ਮੌਜੂਦ ਨਹੀਂ ਹੋ ਸਕਦਾ ਹੈ, ਪਰ ਜ਼ਿਲਾ ਕਸਬੇ ਵਿੱਚ ਮੌਜੂਦ ਹੋ ਸਕਦਾ ਹੈ।
- ✓ ਸਿਹਤ ਦੇਖਭਾਲ ਪ੍ਰਣਾਲੀ ਨੂੰ ਵਰਤੇ ਜਾਣ ਦੀ ਕਿੰਨੀ ਸੰਭਾਵਨਾ ਹੈ
- ✓ ਸਮਾਜਿਕ-ਆਰਥਿਕ ਕਰਨ ਜਿਵੇਂ ਕਿ ਸਹਿਣਯੋਗਤਾ

ਉੱਤੇ ਦਿੱਤੇ ਕਾਰਨਾਂ ਦੇ ਅਧਾਰ ਉੱਤੇ, ਸਰਕਾਰ ਮੁੱਢਲੀ (ਪ੍ਰਾਇਮਰੀ), ਸੈਕੰਡਰੀ ਤੇ ਟਰਸ਼ਰੀ ਸਿਹਤ ਦੇਖਭਾਲ ਵਾਸਤੇ ਕੇਂਦਰ ਤਿਆਰ ਕਰਨ ਦਾ ਫੈਸਲਾ ਕਰਦੀ ਹੈ ਅਤੇ ਆਬਾਦੀ ਲਈ ਪੁੱਜਤ ਤੇ ਪਹੁੰਚ ਵਿੱਚ ਢੁੱਕਵੀਂ ਸਿਹਤ-ਦੇਖਭਾਲ ਵਾਸਤੇ ਕਦਮ ਚੁੱਕਦੀ ਹੈ।

## C. ਸਿਹਤ-ਦੇਖਭਾਲ ਦੀਆਂ ਕਿਸਮਾਂ

ਸਿਹਤ-ਦੇਖਭਾਲ ਦੀਆਂ ਮੁੱਖ ਰੂਪ ਵਿੱਚ ਹੇਠ ਦਿੱਤੀਆਂ ਸ਼੍ਰੇਣੀਆਂ ਹਨ:

### 1. ਮੁੱਢਲੀ ਸਿਹਤ-ਦੇਖਭਾਲ

ਮੁੱਢਲੀ ਸਿਹਤ ਦੇਖਭਾਲ ਦਾ ਭਾਵ ਡਾਕਟਰਾਂ, ਨਰਸਾਂ ਤੇ ਹੋਰ ਛੋਟੇ ਕਲੀਨਿਕਾਂ ਵਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਤੋਂ ਹੈ, ਜਿਹਨਾਂ ਨਾਲ ਮਰੀਜ਼ਾਂ ਵਲੋਂ ਕਿਸੇ ਵੀ ਬੀਮਾਰੀ ਦੇ ਕੇਸ ਵਿੱਚ ਪਹਿਲੀ ਵਾਰ ਸੰਪਰਕ ਕੀਤਾ ਜਾਂਦਾ ਹੈ,

ਇਸ ਤਰ੍ਹਾਂ ਮੁੱਢਲੀ ਸਿਹਤ ਦੇਖਭਾਲ ਦੇਣ ਵਾਲੇ ਸਿਹਤ ਪ੍ਰਣਾਲੀ ਵਿੱਚ ਸਭ ਮਰੀਜ਼ਾਂ ਲਈ ਸੰਪਰਕ ਦੇ ਮੁੱਢਲੀ ਥਾਂ ਹੁੰਦੇ ਹਨ।

ਉਦਾਹਰਨ ਲਈ, ਜੇ ਵਿਅਕਤੀ ਡਾਕਟਰ ਕੋਲ ਬੁਖਾਰ ਲਈ ਆਉਂਦਾ ਹੈ ਅਤੇ ਮੁੱਢਲੀ ਜਾਂਚ ਵਿੱਚ ਡੇਂਗੂ ਬੁਖਾਰ ਦੇ ਲੱਛਣ ਮਿਲਦੇ ਹਨ ਤਾਂ ਮੁੱਢਲੀ ਦੇਖਭਾਲ ਦੇਣ ਵਾਲਾ ਕੁਝ ਦਵਾਈਆਂ ਦੇਵੇਗਾ, ਪਰ ਮਰੀਜ਼ ਨੂੰ ਖਾਸ ਇਲਾਜ ਲਈ ਹਸਪਤਾਲ ਵਿੱਚ ਭਰਤੀ ਹੋਣ ਦੀ ਸਲਾਹ ਦੇਵੇਗਾ।

ਦੇਸ਼ ਪੱਧਰ ਉੱਤੇ, ਮੁੱਢਲੀ ਸਿਹਤ ਦੇਖਭਾਲ ਕੇਂਦਰਾਂ ਨੂੰ ਸਰਕਾਰ ਤੇ ਪ੍ਰਾਈਵੇਟ ਧਿਰਾਂ ਦੋਵਾਂ ਵਲੋਂ ਸਥਾਪਿਤ ਕੀਤਾ ਜਾਂਦਾ ਹੈ। ਸਰਕਾਰੀ ਮੁੱਢਲੀ ਸਿਹਤ ਦੇਖਭਾਲ ਕੇਂਦਰ ਆਬਾਦੀ ਦੇ ਅਧਾਰ ਉੱਤੇ ਸਥਾਪਿਤ ਕੀਤੇ ਜਾਂਦੇ ਹਨ ਅਤੇ ਪਿੰਡ ਪੱਧਰ ਉੱਤੇ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਹਨ।

2. ਸਹਾਇਕ ਸਿਹਤ-ਦੇਖਭਾਲ

ਸਹਾਇਕ (ਸੈਕੰਡਰੀ) ਦੇਖਭਾਲ ਕੇਂਦਰ ਦਾ ਅਰਥ ਮਾਹਿਰ ਡਾਕਟਰਾਂ ਤੇ ਹੋਰ ਸਿਹਤ ਪੇਸ਼ੇਵਰਾਂ ਵਲੋਂ ਦਿੱਤੀਆਂ ਜਾਣ ਵਾਲੀਆਂ ਸਿਹਤ-ਦੇਖਭਾਲ ਸੇਵਾਵਾਂ ਤੋਂ ਹੈ, ਜੋ ਕਿ ਮਰੀਜ਼ਾਂ ਨਾਲ ਪਹਿਲੇ ਸੰਪਰਕ ਵਿੱਚ ਨਹੀਂ ਹੁੰਦੇ ਹਨ। ਇਸ ਵਿੱਚ ਗੰਭੀਰ ਬੀਮਾਰੀ ਲਈ ਥੋੜ੍ਹੇ ਸਮੇਂ ਲਈ ਨਾਜ਼ਕ ਦੇਖਭਾਲ ਸ਼ਾਮਿਲ ਹੈ, ਅਕਸਰ (ਪਰ ਜ਼ਰੂਰੀ ਨਹੀਂ) ਹਸਪਤਾਲ ਵਿੱਚ ਮਰੀਜ਼ ਦਾਖਲ ਹੁੰਦੇ ਹਨ, ਜਿਸ ਵਿੱਚ ਇਨਟੈਂਸ਼ਿਵ ਕੇਅਰ ਸੇਵਾਵਾਂ, ਐਂਬੂਲੈਂਸ ਸਹੂਲਤਾਂ, ਪਥੌਲਾਜੀ, ਜਾਂਚ ਤੇ ਹੋਰ ਸੰਬੰਧਿਤ ਡਾਕਟਰੀ ਸੇਵਾਵਾਂ ਸ਼ਾਮਿਲ ਹਨ।

3. ਤੀਜੇ ਪੱਧਰੀ ਸਿਹਤ ਦੇਖਭਾਲ

ਤੀਜੇ ਪੱਧਰੀ (ਟਰਸ਼ਰੀ) ਸਿਹਤ ਦੇਖਭਾਲ ਖਾਸ ਸਲਾਹਕਾਰੀ ਸਿਹਤ ਦੇਖਭਾਲ ਹੈ, ਆਮ ਤੌਰ 'ਤੇ ਪਹਿਲਾਂ ਤੋਂ ਦਾਖ਼ਲ ਅਤੇ ਮੁੱਢਲੇ/ਸਹਾਇਕ ਦੇਖਭਾਲ ਕੇਂਦਰਾਂ ਵਲੋਂ ਭੇਜੇ ਜਾਂਣ ਵਾਲੇ ਮਰੀਜਾਂ ਲਈ।

ਤੀਜੇ ਪੱਧਰੀ ਦੇਖਭਾਲ ਦੇਣ ਵਾਲਿਆਂ ਦੀ ਉਦਾਹਰਨਾਂ ਵਿੱਚ ਮਾਹਿਰ ਮੈਡੀਕਲ ਸਹੂਲਤਾਂ ਤੇ ਮੈਡੀਕਲ ਪੇਸ਼ੇਵਰ ਦੇਣ ਵਾਲੇ ਸ਼ਾਮਿਲ ਹਨ, ਜੋ ਕਿ ਸਹਾਇਕ ਸਿਹਤ ਦੇਖਭਾਲ ਦੇਣ ਵਾਲਿਆਂ ਦੇ ਖੇਤਰ ਤੋਂ ਬਾਹਰ ਹਨ, ਜਿਵੇਂ ਕਿ ਓਨਕੋਲੋਜੀ (ਕੈਂਸਰ ਦਾ ਇਲਾਜ), ਅੰਗ ਟਰਾਂਸਪਲਾਂਟ ਸਹੂਲਤਾਂ, ਉੱਚ ਖਤਰੇ ਵਾਲੇ ਜਣੇਪਾ ਮਾਹਿਰ ਆਦਿ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜਿਵੇਂ ਜਿਵੇਂ ਦੇਖਭਾਲ ਦਾ ਪੱਧਰ ਵੱਧਦਾ ਹੈ, ਉਸ ਨਾਲ ਹੀ ਇਲਾਜ ਦੀ ਖ਼ਰਚਾ ਵੀ ਵੱਧਦਾ ਜਾਂਦਾ ਹੈ। ਦੇਖਭਾਲ ਦੇ ਵੱਖ-ਵੱਖ ਪੱਧਰਾਂ ਲਈ ਢਾਂਚਾ ਦੇਸ਼ਾਂ, ਪੇਂਡੂ-ਸ਼ਹਿਰੀ ਖੇਤਰਾਂ ਆਦੀ ਵਿੱਚ ਵੱਖ-ਵੱਖ ਹੈ, ਜਦੋਂ ਕਿ ਸਮਾਜਿਕ-ਆਰਥਿਕ ਕਾਰਨ ਵੀ ਉਸ ਨੂੰ ਪ੍ਰਭਾਵਿਤ ਕਰਦੇ ਹਨ।

**ਅਪਣੇ ਆਪ ਨੂੰ ਪਰਖੋ 2**

ਅੱਗੇ ਦਿੱਤਿਆਂ ਵਿੱਚੋਂ ਕਿਹੜਾ ਮੁੱਢਲੀ ਸਿਹਤ-ਦੇਖਭਾਲ ਦਾ ਭਾਗ ਨਹੀਂ ਹੈ?

I. ਬੁਖ਼ਾਰ

II. ਕੈਂਸਰ

III. ਅੰਗ ਟਰਾਂਸਪਲਾਂਟ

IV. ਵੱਧ ਜ਼ੋਖਮ ਵਾਲਾ ਗਰਭ

## D. ਭਾਰਤ ਵਿੱਚ ਸਿਹਤ ਬੀਮੇ ਦਾ ਵਿਕਾਸ

ਜਦੋਂ ਕਿ ਸਰਕਾਰ ਸਿਹਤ-ਦੇਖਭਾਲ ਸੰਬੰਧੀ ਆਪਣੀਆਂ ਨੀਤੀ ਦੇ ਫੈਸਲਿਆਂ ਨਾਲ ਰੁੱਝੀ ਹੋਈ ਸੀ ਤਾਂ ਇਸ ਨੇ ਸਹਿਤ ਬੀਮਾ ਸਕੀਮਾਂ ਨੂੰ ਵੀ ਨਿਰਧਾਰਿਤ ਕੀਤਾ ਹੈ। ਬੀਮਾ ਕੰਪਨੀਆਂ ਆਪਣੀਆਂ ਸਿਹਤ ਬੀਮਾ ਨੀਤੀਆਂ ਬਾਅਦ ਵਿੱਚ ਹੀ ਲੈ ਕੇ ਆਈਆਂ। ਭਾਰਤ ਵਿੱਚ ਸਿਹਤ ਬੀਮੇ ਦਾ ਵਿਕਾਸ ਇੰਝ ਹੋਇਆ:

1. ਮੁਲਾਜ਼ਮ ਰਾਜ ਬੀਮਾ ਸਕੀਮ

   ਭਾਰਤ ਵਿੱਚ ਸਿਹਤ ਬੀਮਾ ਰਸਮੀ ਰੂਪ ਵਿੱਚ ਮੁਲਾਜ਼ਮ ਰਾਜ ਬੀਮਾ ਸਕੀਮ ਦੇ ਰੂਪ ਵਿੱਚ ਸ਼ੁਰੂ ਹੋਇਆ ਸੀ, ਜਿਸ ਨੂੰ 1947 ਵਿੱਚ ਦੇਸ਼ ਦੀ ਆਜ਼ਾਦੀ ਦੇ ਕੁਝ ਚਿਰ ਬਾਅਦ ਵਿੱਚ ਈਸੀਐਸ ਐਕਟ 1948 ਦੇ ਤਹਿਤ ਲਿਆਂਦਾ ਗਿਆ। ਇਹ ਸਕੀਮ ਨੂੰ ਪੁਰਾਣੇ ਨਿੱਜੀ ਖੇਤਰ ਵਿੱਚ ਕੰਮ ਕਰਨ ਵਾਲੇ ਉਦਯੋਗਿਕ ਕਾਮਿਆਂ (ਬਲਿਉ-ਕਾਲਰ) ਲਈ ਪੇਸ਼ ਕੀਤਾ ਗਿਆ ਸੀ ਜੋ ਕੀ ਆਪਣੀਆਂ ਡਿਸਪੈਨਸਰੀਆਂ ਤੇ ਹਸਪਤਾਲਾਂ ਦੇ ਨੈਟਵਰਕ ਰਾਹੀਂ ਸੰਪੂਰਨ ਸਿਹਤ ਸੇਵਾਵਾਂ ਦਿੰਦੀ ਹੈ।

   ESIC (ਇੰਪੋਲਾਇਜ਼ ਸਟੇਟ ਇੰਸ਼ੋਅਰੈਂਸ ਕਾਰਪੋਰੇਸ਼ਨ) ਸਥਾਪਿਤ ਕਰਨ ਵਾਲੀ ਏਜੰਸੀ ਹੈ, ਜੋ ਕਿ ਆਪਣੇ ਹਸਪਤਾਲ ਤੇ ਡਿਸਪੈਨਸਰੀਆਂ ਚਲਾਉਂਦੀ ਹੈ ਅਤੇ ਪਬਲਿਕ/ਪ੍ਰਾਈਵੇਟ ਸੇਵਾਵਾਂ ਦੇਣ ਵਾਲਿਆਂ ਨੂੰ ਠੇਕੇ ਵੀ ਦਿੰਦੀ ਹੈ, ਜਿੱਥੇ ਇਸ ਦੀਆਂ ਆਪਣੀਆਂ ਸਹੂਲਤਾਂ ਪੂਰੀਆਂ ਨਹੀਂ ਹਨ।

2. ਕੇਂਦਰ ਸਰਕਾਰ ਸਿਹਤ ਸਕੀਮ

   ਈਐਸਆਈਐਸ ਦੇ ਛੇਤੀ ਬਾਅਦ ਕੇਂਦਰ ਸਰਕਾਰ ਸਿਹਤ ਸਕੀਮ (CGHS) ਜਾਰੀ ਹੋਈ, ਜਿਸ ਨੂੰ ਕੇਂਦਰੀ ਸਰਕਾਰ ਦੇ ਮੁਲਾਜ਼ਮ ਲਈ ਪੇਸ਼ ਕੀਤਾ ਗਿਆ ਸੀ, ਜਿਸ ਵਿੱਚ ਸਰਕਾਰੀ ਨੌਕਰੀਆਂ ਕਰਨ ਵਾਲੇ ਪੈਨਸ਼ਨਰਾਂ ਤੇ ਉਹਨਾਂ ਦੇ ਪਰਿਵਾਰਿਕ ਮੈਂਬਰ ਸ਼ਾਮਿਲ ਸਨ। ਇਸ ਦਾ ਮਕਸਦ ਮੁਲਾਜ਼ਮਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਸੰਪੂਰਨ ਡਾਕਟਰੀ ਦੇਖਭਾਲ ਦੇਣਾ ਸੀ ਅਤੇ ਇਸ ਲਈ ਅਪੂਰਨ ਰੂਪ ਵਿੱਚ ਫੰਡ ਮੁਲਾਜ਼ਮ ਤੇ ਵੱਡੇ ਰੂਪ ਵਿੱਚ ਰੁਜ਼ਗਾਰ ਦੇਣ ਵਾਲਾ (ਕੇਂਦਰ ਸਰਕਾਰ) ਦਿੰਦੀ ਹੈ।

3. ਵਪਾਰਕ ਸਿਹਤ ਬੀਮਾ

   ਵਪਾਰਕ ਸਿਹਤ ਬੀਮੇ ਨੂੰ ਕੁਝ ਗ਼ੈਰ-ਜੀਵਨ ਬੀਮਾਕਰਤਾਵਾਂ ਤੋਂ ਪਹਿਲਾਂ ਤੇ ਬੀਮਾ ਉਦਯੋਗ ਦੇ ਕੌਮੀਕਰਨ ਦੇ ਬਾਅਦ ਵੀ ਪੇਸ਼ ਕੀਤਾ ਗਿਆ ਸੀ।

1986 ਵਿੱਚ, ਭਾਰਤੀ ਬਾਜ਼ਾਰ ਵਿੱਚ ਵਿਅਕਤੀਆਂ ਤੇ ਉਹਨਾਂ ਦੇ ਪਰਿਵਾਰਾਂ ਲਈ ਚਾਰ ਕੌਮੀਕ੍ਰਿਤ ਗ਼ੈਰ-ਜੀਵਨ ਬੀਮਾ ਕੰਪਨੀਆਂ (ਇਹ ਚਾਰ ਕੰਪਨੀਆਂ ਜਨਰਲ ਇੰਸ਼ੋਅਰੈਂਸ ਕਾਰਪੋਰੇਸ਼ਨ ਆਫ਼ ਇੰਡੀਆ ਦਾ ਹਿੱਸਾ ਸਨ) ਵਲੋਂ ਪਹਿਲਾਂ ਮਿਆਰੀ ਸਿਹਤ ਦੇਖਭਾਲ ਉਤਪਾਦ ਪੇਸ਼ ਕੀਤਾ ਗਿਆ। ਇਹ ਉਤਪਾਦ, ਮੈਡੀਕਲੇਅਮ ਨੂੰ ਕੁਝ ਅਲਹਿਦਗੀਆਂ ਜਿਵੇਂ ਕਿ ਜਣੇਪਾ, ਪਹਿਲਾਂ ਮੌਜੂਦ ਬੀਮਾਰੀਆਂ ਆਦਿ, ਦੇ ਨਾਲ ਹਰਜਾਨੇ ਦੀ ਕੁਝ ਹੱਦ ਤੱਕ ਹਸਪਤਾਲ ਦੇ ਖ਼ਰਚਿਆਂ ਲਈ ਸੁਰੱਖਿਆ ਦੇਣ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਸੀ।

ਹਸਪਤਾਲ ਵਿੱਚ ਭਰਤੀ ਮੁਆਵਜ਼ਾ-ਆਧਾਰਿਤ ਸਾਲਾਨਾ ਇਕਰਾਰਨਾਮੇ ਭਾਰਤ ਦੇ ਪ੍ਰਾਈਵੇਟ ਸਿਹਤ ਬੀਮੇ ਦੇ ਰੂਪ ਵਿੱਚ ਅੱਜਕਲ ਸਭ ਤੋਂ ਵੱਧ ਹਰਮਨਪਿਆਰੇ ਬਣੇ ਹੋਏ ਹਨ। 2001 ਵਿੱਚ ਬੀਮਾ ਖੇਤਰ ਵਿੱਚ ਨਿੱਜੀ ਕੰਪਨੀਆਂ ਦੇ ਆਉਣ ਨਾਲ ਸਿਹਤ ਬੀਮਾ ਖੇਤਰ ਤੇਜ਼ੀ ਨਾਲ ਅੱਗੇ ਵਧਿਆ ਹੈ , ਪਰ ਅੱਜ ਵੀ ਬਹੁਤ ਸਾਰਾ ਬਾਜ਼ਾਰ ਨਾ-ਛੋਹਿਆ ਹੈ।

ਸਰਕਾਰ ਨੇ ਲੋਕਾਂ ਨੂੰ ਸਿਹਤ ਬੀਮਾ ਪਾਲਸੀਆਂ ਖ਼ਰੀਦਣ ਲਈ ਉਤਸ਼ਾਹਿਤ ਕੀਤਾ ਹੈ। ਲੋਕਾਂ ਵਲੋਂ ਖੁਦ, ਜੀਵਨ-ਸਾਥੀ, ਤੇ ਪਰਿਵਾਰਿਕ ਮੈਂਬਰਾਂ ਵਾਸਤੇ ਸਿਹਤ ਬੀਮਾ ਖਰੀਦਣ ਵਾਸਤੇ ਭੁਗਤਾਨ ਕੀਤੇ ਪ੍ਰੀਮੀਅਮ ਦੀ ਆਮਦਨ ਕਰ ਐਕਟ ਦੇ ਸੈਕਸ਼ਨ 80ਡੀ ਦੇ ਤਹਿਤ ਟੈਕਸ ਦੇਣ ਯੋਗ ਆਮਦਨ ਵਿੱਚੋਂ ਕਟੌਤੀ ਦੀ ਇਜਾਜ਼ਤ ਦਿੱਤੀ ਗਈ ਹੈ। ਸੈਕਸ਼ਨ 60 ਸਾਲ ਦੀ ਉਮਰ ਤੋਂ ਵੱਡੇ ਮਾਪਿਆਂ/ਸੁਹਰਿਆਂ ਲਈ ਭੁਗਤਾਨ ਕੀਤੇ ਪ੍ਰੀਮੀਅਮ ਲਈ ਵੱਧ ਹੱਦ ਦੀ ਇਜਾਜ਼ਤ ਦਿੰਦਾ ਹੈ।

ਬੀਮਾ-ਸੁਰੱਖਿਆ, ਅਲਹਿਦਗੀਆਂ ਦੇ ਵੱਡੇ ਰੂਪ ਵਿੱਚ ਫ਼ਰਕ ਤੇ ਨਵੇਂ ਐਡ-ਆਨ ਬੀਮਾ-ਸੁਰੱਖਿਆ ਨੂੰ ਪੇਸ਼ ਕੀਤਾ ਗਿਆ, ਜਿਹਨਾਂ ਬਾਰੇ ਬਾਅਦ ਦੇ ਪਾਠਾਂ ਵਿੱਚ ਜ਼ਿਕਰ ਕੀਤਾ ਜਾਵੇਗਾ।

**ਅਪਣੇ ਆਪ ਨੂੰ ਪਰਖੋ 3**

__________ ਸਾਲ ਦੌਰਾਨ ਭਾਰਤੀ ਬਾਜ਼ਾਰ ਵਿੱਚ ਲੋਕਾਂ ਤੇ ਉਹਨਾਂ ਦੇ ਪਰਿਵਾਰਾਂ ਲਈ ਚਾਰ ਕੌਮੀਕ੍ਰਿਤ ਗ਼ੈਰ-ਜੀਵਨ ਬੀਮਾ ਕੰਪਨੀਆਂ ਵਲੋਂ ਪਹਿਲਾਂ ਮਿਆਰੀ ਸਿਹਤ ਦੇਖਭਾਲ ਉਤਪਾਦ ਪੇਸ਼ ਕੀਤਾ ਗਿਆ।

I. 1948

II. 1954

III. 1986

IV. 2001

---

## E. ਸਿਹਤ ਬੀਮਾ ਬਾਜ਼ਾਰ

ਅੱਜ ਸਿਹਤ ਬੀਮਾ ਬਾਜ਼ਾਰ ਵਿੱਚ ਸਿਹਤ ਦੇਖਭਾਲ ਸਹੂਲਤਾਂ ਦੇਣ ਵਾਲੀਆਂ, ਜਿਹਨਾਂ ਨੂੰ ਪ੍ਰੋਵਾਈਡਰ ਕਹਿੰਦੇ ਹਨ, ਹੋਰ ਬੀਮਾ ਸੇਵਾਵਾਂ ਤੇ ਵੱਖ-ਵੱਖ ਵਿਚੋਲੇ ਦੇ ਤੌਰ ਉੱਤੇ ਕੰਮ ਕਰਨ ਵਾਲੀਆਂ ਕਈ ਕੰਪਨੀਆਂ ਮੌਜੂਦ ਹਨ। ਕੁਝ

ਮੁੱਢਲਾ ਢਾਂਚਾ ਦਿੰਦੇ ਹਨ, ਜਦੋਂ ਕਿ ਹੋਰ ਸਹਾਇਕ ਸਹੂਲਤ ਦਿੰਦੇ ਹਨ। ਕੁਝ ਸਰਕਾਰੀ ਖੇਤਰ ਵਿੱਚ ਹਨ, ਜਦੋਂ ਕਿ ਬਾਕੀ ਨਿੱਜੀ ਖੇਤਰ ਵਿੱਚ।

1. ਪ੍ਰਾਈਵੇਟ ਖੇਤਰ ਦੇ ਸਿਹਤ ਦੇਖਭਾਲ ਪੂਰਕ

ਭਾਰਤ ਵਿੱਚ ਬਹੁਤ ਵੱਡਾ ਨਿੱਜੀ ਖੇਤਰ ਤਿੰਨ ਕਿਸਮ ਦੀਆਂ ਸਭ ਸਿਹਤ-ਦੇਖਭਾਲ ਸੇਵਾਵਾਂ ਦਿੰਦਾ ਹੈ - ਮੁੱਢਲੀਆਂ, ਸਹਾਇਕ ਅਤੇ ਟਰਸ਼ਰੀ। ਵਲੰਟੀਅਰ, ਗ਼ੈਰ-ਫਾਇਦਾ ਸੰਗਠਨਾਂ ਤੋਂ ਲੈ ਕੇ ਨਿੱਜੀ ਤੋਂ ਫਾਇਦੇ-ਲਈ ਕਾਰਪੋਰੇਟ, ਟਰੱਸਟ, ਡਾਕਟਰ, ਇਕੱਲੀਆਂ ਖਾਸ ਸੇਵਾਵਾਂ, ਜਾਂਚ ਲੈਬਰਾਟਰੀਆਂ, ਦਵਾਈਆਂ ਦੀਆਂ ਦੁਕਾਨਾਂ ਤੱਕ ਅਤੇ ਬਿਨਾਂ-ਯੋਗਤਾ ਪ੍ਰਾਪਤ ਸੇਵਾਵਾਂ ਦੇਣ ਵਾਲੇ ਸ਼ਾਮਿਲ ਹਨ।

ਭਾਰਤ ਵਿੱਚ ਮੈਡੀਕਲ (ਆਯੁਰਵੇਦ /ਸਿੱਧਾ/ ਯੂਨਾਨੀ/ ਹੋਮੋਪੈਥੀ) ਦੀਆਂ ਹੋਰ ਪ੍ਰਣਾਲੀਆਂ ਲਈ ਸਭ ਤੋਂ ਵੱਧ ਯੋਗਤਾ ਪ੍ਰਾਪਤ ਡਾਕਟਰ ਹਨ, ਜੋ ਕਿ ਕੁੱਲ ਮਿਲਾ ਕੇ 7 ਲੱਖ ਤੋਂ ਵੱਧ ਹਨ। ਉਹ ਜਨਤਕ ਦੇ ਨਾਲ ਨਾਲ ਨਿੱਜੀ ਖੇਤਰ ਵਿੱਚ ਮੌਜੂਦ ਹਨ। ਸਿਹਤ ਦੇਖਭਾਲ ਲਈ ਫਾਇਦੇ-ਲਈ ਨਿੱਜੀ ਸੇਵਾਵਾਂ ਦੇਣ ਵਾਲਿਆਂ ਤੋਂ ਬਿਨਾਂ, ਐਨਜੀਓ ਤੇ ਵਲੰਟੀਅਰ ਖੇਤਰ ਵੀ ਸਮਾਜ ਨੂੰ ਸਿਹਤ ਦੇਖਭਾਲ ਸੇਵਾਵਾਂ ਦੇਣ ਲਈ ਲੱਗਾ ਹੋਇਆ ਹੈ।

ਜਨਰਲ ਬੀਮਾ ਖੇਤਰ ਵਿੱਚ ਬੀਮਾ ਕੰਪਨੀਆਂ ਵੱਡੀ ਮਾਤਰਾ ਵਿੱਚ ਸਿਹਤ ਬੀਮਾ ਸੇਵਾਵਾਂ ਦਿੰਦੀਆਂ ਹਨ। ਇਕੱਲੇ ਸਿਹਤ ਬੀਮਾ (SAHI) ਕੰਪਨੀਆਂ ਨੂੰ ਸਿਹਤ ਬੀਮੇ ਦੀਆਂ ਸਾਰੀਆਂ ਕਿਸਮਾਂ ਦੀ ਇਜਾਜ਼ਤ ਹੈ, ਜਦੋਂ ਕਿ ਜੀਵਨ ਬੀਮਾ ਕੰਪਨੀਆਂ ਨੂੰ ਵੀ ਸਿਹਤ ਬੀਮੇ ਦੀਆਂ ਕੁਝ ਕਿਸਮਾਂ ਲਈ ਇਜਾਜ਼ਤ ਹੈ।

2. ਵਿਚੋਲੇ:

ਬੀਮਾ ਉਦਯੋਗ ਦੇ ਭਾਗ ਵਜੋਂ ਕਈ ਲੋਕ ਤੇ ਸੰਸਥਾਵਾਂ ਸੇਵਾਵਾਂ ਦਿੰਦੇ ਹਨ, ਜੋ ਕਿ ਸਿਹਤ ਬੀਮਾ ਬਾਜ਼ਾਰ ਦਾ ਹਿੱਸਾ ਬਣਦੇ ਹਨ। ਬੀਮਾ ਵਿਚੋਲਿਆਂ ਨੂੰ IRDA ਐਕਟ 1999 ਦੇ ਸੈਕਸ਼ਨ 2 ਦੇ ਤਹਿਤ ਪ੍ਰਭਾਸ਼ਿਤ ਕੀਤਾ ਗਿਆ ਹੈ। ਇਸ ਵਿੱਚ ਬੀਮਾ ਦਲਾਲ, ਮੁੜ-ਬੀਮਾ ਦਲਾਲ, ਬੀਮਾ ਸਲਾਹਕਾਰ, ਸਰਵੇਅਰ ਅਤੇ ਘਾਟਾ ਮੁੱਲ ਨਿਰਧਾਰਕ ਦੇ ਨਾਲ ਨਾਲ ਤੀਜੀ ਧਿਰ ਪ੍ਰਸ਼ਾਸ਼ਕ ਵਿੱਚ ਸ਼ਾਮਲ ਹਨ।

ਤੀਜੀ ਧਿਰ ਪ੍ਰਸ਼ਾਸ਼ਕ (TPA) IRDAI ਨਾਲ ਰਜਿਸਟਰ ਹੋਈ ਅਤੇ ਬੀਮਾਕਰਤਾ ਨਾਲ ਸਿਹਤ ਸੇਵਾਵਾਂ ਦੇਣ ਲਈ ਫ਼ੀਸ ਉੱਤੇ ਕੰਮ ਕਰਨ ਵਾਲੀ ਕੰਪਨੀ ਹੁੰਦੀ ਹੈ। TPA ਬੀਮਾਕਰਤਾ ਨੂੰ ਸਿਹਤ ਬੀਮਾ ਕਾਰੋਬਾਰ ਦੇ ਸੰਬੰਧ ਵਿੱਚ ਇਕਰਾਰ ਦੇ ਅਧੀਨ ਹੇਠ ਦਿੱਤੀਆਂ ਸੇਵਾਵਾਂ ਦੇ ਸਕਦੀ ਹੈ:

a. ਨਕਦੀ-ਰਹਿਤ ਇਲਾਜ ਦੀ ਪਰਮਾਣਕਿਤਾ ਜਾਂ ਨਕਦੀ-ਰਹਿਤ ਦਾਅਵਾ ਤੋਂ ਬਿਨਾਂ ਦਾਅਵਿਆਂ ਦੇ ਨਿਪਟਣ ਜਾਂ ਦੋਵੇ ਤਰ੍ਹਾਂ ਦੇ ਢੰਗ ਰਾਹੀਂ ਸਿਹਤ ਬੀਮਾ ਪਾਲਸੀਆਂ ਅਧੀਨ, ਸੰਬੰਧਿਤ ਪਾਲਸੀ ਦੇ ਨਿਯਮਾਂ ਅਤੇ ਸ਼ਰਤਾਂ ਤਹਿਤ ਅਤੇ ਦਾਅਵਾ ਨਿਪਟਾਉਣ ਲਈ ਬੀਮਾਕਰਤਾ ਵਸਤੇ ਵਲੋਂ ਜਾਰੀ ਕੀਤੀਆਂ ਸੇਧਾਂ ਦੇ ਅਧੀਨ ਦਾਅਵਿਆਂ ਲਈ ਸੇਵਾ ਦੇਣਾ।

b. ਨਿੱਜੀ ਹਾਦਸਾ ਪਾਲਸੀ ਅਤੇ ਘਰੇਲੂ ਯਾਤਰਾ ਪਾਲਸੀ ਦੇ ਅਧੀਨ ਹਸਪਤਾਲ ਭਰੀਤ ਹੋਣ ਦੇ ਕਵਰ ਲਈ ਦਾਅਵਿਆਂ ਲਈ ਸੇਵਾਵਾਂ।

c. ਸਿਹਤ ਬੀਮਾ ਪਾਲਸੀਆਂ ਦੇ ਅੰਡਰਰਾਈਟਿੰਗ ਦੇ ਸੰਬੰਧ ਵਿੱਚ ਬੀਮੇ ਤੋਂ ਪਹਿਲਾਂ ਮੈਡੀਕਲ ਪ੍ਰੀਖਿਆ ਦਾ ਇੰਤਜ਼ਾਮ ਕਰਨਾ।

**ਸਾਰ**

a) ਬੀਮਾ ਕਈ ਸਦੀਆਂ ਪਹਿਲਾਂ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਸੀ, ਪਰ ਅੱਜ ਦੇ ਰੂਪ ਵਿੱਚ ਇਹ ਕੁਝ ਹੀ ਸਦੀਆਂ ਪੁਰਾਣਾ ਹੈ। ਭਾਰਤ ਵਿੱਚ ਬੀਮਾ ਸਰਕਾਰੀ ਨਿਯਮ ਦੇ ਕਈ ਪੜਾਆਵਾਂ ਰਾਹੀਂ ਗੁਜ਼ਰਦਾ ਹੈ।

b) ਨਾਗਰਿਕਾਂ ਦੀ ਸਿਹਤ ਬਹੁਤ ਮਹੱਤਵਪੂਰਨ ਹੈ ਅਤੇ ਸਰਕਾਰ ਢੁੱਕਵੇਂ ਸਿਹਤ ਦੇਖਭਾਲ ਪ੍ਰਣਾਲੀ ਦੇ ਨਿਰਮਾਣ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਹੈ।

c) ਦਿੱਤੀ ਜਾਣ ਵਾਲੀਆਂ ਸਿਹਤ-ਦੇਖਭਾਲ ਦਾ ਪੱਧਰ ਦੇਸ਼ ਦੀ ਆਬਾਦੀ ਦੇ ਨਾਲ ਸੰਬੰਧਿਤ ਕਈ ਕਾਰਕਾਂ ਉੱਤੇ ਨਿਰਭਰ ਕਰਦਾ ਹੈ।

d) ਮੁੱਢਲੇ (ਪ੍ਰਾਇਮਰੀ), ਸਹਾਇਕ (ਸੈਕੰਡਰੀ) ਅਤੇ ਤੀਜੇ ਪੱਧਰ (ਟਰਸ਼ਰੀ) ਕਿਸਮ ਦੀਆਂ ਸਿਹਤ-ਦੇਖਭਾਲ ਹਨ, ਜੋ ਕਿ ਚਾਹੀਦੇ ਮੈਡੀਕਲ ਇਲਾਜ ਦਾ ਪੱਧਰ ਹੈ। ਸਿਹਤ-ਦੇਖਭਾਲ ਦੀ ਕੀਮਤ ਹਰੇਕ ਪੱਧਰ ਉੱਤੇ ਵੱਧਦੀ ਹੈ, ਜਿੱਥੇ ਕਿ ਤੀਜਾ ਪੱਧਰ ਸਭ ਤੋਂ ਵੱਖ ਮਹਿੰਗਾ ਹੈ।

e) ਭਾਰਤ ਵਿੱਚ ਆਬਾਦੀ ਦੇ ਵਾਧੇ ਤੇ ਸ਼ਹਿਰੀਕਰਨ ਵਰਗੀਆਂ ਆਪਣੀ ਖਾਸ ਚੁਣੌਤੀਆਂ ਹਨ, ਜਿਸ ਲਈ ਢੁੱਕਵੀਂ ਸਿਹਤ-ਦੇਖਭਾਲ ਦੀ ਲੋੜ ਹੈ।

f) ਜਨਤਕ ਖੇਤਰ ਦੀਆਂ ਬੀਮਾ ਕੰਪਨੀਆਂ ਵਲੋਂ ਸਿਹਤ ਬੀਮੇ ਲਈ ਸਕੀਮਾਂ ਪਹਿਲਾਂ ਪੇਸ਼ ਕੀਤੀਆਂ ਗਈਆਂ, ਜਿਸ ਦੇ ਬਾਅਦ ਨਿੱਜੀ ਬੀਮਾ ਕੰਪਨੀਆਂ ਵਲੋਂ ਵਪਾਰਕ ਬੀਮੇ ਦਿੱਤੇ ਗਏ।

g) ਸਿਹਤ ਬੀਮਾ ਬਾਜ਼ਾਰ ਕਈ ਕੰਪਨੀਆਂ ਨਾਲ ਬਣਿਆ ਹੈ, ਕੁਝ ਮੁੱਢਲਾ ਢਾਂਚਾ ਦਿੰਦੇ ਹਨ, ਹੋਰ ਬੀਮਾ ਸੇਵਾਵਾਂ ਦਿੰਦੇ ਹਨ, ਵਿਚੋਲੇ ਜਿਵੇਂ ਕਿ ਦਲਾਲ, ਏਜੰਟ ਤੇ ਤੀਜੀ ਧਿਰ ਪ੍ਰਸ਼ਾਸ਼ਕ ਸਿਹਤ ਬੀਮਾ ਕਾਰੋਬਾਰ ਲਈ ਸੇਵਾਵਾਂ ਦਿੰਦੇ ਹਨ ਤੇ ਹੋਰ ਰੈਗੂਲੇਟਰੀ, ਵਿੱਦਿਅਕ ਦੇ ਨਾਲ ਨਾਲ ਕਾਨੂੰਨੀ ਸੰਗਠਨ ਆਪਣੀ ਭੂਮਿਕਾ ਨਿਭਾਉਂਦੇ ਹਨ।

**ਸਵੈ ਜਾਂਚ ਦੇ ਜਵਾਬ**

**ਜਵਾਬ 1** ਸਹੀ ਚੋਣ III ਹੈ।

**ਜਵਾਬ 2** ਸਹੀ ਚੋਣ I ਹੈ।

**ਜਵਾਬ 3** ਸਹੀ ਚੋਣ III ਹੈ।

## ਮੁੱਖ ਸ਼ਬਦ

a) ਸਿਹਤ-ਦੇਖਭਾਲ

b) ਵਪਾਰਕ ਬੀਮਾ

c) ਕੌਮੀਕਰਨ

d) ਮੁੱਢਲੀ (ਪ੍ਰਾਇਮਰੀ), ਸਹਾਇਕ (ਸੈਕੰਡਰੀ) ਤੇ ਤੀਜੇ ਪੱਧਰੀ (ਟਰਸ਼ਰੀ) ਸਿਹਤ-ਦੇਖਭਾਲ

e) ਤੀਜੀ ਧਿਰ ਪ੍ਰਸ਼ਾਸ਼ਕ

# ਪਾਠ H-02

# ਸਿਹਤ ਬੀਮਾ ਦਸਤਾਵੇਜ਼

**ਪਾਠ ਜਾਣ-ਪਛਾਣ**

**ਬੀਮਾ ਉਦਯੋਗ ਵਿੱਚ, ਅਸੀਂ ਵੱਡੀ ਗਿਣਤੀ ਵਿੱਚ ਫਾਰਮਾਂ, ਦਸਤਾਵੇਜ਼ਾਂ ਨਾਲ ਕੰਮ ਕਰਦੇ ਹਾਂ। ਇਹ ਪਾਠ ਵਿੱਚ ਅਸੀਂ ਸਿਹਤ ਬੀਮਾ ਇਕਰਾਰਨਾਮੇ ਵਿੱਚ ਦਸਤਾਵੇਜ਼ਾਂ ਅਤੇ ਉਹਨਾਂ ਦੀ ਮਹੱਤਵ ਬਾਰੇ ਸਮਝਾਂਗੇ।**

**ਸਿੱਖਣ ਦੇ ਨਤੀਜੇ**

A. **ਪੇਸ਼ਕਸ਼ ਫਾਰਮ**
B. **ਪੇਸ਼ਕਸ਼ ਦੀ ਮਨਜ਼ੂਰੀ (ਅੰਡਰਰਾਈਟਿੰਗ)**
C. **ਪ੍ਰਾਸਪੈਕਟ**
D. **ਪਾਲਸੀ ਦਸਤਾਵੇਜ਼**
E. **ਸ਼ਰਤਾਂ ਤੇ ਵਾਰੰਟੀਆਂ**

**ਇਹ ਪਾਠ ਪੜ੍ਹਨ ਦੇ ਬਾਅਦ, ਤੁਸੀਂ ਯੋਗ ਹੋਣੇ ਚਾਹੀਦੇ ਹੋ:**

a) **ਪੇਸ਼ਕਸ਼ ਫਾਰਮ ਦੀ ਸਮੱਗਰੀ ਬਾਰੇ ਜਾਣਕਾਰੀ।**
b) **ਪ੍ਰਾਸਪੈਕਟ ਦੀ ਮਹੱਤਤਾ ਦਾ ਵਰਣਨ**
c) **ਬੀਮਾ ਪਾਲਸੀ ਦਸਤਾਵੇਜ਼ ਵਿੱਚ ਸ਼ਰਤਾਂ ਅਤੇ ਸ਼ਬਦਾਂ ਦੀ ਵਿਆਖਿਆ ਕਰਨੀ।**
d) **ਪਾਲਸੀ ਦੀਆਂ ਸ਼ਰਤਾਂ ਅਤੇ ਵਾਰੰਟੀਆਂ ਕਰਨ ਬਾਰੇ ਚਰਚਾ ਕਰਨੀ।**
e) **ਤਸਦੀਕ ਜਾਰੀ ਕਰਨ ਦੀ ਮਹੱਤਤਾ ਨੂੰ ਸਮਝਣਾ।**
f) **ਪ੍ਰੀਮੀਅਮ ਰਸੀਦ ਸਮਝਣਾ।**
g) **ਨਵਿਆਉਣ ਨੋਟਿਸ ਜਾਰੀ ਕਰਨ ਦੀ ਮਹੱਤਤਾ ਨੂੰ ਸਮਝਣਾ।**

## A. ਪੇਸ਼ਕਸ਼ ਫਾਰਮ

### 1. ਸਿਹਤ ਬੀਮਾ ਪੇਸ਼ਕਸ਼ ਫਾਰਮ

ਜਿਵੇਂ ਕਿ ਆਮ ਪਾਠਾਂ ਵਿੱਚ ਦੱਸਿਆ ਗਿਆ ਹੈ, ਪੇਸ਼ਕਸ਼ ਫਾਰਮ ਵਿੱਚ ਜਾਣਕਾਰੀ ਹੁੰਦੀ ਹੈ, ਜੋ ਕਿ ਬੀਮਾ ਕੰਪਨੀ ਲਈ ਦਿੱਤੇ ਜਾ ਰਹੇ ਬੀਮੇ ਲਈ ਜੋਖਮ ਨੂੰ ਮਨਜ਼ੂਰ ਕਰਨ ਲਈ ਫਾਇਦੇਮੰਦ ਹੁੰਦੀ ਹੈ। ਇੱਕ ਸਿਹਤ ਬੀਮਾ ਪਾਲਸੀ ਲਈ ਪ੍ਰਸਤਾਵ ਫਾਰਮ ਦੇ ਕੁਝ ਵੇਰਵੇ ਹੇਠਾਂ ਦਿੱਤੇ ਗਏ ਹਨ:

1. ਪੇਸ਼ਕਸ਼ ਫਾਰਮ ਵਿੱਚ ਪ੍ਰਾਸਪੈਕਟਸ ਹੁੰਦਾ ਹੈ, ਜਿਸ ਵਿੱਚ ਬੀਮਾ ਸੁਰੱਖਿਆ ਦੇ ਵੇਰਵੇ ਹੁੰਦੇ ਹਨ, ਜਿਵੇਂ ਕਿ ਬੀਮਾ-ਸੁਰੱਖਿਆ, ਅਲਹਿਦਗੀਆਂ, ਵਿਧਾਨ ਆਦਿ। ਪ੍ਰਾਸਪੈਕਟਸ ਪੇਸ਼ਕਸ਼ ਫਾਰਮ ਦਾ ਹਿੱਸਾ ਹੁੰਦਾ ਹੈ ਅਤੇ ਪੇਸ਼ਕਰਤਾ ਇਸ ਦੀ ਸਮੱਗਰੀ ਨੂੰ ਪੜ੍ਹਨ ਦੇ ਵਜੋਂ ਦਸਤਖਤ ਕਰਦਾ ਹੈ।
2. ਪੇਸ਼ਕਸ਼ ਫਾਰਮ ਵਿੱਚ ਨਾਂ, ਸਿਰਨਾਵਾਂ, ਅਹੁਦਾ, ਜਨਮ ਦੀ ਤਾਰੀਖ, ਲਿੰਗ ਅਤੇ ਪੇਸ਼ਕਸ਼ ਕਰਤਾ ਨਾਲ ਹਰ ਬੀਮਤ ਵਿਅਕਤੀ ਦੇ ਸੰਬੰਧ, ਮਹੀਨੇ ਦੀ ਔਸਤ ਆਮਦਨ ਅਤੇ ਆਮਦਨ ਟੈਕਸ ਪੈਨ ਨੰਬਰ, ਮੈਡਕੀਲ ਪਟੀਸ਼ਨਰ ਦਾ ਨਾਂ ਤੇ ਸਿਰਨਾਵਾਂ, ਉਸ ਦੀ ਯੋਗਤਾ ਤੇ ਰਜਿਸਟਰੇਸ਼ਨ ਨੰਬਰ ਦੀ ਜਾਣਕਾਰੀ ਹੁੰਦੀ ਹੈ। ਦਾਅਵੇ ਦੀ ਰਕਮ ਨੂੰ ਸਿੱਧਾ ਬੈਂਕ ਖਾਤੇ ਵਿੱਚ ਭੇਜਣ ਲਈ ਅੱਜਕੱਲ੍ਹ ਬੀਮਤ ਦੇ ਬੈਂਕ ਵੇਰਵੇ ਵੀ ਇਕੱਤਰ ਕੀਤੇ ਜਾਂਦੇ ਹਨ।
3. ਇਸ ਤੋਂ ਇਲਾਵਾ ਬੀਮਤ ਵਿਅਕਤੀ ਦੀ ਹਾਲਤ ਬਾਰੇ ਸਵਾਲ ਹੁੰਦੇ ਹਨ। ਫਾਰਮ ਵਿੱਚ ਵੇਰਵੇ ਸਮੇਤ ਸਵਾਲ ਦਾਅਵਿਆਂ ਤੋਂ ਬਾਅਦ ਦੇ ਤਜਰਬੇ ਉੱਤੇ ਅਧਾਰਿਤ ਹੁੰਦੇ ਹਨ ਅਤੇ ਜ਼ੋਖਿਮ ਦੇ ਦਰੁਸਤ ਅੰਡਰਰਾਈਟਿੰਗ ਨੂੰ ਪੂਰਾ ਕਰਦੇ ਹਨ।
4. ਜੇ ਬੀਮਤ ਵਿਅਕਤੀ ਫਾਰਮ ਵਿੱਚ ਦਿੱਤੀਆਂ ਬੀਮਾਰੀਆਂ ਵਿੱਚੋਂ ਕਿਸੇ ਤੋਂ ਪੀੜਤ ਹੋਵੇ ਤਾਂ ਉਸ ਨੂੰ ਪੂਰੇ ਵੇਰਵੇ ਦੇਣੇ ਜ਼ਰੂਰੀ ਹਨ।
5. ਇਸ ਤੋਂ ਇਲਾਵਾ ਹੇਠ ਦਿੱਤੀਆਂ ਵਿੱਚੋਂ ਕਿਸੇ ਵੀ ਬੀਮਾਰੀ ਤੋਂ ਪੀੜਤ ਜਾਂ ਹਾਦਸਾਗ੍ਰਸਿਤ ਹੋਣ ਦੇ ਵੇਰਵੇ ਮੰਗੇ ਜਾਂਦੇ ਹਨ:
    a. ਬੀਮਾਰੀ / ਸੱਟ ਦੀ ਕਿਸਮ ਅਤੇ ਇਲਾਜ
    b. ਇਲਾਜ ਦੀ ਪਹਿਲੀ ਤਾਰੀਖ
    c. ਇਲਾਜ ਕਰਨ ਵਾਲੇ ਡਾਕਟਰ ਦਾ ਨਾਂ ਅਤੇ ਸਿਰਨਾਵਾਂ
    d. ਕੀ ਪੂਰੀ ਤਰ੍ਹਾਂ ਠੀਕ ਹੋ ਗਏ ਸੀ
6. ਪੇਸ਼ਕਸ਼ਕਰਤਾ ਨੇ ਬੀਮਾਕਰਤਾ ਨੂੰ ਕੋਈ ਹੋਰ ਵਾਧੂ ਤੱਥ ਦੱਸਣੇ ਹੁੰਦੇ ਹਨ ਅਤੇ ਜੇ ਉਸ ਨੂੰ ਕਿਸੇ ਬੀਮਾਰੀ ਜਾਂ ਸੱਟ, ਜਿਸ ਲਈ ਮੈਡੀਕਲ ਦੇਖਭਾਲ ਦੀ ਲੋੜ ਹੋ ਸਕਦੀ ਹੈ, ਦੀ ਮੌਜੂਦਗੀ ਬਾਰੇ ਜਾਣਕਾਰੀ ਦੇਣੀ ਹੁੰਦੀ ਹੈ।

7. ਫਾਰਮ ਵਿੱਚ ਪੁਰਾਣੇ ਬੀਮੇ ਅਤੇ ਦਾਅਵੇ ਦੇ ਇਤਿਹਾਸ ਅਤੇ ਕਿਸੇ ਹੋਰ ਬੀਮਾਕਰਤਾ ਨਾਲ ਹੋਰ ਮੌਜੂਦ ਬੀਮੇ ਦੇ ਬਾਰੇ ਸਵਾਲ ਹੁੰਦੇ ਹਨ।
8. ਐਲਾਨ ਦੇ ਖ਼ਾਸ ਫ਼ੀਚਰਾਂ ਉੱਤੇ ਪੇਸ਼ਕਰਤਾ ਵਲੋਂ ਕੀਤੇ ਦਸਤਖਤਾਂ ਨੂੰ ਨੋਟ ਕੀਤਾ ਜਾਣਾ ਚਾਹੀਦਾ ਹੈ।
9. ਬੀਮਾ ਕਰਵਾਉਣ ਵਾਲਾ ਵਿਅਖਤੀ ਕਿਸੇ ਵੀ ਹਸਪਤਾਲ/ਡਾਕਟਰ, ਜਿਸ ਨੇ ਕਿਸੇ ਵੀ ਸਮੇਂ ਇਲਾਜ ਕੀਤਾ ਹੋਵੇ ਜਾਂ ਕਿਸੇ ਬੀਮਾਰੀ ਜਾਂ ਰੋਗ ਲਈ ਇਲਾਜ ਕੀਤਾ ਹੋਵੇ, ਜੋ ਉਹਦੀ ਸਰੀਰਿਕ ਜਾਂ ਦਿਮਾਗੀ ਸਿਹਤ ਨੂੰ ਪ੍ਰਭਾਵਿਤ ਕਰਦੀ ਹੋਵੇ, ਤੋਂ ਡਾਕਟਰੀ ਜਾਣਕਾਰੀ ਪ੍ਰਾਪਤ ਕਰਨ ਲਈ ਸਹਿਮਤੀ ਅਤੇ ਪ੍ਰਮਾਣਕਿਤਾ ਦਿੰਦਾ ਹੈ।
10. ਬੀਮਾ ਕਰਵਾਉਣ ਵਾਲਾ ਵਿਅਕਤੀ ਤਸਦੀਕ ਕਰਦਾ ਹੈ ਕਿ ਉਸ ਨੇ ਫਾਰਮ ਦੇ ਪ੍ਰਾਸਪੈਕਟ ਫਾਰਮ ਹਿੱਸੇ ਨੂੰ ਪੜ੍ਹ ਲਿਆ ਹੈ ਅਤੇ ਇਕਰਾਰ ਅਤੇ ਸ਼ਰਤਾਂ ਨੂੰ ਮੰਨਦਾ ਹੈ।
11. ਐਲਾਨ ਵਿੱਚ ਅਕਸਰ ਬਿਆਨਾਂ ਦੀ ਸੱਚਾਈ ਲਈ ਵਾਰੰਟੀ ਅਤੇ ਇਕਰਾਰ ਦੇ ਆਧਾਰ ਵਜੋਂ ਪੇਸ਼ਕਸ਼ ਫਾਰਮ ਸ਼ਾਮਲ ਹੁੰਦਾ ਹੈ।

2. ਮੈਡੀਕਲ ਸਵਾਲਨਾਮਾ

ਪੇਸ਼ਕਸ਼ ਫਾਰਮ ਵਿੱਚ ਉਲਟ ਪ੍ਰਭਾਵੀ ਮੈਡੀਕਲ ਅਤੀਤ ਹੋਣ ਦੀ ਹਾਲਤ ਵਿੱਚ ਬੀਮਾ ਕਰਤਾ ਨੂੰ ਡਾਇਬੇਟੀਜ਼, ਹਾਈਪਰਟੈਨਸ਼ਨ, ਛਾਤੀ ਦਾ ਦਰਦ ਜਾਂ ਕੋਰੋਨਰੀ ਦੀ ਸਮੱਸਿਆ ਜਾਂ ਦੌਰੇ ਦੀ ਰੁਕਾਵਟ (Myocardial Infarction) ਵਰਗੀਆਂ ਬੀਮਾਰੀਆਂ ਦੇ ਸੰਬੰਧ ਵਿੱਚ ਵੇਰਵੇ ਸਮੇਤ ਸਵਾਲਨਾਮੇ ਨੂੰ ਪੂਰਾ ਕਰਨਾ ਹੁੰਦਾ ਹੈ।

ਇਹਨਾਂ ਨੂੰ ਸਲਾਹਕਾਰ ਡਾਕਟਰ ਵਲੋਂ ਪੂਰੇ ਕੀਤੇ ਫਾਰਮ ਰਾਹੀਂ ਤਸਦੀਕ ਕੀਤਾ ਹੋਣਾ ਚਾਹੀਦਾ ਹੈ। ਇਹ ਫ਼ਾਰਮ ਨੂੰ ਕੰਪਨੀ ਦੇ ਪੈਨਲ ਡਾਕਟਰ ਵਲੋਂ ਜਾਂਚ ਕੀਤੀ ਹੈ, ਜਿਸ ਦੇ ਵਿਚਾਰ ਉੱਤੇ ਮਨਜ਼ੂਰੀ, ਅਲਹਿਦਗੀ ਆਦਿ ਦਾ ਫ਼ੈਸਲਾ ਕੀਤਾ ਜਾਂਦਾ ਹੈ।

| ਐਲਾਨ ਦਾ ਮਿਆਰੀ ਫਾਰਮ |
| --- |

IRDAI ਨੇ ਸਿਹਤ ਬੀਮਾ ਪੇਸ਼ਕਸ਼ ਵਿੱਚ ਮਿਆਰੀ ਐਲਾਨ ਦੇ ਰੂਪ ਨੂੰ ਹੇਠ ਦਿੱਤੇ ਮੁਤਾਬਕ ਨਿਰਧਾਰਿਤ ਕੀਤਾ ਹੈ:

1. ਮੈਂ / ਅਸੀਂ ਐਲਾਨ ਕਰਦੇ ਹਾਂ ਕਿ ਮੈਂ ਖੁਦ ਆਪਣੇ ਅਤੇ ਬੀਮਾ ਕਰਵਾਉਣ ਵਾਸਤੇ ਪੇਸ਼ਕਸ਼ ਕਰਨ ਵਾਲੇ ਸਾਰੇ ਵਿਅਕਤੀਆਂ ਦੇ ਤੌਰ 'ਤੇ, ਐਲਾਨ ਕਰਦਾ ਹਾਂ ਕਿ ਉੱਤੇ ਦਿੱਤੇ ਬਿਆਨ, ਜਵਾਬ ਅਤੇ /ਜਾਂ ਤੱਥ ਜੋ ਮੈਂ ਦਿੱਤੇ ਹਨ, ਮੇਰੀ ਜਾਣਕਾਰੀ ਦੇ ਮੁਤਾਬਕ ਹਰ ਪੱਖ ਤੋਂ ਸਹੀਂ ਅਤੇ ਪੂਰੇ ਹਨ, ਅਤੇ ਮੈਂ / ਅਸੀਂ ਹੋਰ ਵਿਅਕਤੀਆਂ ਦੇ ਤੌਰ ਉੱਤੇ ਪੇਸ਼ਕਸ਼ ਦੇਣ ਲਈ ਪਰਮਾਣਿਤ ਕਰਦਾ/ਕਰਦੀ/ਕਰਦੇ ਹਾਂ।
2. ਮੈਂ ਜਾਣਦਾ ਹਾਂ ਕਿ ਮੇਰੇ ਦੁਆਰਾ ਦਿੱਤੀ ਜਾਣਕਾਰੀ ਬੀਮਾ ਪਾਲਸੀ ਦਾ ਆਧਾਰ ਬਣੇਗੀ, ਬੀਮਾ ਕੰਪਨੀ ਦੀ ਭਾਈਵਾਲੀ ਪਾਲਸੀ ਦੇ ਮਨਜ਼ੂਰਸ਼ੁਦਾ ਬੋਰਡ ਦੇ ਅਧੀਨ ਹੈ ਅਤੇ ਇਹ ਕਿ ਪਾਲਸੀ ਕੇਵਲ ਪ੍ਰੀਮੀਅਰ ਖਰਚਿਆਂ ਦੇ ਪੂਰਨ ਪ੍ਰਾਪਤੀ ਤੋਂ ਬਾਅਦ ਪ੍ਰਭਾਵੀ ਹੋਵੇਗੀ।

3. ਮੈਂ/ ਅਸੀਂ ਐਲਾਨ ਕਰਦੇ ਹਾਂ ਕਿ ਮੈਂ / ਅਸੀਂ ਪੇਸ਼ਕਸ਼ ਪੇਸ਼ ਕੀਤੇ ਜਾਣ ਦੇ ਬਾਅਦ, ਪਰ ਕੰਪਨੀ ਵਲੋਂ ਜ਼ੋਖਮ ਮਨਜ਼ੂਰ ਕੀਤੇ ਜਾਣ ਦੀ ਜਾਣਕਾਰੀ ਦੇਣ ਤੋਂ ਪਹਿਲਾਂ ਰੁਜ਼ਗਾਰ, ਵਿੱਤੀ ਹਾਲਤ ਜਾਂ ਆਮ ਸਿਹਤ ਵਿੱਚ ਕਿਸੇ ਵੀ ਹੋਰ ਤਬਦੀਲੀ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕਰਾਂਗਾ/ਕਰਾਂਗੀ/ਕਰਾਂਗੇ।

4. ਮੈਂ / ਅਸੀਂ ਐਲਾਨ ਕਰਦੇ ਹਾਂ ਅਤੇ ਕੰਪਨੀ ਨੂੰ ਪੇਸ਼ਕਸ਼ ਅੰਡਰਰਾਈਟਿੰਗ ਅਤੇ ਦਾਅਵਾ-ਸਮਝੌਤੇ ਵਾਸਤੇ ਬੀਮਾ ਕਰਵਾਉਣ ਵਾਲੇ ਜਾਂ ਪੇਸ਼ਕਰਤਾ ਦਾ ਕਿਸੇ ਵੀ ਸਮੇਂ ਇਲਾਜ ਕਰਨ ਵਾਲੇ ਕਿਸੇ ਵੀ ਡਾਕਟਰ ਜਾਂ ਕਿਸੇ ਹਸਪਤਾਲ ਤੋਂ ਡਾਕਟਰੀ ਜਾਣਕਾਰੀ ਲੈਣ ਲਈ, ਜਾਂ ਬੀਮਾ ਕਰਵਾਉਣ ਵਾਲੇ ਜਾਂ ਪੇਸ਼ਕਰਤਾ ਦੀ ਸਰੀਰਿਕ ਜਾਂ ਮਾਨਸਿਕ ਹਾਲਤ ਨੂੰ ਪ੍ਰਭਾਵਿਤ ਕਰਨ ਵਾਲੀ ਕਿਸੇ ਵੀ ਚੀਜ਼ ਵਾਸਤੇ ਪੁਰਾਣੀ ਜਾਂ ਮੌਜੂਦਾ ਨੌਕਰੀ ਤੋਂ ਅਤੇ ਬੀਮਾ ਕਰਵਾਉਣ ਵਾਲੇ ਜਾਂ ਪੇਸ਼ਕਰਤਾ ਲਈ ਬੀਮੇ ਵਾਸਤੇ ਦਿੱਤੀ ਗਈ ਅਰਜ਼ੀ ਵਾਸਤੇ ਕਿਸੇ ਵੀ ਬੀਮਾ-ਅਧਿਕਾਰੀ ਤੋਂ ਜਾਣਕਾਰੀ ਲੈਣ ਲਈ ਸਹਿਮਤੀ ਦਿੰਦਾ/ਦਿੰਦੀ/ਦਿੰਦੇ ਹਾਂ।

5. ਮੈਂ/ਅਸੀਂ ਪੇਸ਼ਕਸ਼ ਭਾਈਵਾਲੀ ਦੇ ਇੱਕੋ ਇੱਕ ਮਕਸਦ ਲਈ ਅਤੇ/ਜਾਂ ਦਾਅਵੇ ਨੂੰ ਨਿਪਟਾਉਣ ਲਈ ਅਤੇ/ਜਾਂ ਨਿਆਂਇਕ ਅਥਾਰਟੀ ਨਾਲ ਮੈਡੀਕਲ ਰਿਪੋਰਟਾਂ ਸਮੇਤ ਮੇਰੇ ਪ੍ਰਸਤਾਵ ਨਾਲ ਸੰਬੰਧਿਤ ਜਾਣਕਾਰੀ ਨੂੰ ਸਾਂਝਾ ਕਰਨ ਦੇ ਲਈ ਕੰਪਨੀ ਨੂੰ ਅਧਿਕਾਰ ਦਿੰਦੇ ਹਾਂ।

### 3. ਪੇਸ਼ਕਸ਼ ਫਾਰਮ ਵਿੱਚ ਸਵਾਲਾਂ ਦੀ ਕਿਸਮ

ਪੇਸ਼ਕਸ਼ ਫਾਰਮ ਦੇ ਵਿੱਚ ਸਵਾਲਾਂ ਦੀ ਗਿਣਤੀ ਅਤੇ ਕਿਸਮ ਸਬੰਧਿਤ ਬੀਮੇ ਦੇ ਕਿਸਮ ਦੇ ਮੁਤਾਬਕ ਵੱਖ-ਵੱਖ ਹੋ ਸਕਦੀ ਹੈ। ਬੀਮਾ ਕੀਤੀ ਰਕਮ ਪਾਲਸੀ ਦੇ ਅਧੀਨ ਬੀਮਾਕਰਤਾ ਦੀ ਦੇਣਦਾਰੀ ਹੱਦ ਨੂੰ ਦਰਸਾਉਂਦੀ ਹੈ ਅਤੇ ਇਸ ਨੂੰ ਸਭ ਪੇਸ਼ਕਸ਼ ਫਾਰਮਾਂ ਵਿੱਚ ਦੱਸਿਆ ਹੁੰਦਾ ਹੈ।

ਨਿੱਜੀ ਪਾਸੇ, ਜਿਵੇਂ ਕਿ ਸਿਹਤ, ਨਿੱਜੀ ਹਾਦਸਾ ਤੇ ਯਾਤਰਾ ਬੀਮਾ ਆਦਿ, ਪੇਸ਼ਕਸ਼ ਫਾਰਮਾਂ ਨੂੰ ਪੇਸ਼ਕਰਤਾ ਦੀ ਸਿਹਤ, ਜੀਵਨ ਸ਼ੈਲੀ ਤੇ ਆਦਤਾਂ, ਪਹਿਲਾਂ-ਮੌਜੂਦਾ ਸਿਹਤ ਹਾਲਤ, ਡਾਕਟਰੀ ਅਤੀਤ, ਜੱਦੀ ਲੱਛਣ, ਪੁਰਾਣੇ ਸਿਹਤ ਬੀਮਾ ਤਜਰਬੇ ਆਦਿ ਦੀ ਜਾਣਕਾਰੀ ਲੈਣ ਲਈ ਤਿਆਰ ਕੀਤਾ ਹੁੰਦਾ ਹੈ। ਪੇਸ਼ਕਸ਼ਕਰਤਾ ਦਾ ਕੰਮ, ਅਹੁਦਾ ਜਾਂ ਵਪਾਰ ਮਹੱਤਵਪੂਰਨ ਹੁੰਦਾ ਹੈ, ਕਿਉਂਕਿ ਇਹ ਜ਼ੋਖਿਮ ਲਈ ਪ੍ਰਮੁੱਖ ਅਸਰ ਪਾ ਸਕਦਾ ਹੈ।

**ਮਿਸਾਲ 1**

- ✓ ਫਾਸਟ-ਫੂਡ ਰੈਸਟਰਾਂ ਦੇ ਡਿਲਵਰੀ ਕਰਨ ਵਾਲੇ ਵਿਅਕਤੀ, ਜਿਸ ਨੂੰ ਆਪਣੇ ਗਾਹਕਾਂ ਨੂੰ ਭੋਜਣ ਪਹੁੰਚਣ ਲਈ ਅਕਸਰ ਤੇਜ਼ ਗਤੀ ਨਾਲ ਮੋਟਰ ਬਾਈਕ ਉੱਤੇ ਯਾਤਰਾ ਕਰਨੀ ਹੁੰਦੀ ਹੈ, ਨੂੰ ਹਾਦਸਾ ਦੀ ਸੰਭਾਵਨਾ ਉਸੇ ਰੈਸਟਰਾਂ ਵਿੱਚ ਅਕਾਊਂਟੈਂਟ ਦਾ ਕੰਮ ਕਰਨ ਵਾਲੇ ਨਾਲੋਂ ਵੱਧ ਹੈ।
- ✓ ਕੋਲੇ ਦੀ ਖਾਣ ਜਾਂ ਸੀਮੈਂਟ ਪਲਾਂਟ ਵਿੱਚ ਕੰਮ ਕਰਨ ਵਾਲੇ ਵਿਅਕਤੀ ਨੂੰ ਧੂੜ ਕਣਾਂ ਦਾ ਸਾਹਮਣਾ ਕਰਨ ਕਰਕੇ ਫੇਫੜਿਆਂ ਦੀਆਂ ਬੀਮਾਰੀਆਂ ਹੋ ਸਕਦੀਆਂ ਹਨ।

**ਮਿਸਾਲ 2**

- ✓ ਵਿਦੇਸ਼ੀ ਯਾਤਰਾ ਬੀਮੇ ਦੇ ਲਈ ਪੇਸ਼ਕਰਤਾ ਨੂੰ ਦੱਸਣਾ ਪੈਂਦਾ ਹੈ (ਕੌਣ ਯਾਤਰਾ ਕਰ ਰਿਹਾ, ਕਦੋਂ, ਕਿਸ ਦੇਸ਼ ਦੀ, ਕਿਸ ਮਕਸਦ ਲਈ) ਜਾਂ
- ✓ ਸਿਹਤ ਬੀਮੇ ਦੇ ਮਕਸਦ ਲਈ, ਪੇਸ਼ਕਰਤਾ ਨੂੰ ਉਸ ਦੀ ਸਿਹਤ (ਵਿਅਕਤੀ ਦਾ ਨਾਂ, ਸਿਰਨਾਵਾਂ, ਪਛਾਣ ਆਦਿ) ਬਾਰੇ ਲੋੜ ਮੁਤਾਬਕ ਪੁੱਛਿਆ ਜਾਂਦਾ ਹੈ।

**ਮਿਸਾਲ 3**

- ✓ ਸਿਹਤ ਲਈ ਬੀਮਾ ਲਈ ਇਹ ਹਸਪਤਾਲ ਇਲਾਜ ਦਾ ਖਰਚਾ ਹੋ ਸਕਦਾ ਹੈ, ਜਦੋਂ ਕਿ ਨਿੱਜੀ ਹਾਦਸਾ ਬੀਮੇ ਵਿੱਚ ਹਾਦਸਾ ਹੋਣ ਦੀ ਸੂਰਤ ਵਿੱਚ ਇਹ ਜੀਵਨ ਸਮਾਪਤ ਹੋਣ, ਅਪੰਗ ਹੋਣ ਜਾਂ ਅੱਖ ਦੀ ਨਿਗ੍ਹਾ ਖਤਮ ਹੋਣ ਉੱਤੇ ਉੱਕੀ-ਪੁੱਕੀ ਰਕਮ ਹੋ ਸਕਦੀ ਹੈ।

### a) ਪੁਰਾਣਾ ਅਤੇ ਮੌਜੂਦਾ ਬੀਮਾ

ਪੇਸ਼ਕਰਤਾ ਨੂੰ ਬੀਮਾਕਰਤਾ ਨੂੰ ਆਪਣੇ ਪਿਛਲੇ ਬੀਮੇ ਬਾਰੇ ਵੇਰਵੇ ਸਮੇਤ ਜਾਣਕਾਰੀ ਦੇਣ ਦੀ ਲੋੜ ਹੁੰਦੀ ਹੈ। ਇਹ ਉਸ ਦੇ ਬੀਮੇ ਦੇ ਅਤੀਤ ਬਾਰੇ ਸਮਝਣ ਲਈ ਹੈ। ਕੁਝ ਬਾਜ਼ਾਰਾਂ ਵਿੱਚ, ਪ੍ਰਣਾਲੀ ਹੁੰਦੀ ਹੈ, ਜਿਸ ਰਾਹੀਂ ਬੀਮਾਕਰਤਾ ਗੁਪਤ ਰੂਪ ਵਿੱਚ ਬੀਮਤ ਦੇ ਬਾਰੇ ਜਾਣਕਾਰੀ ਸਾਂਝੀ ਕਰਦੇ ਹਨ।

ਪੇਸ਼ਕਰਤਾ ਨੂੰ ਇਹ ਵੀ ਦੱਸਣ ਦੀ ਲੋੜ ਹੁੰਦੀ ਹੈ ਕਿ ਕਿਸੇ ਬੀਮਾਕਰਤੇ ਨੇ ਉਸ ਦੀ ਪੇਸ਼ਕਸ਼ ਨੂੰ ਰੱਦ ਕੀਤੀ ਸੀ, ਖਾਸ ਸ਼ਰਤਾਂ ਲਗਾਈਆਂ ਸੀ, ਨਵਿਆਉਣ ਉੱਤੇ ਪ੍ਰੀਮੀਅਮ ਵਧਾਇਆ ਸੀ ਜਾਂ ਨਵਿਆਉਣ ਤੋਂ ਇਨਕਾਰ ਕੀਤਾ ਜਾਂ ਪਾਲਸੀ ਰੱਦ ਕੀਤੀ ਸੀ। ਕਿਸੇ ਹੋਰ ਬੀਮਾਕਰਤਾ ਨਾਲ ਮੌਜੂਦਾ ਬੀਮੇ ਬਾਰੇ ਵੇਰਵੇ, ਜਿਸ ਵਿੱਚ ਬੀਮਾਕਰਤਾ ਦਾ ਨਾਂ ਸ਼ਾਮਿਲ ਹੈ, ਦੀ ਵੀ ਦੱਸਣ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ, ਨਿੱਜੀ ਹਾਦਸਾ ਬੀਮੇ ਵਿੱਚ ਬੀਮਾਕਰਤਾ ਬੀਮਾ ਸੁਰੱਖਿਆ ਦੀ ਰਕਮ (ਬੀਮਾ ਕੀਤੀ ਰਕਮ) ਨੂੰ ਉਸੇ ਬੀਮਤ ਵਲੋਂ ਲਈਆਂ ਗਈਆਂ ਹੋਰ ਪੀਏ ਪਾਲਸੀਆਂ ਦੇ ਅਧੀਨ ਬੀਮਤ ਰਕਮ ਦੇ ਮੁਤਾਬਕ ਸੀਮਿਤ ਕਰ ਸਕਦਾ ਹੈ।

### b) ਦਾਅਵੇ ਦਾ ਤਜਰਬਾ

ਪੇਸ਼ਕਰਤਾ ਨੂੰ ਉਸ ਨੂੰ ਪਏ ਸਭ ਘਾਟੇ ਬਾਰੇ ਪੂਰੇ ਵੇਰਵੇ ਨੂੰ ਐਲਾਨਣ ਲਈ ਪੁੱਛਿਆ ਜਾਂਦਾ ਹੈ, ਭਾਵੇਂ ਉਹਨਾਂ ਦਾ ਬੀਮਾ ਹੋਇਆ ਹੋਵੇ ਜਾਂ ਨਾ। ਇਹ ਬੀਮਾਕਰਤਾ ਨੂੰ ਬੀਮੇ ਦੀ ਵਿਸ਼ਾ-ਵਸਤੂ ਬਾਰੇ ਜਾਣਕਾਰੀ ਦੇਵੇਗਾ ਅਤੇ ਦੱਸੇਗਾ ਕਿ ਬੀਮਤ ਨੇ ਪਹਿਲਾਂ ਜੋਖਮ ਦਾ ਪ੍ਰਬੰਧ ਕਿਵੇਂ ਕੀਤਾ ਸੀ। ਇਸ ਦਾ ਭਾਵ ਹੈ ਕਿ ਬੀਮਾ ਕੰਪਨੀ ਦਾ ਫ਼ਰਜ਼ ਹੈ ਕਿ ਸਭ ਜਾਣਕਾਰੀਆਂ ਰਿਕਾਰਡ ਕੀਤੀਆਂ ਜਾਣ, ਭਾਵੇਂ ਜ਼ੁਬਾਨੀ ਹੀ ਹੋਣ, ਜੋ ਕਿ ਏਜੰਟ ਨੂੰ ਅਗਲੀਆਂ ਕਾਰਵਾਈਆਂ ਦੌਰਾਨ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

## B. ਪੇਸ਼ਕਸ਼ ਦੀ ਮਨਜ਼ੂਰੀ (ਅੰਡਰਰਾਈਟਿੰਗ)

ਪੂਰੇ ਕੀਤੇ ਪੇਸ਼ਕਸ਼ ਫਾਰਮ ਵਿੱਚ ਸੰਖੇਪ ਵਿੱਚ ਹੇਠ ਦਿੱਤੇ ਜਾਣਕਾਰੀ ਦਿੱਤੀ ਜਾਂਦੀ ਹੈ:

- ✓ ਬੀਮਤ ਦਾ ਵੇਰਵਾ
- ✓ ਵਿਸ਼ਾ-ਵਸਤੂ ਬਾਰੇ ਵੇਰਵਾ
- ✓ ਲੋੜੀਂਦੀ ਬੀਮਾ ਸੁਰੱਖਿਆ ਦੀ ਕਿਸਮ
- ✓ ਸਰੀਰਿਕ ਫ਼ੀਚਰ ਸਕਾਰਾਤਮਕ ਅਤੇ ਨਕਾਰਾਤਮਕ ਦੋਵਾਂ ਦੇ ਵੇਰਵੇ
- ✓ ਬੀਮੇ ਅਤੇ ਦਾਅਵੇ ਦੇ ਤਜਰਬਾ ਦਾ ਪਿਛਲਾ ਇਤਿਹਾਸ

ਸਿਹਤ ਬੀਮਾ ਪੇਸ਼ਕਸ਼ ਦੇ ਕੇਸ ਵਿੱਚ ਬੀਮਾਕਰਤਾ ਸੰਭਾਵਿਤ ਗਾਹਕ ਜਿਵੇਂ ਜੋ 45 ਸਾਲ ਦੀ ਉਮਰ ਤੋਂ ਵੱਧ ਹੋਵੇ, ਨੂੰ ਡਾਕਟਰ ਅਤੇ/ਜਾਂ ਮੈਡੀਕਲ ਚੈਕਅੱਪ ਕਰਵਾਉਣ ਲਈ ਕਹਿ ਸਕਦਾ ਹੈ। ਪੇਸ਼ਕਸ਼ ਵਿੱਚ ਮੌਜੂਦ ਜਾਣਕਾਰੀ ਦੇ ਆਧਾਰ ਉੱਤੇ, ਜਿੱਥੇ ਮੈਡੀਕਲ ਚੈਕ-ਅੱਪ ਕਰਵਾਉਣਾ ਹੋਵੇ, ਮੈਡੀਕਲ ਰਿਪੋਰਟ ਦੇ ਆਧਾਰ ਅਤੇ ਡਾਕਟਰ ਦੀ ਸਿਫਾਰਸ਼ ਉੱਤੇ, ਬੀਮਾਕਰਤਾ ਫ਼ੈਸਲਾ ਲੈਂਦਾ ਹੈ। ਕਈ ਵਾਰ, ਜਿੱਥੇ ਮੈਡੀਕਲ ਅਤੀਤ ਤਸੱਲੀਬਖ਼ਸ਼ ਨਾ ਹੋਵੇ, ਸੰਭਾਵਿਤ ਗਾਹਕ ਤੋਂ ਲੋੜੀਂਦੀ ਹੋਰ ਜਾਣਕਾਰੀ ਲੈਣ ਲਈ ਵਾਧੂ ਸਵਾਲਾਨਾਮਾ ਭਰਨਾ ਜ਼ਰੂਰੀ ਹੁੰਦਾ ਹੈ। ਬੀਮਾਕਰਤਾ ਤਦ ਜੋਖਮ ਗੁਣਾਂਕ ਉੱਤੇ ਲਾਗੂ ਹੋਣ ਵਾਲੀ ਦਰ ਅਤੇ ਕਈ ਕਾਰਨ ਹਨ ਦੇ ਆਧਾਰ ਉੱਤੇ ਪ੍ਰੀਮੀਅਮ ਕੱਢਦਾ ਹੈ, ਜਿਸ ਨੂੰ ਤਦ ਬੀਮਤ ਨੂੰ ਭੇਜ ਦਿੱਤਾ ਜਾਂਦਾ ਹੈ।

## C. ਪ੍ਰਾਸਪੈਕਟ

ਪ੍ਰਾਸਪੈਕਟ ਬੀਮਾਕਰਤਾ ਜਾਂ ਉਸ ਦੇ ਵਜੋਂ ਬੀਮੇ ਦੇ ਸੰਭਾਵਿਤ ਖਰੀਦਦਾਰ ਨੂੰ ਜਾਰੀ ਕੀਤਾ ਦਸਤਾਵੇਜ਼ ਹੁੰਦਾ ਹੈ। ਇਹ ਅਕਸਰ ਕਿਤਾਬਚਾ ਜਾਂ ਬਰੋਸ਼ਰ ਹੁੰਦਾ ਹੈ ਜਾਂ ਇਹ ਇਲੈਕਟ੍ਰੋਨਿਕ ਰੂਪ ਵਿੱਚ ਵੀ ਹੋ ਸਕਦਾ ਹੈ ਅਤੇ ਇਹ ਸੰਭਾਵਿਤ ਗਾਹਕਾਂ ਨੂੰ ਉਤਪਾਦ ਨਾਲ ਜਾਣ-ਪਛਾਣ ਕਰਵਾਉਣ ਦੇ ਕੰਮ ਆਉਂਦਾ ਹੈ। ਪ੍ਰਾਸਪੈਕਟ ਦੇ ਮੁੱਦੇ ਬੀਮਾ ਕਾਨੂੰਨ 1938 ਦੇ ਨਾਲ -ਨਾਲ ਪਾਲਸੀਧਾਰਕਾਂ ਦੀ ਵਿਆਜ ਰੈਗੂਲੇਸ਼ਨ 2017 ਅਤੇ IRDAI ਦੇ ਸਿਹਤ ਬੀਮਾ ਰੈਗੂਲੇਸ਼ਨ 2016 ਦੀ ਸੁਰੱਖਿਆ ਦੁਆਰਾ ਸੰਚਾਲਿਤ ਹੁੰਦੇ ਹਨ। ਸਿਹਤ ਪਾਲਸੀਆਂ ਦੇ ਬੀਮਾਕਰਤਾ ਆਮ ਤੌਰ 'ਤੇ ਆਪਣੇ ਸਿਹਤ ਬੀਮੇ ਦੇ ਉਤਪਾਦਾਂ ਦੇ ਬਾਰੇ ਪ੍ਰਾਸਪੈਕਟ ਪ੍ਰਕਾਸ਼ਿਤ ਕਰਦੇ ਹਨ। ਇਹਨਾਂ ਕੇਸਾਂ ਵਿੱਚ ਪੇਸ਼ਕਸ਼ ਫਾਰਮ ਵਿੱਚ ਐਲਾਨ ਹੋਵੇਗਾ ਕਿ ਗਾਹਕ ਨੇ ਪ੍ਰਾਸਪੈਕਟ ਨੂੰ ਪੜ੍ਹ ਲਿਆ ਹੈ ਅਤੇ ਇਸ ਨਾਲ ਸਹਿਮਤ ਹੈ।

ਜਿਵੇਂ ਪਾਠ 4 ਵਿੱਚ ਵਿਚਾਰਿਆ ਗਿਆ ਹੈ ਕਿ ਬੀਮਾ ਐਕਟ, 1938 ਦਾ ਭਾਗ 64 VB ਨਿਰਧਾਰਿਤ ਕਰਦਾ ਹੈ ਕਿ ਪ੍ਰੀਮੀਅਮ ਪੇਸ਼ਗੀ ਦੇ ਰੂਪ ਵਿੱਚ ਇਕੱਤਰ ਕੀਤਾ ਜਾਣਾ ਚਾਹੀਦਾ ਹੈ। ਪਰ ਕੋਵਿਡ-19 ਮਹਾਂਮਾਰੀ ਦੇ ਹਾਲਤਾਂ ਵਿੱਚ ਸਿਹਤ ਬੀਮਾ ਪ੍ਰੀਮੀਅਮ ਦੇ ਭੁਗਤਾਨ ਨੂੰ ਸੌਖਾ ਕਰਨ ਲਈ IRDAI ਨੇ ਬੀਮਾਕਰਤਾ ਨੂੰ ਨਿੱਜੀ ਸਿਹਤ ਬੀਮਾ ਉਤਪਾਦਾਂ ਦੇ ਪ੍ਰੀਮੀਅਮ ਨੂੰ ਕਿਸ਼ਤਾਂ ਵਿੱਚ ਲੈਣ ਦੀ ਇਜਾਜ਼ਤ ਦਿੱਤੀ ਸੀ। ਇਹ ਵੀ ਜ਼ਰੂਰੀ ਬਣਾਇਆ ਗਿਆ ਸੀ ਕਿ ਬੀਮਾ ਕੰਪਨੀਆਂ ਕਿਸ਼ਤਾਂ ਵਿੱਚ ਪ੍ਰੀਮੀਅਮ ਦੇ ਭੁਗਤਾਨ ਦੀ ਸਹੂਲਤ ਦੇਣ ਬਾਰੇ ਅਤੇ ਇਸ ਨਾਲ ਸੰਬੰਧਿਤ ਸ਼ਰਤਾਂ

ਬਾਰੇ ਐਲਾਨ ਆਪਣੀਆਂ ਵੈੱਬਸਾਈਟਾਂ ਉੱਤੇ ਕਰਨਗੀਆਂ। ਇਹ ਸਹੂਲਤ ਸਾਰੇ ਪਾਲਸੀਧਾਰਕਾਂ ਨੂੰ ਬਿਨਾਂ ਭੇਦਭਾਵ ਦੇ ਦਿੱਤੀ ਜਾਵੇਗੀ।

## D. ਪਾਲਸੀ ਦਸਤਾਵੇਜ਼

IRDAI ਰੈਗੂਲੇਸ਼ਨ ਦੁਆਰਾ ਪਾਲਸੀਧਾਰਕ ਦੇ ਹਿੱਤਾਂ ਦੀ ਸੁਰੱਖਿਆ ਦੇ ਕਨੂੰਨ 2017 ਵਿੱਚ ਨਿਰਧਾਰਿਤ ਕੀਤਾ ਗਿਆ ਹੈ ਕਿ ਸਿਹਤ ਬੀਮਾ ਪਾਲਸੀ ਵਿੱਚ ਇਹ ਹੋਣਾ ਚਾਹੀਦਾ ਹੈ:

a) ਬੀਮਤ ਅਤੇ ਵਿਸ਼ਾ ਵਸਤੂ ਵਿੱਚ ਬੀਮਾ ਹਿੱਤ ਰੱਖਣ ਵਾਲੇ ਕਿਸੇ ਵੀ ਹੋਰ ਵਿਅਕਤੀ ਦਾ ਨਾਂ ਅਤੇ ਸਿਰਨਾਵਾਂ/ਸਿਰਨਾਵੇਂ

b) ਲੋਕਾਂਜਾਂ  ਬੀਮਾ ਕਰਵਾਏ ਹਿੱਤ ਦਾ ਪੂਰਾ ਵੇਰਵਾ

c) ਪਾਲਸੀ ਵਿਅਕਤੀ ਅਤੇ /ਜਾਂ ਜੋਖਮ ਅਨੁਸਾਰ ਦੇ ਅਧੀਨ ਬੀਮਤ ਰਾਸ਼ੀ

d) ਉਤਪਾਦ ਦਾ UIN, ਨਾਂ, ਕੋਡ ਨੰਬਰ, ਵਿਕਰੀ ਕਾਰਵਾਈ ਵਿੱਚ ਸ਼ਾਮਲ ਵਿਅਕਤੀ ਦੇ ਸੰਪਰਕ ਵੇਰਵੇ;

e) ਬੀਮਤ ਦੀ ਜਨਮ ਦੀ ਤਾਰੀਖ ਅਤੇ ਪੂਰੇ ਸਾਲ ਵਿੱਚ ਸੰਬੰਧਿਤ ਉਮਰ;

f) ਬੀਮੇ ਦਾ ਅੰਤਰਾਲ ਅਤੇ ਤਾਰੀਖ, ਜਿਸ ਤੋਂ ਪਾਲਸੀਧਾਰਕ ਨੇ ਭਾਰਤ ਵਿੱਚ ਕਿਸੇ ਵੀ ਬੀਮਾਕਰਤਾ ਤੋਂ ਬਿਨਾਂ ਵਿੱਥ ਪਾਏ ਸਿਹਤ ਬੀਮਾ ਸੁਰੱਖਿਆ ਲਗਾਤਾਰ ਹਾਸਲ ਕੀਤੀ ਹੈ।

g) ਅਧੀਨ-ਹੱਦ, ਅਨੁਸਾਰੀ ਕਟੌਤੀਆਂ ਅਤੇ ਪੈਕੇਜ ਦਰਾਂ ਦੀ ਮੌਜੂਦਗੀ, ਜੇ ਕੋਈ ਹੈ ਤਾਂ, ਦੇ ਬਾਰੇ ਸੰਬੰਧਿਤ ਪਾਲਸੀ ਭਾਗ ਵਿੱਚ ਹਵਾਲੇ ਦੇ ਨਾਲ;

h) ਸਹਿ-ਭੁਗਤਾਨ ਹੱਦ, ਜੇ ਕੋਈ ਹੈ;

i) ਪਹਿਲਾਂ ਮੌਜੂਦ ਬੀਮਾਰੀ (PED) ਦਾ ਉਡੀਕ ਅੰਤਰਾਲ, ਜੇ ਲਾਗੂ ਹੋਵੇ;

j) ਖਾਸ ਉਡੀਕ ਅੰਤਰਾਲ ਜਿਵੇਂ ਲਾਗੂ ਹੋਵੇ;

k) ਕਟੌਤੀਆਂ ਲਾਗੂ ਹੋਣ ਮੁਤਾਬਕ - ਆਮ ਤੇ ਖਾਸ, ਜੇ ਕੋਈ ਸੰਕਟ ਲਈ ਬੀਮਾ-ਸੁਰੱਖਿਆ ਹੈ ਅਤੇ ਅਲਹਿਦਗੀਆਂ

l) ਦੇਣਯੋਗ ਪ੍ਰੀਮੀਅਮ ਅਤੇ ਜਿੱਥੇ ਵੀ ਪ੍ਰੀਮੀਅਮ ਆਰਜ਼ੀ ਹੋਵੇ, ਜਿਸ ਨੂੰ ਬਦਲਣ ਦੀ ਸੰਭਾਵਨਾ ਹੋਵੇ, ਪ੍ਰੀਮੀਅਮ ਦੀ ਅਡਜੱਸਟਮੈਂਟ ਦਾ ਅਧਾਰ ਕਿਸ਼ਤਾਂ ਦੇ ਅੰਤਰਾਲ ਨਾਲ, ਜੇ ਕੋਈ ਹੋਣ;

m) ਪਾਲਸੀ ਨਿਯਮ, ਸ਼ਰਤਾਂ ਅਤੇ ਵਾਰੰਟੀਆਂ

n) ਬੀਮਤ ਵਲੋਂ ਅਚਨਚੇਤ ਵਾਪਰੀ ਘਟਨਾ ਹੋਣ ਦੇ ਹਾਲਤ ਵਿੱਚ ਕੀਤੀ ਜਾਣ ਵਾਲੀ ਕਾਰਵਾਈ ਅਕਸਰ ਪਾਲਸੀ ਦੇ ਅਧੀਨ ਦਾਅਵਾ ਕਰਨਾ ਹੁੰਦਾ ਹੈ

o) ਬੀਮਾ ਕਾਰਵਾਈ ਵਿਸ਼ਾ-ਵਸਤੂ ਦੇ ਸਬੰਧ ਵਿੱਚ ਦਾਅਵਾ ਕਰਨ ਦੀ ਕਿਸੇ ਵੀ ਘਟਨਾ ਕਰਨ ਦੇ ਸਮੇਂ ਬੀਮਤ ਦੀ ਜ਼ਿੰਮੇਵਾਰੀ ਅਤੇ ਹਾਲਤਾਂ ਵਿੱਚ ਬੀਮਾ ਕਰਤਾ ਦੇ ਹੱਕ

p) ਕੋਈ ਖਾਸ ਸ਼ਰਤਾਂ

q) ਗਲਤ ਜਾਣਕਾਰੀ ਦੇਣ, ਧੋਖਾ, ਪ੍ਰਮੁੱਖ ਤੱਥਾਂ ਬਾਰੇ ਨਾ ਜਾਣਕਾਰੀ ਦੇਣ ਜਾਂ ਬੀਮਤ ਦੇ ਨਾ-ਸਹਿਯੋਗ ਦੇ ਅਧਾਰ ਉੱਤੇ ਪਾਲਸੀ ਨੂੰ ਰੱਦ ਕਰਨ ਦੇ ਨਿਯਮ

r) ਰਾਈਡਰ ਦਾ ਵੇਰਵਾ, ਜੇ ਕੋਈ ਹੈ

s) ਸ਼ਿਕਾਇਤ ਨਿਪਟਾਰਾ ਢੰਗ ਦਾ ਵੇਰਵਾ ਅਤੇ ਲੋਕਪਾਲ ਦਾ ਸਿਰਨਾਵਾਂ

t) ਬੀਮਾਕਰਤਾ ਦੇ ਸ਼ਿਕਾਇਤ ਨਿਪਟਾਰਾ ਢੰਗ ਦਾ ਵੇਰਵੇ;

u) ਮੁਕਤ-ਜਾਂਚ ਸਮਾਂ ਅਤੇ ਪੋਰਟ ਕਰਨ ਦੀਆਂ ਸ਼ਰਤਾਂ;

v) ਪਾਲਸੀ ਮਾਈਗਰੇਟ ਕਰਨ ਦੀ ਸਹੂਲਤ ਤੇ ਸ਼ਰਤਾਂ ਜਿੱਥੇ ਵੀ ਲਾਗੂ ਹੋਣ।

## E. ਸ਼ਰਤਾਂ ਤੇ ਵਾਰੰਟੀਆਂ

ਇੱਥੇ, ਪਾਲਸੀ ਦੀਆਂ ਸੈਟਿੰਗਾਂ ਵਿੱਚ ਵਰਤੇ ਗਏ ਦੋ ਮਹੱਤਵਪੂਰਨ ਨਿਯਮਾਂ ਬਾਰੇ ਦੱਸਣਾ ਜਰੂਰੀ ਹੈ। ਇਹਨਾਂ ਨੂੰ ਸ਼ਰਤਾਂ ਅਤੇ ਵਾਰੰਟੀਆਂ ਕਿਹਾ ਜਾਂਦਾ ਹੈ।

1. ਸ਼ਰਤ: ਸ਼ਰਤ ਬੀਮਾ ਇਕਰਾਰ ਵਿੱਚ ਵਿਧਾਨ ਹੈ, ਜੋ ਕਿ ਇਕਰਾਰਨਾਮੇ ਦਾ ਆਧਾਰ ਬਣਦਾ ਹੈ।

ਉਦਾਹਰਨ:

a. ਜ਼ਿਆਦਾਤਰ ਬੀਮਾ ਪਾਲਸੀਆਂ ਦੀਆਂ ਮਿਆਰੀ ਸ਼ਰਤਾਂ ਵਿੱਚੋਂ ਇੱਕ ਵਿੱਚ ਕਿਹਾ ਗਿਆ ਹੈ:

ਜੇਕਰ ਦਾਅਵੇ ਦਾ ਕਿਸੇ ਵੀ ਧੋਖਾਧੜੀ ਨਾਲ ਸੰਬੰਧ ਹੋਵੇ, ਜਾਂ ਕੋਈ ਵੀ ਗ਼ਲਤ ਘੋਸ਼ਣਾ ਕੀਤੀ ਹੋਵੇ, ਜਾਂ ਉਹਨਾਂ ਦੇ ਸਮਰੱਥਨ ਵਿੱਚ ਇਸਤੇਮਾਨ ਕੀਤਾ ਗਿਆ ਹੋਵੇ, ਜਾਂ ਕੋਈ ਵੀ ਧੋਖਾ ਦਿੱਤਾ ਗਿਆ ਹੋਵੇ, ਜਾਂ ਬੀਮਤ ਦੁਆਰਾ ਉੱਪਕਰਨਾਂ ਨੂੰ ਵਰਤਿਆ ਗਿਆ ਹੋਵੇ, ਜਾਂ ਕੋਈ ਵੀ ਉਸਦੀ ਬਿਨਾ ਉੱਤੇ ਪਾਲਸੀ ਦੇ ਅਧੀਨ ਕੋਈ ਵੀ ਲਾਭ ਪ੍ਰਾਪਤ ਕਰਨ ਲਈ ਕੰਮ ਕਰ ਰਿਹਾ ਹੋਵੇ, ਜਾਂ ਨੁਕਸਾਨ ਜਾਂ ਘਾਟੇ ਦੀ ਕਾਰਵਾਈ ਜਾਣਬੁਝ ਕੇ, ਜਾਂ ਬੀਮਤ ਦੀ ਸਹੂਲਤ ਨਾਲ ਕੀਤੀ ਗਈ ਹੋਵੇ, ਤਾਂ ਇਸ ਪਾਲਸੀ ਦੇ ਅਧੀਨ ਮਿਲਣ ਵਾਲੇ ਸਾਰੇ ਲਾਭ ਜ਼ਬਤ ਕਰ ਲਏ ਜਾਣਗੇ।

b. ਇੱਕ ਸਿਹਤ ਪਾਲਸੀ ਵਿੱਚ ਦਾਅਵੇ ਦੀ ਸੂਚਨਾ ਦੀ ਸ਼ਰਤ ਇਹ ਹੋ ਸਕਦੀ ਹੈ:

ਦਾਅਵਾ ਹਸਪਤਾਲ ਤੋਂ ਛੁੱਟੀ ਮਿਲਣ ਦੀ ਤਾਰੀਖ ਦੇ ਕੁਝ ਖਾਸ ਦਿਨਾਂ ਵਿੱਚ ਵਿੱਚ ਕੀਤਾ ਜਾਣਾ ਚਾਹੀਦਾ ਹੈ। ਪਰ ਇਸ ਸ਼ਰਤ ਤੋਂ ਛੋਟ ਦੇਣ ਲਈ ਔਖਿਆਈ ਦੇ ਖਾਸ ਕੇਸਾਂ ਵਿੱਚ ਵਿਚਾਰ ਕੀਤੀ ਜਾ ਸਕਦੀ ਹੈ।

ਸ਼ਰਤ ਦੀ ਉਲੰਘਣਾ ਬੀਮਾ ਕਰਤਾ ਦੇ ਵਿਕਲਪ ਉੱਤੇ ਪਾਲਸੀ ਨੂੰ ਪ੍ਰਭਾਵਹੀਣ ਬਣਾਉਂਦੀ ਹੈ।

2. ਵਾਰੰਟੀਆਂ: ਵਾਰੰਟੀ ਬੀਮਾਕਰਤਾ ਅਤੇ ਬੀਮਤ ਦੇ ਵਿਚਾਲੇ ਸਹਿਮਤੀ ਹੁੰਦੀ ਹੈ, ਜੋ ਕਿ ਪੂਰੀ ਕਰਨੀ ਜ਼ਰੂਰੀ ਹੁੰਦੀ ਹੈ। ਇਹ ਪਾਲਸੀ ਦਸਤਾਵੇਜ਼ ਦਾ ਇੱਕ ਹਿੱਸਾ ਬਣਾਉਂਦਾ ਹੈ। ਮਿਸਾਲ ਵਜੋਂ ਬੀਮਾਕਰਤਾ ਖਾਸ ਬੀਮਾਰੀ ਦੇ ਜ਼ੋਖਿਮ ਨੂੰ ਬੀਮਾ ਸੁਰੱਖਿਆ ਇਸ ਸ਼ਰਤ ਉੱਤੇ ਦੇ ਸਕਦਾ ਹੈ ਕਿ ਬੀਮਾਕਰਤਾ ਮਾਹਰ ਕੋਲ ਹਰ ਤਿਮਾਹੀ ਜਾਂਚ ਕਰਵਾਏਗਾ। ਉੱਤੇ ਦਿੱਤੀ ਮਿਸਾਲ ਵਿੱਚ ਬੀਮਤਾ ਵਲੋਂ ਇਕਰਾਰਨਾਮੇ ਵਿੱਚ ਆਪਣੇ ਹਿੱਸੇ ਨੂੰ ਨਾ ਪੂਰਾ ਕਰਨ ਦੇ ਕੇਸ ਵਿੱਚ ਉਸ ਖਾਸ ਭਾਗ / ਵਾਰੰਟੀ ਦੇ ਸੰਬੰਧ ਵਿੱਚ ਦੇਣਦਾਰੀ ਤੋਂ ਮੁਨਕਰ ਹੋਇਆ ਜਾਂ ਘਟਾਇਆ ਜਾ ਸਕਦਾ ਹੈ।

ਵਾਰੰਟੀਆਂ ਦਾ ਸਖਤੀ ਨਾਲ ਅਤੇ ਸ਼ਬਦੀ ਰੂਪ ਵਿੱਚ ਨਿਰੀਖਣ ਅਤੇ ਪਾਲਣਾ ਹੋਣਾ ਚਾਹੀਦਾ ਹੈ ਭਾਵੇਂ ਇਹ ਪ੍ਰਮੁੱਖ ਜੋਖਮ ਹੈ ਜਾਂ ਨਹੀਂ।

**ਅਪਣੇ ਆਪ ਨੂੰ ਪਰਖੋ 1**

ਵਾਰੰਟੀ ਦੇ ਬਾਰੇ ਹੇਠ ਦਿੱਤੇ ਕਥਨਾਂ ਵਿੱਚੋਂ ਕਿਹੜਾ ਸਹੀਂ ਹੈ?

I. ਵਾਰੰਟੀ ਇੱਕ ਸ਼ਰਤ ਹੁੰਦੀ ਹੈ, ਜੋ ਕਿ ਪਾਲਸੀ ਵਿੱਚ ਦਿੱਤੇ ਦੇ ਬਗੈਰ ਲਗਾਈ ਜਾਂਦੀ ਹੈ

II. ਵਾਰੰਟੀ ਫਾਰਮ ਪਾਲਸੀ ਦਸਤਾਵੇਜ਼ ਦਾ ਹਿੱਸਾ ਹੁੰਦੇ ਹਨ

III. ਵਾਰੰਟੀ ਬੀਮਤ ਨੂੰ ਵੱਖਰੇ ਰੂਪ ਵਿੱਚ ਦੱਸੀ ਜਾਂਦੀ ਹੈ ਅਤੇ ਪਾਲਸੀ ਦਸਤਾਵੇਜ਼ ਦਾ ਹਿੱਸਾ ਨਹੀਂ ਹੋ ਸਕਦੀ ਹੈ

IV. ਵਾਰੰਟੀ ਦਾ ਉਲੰਘਣ ਹੋਣ ਦੇ ਬਾਵਜੂਦ ਵੀ ਦਾਅਵੇ ਦਾ ਭੁਗਤਾਨ ਹੋ ਸਕਦਾ ਹੈ।

---

**ਸਿਹਤ ਬੀਮੇ ਵਿੱਚ ਤਸਦੀਕ (ਇੰਡੋਰਸਮੈਂਟ)**

ਇਹ ਸਟੈਂਡਰਡ ਫਾਰਮ ਵਿੱਚ ਪਾਲਸੀਆਂ ਜਾਰੀ ਕਰਨ ਦਾ ਬੀਮਾਕਰਤਾ ਦਾ ਵਿਹਾਰ ਹੈ; ਕੁਝ ਸੰਕਟਾਂ ਲਈ ਬੀਮਾ ਸੁਰੱਖਿਆ ਦੇਣ ਅਤੇ ਕੁਝ ਹੋਰ ਨੂੰ ਛੱਡਣ ਲਈ।

**ਪਰਿਭਾਸ਼ਾ**

ਜੇ ਪਾਲਸੀ ਜਾਰੀ ਕਰਨ ਦੇ ਸਮੇਂ ਉਸ ਦੇ ਕੁਝ ਨਿਯਮਾਂ ਤੇ ਸ਼ਰਤਾਂ ਨੂੰ ਬਦਲਿਆ ਦੀ ਲੋੜ ਹੋਵੇ ਤਾਂ ਇਸ ਨੂੰ ਦਸਤਾਵੇਜ਼ ਰਾਹੀਂ ਸੋਧ/ਬਦਲ ਕੇ ਪੂਰਾ ਕੀਤਾ ਜਾਂਦਾ ਹੈ, ਜਿਸ ਨੂੰ ਤਸਦੀਕ (endorsment) ਕਹਿੰਦੇ ਹਨ।

---

ਇਹ ਪਾਲਸੀ ਨਾਲ ਨੱਥੀ ਹੁੰਦਾ ਹੈ ਅਤੇ ਇਹ ਫਾਰਮ ਦਾ ਭਾਗ ਹੈ। ਪਾਲਸੀ ਅਤੇ ਤਦਸੀਕ ਦੋਵੇਂ ਮਿਲ ਕੇ ਇਕਰਾਰਨਾਮੇ ਨੂੰ ਬਣਾਉਂਦੇ ਹਨ। ਤਸਦੀਕ ਨੂੰ ਪਾਲਸੀ ਦੇ ਚਾਲੂ ਰਹਿਣ ਦੇ ਦੌਰਾਨ ਵੀ ਰਿਕਾਰਡ ਬਦਲਣ/ਸੋਧ ਲਈ ਜਾਰੀ ਕੀਤਾ ਜਾ ਸਕਦਾ ਹੈ.

ਜਦੋਂ ਵੀ ਪ੍ਰਮੁੱਖ ਜਾਣਕਾਰੀ ਬਦਲੀ ਜਾਂਦੀ ਹੈ ਤਾਂ ਬੀਮਤ ਨੂੰ ਬੀਮਾ ਕੰਪਨੀ ਨੂੰ ਸੂਚਨਾ ਦੇਣ ਸਲਾਹ ਦਿੱਤੀ ਜਾਂਦੀ ਹੈ, ਜੋ ਕਿ ਇਸ ਬਾਰੇ ਜਾਣਕਾਰੀ ਲੈਂਦੀ ਹੈ ਅਤੇ ਉਸ ਨੂੰ ਤਸਦੀਕ ਦੇ ਰਾਹੀਂ ਬੀਮਾ ਇਕਰਾਰ ਦੇ ਹਿੱਸੇ ਵਿੱਚ ਸ਼ਾਮਿਲ ਕਰਦੀ ਹੈ।

ਤਸਦੀਕ ਦੀ ਲੋੜ ਇੱਕ ਪਾਲਸੀ ਦੇ ਅਧੀਨ ਹੁੰਦੀ ਹੈ, ਜੋ ਕਿ ਸਬੰਧਿਤ ਹੁੰਦੀ ਹੈ:

a) ਬੀਮਾ ਕੀਤੀ ਰਕਮ ਵਿੱਚ ਬਦਲਾਅ /ਤਬਦੀਲੀ

b) ਬੀਮਤ ਪਰਿਵਾਰ ਮੈਂਬਰ ਨੂੰ ਜੋੜਨਾ ਅਤੇ ਹਟਾਉਣਾ

c) ਇੱਕ ਕਰਜ਼ਾ ਲੈਣ ਦੁਆਰਾ ਅਤੇ ਪਾਲਸੀ ਨੂੰ ਬੈਂਕ ਕੋਲ ਗਿਰਵੀ ਰੱਖਣ ਦੁਆਰਾ ਬੀਮਾਯੋਗ ਹਿੱਤਾਂ ਵਿੱਚ ਤਬਦੀਲੀ।

d) ਵਾਧੂ ਸੰਕਟਾਂ ਲਈ ਬੀਮਾ ਸੁਰੱਖਿਆ ਬੀਮੇ ਵਿੱਚ ਵਾਧਾ/ ਪਾਲਸੀ ਅੰਤਰਾਲ ਦਾ ਵਾਧਾ

e) ਜੋਖ਼ਿਮ ਵਿੱਚ ਤਬਦੀਲੀ, ਜਿਵੇਂ ਕਿ ਇੱਕ ਵਿਦੇਸ਼ ਯਾਤਰਾ ਪਾਲਸੀ ਵਿੱਚ ਟਿਕਾਣਿਆਂ ਦਾ ਤਬਦੀਲ ਹੋਣਾ

f) ਬੀਮੇ ਨੂੰ ਰੱਦ ਕਰਨਾ

g) ਨਾਂ ਜਾਂ ਸਿਰਨਾਵਾਂ ਆਦਿ ਬਦਲਣਾ

**ਅਪਣੇ ਆਪ ਨੂੰ ਪਰਖੋ 2**

ਜੇ ਪਾਲਸੀ ਜਾਰੀ ਕਰਨ ਦੇ ਸਮੇਂ ਉਸ ਦੇ ਕੁਝ ਨਿਯਮਾਂ ਤੇ ਸ਼ਰਤਾਂ ਨੂੰ ਸੋਧਣ ਦੀ ਲੋੜ ਹੋਵੇ ਤਾਂ ਇਸ ਨੂੰ ਦਸਤਾਵੇਜ਼ ਰਾਹੀਂ ਸੋਧ/ਬਦਲ ਕੇ ਪੂਰਾ ਕੀਤਾ ਜਾਂਦਾ ਹੈ, ਜਿਸ ਨੂੰ ___________ ਕਹਿੰਦੇ ਹਨ।

I. ਵਾਰੰਟੀਆਂ

II. ਤਸਦੀਕ

III. ਤਬਦੀਲੀ

IV. ਸੋਧਾਂ ਸੰਭਵ ਨਹੀਂ ਹਨ

**ਸਵੈ ਜਾਂਚ ਦੇ ਜਵਾਬ**

ਜਵਾਬ 1 - ਸਹੀ ਚੋਣ II ਹੈ।

ਜਵਾਬ 2 - ਸਹੀ ਚੋਣ II ਹੈ।

# ਪਾਠ H-03

# ਸਿਹਤ ਬੀਮਾ ਦੇ ਉਤਪਾਦ

## ਪਾਠ ਜਾਣ-ਪਛਾਣ

ਇਸ ਪਾਠ ਵਿੱਚ ਤੁਹਾਨੂੰ ਭਾਰਤ ਵਿੱਚ ਵੱਖ-ਵੱਖ ਬੀਮਾ ਕੰਪਨੀਆਂ ਵਲੋਂ ਦਿੱਤੇ ਜਾਂਦੇ ਸਿਹਤ ਬੀਮਾ ਉਤਪਾਦਾਂ ਦੇ ਬਾਰੇ ਡੂੰਘੀ ਜਾਣਕਾਰੀ ਦਿੱਤੀ ਜਾਵੇਗੀ। ਕੇਵਲ ਇੱਕ ਉਤਪਾਦ ਮੈਡੀਕਲੇਮ ਤੋਂ ਵੱਖ-ਵੱਖ ਕਿਸਮਾਂ ਦੇ ਉਤਪਾਦਾਂ ਵਿੱਚੋਂ ਗਾਹਕ ਕੋਲ ਢੁੱਕਵੀਂ ਬੀਮਾ ਸੁਰੱਖਿਆ ਚੁਣਨ ਲਈ ਵੱਡੀ ਸੀਮਾ ਹੈ। ਇਸ ਪਾਠ ਵਿੱਚ ਵੱਖ-ਵੱਖ ਉਤਪਾਦਾਂ ਦੇ ਬਾਰੇ ਜਾਣਕਾਰੀ ਦਿੱਤੀ ਜਾਵੇਗੀ, ਜੋ ਕਿ ਵਿਅਕਤੀ, ਪਰਿਵਾਰ ਤੇ ਗਰੁੱਪ ਨੂੰ ਸੁਰੱਖਿਆ ਦਿੰਦੇ ਹਨ।

## ਸਿੱਖਣ ਦੇ ਨਤੀਜੇ

A. ਜੀਵਨ ਬੀਮਾ ਉਤਪਾਦ ਦਾ ਵਰਗੀਕਰਨ

B. ਸਿਹਤ ਬੀਮੇ ਵਿੱਚ ਮਿਆਰੀਕਰਨ ਉੱਤੇ IRDA ਦੀਆਂ ਸੇਧਾਂ

C. ਹਸਪਤਾਲ ਹਰਜ਼ਾਨਾ ਉਤਪਾਦ

D. ਟਾਪ-ਅੱਪ ਬੀਮਾ-ਸੁਰੱਖਿਆ ਜਾਂ ਉੱਚ ਕਟੌਤੀ ਬੀਮਾ ਸਕੀਮਾਂ

E. ਸੀਨੀਅਰ ਨਾਗਰਿਕ ਨੀਤੀ

F. ਸਥਿਰ ਫਾਇਦਾ ਬੀਮਾ-ਸੁਰੱਖਿਆ - ਹਸਪਤਾਲ ਨਕਦ, ਘਾਤਕ ਬੀਮਾਰੀ

G. ਸਾਂਝੇ-ਉਤਪਾਦ

H. ਗਰੀਬ ਵਰਗਾਂ ਲਈ ਲਘੂ ਬੀਮਾ ਤੇ ਸਿਹਤ ਬੀਮਾ

I. ਰਾਸ਼ਟਰੀ ਸਿਹਤ ਬੀਮਾ ਯੋਜਨਾ

J. ਪ੍ਰਧਾਨ ਮੰਤਰੀ ਜਨ ਧਨ ਯੋਜਨਾ

K. ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ

L. ਨਿੱਜੀ ਹਾਦਸਾ ਤੇ ਅਪੰਗਤਾ ਬੀਮਾ-ਸੁਰੱਖਿਆ

M. ਵਿਦੇਸ਼ੀ ਯਾਤਰਾ ਬੀਮਾ

N. ਗਰੁੱਪ ਸਿਹਤ ਬੀਮਾ-ਸੁਰੱਖਿਆ

O. ਖਾਸ ਉਤਪਾਦ

P. ਸਿਹਤ ਨੀਤੀਆਂ ਵਿੱਚ ਮੁੱਖ ਨਿਯਮ

**ਇਹ ਪਾਠ ਪੜ੍ਹਨ ਦੇ ਬਾਅਦ, ਤੁਸੀਂ ਯੋਗ ਹੋਣੇ ਚਾਹੀਦੇ ਹੋ:**

a) ਸਿਹਤ ਬੀਮੇ ਵਿੱਚ ਵੱਖ-ਵੱਖ ਸ਼ਰਤਾਂ ਬਾਰੇ ਸਮਝਾਉਣਾ

b) ਸਿਹਤ ਬੀਮੇ ਵਿੱਚ ਮਿਆਰੀਕਰਨ ਉੱਤੇ IRDA ਦੀਆਂ ਸੇਧਾਂ ਬਾਰੇ ਵੇਰਵਾ ਦੇਣਾ

c) ਅੱਜ ਭਾਰਤੀ ਬਾਜ਼ਾਰ ਵਿੱਚ ਮੌਜੂਦ ਵੱਖ-ਵੱਖ ਕਿਸਮ ਦੀਆਂ ਸਿਹਤ ਉਤਪਾਦਾਂ ਬਾਰੇ ਵਿਚਾਰ ਕਰਨਾ

d) ਨਿੱਜੀ ਹਾਦਸਾ ਬੀਮੇ ਬਾਰੇ ਸਮਝਾਉਣਾ

e) ਵਿਦੇਸ਼ੀ ਯਾਤਰਾ ਬੀਮੇ ਬਾਰੇ ਚਰਚਾ

f) ਸਿਹਤ ਨੀਤੀਆਂ ਵਿੱਚ ਮੁੱਖ ਸ਼ਰਤਾਂ ਤੇ ਨਿਯਮਾਂ ਨੂੰ ਸਮਝਣਾ

## A. ਜੀਵਨ ਬੀਮਾ ਉਤਪਾਦ ਦਾ ਵਰਗੀਕਰਨ

### 1. ਸਿਹਤ ਬੀਮਾ ਉਤਪਾਦਾਂ ਨਾਲ ਜਾਣ-ਪਛਾਣ

**ਪਰਿਭਾਸ਼ਾ**

**"ਸਿਹਤ ਬੀਮਾ ਕਾਰੋਬਾਰ" ਨੂੰ ਬੀਮਾ ਐਕਟ, 1938 ਦੇ ਸੈਕਸ਼ਨ 2(6C) ਵਿੱਚ "ਬੀਮਾਰੀ ਫਾਇਦੇ ਜਾਂ ਮੈਡੀਕਲ, ਸਰਜੀਕਲ ਜਾਂ ਹਸਪਤਾਲ ਦੇ ਖ਼ਰਚਿਆਂ ਦੇ ਫਾਇਦੇ ਦੇਣ ਵਾਲੇ ਇਕਰਾਰਾਂ ਦੀ ਮੌਜੂਦਗੀ ਹੈ, ਭਾਵੇਂ ਮਰੀਜ਼ ਭਰਤੀ ਹੋਣ ਜਾਂ ਨਾ ਹੋਣ ਜਾਂ ਯਾਤਰਾ ਬੀਮਾ-ਸੁਰੱਖਿਆ ਅਤੇ ਨਿੱਜੀ ਹਾਦਸਿਆਂ ਲਈ ਬੀਮਾ-ਸੁਰੱਖਿਆ ਹੋਵੇ" ਵਜੋਂ ਪਰਿਭਾਸ਼ਿਤ ਕੀਤਾ ਗਿਆ। IRDAI ਸਿਹਤ ਬੀਮਾ ਕਾਰੋਬਾਰ ਦੀ ਇਹ ਪ੍ਰੀਭਾਸ਼ਾ ਦੀ ਪਾਲਣਾ ਕਰਦੀ ਹੈ।**

---

ਭਾਰਤੀ ਬਾਜ਼ਾਰ ਵਿੱਚ ਸਿਹਤ ਬੀਮਾ ਉਤਪਾਦ ਮੌਜੂਦ ਹਨ, ਜੋ ਕਿ ਆਮ ਤੌਰ ਉੱਤੇ ਹਸਪਤਾਲ ਵਿੱਚ ਭਰਤੀ ਹੋਣ ਦੇ ਉਤਪਾਦਾਂ ਦੀਆਂ ਕਿਸਮਾਂ ਹਨ। ਇਹ ਉਤਪਾਦ ਹਸਪਤਾਲ ਵਿੱਚ ਭਰਤੀ ਹੋਣ ਦੇ ਦੌਰਾਨ ਵਿਅਕਤੀ ਨੂੰ ਹੋਣ ਵਾਲੇ ਖ਼ਰਚ ਲਈ ਬੀਮਾ ਸੁਰੱਖਿਆ ਦਿੰਦੀਆਂ ਹਨ।

ਇਸਕਰਕੇ ਸਿਹਤ ਬੀਮਾ ਦੋ ਕਾਰਨਾਂ ਲਈ ਖਾਸ ਤੌਰ ਉੱਤੇ ਮਹੱਤਵਪੂਰਨ ਹੈ:

- ✓ ਕਿਸੇ ਵੀ ਬੀਮਾਰੀ ਦੀ ਹਾਲਤ ਵਿੱਚ ਡਾਕਟਰੀ ਸਹੂਲਤਾਂ ਲਈ ਭੁਗਤਾਨ ਵਾਸਤੇ ਵਿੱਤੀ ਸਹਾਇਤਾ ਦੇਣ ਲਈ।
- ✓ ਵਿਅਕਤੀ ਦੀ ਬੱਚਤ ਨੂੰ ਬਚਾਈ ਰੱਖਣਾ, ਜੋ ਕਿ ਬੀਮਾਰੀ ਦੇ ਕਰਕੇ ਖਤਮ ਵੀ ਹੋ ਸਕਦੀ ਹੈ।

ਅੱਜ, ਸਿਹਤ ਬੀਮਾ ਖੇਤਰ ਬਹੁਤ ਵੱਡੇ ਪੱਧਰ ਉੱਤੇ ਫੈਲ ਚੁੱਕਾ ਹੈ, ਲਗਭਗ ਹਰ ਜਨਰਲ ਬੀਮਾ ਕੰਪਨੀਆਂ ਵਲੋਂ ਸਿਹਤ ਬੀਮਾਕਰਤਾ ਤੇ ਜੀਵਨ ਬੀਮਾਕਰਤਾ ਲਈ ਹਜ਼ਾਰਾਂ ਉਤਪਾਦ ਦਿੱਤੇ ਜਾ ਰਹੇ ਹਨ। ਪਰ, ਮੈਡੀਕਲੇਮ ਪਾਲਸੀ ਦਾ ਮੁੱਢਲਾ ਫਾਇਦਾ ਰੂਪ ਕਿ ਹਸਪਤਾਲ ਵਿੱਚ ਭਰਤੀ ਹੋਣ ਉੱਤੇ ਬੀਮਾ ਸੁਰੱਖਿਆ ਦੇਣੀ, ਹਾਲੇ ਵੀ ਬੀਮੇ ਦਾ ਸਭ ਤੋਂ ਪ੍ਰਸਿੱਧ ਰੂਪ ਹੈ।

### 2. ਜੀਵਨ ਬੀਮਾ ਉਤਪਾਦ ਦਾ ਵੱਡੇ ਰੂਪ ਵਿੱਚ ਵਰਗੀਕਰਨ

ਕੋਈ ਵੀ ਉਤਪਾਦ ਨਿਰਮਾਣ ਹੋਵੇ ਸਿਹਤ ਬੀਮਾ ਉਤਪਾਦਾਂ ਨੂੰ ਦੋ ਮੁੱਖ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ:

a) ਹਰਜਾਨਾ ਬੀਮਾ-ਸੁਰੱਖਿਆ

ਇਹ ਉਤਪਾਦ ਸਿਹਤ ਬੀਮਾ ਬਾਜ਼ਾਰ ਦਾ ਵੱਡਾ ਭਾਗ ਬਣਾਉਂਦੇ ਹਨ ਅਤੇ ਹਸਪਤਾਲ ਵਿੱਚ ਜਾਣ ਦੇ ਕਰਕੇ ਹੋਏ ਅਸਲ ਮੈਡੀਕਲ ਖ਼ਰਚਿਆਂ ਲਈ ਭੁਗਤਾਨ ਕਰਦੇ ਹਨ।

b) ਸਥਿਰ ਫਾਇਦਾ ਬੀਮਾ-ਸੁਰੱਖਿਆ

ਇਸ ਨੂੰ 'ਹਸਪਤਾਲ ਨਕਦਾ ਵੀ ਕਹਿੰਦੇ ਹਨ, ਇਹ ਉਤਪਾਦ ਹਸਪਤਾਲ ਵਿੱਚ ਭਰਤੀ ਹੋਣ ਦੇ ਦੌਰਾਨ ਹਰ ਦਿਨ ਤਹਿਸ਼ੁਦਾ ਰਕਮ ਦਾ ਭੁਗਤਾਨ ਕਰਦੇ ਹਨ। ਕੁਝ ਉਤਪਾਦ ਵੱਖ-ਵੱਖ ਸਰਜਰੀਆਂ ਲਈ ਪਹਿਲਾਂ ਤੈਅ ਰਕਮ ਲਈ ਵੀ ਹੁੰਦੇ ਹਨ।

3. ਗਾਹਕ ਭਾਗ ਉੱਤੇ ਅਧਾਰਿਤ ਵਰਗੀਕਰਨ

ਉਤਪਾਦ ਨੂੰ ਨਿਸ਼ਾਨਾ ਬਣਾਏ ਗਾਹਕ ਵਰਗ ਦੇ ਅਧਾਰ ਉੱਤੇ ਵੀ ਵੰਡਿਆ ਜਾ ਸਕਦਾ ਹੈ। ਉਤਪਾਦਾਂ ਨੂੰ ਗਾਹਕ ਖੇਤਰ ਦੇ ਮੁਤਾਬਕ ਵੰਡਿਆ ਜਾਂਦਾ ਹੈ:

a) ਨਿੱਜੀ ਬੀਮਾ-ਸੁਰੱਖਿਆ ਖੁਦਰਾ ਗਾਹਕਾਂ ਤੇ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਲਈ ਦਿੱਤੀ ਜਾਂਦੀ ਹੈ।

b) ਗਰੁੱਪ ਬੀਮਾ-ਸੁਰੱਖਿਆ ਕੰਪਨੀ ਗਾਹਕਾਂ ਨੂੰ ਦਿੱਤੀ ਜਾਂਦੀ ਹੈ, ਜਿਸ ਵਿੱਚ ਬੀਮਾ-ਸੁਰੱਖਿਆ ਪ੍ਰਾਪਤ ਮੁਲਾਜ਼ਮਾਂ ਤੇ ਗਰੁੱਪਾਂ, ਉਹਨਾਂ ਦੇ ਮੈਂਬਰਾਂ ਨੂੰ ਦਿੱਤੀ ਜਾਂਦੀ ਹੈ।

c) ਸਰਕਾਰੀ ਸਕੀਮਾਂ ਜਿਵੇਂ ਕਿ ਪ੍ਰਧਾਨ ਮੰਤਰੀ ਜਨ ਧਨ ਯੋਜਨਾ / ਕਈ ਰਾਜ ਸਿਹਤ ਬੀਮਾ ਸਕੀਮਾਂ ਲਈ ਇਕੱਠੀਆਂ (mass) ਪਾਲਸੀਆਂ ਆਬਾਦੀ ਦੇ ਸਭ ਤੋਂ ਗਰੀਬ ਵਰਗ ਨੂੰ ਬੀਮਾ-ਸੁਰੱਖਿਆ ਦਿੰਦੀਆਂ ਹਨ।

ਹਰੇਕ ਖੇਤਰ ਲਈ ਫਾਇਦਾ ਢਾਂਚਾ, ਕੀਮਤ, ਅੰਡਰਰਾਈਟਿੰਗ ਤੇ ਮਾਰਕੀਟਿੰਗ ਬਿਲਕੁਲ ਵੱਖਰੀ ਹੁੰਦੀ ਹੈ।

ਸਿਹਤ ਬੀਮੇ ਲਈ ਨਿਯਮ: ਸਿਹਤ ਰੈਗੂਲੇਸ਼ਨ 2016 ਵਿੱਚ ਸਿਹਤ ਉਤਪਾਦਾਂ ਦੇ ਸੰਬੰਧ ਵਿੱਚ ਕਈ ਖਾਸ ਬਦਲਾਅ ਲਿਆਂਦੇ ਗਏ, ਜਿਹਨਾਂ ਵਿੱਚੋਂ ਕੁਝ ਹੇਠ ਦਿੱਤੇ ਹਨ:

1. ਜੀਵਨ ਬੀਮਾ ਕੰਪਨੀਆਂ ਲੰਮਾ ਸਮਾਂ ਸਿਹਤ ਉਤਪਾਦ ਪੇਸ਼ ਕਰ ਸਕਦੀਆਂ ਹਨ, ਪਰ ਇੰਝ ਦੇ ਉਤਪਾਦਾਂ ਲਈ ਪ੍ਰੀਮੀਅਮ ਘੱਟੋ-ਘੱਟ ਤਿੰਨ ਦੇ ਸਾਲਾਂ ਦੇ ਹਰੇਕ ਭਾਗ ਲਈ ਇੱਕ ਹੀ ਰਹਿਣਾ ਚਾਹੀਦਾ ਹੈ, ਜਿਸ ਦੇ ਬਾਅਦ ਪ੍ਰੀਮੀਅਮ ਦੀ ਪੜਤਾਲ ਤੇ ਲੋੜ ਮੁਤਾਬਕ ਸੋਧਿਆ ਜਾ ਸਕਦਾ ਹੈ।

2. ਗ਼ੈਰ-ਜੀਵਨ ਤੇ ਇਕੱਲਾ ਸਿਹਤ ਬੀਮਾ ਕੰਪਨੀਆਂ ਘੱਟੋ-ਘੱਟ ਇੱਕ ਸਾਲ ਤੇ ਵੱਧ ਤੋਂ ਵੱਧ ਤਿੰਨ ਸਾਲਾਂ ਦੇ ਸਮੇਂ ਲਈ ਨਿੱਜੀ ਸਿਹਤ ਉਤਪਾਦ ਦੇ ਸਕਦੀਆਂ ਹਨ, ਜਦੋਂ ਤੱਕ ਕਿ ਪ੍ਰੀਮੀਅਮ ਅੰਤਰਾਲ ਦੇ ਦੌਰਾਨ ਇੱਕ ਹੀ ਰਹਿਣਾ ਚਾਹੀਦਾ ਹੈ।

3. ਬੀਮਾ ਕੰਪਨੀਆਂ ਨਵੇਂ ਨਵੇਂ 'ਪਾਇਲਟ-ਉਤਪਾਦ' ਵੀ ਪੇਸ਼ ਕਰ ਸਕਦੀਆਂ ਹਨ। ਜਨਰਲ-ਬੀਮਾਕਰਤਾ ਅਤੇ ਸਿਹਤ-ਬੀਮਾਕਰਤਾ ਪਾਲਸੀ ਲਈ ਇਹ ਉਤਪਾਦ 1 ਸਾਲ ਲਈ ਪੇਸ਼ ਕਰ ਸਕਦੇ ਹਨ, ਪਰ 5 ਸਾਲ ਤੋਂ ਵੱਧ ਨਹੀਂ। ਗਰੁੱਪ ਸਿਹਤ ਪਾਲਸੀਆਂ ਇੱਕ ਸਾਲ ਦੀ ਮਿਆਦ ਲਈ ਕਿਸੇ ਵੀ ਬੀਮਾਕਰਤਾ ਵਲੋਂ ਦਿੱਤੀਆਂ ਜਾ ਸਕਦੀਆਂ ਹਨ, ਸਿਰਫ਼ ਕਰੈਡਿਟ ਲਿੰਕ ਕੀਤੇ ਉਤਪਾਦਾਂ ਨੂੰ ਛੱਡ ਕੇ, ਜਿੱਥੇ ਕਿ ਮਿਆਦ ਨੂੰ ਕਰਜ਼ ਦੇ ਸਮੇਂ ਲਈ ਵਧਾਇਆ ਜਾ ਸਕਦਾ ਹੈ, ਪਰ ਪੰਜ ਸਾਲ ਤੋਂ ਵੱਧ ਨਹੀਂ।

4. ਕੋਈ ਗਰੁੱਪ ਸਿਹਤ ਬੀਮਾ ਪਾਲਸੀ ਬਣਾਏ ਗਏ ਗਰੁੱਪ ਲਈ ਜਾਰੀ ਨਹੀਂ ਕੀਤੀ ਜਾ ਸਕਦੀ ਹੈ, ਜਿੱਥੇ ਗਰੁੱਪ ਸਿਰਫ਼ ਬੀਮਾ ਲੈਣ ਲਈ ਹੀ ਬਣਾਇਆ ਗਿਆ ਹੋਵੇ। ਗਰੁੱਪ ਦਾ ਆਕਾਰ ਬੀਮਾਕਰਤਾ ਵਲੋਂ ਤੈਅ ਕੀਤਾ ਜਾਣਾ ਚਾਹੀਦਾ ਹੈ, ਜੋ ਕਿ ਇਸ ਦੀਆਂ ਸਾਰੀਆਂ ਗਰੁੱਪ ਪਾਲਸੀਆਂ ਉੱਤੇ ਲਾਗੂ ਹੋਵੇਗਾ, ਪਰ ਘੱਟੋ-ਘੱਟ 7 ਹੋਣ ਦੀ ਸ਼ਰਤ ਹੈ।

5. ਜਨਰਲ ਬੀਮਾਕਰਤਾ ਅਤੇ ਸਿਹਤ ਬੀਮਾਕਰਤਾ ਕਰਜ਼ ਦੇ ਸਮੇਂ ਤੱਕ ਵਧਾਏ ਜਾਣ ਸਕਣ ਵਾਲੀ ਮਿਆਦ ਲਈ ਕਰੈਡਿਟ ਲਿੰਕ ਕੀਤੀ ਗਰੁੱਪ ਹਾਦਸਾ ਪਾਲਸੀਆਂ ਵੀ ਦੇ ਸਕਦੇ ਹਨ, ਪਰ ਪੰਜ ਸਾਲ ਤੋਂ ਵੱਧ ਲਈ ਨਹੀਂ।

6. ਕਈ ਪਾਲਸੀਆਂ - ਜੇ ਬੀਮਤ ਨੇ ਸਥਿਰ ਫਾਇਦੇ ਦੇਣ ਵਾਲੀਆਂ ਸਿਹਤ ਪਾਲਸੀਆਂ ਇੱਕ ਤੋਂ ਵੱਧ ਬੀਮਾਕਰਤਾ ਤੋਂ ਲਈਆਂ ਹੋਣੀਆਂ ਹੋਣ ਤਾਂ ਬੀਮਾ ਕਰਵਾਈ ਘਟਨਾ ਵਾਪਰਨ ਦੇ ਕੇਸ ਵਿੱਚ ਹਰ ਬੀਮਾਕਰਤਾ ਨੂੰ ਦਾਅਵੇ ਦਾ ਭੁਗਤਾਨ ਕਰਨਾ ਪਵੇਗਾ, ਜੋ ਕਿ ਪਾਲਸੀਆਂ ਦੇ ਨਿਯਮਾਂ ਤੇ ਸ਼ਰਤਾਂ ਦੇ ਮੁਤਾਬਕ ਹੋਰ ਰਲਦੀਆਂ ਪਾਲਸੀਆਂ ਤੋਂ ਮਿਲੇ ਭੁਗਤਾਨ ਉੱਤੇ ਨਿਰਭਰ ਨਹੀਂ ਹੋਵੇਗਾ।

   ਜੇਕਰ ਬੀਮਤ ਵਲੋਂ ਦੋ ਜਾਂ ਵੱਧ ਪਾਲਸੀਆਂ ਇੱਕ ਜਾਂ ਵੱਧ ਬੀਮਾਕਰਤਾ ਤੋਂ ਲਈਆਂ ਗਈਆਂ ਹਨ ਅਤੇ ਦਾਅਵਾ ਇਲਾਜ ਦੇ ਖਰਚੇ ਦੇ ਮੁਆਵਜ਼ੇ ਨਾਲ ਸੰਬੰਧਿਤ ਹੈ ਤਾਂ ਪਾਲਸੀਧਾਰਕ ਨੂੰ ਆਪਣੀਆਂ ਪਾਲਸੀਆਂ ਦੇ ਕਿਸੇ ਵੀ ਮਾਮਲੇ ਵਿੱਚ ਆਪਣੇ ਦਾਅਵੇ ਨੂੰ ਨਿਪਟਾਉਣ ਦੀ ਲਈ ਪੁੱਛਣ ਦਾ ਅਧਿਕਾਰ ਹੋਵੇਗਾ। ਬੀਮਾਕਰਤਾ, ਜਿਸ ਲਈ ਦਾਅਵਾ ਕੀਤਾ ਗਿਆ ਹੈ, ਦਾਅਵੇ ਦਾ ਭੁਗਤਾਨ ਕਰੇਗਾ ਅਤੇ ਬਕਾਇਆ ਦਾਅਵਾ ਜਾਂ ਪਹਿਲਾਂ ਚੁਣੀ ਪਾਲਸੀ / ਪਾਲਸੀਆਂ ਦੇ ਅਧੀਨ ਨਾ-ਇਜਾਜ਼ਤ ਦਿੱਤੇ ਦਾਅਵਿਆਂ ਲਈ ਭੁਗਤਾਨ ਹੋਰ ਪਾਲਸੀ/ਪਲਾਸੀਆਂ ਤੋਂ ਕੀਤੇ ਜਾ ਸਕਦੇ ਹਨ, ਭਾਵੇ ਕਿ ਬੀਮਾ ਕੀਤੀ ਰਕਮ ਪਹਿਲਾਂ ਚੁਣੀ ਪਾਲਸੀ/ਪਾਲਸੀਆਂ ਵਿੱਚ ਖਤਮ ਨਾ ਹੋਣ।

## B. ਸਿਹਤ ਬੀਮੇ ਵਿੱਚ ਮਿਆਰੀਕਰਨ ਉੱਤੇ IRDA ਦੀਆਂ ਸੇਧਾਂ

ਇੰਨੇ ਬੀਮਾਕਰਤਾਵਾਂ ਵਲੋਂ ਬਹੁਤ ਸਾਰੀਆਂ ਵੱਖ-ਵੱਖ ਉਤਪਾਦ ਅਤੇ ਵੱਖ-ਵੱਖ ਸ਼ਰਤਾਂ ਤੇ ਅਲਹਿਦਗੀਆਂ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਦਿੱਤੇ ਜਾਣ ਦੇ ਨਾਲ ਬਾਜ਼ਾਰ ਵਿੱਚ ਉਲਝਣਾਂ ਪੈਦਾ ਹੋਈਆਂ। ਗਾਹਕਾਂ ਲਈ ਉਤਪਾਦਾਂ ਦੀ ਤੁਲਨਾ ਕਰਨਾ ਅਤੇ ਵਿਚਾਰ ਕੇ ਫ਼ੈਸਲਾ ਕਰਨਾ ਔਖਾ ਬਣ ਗਿਆ। ਇਸ ਤੋਂ ਇਲਾਵਾ, ਗੰਭੀਰ ਬੀਮਾਰੀ ਪਾਲਸੀਆਂ ਵਿੱਚ ਗੰਭੀਰ ਬੀਮਾਰੀ ਕਿਹੜੀ ਹੈ ਅਤੇ ਕਿਹੜੀ ਨਹੀਂ, ਇਸਦੇ ਬਾਰੇ ਕੋਈ ਸਪਸ਼ਟ ਜਾਣਕਾਰੀ ਨਹੀਂ ਹੈ।

ਬੀਮਾਕਰਤਾ, ਸੇਵਾ ਪੂਰਕਾਂ, ਟੀਪੀਏ ਅਤੇ ਹਸਪਤਾਲਾਂ ਤੇ ਜਨਤਕ ਬੀਮੇ ਦੀਆਂ ਸ਼ਿਕਾਇਤਾਂ ਵਿਚਾਲੇ ਉਲਝਣਾਂ ਨੂੰ ਖ਼ਤਮ ਕਰਨ ਲਈ ਰੈਗੂਲੇਟਰ ਨੇ ਸਿਹਤ ਬੀਮੇ ਵਿੱਚ ਕੁਝ ਮਿਆਰੀਕਰਨ ਦੀ ਕੋਸ਼ਿਸ਼ ਕੀਤੀ ਹੈ। ਆਮ ਸਮਝ ਦੇ ਮੁਤਾਬਕ IRDA ਨੇ 2016 ਵਿੱਚ ਸਿਹਤ ਬੀਮੇ ਵਿੱਚ ਮਿਆਰੀਕਰਨ ਲਈ ਸੇਧਾਂ ਜਾਰੀ ਕੀਤੀਆਂ ਹਨ, ਜਿਨਾਂ ਨੂੰ 2020 ਵਿੱਚ ਅੱਗੇ ਸੋਧਿਆ ਗਿਆ ਸੀ। ਇਹ ਸਭ ਜਨਰਲ ਤੇ ਸਿਹਤ ਬੀਮਾਕਰਤਾ ਲਈ ਲਾਗੂ ਹੁੰਦੀਆਂ ਹਨ, ਜੋ ਕਿ ਹਰਜਾਨਾ ਅਧਾਰਿਤ ਸਿਹਤ ਬੀਮੇ (PA ਅਤੇ ਘਰੇਲੂ/ਵਿਦੇਸ਼ੀ ਯਾਤਰਾ ਤੋਂ ਬਿਨਾਂ) ਉਤਪਾਦਾਂ (ਨਿੱਜੀ ਤੇ ਗਰੁੱਪ) ਦੀ ਪੇਸ਼ਕਸ਼ ਕਰਦੇ ਹਨ।

ਹੁਣ ਸੇਧਾਂ ਇਹਨਾਂ ਦੇ ਮਿਆਰੀਕਰਨ ਲਈ ਦਿੱਤੀਆਂ ਜਾਂਦੀਆਂ ਹਨ:

1. ਆਮ ਵਰਤੀਆਂ ਬੀਮਾ ਸ਼ਰਤਾਂ ਨੂੰ ਪਰਿਭਾਸ਼ਿਤ ਕਰਨ ਲਈ
2. ਘਾਤਕ ਬੀਮਾਰੀਆਂ ਨੂੰ ਪਰਿਭਾਸ਼ਿਤ ਕਰਨ ਲਈ

3. ਹਸਪਤਾਲ ਹਰਜਾਨਾ ਪਾਲਸੀਆਂ ਵਿੱਚ ਖ਼ਰਚਿਆਂ ਵਿੱਚ ਚੋਣਵੀਆਂ ਚੀਜ਼ਾਂ ਦੀ ਸੂਚੀ
4. ਦਾਅਵਾ ਫਾਰਮ ਤੇ ਪਹਿਲਾਂ-ਪਰਮਾਣਕਿਤਾ ਫਾਰਮ
5. ਬਿੱਲ ਫਾਰਮੈਟ
6. ਹਸਪਤਾਲਾਂ ਵਲੋਂ ਡਿਸਚਾਰਜ ਸਾਰ ਦੇਣ ਲਈ
7. ਟੀਪੀਏ, ਬੀਮਾਕਰਤਾ ਤੇ ਹਸਪਤਾਲਾਂ ਦੇ ਵਿਚਾਲੇ ਮਿਆਰੀ ਇਕਰਾਰਨਾਮੇ
8. ਨਵੀਆਂ ਪਾਲਸੀਆਂ ਲਈ IRDAI ਲੈਣ ਲਈ ਮਿਆਰੀ ਫਾਇਲ ਤੇ ਵਰਤਣ ਫਾਰਮੈਟ
9. ਅਲਹਿਦਗੀਆਂ ਦਾ ਮਿਆਰੀਕਰਨ
10. ਅਲਹਿਦਗੀਆਂ ਦੀ ਇਜਾਜ਼ਤ ਨਹੀਂ ਹੈ

## C. ਹਸਪਤਾਲ ਹਰਜ਼ਾਨਾ ਉਤਪਾਦ

ਹਸਪਤਾਲ ਹਰਜਾਨਾ ਉਤਪਾਦ ਵਿਅਕਤੀਆਂ ਨੂੰ ਹਸਪਤਾਲ ਵਿੱਚ ਜਾਣ ਦੇ ਕਰਕੇ ਉਸ ਨੂੰ ਹੋਣ ਵਾਲੇ ਖ਼ਰਚੇ ਤੋਂ ਸੁਰੱਖਿਆ ਦਿੰਦਾ ਹੈ। ਬਹੁਤੇ ਕੇਸਾਂ ਵਿੱਚ, ਉਹਨਾਂ ਨੂੰ ਹਸਪਤਾਲ ਜਾਣ ਤੋਂ ਪਹਿਲਾਂ ਤੇ ਬਾਅਦ ਦੇ ਖਾਸ ਦਿਨਾਂ ਲਈ ਸੁਰੱਖਿਆ ਦਿੱਤੀ ਜਾਂਦੀ ਹੈ, ਪਰ ਹਸਪਤਾਲ ਤੋਂ ਬਿਨਾਂ ਕਿਸੇ ਵੀ ਹੋਰ ਖ਼ਰਚੇ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ ਹੈ।

ਹਸਪਤਾਲ ਹਰਜਾਨਾ ਪਾਲਸੀ, ਜਿਸ ਨੂੰ ਆਮ ਕਰਕੇ ਮੈਡੀਕਲੇਮ ਕਿਹਾ ਜਾਂਦਾ ਹੈ, 'ਹਰਜਾਨੇ' ਦੇ ਆਧਾਰ ਉੱਤੇ ਕੰਮ ਕਰਦੀ ਹੈ। ਇਹ ਪਾਲਸੀਧਾਰਕ ਨੂੰ ਹਸਪਤਾਲ ਵਿੱਚ ਜਾਣ ਦੇ ਦੌਰਾਨ ਹੋਏ ਖ਼ਰਚੇ ਨੂੰ ਪੂਰਾ ਕਰਨ ਵਾਸਤੇ ਹਰਜਾਨਾ ਦਿੰਦੀ ਹੈ। ਜੋ ਕੁਝ ਖ਼ਰਚ ਲਈ ਬੀਮਾ ਸੁਰੱਖਿਆ ਨਹੀਂ ਹੁੰਦੀ ਹੈ, ਉਹਨਾਂ ਬਾਰੇ ਜਾਣਕਾਰੀ ਪਾਲਸੀ ਦਸਤਾਵੇਜ਼ ਵਿੱਚ ਦਿੱਤੀ ਹੁੰਦੀ ਹੈ।

### ਉਦਾਹਰਨ

ਰਘੂ ਦੀ ਪਤਨੀ ਤੇ 14 ਸਾਲਾਂ ਦੇ ਪੁੱਤਰ ਨਾਲ ਛੋਟਾ ਪਰਿਵਾਰ ਹੈ। ਉਸ ਨੇ ਮੈਡੀਕਲੇਮ ਪਾਲਸੀ ਖਰੀਦੀ ਹੈ, ਜਿਸ ਵਿੱਚ ਉਸ ਦੇ ਹਰੇਕ ਮੈਂਬਰ ਲਈ ਇੱਕ  ਸਿਹਤ ਬੀਮਾ ਕੰਪਨੀ ਵਲੋਂ ਹਰੇਕ ਲਈ 1 ਲੱਖ ਰੁਪਏ ਤੱਕ ਦੀ ਸੁਰੱਖਿਆ ਹੈ। ਉਹਨਾਂ ਵਿੱਚੋਂ ਹਰੇਕ ਹਸਪਤਾਲ ਵਿੱਚ ਭਰਤੀ ਹੋਣ ਦੇ ਕੇਸ ਵਿੱਚ 1 ਲੱਖ ਰੁਪਏ ਤੱਕਦੇ ਮੈਡੀਕਲ ਹਸਪਤਾਲ ਨੂੰ ਵਾਪਿਸ ਪ੍ਰਾਪਤ ਕਰ ਸਕਦਾ ਹੈ।

ਰਘੂ ਨੂੰ ਦਿਲ ਦੇ ਦੌਰੇ ਕਰਕੇ ਹਸਪਤਾਲ ਵਿੱਚ ਭਰਤੀ ਕਰਨਾ ਪਿਆ ਅਤੇ ਸਰਜਰੀ ਦੀ ਲੋੜ ਸੀ। ਮੈਡੀਕਲ ਬਿੱਲ 1.25 ਲੱਖ ਰੁਪਏ ਤੱਕ ਬਣ ਗਿਆ। ਬੀਮਾ ਕੰਪਨੀ ਬੀਮਾ ਸਕੀਮ ਸੁਰੱਖਿਆ ਦੇ ਮੁਤਾਬਕ 1 ਲੱਖ ਰੁਪਏ ਦਾ ਭੁਗਤਾਨ ਕਰੇਗੀ ਅਤੇ ਰਘੂ ਨੂੰ ਬਾਕੀ ਰਹਿੰਦੀ ਰਕਮ ਰੁਪਏ 25,000 ਦਾ ਭੁਗਤਾਨ ਖੁਦ ਕਰਨਾ ਪਿਆ

ਹਰਜਾਨਾ ਅਧਾਰਿਤ ਮੈਡੀਕਲੇਮ ਪਾਲਸੀ ਦੇ ਮੁੱਖ ਲੱਛਣਾਂ ਬਾਰੇ ਵੇਰਵੇ ਸਮੇਤ ਜਾਣਕਾਰੀ ਅੱਗੇ ਦਿੱਤੀ ਹੈ, ਬੀਮਾ-ਸੁਰੱਖਿਆ ਦੀ ਹੱਦਾਂ ਵਿੱਚ ਤਬਦੀਲੀਆਂ, ਵਾਧੂ ਅਲਹਿਦਗੀਆਂ ਜਾਂ ਫਾਇਦਿਆਂ ਰਾਹੀਂ ਜਾਂ ਕੁਝ ਐਡ-ਆਨ ਹਰੇਕ ਬੀਮਾਕਰਤਾ ਵਲੋਂ ਵੇਚੇ ਜਾ ਰਹੇ ਉਤਪਾਦਾਂ ਲਈ ਲਾਗੂ ਹੋ ਸਕਦੇ ਹਨ।

1. ਹਸਪਤਾਲ ਵਿੱਚ ਭਰਤੀ ਹੋਣ ਦੇ ਖਰਚੇ

   ਪਾਲਸੀ ਬੀਮਤ ਨੂੰ ਬੀਮਾਰੀ / ਹਾਦਸਾ ਹੋਣ ਉੱਤੇ ਹਸਪਤਾਲ ਵਿੱਚ ਭਰਤੀ ਹੋਣ ਉੱਤੇ ਹੋਏ ਖ਼ਰਚਿਆਂ ਦੀ ਕੀਮਤ ਦਾ ਭੁਗਤਾਨ ਕਰਦੀ ਹੈ। ਪਾਲਸੀ ਵਿੱਚ ਹਸਪਤਾਲ ਵਿੱਚ ਭਰਤੀ ਹੋਣ ਦਾ ਘੱਟੋ-ਘੱਟ ਸਮਾਂ (ਅਕਸਰ 24 ਘੰਟੇ) ਦਿੱਤਾ ਹੁੰਦਾ ਹੈ, ਜਿਸ ਦੇ ਬਾਅਦ ਪਾਲਸੀ ਵਿਧਾਨ ਲਾਗੂ ਹੋ ਜਾਂਦੇ ਹਨ। ਪਰ ਇੱਕ ਵਾਰ ਜਦੋਂ ਇਹ ਸਮਾਂ ਪੂਰਾ ਹੋ ਜਾਵੇ ਤਾਂ ਪੂਰੇ ਸਮੇਂ ਦੇ ਖ਼ਰਚਿਆਂ ਲਈ ਭੁਗਤਾਨ ਕੀਤਾ ਜਾਂਦਾ ਹੈ।

ਇਲਾਜ ਨਾਲ ਸੰਬੰਧਿਤ ਬਹੁਤੇ ਖ਼ਰਚਿਆਂ ਦਾ ਭੁਗਤਾਨ ਕੀਤਾ ਜਾਂਦਾ ਹੈ, ਪਰ ਕੁਝ ਖ਼ਰਚੇ, ਜੋ ਕਿ ਨਿੱਜੀ ਆਰਾਮ, ਸ਼ੌਕੀਆ ਸਰਜਰੀਆਂ ਆਦਿ ਹੋਣ, ਲਈ ਨਹੀਂ। ਇਸਕਰਕੇ ਗਾਹਕ ਲਈ ਜ਼ਰੂਰੀ ਹੈ ਕਿ ਉਹ ਖ਼ਰਚਿਆਂ ਅਲਹਿਦਾ ਚੀਜ਼ਾਂ ਬਾਰੇ ਧਿਆਨ ਰੱਖੇ, ਜਿਨਾਂ ਨੂੰ ਪਾਲਸੀ ਦੇ ਅਧੀਨ ਬੀਮਾ-ਸੁਰੱਖਿਆ ਨਹੀਂ ਹੈ।

- i. ਕਮਰਾ, ਬੋਰਡਿੰਗ ਅਤੇ ਨਰਸਿੰਗ ਖ਼ਰਚੇ, ਜੋ ਕਿ ਹਸਪਤਾਲ / ਨਰਸਿੰਗ ਹੋਮ ਵਲੋਂ ਉਪਲੱਬਧ ਕਰਵਾਏ ਜਾਂਦੇ ਹਨ। ਉਹਨਾਂ ਵਿੱਚ ਨਰਸਿੰਗ ਦੇਖਭਾਲ, ਆਰਐਮਓ ਖ਼ਰਚੇ, IV ਤਰਲ / ਖ਼ੂਨ ਟਰਾਂਸਫਿਊਜ਼ਨ / ਟੀਕਾ ਪ੍ਰਸ਼ਾਸ਼ਨ ਖ਼ਰਚੇ ਤੇ ਸੰਬੰਧਿਤ ਖ਼ਰਚੇ
- ii. ਇਨਟੈਨਸਿਵ ਕੇਅਰ ਯੂਨਿਟ (ICU) ਖ਼ਰਚੇ
- iii. ਸਰਜਨ, ਐਨਥਿਟਿਸਟ, ਮੈਡੀਕਲ ਪਟੀਸ਼ਨਰ, ਸਲਾਹਕਾਰ, ਮਾਹਿਰ ਦੀਆਂ ਫ਼ੀਸਾਂ
- iv. ਐਨਥਿਟਿਸਕ, ਖ਼ੂਨ, ਆਕਸੀਜਨ, ਓਪਰੇਸ਼ਨ ਥੀਏਟਰ ਖ਼ਰਚੇ, ਸਰਜੀਕਲ ਸਾਧਨ
- v. ਦਵਾਈਆਂ
- vi. ਡਾਇਲਿਸਿਸ, ਕੀਮੋਥਰੈਪੀ, ਰੇਡਿਓਥਰੇਪੀ
- vii. ਸਰਜੀਕਲ ਪ੍ਰਕਿਰਿਆ ਰਾਹੀਂ ਨਕਲੀ ਅੰਗ ਲਗਾਉਣ ਵਾਲੇ ਸਾਧਨ ਜਿਵੇਂ ਕਿ ਪੇਸਮੇਕਰ, ਓਰਥੋਪਿਡਿਕ ਲਗਾਉਣਾ, ਇਫਰਾ ਕਾਰਡਿਕਸ ਵਾਲਵ ਤਬਦੀਲੀ, ਨਾੜੀ ਸਟੈਂਨਟ ਆਦਿ ਦੇ ਖ਼ਰਚੇ
- viii. ਇਲਾਜ ਨਾਲ ਸੰਬੰਧਿਤ ਢੁੱਕਵੇਂ ਲੇਬਾਰਟਰੀ / ਜਾਂਚ ਟੈਸਟ ਤੇ ਹੋਰ ਮੈਡੀਕਲ ਖ਼ਰਚੇ
- ix. ਬੀਮਤ ਨੂੰ ਅੰਗ ਟਰਾਂਸਪਲਾਂਟ ਕਰਵਾਉਣ ਦੇ ਸੰਬੰਧ ਵਿੱਚ ਦਾਨੀ ਲਈ ਹਸਪਤਾਲ ਵਿੱਚ ਭਰਤੀ ਹੋਣ ਦੇ ਖ਼ਰਚੇ (ਅੰਗ ਦੀ ਕੀਮਤ ਤੋਂ ਬਿਨਾਂ)।

2. ਡੇ ਕੇਅਰ ਕਾਰਵਾਈ

ਕਈ ਸਰਜਰੀਆਂ ਹੁੰਦੀਆਂ ਹਨ, ਜਿਨਾਂ ਨੂੰ ਖਾਸ ਹਸਪਤਾਲਾਂ ਵਿੱਚ ਕਰਨ ਦੀ ਲੋੜ ਨਹੀਂ ਹੁੰਦੀ ਹੈ। ਇਲਾਜ ਜਿਵੇਂ ਕਿ ਅੱਖਾਂ ਦੀ ਸਰਜਰੀ, ਕੀਮੋਥਰੈਪੀ; ਡਾਇਲਿਸਿਸ ਆਦਿ ਨੂੰ ਡੇ-ਕੇਅਰ ਸਰਜਰੀਆਂ ਦੇ ਅਧੀਨ ਰੱਖਿਆ ਜਾ ਸਕਦਾ ਹੈ ਅਤੇ ਸੂਚੀ ਲਗਾਤਾਰ ਵੱਧ ਰਹੀ ਹੈ। ਇਹ ਵੀ ਪਾਲਸੀ ਦੇ ਅਧੀਨ ਬੀਮਾ-ਸੁਰੱਖਿਆ ਪ੍ਰਾਪਤ ਹਨ।

3. ਓਪੀਡੀ ਕਵਰ

ਬਿਨਾਂ-ਭਰਤੀ ਹੋਏ ਮਰੀਜ਼ਾਂ ਲਈ ਖ਼ਰਚਿਆਂ ਵਾਸਤੇ ਬੀਮਾ ਸੁਰੱਖਿਆ ਭਾਰਤੀ ਵਿੱਚ ਹਾਲੇ ਵੀ ਸੀਮਿਤ ਹੈ, ਬਸ ਕੁਝ ਉਤਪਾਦ ਓਪੀਡੀ ਸੁਰੱਖਿਆ ਦਿੰਦੇ ਹਨ। ਪਰ, ਕੁਝ ਸਕੀਮਾਂ ਹਨ ਜੋ ਕਿ ਬਿਨਾਂ-ਭਰਤੀ ਹੋਏ ਮਰੀਜ਼ਾਂ ਦੇ ਇਲਾਜ ਲਈ ਅਤੇ ਡਾਕਟਰ ਨੂੰ ਮਿਲਣ, ਨਿਯਮਤ ਮੈਡੀਕਲ ਟੈਸਟ, ਦੰਦਾਂ ਤੇ ਦਵਾਈਆਂ ਦੀ ਕੀਮਤ ਨਾਲ ਸੰਬੰਧਿਤ ਖ਼ਰਚਿਆਂ ਲਈ ਵੀ ਬੀਮਾ ਸਮਝ ਮੁਤਾਬਕ ਸੁਰੱਖਿਆ ਦਿੰਦੀਆਂ ਹਨ।

4. ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਤੇ ਬਾਅਦ ਦੇ ਖਰਚੇ

i. ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਦੇ ਖਰਚੇ

ਹਸਪਤਾਲ ਵਿੱਚ ਭਰਤੀ ਹੋਣਾ ਜਾਂ ਤਾਂ ਐਮਰਜੈਂਸੀ ਵਿੱਚ ਹੋ ਸਕਦਾ ਜਾਂ ਵਿਉਂਤ ਮੁਤਾਬਕ। ਜੇ ਮਰੀਜ਼ ਵਿਉਂਤ ਮੁਤਾਬਕ ਸਰਜਰੀ ਲਈ ਜਾਂਦਾ ਹੈ ਤਾਂ ਉਸ ਨੂੰ ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਖ਼ਰਚੇ ਖੁਦ ਉਠਾਉਣੇ ਪੈਣਗੇ। ਇੰਝ ਦੇ ਖ਼ਰਚਿਆਂ ਨੂੰ ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਦੇ ਖਰਚਿਆਂ ਵਜੋਂ ਜਾਣਿਆ ਜਾਂਦਾ ਹੈ।

| ਪਰਿਭਾਸ਼ਾ |
| --- |

ਇਸ ਦਾ ਅਰਥ ਹੈ ਕਿ ਬੀਮਤ ਵਿਅਕਤੀ ਦੇ ਹਸਪਤਾਲ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਦੇ ਦਿਨਾਂ ਦੌਰਾਨ ਹੋਏ ਮੈਡੀਕਲ ਖ਼ਰਚੇ, ਜਦੋਂ ਤੱਕ ਕਿ ਇਹ ਖ਼ਰਚੇ ਬੀਮਤ ਵਿਅਕਤੀ ਦੇ ਹਸਪਤਾਲ ਵਿੱਚ ਭਰਤੀ ਹੋਣ ਤੋਂ ਫ਼ੌਰਨ ਪਹਿਲਾਂ ਹੋਏ ਹੋਣ ਅਤੇ

a) ਇੰਝ ਦੇ ਮੈਡੀਕਲ ਖ਼ਰਚੇ ਉਸ ਹਾਲਤ, ਜਿਸ ਲਈ ਬੀਮਤ ਵਿਅਕਤੀ ਨੂੰ ਪਹਿਲਾਂ ਹਸਪਤਾਲ ਵਿੱਚ ਭਰਤੀ ਕਰਨ ਦੀ ਲੋੜ ਹੁੰਦੀ ਹੈ, ਲਈ ਉਠਾਏ ਜਾਂਦੇ ਹਨ, ਅਤੇ

b) ਇੰਝ ਦੇ ਹਸਪਤਾਲ ਵਿੱਚ ਭਰਤੀ ਹੋਣ ਲਈ ਹਸਪਤਾਲ ਭਰਤੀ ਮਰੀਜ਼ ਦਾਅਵੇ ਬੀਮਾ ਕੰਪਨੀ ਵਲੋਂ ਮੰਨਣਯੋਗ ਹੁੰਦੇ ਹਨ।

ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਦੇ ਖ਼ਰਚ ਟੈਸਟਾਂ, ਦਵਾਈਆਂ, ਡਾਕਟਰਾਂ ਦੀ ਫੀਸ ਆਦਿ ਦੇ ਰੂਪ ਵਿੱਚ ਹੋ ਸਕਦੇ ਹਨ। ਇੰਝ ਦੇ ਖ਼ਰਚੇ ਹਸਪਤਾਲ ਵਿੱਚ ਭਰਤੀ ਹੋਣ ਲਈ ਢੁੱਕਵੇਂ ਅਤੇ ਸੰਬੰਧਿਤ ਹੋਣ ਉੱਤੇ ਸਿਹਤ ਪਾਲਸੀਆਂ ਦੇ ਅਧੀਨ ਸੁਰੱਖਿਆ ਪ੍ਰਾਪਤ ਹੁੰਦੇ ਹਨ।

ii. ਹਸਪਤਾਲ ਵਿੱਚ ਭਰਤੀ ਹੋਣ ਤੋਂ ਬਾਅਦ ਦੇ ਖਰਚੇ

ਹਸਪਤਾਲ ਵਿੱਚ ਰਹਿਣ ਦੇ ਬਾਅਦ, ਬਹੁਤੇ ਕੇਸਾਂ ਵਿੱਚ ਹਸਪਤਾਲ ਵਿੱਚੋਂ ਛੁੱਟੀ ਮਿਲਣ ਦੇ ਫ਼ੌਰਨ ਬਾਅਦ ਰਿਕਵਰੀ ਅਤੇ ਬਾਅਦ ਵਿੱਚ ਧਿਆਨ ਰੱਖਣ ਦੇ ਸੰਬੰਧਿਤ ਖ਼ਰਚੇ ਹੋਣਗੇ।

ਖ਼ਰਚਿਆਂ ਦੀਆਂ ਇਹ ਦੋਵੇਂ ਕਿਸਮਾਂ ਮੰਨਣਯੋਗ ਹਨ ਜੇ

a) ਉਹ ਖ਼ਰਚੇ ਉਸ ਹਾਲਤ, ਜਿਸ ਲਈ ਬੀਮਤ ਵਿਅਕਤੀ ਨੂੰ ਪਹਿਲਾਂ ਹਸਪਤਾਲ ਵਿੱਚ ਭਰਤੀ ਕਰਨ ਦੀ ਲੋੜ ਹੁੰਦੀ ਹੈ, ਲਈ ਉਠਾਏ ਜਾਂਦੇ ਹਨ, ਅਤੇ

b) ਇੰਝ ਦੇ ਹਸਪਤਾਲ ਵਿੱਚ ਭਰਤੀ ਹੋਣ ਲਈ ਹਸਪਤਾਲ ਭਰਤੀ ਮਰੀਜ਼ ਦਾਅਵੇ ਬੀਮਾ ਕੰਪਨੀ ਵਲੋਂ ਮੰਨਣਯੋਗ ਹੁੰਦੇ ਹਨ।

ਹਸਪਤਾਲ ਵਿੱਚ ਭਰਤੀ ਹੋਣ ਤੋਂ ਬਾਅਦ ਦੇ ਖ਼ਰਚੇ ਉਹ ਢੁੱਕਵੇਂ ਮੈਡੀਕਲ ਖ਼ਰਚੇ ਹੋਣਗੇ, ਜੋ ਕਿ ਹਸਪਤਾਲ ਦੇ ਬਾਅਦ ਨਿਸ਼ਚਤ ਦਿਨਾਂ ਤੱਕ ਦੇ ਸਮੇਂ ਦੌਰਾਨ ਹੁੰਦੇ ਹਨ ਅਤੇ ਇਹਨਾਂ ਨੂੰ ਦਾਅਵੇ ਦਾ ਭਾਗ ਮੰਨਿਆ ਜਾਵੇਗਾ।

ਹਸਪਤਾਲ ਵਿੱਚ ਭਰਤੀ ਹੋਣ ਦੇ ਬਾਅਦ ਦੇ ਖ਼ਰਚੇ ਹਸਪਤਾਲ ਤੋਂ ਡਿਸਚਾਰਜ ਹੋਣ ਦੇ ਬਾਅਦ ਦਵਾਈਆਂ, ਡਾਕਟਰ ਵਲੋਂ ਪੜਤਾਲ ਆਦਿ ਦੇ ਰੂਪ ਵਿੱਚ ਹੋ ਸਕਦੇ ਹਨ। ਇੰਝ ਦੇ ਖ਼ਰਚੇ ਹਸਪਤਾਲ ਵਿੱਚ ਕਰਵਾਏ ਇਲਾਜ ਦੇ ਨਾਲ ਸੰਬੰਧਿਤ ਹੋਣੇ ਚਾਹੀਦੇ ਹਨ ਅਤੇ ਸਿਹਤ ਪਾਲਸੀਆਂ ਦੇ ਅਧੀਨ ਸੁਰੱਖਿਆ ਪ੍ਰਾਪਤ ਹੁੰਦੇ ਹਨ।

ਹਾਲਾਂਕਿ ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਤੇ ਬਾਅਦ ਦੇ ਖ਼ਰਚਿਆਂ ਲਈ ਬੀਮਾ ਸੁਰੱਖਿਆ ਦਾ ਸਮਾਂ ਬੀਮਾਕਰਤਾ ਦੇ ਮੁਤਾਬਕ ਵੱਖ-ਵੱਖ ਹੋਵੇਗਾ ਅਤੇ ਪਾਲਸੀ ਵਿੱਚ ਦਿੱਤਾ ਹੁੰਦਾ ਹੈ, ਆਮ ਤੌਰ ਉੱਤੇ ਬੀਮਾ-ਸੁਰੱਖਿਆ ਹਸਪਤਾਲ ਵਿੱਚ ਭਰਤੀ ਹੋਣ ਤੋਂ ਤੀਹ ਦਿਨ ਪਹਿਲਾਂ ਅਤੇ ਸੱਠ ਦਿਨ ਬਾਅਦ ਵਿੱਚ ਹੁੰਦੀ ਹੈ।

ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਤੇ ਬਾਅਦ ਦੇ ਖ਼ਰਚੇ ਬੀਮਾ ਕਰਵਾਈ ਕੁੱਲ ਰਕਮ ਦਾ ਹਿੱਸਾ ਹੁੰਦੇ ਹਨ, ਜਿਸ ਲਈ ਪਾਲਸੀ ਦੇ ਅਧੀਨ ਬੀਮਾ-ਸੁਰੱਖਿਆ ਦੀ ਇਜਾਜ਼ਤ ਹੁੰਦੀ ਹੈ।

iii. ਨਿਵਾਸ-ਸਥਾਨ ਹਸਪਤਾਲ

iv. ਮਰੀਜ਼, ਜਿੰਨਾਂ ਦੀ ਬੀਮਾਰੀ ਲਈ ਹਸਪਤਾਲ ਵਿੱਚ ਭਰਤੀ ਹੋਣ ਦੀ ਲੋੜ ਹੁੰਦੀ ਹੈ, ਪਰ ਹਸਪਤਾਲ ਦੀ ਸਹਾਇਤਾ ਨਾਲ ਜਾਂ ਜੇ ਉਹ ਹਸਪਤਾਲ ਨਾ ਲਿਆਏ ਜਾ ਸਕਣ ਦੀ ਹਾਲਤ ਵਿੱਚ ਘਰੇ ਹੀ ਇਲਾਜ ਕਰਵਾਉਂਦੇ ਹਨ, ਲਈ ਵੀ ਫਾਇਦਾ ਮੌਜੂਦ ਹੈ।

ਵਿਧਾਨ ਦੀ ਗਲਤ ਵਰਤੋਂ ਰੋਕਣ ਲਈ ਬੀਮਾ-ਸੁਰੱਖਿਆ ਵਿੱਚ ਵੱਧ ਤੋਂ ਵੱਧ ਤਿੰਨ ਤੋਂ ਪੰਜ ਦਿਨਾਂ ਦੀ ਸ਼ਰਤ ਹੁੰਦੀ ਹੈ, ਜਿਸ ਦਾ ਭਾਵ ਹੁੰਦਾ ਹੈ ਕਿ ਪਹਿਲੇ ਤਿੰਨ ਤੋਂ ਪੰਜ ਦਿਨਾਂ ਦੇ ਇਲਾਜ ਦਾ ਖ਼ਰਚ ਮਰੀਜ਼ ਵਲੋਂ ਝੱਲਿਆ ਜਾਵੇਗਾ। ਬੀਮਾ-ਸੁਰੱਖਿਆ ਵਿੱਚ ਕੁਝ ਲੰਮੇ ਚਿਰ ਦੀਆਂ ਜਾਂ ਆਮ ਬੀਮਾਰੀਆਂ ਜਿਵੇਂ ਕਿ ਦਮਾ, ਬਰੋਨਚਿਟਿਸ, ਡਾਇਬਟੀਜ਼, ਮੇਲਿਟਸ, ਇਨਫਲੂਜ਼ਾ ਖੰਘ, ਠੰਢ ਤੇ ਬੁਖਾਰ ਆਦਿ ਨੂੰ ਅਲਹਿਦਾ ਰੱਖਿਆ ਜਾਂਦਾ ਹੈ।

| ਉਦਾਹਰਨ |
|---|

ਮੀਰਾ ਨੇ ਹਸਪਤਾਲ ਭਰਤੀ ਹੋਣ ਦੀ ਘਟਨਾ ਦੇ ਖਰਚਿਆਂ ਲਈ ਬੀਮਾ ਸੁਰੱਖਿਆ ਵਾਸਤੇ ਸਿਹਤ ਬੀਮਾ ਪਾਲਸੀ ਲਈ ਹੈ। ਪਾਲਸੀ ਵਿੱਚ 30 ਦਿਨਾਂ ਲਈ ਸ਼ੁਰੂਆਤੀ ਉਡੀਕ ਸਮੇਂ ਦੀ ਸ਼ਰਤ ਹੈ। ਬਦਕਿਸਮਤੀ ਨਾਲ ਉਸ ਵਲੋਂ

ਪਾਲਸੀ ਲੈਣ ਦੇ 20 ਦਿਨਾਂ ਦੇ ਬਾਅਦ, ਮੀਰਾ ਨੂੰ ਮਲੇਰੀਆ ਹੋ ਗਿਆ ਅਤੇ 5 ਦਿਨਾਂ ਲਈ ਹਸਪਤਾਲ ਵਿੱਚ ਰਹਿਣਾ ਪਿਆ। ਉਸ ਨੂੰ ਵੱਡਾ ਹਸਪਤਾਲ ਦਾ ਬਿੱਲ ਦੇਣਾ ਪਿਆ।

ਜਦੋਂ ਉਸ ਨੇ ਬੀਮਾ ਕੰਪਨੀ ਤੋਂ ਧਨ-ਵਾਪਸੀ ਲਈ ਪੁੱਛਿਆ ਤਾਂ ਉਹਨਾਂ ਨੇ ਦਾਅਵੇ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਪਾਲਸੀ ਲੈਣ ਦੇ 30 ਦਿਨਾਂ ਦੇ ਉਡੀਕ ਸਮੇਂ ਦੇ ਦੌਰਾਨ ਹਸਪਤਾਲ ਵਿੱਚ ਭਰਤੀ ਹੋਇਆ ਗਿਆ ਸੀ।

a) ਮੌਜੂਦ ਬੀਮਾ-ਸੁਰੱਖਿਆ ਚੋਣਾਂ

i. ਨਿੱਜੀ ਬੀਮਾ-ਸੁਰੱਖਿਆ: ਨਿੱਜੀ ਬੀਮਾ-ਸੁਰੱਖਿਆ ਪਰਿਵਾਰ ਦੇ ਮੈਂਬਰਾਂ ਜਿਵੇਂ ਕਿ ਜੀਵਨ-ਸਾਥੀ, ਨਿਰਭਰ ਬੱਚੇ, ਨਿਰਭਰ ਮਾਪੇ, ਨਿਰਭਰ ਸੁਹਰੇ, ਨਿਰਭਰ ਭੈਣ/ਭਰਾ ਆਦਿ, ਸਮੇਤ ਖੁਦ ਲਈ ਸੁਰੱਖਿਆ ਹੋ ਸਕਦੀ ਹੈ। ਕੁਝ ਬੀਮਾਕਰਤਾਵਾਂ ਲਈ ਨਿਰਭਰਾਂ ਲਈ ਕੋਈ ਪਾਬੰਦੀ ਨਹੀਂ ਹੁੰਦੀ ਹੈ, ਜਿਹਨਾਂ ਨੂੰ ਸੁਰੱਖਿਆ ਮਿਲ ਸਕਦੀ ਹੈ। ਹਰ ਨਿਰਭਰ ਬੀਮਤ ਵਿੱਚੋਂ ਹਰੇਕ ਲਈ ਇੱਕ ਪਾਲਸੀ ਦੇ  ਕੰਪਨੀ ਦੀ ਅਧੀਨ ਹਰੇਕ ਬੀਮਤ ਵਿਅਕਤੀ ਲਈ ਵੱਖ-ਵੱਖ ਚੁਣੀ ਗਈ ਬੀਮਾ ਕਰਵਾਈ ਰਕਮ ਨਾਲ ਬੀਮਾ-ਸੁਰੱਖਿਆ ਸੰਭਵ ਹੈ। ਇੰਝ ਦੀ ਬੀਮਾ-ਸੁਰੱਖਿਆ ਵਿੱਚ, ਪਾਲਸੀ ਦੇ ਅਧੀਨ ਹਰ ਬੀਮਤ ਵਿਅਕਤੀ ਪਾਲਸੀ ਦੇ ਜਾਰੀ ਰਹਿਣ ਦੇ ਦੌਰਾਨ ਉਸ ਲਈ ਬੀਮਾ ਕਰਵਾਈ ਰਕਮ ਵਿੱਚੋਂ ਵੱਧ ਤੋਂ ਵੱਧ ਲਈ ਦਾਅਵਾ ਕਰ ਸਕਦਾ ਹੈ। ਹਰ ਬੀਮਾ ਕਰਵਾਉਣ ਵਾਲੇ ਵਿਅਕਤੀ ਲਈ ਵਸੂਲਿਆ ਜਾਣ ਵਾਲਾ ਪ੍ਰੀਮੀਅਮ ਉਸ ਦੀ ਉਮਰ ਅਤੇ ਕੁੱਲ ਚੁਣੀ ਗਈ ਬੀਮਾ ਕਰਵਾਈ ਰਕਮ ਤੇ ਕਿਸੇ ਹੋਰ ਰੇਟਿੰਗ ਕਾਰਨ ਦੇ ਮੁਤਾਬਕ ਹੋਵੇਗਾ।

ii. ਪਰਿਵਾਰ ਫਲੋਟਰ: ਪਰਿਵਾਰਿਕ ਫਲੋਟਰ ਪਾਲਸੀ ਵਜੋਂ ਜਾਣੇ ਜਾਂਦੇ ਬਦਲ ਵਿੱਚ, ਜੀਵਨ-ਸਾਥੀ, ਨਿਰਭਰ ਬੱਚਿਆਂ ਤੇ ਨਿਰਭਰ-ਮਾਪਿਆਂ ਨੂੰ ਪਰਿਵਾਰ ਮੰਨ ਕੇ ਇੱਕ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ, ਜੋ ਕਿ ਪੂਰੇ ਪਰਿਵਾਰ ਲਈ ਸਾਂਝੀ ਹੁੰਦੀ ਹੈ।

| ਉਦਾਹਰਨ |
| --- |

ਜੇ ਫਲੋਟਰ ਚਾਰ ਮੈਂਬਰਾਂ ਦੇ ਪਰਿਵਾਰ ਨੇ 5 ਲੱਖ ਰੁਪਏ ਦੀ ਪਾਲਸੀ ਲਈ ਹੈ ਤਾਂ ਇਸ ਦਾ ਅਰਥ ਹੈ ਕਿ ਪਾਲਸੀ ਦੇ ਦੌਰਾਨ ਇਹ ਇੱਕ ਤੋਂ ਵੱਧ ਪਰਿਵਾਰਿਕ ਮੈਂਬਰਾਂ ਦੇ ਸੰਬੰਧੀ ਦਾਅਵਿਆਂ ਜਾਂ ਪਰਿਵਾਰ ਦੇ ਇੱਕ ਮੈਂਬਰ ਦੇ ਕਈ ਦਾਅਵਿਆਂ ਲਈ ਭੁਗਤਾਨ ਕਰੇਗੀ। ਇਹ ਸਭ ਮਿਲ ਕੇ 5 ਲੱਖ ਰੁਪਏ ਦੀ ਕੁੱਲ ਸੁਰੱਖਿਆ ਤੋਂ ਵੱਧ ਨਹੀਂ ਹੋ ਸਕਦੀ ਹੈ। ਪ੍ਰੀਮੀਅਮ ਅਕਸਰ ਬੀਮੇ ਲਈ ਪੇਸ਼ਕਸ਼ ਕਰਨ ਵਾਲੇ ਪਰਿਵਾਰ ਦੇ ਸਭ ਤੋਂ ਵੱਡੇ ਮੈਂਬਰ ਦੀ ਉਮਰ ਦੇ ਅਧਾਰ ਉੱਤੇ ਵਸੂਲਿਆ ਜਾਂਦਾ ਹੈ

ਇਹਨਾਂ ਦੋਵਾਂ ਪਾਲਸੀਆਂ ਲਈ ਬੀਮਾ-ਸੁਰੱਖਿਆ ਅਤੇ ਅਲਹਿਦਗੀਆਂ ਇੱਕੋ ਹੋਣਗੀਆਂ। ਪਰਿਵਾਰ ਫਲੋਟਰ ਪਾਲਸੀਆਂ ਬਾਜ਼ਾਰ ਵਿੱਚ ਹਰਮਨਪਿਆਰੀ ਹੋ ਰਹੀਆਂ ਹਨ ਕਿਉਂਕਿ ਪੂਰੇ ਪਰਿਵਾਰ ਨੂੰ ਬੀਮਾ ਕਰਵਾਈ ਪੂਰੀ ਰਕਮ ਲਈ ਸੁਰੱਖਿਆ ਮਿਲਦੀ ਹੈ, ਜਿਸ ਨੂੰ ਢੁੱਕਵੇਂ ਪ੍ਰੀਮੀਅਮ ਦੇ ਮੁਤਾਬਕ ਉੱਚ ਪੱਧਰ ਉੱਤੇ ਚੁਣਿਆ ਜਾ ਸਕਦਾ ਹੈ।

### ਪਹਿਲਾਂ ਮੌਜੂਦ ਬੀਮਾਰੀਆਂ

ਬੀਮਾ ਅਚਾਨਕ ਵਾਪਰਲ ਵਾਲੇ ਹਾਦਸਿਆਂ / ਬੀਮਾਰੀਆਂ ਆਦਿ ਲਈ ਸੁਰੱਖਿਆ ਦੇਣ ਵਾਸਤੇ ਤਿਆਰ ਕੀਤਾ ਹੈ। ਮੌਜੂਦਾ ਮੈਡੀਕਲ ਹਾਲਤਾਂ ਦੇ ਇਲਾਜ ਦੇ ਖ਼ਰਚਿਆਂ ਦੀ ਬੀਮਾ-ਸੁਰੱਖਿਆ ਬੀਮੇ ਦਾ ਹਿੱਸਾ ਨਹੀਂ ਹੁੰਦਾ ਹੈ, ਕਿਉਂਕਿ ਇਹ ਸਿਹਤਮੰਦ ਲੋਕਾਂ ਨਾਲ ਧੱਕਾ ਹੋਵੇਗਾ, ਜੋ ਕਿ ਹੋਰਾਂ ਦੀ ਮੌਜੂਦਾ ਬੀਮਾਰੀ ਲਈ ਭੁਗਤਾਨ ਕਰਨਗੇ। ਇਹ ਇਕੋ ਤਰ੍ਹਾਂ ਦੇ ਜੋਖਮਾਂ ਲਈ ਬੀਮਾ-ਸੁਰੱਖਿਆ ਦੇਣ ਵਾਸਤੇ ਜੋਖਮ ਪੂਲ ਬਣਾਉਣ ਦੇ ਸਿਧਾਂਤ ਦੇ ਉਲਟ ਹੈ। ਇਸਕਰਕੇ ਸਿਹਤ ਪਾਲਸੀ ਜਾਰੀ ਕਰਨ ਤੋਂ ਪਹਿਲਾਂ ਹਰ ਬੀਮਾ ਕਰਵਾਉਣ ਵਾਲੇ ਵਿਅਕਤੀ ਦੀਆਂ ਮੌਜੂਦਾ ਬੀਮਾਰੀਆਂ / ਸੱਟ ਦੇ ਵੇਰਵੇ ਇਕੱਤਰ ਕਰਨਾ ਸਭ ਤੋਂ ਜ਼ਰੂਰੀ ਹੈ। ਇਹ ਬੀਮਾਕਰਤਾ ਬੀਮੇ, ਵਾਜਬ ਪ੍ਰੀਮੀਅਮ ਲਈ ਖ਼ਰਚੇ ਵਸੂਲਣ ਅਤੇ /ਜਾਂ ਜਿੰਨਾ ਤੋਂ ਦਾਅਵੇ ਆਉਣ ਦੀ ਵੱਧ ਸੰਭਾਵਨਾ ਹੈ ਨੂੰ ਵੱਧ ਸ਼ਰਤਾਂ ਲਗਾਉਣ ਲਈ ਪੇਸ਼ਕਸ਼ ਨੂੰ ਮਨਜ਼ੂਰ ਕਰਨ ਦੇ ਫੈਸਲੇ ਦੇ ਸਮਰੱਥ ਹੁੰਦਾ ਹੈ।

### ਪਹਿਲਾਂ ਮੌਜੂਦ ਬੀਮਾਰੀ ਕੀ ਹੈ?

ਬੀਮਤ ਵਿਅਕਤੀ ਨੂੰ ਪਾਲਸੀ ਸ਼ੁਰੂ ਹੋਣ ਤੋਂ 48 ਮਹੀਨੇ ਪਹਿਲਾਂ ਲੱਗੀ ਕੋਈ ਵੀ ਬੀਮਾਰੀ ਨੂੰ ਪਹਿਲਾਂ-ਮੌਜੂਦ ਬੀਮਾਰੀ (pre-existing diseases) ਮੰਨਿਆ ਜਾਂਦਾ ਹੈ। ਇਸੇ ਤਰਕ ਨਾਲ ਬੀਮਾਕਰਤਾ ਨੂੰ ਵਿਅਕਤੀ ਦੇ ਲਗਾਤਾਰ 48 ਮਹੀਨੇ ਬੀਮਾ ਲਈ ਰੱਖਣ ਦੇ ਬਾਅਦ ਪਹਿਲਾਂ ਮੌਜੂਦ ਬੀਮਾਰੀਆਂ ਨੂੰ ਅਲਹਿਦਾ ਰੱਖਣ ਦੀ ਇਜਾਜ਼ਤ ਨਹੀਂ ਹੈ।

ਨਵਿਆਉਣਯੋਗਤਾ: ਹਾਲਾਂਕਿ ਸਿਹਤ-ਦੇਖਭਾਲ ਪਾਲਸੀਆਂ ਇੱਕ ਸਾਲ ਦਾ ਇਕਰਾਰ ਜੀਵਨ ਹੁੰਦੀਆਂ ਹਨ ਅਤੇ ਹਰ ਸਾਲ ਨਵੀਂ ਪਾਲਸੀ ਜਾਰੀ ਕੀਤੀ ਜਾਂਦੀ ਹੈ, ਸਾਰੀਆਂ ਪਾਲਸੀਆਂ ਲਈ IRDAI ਨੇ ਜੀਵਨ-ਭਰ ਲਈ ਨਵਿਆਉਣ ਦੀ ਯੋਗਤਾ ਨੂੰ ਲਾਜ਼ਮੀ ਬਣਾਇਆ ਹੈ।

### ਖਾਸ ਫੀਚਰ

ਉਤਪਾਦ ਵਿੱਚ ਨਵੇਂ ਫ਼ੀਚਰ ਦੇਣ ਅਤੇ ਕੀਮਤ ਬਣਾਉਣ ਰੱਖਣ ਲਈ ਵੀ, ਬੀਮਾ ਕੰਪਨੀਆਂ ਉਤਪਾਦਾਂ ਵਿੱਚ ਨਵੀਆਂ ਸੋਧਾਂ ਕਰਦੀਆਂ ਹਨ। ਮਿਸਾਲ ਵਜੋਂ ਮੈਡੀਕਲੇਮ ਪਾਲਸੀ, ਜੋ ਕਿ 2000 ਤੋਂ ਪਹਿਲਾਂ ਸਭ ਤੋਂ ਵੱਧ ਹਰਮਨਪਿਆਰੀ ਸੀ, ਵਿੱਚ ਕਈ ਬਦਲਾਅ ਹੋਏ ਹਨ ਅਤੇ ਬੀਮਾ-ਸੁਰੱਖਿਆ ਲਈ ਖਾਸ ਫ਼ੀਚਰ ਜੋੜੇ ਗਏ ਹਨ। ਕੁਝ ਫ਼ੀਚਰਾਂ ਨੂੰ ਮੁੱਢਲੀ ਹਰਜਾਨਾ ਬੀਮਾ-ਸੁਰੱਖਿਆ ਲਈ ਵੀ ਜੋੜਿਆ ਜਾ ਚੁੱਕਾ ਹੈ। ਇਹ ਫ਼ੀਚਰ ਹਰ ਕਿਸੇ ਬੀਮਾਕਰਤਾ ਅਤੇ ਹਰ ਉਤਪਾਲ ਲਈ ਵੱਖ-ਵੱਖ ਹੋ ਸਕਦੇ ਹਨ ਅਤੇ ਸਾਰੇ ਉਤਪਾਦਾਂ ਲਈ ਇੱਕ ਤਰ੍ਹਾਂ ਮੌਜੂਦ ਨਹੀਂ ਵੀ ਹੋ ਸਕਦੇ ਹਨ।

i. ਅਧੀਨ ਲਿਮਟ ਤੇ ਬੀਮਾਰੀ ਲਈ ਖਾਸ ਹੱਦ

ਕੁਝ ਉਤਪਾਦਾਂ ਵਿੱਚ ਬੀਮਾਰੀਆਂ ਦੇ ਸੰਬੰਧੀ ਖਾਸ ਹੱਦ ਹੁੰਦੀ ਹੈ ਜਿਵੇਂ ਕਿ ਮੋਤੀਆ-ਬਿੰਦ ਕੁਝ ਹੋਰਾਂ ਵਿੱਚ ਬੀਮਾ ਕਰਵਾਈ ਰਕਮ ਦੇ ਸੰਬੰਧ ਵਿੱਚ ਕਮਰੇ ਦੇ ਕਿਰਾਏ ਲਈ ਹੱਦ ਹੁੰਦੀ ਹੈ ਜਿਵੇਂ ਕਿ ਕਮਰੇ ਦਾ ਕਿਰਾਇਆ ਬੀਮਾ ਕਰਵਾਈ ਰਕਮ ਦਾ 1% ਅਤੇ ICU ਖ਼ਰਚੇ ਬੀਮਾ ਕਰਵਾਈ ਰਕਮ ਦਾ 2%। ਹੋਰ ਭਾਗਾਂ ਲਈ ਖ਼ਰਚੇ ਜਿਵੇਂ ਕਿ ICU ਖ਼ਰਚੇ, OT ਖ਼ਰਚੇ ਅਤੇ ਸਰਜਨ ਦੀ ਫੀਸ ਨੂੰ ਵੀ ਚੁਣੇ ਕਮਰੇ ਦੀ ਕਿਸਮ ਨਾਲ ਜੋੜੇ ਜਾ ਸਕਦੇ ਹਨ, ਕਮਰਾ

ਕਿਰਾਏ ਨੂੰ ਸੀਮਿਤ ਕਰਨ ਨਾਲ ਹੋਰ ਭਾਗਾਂ ਦੇ ਖ਼ਰਚਿਆਂ ਨੂੰ ਸੀਮਿਤ ਕੀਤਾ ਜਾ ਸਕਦਾ ਹੈ ਅਤੇ ਇਸਕਰਕੇ ਸਾਰੇ ਹਸਪਤਾਲ ਵਿੱਚ ਭਰਤੀ ਰਹਿਣ ਦੇ ਖ਼ਰਚੇ ਵੀ।

ii. ਸਹਿ-ਭੁਗਤਾਨ (ਆਮ ਤੌਰ ਉੱਤੇ ਕੋ-ਪੇਅ ਕਹਿੰਦੇ ਹਨ)

IRDAI ਵਲੋਂ ਪ੍ਰਭਾਸ਼ਿਤ ਕੀਤੇ ਸਹਿ-ਭੁਗਤਾਨ ਨੂੰ ਸਿਹਤ ਬੀਮਾ ਪਾਲਸੀ ਦੇ ਅਧੀਨ ਕੀਮਤਸਾਂਝੀ ਕਰਨ ਦਾ ਢੰਗ ਹੈ, ਜੋ ਕਿ ਪਾਲਸੀਧਾਰਕ/ਬੀਮਤ ਨੂੰ ਮੰਨਣਯੋਗ ਦਾਅਵਾ ਰਕਮ ਦੇ ਤਹਿਸ਼ੁਦਾ ਭੁਗਤਾਨ ਨੂੰ ਝੱਲਣ ਦੇਵੇਗਾ। ਸਹਿ-ਭੁਗਾਤਨ ਬੀਮਾ ਕਰਵਾਈ ਰਕਮ ਨੂੰ ਨਹੀਂ ਘਟਾਉਂਦਾ ਹੈ।

ਸਹਿ-ਭੁਗਤਾਨ ਦੇ ਸਿਧਾਂਤ ਮੁਤਾਬਕ ਸਿਹਤ ਪਾਲਸੀ ਦੇ ਅਧੀਨ ਹਰੇਕ ਦਾਅਵੇ ਦੇ ਹਿੱਸੇ ਦਾ ਭਾਗ ਬੀਮਤ ਵਲੋਂ ਚੁੱਕਿਆ ਜਾਂਦਾ ਹੈ। ਇਹ ਉਤਪਾਦ ਦੇ ਮੁਤਾਬਕ ਲਾਜ਼ਮੀ ਜਾਂ ਸਵੈ-ਇੱਛਤ ਹੋ ਸਕਦਾ ਹੈ। ਸਹਿ-ਭੁਗਤਾਨ ਨਾਲ ਬੀਮਤ ਵਲੋਂ ਬੇਲੋੜਾ ਹਸਪਤਾਲ ਵਿੱਚ ਭਰਤੀ ਹੋਣ ਤੋਂ ਬਚਣ ਦਾ ਕੁਝ ਅਨੁਸ਼ਾਸ਼ਨ ਆਉਂਦਾ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਬੀਮਤ ਆਪਣੀਆਂ ਸਿਹਤ-ਦੇਖਭਾਲ ਚੋਣਾਂ ਨੂੰ ਧਿਆਨ ਨਾਲ ਚੁਣੇ ਅਤੇ ਆਰਾਮਦੇਹ ਚੋਣਾਂ ਤੋਂ ਪਰਹੇਜ਼ ਕਰੇ।

ਜਦੋਂ ਬੀਮਾ ਕਰਵਾਈ ਘਟਨਾ ਵਾਪਰਦੀ ਹੈ ਤਾਂ ਬਹੁਤੀਆਂ ਸਿਹਤ ਪਾਲਸੀਆਂ ਲਈ ਬੀਮਤ ਨੂੰ ਬੀਮਾ ਹੋਏ ਨੁਕਸਾਨ ਦਾ ਹਿੱਸਾ ਦੇਣਾ ਪੈਂਦਾ ਹੈ। ਜਿਵੇਂ ਕਿ ਜੇ ਬੀਮਾ ਕਰਵਾਇਆ ਘਾਟਾ 20000 ਰੁਪਏ ਦਾ ਹੈ ਅਤੇ ਪਾਲਸੀ ਵਿੱਚ ਸਹਿ-ਭੁਗਤਾਨ ਰਕਮ 10% ਹੈ ਤਾਂ ਬੀਮਤ ਨੂੰ 2000 ਰੁਪਏ ਦੇਣੇ ਪੈਣਗੇ।

iii. ਕਟੌਤੀ / ਬਹੁਤਾਤ

ਜਿਵੇਂ ਕਿ ਪਾਠ 5 ਵਿੱਚ ਸਮਝਾਇਆ ਗਿਆ ਹੈ, 'ਕਟੌਤੀ (Deductible)', ਜਿਸ ਨੂੰ 'ਬਹੁਤਾਤ (Excess)' ਵੀ ਕਹਿੰਦੇ ਹਨ, ਕੀਮਤ ਸਾਂਝਾ ਕਰਨ ਦਾ ਵਿਧਾਨ ਹੈ। ਸਿਹਤ ਬੀਮਾ ਪਾਲਸੀ ਦੇ ਅਧੀਨ, ਇਹ ਤਹਿ ਕਰਦੀ ਹੈ ਕਿ ਹਰਜਾਨਾ ਪਾਲਸੀਆਂ ਦੇ ਕੇਸ ਵਿੱਚ ਤਹਿ ਕੀਤੀ ਰੁਪਏ ਵਿੱਚ ਰਕਮ ਲਈ ਅਤੇ ਹਸਪਤਾਲ ਨਕਦੀ ਪਾਲਸੀਆਂ ਦੇ ਕੇਸ ਵਿੱਚ ਦਿਨਾਂ/ਘੰਟਿਆਂ ਦੀ ਖਾਸ ਗਿਣਤੀ ਲਈ ਬੀਮਾਕਰਤਾ ਨੂੰ ਦੇਣਦਾਰ ਨਹੀਂ ਹੋਵੇਗਾ, ਜੋ ਕਿ ਬੀਮਾਕਰਤਾ ਵਲੋਂ ਭੁਗਤਾਨ ਕੀਤੇ ਜਾਣ ਵਾਲੇ ਫਾਇਦਿਆਂ ਤੋਂ ਪਹਿਲਾਂ ਲਾਗੂ ਹੁੰਦੀਆਂ ਹਨ ਹਨ। ਸਿਹਤ ਪਾਲਸੀਆਂ ਵਿੱਚ, ਇਹ ਧਨ ਦੀ ਸਥਿਰ ਰਕਮ ਹੁੰਦੀ ਹੈ, ਜੋ ਕਿ ਬੀਮਤ ਵਲੋਂ ਦਾਅਵਾ ਰਾਹੀਂ ਬੀਮਾਕਰਤਾ ਵਲੋਂ ਭੁਗਤਾਨ ਕਰਨ ਤੋਂ ਪਹਿਲਾਂ ਦੇਣੀ ਜ਼ਰੂਰੀ ਹੁੰਦੀ ਹੈ, ਜਿਵੇਂ ਕਿ ਜੇ ਪਾਲਸੀ ਦੀ ਕਟੌਤੀ 10,000 ਰੁਪਏ ਹੈ ਤਾਂ ਹਰੇਕ ਬੀਮਤ ਨੂੰ ਦਾਅਵੇ ਲਈ ਪਹਿਲਾਂ 10,000 ਰੁਪਏ ਦਾ ਭੁਗਤਾਨ ਕਰਨਾ ਹੋਵੇਗਾ। ਉਦਾਹਰਨ ਲਈ, ਜੇ ਦਾਅਵੇ ਦੀ ਰਕਮ 80,000 ਰੁਪਏ ਹੈ ਤਾਂ ਬੀਮਤ ਨੂੰ ਪਹਿਲਾਂ 10,000 ਰੁਪਏ ਦਾ ਭੁਗਤਾਨ ਕਰਨਾ ਹੋਵੇਗਾ ਤਾਂ ਬੀਮਾਕਰਤਾ ਭੁਗਤਾਨ ਕਰੇਗਾ 70,000 ਰੁਪਏ। ਕਟੌਤੀ ਕਰਵਾਈ ਰਕਮ ਨੂੰ ਨਹੀਂ ਘਟਾਉਂਦੀ ਹੈ।

ਕਟੌਤੀ ਨੂੰ ਹਸਪਤਾਲ ਨਕਦ ਪਾਲਸੀਆਂ ਦੇ ਕੇਸ ਵਿੱਚ ਦਿਨ/ਘੰਟਿਆਂ ਦੀ ਗਿਣਤੀ ਦੇ ਰੂਪ ਵਿੱਚ ਦਿੱਤਾ ਜਾ ਸਕਦਾ ਹੈ, ਜੋ ਕਿ ਬੀਮਾਕਰਤਾ ਵਲੋਂ ਭੁਗਤਾਨਯੋਗ ਕਿਸੇ ਵੀ ਫਾਇਦੇ ਤੋਂ ਪਹਿਲਾਂ ਲਾਗੂ ਕੀਤਾ ਜਾਵੇਗਾ।

ਏਜੰਟ ਨੂੰ ਜਾਂਚ ਕਰਨੀ ਅਤੇ ਬੀਮਤ ਨੂੰ ਦੱਸਣਾ ਚਾਹੀਦਾ ਹੈ ਕਿ ਕਟੌਤੀ ਹਰ ਸਾਲ, ਹਰ ਜੀਵਨ ਜਾਂ ਹਰ ਘਟਨਾ ਲਈ ਲਾਗੂ ਹੈ ਅਤੇ ਕਿੰਨੀ ਕਟੌਤੀ ਲਾਗੂ ਕਰਨੀ ਹੈ।

iv. ਉਡੀਕ ਅੰਤਰਾਲ

ਪਾਲਸੀ ਸ਼ੁਰੂ ਹੋਣ ਤੋਂ 30 ਤੱਕ ਉਡੀਕ ਸਮਾਂ ਕਿਸੇ ਵੀ ਦਾਅਵੇ ਲਈ ਬਹੁਤੀਆਂ ਪਾਲਸੀਆਂ ਲਈ ਆਮ ਤੌਰ ਉੱਤੇ ਲਾਗੂ ਹੁੰਦਾ ਹੈ। ਪਰ ਇਹ ਹਾਦਸਾ ਦੇ ਕਰਕੇ ਹਸਪਤਾਲ ਵਿੱਚ ਭਰਤੀ ਹੋਣ ਉੱਤੇ ਲਾਗੂ ਨਹੀਂ ਹੁੰਦਾ ਹੈ।

v. ਖਾਸ ਬੀਮਾਰੀ ਲਈ ਉਡੀਕ ਅੰਤਰਾਲ

ਇਹ ਬੀਮਾਰੀਆਂ ਲਈ ਵੀ ਲਾਗੂ ਹੈ, ਜਿਸ ਲਈ ਆਮ ਉੱਤੇ ਇਲਾਜ ਵਿੱਚ ਦੇਰੀ ਹੋ ਸਕਦੀ ਹੈ ਅਤੇ ਵਿਉਂਤ ਕੀਤੀ ਹੋਈ ਹੁੰਦੀ ਹੈ। ਉਤਪਾਦ ਦੇ ਮੁਤਾਬਕ ਬੀਮਾ ਕੰਪਨੀਆਂ ਇੱਕ / ਦੋ / ਚਾਰ ਸਾਲਾਂ ਲਈ ਉਡੀਕ ਅੰਤਰਾਲ ਤੈਅ ਕਰ ਸਕਦੀਆਂ ਹਨ ਅਤੇ ਇਹਨਾਂ ਬੀਮਾਰੀਆਂ ਲਈ ਇਹ ਸਮਾਂ ਲੰਘਣ ਦੇ ਉਪਰੰਤ ਹੀ ਦਾਅਵਿਆਂ ਦਾ ਭੁਗਤਾਨ ਕੀਤਾ ਜਾਂਦਾ ਹੈ। ਕੁਝ ਬੀਮਾਰੀਆਂ ਵਿੱਚ ਮੋਤੀਆ ਬਿੰਦ, ਘੱਟ-ਦੁੱਖਦਾਈ ਪ੍ਰੋਸਟੈਟਿਕ ਹਾਈਪਰਟਰੋਫੀ, ਮੇਨੋਰਹਗੀਆ ਜਾਂ ਫਿਰੋਬਮਿਆਮਾ ਲਈ ਹਿਸਟਰੋਟੋਮੀ, ਹਰਨੀਆ, ਹਾਇਡਰੋਲੇਸ, ਜਮਾਂਦਰੂ ਅੰਦਰੂਨੀ ਰੋਗ, ਗੁਦਾ ਵਿੱਚ ਫਿਸਟੁਲਾ, ਬਵਾਸੀਰ, ਸਾਈਨੁਸਿਟਿਸ ਤੇ ਸੰਬੰਧਿਤ ਬੀਮਾਰੀਆਂ ਆਦਿ ਸ਼ਾਮਲ ਹਨ।

vi. ਰੋਜ਼ਾਨਾ ਦੇਖਭਾਲ ਕਾਰਵਾਈ ਲਈ ਬੀਮਾ-ਸੁਰੱਖਿਆ

ਮੈਡੀਕਲ ਵਿਗਿਆਨ ਵਿੱਚ ਤਰੱਕੀ ਦੇ ਨਾਲ ਡੇ ਕੇਅਰ ਵਰਗ ਦੇ ਅਧੀਨ ਇਲਾਜ ਦੀ ਵੱਡੀ ਗਿਣਤੀ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਵੇਂ ਕਿ ਪਹਿਲਾਂ ਵਿਚਾਰਿਆ ਗਿਆ ਹੈ

vii. ਪਾਲਸੀ ਤੋਂ ਪਹਿਲਾਂ ਚੈਕ ਅਪ ਲਈ ਖਰਚਾ

ਪਹਿਲਾਂ ਮੈਡੀਕਲ ਜਾਂਚ ਦੀ ਕੀਮਤ ਸੰਭਾਵਿਤ ਗਾਹਕ ਵਲੋਂ ਝੱਲੀ ਜਾਂਦੀ ਸੀ। ਹੁਣ ਬੀਮਾਕਰਤਾ ਕੀਮਤ ਵਾਪਿਸ ਕਰਦਾ ਹੈ, ਜਦੋਂ ਤੱਕ ਕਿ ਪੇਸ਼ਕਸ਼ ਨੂੰ ਅੰਡਰਰਾਈਟਿੰਗ ਲਈ ਮਨਜ਼ੂਰ ਕੀਤਾ ਜਾਂਦਾ ਹੈ, ਵਾਪਿਸ ਕੀਤੇ ਜਾਣ ਵਾਲੀ ਰਕਮ 50% ਤੋਂ 100% ਤੱਕ ਹੁੰਦੀ ਹੈ। ਹੁਣ IRDAI ਨੇ ਜ਼ਰੂਰੀ ਬਣਾਇਆ ਹੈ ਕਿ ਬੀਮਾਕਰਤਾ ਸਿਹਤ-ਜਾਂਚ ਦੇ ਘੱਟੋ-ਘੱਟ 50% ਖ਼ਰਚੇ ਝੱਲੇਗਾ।

viii. ਬੀਮਾ-ਸੁਰੱਖਿਆ ਉੱਤੇ ਐਡ ਆਨ

ਕੁਝ ਬੀਮਾਕਰਤਾਵਾਂ ਵਲੋਂ ਵੱਖ-ਵੱਖ ਵਾਧੂ ਬੀਮਾ-ਸੁਰੱਖਿਆਵਾਂ ਪੇਸ਼ ਕੀਤੀਆਂ ਗਈਆਂ ਹਨ, ਜਿਹਨਾਂ ਨੂੰ ਐਡ-ਆਨ ਸੁਰੱਖਿਆ ਕਹਿੰਦੇ ਹਨ। ਇਹਨਾਂ ਵਿੱਚ ਕੁਝ ਹਨ:

✓ ਜਣੇਪਾ ਬੀਮਾ-ਸੁਰੱਖਿਆ: ਜਣੇਪਾ ਨੂੰ ਪਹਿਲਾਂ ਖੁਦਰਾ ਪਾਲਸੀਆਂ ਵਿੱਚ ਪੇਸ਼ ਨਹੀਂ ਸੀ ਕੀਤਾ ਗਿਆ, ਪਰ ਹੁਣ ਬਹੁਤੇ ਬੀਮਾਕਰਤਾ ਉਡੀਕ ਸਮੇਂ ਦੇ ਨਾਲ ਪੇਸ਼ ਕਰਦੇ ਹਨ।

✓ ਘਾਤਕ ਬੀਮਾਰੀ ਬੀਮਾ ਸੁਰੱਖਿਆ: ਉੱਚ ਪੱਧਰੀ ਕਿਸਮ ਦੇ ਉਤਪਾਦਾਂ ਦੇ ਅਧੀਨ ਕੁਝ ਬੀਮਾਰੀਆਂ, ਜਿਹਨਾਂ ਲਈ ਜੀਵਨ ਖਤਰਾ ਹੁੰਦਾ ਹੈ ਅਤੇ ਇਲਾਜ ਬਹੁਤ ਮਹਿੰਗਾ ਹੈ, ਲਈ ਚੋਣ ਮੌਜੂਦ ਹੈ।

- ✓ ਬੀਮਾ ਕਰਵਾਈ ਰਕਮ ਦੀ ਮੁੜ-ਇੰਸਟਾਲਮੈਂਟ: ਦਾਅਵੇ ਦੇ ਭੁਗਤਾਨ ਦੇ ਬਾਅਦ, ਬੀਮਾ ਕਰਵਾਈ ਰਕਮ (ਜੋ ਕਿ ਦਾਅਵੇ ਦੇ ਭੁਗਤਾਨ ਦੇ ਬਾਅਦ ਘੱਟ ਜਾਂਦੀ ਹੈ) ਨੂੰ ਵਾਧੂ ਪ੍ਰੀਮੀਅਮ ਦੇ ਭੁਗਤਾਨ ਕਰਕੇ ਅਸਲ ਹੱਦ ਤੱਕ ਵਾਪਿਸ ਪਰਤਾਇਆ ਜਾ ਸਕਦਾ ਹੈ।
- ✓ ਅਯੂਸ਼ (AYUSH) - ਆਯੂਰਵੇਦ - ਯੋਗਾ - ਯੂਨਾਨੀ - ਸਿੱਧਾ - ਹੋਮੋਪੈਥੀ ਲਈ ਬੀਮਾ ਸੁਰੱਖਿਆ: ਕੁਝ ਪਾਲਸੀਆਂ ਅਯੂਸ਼ ਇਲਾਦ ਲਈ ਹਸਪਤਾਲ ਵਿੱਚ ਭਰਤੀ ਹੋਣ ਦੇ ਖ਼ਰਚਿਆਂ ਲਈ ਕੁਝ ਫੀਸਦੀ ਤੱਕ ਸੁਰੱਖਿਆ ਦਿੰਦੀਆਂ ਹਨ।

ix. ਮੁੱਲ ਐਡ-ਆਨ ਬੀਮਾ-ਸੁਰੱਖਿਆ

ਕੁਝ ਹਰਜਾਨਾ ਉਤਪਾਦਾਂ ਵਿੱਚ ਹੇਠ ਦਿੱਤੀ ਸੂਚੀ ਦੇ ਮੁਤਾਬਕ ਮੁੱਲ ਵਾਧਾ ਕਰਨ ਵਾਲੀਆਂ ਬੀਮਾ ਸੁਰੱਖਿਆ ਸ਼ਾਮਿਲ ਹਨ। ਫਾਇਦੇ ਪਾਲਸੀ ਦੀਆਂ ਸ਼ਰਤਾਂ ਵਿੱਚ ਹਰੇਕ ਬੀਮਾ ਸੁਰੱਖਿਆ ਦੇ ਲਈ ਖਾਸ ਬੀਮਾ ਕਰਵਾਈ ਰਕਮ ਦੀ ਹੱਦ ਤੱਕ ਭੁਗਤਾਨ ਕਰਨ ਯੋਗ ਹੁੰਦੇ ਹਨ, ਜੋ ਕਿ ਕੁੱਲ ਬੀਮਾ ਕਰਵਾਈ ਰਕਮ ਤੋਂ ਵੱਧ ਨਹੀਂ ਸਕਦੇ ਹਨ।

- ✓ ਨਾ-ਭਰਤੀ ਹੋਣ ਵਾਲੇ ਮਰੀਜ਼(ਆਉਟ-ਪੇਸ਼ੈਂਟ) ਬੀਮਾ-ਸੁਰੱਖਿਆ: ਭਾਰਤ ਵਿੱਚ ਸਿਹਤ ਬੀਮਾ ਉਤਪਾਦ ਕੇਵਲ ਹਸਪਤਾਲ ਵਿੱਚ ਭਰਤੀ ਹੋਣ ਵਾਲੇ ਮਰੀਜਾਂ ਲਈ ਹੀ ਖ਼ਰਚਿਆਂ ਲਈ ਸੁਰੱਖਿਆ ਦਿੰਦੇ ਹਨ। ਕੁਝ ਕੰਪਨੀਆਂ ਨੇ ਹੁਣ ਉੱਚ-ਪੱਧਰੀ ਸਕੀਮਾਂ ਵਿਚੋਂ ਕੁਝ ਦੇ ਅਧੀਨ ਬਿਨਾਂ-ਭਰਤੀ ਹੋਣ ਵਾਲੇ ਮਰੀਜ਼ਾਂ ਲਈ ਵੀ ਸੀਮਿਤ ਸੁਰੱਖਿਆ ਦੇਣੀ ਸ਼ੁਰੂ ਕੀਤੀ ਹੈ।
- ✓ ਹਸਪਤਾਲ ਨਕਦ: ਇਹ ਖਾਸ ਦਿੱਤੇ ਸਮੇਂ ਲਈ ਹਸਪਤਾਲ ਵਿੱਚ ਭਰਤੀ ਰਹਿਣ ਦੇ ਹਰੇਕ ਦਿਨ ਲਈ ਸਥਿਰ ਇੱਕ-ਮੁਸ਼ਤ ਰਕਮ ਦਿੰਦੀ ਹੈ। ਆਮ ਤੌਰ ਉੱਤੇ 2/3 ਦਿਨਾਂ ਦੀ ਕਟੌਤੀ ਨਾਲ ਪਾਲਸੀਆਂ ਨਾਲ 7 ਦਿਨਾਂ ਲਈ ਅਲਹਿਦਗੀ ਨਾਲ ਇਜਾਜ਼ਤ ਹੁੰਦੀ ਹੈ। ਇਸਕਰਕੇ, ਫਾਇਦਾ ਕੇਵਲ ਤਾਂ ਹੀ ਮਿਲੇਗਾ ਜੇ ਹਸਪਤਾਲ ਅੰਤਰਾਲ ਕਟੌਤੀ ਅੰਤਰਾਲ ਤੋਂ ਵੱਧ ਹੋਵੇਗਾ। ਇਹ ਹਸਪਤਾਲ ਦਾਅਵੇ ਤੋਂ ਵਾਧੂ ਹੈ, ਪਰ ਪਾਲਸੀ ਦੇ ਅਧੀਨ ਬੀਮਾ ਕਰਵਾਈ ਪੂਰੀ ਰਕਮ ਦੇ ਵਿੱਚ ਹੈ ਜਾਂ ਵੱਖਰੀ ਅਧੀਨ-ਹੱਦ ਵਿੱਚ ਹੋ ਸਕਦੀ ਹੈ।
- ✓ ਰਿਕਵਰੀ ਫਾਇਦਾ: ਇੱਕ ਮੁਸ਼ਤ ਫਾਇਦਾ ਰਕਮ ਦਾ ਭੁਗਤਾਨ ਕੀਤਾ ਜਾਂਦਾ ਹੈ, ਜੇ ਬੀਮਾਰੀ ਅਤੇ/ਜਾਂ ਹਾਦਸਾ ਦੇ ਕਰਕੇ ਹਸਪਤਾਲ ਵਿੱਚ ਰਹਿਣ ਦਾ ਕੁੱਲ ਸਮਾਂ 10 ਦਿਨਾਂ ਤੋਂ ਘੱਟ ਨਹੀਂ ਹੈ।
- ✓ ਦਾਨਕਰਤਾ ਦੇ ਖਰਚੇ: ਪਾਲਸੀ ਵੱਡੇ ਅੰਗ ਟਰਾਂਸਪਲਾਂਟ ਦੇ ਕੇਸ ਵਿੱਚ ਦਾਨੀ ਦੇ ਖ਼ਰਚੇ ਨੂੰ ਪਾਲਸੀ ਵਿੱਚ ਦਿੱਤੇ ਗਏ ਨਿਯਮਾਂ ਤੇ ਸ਼ਰਤਾਂ ਦੇ ਤਹਿਤ ਧਨ-ਵਾਪਸ ਦਿੰਦੀ ਹੈ।
- ✓ ਐਲਬੂਲੈਂਸ ਲਈ ਧਨ-ਵਾਪਸੀ: ਬੀਮਤ/ਬੀਮਾ ਕਰਵਾਉਣ ਵਾਲੇ ਵਿਅਕਤੀ ਵਲੋਂ ਐਮਬੂਲੈਂਸ ਲਈ ਦਿੱਤੇ ਖ਼ਰਚੇ ਪਾਲਸੀ ਦੇ ਨਿਯਮਾਂ ਵਿੱਚ ਦਿੱਤੀ ਕੁਝ ਹੱਦ ਤੱਕ ਵਾਪਿਸ ਕੀਤੇ ਜਾਂਦੇ ਹਨ।
- ✓ ਨਾਲ ਰਹਿਣ ਵਾਲੇ ਵਿਅਕਤੀ ਲਈ ਖਰਚੇ: ਇਸ ਦਾ ਮਕਸਦ ਹਸਪਤਾਲ ਵਿੱਚ ਭਰਤੀ ਰਹਿਣ ਦੇ ਸਮੇਂ ਦੌਰਾਨ ਬੀਮਾ ਕਰਵਾਏ ਮਰੀਜ਼ ਨੂੰ ਸੰਭਾਲਣ ਵਾਲੇ ਵਿਅਕਤੀ ਦੇ ਭੋਜਨ, ਆਉਣ-ਜਾਣ ਦੇ ਹੋਏ ਖ਼ਰਚਿਆਂ ਲਈ

ਸੁਰੱਖਿਆ ਦੇਣਾ ਹੈ। ਪਾਲਸੀ ਨਿਯਮਾਂ ਦੇ ਤਹਿਤ ਇੱਕ ਮੁਸ਼ਤ ਭੁਗਤਾਨ ਜਾਂ ਧਨ-ਵਾਪਸੀ ਭੁਗਤਾਨ ਕੀਤਾ ਜਾਂਦਾ ਹੈ, ਜੋਂ ਕਿ ਪਾਲਸੀ ਦੀ ਸ਼ਰਤ ਵਿੱਚ ਦਿੱਤੀ ਹੱਦ ਤੱਕ ਹੁੰਦਾ ਹੈ।

✓ ਪਰਿਵਾਰ ਪਰਿਭਾਸ਼ਾ: ਪਰਿਵਾਰ ਦੀ ਪਰਿਭਾਸ਼ਾ ਕੁਝ ਸਿਹਤ ਉਤਪਾਦਾਂ ਵਿੱਚ ਤਬਦੀਲ ਹੋਈ ਹੈ। ਪਹਿਲਾਂ, ਮੁੱਢਲੀ ਬੀਮਾ ਕਰਵਾਉਣ ਵਾਲਾ, ਜੀਵਨ-ਸਾਥੀ, ਨਿਰਭਰ ਬੱਚਿਆਂ ਨੂੰ ਬੀਮਾ-ਸੁਰੱਖਿਆ ਮਿਲਦੀ ਸੀ। ਹੁਣ ਪਾਲਸੀਆਂ ਵਿੱਚ ਮਾਪਿਆਂ ਤੇ ਸੁਹਰਿਆਂ ਨੂੰ ਵੀ ਇੱਕੋ ਪਾਲਸੀ ਅਧੀਨ ਸੁਰੱਖਿਆ ਦਿੱਤੀ ਜਾ ਸਕਦੀ ਹੈ।

x. ਡਾਕਟਰੀ ਸਲਾਹ ਲੈਣ, ਜਾਂ ਪਾਲਣਾ ਨਾ ਕਰ ਜਾਂ ਇਲਾਜ ਨਾ ਕਰਵਾਉਣਾ

ਸ਼ੁਰੂਆਤ ਵਿੱਚ ਮੌਜੂਦ ਬੀਮਾਰੀਆਂ ਤੋਂ ਪੀੜਤ ਵਿਅਕਤੀ ਲਈ ਸਿਹਤ ਬੀਮਾ ਕਵਰ ਤੋਂ ਇਨਕਾਰ ਕਰ ਦਿੱਤਾ ਜਾਂਦਾ ਸੀ। ਹੁਣ ਇੰਝ ਦੇ ਕੇਸਾਂ ਵਿੱਚ ਇੰਝ ਦੀਆਂ ਬੀਮਾਰੀਆਂ ਨੂੰ ਅਲਹਿਦਾ ਰੱਖ ਕੇ ਕਵਰ ਦਿੱਤਾ ਜਾ ਰਿਹਾ ਹੈ।

ਮਿਆਰੀ ਸਿਹਤ ਉਤਪਾਦ - ਅਰੋਗ ਸੰਜੀਵਨੀ: ਕੋਵਿਡ-19 ਮਹਾਂਮਾਰੀ ਦੇ ਹਾਲਤਾਂ ਵਿੱਚ IRDAI ਨੇ ਸਾਰੀਆਂ ਬੀਮਾ ਕੰਪਨੀਆਂ ਨੂੰ ਨਿਯਮ ਅਤੇ ਸ਼ਰਤਾਂ ਵਿੱਚ ਬਿਨਾਂ ਕਿਸੇ ਤਬਦੀਲੀ ਦੇ ਮਿਆਰੀ ਸਿਹਤ ਉਤਪਾਦ, ਜਿਸ ਨੂੰ ਅਰੋਗ ਸੰਜੀਵਨੀ ਕਹਿੰਦੇ ਹਨ, ਲਿਆਉਣ ਲਈ ਕਿਹਾ ਹੈ ਤਾਂ ਕਿ ਇਹ ਸਮਝਣੀ ਸੌਖੀ ਹੋਵੇ। ਹਰ ਕੰਪਨੀ ਲਈ ਕੀਮਤ ਪਾਲਸੀ ਦੇ ਤਹਿਤ ਪ੍ਰੀਮੀਅਮ ਵੱਖੋ-ਵੱਖ ਹੋ ਸਕਦਾ ਹੈ। ਇਹ ਬਾਜ਼ਾਰ ਵਿੱਚ ਸਿਹਤ ਬੀਮੇ ਦੇ ਚੰਗੀ ਤਰ੍ਹਾਂ ਪਹੁੰਚਣ ਨੂੰ ਯਕੀਨੀ ਬਣਾਉਂਦਾ ਹੈ। ਸਾਰੇ ਬੀਮਾਕਰਤਾ ਨੂੰ ਇਹ ਅਰੋਗ ਸੰਜੀਵਨੀ ਉਤਪਾਦ ਪੇਸ਼ ਕਰਨੀ ਜ਼ਰੂਰੀ ਹੈ। [ਇਸ ਦਾ ਪ੍ਰਸੰਗ ਸੀ ਕਿ ਬਾਜ਼ਾਰ ਵਿੱਚ ਵੱਖ-ਵੱਖ ਸਿਹਤ ਬੀਮੇ ਉਪਲੱਬਧ ਸਨ ਅਤੇ ਗਾਹਕ ਉਹਨਾਂ ਦੀ ਤੁਲਨਾ ਨਹੀਂ ਕਰ ਸਕਦੇ ਸੀ, ਜਿਸ ਨਾਲ ਉਲਝ ਪੈਦਾ ਹੁੰਦੀ ਸੀ।]

ਅਰੋਗ ਸੰਜੀਵਨੀ ਬੀਮਾ ਪਾਲਸੀ ਦੇ ਤਹਿਤ ਅੱਗੇ ਦਿੱਤੇ ਦੋ ਕਿਸਮ ਦੇ ਪਲਾਨ ਹਨ:

- ਨਿੱਜੀ ਪਲਾਨ: ਇੱਕਲਾ ਵਿਅਕਤੀ ਅਰੋਗ ਸੰਜੀਵਨੀ ਪਾਲਸੀ ਦਾ ਫਾਇਦਾ ਲਵੇਗਾ।
- ਪਰਿਵਾਰ ਫਲੋਟਰ ਪਲਾਨ: ਪਾਲਸੀ-ਧਾਰਕ ਦੇ ਕਈ ਪਰਿਵਾਰਿਕ ਮੈਂਬਰ ਅਰੋਗ ਸੰਜੀਵਨੀ ਪਲਾਨ ਦੇ ਲਾਭਪਾਤਰ ਬਣ ਸਕਦੇ ਹਨ।

ਇਸ ਉਤਪਾਦ ਵਿੱਚ ਕਮਰੇ ਦੇ ਕਿਰਾਏ ਅਤੇ ICU ਦੇ ਖ਼ਰਚਿਆਂ ਦੀ ਹੱਦ ਤੈਅ ਹੁੰਦੀ ਹੈ, ਪਰ ਇਸ ਵਿੱਚ ਅੱਜ ਦੇ ਆਧੁਨਿਕ ਇਲਾਜ ਤੇ ਸਟੀਮ ਸੈੱਲ ਇਲਾਜ ਲਈ 50% ਦੀ ਹੱਦ ਤੈਅ ਹੈ।

## D. ਟਾਪ-ਅੱਪ ਬੀਮਾ-ਸੁਰੱਖਿਆ ਜਾਂ ਉੱਚ ਕਟੌਤੀ ਬੀਮਾ ਸਕੀਮਾਂ

ਟਾਪ-ਅੱਪ ਬੀਮਾ-ਸੁਰੱਖਿਆ ਨੂੰ ਉੱਚ ਕਟੌਤੀ ਪਾਲਸੀ ਵਜੋਂ ਵੀ ਜਾਣਿਆ ਜਾਂਦਾ ਹੈ। ਬੀਮਾਕਰਤਾ ਵਲੋਂ ਟਾਪ-ਅੱਪ ਪਾਲਸੀਆਂ ਖਾਸ ਰਕਮ (ਥਰੈਸ਼ਹੋਲਡ ਕਹਿੰਦੇ ਹਨ) ਤੋਂ ਵੱਧ ਲਈ ਉੱਚ ਬੀਮਾ ਕੀਤੀ ਰਕਮ ਲਈ ਬੀਮਾ-ਸੁਰੱਖਿਆ ਦਿੰਦੀਆਂ ਹਨ। ਇਹ ਪਾਲਸੀ ਘੱਟ ਬੀਮਾ ਕੀਤੀ ਰਕਮ ਨੂੰ ਮੂਲ ਸਿਹਤ ਬੀਮਾ ਸੁਰੱਖਿਆ ਦੇ ਨਾਲ ਚੱਲਦੀ ਹੈ ਅਤੇ ਢੁੱਕਵੇਂ ਪ੍ਰੀਮੀਅਮ ਦੇ ਨਾਲ ਆਉਂਦੀ ਹੈ। ਉਦਾਹਰਨ ਲਈ, ਵਿਅਕਤੀ, ਜੋ ਕਿ ਆਪਣੇ ਰੁਜ਼ਗਾਰਦਾਤਾ ਵਲੋਂ ਬੀਮਾ

ਸੁਰੱਖਿਆ ਲੈਂਦਾ ਹੈ, ਵਾਧੂ ਸੁਰੱਖਿਆ ਲਈ ਟਾਪ-ਅੱਪ ਬੀਮਾ ਸੁਰੱਖਿਆ ਦੀ ਵੀ ਚੋਣ ਕਰ ਸਕਦਾ ਹੈ (ਪਹਿਲੀ ਪਾਲਸੀ ਦੀ ਬੀਮਾ ਕਰਵਾਈ ਰਕਮ ਨੂੰ ਥਰੈਸ਼ਹੋਲਡ ਰੱਖ ਕੇ)

ਟਾਪ-ਅੱਪ ਪਾਲਸੀ ਦੇ ਤਹਿਤ ਦਾਅਵਾ ਪ੍ਰਾਪਤ ਕਰਨ ਦੇ ਯੋਗ ਹੋਣ ਲਈ, ਮੈਡੀਕਲ ਦਾਅਵਿਆਂ ਦੀ ਕੀਮਤ ਕਟੌਤੀਆਂ (ਜਾਂ ਥਰੈਸ਼ਹੋਲਡ) ਤੋਂ ਵੱਦ ਹੋਣੀ ਚਾਹੀਦੀ ਹੈ, ਜੋ ਕਿ ਸਕੀਮ ਦੇ ਤਹਿਤ ਚੁਣੀ ਗਈ ਹੈ ਅਤੇ ਧਨ-ਵਾਪਸੀ ਦੇ ਅਧੀਨ ਉੱਚ ਕਟੌਤੀ ਸਕੀਮ ਅਸਲ ਹੋਏ ਖ਼ਰਚਿਆਂ ਦੀ ਰਕਮ ਕਟੌਤੀਆਂ ਤੋਂ ਵੱਧ ਹੈ|.

| ਉਦਾਹਰਨ |
|---|

ਵਿਅਕਤੀ ਨੂੰ ਉਸ ਦੇ ਮਾਲਕ ਵਲੋਂ 3 ਲੱਖ ਰੁਪਏ ਦੀ ਬੀਮਾ ਕਰਵਾਈ ਰਕਮ ਲਈ ਬੀਮਾ-ਸੁਰੱਖਿਆ ਦਿੱਤੀ ਜਾਂਦੀ ਹੈ। ਉਹ ਤਿੰਨ ਲੱਖ ਰੁਪਏ ਤੋਂ ਵੱਧ 10 ਲੱਖ ਰੁਪਏ ਤੱਕ ਟਾਪ-ਅੱਪ ਪਾਲਸੀ ਦੀ ਚੋਣ ਕਰ ਸਕਦਾ ਹੈ। ਜੇ ਇੱਕ ਵਾਰ ਹਸਪਤਾਲ ਵਿੱਚ ਭਰਤੀ ਹੋਣ ਦਾ ਖ਼ਰਚਾ 5 ਲੱਖ ਰੁਪਏ ਤੱਕ ਹੈ ਤਾਂ ਮੂਲ ਪਾਲਸੀ ਤਿੰਨ ਲੱਖ ਰੁਪਏ ਤੱਕ ਹੀ ਸੁਰੱਖਿਆ ਦੇਵੇਗੀ। ਟਾਪ-ਅੱਪ ਕਵਰ ਨਾਲ, ਟਾਪ-ਅੱਪ ਪਾਲਸੀ ਵਲੋਂ ਦੋ ਲੱਖ ਰੁਪਏ ਦੀ ਬਾਕੀ ਰਕਮ ਦਾ ਭੁਗਤਾਨ ਕੀਤਾ ਜਾਵੇਗਾ।

ਟਾਪ-ਅੱਪ ਪਾਲਸੀਆਂ ਸਸਤੀਆਂ ਆਉਂਦੀਆਂ ਹਨ ਅਤੇ ਇਕੱਲੀ 10 ਲੱਖ ਰੁਪਏ ਦੀ ਪਾਲਸੀ ਦੀ ਕੀਮਤ ਤਿੰਨ ਲੱਖ ਰੁਪਏ ਦੇ ਉੱਤੇ 10 ਲੱਖ ਰੁਪਏ ਵਾਲੀ ਟਾਪ-ਅੱਪ ਪਾਲਸੀ ਤੋਂ ਵੱਧ ਹੋਵੇਗੀ। ਰੁਪਏ ਤੱਕ ਟਾਪ-ਅੱਪ ਪਾਲਸੀ ਦੀ ਚੋਣ ਕਰ ਸਕਦਾ ਹੈ।

ਇਹ ਬੀਮਾ-ਸੁਰੱਖਿਆ ਵਿਅਕਤੀ ਅਤੇ ਪਰਿਵਾਰ ਦੇ ਅਧਾਰ ਉੱਤੇ ਮੌਜੂਦ ਹੁੰਦੀਆਂ ਹਨ, ਟਾਪ-ਅੱਪ ਸਕੀਮ ਲਈ ਹਰ ਵਾਰ ਹਸਪਤਾਲ ਵਿੱਚ ਭਰਤੀ ਹੋਣ ਦੀ ਘਟਨਾ ਉੱਤੇ ਕਟੌਤੀ ਰਕਮ ਨੂੰ ਪੂਰਾ ਕੀਤਾ ਜਾਣਾ ਜ਼ਰੂਰੀ ਹੈ। ਟਾਪ-ਅੱਪ ਸਕੀਮਾਂ, ਜੋ ਕਿ ਪਾਲਸੀ ਦੇ ਸਮੇਂ ਦੇ ਦੌਰਾਨ ਹਸਪਤਾਲ ਵਿੱਚ ਭਰਤੀ ਰਹਿਣ ਦੀ ਲੜੀ ਦੇ ਦੌਰਾਨ ਕਟੌਤੀ ਦੀ ਇਜਾਜ਼ਤ ਦਿੰਦੇ ਹਨ, ਨੂੰ ਭਾਰਤ ਬਾਜ਼ਾਰ ਵਿੱਚ ਇਕੱਤਰ (aggregate) ਅਧਾਰਿਤ ਉੱਚ ਕਟੌਤੀ ਸਕੀਮ ਜਾਂ ਸੁਪਰ ਟਾਪ-ਅੱਪ (super top-up) ਬੀਮਾ ਸੁਰੱਖਿਆ ਵਜੋਂ ਜਾਣਿਆ ਜਾਂਦਾ ਹੈ। ਸੁਪਰ ਟਾਪ ਅੱਪ ਸਕੀਮ ਕਟੌਤੀ ਰਕਮ, ਕਟੌਤੀ ਇੱਕ ਸਾਲ ਲਈ ਸਭ ਦਾਅਵਿਆਂ ਉੱਤੇ ਲਾਗੂ ਹੁੰਦੀ ਹੈ, ਅਤੇ ਸਭ ਹਸਪਤਾਲ ਦੇ ਕੁੱਲ ਬਿੱਲਾਂ (ਸੁਪਰ ਟਾਪ ਅਪ ਸਕੀਮ ਦੀ ਹੱਦ ਤੱਕ) ਲਈ ਬੀਮਾ-ਸੁਰੱਖਿਆ ਦਿੰਦੀ ਹੈ। ਇਸਕਰਕੇ, ਜਦੋਂ ਇੱਕ ਵਾਰ ਕਟੌਤੀ ਦਾ ਭੁਗਤਾਨ ਹੋ ਜਾਂਦਾ ਹੈ ਤਾਂ ਬਾਕੀ ਦਾਅਵਿਆਂ ਲਈ ਭੁਗਤਾਨ ਸਰਗਰਮ ਹੋ ਜਾਂਦਾ ਹੈ।

## E. ਸੀਨੀਅਰ ਨਾਗਰਿਕ ਦੀ ਨੀਤੀ

ਇਹ ਸਕੀਮਾਂ ਬੁੱਢੇ ਲੋਕਾਂ ਨੂੰ ਸੁਰੱਖਿਆ ਦੇਣ ਲਈ ਤਿਆਰ ਕੀਤੀਆਂ ਗਈਆਂ ਹਨ, ਜਿਹਨਾਂ ਨੂੰ ਕੁਝ ਉਮਰ ਦੇ ਬਾਅਦ ਬੀਮਾ-ਸੁਰੱਖਿਆ ਦੇਣ ਤੋਂ ਇਨਕਾਰ ਕੀਤਾ ਜਾਂਦਾ ਹੈ (ਜਿਵੇਂ ਕਿ 60 ਸਾਲ ਦੀ ਉਮਰ ਤੋਂ ਵੱਧ ਦੇ ਲੋਕ) ਬੀਮਾ-ਸੁਰੱਖਿਆ ਤੇ ਅਲਹਿਦਗੀਆਂ ਦਾ ਢਾਂਚਾ ਹਸਪਤਾਲ ਵਿੱਚ ਭਰਤੀ ਹੋਣ ਨੀਤੀ ਵਰਗਾ ਹੀ ਹੁੰਦਾ ਹੈ।

ਬੀਮਾ-ਸੁਰੱਖਿਆ ਵਿੱਚ ਬੁਢਾਪੇ ਵਿੱਚ ਬੀਮਾਰੀਆਂ ਤੇ ਉਡੀਕ ਅੰਤਰਾਲ ਸੈੱਟ ਕਰਨ ਲਈ ਖਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ। ਦਾਖਲਾ ਉਮਰ ਆਮ ਤੌਰ ਉੱਤੇ 60 ਸਾਲ ਦੇ ਬਾਅਦ ਹੈ ਅਤੇ ਜੀਵਨ-ਭਰ ਨਵਿਆਉਣਯੋਗ ਹੈ।

ਬੀਮਾ ਕਰਵਾਈ ਰਕਮ ਰੁ. 50,000 ਤੋਂ ਰੁ. 5,00,000 ਤੱਕ ਹੋ ਸਕਦੀ ਹੈ। ਕੁਝ ਅਲਾਮਤਾਂ ਵਿੱਚ ਲਾਗੂ ਹੋਣ ਯੋਗ ਉਡੀਕ ਅੰਤਰਾਲ ਵਿੱਚ ਫ਼ਰਕ ਹੁੰਦਾ ਹੈ।

ਉਦਾਹਰਨ: ਕਿਸੇ ਬੀਮਾਕਰਤਾ ਲਈ ਮੋਤੀਆ-ਬਿੰਦ ਲਈ ਉਡੀਕ 1 ਸਾਲ ਹੈ ਤੇ ਕਿਸੇ ਹੋਰ ਬੀਮਾਕਰਤਾ ਲਈ ਇਹੀ ਉਡੀਕ ਸਮਾਂ 2 ਸਾਲ।

ਉਦਾਹਰਨ: ਕੁਝ ਬੀਮਾਕਰਤਾਵਾਂ ਲਈ ਸਾਇਨਸਾਇਟਿਸ ਉਡੀਕ ਅੰਤਰਾਲ ਦੀ ਸ਼ਰਤ ਵਿੱਚ ਨਹੀਂ ਆਉਂਦੀ ਹੈ, ਜਦੋਂ ਕਿ ਕੁਝ ਇਸ ਲਈ ਉਡੀਕ ਅੰਤਰਾਲ ਸ਼ਾਮਿਲ ਕਰਦੇ ਹਨ।

ਕੁਝ ਪਾਲਸੀਆਂ ਲਈ ਪਹਿਲਾਂ ਮੌਜੂਦਾ ਬੀਮਾਰੀਆਂ ਲਈ ਉਡੀਕ ਸਮਾਂ ਹੁੰਦਾ ਹੈ ਜਾਂ ਉੱਪਰੀ ਹੱਦ (ਕੈਪਿੰਗ) ਹੁੰਦੀ ਹੈ। ਹਸਪਤਾਲ ਤੋਂ ਪਹਿਲਾਂ-ਬਾਅਦ ਦੇ ਖ਼ਰਚੇ ਜਾਂ ਹਸਪਤਾਲ ਦਾਅਵੇ ਦੇ ਫੀਸਦੀ ਵਜੋਂ ਦਿੱਤੇ ਜਾਂਦੇ ਹਨ ਜਾਂ ਅਧੀਨ-ਹੱਦ ਮੁਤਾਬਕ, ਜੋ ਵੀ ਘੱਟ ਹੋਵੇ। ਕੁਝ ਪਾਲਸੀਆਂ ਵਿੱਚ, ਉਹ ਆਮ ਹਰਜਾਨਾ ਸਕੀਮਾਂ ਦੇ ਮੁਤਾਬਕ ਕੰਮ ਕਰਦੇ ਹਨ ਜਿਵੇਂ ਕਿ 30/60 ਜਾਂ 60/90 ਦਿਨਾਂ ਦੇ ਖਾਸ ਸਮੇਂ ਵਿੱਚ ਆਉਣ ਵਾਲੇ ਖ਼ਰਚੇ।

IRDAI ਨੇ ਲਾਜ਼ਮੀ ਬਣਾਇਆ ਹੈ ਕਿ ਸਭ ਸਿਹਤ ਬੀਮਾਕਰਤਾ ਤੇ TPA ਸਿਹਤ ਬੀਮੇ ਦੇ ਸੰਬੰਧੀ ਸੀਨੀਅਰ ਨਾਗਰਿਕਾਂ ਦੇ ਦਾਅਵਿਆਂ ਤੇ ਸ਼ਿਕਾਇਤਾਂ ਨੂੰ ਨਿਪਟਾਉਣ ਲਈ ਵੱਖਰਾ ਚੈਨਲ ਤਿਆਰ ਕਰਨਗੇ।

## F. ਸਥਿਰ ਫਾਇਦਾ ਬੀਮਾ-ਸੁਰੱਖਿਆ - ਹਸਪਤਾਲ ਨਕਦ, ਘਾਤਕ ਬੀਮਾਰੀ

ਇਸ ਵਿੱਚ ਬੀਮਾ-ਸੁਰੱਖਿਆ ਅਧੀਨ ਬੀਮਤ ਨੂੰ ਉਸ ਵਲੋਂ ਦਿੱਤੇ ਗਏ ਇਲਾਜ ਲਈ ਖ਼ਰਚ ਕੀਤੀ ਰਕਮ ਦੇ ਉਲਟ ਪਹਿਲਾਂ ਹੀ ਤਹਿਸ਼ੁਦਾ ਰਕਮ ਦਾਅਵੇ ਵਜੋਂ ਮਿਲਦੀ ਹੈ। ਇਸ ਉਤਪਾਦ ਵਿੱਚ, ਆਮ ਤੌਰ ਉੱਤੇ ਹਰੇਕ ਖੇਤਰ ਵਿੱਚ ਆਉਣ ਵਾਲੇ ਆਮ ਇਲਾਜਾਂ ਦੀ ਸੂਚੀ ਹੁੰਦੀ ਹੈ ਜਿਵੇਂ ਕਿ ਈਐਨਟੀ, ਓਪਥਾਲਮੋਲੋਜੀ, ਓਬਸਟਿਟਰਿਕਸ ਅਤੇ ਗਾਇਨੀਕੋਲੋਜੀ ਆਦਿ ਅਤੇ ਉਹਨਾਂ ਵਿੱਚੋਂ ਹਰੇਕ ਲਈ ਵੱਧ ਤੋਂ ਵੱਧ ਭੁਗਤਾਨ ਪਾਲਸੀ ਵਿੱਚ ਦਿੱਤਾ ਹੁੰਦਾ ਹੈ।

ਇਹ ਪਾਲਸੀਆਂ ਸੌਖੀਆਂ ਹਨ, ਕਿਉਂਕਿ ਹਸਪਤਾਲ ਵਿੱਚ ਭਰਤੀ ਹੋਣ ਦੇ ਖ਼ਰਚੇ ਦੇ ਸਬੂਤ ਅਤੇ ਪਾਲਸੀ ਦੇ ਅਧੀਨ ਬੀਮਾਰੀ ਲਈ ਇਲਾਜ ਵਾਸਤੇ ਬੀਮਾ ਸੁਰੱਖਿਆ ਦਾਅਵੇ ਉੱਤੇ ਕਾਰਵਾਈ ਕਰਨ ਲਈ ਕਾਫ਼ੀ ਹੈ। ਕੁਝ ਉਤਪਾਦਾਂ ਵਿੱਚ ਸਥਿਰ ਫਾਇਦਾ ਬੀਮਾ ਸੁਰੱਖਿਆ ਦੇ ਨਾਲ ਰੋਜ਼ਾਨਾ ਨਕਦ ਫਾਇਦਾ ਵੀ ਸ਼ਾਮਿਲ ਹੁੰਦਾ ਹੈ।

ਉਹਨਾਂ ਸਰਜਰੀਆਂ / ਇਲਾਜਾਂ ਲਈ ਸਥਿਰ ਰਕਮ ਭੁਗਤਾਨ ਕਰਨ ਦਾ ਸਿਧਾਂਤ ਵੀ ਹੈ, ਜੇ ਉਹਨਾਂ ਦਾ ਨਾਂ ਪਾਲਸੀ ਦੀ ਸੂਚੀ ਵਿੱਚ ਨਾ ਹੋਵੇ। ਪਾਲਸੀ ਦੇ ਸਮੇਂ ਦੌਰਾਨ ਵੱਖ-ਵੱਖ ਇਲਾਜਾਂ ਲਈ ਕਈ ਦਾਅਵੇ ਵੀ ਸੰਭਵ ਹਨ। ਪਰ ਅੰਤ ਵਿੱਚ ਦਾਅਵੇ ਪਾਲਸੀ ਦੇ ਅਧੀਨ ਬੀਮਾ ਕਰਵਾਈ ਰਕਮ ਲਈ ਸੀਮਿਤ ਹੈ।

ਸਥਿਰ ਫਾਇਦਾ ਬੀਮਾ ਸਕੀਮਾਂ ਵਿੱਚੋਂ ਕੁਝ ਹਨ:

- ✓ ਹਸਪਤਾਲ ਰੋਜ਼ਾਨਾ ਨਕਦ ਬੀਮਾ ਸਕੀਮਾਂ
- ✓ ਘਾਤਕ ਬੀਮਾਰੀ ਬੀਮਾ ਸਕੀਮਾਂ

1. ਹਸਪਤਾਲ ਰੋਜ਼ਾਨਾ ਨਕਦ ਨੀਤੀ

a) ਹਰੇਕ ਦਿਨ ਰਕਮ ਹੱਦ

ਹਸਪਤਾਲ ਨਕਦ ਸੁਰੱਖਿਆ ਹਸਪਤਾਲ ਵਿੱਚ ਭਰਤੀ ਹੋਣ ਦੇ ਹਰ ਦਿਨ ਲਈ ਬੀਮਤ ਨੂੰ ਸਥਿਰ ਰਕਮ ਦਿੰਦੀ ਹੈ। ਹਰ ਦਿਨ ਨਕਦ ਸੁਰੱਖਿਆ (ਉਦਾਹਰਨ ਲਈ) 1,500 ਰੁਪਏ ਪ੍ਰਤੀ ਦਿਨ ਤੋਂ 5,000 ਰੁਪਏ ਜਾਂ ਵੱਧ ਹਰ ਦਿਨ ਲਈ ਹੋ ਸਕਦਾ ਹੈ। ਹਰ ਬੀਮਾਰੀ ਲਈ ਅਤੇ ਪਾਲਸੀ ਦੇ ਦੌਰਾਨ ਰੋਜ਼ਾਨਾ ਨਕਦ ਕਿ ਭੁਗਤਾਨ ਦਾ ਉੱਤੇ ਉੱਪਰੀ ਹੱਦ ਹੁੰਦੀ ਹੈ, ਜੋ ਕਿ ਅਕਸਰ ਸਾਲਾਨਾ ਪਾਲਸੀ ਹੁੰਦੀ ਹੈ।

b) ਭੁਗਤਾਨ ਦਿਨਾਂ ਦੀ ਗਿਣਤੀ

ਇਹ ਪਾਲਸੀ ਦੇ ਕੁਝ ਬਦਲਾਂ ਵਿੱਚ, ਮਨਜ਼ੂਰ ਕੀਤੇ ਰੋਜ਼ਾਨਾ ਨਕਦ ਲਈ ਦਿਨਾਂ ਦੀ ਗਿਣਤੀ ਇਲਾਜ ਕਰਵਾਉਣ ਵਾਲੀ ਬੀਮਾਰੀ ਨਾਲ ਜੋੜੀ ਹੁੰਦੀ ਹੈ। ਇਲਾਜਾਂ ਤੇ ਹਰੇਕ ਲਈ ਰਹਿਣ ਦੀ ਵੇਰਵੇ ਸਮੇਤ ਸੂਚੀ ਵਿੱਚ ਬੰਦਿਸ਼ ਲਗਾਈ ਹੁੰਦੀ ਹੈ, ਜੋ ਕਿ ਹਰ ਕਿਸਮ ਦੇ ਇਲਾਜ/ਬੀਮਾਰੀ ਲਈ ਮਨਜ਼ੂਰ ਕੀਤੇ ਰੋਜ਼ਾਨਾ ਨਕਦ ਫਾਇਦਿਆਂ ਨੂੰ ਸੀਮਿਤ ਕਰਦੀ ਹੈ।

c) ਇੱਕਲੀ ਬੀਮਾ-ਸੁਰੱਖਿਆ ਜਾਂ ਐਡ-ਐਨ ਬੀਮਾ-ਸੁਰੱਖਿਆ

ਹਸਪਤਾਲ ਰੋਜ਼ਾਨਾ ਨਕਦ ਪਾਲਸੀ ਇਕੱਲੀ ਪਾਲਸੀ ਵਜੋਂ ਵੀ ਮਿਲਦੀ ਹੈ, ਜਿਵੇਂ ਕਿ ਕੁਝ ਬੀਮਾਕਰਤਾ ਦਿੰਦੇ ਹਨ, ਜਦ ਕਿ ਦੂਜੇ ਪਾਸੇ ਇਸ ਨੂੰ ਨਿਯਮਤ ਹਰਜਾਨਾ ਪਾਲਸੀ ਦੇ ਨਾਲ ਐਡ-ਆਨ ਵਜੋਂ ਵੀ ਦਿੱਤਾ ਜਾਂਦਾ ਹੈ। ਇਹ ਪਾਲਸੀਆਂ ਬੀਮਤ ਨੂੰ ਅਚਾਨਕ ਹੋਣ ਵਾਲੇ ਖ਼ਰਚ ਦੇ ਭੁਗਤਾਨ ਲਈ ਸਥਿਰ ਰਕਮ ਵਜੋਂ ਭੁਗਤਾਨ ਲਈ ਮਦਦ ਕਰਦੀਆਂ ਹਨ ਅਤੇ ਇਲਾਜ ਦੇ ਅਸਲ ਖ਼ਰਚ ਦੇ ਨਾਲ ਸੰਬੰਧਿਤ ਨਹੀਂ ਹਨ। ਇਸ ਨੂੰ ਪਾਲਸੀ ਦੇ ਅਧੀਨ ਹਰਜਾਨਾ ਅਧਾਰਿਤ ਸਿਹਤ ਬੀਮਾ ਸਕੀਮ ਦੇ ਅਧੀਨ ਪ੍ਰਾਪਤ ਕਿਸੇ ਵੀ ਬੀਮਾ-ਸੁਰੱਖਿਆ ਦੇ ਨਾਲ ਜੋੜ ਕੇ ਕਿ ਭੁਗਤਾਨ ਦਾ ਕਰਨ ਦੀ ਇਜਾਜ਼ਤ ਹੁੰਦੀ ਹੈ।

d) ਸਹਾਇਕ ਬੀਮਾ-ਸੁਰੱਖਿਆ

ਇਹ ਪਾਲਸੀਆਂ ਨਿਯਮਤ ਹਸਪਤਾਲ ਖ਼ਰਚਾ ਪਾਲਸੀ ਦਾ ਸਹਾਇਕ ਹੋ ਸਕਦੀਆਂ ਹਨ ਕਿਉਂਕਿ ਇਹ ਖ਼ਰਚਾ ਪ੍ਰਭਾਵੀ ਹਨ ਅਤੇ ਹਾਦਸਾ ਖ਼ਰਚ ਅਤੇ ਹਰਜਾਨਾ ਪਾਲਸੀ ਦੇ ਤਹਿਤ ਨਾ-ਭੁਗਤਾਨਯੋਗ ਖ਼ਰਚਿਆਂ, ਜਿਵੇਂ ਕਿ ਅਲਹਿਦਗੀਆਂ, ਸਹਿਯੋਗ-ਭੁਗਤਾਨ ਆਦਿ ਲਈ ਮੁਆਵਜ਼ਾ ਦਿੰਦੀਆਂ ਹਨ।

e) ਬੀਮਾ-ਸੁਰੱਖਿਆ ਦੇ ਹੋਰ ਫਾਇਦੇ

ਬੀਮਾਕਰਤਾ ਦੇ ਪੱਖ ਤੋਂ, ਇਹ ਸਕੀਮ ਦੇ ਕਈ ਫਾਇਦੇ ਹਨ ਜਿਵੇਂ ਕਿ ਇਹ ਗਾਹਕ ਨੂੰ ਸਮਝਾਉਣੀ ਸੌਖੀ ਹੈ ਅਤੇ ਇਸਕਰਕੇ ਛੇਤੀ ਵਿਕ ਸਕਦੀ ਹੈ। ਇਹ ਮੈਡੀਕਲ ਮਹਿੰਗਾਈ-ਦਰ ਨੂੰ ਪਿਛਾੜਦੀ ਹੈ, ਕਿਉਂਕਿ ਹਸਪਤਾਲ ਵਿੱਚ ਭਰਤੀ ਹੋਣ ਦੇ ਦੌਰਾਨ ਹਰ ਦਿਨ ਲਈ ਸਥਿਰ ਰਕਮ ਦਾ ਭੁਗਤਾਨ ਕੀਤਾ ਜਾਂਦਾ ਹੈ, ਭਾਵੇਂ ਕਿ ਅਸਲ

ਖ਼ਰਚ ਜੋ ਵੀ ਹੋਵੇ। ਇਸ ਦੇ ਨਾਲ ਹੀ ਇੰਝ ਦੇ ਬੀਮਾ ਸੁਰੱਖਿਆ ਅਤੇ ਦਾਅਵਾ ਸਮਝੌਤਿਆਂ ਦੀ ਮਨਜ਼ੂਰ ਵੀ ਬਹੁਤ ਸੌਖੀ ਹੁੰਦੀ ਹੈ।

2. ਘਾਤਕ ਬੀਮਾਰੀ ਨੀਤੀ

ਮੈਡੀਕਲ ਵਿਗਿਆਨ ਵਿੱਚ ਤਰੱਕੀ ਦੇ ਨਾਲ, ਵੱਡੀਆਂ ਬੀਮਾਰੀਆਂ ਜਿਵੇਂ ਕਿ ਕੈਂਸਰ, ਦੌਰੇ ਅਤੇ ਦਿਲ ਦੇ ਦੌਰੇ ਆਦਿ ਤੋਂ ਲੋਕ ਬਚ ਰਹੇ ਹਨ, , ਜਿਹਨਾਂ ਦੇ ਪੁਰਾਣੇ ਸਮਿਆਂ ਨਤੀਜੇ ਮੌਤ ਦੇ ਰੂਪ ਵਿੱਚ ਹੁੰਦੇ ਸਨ। ਪਰ ਵੱਡੀ ਬੀਮਾਰੀ ਤੋਂ ਬਚਣ ਨਾਲ ਇਲਾਜ ਕਰਵਾਉਣ ਲਈ ਵੱਡੇ ਖ਼ਰਚੇ ਨਾਲ ਨਾਲ ਇਲਾਜ ਤੋਂ ਬਾਅਦ ਜਿਉਂਦੇ ਰਹਿਣ ਦੇ ਖ਼ਰਚੇ ਹੁੰਦੇ ਹਨ। ਗੰਭੀਰ ਬੀਮਾਰੀ ਵਿਅਕਤੀ ਦੀ ਵਿੱਤੀ ਸੁਰੱਖਿਆ ਲਈ ਖ਼ਤਰਾ ਹੁੰਦੀ ਹੈ। ਮੁੱਢਲੀ ਸਿਹਤ ਬੀਮਾ ਪਾਲਸੀ ਇੰਝ ਦੇ ਕੇਸਾਂ ਵਿੱਚ ਸਾਰੇ ਮੈਡੀਕਲ ਖ਼ਰਚੇ ਪੂਰੇ ਕਰਨ ਲਈ ਕਾਫ਼ੀ ਨਹੀਂ ਵੀ ਹੋ ਸਕਦੀ ਹੈ।

ਗੰਭੀਰ ਬੀਮਾਰੀ ਪਾਲਸੀ ਵਿੱਚ ਕੁਝ ਨਾਮੀ ਗੰਭੀਰ ਬੀਮਾਰੀਆਂ ਦਾ ਪਤਾ ਲੱਗਣ ਉੱਤੇ ਇੱਕ-ਮੁਸ਼ਤ ਰਕਮ ਦਾ ਭੁਗਤਾਨ ਕਰਨ ਦਾ ਪ੍ਰਬੰਧ ਹੈ। ਬੀਮਾ ਕੀਤੀ ਰਕਮ ਵੱਡੇ ਖ਼ਰਚਿਆਂ ਨੂੰ ਪੂਰਨ ਲਈ ਵੱਧ ਹੈ।

ਭਾਰਤ ਵਿੱਚ ਗੰਭੀਰ ਬੀਮਾਰੀ (CI) ਫਾਇਦੇ ਆਮ ਤੌਰ ਉੱਤੇ ਜੀਵਨ ਬੀਮਾਕਰਤਾਵਾਂ ਵਲੋਂ ਜੀਵਨ ਪਾਲਸੀਆਂ ਦੇ ਨਾਲ ਰਾਈਡਰ ਵਜੋਂ ਵੇਚੀਆਂ ਜਾਂਦੀਆਂ ਹਨ ਅਤੇ ਉਹਨਾਂ ਵਲੋਂ ਦੋ ਕਿਸਮ ਦੀਆਂ ਸੁਰੱਖਿਆ ਦਿੱਤੀਆਂ ਜਾਂਦੀਆਂ ਹਨ - ਐਸਕਲੇਟਡ ਸੀਆਈ ਫਾਇਦਾ ਸਕੀਮ ਅਤੇ ਇਕੱਲੀ ਸੀਆਈ ਫਾਇਦਾ ਸਕੀਮ। ਉਲਝਣ ਨੂੰ ਦੂਰ ਕਰਨ ਲਈ, 22 ਆਮ ਗੰਭੀਰ ਬੀਮਾਰੀਆਂ ਦੀਆਂ ਪਰਿਭਾਸ਼ਾਵਾਂ ਨੂੰ IRDA ਸਿਹਤ ਬੀਮਾ ਮਿਆਰੀਕਰਨ ਸੇਧਾਂ ਰਾਹੀਂ ਮਿਆਰੀਕਰਨ ਕੀਤਾ ਗਿਆ ਹੈ।

ਘਾਤਕ ਬੀਮਾਰੀ ਬੀਮਾ ਸੁਰੱਖਿਆ ਬੀਮਾਕਰਤਾ ਤੇ ਉਤਪਾਦਾਂ ਲਈ ਵੱਖ-ਵੱਖ ਹੈ। ਬੀਮਾ ਕਰਵਾਈ ਰਕਮ ਦਾ ਅਕਸਰ 100% ਗੰਭੀਰ ਬੀਮਾਰੀ ਦਾ ਪਤਾ ਲੱਗਣ ਉੱਤੇ ਭੁਗਤਾਨ ਕੀਤਾ ਜਾਂਦਾ ਹੈ। ਕੁਝ ਕੇਸਾਂ ਵਿੱਚ ਮੁਆਵਜ਼ਾ ਬੀਮਾ ਕਰਵਾਈ ਰਕਮ ਦਾ 25% ਤੋਂ 100% ਤੱਕ ਹੋ ਸਕਦਾ ਹੈ, ਜੋ ਕਿ ਪਾਲਸੀ ਨਿਯਮਾਂ ਤੇ ਸ਼ਰਤਾਂ ਅਤੇ ਬੀਮਾਰੀ ਦੀ ਗੰਭੀਰਤਾ ਉੱਤੇ ਨਿਰਭਰ ਹੁੰਦਾ ਹੈ।

ਇੱਕ ਮਿਆਰੀ ਸ਼ਰਤ ਪਾਲਸੀ ਦੇ ਅਧੀਨ ਭੁਗਤਾਨ ਯੋਗ ਕਿਸੇ ਵੀ ਫਾਇਦੇ ਲਈ ਪਾਲਸੀ ਸ਼ੁਰੂ ਹੋਣ ਤੋਂ 90 ਦਿਨਾਂ ਤੱਕ ਉਡੀਕ ਸਮਾਂ ਹੁੰਦਾ ਹੈ ਅਤੇ ਬੀਮਾਰੀ ਦੀ ਜਾਂਚ-ਪੜਤਾਲ ਦੇ 30 ਦਿਨ ਬਾਅਦ ਤੱਕ ਜਿਉਣ ਦੀ ਸ਼ਰਤ ਹੁੰਦੀ ਹੈ। ਖਾਸ ਤੌਰ ਉੱਤੇ 45 ਸਾਲ ਦੀ ਉਮਰ ਤੋਂ ਵੱਧ ਵਾਲੇ ਵਿਅਕਤੀ ਲਈ ਸਖ਼ਤ ਮੈਡੀਕਲ ਟੈਸਟ ਕੀਤੇ ਜਾਂਦੇ ਹਨ।

ਬੀਮਤ ਵਿਅਕਤੀ ਵਿੱਚੋਂ ਕਿਸੇ ਲਈ ਵੀ ਪਾਲਸੀ ਦੇ ਅਧੀਨ ਇੱਕ ਵਾਰ ਮੁਆਵਜ਼ਾ ਦੇਣ ਦੇ ਬਾਅਦ ਪਾਲਸੀ ਖਤਮ ਹੁੰਦੀ ਹੈ। ਇਹ ਪਾਲਸੀ ਗਰੁੱਪ ਪੇਸ਼ਕਸ਼ ਵੀ ਕਰਦੀ ਹੈ, ਜੋ ਕਿ ਖਾਸ ਤੌਰ ਉੱਤੇ ਕਾਰਪੋਰੇਟ ਹਨ, ਜਿਹਨਾਂ ਨੇ ਆਪਣੇ ਮੁਲਾਜ਼ਮਾਂ ਲਈ ਪਾਲਸੀਆਂ ਲੈਣੀਆਂ ਹਨ।

ਬੀਮਾਰੀ ਖਾਸ ਉਤਪਾਦ - ਕਰੋਨਾ ਕਵਚ

ਜੂਨ 2020 ਵਿੱਚ ਜਦੋਂ ਦੇਸ਼ ਨੂੰ ਕਰੋਨਾ ਵਾਈਰਸ ਲਾਗ (ਕੋਵਿਡ-19) ਦੇ ਕਈ ਕੇਸਾਂ ਦਾ ਸਾਹਮਣਾ ਕਰਨਾ ਪਿਆ ਤਾਂ ਬਾਜ਼ਾਰ ਵਿੱਚ ਕੋਵਿਡ-19 ਪਾਜ਼ੀਟਲ ਦੀ ਜਾਂਚ ਉੱਤੇ ਇੱਕਮੁੱਠ ਰਕਮ ਦਾ ਭੁਗਤਾਨ ਦੇਣ ਵਾਲੇ ਉਤਪਾਦਾਂ ਉੱਤੇ ਕੋਈ

ਫਾਇਦੇ ਲਿਆਂਦੇ ਗਏ। ਬਾਅਦ ਵਿੱਚ ਕੁਝ ਕੰਪਨੀਆਂ ਨੇ ਹਰਜਾਨਾ ਅਧਾਰਿਤ ਉਤਪਾਦ ਵੀ ਪੇਸ਼ ਕੀਤੇ ਸਨ। ਪਰ, ਕਈ ਖ਼ਪਤ ਕਰਨ ਵਾਲੀਆਂ ਚੀਜ਼ਾਂ ਜਿਵੇਂ ਕਿ PPE ਕਿੱਟ, ਆਕਸੀਮੀਟਰ ਆਦਿ ਅਤੇ ਅਲਹਿਦਗੀ ਦੇ ਖ਼ਰਚੇ, ਜੋ ਕਿ ਇਹਨਾਂ ਉਤਪਾਦਾਂ ਵਿੱਚ ਸ਼ਾਮਲ ਨਹੀਂ ਸਨ।

IRDAI ਦੋ ਮਿਆਰੀ ਸਿਹਤ ਬੀਮਾ ਪਾਲਸੀਆਂ ਲਿਆਂਦੀਆਂ, ਜਿੰਨ੍ਹਾਂ ਨੂੰ *ਕਰੋਨਾ ਕਵਚ* ਅਤੇ *ਕਰੋਨਾ ਰਕਸ਼ਕ* (*ਜੀਵਨ ਬੀਮਾ ਭਾਗ ਅਧੀਨ ਵੱਖੋ-ਵੱਖ ਵਿਚਾਰੇ ਜਾਣਗੇ*) ਕਿਹਾ ਜਾਂਦਾ ਹੈ। ਹਾਲਾਂਕਿ ਇਹ ਆਮ ਅਤੇ ਸਿਹਤ ਬੀਮਾਕਰਤਾ ਲਈ ਜ਼ਰੂਰੀ ਹੈ ਕਿ ਉਹ ਮਿਆਰੀ ਕੋਵਿਡ-19 ਅਧਾਰਿਤ ਹਰਜਾਨੇ ਵਜੋਂ *ਕਰੋਨਾ ਕਵਚ* ਦੇਵੇ, ਅਤੇ *ਕਰੋਨਾ ਰਕਸ਼ਕ*, ਫਾਇਦਾ-ਅਧਾਰਿਤ ਉਤਪਾਦ ਦਿੰਦਾ ਹੈ, ਸਾਰੇ ਬੀਮਾਕਰਤਾ ਲਈ ਮਨਮਰਜ਼ੀ ਮੁਤਾਬਕ ਹੈ। ਦੋਵੇਂ ਉਤਪਾਦਾਂ ਲਈ 15 ਦਿਨਾਂ ਦਾ ਉਡੀਕ ਅੰਤਰਾਲ ਹੈ।

ਕਰੋਨਾ ਰਕਸ਼ਕ ਸਿਹਤ ਬੀਮੇ ਦੇ ਆਧਾਰ ਉੱਤੇ ਮਿਆਰੀ ਫਾਇਦੇ ਵਜੋਂ ਬੀਮਤ ਵਿਅਕਤੀ ਨੂੰ ਕੋਵਿਡ-19 ਰਾਹੀਂ ਪ੍ਰਭਾਵਿਤ ਹੋਣ ਉੱਤੇ ਅਤੇ ਘੱਟੋ-ਘੱਟ 72 ਘੰਟਿਆਂ ਲਈ ਹਸਪਤਾਲ ਵਿੱਚ ਭਰਤੀ ਹੋਣ ਦੀ ਲੋੜ ਹੋਵੇ, ਨੂੰ ਇੱਕਮੁੱਠ ਰਕਮ ਦਾ ਫਾਇਦਾ ਦਿੰਦਾ ਹੈ। ਪਲਾਨ 18 ਸਾਲਾਂ ਤੋਂ 65 ਸਾਲਾਂ ਦੀ ਉਮਰ ਦੇ ਲੋਕਾਂ ਲਈ 3.5 ਮਹੀਨੇ, 6.5 ਮਹੀਨੇ ਅਤੇ 9.5 ਮਹੀਨਿਆਂ ਦੀ ਵੱਖਰੀ ਪਾਲਸੀ ਮਿਆਦ ਨਾਲ ਨਿੱਜੀ ਤੌਰ ਉੱਤੇ ਬੀਮਾ-ਸੁਰੱਖਿਆ ਇੱਕ-ਵਾਰ ਫਾਇਦਾ ਪਾਲਸੀ ਦੇ ਵਜੋਂ ਦਿੰਦਾ ਹੈ ਅਤੇ ਫਾਇਦੇ ਦੇ ਭੁਗਤਾਨ ਉੱਤੇ ਖਤਮ ਹੋ ਜਾਂਦਾ ਹੈ। ਕਰੋਨਾ ਰਕਸ਼ਕ ਬੀਮਾ ਸੁਰੱਖਿਆ ਰਕਮ ਰੁ. 50,000 ਤੋਂ 2.5 ਲੱਖ, 50,00 ਦੀ ਗੁਣਾ ਦੇ ਰੂਪ ਵਿੱਚ ਦਿੰਦੀ ਹੈ। ਪਾਲਸੀ (i) ਪੂਰਾ ਬੀਮਾ ਕੀਤੀ ਰਕਮ ਦਾ ਫਾਇਦਾ, (ii) ਆਰਥਿਕ ਪ੍ਰੀਮੀਅਮ, (iii) ਦਾਅਵੇ ਲਈ ਇੱਕਮੁੱਠ ਰਕਮ, (iv) 15 ਦਿਨਾਂ ਦਾ ਥੋੜ੍ਹਾ ਉਡੀਕ ਅੰਤਰਾਲ ਅਤੇ (v) ਟੈਕਸ ਫਾਇਦੇ ਦਿੰਦੀ ਹੈ।

ਕਰੋਨਾ ਕਵਚ IRDAI ਵਲੋਂ ਜੂਨ 2020 ਵਿੱਚ ਸੇਧਾਂ ਜਾਰੀ ਕਰਕੇ ਹੇਠ ਦਿੱਤੀ ਬੀਮਾ-ਸੁਰੱਖਿਆ ਦਿੰਦਾ ਹੈ:

1. ਸਰਕਾਰੀ ਮਾਨਤਾ ਪ੍ਰਾਪਤ ਜਾਂਚ ਕੇਂਦਰ ਤੋਂ ਕੋਵਿਡ-19 ਦੇ ਸਕਰਾਤਮਕ ਜਾਂਚ ਉੱਤੇ ਕੋਵਿਡ-19 ਦੇ ਇਲਾਜ ਲਈ ਹਸਪਤਾਲ ਵਿੱਚ ਭਰਤੀ ਹੋਣ ਦੇ ਵਿੱਚ ਹੇਠ ਦਿੱਤੇ ਲਈ ਬੀਮਾ-ਸੁਰੱਖਿਆ ਹੈ: (ਘੱਟੋ-ਘੱਟ 24 ਘੰਟਿਆਂ ਲਈ ਹਸਪਤਾਲ ਵਿੱਚ ਭਰਤੀ ਹੋਨ ਦੇ ਖ਼ਰਚੇ।)
    a. ਕਮਰਾ, ਬੋਰਡਿੰਗ, ਨਰਸਿੰਗ ਖ਼ਰਚੇ, ਜੋ ਕਿ ਹਸਪਤਾਲ / ਨਰਸਿੰਗ ਹੋਮ ਵਲੋਂ ਉਪਲੱਬਧ ਕਰਵਾਏ ਜਾਂਦੇ ਹਨ।
    b. ਸਰਜਨ, ਐਨਥਿਟਿਸਟ, ਮੈਡੀਕਲ ਪਟੀਸ਼ਨਰ, ਸਲਾਹਕਾਰ, ਮਾਹਿਰ ਦੀਆਂ ਫ਼ੀਸਾਂ
    c. ਐਨਥੀਸੀਆ, ਖ਼ੂਨ, ਆਕਸੀਜਨ, ਓਪਰੇਸ਼ਨ ਥੀਏਟਰ ਖਰਚੇ, ਸਰਜਰੀ ਦਾ ਸਾਮਾਨ, ਵੈਂਟੀਲੇਟਰ ਖ਼ਰਚੇ, ਦਵਾਈਆਂ, ਜਾਂਚ ਲਈ ਖ਼ਰਚੇ, ਜਾਂਚ ਚਿੱਤਰ ਰੂਪ-ਰੇਖਾ, PPE ਕਿੱਟ, ਦਸਤਾਨੇ, ਮਾਸਕ ਤੇ ਇੰਝ ਦੇ ਹੋਰ ਖ਼ਰਚੇ
    d. ਇੰਟੇਂਸਿਵ ਕੇਅਰ ਯੂਨਿਟ (ICU) / ਇੰਟੇਂਸਿਵ ਕਾਰਡਿਸਕ ਕੇਅਰ ਯੂਨਿਟ (ICCU) ਖ਼ਰਚੇ

e. ਸੜਕੀ ਐਂਬੂਲੈਂਸ ਲਈ ਹੋਣ ਵਾਲੇ ਖਰਚੇ ਹਰ ਵਾਰ ਹਸਪਤਾਲ ਵਿੱਚ ਭਰਤੀ ਹੋਣ ਲਈ ਵੱਧ ਤੋਂ ਵੱਧ 2000/- ਰੁਪਏ ਤੱਕ।

2. ਹਰ ਹਾਦਸੇ ਲਈ ਘਰੇ ਵੱਧ ਤੋਂ ਵੱਧ 15 ਦਿਨਾਂ ਲਈ ਇਲਾਜ ਕਰਵਾਉਣ ਦਾ ਘਰੇਲੂ ਦੇਖਭਾਲ ਇਲਾਜ ਖ਼ਰਚਾ, ਜੋ ਕਿ ਹੇਠ ਦਿੱਤੀਆਂ ਸ਼ਰਤਾਂ (ਸੰਪੂਰਨ ਨਹੀਂ) ਅਧੀਨ ਹੈ:

   a. ਮੈਡਕੀਲ ਪਟੀਸ਼ਨਰ ਬੀਮਤ ਵਿਅਕਤੀ ਨੂੰ ਘਰੇ ਇਲਾਜ ਕਰਵਾਉਣ ਦੀ ਸਲਾਹ ਦਿੰਦਾ ਹੈ।

   b. ਹਰ ਰੋਜ਼ ਮੈਡਕੀਲ ਪਟੀਸ਼ਨਰ ਵਲੋਂ ਸਿਹਤ ਦੀ ਨਿਗਰਾਨੀ ਕੀਤੀ ਜਾਂਦੀ ਹੈ, ਜਿਸ ਵਿੱਚ ਕੀਤੇ ਗਏ ਇਲਾਜ ਦਾ ਰਿਕਾਰਡ ਸ਼ਾਮਲ ਹੈ।

3. ਖ਼ਰਚਿਆਂ ਨੂੰ ਵੀ ਕਵਰ ਕੀਤਾ ਜਾਂਦਾ ਹੈ, ਜੇ ਮੈਡਕੀਲ ਪਟੀਸ਼ਨਰ ਵਲੋਂ ਇਲਾਜ ਦੱਸਿਆ ਗਿਆ ਹੋਵੇ ਅਤੇ ਇਲਾਜ ਕੋਵਿਡ ਦੇ ਸੰਬੰਧ ਵਿੱਚ ਹੋਵੇ।

   a. ਘਰੇ ਜਾਂ ਜਾਂਚ ਕੇਂਦਰ ਵਿੱਚ ਕੀਤੇ ਜਾਂਚ ਟੈਸਟ

   b. ਲਿਖਤੀ ਰੂਪ ਵਿੱਚ ਦਿੱਤੀਆਂ ਦਵਾਈਆਂ

   c. ਮੈਡਕੀਲ ਪਟੀਸ਼ਨਰ ਦੀ ਸਲਾਹ ਖ਼ਰਚੇ

   d. ਮੈਡੀਕਲ ਸਟਾਫ਼ ਦੇ ਨਾਲ ਸੰਬੰਧਿਤ ਨਰਸਿੰਗ ਖ਼ਰਚੇ

   e. ਮੈਡੀਕਲ ਪ੍ਰਕਿਰਿਆਵਾਂ ਦਵਾਈਆਂ ਦੇ ਪੈਰੇਂਟਰਲ ਪ੍ਰਸ਼ਾਸ਼ਨ ਤੱਕ ਸੀਮਿਤ ਹਨ।

   f. ਪਲੱਸ ਆਕਸੀਮੀਟਰ, ਆਕਸੀਜਨ ਸਿਲੰਡਰ ਅਤੇ ਨਿਬੁਲਾਈਜ਼ਰ ਦੀ ਕੀਮਤ

ਵਧੀਕ ਬੀਮਾ-ਸੁਰੱਖਿਆ - ਹਸਪਤਾਲ ਰੋਜ਼ਾਨਾ ਨਕਦੀ: ਇਸ ਪਾਲਸੀ ਦੇ ਅਧੀਨ ਹੇਠ ਦਿੱਤੇ ਦਾਖਲ ਹੋਣ ਯੋਗ ਹਸਪਤਾਲ 'ਚ ਭਰਤੀ ਹੋਣ ਦੇ ਦਾਅਵੇ ਵਿੱਚ ਕੋਵਿਡ ਦੇ ਇਲਾਜ ਲਈ 24 ਘੰਟੇ ਲਗਾਤਾਰ ਹਸਪਤਾਲ ਵਿੱਚ ਭਰਤੀ ਹੋਣ ਉੱਤੇ ਬੀਮਾਕਰਤਾ ਬੀਮਤ ਨੂੰ ਹਰ ਦਿਨ ਲਈ ਬੀਮਾ ਕੀਤੀ ਰਕਮ ਦਾ 0.05% ਭੁਗਤਾਨ ਕਰੇਗਾ।

ਮਿਆਰੀ ਵੈਕਟਰ ਬੋਰਨ ਬੀਮਾਰੀ ਸਿਹਤ ਪਾਲਸੀ:

IRDAI ਨੇ 3 ਫਰਵਰੀ 2021 ਨੂੰ ਆਪਣੀ ਸੇਧਾਂ ਵਿੱਚ ਸਾਵਧਾਨ ਕੀਤਾ ਹੈ ਕਿ ਵੈਕਟਰ ਰਾਹੀਂ ਪੈਦਾ ਹੋਣ ਵਾਲੀਆਂ ਬੀਮਾਰੀਆਂ ਲਈ ਮਿਆਰੀ ਉਤਪਾਦਾਂ ਵਾਸਤੇ ਹੇਠ ਦਿੱਤੇ ਬੀਮਾ-ਸੁਰੱਖਿਆ ਹੋਣੀ ਚਾਹੀਦੀ ਹੈ:

1. ਹਸਪਤਾਲ ਭਰਤੀ ਹੋਣ ਦਾ ਫਾਇਦਾ: ਬੀਮਾ ਕੀਤੀ ਰਕਮ ਦੇ 100% ਦੇ ਬਰਾਬਰ ਇੱਕਮੁਠ ਫਾਇਦਾ ਘੱਟੋ-ਘੱਟ 72 ਘੰਟਿਆਂ ਦੇ ਲਗਾਤਾਰ ਹਸਪਤਾਲ ਵਿੱਚ ਭਰਤੀ ਹੋਣ ਦੀਆਂ ਹੇਠ ਦਿੱਤੇ ਵੈਕਟਰ ਵਾਲੀਆਂ ਬੀਮਾਰੀਆਂ ਵਿੱਚੋਂ ਕਿਸੇ ਦੀ ਸਰਕਾਤਮਕ ਜਾਂਚ ਲਈ ਭੁਗਤਾਨਯੋਗ ਹੋਣਗੇ।

   a) ਡੇਂਗੂ ਬੁਖਾਰ

   b) ਮਲੇਰੀਆ

c) ਫਿਲਾਰੀਆ (ਲਸੀਕਾ ਫਿਲਾਰੀਸਿਸ)

d) ਕਾਲਾ-ਅਜ਼ਾਰ

e) ਚਿਕਨਗੁਨੀਆ

f) ਜਾਪਾਨੀ ਦਿਮਾਗੀ ਬੁਖ਼ਾਰ

g) ਜਾਇਕਾ ਵਾਈਰਸ

2. ਰੋਗ ਪੜਤਾਲ ਕਵਰ: ਬੀਮਾ ਕੀਤੀ ਰਕਮ ਦਾ 2% ਬੀਮਾ-ਸੁਰੱਖਿਆ ਦਿੱਤੇ ਅੰਤਰਾਲ ਦੇ ਦੌਰਾਨ ਪਹਿਲਾਂ ਜਾਂਚ ਉੱਤੇ ਹਰ ਬੀਮਾ-ਸੁਰੱਖਿਆ ਲਈ ਦਿੱਤੇ ਵੈਕਟਰ ਬੀਮਾ ਦੇ ਸਕਰਾਤਮਕ ਜਾਂਚ ( ਲੈਬਰਾਟਰੀ ਰਾਹੀ ਜਾਂਚ ਅਤੇ ਮੈਡਕੀਲ ਪਟੀਸ਼ਨਰ ਵਲੋਂ ਤਸਦੀਕ ਕਰਨ) ਉੱਤੇ ਭੁਗਤਾਨ ਕੀਤਾ ਜਾਵੇਗਾ, ਜੋ ਕਿ ਨਿਯਮ ਅਤੇ ਸ਼ਰਤਾਂ ਤੇ ਅਧੀਨ ਹੈ। ਪਾਲਸੀਧਾਰਕ ਪਾਲਸੀ ਸਾਲ ਵਿੱਚ ਹਰ ਬੀਮਾਰੀ ਲਈ ਕੇਵਲ ਇੱਕ ਵਾਰ ਹੀ "ਜਾਂਚ ਕਵਰ" ਭੁਗਤਾਨ ਦੇ ਅਧੀਨ ਭੁਗਤਾਨ ਲਈ ਪਾਤਰ ਹੈ।

## G. ਸਾਂਝੇ-ਉਤਪਾਦ

ਸਿਹਤ ਅਤੇ ਜੀਵਨ ਕੰਬੋ ਉਤਪਾਦ ਜੀਵਨ ਬੀਮਾ ਕੰਪਨੀ ਵਲੋਂ ਜੀਵਨ ਬੀਮਾ ਸੁਰੱਖਿਆ ਅਤੇ ਗ਼ੈਰ-ਜੀਵਨ ਅਤੇ/ਜਾਂ ਇੱਕਲੀ ਸਿਹਤ ਬੀਮਾ ਕੰਪਨੀ ਵਲੋਂ ਦਿੱਤੀ ਸਿਹਤ ਬੀਮਾ ਸੁਰੱਖਿਆ ਦੋਵੇਂ ਦਿੰਦੇ ਹਨ।

ਉਤਪਾਦ ਨੂੰ ਵਿਅਕਤੀਗਤ ਬੀਮਾ ਪਾਲਸੀ ਤੇ ਗਰੁੱਪ ਬੀਮਾ ਆਧਾਰ ਉੱਤੇ ਦਿੱਤਾ ਜਾ ਸਕਦਾ ਹੈ। ਪਰ, ਸਿਹਤ ਬੀਮਾ ਫਲੋਟਰ ਪਾਲਸੀਆਂ ਦੇ ਸੰਬੰਧ ਵਿੱਚ, ਸ਼ੁਧ ਮਿਆਦੀ ਜੀਵਨ ਬੀਮਾ ਸੁਰੱਖਿਆ ਨੂੰ ਪਰਿਵਾਰ ਦੇ ਕਮਾਊ ਮੈਂਬਰਾਂ ਵਿੱਚੋਂ ਇੱਕ ਦੇ ਜੀਵਨ ਲਈ ਮਨਜ਼ੂਰ ਕੀਤਾ ਜਾਂਦਾ ਹੈ, ਜੋ ਕਿ ਸੰਬੰਧਿਤ ਬੀਮਾਕਰਤਾ ਦੇ ਲਾਗੂ ਹੋਣ ਵਾਲੇ ਬੀਮਾਯੋਗ ਹਿੱਤ ਤੇ ਹੋਰ ਅੰਡਰਰਾਈਟਿੰਗ ਨਿਯਮਾਂ ਦੇ ਮੁਤਾਬਕ ਸਿਹਤ ਬੀਮਾ ਪਾਲਸੀ ਲਈ ਪੇਸ਼ਕਰਤਾ ਹੈ।

ਪੈਕੇਜ ਨੀਤੀਆਂ

ਪੈਕੇਜ ਜਾਂ ਅੱਮਬਰੇਲਾ ਬੀਮਾ ਸੁਰੱਖਿਆ ਕਈ ਬੀਮਾ ਸੁਰੱਖਿਆ ਇੱਕਠੀਆਂ ਇੱਕ ਇੱਕਲੇ ਦਸਤਾਵੇਜ਼ ਅਧੀਨ ਦਿੰਦਾ ਹੈ।

ਸਿਹਤ ਬੀਮੇ ਵਿੱਚ ਪੈਕੇਜ ਪਾਲਸੀ ਦੀਆਂ ਉਦਾਹਰਨਾਂ ਵਿੱਚ ਗੰਭੀਰ ਬੀਮਾਰੀ ਸੁਰੱਖਿਆ ਫਾਇਦਿਆਂ ਨੂੰ ਹਰਜਾਨਾ ਪਾਲਸੀਆਂ ਵਿੱਚ ਜੋੜਣਾ ਸ਼ਾਮਿਲ ਹੈ ਅਤੇ ਜੀਵਨ ਬੀਮਾ ਪਾਲਸੀਆਂ ਅਤੇ ਹਰਜਾਨਾ ਪਾਲਸੀਆਂ ਨਾਲ ਹਸਪਤਾਲ ਰੋਜ਼ਾਨਾ ਨਕਦ ਫਾਇਦੇ ਵੀ ਸ਼ਾਮਿਲ ਹੋ ਸਕਦੇ ਹਨ।

ਯਾਤਰਾ ਬੀਮਾ:

ਯਾਤਰਾ ਬੀਮਾ ਪਾਲਸੀ ਪੈਕੇਜ ਪਾਲਸੀ ਵਜੋਂ ਵੀ ਪੇਸ਼ ਕੀਤੀ ਜਾਂਦੀ ਹੈ, ਜੋ ਕਿ ਨਾ ਕੇਵਲ ਸਿਹਤ ਬੀਮਾ ਦਿੰਦੀ ਹੈ, ਬਲਕਿ ਬੀਮਾਰੀ/ਹਾਦਸੇ ਦੇ ਕਰਕੇ ਹੋਣ ਵਾਲੇ ਮੈਡੀਕਲ ਖ਼ਰਚਿਆਂ ਦੇ ਨਾਲ ਨਾਲ ਹਾਦਸੇ ਵਿੱਚ ਮੌਤ / ਅਪੰਗਤਾ

ਫਾਇਦੇ, ਸਮਾਨ ਪਹੁੰਚਣ ਵਿੱਚ ਦੇਰੀ ਜਾਂ ਗੁਆਚਣ, ਪਾਸਪੋਰਟ ਤੇ ਦਸਤਾਵੇਜ਼ ਗੁਆਚਣ, ਜਾਇਦਾਦ / ਨਿੱਜੀ ਨੁਕਸਾਨ ਲਈ ਤੀਜੀ ਧਰ ਦੇਣਦਾਰੀ, ਯਾਤਰਾ ਰੱਦ ਹੋਣ ਜਾਂ ਹਾਈਜੈਕ ਹੋਣ ਦੇ ਲਈ ਬੀਮਾ ਸੁਰੱਖਿਆ ਵੀ ਸ਼ਾਮਿਲ ਹੈ। (ਯਾਤਰਾ ਬੀਮੇ ਦੇ ਵੇਰਵੇ ਬਾਅਦ ਵਿੱਚ ਦਿੱਤਾ ਜਾਂਦਾ ਹੈ।)

## H. ਗਰੀਬ ਵਰਗਾਂ ਲਈ ਲਘੂ ਬੀਮਾ ਤੇ ਸਿਹਤ ਬੀਮਾ

ਲਘੂ-ਬੀਮਾ ਉਤਪਾਦ ਪੇਂਡੂ ਤੇ ਗ਼ੈਰ-ਰਸਮੀ ਖੇਤਰ ਤੋਂ ਘੱਟ ਆਮਦਨ ਵਾਲੇ ਲੋਕਾਂ ਦੀ ਸੁਰੱਖਿਆ ਦੇ ਲਈ ਡਿਜ਼ਾਇਨ ਕੀਤਾ ਗਿਆ ਹੈ। ਇਹ ਝੱਲਣਯੋਗ ਪ੍ਰੀਮੀਅਮ ਅਤੇ ਫਾਇਦਾ ਪੈਕੇਜ ਨਾਲ ਘੱਟ ਮੁੱਲ ਵਾਲਾ ਉਤਪਾਦ ਹੈ। ਲਘੂ ਬੀਮਾ, IRDA ਲਘੂ ਬੀਮਾ ਰੈਗੂਲੇਸ਼ਨ 2005 ਦੇ ਤਹਿਤ ਕੰਮ ਕਰਦਾ ਹੈ।

ਇੰਞ ਦੀ ਬੀਮਾ ਸੁਰੱਖਿਆ ਨੂੰ ਮੁੱਖ ਤੌਰ ਉੱਤੇ ਵੱਖ-ਵੱਖ ਸਮਾਜਿਕ ਸੰਗਠਨਾਂ ਜਾਂ ਗ਼ੈਰ-ਸਰਕਾਰੀ ਸੰਗਠਨਾਂ (ਐਨਜੀਓ) ਵਲੋਂ ਆਪਣੇ ਮੈਂਬਰਾਂ ਲਈ ਗਰੁੱਪ ਵਜੋਂ ਲਿਆ ਜਾਂਦਾ ਹੈ।

ਪੀਐਸਯੂ ਵਲੋਂ ਖਾਸ ਤੌਰ ਉੱਤੇ ਦੋ ਪਾਲਸੀਆਂ, ਜਨ ਅਰੋਗਤਾ ਬੀਮਾ ਪਾਲਸੀ ਅਤੇ ਵਿਆਪਕ ਸਿਹਤ ਸਕੀਮ,ਸਮਾਜ ਦੇ ਗਰੀਬ ਲੋਕਾਂ ਲਈ ਤਿਆਰ ਕੀਤੀਆਂ ਹਨ। ਨਿੱਜੀ ਖੇਤਰ ਦੀਆਂ ਬੀਮਾ ਕੰਪਨੀਆਂ ਨੇ ਵੀ ਇਸ ਖੇਤਰ ਨੂੰ ਸੇਵਾ ਦੇਣ ਲਈ ਕਈ ਨਵੇਂ ਲਘੂ ਬੀਮਾ ਸਿਹਤ ਉਤਪਾਦ ਪੇਸ਼ ਕੀਤੇ ਹਨ ਜਿਵੇਂ ਬੀਮਾ ਕਵਚ ਯੋਜਨਾ, ਗਰਾਮੀਨ ਜੀਵਨ ਰਕਸ਼ਾ ਪਲਾਨ, ਭਾਗਿਆ ਲਕਸ਼ਮੀ - ਪੂਰੀ ਸੀਚੀ IRDAI ਦੀ ਵੈੱਬਸਾਈਟ ਉੱਤੇ ਲੱਭੀ ਜਾ ਸਕਦੀ ਹੈ।

## I. ਰਾਸ਼ਟਰੀ ਸਿਹਤ ਬੀਮਾ ਯੋਜਨਾ

ਸਰਕਾਰ ਨੇ ਕਈ ਸਿਹਤ ਸਕੀਮਾਂ ਵੀ ਸ਼ੁਰੂ ਕੀਤੀਆਂ ਹਨ, ਉਹਨਾਂ ਵਿੱਚੋਂ ਕੁਝ ਖਾਸ ਸੂਬਿਆਂ ਲਈ ਲਾਗੂ ਹੁੰਦੀਆਂ ਹਨ। ਇਸ ਨੇ ਰਾਸ਼ਟਰੀ ਸਿਹਤ ਬੀਮਾ ਯੋਜਨਾ (RSBY) ਨੂੰ ਬੀਮਾ ਕੰਪਨੀਆਂ ਦੇ ਨਾਲ ਮਿਲ ਕੇ ਗਰੀਬੀ ਰੇਖਾ ਤੋਂ ਹੇਠ ਰਹਿਣ ਵਾਲੇ (BPL) ਪਰਿਵਾਰਾਂ ਲਈ ਸਿਹਤ ਬੀਮਾ ਸੁਰੱਖਿਆ ਦੇਣ ਵਾਸਤੇ ਸਥਾਪਿਤ ਕੀਤਾ ਹੈ। ਪਰ RSBY ਸਿਰਫ਼ 30,000 ਰੁਪਏ ਤੱਕ ਹੀ ਬੀਮਾ ਸੁਰੱਖਿਆ ਦਿੰਦੀ ਸੀ, ਜੋ ਕਿ ਵੱਡੀਆਂ ਸਰਜਰੀਆਂ/ ਹਸਪਤਾਲ ਖ਼ਰਚਿਆਂ ਲਈ ਕਾਫ਼ੀ ਨਹੀਂ ਸੀ।

## J. ਪ੍ਰਧਾਨ ਮੰਤਰੀ ਜਨ ਧਨ ਯੋਜਨਾ

ਕੌਮੀ ਸਿਹਤ ਪਾਲਸੀ 2017 ਦੀਆਂ ਸਿਫਾਰਸ਼ਾਂ ਦੇ ਮੁਤਾਬਕ RSBY ਦੀਆਂ ਕਮੀਆਂ ਨੂੰ ਦੂਰ ਕਰਨ ਲਈ ਭਾਰਤ ਸਰਕਾਰ ਨੇ 2017 ਵਿੱਚ 'ਅਯੂਸ਼ਮਨ ਭਾਰਤ ਸਕੀਮ' ਸ਼ੁਰੂ ਕੀਤੀ ਸੀ, ਜੋ ਕਿ ਵਿਆਪਕ ਸਿਹਤ ਬੀਮਾ-ਸੁਰੱਖਿਆ (UHC) ਦਾ ਸੁਪਨਾ ਪੂਰਾ ਕਰਨ ਲਈ ਪ੍ਰਮੁੱਖ ਸਕੀਮ ਹੈ। ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ (PMJAY) ਵਜੋਂ ਵੀ ਜਾਣੀ ਜਾਂਦੀ ਅਯੂਸ਼ਮਨ ਭਾਰਤ ਵਿੱਚ ਬੀਮਾ ਸੁਰੱਖਿਆ ਰੁ. 5,00,000 ਤੱਕ ਹੋ ਸਕਦੀ ਹੈ।

ਇਹ ਤਦ ਮੌਜੂਦਾ ਰਾਸ਼ਟਰੀ ਸਿਹਤ ਬੀਮਾ ਯੋਜਨਾ (RSBY) ਨੂੰ ਵਿੱਚ ਜੋੜਦੀ ਹੈ। PM-JAY ਲਈ ਪੂਰੇ ਫੰਡ ਸਰਕਾਰ ਦਿੰਦੀ ਹੈ ਅਤੇ ਖ਼ਰਚੇ ਨੂੰ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਵੰਡ ਕੇ ਵਰਤਿਆ ਜਾਂਦਾ ਹੈ।

## K. ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ

ਹਾਲ ਹੀ ਵਿੱਚ ਐਲਾਨ ਕੀਤੀ PMSBY ਦੇ ਫ਼ੀਚਰ ਨਿੱਜੀ ਹਾਦਸੇ ਵਿੱਚ ਮੌਤ ਤੇ ਅਪੰਗਤਾ ਬੀਮਾ-ਸੁਰੱਖਿਆ ਹੇਠ ਦਿੱਤੇ ਮੁਤਾਬਕ ਹਨ:

ਬੀਮਾ-ਸੁਰੱਖਿਆ ਦੀ ਪਹੁੰਚ: ਹਿੱਸੇਦਾਰ ਬੈਂਕਾਂ ਵਿੱਚ 18 ਤੋਂ 70 ਸਾਲਾਂ ਦੇ ਸਭ ਬੱਚਤ ਬੈਂਕ ਖਾਤਾ ਧਾਰਕ ਕੇਵਲ ਇੱਕ ਹੀ ਬੱਚਤ ਬੈਂਕ ਖਾਤੇ ਰਾਹੀਂ ਸਕੀਮ ਵਿੱਚ ਭਾਗ ਲੈਣ ਦੇ ਯੋਗ ਹੋਣਗੇ ਅਤੇ ਜੇ ਉਹ ਇੱਕ ਤੋਂ ਵੱਧ ਬੈਂਕ ਰਾਹੀਂ ਭਾਗ ਲੈਂਦੇ ਹਨ ਤਾਂ ਉਹਨਾਂ ਨੂੰ ਕੋਈ ਵਾਧੂ ਫਾਇਦਾ ਨਹੀਂ ਮਿਲਦਾ ਹੈ ਅਤੇ ਵਾਧੂ ਦਿੱਤਾ ਪ੍ਰੀਮੀਅਮ ਜ਼ਬਤ ਕਰ ਲਿਆ ਜਾਵੇਗਾ। ਬੈਂਕ ਖਾਤੇ ਲਈ ਅਧਾਰ ਮੂਲ KYC ਹੋਵੇਗਾ।

ਦਾਖਲਾ ਸਾਧਨ / ਅੰਤਰਾਲ: ਬੀਮਾ-ਸੁਰੱਖਿਆ 1 ਜੂਨ ਤੋਂ 31 ਮਈ ਦੇ ਦੌਰਾਨ ਇੱਕ ਸਾਲ ਲਈ ਹੋਵੇਗੀ, ਜਿਸ ਲਈ ਹਰ ਸਾਲ 31 ਮਈ ਤੱਕ ਦਿੱਤੇ ਗਏ ਫਾਰਮਾਂ ਉੱਤੇ ਨਿਯਤ ਬੱਚਤ ਬੈਂਕ ਖਾਤੇ ਤੋਂ ਭਾਗ ਲੈਣ/ ਆਟੋ-ਡੇਬਿਟ ਦੀ ਚੋਣ ਹੁੰਦੀ ਹੈ।

ਪੂਰੇ ਸਾਲਨਾ ਪ੍ਰੀਮੀਅਮ ਦੇ ਭੁਗਤਾਨ ਉੱਤੇ ਬਾਅਦ ਵਿੱਚ ਭਾਗ ਲੈਣਾ ਖਾਸ ਸ਼ਰਤਾਂ ਉਤੇ ਸੰਭਵ ਹੋ ਸਕਦਾ ਹੈ। ਵਿਅਕਤੀ, ਜੋ ਕਿ ਕਿਸੇ ਵੀ ਸਮੇਂ ਸਕੀਮ ਛੱਡ ਦਿੰਦੇ ਹਨ, ਉੱਤੇ ਦਿੱਤੇ ਢੰਗਾਂ ਰਾਹੀਂ ਅਗਲੇ ਸਾਲਾਂ ਵਿੱਚ ਸਕੀਮ ਦਾ ਕਿਸੇ ਵੀ ਸਮੇਂ ਦੁਬਾਰਾ ਭਾਗ ਬਣ ਸਕਦੇ ਹਨ।

ਬੀਮੇ ਦੇ ਅਧੀਨ ਫਾਇਦੇ ਹੇਠ ਦਿੱਤੇ ਹਨ:

| ਫਾਇਦਿਆਂ ਦੀ ਸਾਰਣੀ | ਬੀਮਾ ਕੀਤੀ ਰਕਮ |
|---|---|
| ਮੌਤ | ਰੁ: 2 ਲੱਖ |
| ਦੋਵਾਂ ਅੱਖਾਂ ਤੋਂ ਪੂਰੀ ਤਰ੍ਹਾਂ ਤੇ ਨਾ-ਠੀਕ ਹੋਣ ਯੋਗ ਢੰਗ ਨਾਲ ਅਸਮਰੱਥ ਹੋਣਾ ਜਾਂ ਦੋਵਾਂ ਹੱਥਾਂ ਜਾਂ ਪੈਰਾਂ ਦੀ ਵਰਤੋਂ ਤੋਂ ਅਸਮਰੱਥ ਹੋਣਾ ਜਾਂ ਇੱਕ ਅੱਖ ਦੀ ਨਿਗ੍ਹਾ ਤੋਂ ਅਸਮਰੱਥ ਹੋਣਾ ਅਤੇ ਇੱਕ ਹੱਥ ਜਾਂ ਪੈਰ ਦੀ ਵਰਤੋਂ ਤੋਂ ਅਸਮਰੱਥ ਹੋਣਾ | ਰੁ: 2 ਲੱਖ |
| ਇੱਕ ਅੱਖ ਦੀ ਨਿਗ੍ਹਾ ਪੂਰੀ ਤਰ੍ਹਾਂ ਤੇ ਨਾ-ਠੀਕ ਹੋਣ ਯੋਗ ਢੰਗ ਨਾਲ ਅਸਮਰੱਥ ਹੋਣ ਜਾਂ ਇੱਕ ਹੱਥ ਜਾਂ ਪੈਰ ਦੀ ਵਰਤੋਂ ਤੋਂ ਅਸਮਰੱਥ ਹੋਣਾ। | ਰੁ: 1 ਲੱਖ |

SMS, ਈਮੇਲ ਜਾਂ ਨਿੱਜੀ ਤੌਰ ਉੱਤੇ ਦੌਰਾ ਕਰਕੇ ਭਾਗ ਲੈਣ ਤੇ ਨਾਮਜ਼ਦ ਕਰਨ ਦੀ ਸਹੂਲਤ ਮੌਜੂਦ ਹੈ।

ਪ੍ਰੀਮੀਅਮ: ਹਰੇਕ ਮੈਂਬਰ ਲਈ ਸਾਲਨਾ 12/- ਰੁਪਏ ਪ੍ਰੀਮੀਅਮ ਨੂੰ ਖਾਤਾ ਧਾਰਕ ਦੇ ਬੱਚਤ ਬੈਂਕ ਖਾਤੇ ਰਾਹੀਂ 'ਆਪਣੇ-ਆਪ ਡੇਬਿਟ' ਕਰਨ ਦੀ ਸਹੂਲਤਾਂ ਰਾਹੀਂ ਲਿਆ ਜਾ ਸਕਦਾ ਹੈ।

ਬੀਮਾ-ਸੁਰੱਖਿਆ ਖਤਮ ਕਰਨੀ: ਮੈਂਬਰ ਲਈ ਹਾਦਸਾ ਬੀਮਾ-ਸੁਰੱਖਿਆ ਖਤਮ ਹੋਵੇਗੀ:

1. ਮੈਂਬਰ ਦੀ ਉਮਰ 70 ਸਾਲ ਦੀ ਹੋਣ ਉੱਤੇ (ਉਮਰ ਆਉਣ ਵਾਲੇ ਜਨਮ ਦਿਨ ਉੱਤੇ) ਜਾਂ
2. ਬੈਂਕ ਨਾਲ ਖਾਤਾ ਬੰਦ ਕਰਨ ਜਾਂ ਬੀਮੇ ਨੂੰ ਜਾਰੀ ਰੱਖਣ ਲਈ ਨਾ ਕਾਫ਼ੀ ਬਕਾਇਆ ਰੱਖਣਾ ਜਾਂ

ਜੇ ਬੀਮਾ ਸੁਰੱਖਿਆ ਕਿਸੇ ਤਕਨੀਕੀ ਕਾਰਨ ਜਿਵੇਂ ਕਿ ਦੇਣ ਮਿਤੀ ਤੇ ਅਧੂਰਾ ਬਕਾਇਆ ਜਾਂ ਕਿਸੇ ਪ੍ਰਸ਼ਾਸ਼ਕੀ ਮਾਮਲੇ ਕਰਕੇ, ਰੁਕ ਜਾਂਦਾ ਹੈ ਤਾਂ ਉਸ ਨੂੰ ਪੂਰਾ ਸਾਲਨਾ ਪ੍ਰੀਮੀਅਮ ਮਿਲਣ ਤੇ ਮੁੜ-ਚਾਲੂ ਕੀਤਾ ਜਾਵੇਗਾ, ਜੋ ਕਿ ਲਗਾਈਆਂ ਗਈਆਂ ਸ਼ਰਤਾਂ ਦੇ ਅਧੀਨ ਹੈ।

## L. ਨਿੱਜੀ ਹਾਦਸਾ ਤੇ ਅਪੰਗਤਾ ਬੀਮਾ-ਸੁਰੱਖਿਆ

ਨਿੱਜੀ ਹਾਦਸਾ (PA) ਬੀਮਾ-ਸੁਰੱਖਿਆ ਅਚਾਨਕ ਹੋਣ ਵਾਲੇ ਹਾਦਸੇ ਵਿੱਚ ਮੌਤ ਅਤੇ ਅਪੰਗਤਾ ਹੋਣ ਕਰਕੇ ਮੁਆਵਜ਼ਾ ਦਿੰਦੀ ਹੈ।

ਪੀਏ ਪਾਲਸੀ ਵਿੱਚ,

a) ਮੌਤ ਫਾਇਦੇ ਵਿੱਚ ਬੀਮਾ ਕਰਵਾਈ ਰਕਮ ਦਾ 100% ਭੁਗਤਾਨ ਹੈ।

b) ਅਪੰਗਤਾ ਦੀ ਘਟਨਾ ਵਾਪਰਨ ਉੱਤੇ ਮੁਆਵਜ਼ਾ ਪੱਕੀ ਅਪੰਗਤਾ ਦੇ ਕੇਸ ਵਿੱਚ ਬੀਮਾ ਕਰਵਾਈ ਰਕਮ ਦਾ ਤੈਅਸ਼ੁਦਾ ਫੀਸਦਾ ਤੋਂ ਵੱਖ ਹੁੰਦਾ ਹੈ।

c) ਆਰਜ਼ੀ ਅਪੰਗਤਾ ਲਈ ਹਫ਼ਤੇਵਾਰ ਮੁਆਵਜ਼ਾ ਹੈ।

ਹਫ਼ਤੇਵਾਰ ਮੁਆਵਜ਼ੇ ਦਾ ਭਾਵ ਹੈ ਕਿ ਹਫ਼ਤਿਆਂ ਦੀ ਗਿਣਤੀ ਦੇ ਸਮੇਂ ਵਿੱਚ ਹਰੇਕ ਹਫ਼ਤੇ ਦੀ ਸਥਿਰ ਰਕਮ ਦੇ ਭੁਗਤਾਨ ਤੋਂ ਹਫ਼ਤਿਆਂ ਦੀ ਗਿਣਤੀ ਦੇ ਰੂਪ ਵਿੱਚ ਵੱਧ ਤੋਂ ਵੱਧ ਹੱਦ, ਜਿਸ ਲਈ ਮੁਆਵਜ਼ਾ ਦੇਣਯੋਗ ਹੈ।

### 1. ਬੀਮਾ ਸੁਰੱਖਿਆ ਪ੍ਰਾਪਤ ਅਪੰਗਤਾ ਦੀਆਂ ਕਿਸਮਾਂ

ਅਪੰਗਤਾ ਦੀਆਂ ਕਿਸਮਾਂ, ਜਿਹਨਾਂ ਨੂੰ ਅਕਸਰ ਪਾਲਸੀ ਅਧੀਨ ਸੁਰੱਖਿਆ ਦਿੱਤੀ ਜਾਂਦੀ ਹੈ:

i. ਪੱਕੇ ਤੌਰ ਉੱਤੇ ਕੁੱਲ ਅਪੰਗਤਾ (PTD): ਦਾ ਭਾਵ ਹੈ ਕਿ ਜੀਵਨ ਭਰ ਲਈ ਚਾਰ ਅੰਗਾਂ, ਬੇਹੋਸ਼ੀ ਦੀ ਹਾਲਤ, ਦੋਵੇਂ ਅੱਖਾਂ/ਦੋਵੇਂ ਹੱਥਾਂ/ਦੋ ਅੰਗਾਂ ਜਾਂ ਇੱਕ ਹੱਥ ਤੇ ਇੱਕ ਅੱਖ ਤੇ ਇੱਕ ਲੱਤ ਜਾਂ ਇੱਕ ਹੱਥ ਤੇ ਇੱਕ ਲੱਤ ਦਾ ਅਧਰੰਗ ਹੋਣਾ ਸ਼ਾਮਿਲ ਹੈ।

ii. ਪੱਕੇ ਤੌਰ ਉੱਤੇ ਅਧੂਰੀ ਅਪੰਗਤਾ (ਪੀਪੀਡੀ): ਜੀਵਨ ਭਰ ਲਈ ਅਧੂਰੇ ਰੂਪ ਵਿੱਚ ਅਪੰਗ ਹੋਣਾ ਜਿਵੇਂ ਕਿ ਉਂਗਲਾਂ, ਪੈਰਾਂ ਦੀਆਂ ਉਂਗਲਾਂ, ਫੈਲੰਜ ਆਦਿ ਹੋਣਾ।

iii. ਆਰਜ਼ੀ ਤੌਰ ਉਤੇ ਕੁੱਲ ਅਪੰਗਤਾ (ਟੀਟੀਡੀ): ਆਰਜ਼ੀ ਤੌਰ ਉੱਤੇ ਪੂਰੇ ਰੂਪ ਵਿੱਚ ਅਪੰਗ ਹੋਣਾ। ਬੀਮਾ ਸੁਰੱਖਿਆ ਦੇ ਇਹ ਹਿੱਸੇ ਵਿੱਚ ਅਪੰਗਤਾ ਸਮੇਂ ਦੇ ਦੌਰਾਨ ਹੋਣ ਵਾਲੇ ਆਮਦਨ ਦੇ ਘਾਟੇ ਨੂੰ ਸੁਰੱਖਿਆ ਦਿੱਤੀ ਜਾਂਦੀ ਹੈ।

ਗਾਹਕ ਕੇਵਲ ਮੌਤ ਸੁਰੱਖਿਆ ਜਾਂ ਮੌਤ ਸੁਰੱਖਿਆ ਦੇ ਨਾਲ ਪੱਕੀ ਅਪੰਗਤਾ ਜਾਂ ਮੌਤ ਤੇ ਪੱਕੀ ਅਪੰਗਤਾ ਅਤੇ ਆਰਜ਼ੀ ਰੂਪ ਵਿੱਚ ਕੁੱਲ ਅਪੰਗਤਾ ਵਿੱਚੋਂ ਚੋਣ ਕਰ ਸਕਦਾ ਹੈ।

2. ਬੀਮਾ ਕੀਤੀ ਰਕਮ

PA ਪਾਲਸੀਆਂ ਲਈ ਬੀਮਾ ਕੀਤੀ ਰਕਮ ਅਖਸਰ ਸ਼ੁੱਧ ਮਹੀਨੇਵਾਰ ਆਮਦਨ ਦੇ ਅਧਾਰ ਉੱਤੇ ਤਹਿ ਹੁੰਦੀ ਹੈ। ਆਮ ਤੌਰ ਉੱਤੇ, ਇਹ ਸ਼ੁੱਧ ਮਹੀਨੇਵਾਰ ਆਮਦਨ ਦਾ 60 ਗੁਣਾਂ ਹੁੰਦਾ ਹੈ। ਪਰ, ਕੁਝ ਬੀਮਾਕਰਤਾ ਬਿਨਾਂ ਆਮਦਨ ਪੱਧਰ ਦਾ ਧਿਆਨ ਰੱਖੇ ਸਥਿਰ ਸਕੀਮ ਵੀ ਦਿੰਦੇ ਹਨ। ਇੰਝ ਦੀਆਂ ਪਾਲਸੀਆਂ ਵਿੱਚ, ਬੀਮਾ-ਸੁਰੱਖਿਆ ਦੇ ਹਰੇਕ ਭਾਗ ਲਈ ਬੀਮਾ ਕੀਤੀ ਰਕਮ ਚੁਣੇ ਗਏ ਸਕੀਮ ਦੇ ਤਹਿਤ ਵੱਖ-ਵੱਖ ਹੁੰਦੀ ਹੈ।

3. ਨਿੱਜੀ ਹਾਦਸਾ ਬੀਮਾ - ਫਾਇਦਾ ਪਲਾਨ

ਫਾਇਦਾ ਪਲਾਨ ਕਰਕੇ ਪੀਏ (PA) ਪਾਲਸੀਆਂ ਦਾਅਵੇ ਦੇ ਸਮੇਂ ਉੱਤੇ 'ਯੋਗਦਾਨ' ਦੇ ਸਿਧਾਂਤ ਦੇ ਅਧੀਨ ਨਹੀਂ ਹਨ। ਇਸਕਰਕੇ, ਜੇ ਵਿਅਕਤੀ ਕੋਲ ਵੱਖ-ਵੱਖ ਬੀਮਾਕਰਤਾ ਤੋਂ ਇੱਕ ਪਾਲਸੀ ਹੋਵੇ ਤਾਂ ਸਭ ਪਾਲਸੀਆਂ ਦੇ ਅਧੀਨ ਦਾਅਵਿਆਂ ਦਾ ਪੂਰਾ ਭੁਗਤਾਨ ਕੀਤਾ ਜਾਵੇਗਾ।

4. ਬੀਮਾ-ਸੁਰੱਖਿਆ ਦੀ ਪਹੁੰਚ

ਇਹ ਪਾਲਸੀਆਂ ਨੂੰ ਅਕਸਰ ਮੈਡੀਕਲ ਖ਼ਰਚਿਆਂ ਲਈ ਵਧਾਇਆ ਜਾਂਦਾ ਹੈ, ਜੋ ਕਿ ਹਾਦਸਾ ਹੋਣ ਦੇ ਬਾਅਦ ਹਸਪਤਾਲ/ ਮੈਡੀਕਲ ਹੋਣ ਵਾਲੇ ਮੈਡੀਕਲ ਖ਼ਰਚਿਆਂ ਨੂੰ ਵਾਪਿਸ ਕਰਦਾ ਹੈ।

5. ਮੁੱਲ ਐਡ-ਆਨ ਫਾਇਦੇ

ਨਿੱਜੀ ਹਾਦਸੇ ਦੇ ਨਾਲ ਕਈ ਬੀਮਾਕਰਤਾ ਮੁੱਲ ਵਧਾਉਣ ਵਾਲੇ ਫਾਇਦੇ ਪੇਸ਼ ਕਰਦੇ ਹਨ ਜਿਵੇਂ ਕਿ ਹਾਦਸੇ ਦੇ ਕਰਕੇ ਹਸਪਤਾਲ ਵਿੱਚ ਭਰਤੀ ਹੋਣ ਦਾ ਖ਼ਰਚ, ਮਨੁੱਖੀ ਅੰਸ਼ਾਂ ਦੀ ਆਵਾਜਾਈ ਦਾ ਖ਼ਰਚ, ਸਥਿਰ ਰਕਮ ਲਈ ਸਿੱਖਿਆ ਫਾਇਦੇ ਅਤੇ ਐਮਬੂਲੈਂਸ ਖ਼ਰਚੇ ਅਸਲ ਜਾਂ ਸਥਿਰ ਹੱਦ ਮੁਤਾਬਕ, ਜੋ ਵੀ ਘੱਟ ਹੋਵੇ।

6. ਅਲਹਿਦਗੀਆਂ:

ਨਿੱਜੀ ਹਾਦਸਾ ਬੀਮੇ ਦੇ ਅਧੀਨ ਆਮ ਅਲਹਿਦਗੀਆਂ ਵਿੱਚ ਪਾਲਸੀ ਸ਼ੁਰੂ ਹੋਣ ਤੋਂ ਪਹਿਲਾਂ ਮੌਜੂਦ ਅਪੰਗਤਾ ਕਰਕੇ ਵਾਪਰੇ ਹਾਦਸੇ, ਦਿਮਾਗੀ ਸਮੱਸਿਆ ਜਾਂ ਕਿਸੇ ਬੀਮਾਰੀ ਕਰਕੇ ਮੌਤ ਜਾਂ ਅਪੰਗਤਾ, ਜੰਗ, ਹਮਲੇ ਨਾਲ, ਦੋਸ਼ੀ ਇਨਸਾਨੀ ਕਤਲ, ਜਾਣ ਬੁਝ ਖੁਦ ਲਾਈ ਸੱਟ, ਖੁਦਕੁਸ਼ੀ, ਨਸ਼ੇ ਜਾਂ ਸ਼ਰਾਬ ਲੈਣ ਨਾਲ ਲੱਗੀ ਸੱਟ, ਪਹਿਲਾਂ ਦੱਸੀਆਂ ਖ਼ਤਰਨਾਕ ਸਰਗਰਮੀਆਂ ਜਿਵੇਂ ਕਿ ਹਵਾਬਾਜ਼ੀ ਜਾਂ ਗੁਬਾਰੇ 'ਚ ਉਡਣ ਆਦਿ ਵਿੱਚ ਹਿੱਸਾ ਲੈਣ ਕਰਕੇ ਲੱਗੀ ਸੱਟ ਹਨ। ਇਹ ਨਿਰਦੇਸ਼ਕ ਸੂਚੀ ਹੈ ਅਤੇ ਹਰ ਕੰਪਨੀ ਲਈ ਵੱਖੋ-ਵੱਖ ਹੋ ਸਕਦੀ ਹੈ।

ਪੀਏ ਪਾਲਸੀਆਂ ਨਿੱਜੀ, ਪਰਿਵਾਰ ਤੇ ਗਰੁੱਪ ਨੂੰ ਵੀ ਦਿੱਤੀਆਂ ਜਾਂਦੀਆਂ ਹਨ।

ਗਰੁੱਪ ਵਿਅਕਤੀਗਤ ਹਾਦਸਾ ਪਾਲਸੀਆਂ

ਗਰੁੱਪ ਵਿਅਕਤੀਗਤ ਹਾਦਸਾ ਪਾਲਸੀਆਂ ਅਕਸਰ ਵਰ੍ਹੇ-ਗੰਢ ਉੱਤੇ ਨਵਿਆਉਣ ਦੀ ਇਜਾਜ਼ਤ ਵਾਲੀਆਂ ਸਾਲਨਾ ਪਾਲਸੀਆਂ ਹੁੰਦੀਆਂ ਹਨ। ਪਰ, ਗ਼ੈਰ-ਜੀਵਨ ਤੇ ਇਕੱਲੇ ਸਿਹਤ ਬੀਮਾਕਰਤਾ ਖਾਸ ਘਟਨਾਵਾਂ ਲਈ ਸੁਰੱਖਿਆ ਦੇਣ ਵਾਸਤੇ ਇੱਕ ਸਾਲ ਤੋਂ ਘੱਟ ਮਿਆਦ ਨਾਲ ਗਰੁੱਪ ਵਿਅਕਤੀਗਤ ਹਾਦਸਾ ਉਤਪਾਦ ਦੇ ਸਕਦੇ ਹਨ।

**ਹੱਡੀ ਟੁੱਟ ਪਾਲਸੀ ਅਤੇ ਰੋਜ਼ਾਨਾ ਸਰਗਰਮੀਆਂ ਦੇ ਨੁਕਸਾਲ ਲਈ ਮੁਆਵਜ਼ਾ**

**ਇਹ ਖਾਸ ਪੀਏ (PA) ਪਾਲਸੀ ਹੈ। ਪਾਲਸੀ ਨੂੰ ਸੂਚੀਬੱਧ ਹੱਡੀਆਂ ਟੁੱਟਣ ਲਈ ਸੁਰੱਖਿਆ ਦੇਣ ਵਾਸਤੇ ਤਿਆਰ ਕੀਤਾ ਗਿਆ ਹੈ। ਦਾਅਵੇ ਦੇ ਸਮੇਂ ਹਰੇਕ ਟੁੱਟੀ ਹੋਈ ਹੱਡੀ ਦੇ ਲਈ ਸਥਿਰ ਫਾਇਦਾ ਜਾਂ ਬੀਮਾ ਕਰਵਾਈ ਰਕਮ ਦਾ ਕੁਝ ਫੀਸਦੀ ਦਿੱਤਾ ਜਾਂਦਾ ਹੈ। ਫਾਇਦੇ ਦੀ ਰਕਮ ਸੁਰੱਖਿਆ ਪ੍ਰਾਪਤ ਹੱਡੀ ਦੀ ਕਿਸਮ ਅਤੇ ਅਸਲ ਵਿੱਚ ਹੱਡੀ ਟੁੱਟਣ ਦੀ ਕਿਸਮ ਉੱਤੇ ਨਿਰਭਰ ਹੈ।**

## M. ਵਿਦੇਸ਼ੀ ਯਾਤਰਾ ਬੀਮਾ

**ਪਾਲਸੀ ਲਈ ਲੋੜ: ਕਾਰੋਬਾਰ, ਛੁੱਟੀਆਂ ਜਾਂ ਪੜ੍ਹਨ ਲਈ ਭਾਰਤ ਤੋਂ ਬਾਹਰ ਯਾਤਰਾ ਦੇ ਦੌਰਾਨ ਹਾਦਸੇ ਨਾਲ ਸੱਟ ਲੱਗਣ ਜਾਂ ਹਸਪਤਾਲ ਵਿੱਚ ਭਰਤੀ ਹੋਣ ਖ਼ਰਚਿਆਂ ਲਈ ਬੀਮਾ ਸੁਰੱਖਿਆ ਦੇਣ ਲਈ। ਮੈਡੀਕਲ ਦੇਖਭਾਲ ਦੇ ਖ਼ਰਚ, ਖਾਸ ਕਰਕੇ ਅਮਰੀਕਾ ਤੇ ਕੈਨੇਡਾ ਵਰਗੇ ਦੇਸ਼ਾਂ ਵਿੱਚ ਬਹੁਤ ਵੱਧ ਹੈ ਅਤੇ ਵੱਡੀਆਂ ਵਿੱਤੀ ਸਮੱਸਿਆਵਾਂ ਖੜ੍ਹੀਆਂ ਕਰ ਸਕਦੇ ਹਨ।**

**ਬੀਮਾ-ਸੁਰੱਖਿਆ ਦੀ ਪਹੁੰਚ**

**ਇੰਝ ਦੀਆਂ ਪਾਲਸੀਆਂ ਦਾ ਮੁੱਖ ਮਕਸਦ ਹਾਦਸਾ ਤੇ ਬੀਮਾਰੀ ਤੇ ਫਾਇਦਾ ਦੇਣਾ ਹੈ, ਪਰ ਬਾਜ਼ਾਰ ਵਿੱਚ ਮੌਜੂਦ ਬਹੁਤੇ ਉਤਪਾਦ ਇੱਕ ਉਤਪਾਦ ਦੇ ਨਾਲ ਕਈ ਵੱਖ-ਵੱਖ ਸੁਰੱਖਿਆਵਾਂ ਦਾ ਪੈਕੇਜ ਹੁੰਦੇ ਹਨ।**

**ਅਕਸਰ ਦਿੱਤੀ ਜਾਂਦੀ ਬੀਮਾ-ਸੁਰੱਖਿਆ ਹੈ:**

a) ਮੈਡੀਕਲ ਤੇ ਬੀਮਾਰੀ ਭਾਗ:
   i. ਹਾਦਸੇ ਰਾਹੀਂ ਮੌਤ / ਅਪੰਗਤਾ
   ii. ਬੀਮਾਰੀ / ਹਾਦਸੇ ਦੇ ਕਰਕੇ ਹੋਣ ਵਾਲੇ ਮੈਡੀਕਲ ਖਰਚੇ

b) ਦੇਸ਼ ਵਾਪਸੀ ਅਤੇ ਤਿਆਗ

c) ਨਿੱਜੀ ਹਾਦਸਾ ਬੀਮਾ-ਸੁਰੱਖਿਆ

d) ਨਿੱਜੀ ਦੇਣਦਾਰੀ

e) ਹੋਰ ਗ਼ੈਰ-ਮੈਡੀਕਲ ਬੀਮਾ-ਸੁਰੱਖਿਆਵਾਂ:
   i. ਯਾਤਰਾ ਰੱਦ ਕਰਨੀ
   ii. ਯਾਤਰਾ ਦੇਰੀ
   iii. ਯਾਤਰਾ ਰੁਕਾਵਟ
   iv. ਖੁੰਝਿਆ ਕਨੈਕਸ਼ਨ

v. ਚੈਕ-ਇਨ ਕੀਤੇ ਬੈਗ ਦੀ ਦੇਰੀ

vi. ਭੇਜੇ ਗਏ ਸਾਮਾਨ ਦਾ ਗੁਆਚਣਾ

vii. ਪਾਸਪੋਰਟ ਗੁਆਚਣਾ

viii. ਐਮਰਜੈਂਸੀ ਨਕਦੀ ਪੇਸ਼ਗੀ

ix. ਅਗਵਾ ਭੱਤਾ

x. ਜ਼ਮਾਨਤ ਬੌਂਡ ਬੀਮਾ

xi. ਅਗਵਾ ਲਈ ਬੀਮਾ-ਸੁਰੱਖਿਆ

xii. ਸਪਾਂਸਰ ਸੁਰੱਖਿਆ

xiii. ਦਿਆਲੂ ਦੌਰਾ

xiv. ਪੜ੍ਹਾਈ ਰੁਕਾਵਟ

xv. ਘਰ ਸੰਨ੍ਹ ਲੱਗਣਾ

1. ਸਕੀਮਾਂ ਦੀਆਂ ਕਿਸਮਾਂ

ਹਰਮਨਪਿਆਰੀਆਂ ਪਾਲਸੀਆਂ ਹਨ ਕਾਰੋਬਾਰ ਤੇ ਛੁੱਟੀਆਂ ਸਕੀਮਾਂ, ਸਿੱਖਿਆ ਸਕੀਮ ਤੇ ਰੁਜ਼ਗਾਰ ਸਕੀਮਾਂ।

2. ਕੌਣ ਪਾਲਸੀ ਲੈ ਸਕਦਾ ਹੈ

ਕਾਰੋਬਾਰ, ਛੁੱਟੀਆਂ ਜਾਂ ਪੜ੍ਹਨ ਲਈ ਵਿਦੇਸ਼ ਜਾਣ ਵਾਲਾ ਕੋਈ ਵੀ ਭਾਰਤੀ ਨਾਗਰਿਕ ਇਹ ਪਾਲਸੀ ਲੈ ਸਕਦਾ ਹੈ। ਇਕਰਾਰ ਉੱਤੇ ਵਿਦੇਸ਼ਾਂ ਵਿੱਚ ਭਾਰਤੀ ਕੰਪਨੀਆਂ ਦੇ ਮੁਲਾਜ਼ਮ ਵੀ ਬੀਮਾ-ਸੁਰੱਖਿਆ ਲੈ ਸਕਦੇ ਹਨ।

3. ਬੀਮਤ ਰਕਮ ਅਤੇ ਪ੍ਰੀਮੀਅਮ

ਬੀਮਾ-ਸੁਰੱਖਿਆ ਅਮਰੀਕੀ ਡਾਲਰ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ ਅਤੇ ਆਮ ਤੌਰ ਉੱਤੇ 100,000 ਅਮਰੀਕੀ ਡਾਲਰ ਤੋਂ 500,000 ਅਮਰੀਕੀ ਡਾਲਰ ਤੱਕ ਹੋ ਸਕਦੀ ਹੈ। ਹੋਰ ਭਾਗਾਂ ਲਈ ਬੀਮਾ ਕੀਤੀ ਰਕਮ ਘੱਟ ਹੁੰਦੀ ਹੈ, ਦੇਣਦਾਰੀ ਸੁਰੱਖਿਆ ਨੂੰ ਛੱਡ ਕੇ। ਪ੍ਰੀਮੀਅਮ ਭਾਰਤੀ ਰੁਪਏ ਵਿੱਚ ਦਿੱਤਾ ਜਾ ਸਕਦਾ ਹੈ, ਨੌਕਰੀ ਸਕੀਮ ਦੇ ਕੇਸ ਨੂੰ ਛੱਡ ਕੇ, ਜਿੱਥੇ ਪ੍ਰੀਮੀਅਮ ਦਾ ਭੁਗਤਾਨ ਡਾਲਰਾਂ ਵਿੱਚ ਕਰਨਾ ਹੁੰਦਾ ਹੈ। ਸਕੀਮਾਂ ਅਕਸਰ ਦੋ ਕਿਸਮ ਦੀਆਂ ਹੁੰਦੀਆਂ ਹਨ:

- ✓ ਅਮਰੀਕਾ / ਕੈਨੇਡਾ ਤੋਂ ਬਿਨਾਂ ਸੰਸਾਰ ਭਰ ਲਈ
- ✓ ਅਮਰੀਕਾ / ਕੈਨੇਡਾ ਦੇ ਸਮੇਤ ਸੰਸਾਰ ਭਰ ਲਈ

ਕੁਝ ਉਤਪਾਦ ਦੇਸ਼ਾਂ ਦੇ ਸਮੂਹ ਲਈ ਬੀਮਾ-ਸੁਰੱਖਿਆ ਦਿੰਦੇ ਹਨ। ਮਿਸਾਲ ਵਜੋਂ ਸਿਰਫ਼ ਏਸ਼ੀਆਈ ਦੇਸ਼, ਸਿਰਫ਼ ਯੂਰਪੀ ਦੇਸ਼ਾਂ ਲਈ ਯਾਤਰਾ ਜਾਂ ਸਿਰਫ਼ ਕਿਸੇ ਖਾਸ ਦੇਸ਼ ਦੀ ਯਾਤਰਾ।

ਕਾਰਪੋਰੇਟ ਅਕਸਰ ਯਾਤਰੀ ਦੀਆਂ ਸਕੀਮਾਂ

ਇਹ ਇੱਕ ਸਾਲਨਾ ਪਾਲਸੀ ਹੈ, ਜਿੱਥੇ ਕਾਰਪੋਰੇਟ / ਮਾਲਕ ਆਪਣੇ ਮੁਲਾਜ਼ਮਾਂ ਲਈ ਨਿੱਜੀ ਪਾਲਸੀਆਂ ਲੈਂਦੇ ਹਨ, ਜੋ ਕਿ ਅਕਸਰ ਭਾਰਤ ਤੋਂ ਬਾਹਰ ਯਾਤਰਾ ਕਰਦੇ ਹਨ। ਇਹ ਬੀਮਾ ਸੁਰੱਖਿਆ ਨੂੰ ਵਿਅਕਤੀਆਂ ਵਲੋਂ ਲਿਆ ਜਾਂਦਾ ਹੈ, ਜੋ ਕਿ ਸਾਲ ਵਿੱਚ ਕਈ ਵਾਰ ਵਿਦੇਸ਼ਾਂ ਦੀ ਹਵਾਈ ਯਾਤਰਾ ਕਰਦੇ ਹਨ। ਕੰਪਨੀ ਦੇ ਮੁਲਾਜ਼ਮਾਂ ਰਾਹੀਂ ਸਾਲ ਵਿੱਚ ਯਾਤਰਾ ਦੇ ਅੰਦਾਜ਼ਨ ਇਨਸਾਨੀ ਦਿਨਾਂ ਦੇ ਅਧਾਰ ਉੱਤੇ ਪੇਸ਼ਗੀ ਭੁਗਤਾਨ ਕੀਤਾ ਜਾਂਦਾ ਹੈ। ਉੱਤੇ ਦਿੱਤੀਆਂ ਪਾਲਸੀਆਂ ਕੇਵਲ ਵਪਾਰਕ ਅਤੇ ਛੁੱਟੀਆਂ ਦੀਆਂ ਯਾਤਰਾਵਾਂ ਲਈ ਮਨਜ਼ੂਰ ਹੁੰਦੀਆਂ ਹਨ। ਪਹਿਲਾਂ ਮੌਜੂਦ ਬੀਮਾਰੀਆਂ ਨੂੰ ਵਿਦੇਸ਼ੀ ਮੈਡੀਕਲ/ ਯਾਤਰਾ ਬੀਮੇ ਵਿੱਚ ਅਲਹਿਦਾ ਰੱਖਿਆ ਜਾਂਦਾ ਹੈ।

## N. ਗਰੁੱਪ ਸਿਹਤ ਬੀਮਾ-ਸੁਰੱਖਿਆ

### 1. ਗਰੁੱਪ ਪਾਲਸੀ

ਜਿਵੇਂ ਕਿ ਪਾਠ ਵਿੱਚ ਪਹਿਲਾਂ ਦੀ ਦੱਸਿਆ ਗਿਆ ਹੈ ਕਿ ਗਰੁੱਪ ਪਾਲਸੀ ਨੂੰ ਗਰੁੱਪ ਮਾਲਕ, ਜੋ ਕਿ ਰੁਜ਼ਗਾਰ-ਦਾਤਾ, ਸੰਗਠਨ, ਬੈਂਕ ਦਾ ਕਰੈਡਿਟ ਕਾਰਡ ਵਿਭਾਗ, ਵਲੋਂ ਲਈ ਜਾਂਦੀ ਹੈ, ਜਿੱਥੇ ਕਿ ਇੱਕ ਇਕੱਲੀ ਪਾਲਸੀ ਗਰੁੱਪ ਦੇ ਸਾਰੇ ਮੈਂਬਰਾਂ ਨੂੰ ਸੁਰੱਖਿਆ ਦਿੰਦੀ ਹੈ। ਇਹ ਪਾਲਸੀਆਂ ਅਕਸਰ ਹਰ ਸਾਲ ਨਵਿਆਉਣ ਵਾਲੇ ਇਕਰਾਰ ਹੁੰਦੇ ਹਨ।

ਗਰੁੱਪ ਪਾਲਸੀਆਂ ਦੇ ਫੀਚਰ - ਹਸਪਤਾਲ ਵਿੱਚ ਭਰਤੀ ਹੋਣ ਦਾ ਫਾਇਦਾ ਸੁਰੱਖਿਆ

1. ਬੀਮਾ-ਸੁਰੱਖਿਆ ਦੀ ਪਹੁੰਚ

   ਗਰੁੱਪ ਸਿਹਤ ਬੀਮੇ ਦੀ ਸਭ ਤੋਂ ਆਮ ਰੂਪ ਰੁਜ਼ਗਾਰਦਾਤਾ ਵਲੋਂ ਮੁਲਾਜ਼ਮਾਂ ਤੇ ਉਹਨਾਂ ਦੇ ਪਰਿਵਾਰਾਂ, ਜਿਸ ਵਿੱਚ ਉਹਨਾਂ ਦੇ ਜੀਵਨ-ਸਾਥੀ, ਬੱਚੇ ਤੇ ਮਾਪੇ/ਸੁਹਰੇ ਸ਼ਾਮਿਲ ਹਨ, ਦੇ ਲਈ ਪਾਲਸੀ ਲੈਣੀ ਹੈ।

2. ਵਿਸ਼ੇਸ਼-ਮੰਤਵ ਲਈ ਸੁਰੱਖਿਆ

   ਗਰੁੱਪ ਪਾਲਸੀਆਂ ਗਰੁੱਪ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਖਾਸ-ਮੰਤਵ ਵਾਸਤੇ ਤਿਆਰ ਕੀਤੀ ਸੁਰੱਖਿਆ ਹੁੰਦੀ ਹੈ। ਇਸਕਰਕੇ ਗਰੁੱਪ ਪਾਲਸੀਆਂ ਵਿੱਚ, ਨਿੱਜੀ ਪਾਲਸੀ ਦੀਆਂ ਕਈ ਮਿਆਰੀ ਅਲਹਿਦਗੀਆਂ ਨੂੰ ਗਰੁੱਪ ਪਾਲਸੀ ਵਿੱਚ ਸੁਰੱਖਿਆ ਪ੍ਰਾਪਤ ਹੁੰਦੀ ਹੈ।

3. ਜਣੇਪਾ ਬੀਮਾ-ਸੁਰੱਖਿਆ

   ਗਰੁੱਪ ਪਾਲਸੀ ਵਿੱਚ ਸਭ ਤੋਂ ਆਮ ਵਾਧਾ ਜਣੇਪਾ ਸੁਰੱਖਿਆ ਹੁੰਦੀ ਹੈ। ਜਣੇਪਾ ਬੀਮਾ ਸੁਰੱਖਿਆ ਵਿੱਚ ਬੱਚੇ ਦੀ ਡਿਲਵਰੀ ਅਤੇ ਸੀ-ਭਾਗ ਡਿਲਵਰੀ ਦੇ ਲਈ ਹਸਪਤਾਲ ਵਿੱਚ ਭਰਤੀ ਹੋਣ ਦੇ ਖ਼ਰਚੇ ਦਿੱਤੇ ਜਾਂਦੇ ਹਨ। ਇਹ ਬੀਮਾ-ਸੁਰੱਖਿਆ ਅਕਸਰ ਪਰਿਵਾਰ ਦੀ ਕੁੱਲ ਬੀਮਾ ਕਰਵਾਈ ਰਕਮ ਵਿੱਚ ਕੁਝ ਹੱਦ ਤੱਕ ਸੀਮਿਤ ਹੁੰਦਾ ਹੈ।

4. ਬੱਚਾ ਬੀਮਾ-ਸੁਰੱਖਿਆ

ਬੱਚਿਆਂ ਨੂੰ ਪਹਿਲੇ ਦਿਨ ਤੋਂ ਸੁਰੱਖਿਆ ਦਿੱਤੀ ਜਾਂਦੀ ਹੈ, ਕਈ ਵਾਰ ਜਣੇਪਾ ਸੁਰੱਖਿਆ ਹੱਦ ਤੱਕ ਸੀਮਿਤ ਹੁੰਦੀ ਹੈ ਅਤੇ ਕਈ ਵਾਰ ਪਰਿਵਾਰ ਲਈ ਪੂਰੀ ਬੀਮਾ ਕਰਵਾਈ ਰਕਮ ਦੇ ਤੱਕ ਵਧਾਇਆ ਹੁੰਦਾ ਹੈ।

5. ਪਹਿਲਾਂ-ਮੌਜੂਦ ਬੀਮਾਰੀਆਂ ਲਈ ਸੁਰੱਖਿਆ, ਉਡੀਕ ਸਮਾਂ ਖਤਮ

ਅਕਸਰ ਕਈ ਆਮ ਅਲਹਿਦਗੀਆਂ, ਜਿਵੇਂ ਕਿ ਪਹਿਲਾਂ-ਮੌਜੂਦਾ ਬੀਮਾਰੀਆਂ ਅਲਹਿਦਗੀਆਂ, ਤੀਹ ਦਿਨਾਂ ਦੇ ਉਡੀਕ ਸਮੇਂ, ਦੋ ਸਾਲਾਂ ਦਾ ਉਡੀਕ ਸਮਾਂ, ਪੈਦਾਇਸ਼ੀ ਬੀਮਾਰੀਆਂ ਨੂੰ ਖਾਸ-ਮੰਤਵ ਗਰੁੱਪ ਪਾਲਸੀਆਂ ਅਧੀਨ ਛੋਟ ਦਿੱਤੀ ਜਾ ਸਕਦੀ ਹੈ।

6. ਪ੍ਰੀਮੀਅਮ ਕੱਢਣਾ

ਗਰੁੱਪ ਪਾਲਸੀ ਲਈ ਵਸੂਲੇ ਜਾਣ ਵਾਲੇ ਪ੍ਰੀਮੀਅਮ ਗਰੁੱਪ ਮੈਂਬਰਾਂ ਲਈ ਉਮਰ ਪਰੋਫਾਇਲ, ਗਰੁੱਪ ਦੇ ਆਕਾਰ ਅਤੇ ਖਾਸ ਤੌਰ ਉੱਤੇ ਗਰੁੱਪ ਦੇ ਦਾਅਵੇ ਤਜਰਬੇ ਦੇ ਅਧਾਰਿਤ ਉੱਤੇ ਹੁੰਦਾ ਹੈ।

7. ਗ਼ੈਰ-ਮਾਲਕ ਮੁਲਾਜ਼ਮ ਗਰੁੱਪ

ਭਾਰਤ ਵਿੱਚ, ਰੈਗੂਲੇਟਰੀ ਨੇ ਗਰੁੱਪ ਬੀਮਾ ਸੁਰੱਖਿਆ ਲੈਣ ਦੇ ਮਕਸਦ ਲਈ ਮੁੱਖ ਤੌਰ ਉੱਤੇ ਗਰੁੱਪ ਬਣਾਉਣ ਲਈ ਸਖ਼ਤ ਨਿਯਮ ਬਣਾਏ ਹਨ। ਜਦੋਂ ਗਰੁੱਪ ਪਾਲਸੀਆਂ ਰੁਜ਼ਗਾਰਦਾਤਾ ਤੋਂ ਬਿਨਾਂ ਕਿਸੇ ਹੋਰ ਨੂੰ ਦਿੱਤੀਆਂ ਜਾਂਦੀਆਂ ਹਨ ਤਾਂ ਗਰੁੱਪ ਮਾਲਕ ਤੇ ਇਸ ਦੇ ਮੈਂਬਰ ਵਿਚਾਲੇ ਸੰਬੰਧ ਦਾ ਪਤਾ ਲਗਾਉਣਾ ਬਹੁਤ ਮਹੱਤਵਪੂਰਨ ਹੈ।

ਉਦਾਹਰਨ

ਬੈਂਕ ਆਪਣੇ ਬੱਚਤ ਬੈਂਕ ਖਾਤਾ ਧਾਰਕਾਂ ਜਾਂ ਕਰੈਡਿਟ ਕਾਰਡ ਧਾਰਕਾਂ ਦਾ ਇੱਕਸਾਰ ਗਰੁੱਪ ਬਣਾ ਕੇ ਇੱਕ ਪਾਲਸੀ ਲੈਂਦੀ ਹੈ, ਜਿੱਥੇ ਕਿ ਵੱਡਾ ਗਰੁੱਪ ਖਾਸ ਤੌਰ ਉੱਤੇ ਉਹਨਾਂ ਦੀਆਂ ਲੋੜਾਂ ਮੁਤਾਬਕ ਤਿਆਰ ਕੀਤੀ ਪਾਲਸੀ ਤੋਂ ਫਾਇਦਾ ਲੈਂਦਾ ਹੈ।

8. ਕੀਮਤ

ਗਰੁੱਪ ਪਾਲਸੀਆਂ ਵਿੱਚ, ਗਰੁੱਪ ਦੇ ਆਕਾਰ ਅਤੇ ਗਰੁੱਪ ਦੇ ਦਾਅਵਾ ਤਜਰਬੇ ਮੁਤਾਬਕ ਪ੍ਰੀਮੀਅਮ ਉੱਤੇ ਛੋਟ ਦਾ ਨਿਯਮ ਹੁੰਦਾ ਹੈ।

2. ਕਾਰਪੋਰੇਟ ਬਫ਼ਰ ਜਾਂ ਫਲੋਟਰ ਸੁਰੱਖਿਆ

ਬਹੁਤੀਆਂ ਗਰੁੱਪ ਪਾਲਸੀਆਂ ਵਿੱਚ, ਹਰੇਕ ਪਰਿਵਾਰ ਨੂੰ ਤਹਿਸ਼ੁਦਾ ਬੀਮਾ ਰਕਮ ਲਈ ਸੁਰੱਖਿਆ ਪ੍ਰਾਪਤ ਹੁੰਦੀ ਹੈ, ਜੋ ਕਿ ਇੱਕ ਲੱਖ ਰੁਪਏ ਤੋਂ ਲੈ ਕੇ ਪੰਜ ਲੱਖ ਰੁਪਏ ਤੱਕ ਹੁੰਦੀ ਹੈ ਅਤੇ ਕਈ ਵਾਰ ਵੱਧ ਵੀ। ਕਈ ਵਾਰ ਹਾਲਾਤ ਪੈਦਾ

ਹੁੰਦੇ ਹਨ, ਜਿੱਥੇ ਪਰਿਵਾਰ ਲਈ ਬੀਮਾ ਕਰਵਾਈ ਰਕਮ ਖਤਮ ਹੋ ਜਾਂਦੀ ਹੈ, ਖਾਸ ਤੌਰ ਉੱਤੇ ਪਰਿਵਾਰ ਦੇ ਮੈਂਬਰ ਨੂੰ ਵੱਡੀ ਬੀਮਾਰੀ ਦੇ ਕੇਸ ਵਿੱਚ। ਇੰਝ ਦੇ ਹਾਲਤਾਂ ਵਿੱਚ ਜੇ ਇਸ ਲਈ ਬਫ਼ਰ ਸੁਰੱਖਿਆ ਚੁਣੀ ਜਾਵੇ ਤਾਂ ਰਾਹਤ ਦਿੰਦੀ ਹੈ, ਜਿੱਥੇ ਕਿ ਪਰਿਵਾਰਿਕ ਬੀਮਾ ਕਰਵਾਈ ਰਕਮ ਤੋਂ ਵੱਧ ਹੋਏ ਖ਼ਰਚ ਨੂੰ ਇਹ ਬਫ਼ਰ ਰਕਮ ਤੋਂ ਪੂਰਾ ਕੀਤਾ ਜਾਂਦਾ ਹੈ।

ਇੱਕ ਵਾਰ ਪਰਿਵਾਰ ਦੀ ਬੀਮਾ ਕਰਵਾਈ ਰਕਮ ਖਤਮ ਹੋਣ ਦੇ ਬਾਅਦ ਰਕਮ ਨੂੰ ਬਫ਼ਰ ਵਿੱਚੋਂ ਕਢਵਾਇਆ ਜਾਂਦਾ ਹੈ। ਪਰ ਇਹ ਸਹੂਲਤ ਕੇਵਲ ਵੱਡੀ ਬੀਮਾਰੀ / ਗੰਭੀਰ ਬੀਮਾਰੀ ਦੇ ਖ਼ਰਚੇ ਲਈ ਸੀਮਿਤ ਹੁੰਦੀ ਹੈ, ਜਦੋਂ ਕਿ ਇੱਕ ਵਾਰ ਹਸਪਤਾਲ ਵਿੱਚ ਭਰਤੀ ਹੋਣ ਨਾਲ ਬੀਮਾ ਕਰਵਾਈ ਰਕਮ ਖਤਮ ਹੋ ਜਾਂਦੀ ਹੈ।

## O. ਖਾਸ ਉਤਪਾਦ

### 1. ਬੀਮਾਰੀ ਬੀਮਾ-ਸੁਰੱਖਿਆ

ਹੁਣ ਦੇ ਸਾਲਾਂ ਵਿੱਚ, ਬੀਮਾਰੀ ਜਿਵੇਂ ਕਿ ਕੈਂਸਰ, ਡਾਇਬੇਟਿਜ਼, ਕੋਵਿਡ-19 ਲਈ ਖਾਸ ਬੀਮਾ-ਸੁਰੱਖਿਆ ਭਾਰਤੀ ਬਾਜ਼ਾਰ ਵਿੱਚ ਪੇਸ਼ ਕੀਤੀ ਗਈ ਹੈ। ਬੀਮਾ ਸੁਰੱਖਿਆ ਥੋੜ੍ਹਾ ਸਮਾਂ ਜਾਂ ਲੰਮਾ ਸਮਾਂ - 5 ਸਾਲਾਂ ਤੋਂ 20 ਸਾਲਾਂ ਅਤੇ ਨਰੋਈ ਸਿਹਤ ਫਾਇਦੇ ਵਿੱਚ ਸ਼ਾਮਿਲ ਹਨ - ਬੀਮਾਕਰਤਾ ਵਲੋਂ ਨਿਯਮਤ ਸਿਹਤ ਚੈਕਅੱਪ ਲਈ ਭੁਗਤਾਨ ਕੀਤਾ ਜਾਂਦਾ ਹੈ। ਪਾਲਸੀ ਦੇ ਦੂਜੇ ਸਾਲ ਤੋਂ ਪ੍ਰੀਮੀਅਮ ਨੂੰ ਘਟਾਉਣ ਦੇ ਲਈ ਇਹ ਕਾਰਨਾਂ ਜਿਵੇਂ ਕਿ ਬਲੱਡ ਗਲੂਕੋਜ਼, ਬਲੱਡ ਪ੍ਰੈਸ਼ਰ ਆਦਿ ਨੂੰ ਕੰਟਰੋਲ ਕਰਨ ਲਈ ਪ੍ਰੇਰਕ ਹਨ। ਦੂਜੇ ਪਾਸੇ, ਕੰਟਰੋਲ ਨਾ ਕਰ ਸਕਣ ਲਈ ਵੱਧ ਪ੍ਰੀਮੀਅਮ ਵਸੂਲਿਆਂ ਜਾਵੇਗਾ।

### 2. ਡਾਇਬੇਟੀਜ਼ ਵਾਲੇ ਵਿਅਕਤੀਆਂ ਨੂੰ ਸੁਰੱਖਿਆ ਲਈ ਤਿਆਰ ਕੀਤੀ ਉਤਪਾਦ

ਇਸ ਪਾਲਸੀ ਨੂੰ 26 ਤੋਂ 65 ਸਾਲਾਂ ਦੇ ਵਿਚਕਾਲੇ ਵਿਅਕਤੀ ਲੈ ਸਕਦੇ ਹਨ ਅਤੇ 70 ਸਾਲ ਤੱਕ ਨਵਿਆਇਆ ਜਾ ਸਕਦਾ ਹੈ। ਬੀਮਾ ਕਰਵਾਈ ਰਕਮ ਰੁ. 50,000 ਤੋਂ ਰੁ. 5,00,000 ਤੱਕ ਹੋ ਸਕਦੀ ਹੈ। ਕਮਰੇ ਦੇ ਕਿਰਾਏ ਲਈ ਹੱਦ ਲਾਗੂ ਹੁੰਦੀ ਹੈ। ਉਤਪਾਦ ਦਾ ਮਕਸਦ ਡਾਇਬੇਟਿਜ਼ ਨਾਲ ਹਸਪਤਾਲ ਵਿੱਚ ਭਰਤੀ ਹੋਣ ਦੀਆਂ ਜਟਿਲਤਾਵਾਂ ਜਿਵੇਂ ਕਿ ਡਾਇਬੇਟਿਜ਼ ਰਿਟੀਨੋਪੈਥੀ (ਅੱਖ), ਗੁਰਦਿਆਂ, ਡਾਇਬੇਟਿਜ਼ ਪੈਰ, ਗਰਦਾ ਟਰਾਂਸਪਲਾਂਟ ਜਿਸ ਵਿੱਚ ਦਾਨੀ ਦੇ ਖ਼ਰਚੇ ਵੀ ਸ਼ਾਮਿਲ ਹਨ, ਲਈ ਬੀਮਾ ਸੁਰੱਖਿਆ ਦੇਣਾ ਹੈ।

## ਆਪਣੇ ਆਪ ਨੂੰ ਪਰਖੋ 1

ਹਾਲਾਂਕਿ ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਦੇ ਖ਼ਰਚਿਆਂ ਲਈ ਬੀਮਾ ਸੁਰੱਖਿਆ ਦਾ ਸਮਾਂ ਬੀਮਾਕਰਤਾ ਦੇ ਮੁਤਾਬਕ ਵੱਖ-ਵੱਖ ਹੋਵੇਗਾ ਅਤੇ ਪਾਲਸੀ ਵਿੱਚ ਦਿੱਤਾ ਹੁੰਦਾ ਹੈ, ਆਮ ਤੌਰ ਉੱਤੇ ਬੀਮਾ-ਸੁਰੱਖਿਆ ਹਸਪਤਾਲ ਵਿੱਚ ਭਰਤੀ ਹੋਣ ਤੋਂ ______ ਪਹਿਲਾਂ ਵਿੱਚ ਹੁੰਦੀ ਹੈ।

I. ਪੰਦਰਾਂ ਦਿਨ

II. ਤੀਹ ਦਿਨ

III. ਪੰਜਤਾਲੀ ਦਿਨ

IV. ਸੱਠ ਦਿਨ

---

**ਸਿਹਤ ਬੀਮਾ ਪਾਲਸੀਆਂ ਵਿੱਚ ਮੁੱਖ ਸ਼ਬਦ (ਸਾਰੇ ਸ਼ਬਦ ਨੂੰ 22.07.2020 ਤਾਰੀਖ ਦੇ ਸਿਹਤ ਬੀਮਾ ਉਤਪਾਦ ਉੱਤੇ ਮਿਆਰੀ ਬਾਰੇ IRDAI ਮਾਸਟਰ ਸਰਕੂਲਰ ਵਿੱਚ ਪਰਿਭਾਸ਼ਿਤ ਕੀਤੇ ਹਨ)**

1. ਨੈੱਟਵਰਕ ਪੂਰਕ

ਨੈਟਵਰਕ ਪੂਰਕ ਦਾ ਭਾਵ ਹਸਪਤਾਲ/ਨਰਸਿੰਗ ਹੋਮ/ਡੇ ਕੇਅਰ ਸੈਂਟਰ ਤੋਂ ਹੈ, ਜੋ ਕਿ ਬੀਮਾ ਕਰਵਾਉਣ ਵਾਲੇ ਮਰੀਜ਼ਾਂ ਦੇ ਇਲਾਜ ਲਈ ਨਕਦੀ ਰਹਿਤ ਸਹੂਲਤ ਬੀਮਾਕਰਤਾ/ਟੀਪੀਏ ਨਾਲ ਜੁੜ ਕੇ ਦਿੰਦਾ ਹੈ। ਮਰੀਜ਼ ਨੈਟਵਰਕ ਤੋਂ ਬਿਨਾਂ ਵਾਲੇ ਪੂਰਕਾਂ ਕੋਲ ਵੀ ਜਾ ਸਕਦੇ ਹਨ, ਪਰ ਅਕਸਰ ਉਹਨਾਂ ਤੋਂ ਵੱਧ ਫੀਸਾਂ ਵਸੂਲੀਆਂ ਜਾਂਦੀਆਂ ਹਨ।

2. ਤਰਜੀਹੀ ਪੂਰਕ ਨੈਟਵਰਕ (PPN)

ਬੀਮਾਕਰਤਾ ਕੋਲ ਹਸਪਤਾਲਾਂ ਦਾ ਤਰਜੀਹੀ ਨੈਟਵਰਕ ਬਣਾਉਣ ਦੀ ਚੋਣ ਹੁੰਦੀ ਹੈ ਤਾਂ ਕਿ ਚੰਗੇ ਇਲਾਜ ਤੇ ਵਧੀਆ ਕੀਮਤਾਂ ਨੂੰ ਯਕੀਨੀ ਬਣਾਇਆ ਜਾ ਸਕੇ। ਜਦੋਂ ਇਹ ਗਰੁੱਪ ਨੂੰ ਤਜਰਬੇ, ਸਹੂਲਤਾਂ ਤੇ ਦੇਖਭਾਲ ਕਰਨ ਦੇ ਖ਼ਰਚੇ ਦੇ ਮੁਤਾਬਕ ਬੀਮਾਕਰਤਾ ਵਲੋਂ ਕੁਝ ਨੂੰ ਚੁਣਨ ਲਈ ਸੀਮਿਤ ਹੋਵੇ ਤਾਂ ਤਰਜੀਹੀ ਪੂਰਕ ਨੈਟਵਰਕ ਬਣਦਾ ਹੈ।

3. ਨਕਦੀ-ਰਹਿਤ ਸੇਵਾ

ਨਕਦ ਰਹਿਤ ਸੇਵਾ ਨਾਲ ਬੀਮਤ ਕੋਲ ਹਸਪਤਾਲਾਂ ਨੂੰ ਕੋਈ ਵੀ ਭੁਗਤਾਨ ਕੀਤੇ ਬਗੈਰ ਸੁਰੱਖਿਆ ਦੀ ਹੱਦ ਤੱਕ ਇਲਾਜ ਕਰਵਾਉਣ ਦੀ ਸਹੂਲਤ ਹੁੰਦੀ ਹੈ। ਬੀਮਤ ਨੂੰ ਬੱਸ ਨੈਟਵਰਕ ਹਸਪਤਾਲ ਵਿੱਚ ਜਾਣਾ ਹੁੰਦਾ ਹੈ ਅਤੇ ਬੀਮੇ ਦੇ ਸਬੂਤ ਦਾ ਆਪਣਾ ਮੈਡੀਕਲ ਕਾਰਡ ਦੇਣਾ ਹੁੰਦਾ ਹੈ। ਬੀਮਾਕਰਤਾ ਸਿਹਤ ਸੇਵਾ ਲਈ ਨਕਦੀ-ਰਹਿਤ ਪਹੁੰਚ ਦੀ ਸਹੂਲਤ ਦਿੰਦਾ ਹੈ ਅਤੇ ਮੰਨਣਯੋਗ ਰਕਮ ਵਾਸਤੇ ਨੈਟਵਰਕ ਪੂਰਕ ਨੂੰ ਸਿੱਧਾ ਭੁਗਤਾਨ ਕਰਦਾ ਹੈ। ਪਰ, ਬੀਮਤ ਨੂੰ ਪਾਲਸੀ ਦੀ ਹੱਦ ਤੋਂ ਵੱਧ ਹੋਏ ਖ਼ਰਚ ਅਤੇ ਉਹਨਾਂ ਖ਼ਰਚਿਆਂ, ਜੋ ਕਿ ਪਾਲਸੀ ਸ਼ਰਤਾਂ ਤਹਿਤ ਦੇਣਯੋਗ ਨਹੀਂ ਹਨ, ਲਈ ਭੁਗਤਾਨ ਕਰਨਾ ਪੈਂਦਾ ਹੈ।

4. ਤੀਜੀ ਧਿਰ ਪ੍ਰਸ਼ਾਸ਼ਕ (TPA)

ਸਿਹਤ ਬੀਮੇ ਦੇ ਖੇਤਰ ਵਿੱਚ ਵੱਡੀ ਤਰੱਕੀ ਤੀਜੀ ਧਿਰ ਪ੍ਰਸ਼ਾਸ਼ਕ ਜਾਂ ਟੀਪੀਏ ਦੇ ਆਉਣ ਨਾਲ ਹੋਈ ਹੈ। ਸੰਸਾਰ ਵਿੱਚ ਕਈ ਬੀਮਾਕਰਤਾ ਸਿਹਤ ਬੀਮਾ ਦਾਅਵਿਆਂ ਦੇ ਪਰਬੰਧ ਲਈ ਆਜ਼ਾਦ ਸੰਗਠਨਾਂ ਦੀਆਂ ਸੇਵਾਵਾਂ ਲੈਂਦੀਆਂ ਹਨ। ਇਹਨਾਂ ਏਜੰਸੀਆਂ ਨੂੰ ਟੀਪੀਏ (TPA) ਵਜੋਂ ਜਾਣਿਆ ਜਾਂਦਾ ਹੈ। ਭਾਰਤ ਵਿੱਚ, ਟੀਪੀਏ ਨੂੰ ਬੀਮਾਕਰਤਾ ਵਲੋਂ ਸਿਹਤ ਸੇਵਾਵਾਂ ਦੇ ਪਰਬੰਧ ਲਈ ਜੋੜਿਆ ਜਾਂਦਾ ਹੈ, ਜਿਸ ਵਿੱਚ ਹੋਰ ਚੀਜ਼ਾਂ ਦੇ ਵਿੱਚ ਸ਼ਾਮਿਲ ਹਨ:

i. ਪਾਲਸੀਧਾਰਕ ਨੂੰ ਪਛਾਣ ਪੱਤਰ ਜਾਰੀ ਕਰਨੇ, ਜਿਹਨਾਂ ਨੂੰ ਉਸ ਦੀ ਬੀਮਾ ਪਾਲਸੀ ਦੇ ਸਬੂਤ ਵਜੋਂ ਵਰਤਿਆ ਜਾਂਦਾ ਹੈ ਅਤੇ ਹਸਪਤਾਲ ਵਿੱਚ ਭਰਤੀ ਹੋਣ ਲਈ ਵਰਤਿਆ ਜਾ ਸਕਦਾ ਹੈ।

ii. ਨੈਟਵਰਕ ਹਸਪਤਾਲਾਂ ਵਿੱਚ ਨਕਦੀ-ਰਹਿਤ ਸੇਵਾ ਦੇਣੀ

iii. ਦਾਅਵਿਆਂ ਦੀ ਕਾਰਵਾਈ

ਟੀਪੀਏ ਸੇਵਾ ਸਿਹਤ ਪਾਲਸੀਧਾਰਕਾਂ ਨੂੰ ਹਸਪਤਾਲ ਵਿੱਚ ਭਰਤੀ ਹੋਣ ਲਈ ਵਿਲੱਖਣ ਪਛਾਣ ਪੱਤਰ ਜਾਰੀ ਕਰਨ ਤੋਂ ਲੈ ਕੇ ਦਾਅਵਿਆਂ ਦੇ ਜਾਂ ਤਾਂ ਨਕਦੀ-ਰਹਿਤ ਜਾਂ ਧਨ-ਵਾਪਸੀ ਦੇ ਰੂਪ ਵਿੱਚ ਨਿਪਟਾਰੇ ਤੱਕ ਦਿੱਤੀ ਜਾਂਦੀ ਹੈ। ਤੀਜੀ ਧਿਰ ਪ੍ਰਸ਼ਾਸ਼ਕ ਹਸਪਤਾਲਾਂ ਜਾਂ ਸਿਹਤ ਸੇਵਾ ਪੂਰਕਾਂ ਨਾਲ MOU ਬਣਾਉਂਦੇ ਹਨ ਅਤੇ ਯਕੀਨੀ ਬਣਾਉਂਦੇ ਹਨ ਕਿ ਨੈਟਵਰਕ ਵਾਲੇ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਵਾਲੇ ਵਿਅਕਤੀਆਂ ਨੂੰ ਨਕਦੀ-ਰਹਿਤ ਸੇਵਾ ਦਿੱਤੀ ਜਾਂਦੀ ਹੈ। ਉਹ ਬੀਮਾਕਰਤਾ ਅਤੇ ਬੀਮਤ ਵਿਚਾਲੇ ਵਿਚੋਲੇ ਹਨ, ਜੋ ਕਿ ਹਸਪਤਾਲਾਂ ਨਾਲ ਤਾਲਮੇਲ ਕਰਦੇ ਹਨ ਅਤੇ ਸਿਹਤ ਦਾਅਵਿਆਂ ਨੂੰ ਪੂਰਾ ਕਰਦੇ ਹਨ।

5. ਹਸਪਤਾਲ

ਹਸਪਤਾਲ ਦਾ ਭਾਵ ਦਾਖਲ-ਮਰੀਜ਼ ਦੇਖਭਾਲ ਅਤੇ ਬੀਮਾਰੀ ਅਤੇ/ ਜਾਂ ਸੱਟਾਂ ਦੇ ਇਲਾਜ ਲਈ ਰੋਜ਼ਾਨਾ ਦੇਖਭਾਲ ਇਲਾਜ ਲਈ ਬਣੀ ਅਤੇ ਜੋ ਕਿ ਲੋਕਲ ਅਧਿਕਾਰੀਆਂ ਕੋਲ ਹਸਪਤਾਲ ਵਜੋਂ ਰਜਿਸਟਰ, ਜਿੱਥੇ ਵੀ ਲਾਗੂ ਹੈ, ਹੁੰਦੇ ਹਨ ਅਤੇ ਰਜਿਸਟਰ ਅਤੇ ਯੋਗਤਾ ਪ੍ਰਾਪਤ ਮੈਡੀਕਲ ਪਟੀਸ਼ਨਰ ਦੀ ਨਿਗਰਾਨੀ ਅਧੀਨ ਹੁੰਦੇ ਹਨ ਅਤੇ ਹੇਠ ਦਿੱਤੀਆਂ ਸਭ ਘੱਟੋ-ਘੱਟ ਸ਼ਰਤਾਂ ਨੂੰ ਪੂਰਾ ਕਰਨ ਵਾਲੀ ਸੰਸਥਾ ਤੋਂ ਹੁੰਦਾ ਹੈ:

a) 10,00,000 ਤੋਂ ਘੱਟ ਆਬਾਦੀ ਵਾਲੇ ਕਸਬੇ ਵਿੱਚ ਮਰੀਜ਼ਾਂ ਲਈ ਘੱਟੋ-ਘੱਟ 10 ਬਿਸਤਰੇ ਅਤੇ ਹੋਰ ਥਾਵਾਂ ਉੱਤੇ 15 ਬਿਸਤਰੇ ਹੋਣ;

b) ਇਸ ਕੋਲ ਯੋਗਤਾ ਪ੍ਰਾਪਤ ਨਰਸਿੰਗ ਸਟਾਫ਼ ਨੌਕਰੀ ਉੱਤੇ ਚੌਵੀ ਘੰਟੇ ਹੋਵੇ;

c) ਪੂਰੇ ਸਮੇਂ ਯੋਗਤਾ ਪ੍ਰਾਪਤ ਮੈਡੀਕਲ ਪੇਸ਼ਾਵਰ (ਡਾਕਟਰ) ਹੋਵੇ;

d) ਪੂਰੀ ਤਰ੍ਹਾਂ ਚਾਲੂ ਓਪਰੇਸ਼ਨ ਥੀਏਟਰ ਆਪਣਾ ਹੋਵੇ, ਜਿੱਥੇ ਸਰਜੀਕਲ ਓਪਰੇਸ਼ਨ ਕੀਤੇ ਜਾਂਦੇ ਹੋਣ;

e) ਮਰੀਜ਼ਾਂ ਦਾ ਰੋਜ਼ਾਨਾ ਦਾ ਰਿਕਾਰਡ ਰੱਖਣਾ ਅਤੇ ਇਸ ਨੂੰ ਬੀਮਾ ਕੰਪਨੀ ਦੇ ਅਧਿਕਾਰੀਆਂ ਨੂੰ ਉਪਲੱਬਧ ਕਰਵਾਇਆ ਜਾਵੇਗਾ।

6. ਮੈਡਕੀਲ ਪ੍ਰੈਕਟੀਸ਼ਨਰ

ਮੈਡਕੀਲ ਪ੍ਰੈਕਟੀਸ਼ਨਰ ਅਜਿਹਾ ਵਿਅਕਤੀ ਹੁੰਦਾ ਹੈ, ਜਿਸ ਕੋਲ ਭਾਰਤ ਦੇ ਕਿਸੇ ਵੀ ਸੂਬੇ ਦੀ ਮੈਡੀਕਲ ਕਾਊਂਸਲ ਤੋਂ ਜਾਇਜ਼ ਰਜਿਸਟਰੇਸ਼ਨ ਹੁੰਦੀ ਹੈ ਅਤੇ ਇਸ ਨਾਲ ਉਹ ਉਸ ਦੇ ਅਧਿਕਾਰ ਖੇਤਰ ਵਿੱਚ ਮੈਡੀਸਨ ਨਾਲ ਪ੍ਰੈਕਟਿਸ ਕਰਨ ਦਾ ਹੱਕਦਾਰ ਹੁੰਦਾ ਅਤੇ ਆਪਣੇ ਲਾਇਸੈਂਸ ਦੇ ਮੰਤਵ ਅਤੇ ਅਧਿਕਾਰ ਖੇਤਰ ਵਿੱਚ ਕੰਮ ਕਰਦਾ ਹੈ। ਹਾਲਾਂਕਿ, ਬੀਮਾ ਕੰਪਨੀਆਂ ਇਹ ਪਾਬੰਦੀ ਲਗਾਉਣ ਲਈ ਸੁਤੰਤਰ ਹਨ ਕਿ ਰਜਿਸਟਰਡ ਪ੍ਰੈਕਟੀਸ਼ਨਰ ਬੀਮਾਯੁਕਤ ਜਾਂ ਕੋਈ ਨਜ਼ਦੀਕੀ ਪਰਿਵਾਰਕ ਮੈਂਬਰ ਨਹੀਂ ਹੋਣਾ ਚਾਹੀਦਾ ਹੈ । ਇਸ ਨੂੰ ਰਿਸ਼ਤੇਦਾਰਾਂ ਤੋਂ ਜਾਂ ਖੁਦ ਜਾਂ ਆਪਣੇ ਕਿਸੇ ਦੇ ਹਸਪਤਾਲ ਤੋਂ ਇਲਾਜ ਕਰਕੇ ਜਾਅਲੀ ਦਾਅਵਾ ਨਾ ਕਰਨ ਲਈ ਬਣਾਇਆ ਜਾਂਦਾ ਹੈ।

ਯੋਗਤਾ ਪ੍ਰਾਪਤ ਨਰਸ: ਯੋਗਤਾ ਪ੍ਰਾਪਤ ਨਰਸ ਦਾ ਭਾਵ ਉਸ ਵਿਅਕਤੀ ਤੋਂ ਹੈ, ਜਿਸ ਕੋਲ ਭਾਰਤੀ ਨਰਸਿੰਗ ਕਾਊਂਸਲ ਜਾਂ ਭਾਰਤ ਵਿੱਚ ਕਿਸੇ ਵੀ ਸੂਬੇ ਦੀ ਨਰਸਿੰਗ ਕਾਊਂਸਲ ਤੋਂ ਜਾਇਜ਼ ਰਜਿਸਟਰੇਸ਼ਨ ਹੋਵੇ।

7. ਵਾਜਬ ਅਤੇ ਜ਼ਰੂਰੀ ਖ਼ਰਚੇ

ਸਿਹਤ ਬੀਮਾ ਪਾਲਸੀ ਵਿੱਚ ਹਮੇਸ਼ਾ ਇਹ ਸ਼ਰਤ ਹੁੰਦੀ ਹੈ, ਕਿਉਂਕਿ ਪਾਲਸੀ ਖ਼ਰਚੇ ਲਈ ਮੁਆਵਜ਼ਾ ਦਿੰਦੀ ਹੈ, ਜੋ ਕਿ ਖਾਸ ਅਲਾਮਤ ਦੇ ਇਲਾਜ ਲਈ ਅਤੇ ਖਾਸ ਭੂਗੋਲਿਕ ਖੇਤਰ ਵਿੱਚ ਵਾਜਬ ਹੋਣੇ ਚਾਹੀਦੇ ਹਨ।

8. ਦਾਅਵੇ ਦਾ ਨੋਟਿਸ

ਹਰੇਕ ਬੀਮਾ ਪਾਲਸੀ ਦਾਅਵਾ ਸ਼ੁਰੂਆਤ ਤੁਰੰਤ ਕਰਨ ਅਤੇ ਦਸਤਾਵੇਜ਼ ਦੇਣ ਲਈ ਤਹਿਸ਼ੁਦਾ ਸਮਾਂ ਦਿੰਦੀ ਹੈ। ਸਿਹਤ ਬੀਮਾ ਪਾਲਸੀਆਂ ਵਿੱਚ, ਜਦੋਂ ਵੀ ਗਾਹਕ ਵਲੋਂ ਨਕਦੀ-ਰਹਿਤ ਸਹੂਲਤ ਦੀ ਮੰਗ ਹੋਵੇ, ਸ਼ੁਰੂਆਤ ਹਸਪਤਾਲ ਵਿੱਚ ਭਰਤੀ ਹੋਣ ਤੋਂ ਪਹਿਲਾਂ ਕਰਨੀ ਹੁੰਦੀ ਹੈ। ਪਰ ਧਨ-ਵਾਪਸੀ ਦਾਅਵੇ ਦੇ ਕੇਸਾਂ ਵਿੱਚ ਦਾਅਵਾ ਦਸਤਾਵੇਜ਼ਾਂ ਨੂੰ ਦੇਣ ਦਾ ਸਮਾਂ ਆਮ ਤੌਰ ਉੱਤੇ ਛੁੱਟੀ ਮਿਲਣ ਦੀ ਮਿਤੀ ਤੋਂ 15 ਦਿਨਾਂ ਵਿੱਚ ਹੁੰਦਾ ਹੈ।

9. ਮੁਫ਼ਤ ਸਿਹਤ ਜਾਂਚ

ਨਿੱਜੀ ਸਿਹਤ ਪਾਲਸੀਆਂ ਵਿੱਚ, ਦਾਅਵਾ ਮੁਕਤ ਪਾਲਸੀਧਾਰਕਾਂ ਨੂੰ ਆਮ ਤੌਰ ਉੱਤੇ ਕਿਸੇ ਕਿਸਮ ਦਾ ਫਾਇਦਾ ਦੇਣ ਦਾ ਪ੍ਰਬੰਧ ਹੁੰਦਾ ਹੈ। ਕਈ ਪਾਲਸੀਆਂ ਲਗਾਤਾਰ ਚਾਰ ਦਾਅਵਾ ਮੁਕਤ ਪਾਲਸੀ ਅੰਤਰਾਲਾਂ ਦੇ ਬਾਅਦ ਸਿਹਤ ਜਾਂਚ ਦੇ ਖ਼ਰਚ ਨੂੰ ਵਾਪਿਸ ਕਰਦੀਆਂ ਹਨ।

10. ਇਕੱਤਰੀਕਰਨ ਬੋਨਸ

ਇਕੱਤਰੀਕਰਨ ਬੋਨਸ ਹਰ ਸਾਲ ਬਿਨਾਂ ਦਾਅਵੇ ਲਈ ਬੀਮਾ ਕਰਵਾਈ ਰਕਮ ਉੱਤੇ ਦਿੱਤਾ ਜਾਂਦਾ ਹੈ। ਇਸ ਦਾ ਅਰਥ ਹੈ ਕਿ ਬੀਮਾ ਕਰਵਾਈ ਰਕਮ ਹਰ ਵਾਰ ਨਵਿਆਉਣ ਉੱਤੇ 5% ਦੀ ਸਥਿਰ ਦਰ ਨਾਲ ਸਾਲਨਾ ਵੱਧਦੀ ਹੈ ਅਤੇ ਦਸ ਦਾਅਵਾ-ਮੁਕਤ ਨਵਿਆਉਣ ਦੇ ਵੱਧ ਤੋਂ ਵੱਧ 50% ਤੱਕ ਮਨਜ਼ੂਰ ਹੈ। ਇਸ ਤੋਂ ਬਿਨਾਂ ਜੇ ਦਾਅਵੇ ਨੂੰ ਕਿਸੇ ਖਾਸ ਸਾਲ ਵਿੱਚ ਕੀਤਾ ਜਾਂਦਾ ਹੈ ਤਾਂ ਸੰਚਿਤ ਬੋਨਸ ਨੂੰ ਜ਼ਮ੍ਹਾਂ ਹੋਣ ਵਾਲੀ ਦਰ ਦੇ ਮੁਤਾਬਕ ਹੀ ਘਟਾਇਆ ਜਾ ਸਕਦਾ ਹੈ।

| ਉਦਾਹਰਨ |
|---|

ਵਿਅਕਤੀ ਨੇ 3 ਲੱਖ ਰੁਪਏ ਦੀ ਪਾਲਸੀ ਲਈ, ਜਿਸ ਦਾ ਪ੍ਰੀਮੀਅਮ 5,000 ਰੁਪਏ। ਹੈ। ਦੂਜੇ ਸਾਲ ਵਿੱਚ, ਪਹਿਲੇ ਸਾਲ ਵਿੱਚ ਕੋਈ ਦਾਅਵਾ ਨਾ ਹੋਣ ਦੀ ਸਥਿਤੀ ਵਿੱਚ, ਉਸਨੂੰ 3.15 ਲੱਖ ਰੁਪਏ (ਪਿਛਲੇ ਸਾਲ ਨਾਲੋਂ 5% ਵੱਧ) ਦੇ ਉਸੇ ਪ੍ਰੀਮੀਅਮ 'ਤੇ ਬੀਮੇ ਦੀ ਰਕਮ ਮਿਲਦੀ ਹੈ। ਉਸ ਨੂੰ ਦਸ ਸਾਲ ਬਿਨਾਂ ਦਾਅਵਾ ਨਵਿਆਉਣ ਉੱਤੇ 4.5 ਲੱਖ ਰੁਪਏ ਦੀ ਸੁਰੱਖਿਆ ਪ੍ਰਾਪਤ ਹੋ ਸਕਦੀ ਹੈ।

11. ਮਲੁਸ/ਬੋਨਸ

ਦਾਅਵਾ ਮੁਕਤ ਸਿਹਤ ਪਾਲਸੀ ਰੱਖਣ ਲਈ ਫਾਇਦਾ ਦੇਣ ਦੇ ਉਲਟ ਨੂੰ ਮਲੁਸ ਕਹਿੰਦੇ ਹਨ। ਇੱਥੇ ਜੇ ਪਾਲਸੀ ਦੇ ਅਧੀਨ ਬਹੁਤ ਵੱਧ ਦਾਅਵੇ ਕੀਤੇ ਜਾਂਦੇ ਹਨ ਤਾਂ ਮਲੁਸ ਜਾਂ ਪ੍ਰੀਮੀਅਮ ਲੋਡਿੰਗ ਨੂੰ ਨਵਿਆਉਣ ਉੱਤੇ ਵਸੂਲਿਆ ਜਾਂਦਾ ਹੈ। ਪਰ, ਗਰੁੱਪ ਪਾਲਸੀਆਂ ਦੇ ਕੇਸ ਵਿੱਚ, ਮਲੁਸ ਨੂੰ ਦਾਅਵਾ ਅਨੁਪਾਤ ਨੂੰ ਢੁੱਕਵੀਆਂ ਹੱਦਾਂ ਵਿੱਚ ਰੱਖਣ ਲਈ ਪੂਰੇ ਪ੍ਰੀਮੀਅਮ ਲਈ ਲੋਡਿੰਗ ਦੇ ਢੰਗ ਨਾਲ ਵਸੂਲਿਆ ਜਾਂਦਾ ਹੈ।

12. ਕੋਈ ਦਾਅਵਾ ਨਹੀਂ ਛੋਟ

ਕੁਝ ਉਤਪਾਦ ਬੀਮਾ ਕਰਵਾਈ ਰਕਮ ਉੱਤੇ ਬੋਨਸ ਦੀ ਬਜਾਏ ਪ੍ਰੀਮੀਅਮ ਉੱਤੇ ਛੋਟ ਦਿੰਦੇ ਹਨ

13. ਕਮਰਾ ਕਿਰਾਇਆ ਪਾਬੰਦੀਆਂ

ਕੁਝ ਸਿਹਤ ਪਲਾਨਾਂ ਵਿੱਚ ਕਮਰੇ ਦੇ ਵਰਗਾਂ ਉੱਤੇ ਪਾਬੰਦੀ ਲਾਈ ਹੁੰਦੀ ਹੈ, ਜੋ ਕਿ ਬੀਮਤ ਬੀਮਾ ਕਰਵਾਈ ਰਕਮ ਦੇ ਮੁਤਾਬਕ ਚੁਣ ਸਕਦਾ ਹੈ। ਇਸਕਰਕੇ ਇੱਕ ਲੱਖ ਰੁਪਏ ਦਾ ਬੀਮਾ ਕਰਵਾਉਣ ਵਾਲਾ ਵਿਅਕਤੀ ਹਰ ਦਿਨ ਦੇ 1,000 ਰੁਪਏ ਪ੍ਰਤੀ ਦਿਨ ਦੇ ਕਿਰਾਏ ਵਾਲੇ ਕਮਰੇ ਦਾ ਹੱਕਦਾਰ ਹੋਵੇਗਾ, ਜੇ ਪਾਸਲੀ ਵਿੱਚ ਕਮਰੇ ਦੇ ਕਿਰਾਏ ਦੀ ਪਾਬੰਦੀ ਹਰੇਕ ਦਿਨ ਲਈ ਬੀਮਾ ਕਰਵਾਈ ਰਕਮ ਦੇ 1% ਤੱਕ ਹੈ।

14. ਨਵਿਆਉਣਯੋਗਤਾ ਸ਼ਰਤ

ਸਿਹਤ ਬੀਮਾ ਪਾਲੀਸਆਂ ਦੇ ਨਵਿਆਉਣ ਉੱਤੇ IRDA ਸੋਧਾਂ ਨੇ ਸਿਹਤ ਪਾਲਸੀਆਂ ਨੂੰ ਜੀਵਨ ਭਰ ਨਵਿਆਉਣ ਦੀ ਗਾਰੰਟੀ ਨਾਲ ਜ਼ਰੂਰੀ ਬਣਾ ਦਿੱਤਾ ਹੈ, ਸਿਰਫ਼ ਧੋਖੇ ਅਤੇ ਗਲਤ ਜਾਣਕਾਰੀ ਹੋਣ ਦੇ ਹਾਲਤ ਤੋਂ ਬਿਨਾਂ। IRDAI ਸਿਹਤ ਬੀਮਾ) ਰੈਗੂਲੇਸ਼ਨ 2016 ਦੇ ਵਿਧਾਨਾਂ ਦੇ ਮੁਤਾਬਕ, ਜਦੋਂ ਸਿਹਤ ਬੀਮਾ ਪਾਲਸੀ (ਨਿੱਜੀ ਹਾਦਸਾ ਅਤੇ ਯਾਤਰਾ ਪਾਲਸੀਆਂ ਨੂੰ ਛੱਡ ਕੇ) ਦੇ ਸੰਬੰਧ ਵਿੱਚ ਪੇਸ਼ਕਸ਼ ਨੂੰ ਮਨਜ਼ੂਰ ਕੀਤਾ ਜਾਂਦਾ ਹੈ ਅਤੇ ਪਾਲਸੀ ਜਾਰੀ ਕੀਤੀ ਜਾਂਦੀ ਹੈ, ਜੋ ਕਿ ਬਾਅਦ ਵਿੱਚ ਬਿਨਾਂ ਰੁਕੇ ਨਵਿਆਈ ਜਾਂਦੀ ਹੈ, ਅਗਲੇ ਨਵਿਆਉਣ ਬੀਮਤ ਦੀ ਉਮਦ ਦੇ ਆਧਾਰ ਉੱਤੇ ਇਨਕਾਰ ਨਹੀਂ ਕੀਤੇ ਜਾਣੇ ਚਾਹੀਦੇ ਹਨ। ਇਸਕਰਕੇ ਸਿਹਤ ਬੀਮਾ ਪਾਲਸੀਆਂ ਉਮਰ ਭਰ ਲਈ ਨਵਿਆਉਣ ਯੋਗ ਹੁੰਦੀਆਂ ਹਨ।

15. ਰੱਦ ਕਰਨ ਸ਼ਰਤ

ਬੀਮਾ ਕੰਪਨੀ ਕਿਸੇ ਵੀ ਸਮੇਂ ਗਲਤ ਜਾਣਕਾਰੀ, ਧੋਖਾ ਦੇਣ ਅਤੇ ਜ਼ਰੂਰੀ ਤੱਥਾਂ ਨੂੰ ਨਾ-ਐਲਾਨਣ ਜਾਂ ਬੀਮਤ ਵਲੋਂ ਨਾ-ਸਹਿਯੋਗ ਕਰਨ ਉੱਤੇ ਪਾਲਸੀ ਨੂੰ ਕਿਸੇ ਵੀ ਸਮੇਂ ਰੱਦ ਕਰ ਸਕਦੀ ਹੈ।

ਜਦੋਂ ਬੀਮਾਕਰਤਾ ਵਲੋਂ ਪਾਲਸੀਆਂ ਰੱਦ ਕੀਤੀਆਂ ਜਾਂਦੀਆਂ ਹਨ ਤਾਂ ਬੀਮੇ ਦੇ ਨਾ-ਮਿਆਦ ਲੰਘੇ ਸਮੇਂ ਲਈ ਸੰਬੰਧਿਤ ਅਨੁਪਾਤ ਵਿੱਚ ਬੀਮਤ ਨੂੰ ਵਾਪਸ ਕੀਤਾ ਜਾਂਦਾ ਹੈ, ਜਦੋਂ ਤੱਕ ਕਿ ਪਾਲਸੀ ਦੇ ਅਧੀਨ ਕੋਈ ਦਾਅਵਾ ਲਈ ਭੁਗਤਾਨ ਨਾ ਕੀਤਾ ਗਿਆ ਹੋਵੇ। ਇਸ ਨੂੰ ਅਕਸਰ ਪ੍ਰੋ-ਰਾਟਾ ਦੇ ਆਧਾਰ ਉੱਤੇ ਹੁੰਦਾ ਹੈ।

ਜਦੋਂ ਬੀਮਤ ਵਲੋਂ ਸਾਲਨਾ ਪਾਲਸੀ ਨੂੰ ਰੱਦ ਕੀਤਾ ਜਾਂਦਾ ਹੈ ਤਾਂ ਬੀਮਤ ਪ੍ਰੋ-ਰਾਟਾ ਪ੍ਰੀਮੀਅਮ ਦੀ ਬਜਾਏ ਅਕਸਰ ਥੋੜ੍ਹਾ ਅੰਤਰਾਲ ਸਕੇਲ ਉੱਤੇ ਵੱਧ ਦਰ ਉੱਤੇ ਪ੍ਰੀਮੀਅਮ ਲਈ ਖ਼ਰਚਾ ਵਸੂਲਦਾ ਹੈ। ਇਹ ਬੀਮਾਕਰਤਾ ਲਈ ਉਲਟ-ਚੋਣ ਨੂੰ ਰੋਕੇਗਾ ਅਤੇ ਬੀਮਾਕਰਤਾ ਦੇ ਸ਼ੁਰੂਆਤੀ ਖ਼ਰਚੇ ਦਾ ਪ੍ਰਬੰਧ ਕਰੇਗਾ

16. ਨਵਿਆਉਣ ਲਈ ਗਰੇਸ ਸਮਾਂ

ਪਾਠ 4 ਵਿੱਚ ਦੱਸਿਆ ਹੈ ਕਿ ਛੋਟ ਸਮਾਂ ਪ੍ਰਬੰਧ ਪਾਲਸੀ ਨੂੰ ਛੋਟ ਸਮੇਂ ਦੇ ਦੌਰਾਨ ਵੀ ਚਾਲੂ ਰਹਿਣ ਦੇ ਸਮਰੱਥ ਕਰਦਾ ਹੈ, ਜੋ ਕਿ ਪ੍ਰੀਮੀਅਮ ਦੇ ਨਾ-ਭੁਗਤਾਨ ਨਾ ਹੋਣ ਕਰਕੇ ਲੈਪਸ ਹੋ ਸਕਦੀ ਹੈ।

ਛੋਟ (ਗਰੇਸ) ਸਮੇਂ ਦੇ ਸੰਬੰਧ ਵਿੱਚ ਉੱਤੇ ਦਿੱਤੀਆਂ ਸ਼ਰਤਾਂ, ਪਰਿਭਾਸ਼ਾਵਾਂ, ਅਲਹਿਦਗੀਆਂ ਵਿੱਚੋਂ ਬਹੁਤੀਆਂ ਨੂੰ IRDAI ਵਲੋਂ ਜਾਰੀ ਕੀਤੀਆਂ ਸਿਹਤ ਰੈਗੂਲੇਸ਼ਨ ਤੇ ਸਿਹਤ ਬੀਮਾ ਮਿਆਰੀਕਰਨ ਸੇਧਾਂ ਰਾਹੀਂ ਮਿਆਰੀ ਬਣਾਇਆ ਗਿਆ ਹੈ ਅਤੇ ਸਮੇਂ ਸਮੇਂ ਉੱਤੇ ਅੱਪਡੇਟ ਕੀਤਾ ਜਾਂਦਾ ਹੈ।

**ਆਪਣੇ ਆਪ ਨੂੰ ਪਰਖੋ 2**

IRDA ਸੇਧਾਂ ਦੇ ਮੁਤਾਬਕ, ਨਿੱਜੀ ਸਿਹਤ ਪਾਲਸੀਆਂ ਦੇ ਨਵਿਆਉਣ ਲਈ _______ ਦੀ ਛੋਟ ਹੁੰਦੀ ਹੈ।

I. ਪੰਦਰਾਂ ਦਿਨ

II. ਤੀਹ ਦਿਨ

III. ਪੰਜਤਾਲੀ ਦਿਨ

IV. ਸੱਠ ਦਿਨ

**ਸਵੈ ਜਾਂਚ ਦੇ ਜਵਾਬ**

ਜਵਾਬ 1- ਸਹੀ ਚੋਣ II ਹੈ।

ਜਵਾਬ 2- ਸਹੀ ਚੋਣ II ਹੈ।

# ਪਾਠ H-04

# ਸਿਹਤ ਬੀਮਾ ਅੰਡਰਰਾਈਟਿੰਗ

## ਪਾਠ ਜਾਣ-ਪਛਾਣ

ਇਸ ਪਾਠ ਦਾ ਮਕਸਦ ਸਿਹਤ ਬੀਮੇ ਵਿੱਚ ਅੰਡਰਰਾਈਟਿੰਗ ਬਾਰੇ ਵੇਰਵੇ ਸਮੇਤ ਜਾਣਕਾਰੀ ਦੇਣਾ ਹੈ। ਅੰਡਰਰਾਈਟਿੰਗ ਬੀਮੇ ਦੀ ਕਿਸੇ ਵੀ ਕਿਸਮ ਦੇ ਪੱਖ ਤੋਂ ਬਹੁਤ ਮਹੱਤਵਪੂਰਨ ਹੈ ਅਤੇ ਬੀਮਾ ਪਾਲਸੀ ਜਾਰੀ ਕਰਨ ਲਈ ਖਾਸ ਭੂਮਿਕਾ ਨਿਭਾਉਂਦਾ ਹੈ। ਇਸ ਪਾਠ ਵਿੱਚ, ਤੁਸੀਂ ਅੰਡਰਰਾਈਟਿੰਗ ਦੇ ਮੁੱਢਲੇ ਸਿਧਾਂਤ, ਟੂਲ, ਢੰਗਾਂ ਤੇ ਕਾਰਵਾਈ ਬਾਰੇ ਜਾਣਕਾਰੀ ਲਵੋਗੇ। ਇਹ ਤੁਹਾਨੂੰ ਗਰੁੱਪ ਸਿਹਤ ਬੀਮਾ ਅੰਡਰਰਾਈਟਿੰਗ ਬਾਰੇ ਜਾਣਕਾਰੀ ਦੇਵੇਗਾ।

## ਸਿੱਖਣ ਦੇ ਨਤੀਜੇ

A. ਅੰਡਰਰਾਈਟਰ ਕੀ ਹੈ?

B. ਅੰਡਰਰਾਈਟਿੰਗ - ਮੁੱਢਲੇ ਸਿਧਾਂਤ

C. IRDAI ਦੇ ਹੋਰ ਸਿਹਤ ਬੀਮਾ ਰੈਗੂਲੇਸ਼ਨ

D. ਸਿਹਤ ਬੀਮੇ ਨੂੰ ਪੋਰਟ ਕਰਨਾ

E. ਅੰਡਰਰਾਈਟਿੰਗ ਲਈ ਮੁੱਢਲੇ ਨਿਯਮ ਤੇ ਸਾਧਨ

F. ਅੰਡਰਰਾਈਟਿੰਗ ਕਾਰਵਾਈ

G. ਗਰੁੱਪ ਪੱਧਰ ਉੱਤੇ ਸਿਹਤ ਬੀਮਾ

H. ਵਿਦੇਸ਼ੀ ਯਾਤਰਾ ਬੀਮੇ ਲਈ ਅੰਡਰਰਾਈਟਿੰਗ

I. ਨਿੱਜੀ ਹਾਦਸੇ ਬੀਮੇ ਲਈ ਅੰਡਰਰਾਈਟਿੰਗ

ਇਹ ਪਾਠ ਪੜ੍ਹਨ ਦੇ ਬਾਅਦ, ਤੁਸੀਂ ਯੋਗ ਹੋਣੇ ਚਾਹੀਦੇ ਹੋ:

a) ਸਮਝਾਉਣਾ ਕਿ ਅੰਡਰਰਾਈਟਿੰਗ ਦਾ ਅਰਥ ਕੀ ਹੈ

b) ਅੰਡਰਰਾਈਟਿੰਗ ਦੇ ਮੁੱਢਲੇ ਸਿਧਾਂਤਾਂ ਬਾਰੇ ਵੇਰਵਾ ਦੇਣਾ

c) ਸਿਧਾਂਤਾਂ ਅਤੇ ਅੰਡਰਰਾਈਟਿੰਗ ਵਲੋਂ ਵਰਤੇ ਜਾਂਦੇ ਵੱਖ-ਵੱਖ ਟੂਲਾਂ ਬਾਰੇ ਸਮਝਾਉਣਾ

d) ਵੱਖ-ਵੱਖ ਸਿਹਤ ਪਾਲਸੀਆਂ ਨੂੰ ਅੰਡਰਰਾਈਟਿੰਗ ਦੀ ਪੂਰੀ ਕਾਰਵਾਈ ਦਾ ਮੁਲਾਂਕਣ ਕਰਨਾ

e) ਵਿਚਾਰ ਕਰਨਾ ਕਿ ਗਰੁੱਪ ਸਿਹਤ ਪਾਲਸੀਆਂ ਨੂੰ ਕਿਵੇਂ ਅੰਡਰਰਾਈਟ ਕੀਤਾ ਜਾਂਦਾ ਹੈ

## ਇਸ ਹਾਲਤ ਨੂੰ ਦੇਖੋ

48 ਸਾਲਾਂ ਦੇ ਮਨੀਸ਼, ਜੋ ਸਾਫਟਵੇਅਰ ਇੰਜਨੀਅਰ ਵਜੋਂ ਕੰਮ ਕਰਦਾ ਹੈ, ਨੇ ਆਪਣੇ ਲਈ ਸਿਹਤ ਬੀਮਾ ਪਾਲਸੀ ਲੈਣ ਦਾ ਫੈਸਲਾ ਕੀਤਾ ਹੈ। ਉਹ ਬੀਮਾ ਕੰਪਨੀ ਕੋਲ ਗਿਆ, ਜਿੱਥੇ ਉਹਨਾਂ ਨੇ ਉਸ ਨੂੰ ਪੇਸ਼ਕਸ਼ ਫਾਰਮ ਦਿੱਤਾ, ਜਿਸ ਵਿੱਚ ਉਸ ਨੂੰ ਉਸ ਦੀ ਸਰੀਰਿਕ ਬਣਤਰ ਅਤੇ ਸਿਹਤ, ਦਿਮਾਗੀ ਸਿਹਤ, ਪਹਿਲਾਂ-ਮੌਜੂਦ ਬੀਮਾਰੀਆਂ, ਉਸ ਦੇ ਪਰਿਵਾਰਿਕ ਸਿਹਤ ਅਤੀਤ, ਆਦਤਾਂ ਆਦਿ ਬਾਰੇ ਕਈ ਸਵਾਲਾਂ ਦੇ ਜਵਾਬ ਦੇਣੇ ਸਨ।

ਆਪਣਾ ਪੇਸ਼ਕਸ਼ ਫਾਰਮ ਪ੍ਰਾਪਤ ਕਰਨ ਦੇ ਬਾਅਦ, ਉਸ ਨੂੰ ਕਈ ਦਸਤਾਵੇਜ਼ ਵੀ ਦੇਣ ਦੀ ਲੋੜ ਸੀ, ਜਿਸ ਵਿੱਚ ਪਛਾਣ ਤੇ ਉਮਰ ਦੇ ਸਬੂਤ, ਸਿਰਨਾਵੇਂ ਦਾ ਸਬੂਤ ਅਤੇ ਪਿਛਲੇ ਮੈਡੀਕਲ ਰਿਕਾਰਡ ਸ਼ਾਮਿਲ ਹਨ। ਤਦ ਉਹਨਾਂ ਨੇ ਉਸ ਨੂੰ ਸਿਹਤ ਜਾਂਚ ਤੇ ਕੁਝ ਮੈਡੀਕਲ ਟੈਸਟ ਕਰਵਾਉਣ ਲਈ ਕਿਹਾ, ਜਿਸ ਨਾਲ ਉਹ ਨਿਰਾਸ਼ ਹੋ ਗਿਆ।

ਮਨੀਸ਼, ਜੋ ਕਿ ਖੁਦ ਨੂੰ ਸਿਹਤਮੰਦ ਵਿਅਕਤੀ ਮੰਨਦਾ ਸੀ ਅਤੇ ਚੰਗੀ ਆਮਦਨ ਸੀ, ਨੇ ਸੋਚਣਾ ਸ਼ੁਰੂ ਕੀਤਾ ਕਿ ਉਸ ਦੇ ਕੇਸ ਵਿੱਚ ਬੀਮਾ ਕੰਪਨੀ ਵਲੋਂ ਐਨੀ ਲੰਬੀ ਕਾਰਵਾਈ ਕਿਉਂ ਅਪਣਾਈ ਗਈ ਹੈ। ਇਹ ਸਭ ਕਰਨ ਦੇ ਬਾਅਦ ਵੀ ਬੀਮਾ ਕੰਪਨੀ ਨੇ ਉਸ ਨੂੰ ਦੱਸਿਆ ਕਿ ਉੱਚ ਕੈਸਟਰੋਲ ਅਤੇ ਉੱਚ ਬੀਪੀ ਦੀ ਰਿਪੋਰਟ ਉਸ ਦੇ ਮੈਡੀਕਲ ਟੈਸਟਾਂ ਵਿੱਚ ਆਈ ਹੈ, ਜਿਸ ਨਾਲ ਬਾਅਦ ਵਿੱਚ ਦਿਲ ਦੇ ਦੌਰੇ ਦਾ ਖ਼ਤਰਾ ਵੱਧਦਾ ਹੈ। ਹਾਲਾਂਕਿ ਉਹਨਾਂ ਨੇ ਉਸ ਨੂੰ ਪਾਲਸੀ ਦੇ ਦਿੱਤੀ, ਪਰ ਪ੍ਰੀਮੀਅਮ ਉਸ ਦੇ ਦੋਸਤ ਵਲੋਂ ਦਿੱਤੇ ਜਾ ਰਹੇ ਤੋਂ ਕਾਫ਼ੀ ਵੱਧ ਸੀ ਅਤੇ ਇਸਕਰਕੇ ਉਸ ਨੇ ਪਾਲਸੀ ਲੈਣ ਤੋਂ ਇਨਕਾਰ ਕਰ ਦਿੱਤਾ।

ਇੱਥੇ ਬੀਮਾ ਕੰਪਨੀ ਨੇ ਇਹ ਸਾਰੇ ਕਦਮ ਆਪਣੀ ਅੰਡਰਰਾਈਟਿੰਗ ਕਾਰਵਾਈ ਦੇ ਹਿੱਸੇ ਵਲੋਂ ਲਏ ਸਨ। ਜਦੋਂ ਵੀ ਜੋਖਮ ਸੁਰੱਖਿਆ ਦੇਣੀ ਹੋਵੇ ਤਾਂ ਬੀਮਾਕਰਤਾ ਨੂੰ ਠੀਕ ਢੰਗ ਨਾਲ ਜੋਖਮਾਂ ਦਾ ਮੁਲਾਂਕਣ ਕਰਨਾ ਚਾਹੀਦਾ ਹੈ ਅਤੇ ਵਾਜਬ ਫਾਇਦਾ ਲੈਣਾ ਚਾਹੀਦਾ ਹੈ। ਜੇ ਜੋਖਮ ਦਾ ਠੀਕ ਢੰਗ ਨਾਲ ਮੁਲਾਂਕਣ ਨਹੀਂ ਕੀਤਾ ਜਾਂਦਾ ਅਤੇ ਦਾਅਵਾ ਆ ਜਾਂਦਾ ਹੈ ਤਾਂ ਇਸ ਨਾਲ ਘਾਟਾ ਹੋਵੇਗਾ। ਇਸ ਤੋਂ ਇਲਾਵਾ ਬੀਮਾਕਰਤਾ ਸਭ ਬੀਮਾ ਕਰਵਾਉਣ ਵਾਲੇ ਵਿਅਕਤੀਆਂ ਦੇ ਤੌਰ ਉੱਤੇ ਪ੍ਰੀਮੀਅਮ ਲੈਂਦਾ ਹੈ ਅਤੇ ਉਸ ਨੂੰ ਇਹ ਧਨ ਨੂੰ ਭਰੋਸੇ ਦੇ ਵਜੋਂ ਵਰਤਣਾ ਹੁੰਦਾ ਹੈ।

## A. ਅੰਡਰਰਾਈਟਰ ਕੀ ਹੈ?

### 1. ਅੰਡਰਰਾਈਰਿੰਗ

ਬੀਮਾ ਕੰਪਨੀਆਂ ਲੋਕਾਂ ਦਾ ਬੀਮਾ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਜਿਹਨਾਂ ਤੋਂ ਉਹਨਾਂ ਨੂੰ ਬੀਮਾ ਪੂਲ ਵਿਚ ਲਿਆਉਣ ਵਾਲੇ ਜੋਖਮ ਦੇ ਅਨੁਪਾਤ ਵਿੱਚ ਢੁੱਕਵਾਂ ਪ੍ਰੀਮੀਅਮ ਦੇਣ ਦੀ ਉਮੀਦ ਕੀਤੀ ਜਾਂਦੀ ਹੈ। ਪੇਸ਼ਕਰਤਾ ਤੋਂ ਜਾਣਕਾਰੀ ਨੂੰ ਇਕੱਤਰ ਅਤੇ ਮੁਲਾਂਕਣ ਕਰਨ ਦੀ ਕਾਰਵਾਈ ਨੂੰ ਅੰਡਰਰਾਈਟਿੰਗ ਵਜੋਂ ਜਾਣਿਆ ਜਾਂਦਾ ਹੈ। ਇਹ ਕਾਰਵਾਈ ਰਾਹੀਂ ਇਕੱਤਰ ਕੀਤੀ ਜਾਣਕਾਰੀ ਦੇ ਅਧਾਰ ਉੱਤੇ, ਉਹ ਫੈਸਲਾ ਕਰਦੇ ਹਨ ਕਿ ਕੀ ਉਹ ਪੇਸ਼ਕਰਤਾ ਦਾ ਬੀਮਾ ਕਰਨਾ ਚਾਹੁੰਦੇ ਹਨ। ਜੇ ਉਹ ਇੰਝ ਕਰਦੇ ਹਨ ਤਾਂ ਕਿਸ ਪ੍ਰੀਮੀਅਮ, ਸ਼ਰਤਾਂ ਤੇ ਨਿਯਮਾਂ ਦੇ ਤਹਿਤ, ਜਿਸ ਨਾਲ ਅਜਿਹਾ ਜੋਖਮ ਲੈਣ ਨਾਲ ਵਾਜਬ ਫਾਇਦਾ ਹੋਵੇ।

**ਪਰਿਭਾਸ਼ਾ**

**ਅੰਡਰਰਾਈਟਰ ਢੁੱਕਵੇਂ ਰੂਪ ਵਿੱਚ ਜੋਖਮ ਦਾ ਮੁਲਾਂਕਣ ਕਰਨ ਅਤੇ ਸ਼ਰਤਾਂ, ਜਿਸ ਉੱਤੇ ਬੀਮਾ ਸੁਰੱਖਿਆ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ, ਦੇ ਬਾਰੇ ਫੈਸਲਾ ਕਰਨ ਦੀ ਕਾਰਵਾਈ ਹੈ। ਇਸਕਰਕੇ ਇਹ ਜੋਖਮ ਮੁਲਾਂਕਣ ਅਤੇ ਜੋਖਮ ਕੀਮਤ ਤੈਅ ਕਰਨ ਦੀ ਕਾਰਵਾਈ ਹੈ।**

---

**2. ਅੰਡਰਰਾਈਟਰ ਲਈ ਲੋੜ**

**ਅੰਡਰਰਾਈਟਿੰਗ ਬੀਮਾ ਕੰਪਨੀ ਦਾ ਮੂਲ ਅਧਾਰ ਹੈ, ਕਿਉਂਕਿ ਲਾਪਰਵਾਹੀ ਨਾਲ ਜੋਖਮ ਮਨਜ਼ੂਰ ਕਰਨ ਜਾਂ ਅਧੂਰੇ ਪ੍ਰੀਮੀਅਮ ਨਾਲ ਬੀਮਾਕਰਤਾ ਦੀ ਬਦਨਾਮੀ ਹੋ ਸਕਦੀ ਹੈ। ਦੂਜੇ ਪਾਸੇ ਬਹੁਤ ਵੱਧ ਚੁਣਨਯੋਗ ਜਾਂ ਧਿਆਨ ਰੱਖਣ ਨਾਲ ਬੀਮਾ ਕੰਪਨੀ ਕੋਲ ਵੱਡਾ ਪੂਲ ਨਹੀਂ ਬਣੇਗਾ ਕਿ ਜੋਖਮ ਨੂੰ ਇਕਸਾਰ ਵੰਡਿਆ ਜਾ ਸਕੇ। ਇਸਕਰਕੇ ਜੋਖਮ ਤੇ ਕਾਰੋਬਾਰ ਵਿਚਾਲੇ ਠੀਕ ਸੰਤੁਲਨ ਬਣਾਉਣਾ ਬਹੁਤ ਜ਼ਰੂਰੀ ਹੈ, ਜੋ ਕਿ ਮੁਕਾਬਲੇ ਵਿੱਚ ਵੀ ਹੋਵੇ ਤੇ ਸੰਗਠਨ ਲਈ ਫਾਇਦੇਮੰਦ ਵੀ ਰਹੇ।**

**ਸੰਤੁਲਨ ਦੀ ਇਹ ਪ੍ਰਕਿਰਿਆ ਅੰਡਰਰਾਈਟਰ ਦੁਆਰਾ ਸਬੰਧਤ ਬੀਮਾ ਕੰਪਨੀ ਦੇ ਫਲਸਫੇ, ਨੀਤੀਆਂ ਅਤੇ ਜੋਖਮ ਦੀ ਭੁੱਖ ਦੇ ਅਨੁਸਾਰ ਕੀਤੀ ਜਾਂਦੀ ਹੈ। ਹਾਲਾਂਕਿ ਉਮਰ ਬੀਮਾਰੀ ਦੇ ਨਾਲ ਨਾਲ ਮੌਤ ਦੀ ਸੰਭਾਵਨਾ ਨੂੰ ਪ੍ਰਭਾਵਿਤ ਕਰਦੀ, ਪਰ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਬੀਮਾਰੀ ਅਕਸਰ ਮੌਤ ਤੋਂ ਪਹਿਲਾਂ ਆਉਂਦੀ ਹੈ ਅਤੇ ਅਕਸਰ ਹੋ ਸਕਦੀ ਹੈ। ਇਸਕਰਕੇ ਇਹ ਤਰਕਪੂਰਨ ਹੈ ਕਿ ਸਿਹਤ ਬੀਮਾ-ਸੁਰੱਖਿਆ ਲਈ ਅੰਡਰਰਾਈਟਿੰਗ ਨਿਯਮ ਤੇ ਸੇਧਾਂ ਮੌਤ ਬੀਮਾ-ਸੁਰੱਖਿਆ ਨਾਲੋਂ ਵੱਧ ਸਖ਼ਤ ਹੋਣ।**

**3. ਅੰਡਰਰਾਈਟਿੰਗ - ਜੋਖਮ ਮੁਲਾਂਕਣ**

**ਸਿਹਤ ਬੀਮੇ ਵਿੱਚ, ਵੱਧ ਧਿਆਨ ਵਿੱਤੀ ਜਾਂ ਆਮਦਨ ਅਧਾਰਿਤ ਅੰਡਰਰਾਈਟਿੰਗ ਦੀ ਬਜਾਏ ਮੈਡੀਕਲ ਜਾਂ ਸਿਹਤ ਹਾਲਤ ਉੱਤੇ ਦਿੱਤਾ ਜਾਂਦਾ ਹੈ। ਪਰ, ਦੂਜੇ ਪੱਖ ਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ ਹੈ, ਕਿਉਂਕਿ ਬੀਮਾ ਕਰਨ ਯੋਗ ਹਿੱਤ ਹੈ ਅਤੇ ਵਿੱਤੀ ਅੰਡਰਰਾਈਟਿੰਗ ਕਿਸੇ ਵੀ ਉਲਟ ਪ੍ਰਭਾਵ ਨੂੰ ਖਤਮ ਕਰਨ ਲਈ ਮਹੱਤਵਪੂਰਨ ਹੈ ਅਤੇ ਸਿਹਤ ਬੀਮੇ ਦੀ ਨਿਰੰਤਰਤਾ ਨੂੰ ਯਕੀਨੀ ਬਣਾਉਂਦਾ ਹੈ।**

**ਉਦਾਹਰਨ**

**ਵਿਅਕਤੀ, ਜਿਸ ਨੂੰ ਡਾਇਬੇਟਿਜ਼ ਹੈ, ਨੂੰ ਦਿਲ ਜਾਂ ਗੁਰਦੇ ਦੀਆਂ ਜਟਿਲਤਾਵਾਂ ਪੈਦਾ ਹੋਣ ਦੀਆਂ ਸੰਭਾਵਨਾ ਦੇ ਕਾਰਨ ਹਸਪਤਾਲ ਵਿੱਚ ਭਰਤੀ ਹੋਣ ਦੀ ਸੰਭਾਵਨਾ ਮੌਤ ਤੋਂ ਕਿਤੇ ਵੱਧ ਹੈ ਅਤੇ ਸਿਹਤ ਸਮੱਸਿਆਵਾਂ ਬੀਮਾ ਸੁਰੱਖਿਆ ਦੇ ਦੌਰਾਨ ਕਈ ਵਾਰ ਹੋ ਸਕਦੀ ਹੈ। ਜੀਵਨ ਬੀਮਾ ਅੰਡਰਰਾਈਟਿੰਗ ਸੇਧਾਂ ਨੂੰ ਉਸ ਵਿਅਕਤੀ ਨੂੰ ਔਸਤ ਜੋਖਮ ਦੇ ਵਜੋਂ ਦਰਜਾ ਦੇਣਾ ਚਾਹੀਦਾ ਹੈ। ਪਰ, ਮੈਡੀਕਲ ਅੰਡਰਰਾਈਟਿੰਗ ਲਈ, ਉਸ ਨੂੰ ਵੱਧ ਜੋਖਮ ਦੇ ਤੌਰ ਉੱਤੇ ਦਰਜਾ ਦਿੱਤਾ ਜਾਵੇਗਾ।**

4. ਬੀਮਾਰੀ ਦੀ ਸੰਭਾਵਨਾ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨ

ਕਾਰਨ, ਜੋ ਕਿ ਰੋਗ-ਗ੍ਰਸਤਤਾ (ਬੀਮਾਰ ਹੋਣ ਦੀ ਦਰ) ਨੂੰ ਪ੍ਰਭਾਵਿਤ ਕਰਦੇ ਹਨ), ਨੂੰ ਜੋਖਮਾਂ ਦੇ ਮੁਲਾਂਕਣ ਕਰਨ ਦੇ ਦੌਰਾਨ ਧਿਆਨ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ, ਅੱਗੇ ਦਿੱਤੇ ਹਨ:

a) ਉਮਰ: ਪ੍ਰੀਮੀਅਮ ਨੂੰ ਉਮਰ ਤੇ ਜੋਖਮ ਦੇ ਦਰਜੇ ਮੁਤਾਬਕ ਵਸੂਲਿਆ ਜਾਂਦਾ ਹੈ। ਜਿਵੇਂ ਕਿ ਨਵਜਾਤਾਂ ਤੇ ਬੱਚਿਆਂ ਲਈ ਪ੍ਰੀਮੀਅਮ ਨੌਜਵਾਨਾਂ ਨਾਲੋਂ ਵੱਧ ਲਾਗ ਦੀਆਂ ਬੀਮਾਰੀਆਂ ਤੇ ਹਾਦਸਿਆਂ ਦੇ ਕਰਕੇ ਵੱਧ ਹੁੰਦਾ ਹੈ। ਇਸੇ ਤਰ੍ਹਾਂ 45 ਸਾਲਾਂ ਦੀ ਉਮਰ ਤੋਂ ਵੱਧ ਦੇ ਵਿਅਕਤੀਆਂ ਲਈ, ਪ੍ਰੀਮੀਅਮ ਵੱਧ ਹੁੰਦਾ ਹੈ, ਕਿਉਂਕਿ ਵਿਅਕਤੀ ਵਲੋਂ ਪੁਰਾਣੀਆਂ ਬੀਮਾਰੀਆਂ ਜਿਵੇਂ ਕਿ ਡਾਇਬੇਟੀਜ਼, ਅਚਾਨਕ ਦਿਲ ਦੀ ਬੀਮਾਰੀ ਜਾਂ ਹੋਰ ਰੋਗ ਲੱਗਣ ਦੀ ਸੰਭਾਵਨਾਵਾਂ ਬਹੁਤ ਵੱਧ ਜਾਂਦੀਆਂ ਹਨ।

b) ਲਿੰਗ: ਔਰਤਾਂ ਨੂੰ ਜਣੇਪੇ ਦੇ ਦੌਰਾਨ ਬੀਮਾ ਹੋਣ ਦਾ ਵਾਧੂ ਜੋਖਮ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ, ਆਦਮੀਆਂ ਨੂੰ ਔਰਤਾਂ ਨਾਲੋਂ ਦਿਲ ਦਾ ਦੌਰਾ ਪੈਣ ਜਾਂ ਨੌਕਰੀ ਦੇ ਨਾਲ ਸੰਬੰਧਿਤ ਹਾਦਸਿਆਂ ਦੀ ਸੰਭਾਵਨਾ ਵੱਧ ਹੁੰਦੀ ਹੈ, ਕਿਉਂਕਿ ਉਹ ਵੱਧ ਖ਼ਤਰਨਾਕ ਰੁਜ਼ਗਾਰਾਂ ਵਿੱਚ ਕੰਮ ਕਰਦੇ ਹਨ।

c) ਆਦਤਾਂ: ਕਿਸੇ ਵੀ ਰੂਪ ਵਿੱਚ ਤੰਬਾਕੂ, ਸ਼ਰਾਬਾਂ ਤੇ ਨਸ਼ਿਆਂ ਦੀ ਵਰਤੋਂ ਕਰਨ ਨਾਲ ਰੋਗ-ਗ੍ਰਸਤਤਾ ਜੋਖਮ ਵਿੱਚ ਸਿੱਧਾ ਵਾਧਾ ਹੁੰਦਾ ਹੈ।

d) ਰੁਜ਼ਗਾਰ: ਕੁਝ ਰੁਜ਼ਗਾਰਾਂ ਲਈ ਕੁਝ ਵਾਧੂ ਜੋਖਮ ਮੌਜੂਦ ਹੁੰਦੇ ਹਨ ਜਿਵੇਂ ਕਿ ਡਰਾਇਵਰ, ਬਲਾਸਟਰ, ਹਵਾਬਾਜ਼ ਆਦਿ। ਜਿਵੇਂ ਕਿ ਕੁਝ ਰੁਜ਼ਗਾਰਾਂ ਵਿੱਚ ਵੱਧ ਸਿਹਤ ਜੋਖਮ ਹੋ ਸਕਦੇ ਹਨ ਜਿਵੇਂ ਕਿ ਐਕਸ-ਰੇ ਮਸ਼ੀਨ ਓਪਰੇਟਰ, ਐਸਬੈਸਟਾਸ ਉਦਯੋਗਿਕ ਕਾਮਾ, ਖੁਦਾਈ ਕਰਨ ਵਾਲਾ ਮਜ਼ਦੂਰ ਆਦਿ।

e) ਪਰਿਵਾਰਿਕ ਅਤੀਤ: ਇਸ ਦਾ ਵੱਧ ਮਹੱਤਵ ਹੈ, ਕਿਉਂਕਿ ਖਾਨਦਾਨੀ ਲੱਛਣ ਕੁਝ ਬੀਮਾਰੀਆਂ ਜਿਵੇਂ ਕਿ ਦਮਾ, ਡਾਇਬੇਟੀਜ਼ ਤੇ ਕੁਝ ਕੈਂਸਰਾਂ ਦਾ ਕਾਰਨ ਹੁੰਦੇ ਹਨ। ਇਸ ਦਾ ਅਸਰ ਰੋਗ-ਗ੍ਰਸਸਤਾ ਉੱਤੇ ਪੈਂਦਾ ਹੈ ਅਤੇ ਜੋਖਮ ਮਨਜ਼ੂਰ ਕਰਨ ਦੇ ਦੌਰਾਨ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

f) ਬਣਤਰ: ਮਜ਼ਬੂਤ, ਪਤਲੇ ਜਾਂ ਔਸਤ ਬਣਤਰ ਨੂੰ ਵੀ ਕੁਝ ਸਮੂਹਾਂ ਵਿੱਚ ਰੋਗ-ਗ੍ਰਸਤਤਾ ਨਾਲ ਜੋੜਿਆ ਜਾ ਸਕਦਾ ਹੈ।

g) ਪੁਰਾਣੀ ਬੀਮਾਰੀ ਜਾਂ ਸਰਜਰੀ: ਇਹ ਪਤਾ ਲਗਾਉਂਣਾ ਹੁੰਦਾ ਹੈ ਕਿ ਕੀ ਪੁਰਾਣੀ ਬੀਮਾਰੀ ਦੇ ਕਰਕੇ ਸਰੀਰਿਕ ਕਮਜ਼ੋਰੀ ਵੱਧ ਸਕਦੀ ਹੈ ਜਾਂ ਦੁਬਾਰਾ ਹੋ ਸਕਦੀ ਹੈ ਤੇ ਉਸ ਮੁਤਾਬਕ ਪਾਲਸੀ ਸ਼ਰਤਾਂ ਬਾਰੇ ਫੈਸਲਾ ਕਰਨਾ ਚਾਹੀਦਾ ਹੈ। ਉਦਾਹਰਨ ਲਈ, ਗੁਰਦੇ ਦੀ ਪੱਥਰੀ ਦੁਬਾਰਾ ਹੋ ਸਕਦੀ ਹੈ ਅਤੇ ਇਸੇ ਤਰ੍ਹਾਂ ਇੱਕ ਅੱਖ ਵਿੱਚ ਮੋਤੀਆ-ਬਿੰਦ ਹੋਣ ਦੇ ਕਾਰਨ ਦੂਜੀ ਅੱਖ ਵਿੱਚ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

h) ਮੌਜੂਦਾ ਸਿਹਤ ਸਥਿਤੀ ਅਤੇ ਹੋਰ ਕਾਰਨ ਜਾਂ ਸ਼ਿਕਾਇਤਾਂ: ਜੋਖਮ ਤੇ ਅਨਿਸ਼ਚਿਤਤਾ ਦੀ ਹੱਦ ਦਾ ਪਤਾ ਲਗਾਉਣਾ ਖ਼ਾਸ ਤੌਰ ਉੱਤੇ ਮਹੱਤਵਪੂਰ ਹੈ ਅਤੇ ਇਸ ਨੂੰ ਢੁੱਕਵੇਂ ਐਲਾਨ ਤੇ ਡਾਕਟਰੀ ਜਾਂਚ ਰਾਹੀਂ ਪਤਾ ਕਿਤਾ ਜਾ ਸਕਦਾ ਹੈ।

i) ਮਾਹੌਲ ਤੇ ਰਹਾਇਸ਼: ਇਹਨਾਂ ਦਾ ਵੀ ਰੋਗ ਗ੍ਰਸਤਤਾ ਉੱਤੇ ਅਸਰ ਪੈਂਦਾ ਹੈ।

**ਸਿਹਤ ਬੀਮੇ ਵਿੱਚ ਨੈਤਿਕ ਖ਼ਤਰੇ ਨੂੰ ਸਮਝਣਾ**

ਉਮਰ, ਲਿੰਗ, ਆਦਤਾਂ ਵਰਗੇ ਕਾਰਨ ਸਿਹਤ ਜੋਖਮ ਦੇ ਸਰੀਰਿਕ ਖ਼ਤਰਿਆਂ ਨੂੰ ਦਰਸਾਉਂਦੇ ਹਨ, ਕੁਝ ਹੋਰ ਵੀ ਹਨ, ਜਿਹਨਾਂ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੁੰਦੀ ਹੈ। ਇਹ ਗਾਹਕ ਦਾ ਨੈਤਿਕ ਸੰਕਟ ਹੈ, ਜੋ ਕਿ ਬੀਮਾ ਕੰਪਨੀ ਨੂੰ ਬਹੁਤ ਮਹਿੰਗਾ ਪੈ ਸਕਦਾ ਹੈ।

ਮਾੜੇ ਨੈਤਿਕ ਸੰਕਟ ਦੀ ਬਹੁਤ ਵੱਡੀ ਉਦਾਹਰਨ ਹੈ ਕਿਸੇ ਬੀਮਤ ਵਲੋਂ ਇਹ ਜਾਣਦੇ ਹੋਏ ਸਿਹਤ ਬੀਮਾ ਲੈਣਾ ਕਿ ਉਹ ਛੇਤੀ ਹੀ ਸਰਜੀਕਲ ਓਪਰੇਸ਼ਨ ਕਰਵਾਉਣ ਵਾਲਾ ਹੈ ਅਤੇ ਉਹ ਇਹ ਬੀਮਾਕਰਤਾ ਨੂੰ ਦੱਸਦਾ ਨਹੀਂ ਹੈ। ਇਸਕਰਕੇ ਇਹ ਬੀਮਾ ਕੇਵਲ ਦਾਅਵਾ ਲੈਣ ਲਈ ਕੀਤੀ ਗਈ ਮਰਜ਼ੀ ਹੈ।

**ਖੁਦ ਜਾਂਚ ਕਰੋ 1**

ਅੰਡਰਰਾਈਟਿੰਗ ___________ ਦੀ ਪ੍ਰਕਿਰਿਆ ਹੈ।

I. ਬੀਮਾ ਉਤਪਾਦ ਵੇਚਣ

II. ਗਾਹਕਾਂ ਤੋਂ ਪ੍ਰੀਮੀਅਮ ਇੱਕਠਾ ਕਰਨ

III. ਜ਼ੋਖਿਮ ਮੁਲਾਂਕਣ ਤੇ ਜੋਖਮ ਕੀਮਤ ਤੈਅ ਕਰਨੀ

IV. ਵੱਖ-ਵੱਖ ਬੀਮਾ ਉਤਪਾਦ ਵੇਚਣ

---

## B. ਅੰਡਰਰਾਈਟਿੰਗ - ਮੁੱਢਲੇ ਸਿਧਾਂਤ

### 1. ਅੰਡਰਰਾਈਟਿੰਗ ਦਾ ਮਕਸਦ

ਅੰਡਰਰਾਈਟਿੰਗ ਦੇ ਦੋ ਮੁੱਖ ਢੰਗ ਹਨ।

i. ਬੀਮਾਕਰਤਾ ਦੇ ਵਿਰੁਧ ਉਲਟ-ਚੋਣ , ਜਾਂ ਚੋਣ ਰੋਕਣ ਲਈ

ii. ਜੋਖਮਾਂ ਦਾ ਵਰਗੀਕਰਨ ਅਤੇ ਜੋਖਮਾਂ ਵਿੱਚ ਨਿਰਪੱਖਤਾ ਯਕੀਨੀ ਬਣਾਉਣ ਲਈ

**ਪਰਿਭਾਸ਼ਾ**

ਜੋਖਮਾਂ ਦੀ ਮੁਲਾਂਕਣ ਦਾ ਭਾਵ ਸਿਹਤ ਬੀਮੇ ਲਈ ਹਰੇਕ ਪੇਸ਼ਕਸ਼ ਨੂੰ ਇਸ ਨੂੰ ਪੇਸ਼ ਜੋਖਮ ਦੇ ਦਰਜੇ ਦੇ ਰੂਪ ਵਿੱਚ ਮੁਲਾਂਕਣ ਕਰਨ ਅਤੇ ਤਦ ਤੱਕ ਬੀਮਾ ਨਾ ਦੇਣ ਜਾਂ ਦੇਣ ਤੇ ਕਿਹੜੀਆਂ ਸ਼ਰਤਾਂ ਉੱਤੇ, ਦੇ ਬਾਰੇ ਫੈਸਲਾ ਕਰਨਾ ਹੈ।

ਉਲਟ-ਚੋਣ ਲੋਕਾਂ ਦਾ ਰੁਝਾਨ ਹੈ, ਜਿਹਨਾਂ ਨੂੰ ਘਾਟਾ ਪੈਣ ਦੇ ਅਨੁਭਵ ਦੀ ਸੰਭਾਵਨਾ ਵੱਧ ਹੋਣ ਦਾ ਸ਼ੱਕ ਜਾਂ ਪਤਾ ਹੁੰਦਾ ਹੈ, ਜਿਸ ਨਾਲ ਬੀਮਾ ਲਿਆ ਜਾ ਸਕੇ ਅਤੇ ਕਾਰਵਾਈ ਤੋਂ ਫਾਇਦਾ ਉਠਾਇਆ ਜਾਵੇ।

**ਉਦਾਹਰਨ**

ਜੇ ਬੀਮਾਕਰਤਾ ਇਸ ਦਾ ਧਿਆਨ ਨਹੀਂ ਰੱਖਣਗੇ ਕਿ ਕਿਸ ਨੂੰ ਤੇ ਕਿੰਨੀ ਬੀਮਾ ਪੇਸ਼ਕਸ਼ ਕੀਤੀ ਜਾ ਰਹੀ ਹੈ ਤਾਂ ਸੰਭਾਵਨਾ ਹੈ ਕਿ ਗੰਭੀਰ ਬੀਮਾਰੀਆਂ ਜਿਵੇਂ ਕਿ ਡਾਇਬੇਟੀਜ਼, ਉੱਚ ਬੀਪੀ, ਦਿਲ ਦੀ ਸਮੱਸਿਆ ਜਾਂ ਕੈਂਸਰ ਵਾਲੇ ਲੋਕ, ਜਿਹਨਾਂ ਨੂੰ ਪਤਾ ਹੈ ਕਿ ਉਹ ਛੇਤੀ ਹੀ ਹਸਪਤਾਲ ਵਿੱਚ ਭਰਤੀ ਹੋ ਸਕਦੇ ਹਨ, ਸਿਹਤ ਬੀਮਾ ਖਰੀਦਣਗੇ ਅਤੇ ਬੀਮਾਕਰਤਾ ਨੂੰ ਘਾਟਾ ਪਵੇਗਾ। ਦੂਜੇ ਸ਼ਬਦਾਂ ਵਿੱਚ, ਜੇ ਬੀਮਾਕਰਤਾ ਜ਼ੋਖਿਮਾਂ ਦਾ ਠੀਕ ਤਰ੍ਹਾਂ ਮੁਲਾਂਕਣ ਨਹੀਂ ਕਰਦਾ ਹੈ ਤਾਂ ਉਲਟ ਚੋਣ ਹੋਵੇਗੀ ਅਤੇ ਕਾਰਵਾਈ ਵਿੱਚ ਘਾਟਾ ਪਵੇਗਾ।

**2. ਜੋਖਮਾਂ ਵਿੱਚ ਨਿਰਪੱਖਤਾ**

ਆਓ ਜੋਖਮਾਂ ਵਿੱਚ ਨਿਰਪੱਖਤਾ ਦੇ ਬਾਰੇ ਵਿਚਾਰ ਕਰੀਏ। "ਇਕਵਟੀ (equity)" ਦਾ ਅਰਥ ਹੈ ਕਿ ਐਪਲੀਕੇਸ਼ਨ ਦੇਣ ਵਾਲੇ, ਜਿਹਨਾਂ ਨੂੰ ਇੱਕੋ ਕਿਸਮ ਦੇ ਜੋਖਮਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਨੂੰ ਇੱਕ ਪ੍ਰੀਮੀਅਮ ਵਰਗ ਵਿੱਚ ਕਿਸਮ ਤੇ ਰੱਖਿਆ ਜਾਣਾ ਹੈ। ਬੀਮਾਕਰਤਾ ਵਸੂਲੇ ਜਾਣ ਵਾਲੇ ਪ੍ਰੀਮੀਅਮ ਦਾ ਪਤਾ ਲਗਾਉਣ ਲਈ ਕਿਸੇ ਕਿਸਮ ਦਾ ਮਿਆਰੀਕਰਨ ਚਾਹੁੰਦੇ ਹਨ। ਅੰਡਰਰਾਈਟਰ ਨੂੰ ਮਿਲਣ ਵਾਲੀਆਂ ਪੇਸ਼ਕਸ਼ਾਂ ਨੂੰ ਹੇਠ ਦਿੱਤੇ ਜ਼ੋਖਿਮ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ:

**i. ਮਿਆਰੀ ਜੋਖਮ**

ਇਸ ਵਿੱਚ ਉਹ ਲੋਕ ਆਉਂਦੇ ਹਨ, ਜਿਹਨਾਂ ਦੇ ਬੀਮਾਰ ਹੋਣ ਦੀ ਸੰਭਾਵਨਾ (morbidity) ਔਸਤ ਹੈ।

**ii. ਤਰਜੀਹੀ ਜੋਖਮ**

ਕੁਝ ਹਾਲਤਾਂ ਵਿੱਚ ਉਮੀਦ ਕੀਤੀ ਬੀਮਾਰ ਹੋਣ ਦੀ ਸੰਭਾਵਨਾ ਔਸਤ ਨਾਲੋਂ ਬਹੁਤ ਘੱਟ ਹੋ ਸਕਦੀ ਹੈ ਅਤੇ ਇਸਕਰਕੇ ਤਰਜੀਹੀ ਜ਼ੋਖਿਮ ਹੁੰਦੇ ਹਨ ਇਹਨਾਂ ਲਈ ਘੱਟ ਪ੍ਰੀਮੀਅਮ ਵਸੂਲਿਆ ਜਾ ਸਕਦਾ ਹੈ।

**iii. ਅਧੀਨ-ਮਿਆਰੀ ਜੋਖਮ**

ਕੁਝ ਹੋਰ ਹਾਲਤਾਂ ਵਿੱਚ, ਅੰਦਾਜ਼ਨ ਬੀਮਾ ਹੋਣ ਦੀ ਸੰਭਾਵਨਾ ਔਸਤ ਤੋਂ ਵੱਧ ਹੋ ਸਕਦੀ ਹੈ। ਹਾਲਾਂਕਿ ਇਹ ਜ਼ੋਖਮ ਬੀਮਾ ਕਰਨ ਯੋਗ ਹੋ ਸਕਦੇ ਹਨ, ਬੀਮਾਕਰਤਾ ਵੱਧ ਪ੍ਰੀਮੀਅਮ ਵਸੂਲ ਸਕਦੇ ਹਨ ਅਤੇ/ਜਾਂ ਉਹਨਾਂ ਨੂੰ ਕੁਝ ਸ਼ਰਤਾਂ ਅਤੇ ਪਾਬੰਦੀਆਂ ਨਾਲ ਮਨਜ਼ੂਰ ਕਰ ਸਕਦੇ ਹਨ।

**iv. ਇਨਕਾਰੀ ਜੋਖਮ**

ਕੁਝ ਵਿਅਕਤੀ ਹੁੰਦੇ ਹਨ, ਜਿਨਾਂ ਦੇ ਕੁਝ ਮੈਡੀਕਲ ਜਾਂ ਹੋਰ ਹਾਲਤ ਹੁੰਦੇ ਹਨ, ਜਿਸ ਨਾਲ ਉਹਨਾਂ ਵਲੋਂ ਬੀਮਾਰ ਹੋਣ ਤੇ ਦਾਅਵੇ ਕਰਨ ਲਈ ਵੱਧ ਸੰਭਾਵਨਾ ਹੁੰਦੀ ਹੈ। ਅਜਿਹੇ ਲੋਕਾਂ ਦੇ ਬੀਮਾਰ ਹੋਣ ਅਤੇ ਆਮ ਪੂਲ ਵਿੱਚ ਦੇਣਦਾਰੀ ਉੱਤੇ ਉਲਟ ਅਸਰ ਦਾ ਕਾਰਨ ਬਣਨ ਦੀ ਵੱਧ ਸੰਭਾਵਨਾ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਪੂਲ ਵਿਚਲੇ ਹੋਰਾਂ ਦੇ ਬੀਮਾ ਹੋਣ ਦੀ ਸੰਭਾਵਨਾ ਔਸਤ ਤੋਂ ਵੱਧ ਜਾਂ ਘੱਟ ਹੁੰਦੀ ਹੈ, ਇਹਨਾਂ ਲੋਕਾਂ ਦੇ ਬੀਮਾਰ ਹੋਣ ਦੀ ਬਹੁਤ ਵੱਧ ਸੰਭਾਵਨਾ ਉਹਨਾਂ ਨੂੰ ਪ੍ਰੀਮੀਅਮ ਦੀ ਬਹੁਤ ਜਿਆਦਾ ਦਰ ਉੱਤੇ ਵੀ ਬੀਮਾ ਕਰਵਾਉਣਾ ਔਖਾ ਕਰ ਦਿੰਦੀ ਹੈ। [ਕਈ ਵਾਰ ਇੰਝ ਦੇ ਵਿਅਕਤੀ ਨੈਤਿਕ ਖ਼ਤਰਾ ਵੀ ਰੱਖਦੇ ਹੋ ਸਕਦੇ ਹਨ, ਜਦੋਂ ਉਹ ਆਪਣੀ ਬੀਮਾਰ ਹੋਣ ਦੀ ਵੱਧ ਸੰਭਾਵਨਾ ਬਾਰੇ ਨਹੀਂ ਦੱਸਦੇ ਅਤੇ ਹੋਰ ਆਮ ਲੋਕਾਂ ਵਾਂਗ ਹੀ ਬੀਮਤ ਹੋਣ ਦੀ ਕੋਸ਼ਿਸ਼ ਕਰਦੇ ਹਨ।] ਬਹੁਤੇ ਬੀਮਤ ਇੰਝ ਦੇ ਜ਼ੋਖਿਮਾਂ ਲਈ ਇਨਕਾਰ ਕਰਦੇ ਹਨ ਅਤੇ ਭਵਿੱਖ ਵਿੱਚ ਵਰਤਣ ਲਈ ਇੰਝ ਦੇ ਲੋਕਾਂ ਦਾ ਡਾਟਾਬੇਸ ਬਣਾਉਂਦੇ ਹਨ।

'ਇਨਕਾਰੀ ਜ਼ੋਖਿਮ' ਦਾ ਅਰਥ ਹੈ ਕਿ ਖਾਸ ਬੀਮਾਕਰਤਾ ਬੀਮੇ ਦੇ ਉਸ ਕਿਸਮ ਲਈ ਵਿਅਕਤੀ ਨੂੰ ਉਸ ਖਾਸ ਸਮੇਂ ਉੱਤੇ ਬੀਮਾ ਨਹੀਂ ਦੇਣਾ ਚਾਹੁੰਦਾ ਹੈ। ਪਰ ਸੰਭਵ ਹੈ ਕਿ ਹੋਰ ਬੀਮਾਕਰਤਾ ਉਸ ਵਿਅਕਤੀ ਨੂੰ ਵੱਖਰੇ ਪ੍ਰੀਮੀਅਮ ਅਤੇ/ਜਾਂ ਵੱਖਰੇ ਹਾਲਤਾਂ ਵਿੱਚ ਬੀਮਾ ਦੇ ਦੇਵੇ। ਕੁਝ ਬੀਮਾਕਰਤਾ ਪਾਲਸੀ ਦੀ ਹੋਰ ਕਿਸਮਾਂ ਲਈ ਉਹਨਾਂ ਲਈ ਸੋਚ ਸਕਦਾ ਹੈ ਜਾਂ ਬਾਅਦ ਕਿਸ ਸਮੇਂ ਉਸੇ ਪਾਲਸੀ ਲਈ ਵੀ, ਜਦੋਂ ਕਿ ਹਾਲਤ ਬਦਲ ਜਾਣ।

3. ਅੰਡਰਰਾਈਟਿੰਗ ਕਾਰਵਾਈ

ਅੰਡਰਰਾਈਟਿੰਗ ਕਾਰਵਾਈ ਦੇ ਦੋ ਪੱਧਰ ਹਨ:

- ✓ ਮੁੱਢਲੇ ਜਾਂ ਖੇਤਰੀ ਪੱਧਰ ਉੱਤੇ ਜਾਂ
- ✓ ਅੰਡਰਰਾਈਟਿੰਗ ਵਿਭਾਗੀ ਪੱਧਰ ਉੱਤੇ

a) ਮੁੱਢਲੀ ਅੰਡਰਰਾਈਟਿੰਗ

ਮੁੱਢਲਾ ਅੰਡਰਰਾਈਟਰ ਹੈ (ਜਾਂ ਖੇਤਰੀ ਪੱਧਰ ਅੰਡਰਰਾਈਟਿੰਗ) ਵਿੱਚ ਏਜੰਟ ਜਾਂ ਕੰਪਨੀ ਪ੍ਰਤੀਨਿਧੀ ਵਜੋਂ ਬੀਮਾ ਸੁਰੱਖਿਆ ਦੀ ਮਨਜ਼ੂਰੀ ਦੇਣ ਵਾਸਤੇ ਅਰਜ਼ੀਦਾਤਾ ਦੇ ਢੁੱਕਵੇਂਪਨ ਦੇ ਬਾਰੇ ਜਾਣਕਾਰੀ ਇਕੱਤਰ ਕਰਨਾ ਸ਼ਾਮਿਲ ਹੈ। ਏਜੰਟ ਮੁੱਢਲੇ ਅੰਡਰਰਾਈਟਿੰਗ ਦੀ ਗੰਭੀਰ ਭੂਮਿਕਾ ਨਿਭਾਉਂਦਾ ਹੈ। ਉਹ ਸੰਭਾਵਿਤ ਗਾਹਕ ਦੇ ਬੀਮਾ ਹੋਣ ਯੋਗ ਦੇ ਬਾਰੇ ਪਤਾ ਲਗਾਉਣ ਲਈ ਸਭ ਤੋਂ ਵਧੀਆ ਸਥਿਤੀ ਵਿੱਚ ਹੁੰਦਾ ਹੈ।

ਕੁਝ ਬੀਮਾ ਕੰਪਨੀਆਂ ਏਜੰਟਾਂ ਤੋਂ ਪੇਸ਼ਕਰਤਾ ਦੇ ਸੰਬੰਧ ਵਿੱਚ ਖਾਸ ਜਾਣਕਾਰੀ, ਪੱਖ ਅਤੇ ਸਿਫਾਰਸ਼ਾਂ ਬਾਰੇ ਬਿਆਨ ਜਾਂ ਗੁਪਤ ਰਿਪੋਰਟ ਚਾਹੁੰਦੀਆਂ ਹਨ।

ਇੰਝ ਦੀ ਹੀ ਰਿਪੋਰਟ, ਜਿਸ ਨੂੰ ਨੈਤਿਕ ਸੰਕਟ ਰਿਪੋਰਟ ਕਿਹਾ ਜਾਂਦਾ ਹੈ, ਵੀ ਬੀਮਾ ਕੰਪਨੀ ਦੇ ਅਧਿਕਾਰੀ ਤੋਂ ਮੰਗੀ ਜਾ ਸਕਦੀ ਹੈ। ਇਹ ਰਿਪੋਰਟਾਂ ਵਿੱਚ ਖਾਸ ਤੌਰ ਉੱਤੇ ਸਿਹਤ ਬੀਮੇ ਲਈ ਪੇਸ਼ਕਸ਼ ਕਰਨ ਵਾਲੇ ਵਿਅਕਤੀ ਪੇਸ਼ਕਰਤਾ ਦੇ ਰੁਜ਼ਗਾਰ, ਆਮਦਨ ਤੇ ਵਿੱਤੀ ਹਾਲਤ ਤੇ ਸਾਖ ਦੇ ਬਾਰੇ ਜਾਣਕਾਰੀ ਹੁੰਦੀ ਹੈ।

## 4. ਬੀਮਾ ਏਜੰਟ ਵਲੋਂ ਧੋਖੇ ਦੀ ਨਿਗਰਾਨੀ 'ਚ ਭੂਮਿਕਾ

ਬੀਮੇ ਲਈ ਜ਼ੋਖਿਮਾਂ ਨੂੰ ਚੁਣਨ ਦੇ ਸੰਬੰਧੀ ਫ਼ੈਸਲਾ ਪੇਸ਼ਕਸ਼ ਫਾਰਮ ਵਿੱਚ ਪੇਸ਼ਕਰਤਾ ਵਲੋਂ ਐਲਾਨੇ ਤੱਥਾਂ ਉੱਤੇ ਨਿਰਭਰ ਕਰਦਾ ਹੈ। ਅੰਡਰਰਾਈਟਰ, ਜੋ ਕਿ ਦਫ਼ਤਰ ਵਿੱਚ ਬੈਠਾ ਹੈ, ਲਈ ਇਹ ਪਤਾ ਕਰਨਾ ਔਖਾ ਹੋਵੇਗਾ ਕਿ ਕੀ ਇਹ ਤੱਥ ਸਹੀ ਹਨ ਜਾਂ ਬੀਮਾਕਰਤਾ ਨੂੰ ਧੋਖਾ ਦੇਣ ਦੇ ਇਰਾਦੇ ਨਾਲ ਜਾਣਬੁੱਝ ਕੇ ਗਲਤ ਦਰਸਾਏ ਗਏ ਹਨ।

ਏਜੰਟ ਇੱਥੇ ਮੁੱਢਲੇ ਅੰਡਰਰਾਈਟਰ ਵਜੋਂ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਕਿਉਂਕਿ ਏਜੰਟ ਪੇਸ਼ਕਰਤਾ ਨਾਲ ਸਿੱਧਾ ਨਿੱਜੀ ਸੰਪਰਕ ਵਿੱਚ ਹੁੰਦਾ ਹੈ, ਇਸਕਰਕੇ ਉਹ ਪਤਾ ਲਗਾਉਣ ਵਿੱਚ ਸਭ ਤੋਂ ਵਧੀਆ ਸਥਿਤੀ ਹੁੰਦਾ ਹੈ ਕਿ ਕੀ ਦਿੱਤੀ ਗਈ ਜਾਣਕਾਰੀ ਸਹੀ ਹੈ ਅਤੇ ਕੀ ਕੋਈ ਜਾਣਬੁਝ ਕੇ ਜਾਣਕਾਰੀ ਨਹੀਂ ਦਿੱਤੀ ਜਾਂ ਗਲਤ ਦਿੱਤੀ ਗਈ ਹੈ।

### a) ਅੰਡਰਰਾਈਟਿੰਗ ਵਿਭਾਗ ਦੀ ਭੂਮਿਕਾ

ਬੀਮਾਕਰਤਾ ਦੇ ਦਫ਼ਤਰ ਵਿੱਚ ਅੰਡਰਰਾਈਟਿੰਗ ਦਾ ਵਿਭਾਗ ਅੰਡਰਾਈਟਿੰਗ ਦਾ ਵੱਡਾ ਹਿੱਸਾ ਪੂਰਾ ਕਰਦਾ ਹੈ। ਇੱਥੇ ਇੰਝ ਦੇ ਕੰਮ ਵਿੱਚ ਮਾਹਰ ਲੋਕ ਖਾਸ ਜ਼ੋਖਮ ਦੇ ਸਾਰੇ ਢੁੱਕਵੇਂ ਡਾਟੇ ਅਤੇ ਆਬਾਦੀ ਅਧਾਰਿਤ ਡਾਟੇ ਉੱਤੇ ਵਿਚਾਰ ਅਤੇ ਪੜਤਾਲ ਕਰਦੇ ਹਨ। ਆਖਰ ਵਿੱਚ ਉਹ ਫ਼ੈਸਲਾ ਕਰਦੇ ਹਨ ਕਿ ਕੀ ਬੀਮੇ ਦੀ ਪੇਸ਼ਕਸ਼ ਨੂੰ ਮਨਜ਼ੂਰ ਕਰਨਾ ਹੈ, ਸ਼ਰਤਾਂ ਅਤੇ ਵਾਜਬ ਪ੍ਰੀਮੀਅਮ ਦੇ ਖ਼ਰਚੇ ਤੈਅ ਕਰਦੇ ਹਨ।

## C. IRDAI ਦੇ ਹੋਰ ਸਿਹਤ ਬੀਮਾ ਰੈਗੂਲੇਸ਼ਨ

ਰੈਗੂਲੇਟਰ ਨੇ ਬੀਮਤ ਦੇ ਫਾਇਦਾ ਲਈ ਹੇਠ ਦਿੱਤੀਆਂ ਕੁਝ ਤਬਦੀਲੀਆਂ ਵੀ ਲਿਆਂਦੀਆਂ ਹਨ।

a. ਬੀਮਤ ਨੂੰ ਪ੍ਰੀਮੀਅਮ ਤੋਂ ਵੱਧ ਵਸੂਲੇ ਜਾਣ ਵਾਲੇ ਕਿਸੇ ਵੀ ਅੰਡਰਰਾਈਟਿੰਗ ਲੋਡਿੰਗ ਦੇ ਬਾਰੇ ਸੂਚਿਤ ਕੀਤਾ ਜਾਵੇਗਾ ਅਤੇ ਪਾਲਸੀ ਜਾਰੀ ਕਰਨ ਤੋਂ ਪਹਿਲਾਂ ਇੰਝ ਦੀ ਲੋਡਿੰਗ ਦੇ ਬਾਰੇ ਪਾਲਸੀਧਾਰਕ ਤੋਂ ਖਾਸ ਸਹਿਮਤੀ ਲੈਣ ਦੀ ਲੋੜ ਹੈ।

b. ਜੇ ਬੀਮਾ ਕੰਪਨੀ ਨੂੰ ਪਾਲਸੀ ਦੇ ਕਿਸੇ ਵੀ ਪੜਾਅ ਜਾਂ ਇਸ ਦੇ ਨਵਿਆਉਣ ਸਮੇਂ ਉੱਤੇ ਹੋਰ ਜਾਣਕਾਰੀ ਜਿਵੇਂ ਕਿ ਰੁਜ਼ਗਾਰ ਵਿੱਚ ਤਬਦੀਲੀ, ਦੀ ਲੋੜ ਹੋਵੇ ਤਾਂ ਇਸ ਨੂੰ ਤਹਿਸ਼ੁਦਾ ਮਿਆਰੀ ਫਾਰਮ ਦੇ ਰੂਪ ਵਿੱਚ ਬੀਮਤ ਵਲੋਂ ਭਰਿਆ ਜਾਣਾ ਚਾਹੀਦਾ ਹੈ ਅਤੇ ਇਹ ਫਾਰਮ ਪਾਲਸੀ ਦਸਤਾਵੇਜ਼ ਦਾ ਭਾਗ ਹੋਣਾ ਚਾਹੀਦਾ ਹੈ।

c. ਬੀਮਾਕਰਤਾ ਪਾਲਸੀਧਾਰਕਾਂ ਨੂੰ ਪਹਿਲਾਂ ਦਾਖ਼ਲੇ, ਲਗਾਤਾਰ ਨਵਿਆਉਣ, ਚੰਗੇ ਦਾਅਵੇ ਤਜਰਬੇ ਆਦਿ ਲਈ ਇੱਕ ਬੀਮਾਕਰਤਾ ਨਾਲ ਇਨਾਮ ਦੇਣ ਲਈ ਕਈ ਢੰਗ ਲਿਆ ਸਕਦਾ ਹੈ ਅਤੇ ਇੰਝ ਦੇ ਢੰਗਾਂ ਜਾਂ ਉਤਸ਼ਾਹਾਂ ਬਾਰੇ ਐਲਾਨ ਪ੍ਰਾਸਪੈਕਟ ਤੇ ਪਾਲਸੀ ਦਸਤਾਵੇਜ਼ ਵਿੱਚ ਕਰਦਾ ਹੈ।

## D. ਸਿਹਤ ਬੀਮੇ ਨੂੰ ਪੋਰਟ ਕਰਨਾ

IRDAI ਵਲੋਂ ਪਰਿਭਾਸ਼ਿਤ ਕੀਤੇ ਮੁਤਾਬਕ ਪੋਰਟੇਬਿਲਟੀ ਵਿਅਕਤੀਗਤ ਸਿਹਤ ਬੀਮਾ ਪਾਲਸੀ-ਹੋਲਡਰ (ਸਭ ਮੈਂਬਰਾਂ ਪਰਿਵਾਰਿਕ ਸੁਰੱਖਿਆ ਦੇ ਸਮੇਤ) ਦਾ, ਪਹਿਲਾਂ-ਮੌਜੂਦ ਸ਼ਰਤਾਂ ਅਤੇ ਸਮਾਂ ਹੱਦ ਲਈ ਤਹਿ ਅਹਲਿਹਦੀਆਂ ਤੋਂ ਪ੍ਰਾਪਤ ਕੀਤੇ ਫਾਇਦੇ ਨੂੰ ਤਬਦੀਲ ਕਰਨ ਸਮੇਤ, ਇੱਕ ਬੀਮਾ ਕਰਤਾ ਤੋਂ ਦੂਜੇ ਬੀਮਾ ਕਰਤਾ ਜਾਂ ਇੱਕ ਹੀ ਬੀਮਾ ਕਰਤਾ ਦੀ ਇੱਕ ਸਕੀਮ ਵਿੱਚੋਂ ਦੂਜੀ ਵਿੱਚ ਵਿੱਚ ਬਦਲਣ ਇਸ ਬਾਰੇ ਨੂੰ IRDAI ਵਲੋਂ ਦਾ ਹੱਕ ਹੈ ਬਸ਼ਰਤੇ ਕਿ ਪਿਛਲੀ ਪਾਲਸੀ ਨੂੰ ਬਿਨਾਂ ਕਿਸੇ ਰੋਕ ਦੇ ਲਗਾਤਾਰ ਜਾਰੀ ਰੱਖਿਆ ਗਿਆ ਹੋਵੇ।

ਪੋਰਟ ਕਰਨਾ ਵਿਧਾਨ ਹੈ, ਜਿਸ ਰਾਹੀਂ ਬੀਮਤ ਸਮੇਂ ਦੇ ਨਾਲ ਕਮਾਏ ਆਪਣੇ ਸਾਰੇ ਫਾਇਦਿਆਂ ਨੂੰ ਇੱਕ ਬੀਮਾਕਰਤਾ ਤੋਂ ਦੂਜੇ ਲਈ ਲੈ ਜਾ ਸਕਦਾ ਹੈ। ਵਿਦਿਆਰਥੀ ਨੂੰ 22 ਜੁਲਾਈ 2020 ਤਾਰੀਖ ਨੂੰ ਸਿਹਤ ਬੀਮਾ ਕਾਰੋਬਾਰ ਵਿੱਚ ਉਤਪਾਦ ਬਾਰੇ IRDAI ਵਲੋਂ ਇਕੱਠੀਆਂ ਕੀਤੀਆਂ ਸੇਧਾਂ ਨੂੰ ਪੋਰਟੇਬਿਲਟੀ ਸਮੇਤ ਕਈ ਅਮਲਾਂ ਦੇ ਮਿਆਰੀਕਰਨ ਲਈ ਲਿਆਂਦੇ ਨਿਯਮਾਂ ਨੂੰ ਪੜ੍ਹਨਾ ਚਾਹੀਦਾ ਹੈ।

IRDAI ਨੇ ਹੁਕਮ ਜਾਰੀ ਕੀਤਾ ਹੈ ਕਿ ਜਨਰਲ ਬੀਮਾਕਰਤਾ ਅਤੇ ਸਿਹਤ ਬੀਮਾਕਰਤਾ ਵਲੋਂ ਜਾਰੀ ਕੀਤੀਆਂ ਸਾਰੀਆਂ ਨਿੱਜੀ ਹਰਜਾਨਾ ਸਿਹਤ ਬੀਮਾ ਪਾਲਸੀਆਂ, ਪਰਿਵਾਰਿਕ ਫਲੋਟਰ ਪਾਲਸੀਆਂ ਸਮੇਤ, ਨੂੰ ਪੋਰਟ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ।

ਪਰ ਤਬਾਦਲਾ ਸਿਰਫ਼ ਨਵਿਆਉਣ ਦੇ ਸਮੇਂ ਹੀ ਕੀਤਾ ਜਾ ਸਕਦਾ ਹੈ। ਉਡੀਕ ਅੰਤਰਾਲ ਕਰੈਡਿਟ ਤੋਂ ਬਿਨਾਂ ਨਵੀ ਪਾਲਸੀ ਦੀਆਂ ਹੋਰ ਸ਼ਰਤਾਂ, ਜਿਸ ਵਿੱਚ ਪ੍ਰੀਮੀਅਮ ਸ਼ਾਮਲ ਹੈ, ਨੂੰ ਨਵੀਂ ਬੀਮਾ ਕੰਪਨੀ ਵਲੋਂ ਤੈਅ ਕੀਤਾ ਜਾਵੇਗਾ। ਪ੍ਰਕਿਰਿਆ ਦੇ ਦੌਰਾਨ, ਪੋਰਟ ਕਰਨ ਦੀ ਬੇਨਤੀ ਬੀਮਤ ਵਲੋਂ ਪੁਰਾਣੇ ਬੀਮਾਕਰਤਾ ਕੋਲ ਨਵਿਆਉਣ ਤੋਂ ਘੱਟੋ-ਘੱਟ 45 ਦਿਨ ਪਹਿਲਾਂ ਕਰਨੀ ਚਾਹੀਦੀ ਹੈ, ਜਿਸ ਵਿੱਚ ਪਾਲਸੀ ਨੂੰ ਪੋਰਟ ਕੀਤੀ ਜਾਣ ਵਾਲੀ ਕੰਪਨੀ ਦਾ ਨਾਂ ਦਿੱਤਾ ਹੋਣਾ ਚਾਹੀਦਾ ਹੈ। ਪਾਲਸੀ ਬਿਨਾਂ ਰੋਕੇ ਹੀ ਨਵਿਆਈ ਜਾ ਸਕਦੀ ਹੈ (ਜੇ ਪੋਰਟ ਕਰਨ ਦੀ ਕਾਰਵਾਈ ਜਾਰੀ ਹੋਵੇ ਤਾਂ 30 ਦਿਨਾਂ ਦਾ ਛੋਟ ਅੰਤਰਾਲ ਹੁੰਦਾ ਹੈ)। IRDA ਨੇ ਵੈੱਬ ਅਧਾਰਿਤ ਸਹੂਲਤ ਤਿਆਰ ਕੀਤੀ ਹੈ, ਜੋ ਕਿ ਬੀਮਾ ਕੰਪਨੀ ਵਲੋਂ ਨਿੱਜੀ ਵਿਅਕਤੀਆਂ ਲਈ ਜਾਰੀ ਕੀਤੀਆਂ ਸਾਰੀਆਂ ਸਿਹਤ ਬੀਮਾ ਪਾਲਸੀਆਂ ਬਾਰੇ ਡਾਟਾ ਰੱਖਦੀ ਹੈ, ਜਿਸ ਨਾਲ ਨਵੇਂ ਬੀਮਾਧਾਰਕ ਨੂੰ ਪੋਰਟ ਕਰਨ ਵਾਲੇ ਪਾਲਸੀਧਾਰਕ ਦੇ ਸਿਹਤ ਬੀਮੇ ਅਤੀਤ ਬਾਰੇ ਡਾਟੇ ਲਈ ਪਹੁੰਚ ਸਰਲ ਢੰਗ ਨਾਲ ਮਿਲ ਸਕੇ।

## E. ਸਿਹਤ ਬੀਮੇ ਦਾ ਮਾਈਗਰੇਸ਼ਨ

IRDAI ਵਲੋਂ ਮਾਈਗਰੇਸ਼ਨ ਨੂੰ ਸਿਹਤ ਬੀਮਾ ਪਾਲਸੀ ਧਾਰਕਾਂ (ਪਰਿਵਾਰ ਬੀਮਾ ਸੁਰੱਖਿਆ ਅਤੇ ਗਰੁੱਪ ਸਿਹਤ ਬੀਮਾ ਪਾਲਸੀ ਦੇ ਮੈਂਬਰਾਂ ਸਮੇਤ) ਨੂੰ ਮੌਜੂਦਾ ਹਾਲਤਾਂ ਤੇ ਸਮਾਂ ਬੰਧਨ ਅਲਹਿਦਗੀਆਂ ਲਈ ਇਕੱਤਰ ਕੀਤੇ ਕਰੈਡਿਟਾਂ ਨੂੰ ਉਸੇ ਬੀਮਾਕਰਤਾ ਕੋਲ ਟਰਾਂਸਫਰ ਕਰਨ ਦੇ ਹੱਕ ਵਜੋਂ ਪਰਿਭਾਸ਼ਿਤ ਕੀਤਾ ਹੈ।

22 ਜੁਲਾਈ 2020 ਨੂੰ ਸਿਹਤ ਬੀਮਾ ਕਾਰੋਬਾਰ ਵਿੱਚ ਉਤਪਾਦ ਜਾਣਕਾਰੀ ਦੇਣ ਉੱਤੇ IRDAI ਦੀਆਂ ਇਕੱਠ ਕੀਤੀਆਂ ਸੇਧਾਂ ਨੂੰ ਸਿਹਤ ਬੀਮਾ ਪਲਾਸੀਆਂ ਦੇ ਮਾਈਗਰੇਸ਼ਨ ਬਾਰੇ ਸੇਧਾਂ ਨਾਲ ਸੋਧਿਆ ਗਿਆ ਹੈ। ਇਹ ਨਿੱਜੀ

ਸਿਹਤ ਬੀਮਾ ਪਾਲਸੀ ਦੇ ਤਹਿਤ ਇੱਕ ਹਰਜਾਨਾ ਅਧੀਨ ਬੀਮਾ-ਸੁਰੱਖਿਆ ਦਿੱਤੇ ਹਰ ਨਿੱਜੀ ਪਾਲਸੀ ਧਾਰਕ (ਪਰਿਵਾਰਿਕ ਫਲੋਟਰ ਪਾਲਸੀਆਂ ਵਿਚਲੇ ਮੈਂਬਰਾਂ ਸਮੇਤ) ਨੂੰ ਪਾਲਸੀ-ਧਾਰਕ ਵਲੋਂ ਖਾਸ ਚੋਣ ਦੀ ਵਰਤੋਂ ਕਰਦਿਆਂ ਮਾਈਗਰੇਸ਼ਨ ਦੀ ਚੋਣ ਦੇਵੇਗਾ। ਗਰੁੱਪ ਪਾਲਿਸੀਆਂ ਤੋਂ ਵਿਅਕਤੀਗਤ ਪਾਲਿਸੀ ਵਿੱਚ ਮਾਈਗਰੇਸ਼ਨ ਅੰਡਰਰਾਈਟਿੰਗ ਦੇ ਅਧੀਨ ਹੋਵੇਗੀ।

ਇੱਕ ਪਾਲਿਸੀ ਧਾਰਕ ਜੋ ਆਪਣੀ ਪਾਲਿਸੀ ਨੂੰ ਮਾਈਗ੍ਰੇਟ ਕਰਨਾ ਚਾਹੁੰਦਾ ਹੈ, ਨੂੰ ਉਸ ਬੀਮਾ ਕੰਪਨੀ ਕੋਲ ਪਰਿਵਾਰ ਦੇ ਮੈਂਬਰਾਂ ਸਮੇਤ, ਜੇ ਹਨ ਤਾਂ, ਪਾਲਸੀ ਪੋਰਟ ਕਰਨ ਮੌਜੂਦਾ ਪਾਲਸੀ ਦੇ ਪ੍ਰੀਮੀਅਮ ਨਵਿਆਉਣ ਦੀ ਮਿਤੀ ਤੋਂ ਘੱਟੋ-ਘੱਟ 30 ਦਿਨ ਪਹਿਲਾਂ ਪੋਰਟ ਕਰਨ ਲਈ ਅਪਲਾਈ ਕਰਨਾ ਚਾਹੀਦਾ ਹੈ। ਪਰ ਜੇ ਬੀਮਾਕਰਤਾ 30 ਦਿਨਾਂ ਤੋਂ ਘੱਟ ਲਈ ਵਿਚਾਰ ਕਰਨਾ ਚਾਹੁੰਦਾ ਹੈ ਤਾਂ ਬੀਮਾਕਰਤਾ ਇੰਝ ਕਰ ਸਕਦਾ ਹੈ। ਬੀਮਾਕਰਤਾ ਮਾਈਗਰੇਸ਼ਨ ਲਈ ਕੋਈ ਖਾਸ ਖਰਚੇ ਨਹੀਂ ਵਸੂਲਣਗੇ।

---

## F. ਅੰਡਰਰਾਈਟਿੰਗ ਲਈ ਬੀਮੇ ਦੇ ਮੁੱਢਲੇ ਨਿਯਮ ਤੇ ਸਾਧਨ

### 1. ਅੰਡਰਰਾਈਟਿੰਗ ਲਈ ਢੁੱਕਵੇਂ ਮੁੱਢਲੇ ਨਿਯਮ

ਕਿਸੇ ਵੀ ਰੂਪ ਦੇ ਬੀਮੇ ਵਿੱਚ, ਭਾਵੇਂ ਇਹ ਜੀਵਨ ਬੀਮਾ ਹੈ ਜਾਂ ਸਧਾਰਨ ਬੀਮਾ, ਕੁਝ ਕਾਨੂੰਨੀ ਨਿਯਮ ਹੁੰਦੇ ਹਨ, ਜੋ ਕਿ ਜੋਖਮ ਨੂੰ ਮਨਜ਼ੂਰ ਕਰਨ ਲਈ ਕੰਮ ਕਰਦੇ ਹਨ ਸਿਹਤ ਬੀਮੇ ਲਈ ਵੀ ਨਿਯਮ ਬਰਾਬਰ ਰੂਪ ਵਿੱਚ ਲਾਗੂ ਹੁੰਦੇ ਹਨ ਅਤੇ ਨਿਯਮਾਂ ਦੇ ਉਲੰਘਣਾ ਕਰਨ ਦੇ ਨਤੀਜੇ ਵਜੋਂ ਬੀਮਾਕਰਤਾ ਦੇਣਦਾਰੀ ਨੂੰ ਖਤਮ ਕਰਨ ਦਾ ਫੈਸਲਾ ਕਰਦਾ ਹੈ। (ਇਸ ਸਿਧਾਤਾਂ ਨੂੰ ਆਮ ਪਾਠਾਂ ਵਿੱਚ ਵਿਚਾਰਿਆ ਜਾ ਚੁੱਕਾ ਹੈ।)

### 2. ਅੰਡਰਰਾਈਟਿੰਗ ਲਈ ਸਾਧਨ

ਇਹ ਅੰਡਰਰਾਈਟਰ ਲਈ ਜਾਣਕਾਰੀ ਦੇ ਸਰੋਤ ਹਨ ਅਤੇ ਆਧਾਰ ਹਨ, ਜਿਸ ਮੁਤਾਬਕ ਜੋਖਮ ਵਰਗੀਕਰਨ ਕੀਤਾ ਜਾਂਦਾ ਹੈ ਅਤੇ ਪ੍ਰੀਮੀਅਮ ਬਾਰੇ ਫ਼ੈਸਲਾ ਲਿਆ ਜਾਂਦਾ ਹੈ। ਅੰਡਰਰਾਈਟਿੰਗ ਲਈ ਅੱਗੇ ਦਿੱਤੇ ਮੁੱਖ ਸਾਧਨ ਹਨ:

#### a) ਪੇਸ਼ਕਸ਼ ਫਾਰਮ

ਇਹ ਦਸਤਾਵੇਜ਼ ਇਕਰਾਰ ਦਾ ਅਧਾਰ ਹੁੰਦਾ ਹੈ, ਜਿੱਥੇ ਪੇਸ਼ਕਰਤਾ ਦੀ ਸਿਹਤ ਤੇ ਨਿੱਜੀ ਵੇਰਵੇ ਦੇ ਲਈ ਸਭ ਜ਼ਰੂਰੀ ਜਾਣਕਾਰੀ (ਜਿਵੇਂ ਉਮਰ, ਰੁਜ਼ਗਾਰ, ਬਣਤਰ, ਆਦਤਾਂ, ਸਿਹਤ ਸਥਿਤੀ, ਆਮਦਨ, ਪ੍ਰੀਮੀਅਮ ਭੁਗਤਾਨ ਵੇਰਵੇ ਆਦਿ) ਇਕੱਤਰ ਕੀਤੀ ਜਾਂਦੀ ਹੈ। ਬੀਮਤ ਵਲੋਂ ਕਿਸੇ ਵੀ ਨਿਯਮ ਦੀ ਉਲੰਘਣਾ ਕਰਨ ਜਾਂ ਜਾਣਕਾਰੀ ਦਾ ਓਹਲਾ ਰੱਖਣ ਨਾਲ ਪਾਲਸੀ ਖ਼ਤਮ ਹੋ ਜਾਵੇਗੀ। (ਇਸ ਨੂੰ ਪਿਛਲੇ ਪਾਠ ਵਿੱਚ ਵਿਚਾਰਿਆ ਜਾ ਚੁੱਕਾ ਹੈ।)

b) ਉਮਰ ਸਬੂਤ

ਪ੍ਰੀਮੀਅਮ ਨੂੰ ਬੀਮਤ ਉਮਰ ਦੇ ਅਧਾਰ ਉੱਤੇ ਪਤਾ ਕੀਤਾ ਜਾਂਦਾ ਹੈ। ਇਸਕਰਕੇ ਉਮਰ ਦਾ ਸਬੂਤ ਦੇ ਕੇ ਸ਼ੁਰੂ ਕਰਨ ਦੇ ਸਮੇਂ ਉਮਰ ਦਾ ਪਤਾ ਕਰਨਾ ਬਹੁਤ ਮਹੱਤਵਪੂਰਨ ਹੈ।

| ਉਦਾਹਰਨ |
|---|

ਭਾਰਤ ਵਿੱਚ ਉਮਰ ਦੇ ਸਬੂਤ ਦੇ ਲਈ ਬਹੁਤ ਸਾਰੇ ਦਸਤਾਵੇਜ਼ ਮੰਨੇ ਜਾ ਸਕਦੇ ਹਨ, ਪਰ ਉਹ ਸਾਰੇ ਕਾਨੂੰਨੀ ਰੂਪ ਵਿੱਚ ਮੰਨੇ ਨਹੀਂ ਜਾਂਦੇ ਹਨ। ਬਹੁਤੇ ਜਾਇਜ਼ ਦਸਤਾਵੇਜ਼ਾਂ ਨੂੰ ਦੋ ਮੁੱਖ ਵਰਗਾਂ ਵਿੱਚ ਵਡਿਆ ਜਾਂਦਾ ਹੈ। ਇਹ ਹਨ:

a) ਮਿਆਰੀ ਉਮਰ ਸਬੂਤ: ਉਹਨਾਂ ਵਿੱਚੋਂ ਕੁਝ ਸਕੂਲ ਦਾ ਸਰਟੀਫਿਕੇਟ, ਪਾਸਪੋਰਟ, ਰਿਹਾਇਸ਼ ਸਰਟੀਫਿਕੇਟ, ਪੈਨ ਕਾਰਡ ਆਦਿ ਸ਼ਾਮਿਲ ਹਨ।
b) ਗ਼ੈਰ-ਮਿਆਰੀ ਉਮਰ ਸਬੂਤ: ਇਹਨਾਂ ਵਿੱਚ ਰਾਸ਼ਨ ਕਾਰਡ, ਵੋਟਰ ਆਈਡੀ, ਵੱਡਿਆਂ ਵਲੋਂ ਐਲਾਨ, ਗ੍ਰਾਮ ਪੰਚਾਇਤ ਵਲੋਂ ਸਰਟੀਫਿਕੇਟ ਆਦਿ ਸ਼ਾਮਿਲ ਹਨ।

ਵਿੱਤੀ ਦਸਤਾਵੇਜ਼

ਪੇਸ਼ਕਰਤਾ ਦੀ ਵਿੱਤੀ ਸਥਿਤੀ ਦਾ ਪਤਾ ਲਗਾਉਣਾ ਫਾਇਦਾ ਉਤਪਾਦਾਂ ਲਈ ਅਤੇ ਨੈਤਿਕ ਸੰਕਟ ਨੂੰ ਘਟਾਉਣ ਵਾਸਤੇ ਖ਼ਾਸ ਤੌਰ ਉੱਤੇ ਢੁੱਕਵਾਂ ਹੈ। ਪਰ, ਆਮ ਤੌਰ ਉੱਤੇ ਵਿੱਤੀ ਦਸਤਾਵੇਜ਼ ਕੇਵਲ ਇਹਨਾਂ ਕੇਸਾਂ ਵਿੱਚ ਹੀ ਮੰਗੇ ਜਾਂਦੇ ਹਨ:

a) ਨਿੱਜੀ ਹਾਦਸਾ ਬੀਮਾ-ਸੁਰੱਖਿਆ ਜਾਂ

b) ਉੱਚ ਬੀਮਾ-ਸੁਰੱਖਿਆ ਰਕਮ ਜਾਂ

c) ਜਦੋਂ ਕਿ ਦਰਸਾਈ ਗਈ ਆਮਦਨ ਤੇ ਅਹੁਦੇ ਦੇ ਮੁਕਾਬਲੇ ਬੀਮਾ-ਸੁਰੱਖਿਆ ਵਿੱਚ ਫ਼ਰਕ ਹੋਵੇ।

c) ਮੈਡੀਕਲ ਰਿਪੋਰਟਾਂ

ਮੈਡੀਕਲ ਰਿਪੋਰਟਾਂ ਬੀਮਾਕਰਤਾ ਦੇ ਨਿਯਮਾਂ ਦੇ ਮੁਤਾਬਕ ਹੁੰਦੀਆਂ ਹਨ ਅਤੇ ਅਕਸਰ ਬੀਮਤ ਦੀ ਉਮਰ ਤੇ ਕਈ ਵਾਰ ਚੁਣੀ ਗਈ ਬੀਮਾ ਸੁਰੱਖਿਆ ਦੇ ਉੱਤੇ ਨਿਰਭਰ ਕਰਦੀਆਂ ਹਨ। ਪੇਸ਼ਕਸ਼ ਫਾਰਮ ਵਿੱਚ ਕੁਝ ਜਵਾਬਾਂ ਵਿੱਚ ਅਜਿਹੀ ਜਾਣਕਾਰੀ ਹੋ ਸਕਦੀ ਹੈ, ਜਿਸ ਨਾਲ ਮੈਡੀਕਲ ਰਿਪੋਰਟਾਂ ਪ੍ਰਾਪਤ ਕਰਨ ਦੀ ਲੋੜ ਹੋਵੇ।

d) ਵਿਕਰੀ ਕਰਮਚਾਰੀਆਂ ਦੀਆਂ ਰਿਪੋਰਟਾਂ

ਵਿਕਰੇਤਾ ਕਰਮਚਾਰੀ ਨੂੰ ਕੰਪਨੀ ਲਈ ਮੁੱਢਲੇ ਪੱਧਰ ਦੇ ਅੰਡਰਰਾਈਟਰ ਵਜੋਂ ਮੰਨਿਆ ਜਾ ਸਕਦਾ ਹੈ ਅਤੇ ਉਹਨਾਂ ਵਲੋਂ ਆਪਣੀਆਂ ਰਿਪੋਰਟਾਂ ਵਿੱਚ ਖ਼ਾਸ ਜਾਣਕਾਰੀ ਨੂੰ ਮਹੱਤਵਪੂਰਨ ਪੱਖ ਮੰਨਿਆ ਜਾ ਸਕਦਾ ਹੈ। ਪਰ, ਵਿਕਰੇਤਾ ਅਮਲੇ ਦਾ ਮਕਸਦ ਵੱਧ ਕਾਰੋਬਾਰ ਕਰਨਾ ਹੁੰਦਾ ਹੈ, ਇਸਕਰਕੇ ਹਿੱਤਾਂ ਦਾ ਟਕਰਾ ਹੋ ਸਕਦਾ ਹੈ।

**ਖੁਦ ਜਾਂਚ ਕਰੋ 2**

ਅੰਡਰਰਾਈਟਿੰਗ ਵਿੱਚ ਅਤਿਅੰਤ ਚੰਗੇ ਵਿਸ਼ਵਾਸ਼ ਦੇ ਸਿਧਾਂਤ ਦੀ ਪਾਲਣਾ ____________ ਵਲੋਂ ਕੀਤੀ ਜਾਣੀ ਚਾਹੀਦੀ ਹੈ।

I. ਬੀਮਾਕਰਤਾ

II. ਬੀਮਤ

III. ਬੀਮਾਕਰਤਾ ਤੇ ਬੀਮਤ ਦੋਵੇਂ

IV. ਮੈਡੀਕਲ ਜਾਂਚਕਰਤਾ

---

**ਖੁਦ ਜਾਂਚ ਕਰੋ 3**

ਬੀਮਾਯੋਗ ਹਿੱਤਾਂ ਦਾ ਭਾਵ __________ ਤੋਂ ਹੈ।

I. ਬੀਮਾ ਕਰਵਾਈ ਜਾਣ ਵਾਲੀ ਸੰਪੱਤੀ ਵਿੱਚ ਵਿਅਕਤੀ ਦੇ ਵਿੱਤੀ ਹਿੱਤ

II. ਪਹਿਲਾਂ ਹੀ ਬੀਮਾ ਕਰਵਾਈ ਸੰਪੱਤੀ

III. ਜਦੋਂ ਵੀ ਇੱਕ ਤੋਂ ਵੱਧ ਕੰਪਨੀ ਵਲੋਂ ਇੱਕੋ ਘਾਟੇ ਲਈ ਬੀਮਾ ਸੁਰੱਖਿਆ ਦਿੱਤੀ ਗਈ ਹੋਵੇ ਤਾਂ ਹਰੇਕ ਬੀਮਾਕਰਤਾ ਦਾ ਘਾਟੇ ਵਿੱਚ ਹਿੱਸੇ

IV. ਘਾਟੇ ਦੀ ਰਕਮ, ਜੋ ਕਿ ਬੀਮਾਕਰਤਾ ਵਲੋਂ ਵਸੂਲੀ ਜਾ ਸਕਦੀ ਹੈ।

---

## G. ਅੰਡਰਰਾਈਟਿੰਗ ਕਾਰਵਾਈ

ਇੱਕ ਵਾਰ ਲੋੜੀਂਦੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ ਤਾਂ ਅੰਡਰਰਾਈਟਰ ਪਾਲਸੀ ਦੀਆਂ ਸ਼ਰਤਾਂ ਬਾਰੇ ਫੈਸਲਾ ਕਰਦਾ ਹੈ। ਸਿਹਤ ਬੀਮਾ ਕਾਰੋਬਾਰ ਵਿੱਚ ਅੰਡਰਰਾਈਟਿੰਗ ਲਈ ਵਰਤੇ ਜਾਂਦੇ ਆਮ ਵਰਤੇ ਜਾਂਦੇ ਫਾਰਮ ਹੇਠ ਦਿੱਤੇ ਹਨ:

### 1. ਮੈਡੀਕਲ ਅੰਡਰਰਾਈਟਿੰਗ

ਮੈਡੀਕਲ ਅੰਡਰਰਾਈਟਿੰਗ ਅਜਿਹੀ ਕਾਰਵਾਈ ਹੈ, ਜਿਸ ਵਿੱਚ ਸਿਹਤ ਬੀਮਾ ਪਾਲਸੀ ਲਈ ਅਪਲਾਈ ਕਰਨ ਵਾਲੇ ਵਿਅਕਤੀ ਦੀ ਸਿਹਤ ਸਥਿਤੀ ਪਤਾ ਕਰਨ ਲਈ ਪੇਸ਼ਕਰਤਾ ਤੋਂ ਮੈਡੀਕਲ ਰਿਪੋਰਟਾਂ ਦੀ ਮੰਗ ਕੀਤੀ ਜਾਂਦੀ ਹੈ। ਇਕੱਤਰ ਕੀਤੀ ਸਿਹਤ ਜਾਣਕਾਰੀ ਨੂੰ ਤਦ ਬੀਮਾਕਰਤਾ ਵਲੋਂ ਇਹ ਪਤਾ ਲਗਾਉਣ ਲਈ ਵਰਤਿਆ ਜਾਂਦਾ ਹੈ ਕਿ ਕੀ ਬੀਮਾ-ਸੁਰੱਖਿਆ ਦੇਣੀ ਹੈ, ਕਿਹੜੀ ਹੱਦ ਤੱਕ ਅਤੇ ਕਿਹੜੀਆਂ ਸ਼ਰਤਾਂ ਤੇ ਅਲਹਿਦਗੀਆਂ ਨਾਲ ਦੇਣੀ ਹੈ। ਇਸਕਰਕੇ ਮੈਡੀਕਲ ਅੰਡਰਰਾਈਟਿੰਗ ਵਿੱਚ ਜੋਖਮ ਮਨਜ਼ੂਰ ਕਰਨ ਜਾਂ ਇਨਕਾਰ ਅਤੇ ਬੀਮਾ-ਸੁਰੱਖਿਆ ਦੀਆਂ ਸ਼ਰਤਾਂ ਦਾ ਵੀ ਪਤਾ ਲਗਾਇਆ ਜਾਂਦਾ ਹੈ।

| ਉਦਾਹਰਨ |
| --- |

ਮੈਡੀਕਲ ਹਾਲਤ ਜਿਵੇਂ ਕਿ ਹਾਈਪਰਟੈਨਸ਼ਨ, ਵੱਧ ਭਾਰ ਹੋਣਾ/ਮੋਟਾਪਾ ਅਤੇ ਵਧਿਆ ਹੋਇਆ ਸ਼ੂਗਰ ਪੱਧਰ ਭਵਿੱਖ ਵਿੱਚ ਦਿਲ, ਗੁਰਦਿਆਂ ਤੇ ਨਾੜੀ ਪ੍ਰਣਾਲੀ ਦੀਆਂ ਬੀਮਾਰੀਆਂ ਕਰਕੇ ਹਸਪਤਾਲ ਵਿੱਚ ਭਰਤੀ ਹੋਣ ਦੀ ਸੰਭਾਵਨਾ ਵਧਾਉਂਦਾ ਹੈ। ਇਸਕਰਕੇ, ਇਹ ਸ਼ਰਤਾਂ ਨੂੰ ਮੈਡੀਕਲ ਅੰਡਰਰਾਈਟਿੰਗ ਲਈ ਜੋਖਮ ਦੇ ਮੁਲਾਂਕਣ ਕਰਨ ਦੇ ਸਮੇਂ ਧਿਆਨ ਨਾਲ ਵਿਚਾਰਨਾ ਚਾਹੀਦਾ ਹੈ।

---

ਮੈਡੀਕਲ ਅੰਡਰਰਾਈਟਿੰਗ ਸੇਧਾਂ ਵਿੱਚ ਪੇਸ਼ਕਰਤਾ ਦੀ ਸਿਹਤ ਸਥਿਤੀ ਦੇ ਐਲਾਨ ਉੱਤੇ ਉਸ ਦੇ ਪਰਿਵਾਰਿਕ ਡਾਕਟਰ ਵਲੋਂ ਦਸਤਖਤ ਕਰਨ ਦੀ ਮੰਗ ਕਰ ਸਕਦੇ ਹਨ।

45-50 ਸਾਲਾਂ ਦੀ ਉਮਰ ਤੋਂ ਵੱਧ ਉਮਰ ਦੇ ਵਿਅਕਤੀ, ਜੋ ਕਿ ਪਹਿਲੀ ਵਾਰ ਬੀਮਾ ਲੈ ਰਹੇ ਹਨ, ਨੂੰ ਸਿਹਤ ਜੋਖਮ ਪਰੋਫਾਇਲ ਪਤਾ ਲਗਾਉਣ ਅਤੇ ਆਪਣੀ ਮੌਜੂਦ ਸਿਹਤ ਸਥਿਤੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਖਾਸ ਸਰੀਰਿਕ ਜਾਂਚ ਕਰਵਾਉਣ ਦੀ ਲੋੜ ਹੁੰਦੀ ਹੈ। ਇੰਝ ਦੀ ਪੜਤਾਲ ਵਿੱਚ ਕਿਸੇ ਪਹਿਲਾਂ-ਮੌਜੂਦਾ ਡਾਕਟਰੀ ਹਾਲਤ ਜਾਂ ਬੀਮਾਰੀ ਦੇ ਮੌਜੂਦ ਲੱਛਣਾਂ ਬਾਰੇ ਵੀ ਸੰਕੇਤ ਦਿੱਤੇ ਜਾਂਦੇ ਹਨ।

2. ਗ਼ੈਰ-ਮੈਡੀਕਲ ਅੰਡਰਰਾਈਟਿੰਗ

ਬਹੁਤੇ ਪੇਸ਼ਕਰਤਾ, ਜੋ ਕਿ ਸਿਹਤ ਬੀਮੇ ਲਈ ਅਪਲਾਈ ਕਰਦੇ ਹਨ, ਨੂੰ ਮੈਡੀਕਲ ਜਾਂਚ ਦੀ ਲੋੜ ਨਹੀਂ ਹੁੰਦੀ ਹੈ।

ਭਾਵੇਂ, ਜੇ ਪੇਸ਼ਕਰਤਾ ਨਾਲ ਪ੍ਰਮੁੱਖ ਤੱਥਾਂ ਬਾਰੇ ਪੂਰੀ ਅਤੇ ਸਹੀਂ ਜਾਣਕਾਰੀ ਦੇਣੀ ਹੁੰਦੀ ਅਤੇ ਉਸ ਨੂੰ ਏਜੰਟ ਵਲੋਂ ਧਿਆਨ ਨਾਲ ਜਾਂਚਿਆ ਗਿਆ ਹੋਵੇ ਤਾਂ ਮੈਡੀਕਲ ਜਾਂਚ ਦੀ ਲੋੜ ਬਹੁਤ ਹੀ ਘੱਟ ਹੋ ਸਕਦੀ ਹੈ।

| ਉਦਾਹਰਨ |
| --- |

ਜੇ ਵਿਅਕਤੀ ਵਲੋਂ ਮੈਡੀਕਲ ਜਾਂਚਾਂ, ਉਡੀਕ ਸਮੇਂ ਤੇ ਕਾਰਵਾਈ ਦੇਰੀਆਂ ਦੇ ਲੰਮੀ ਕਾਰਵਾਈ ਰਾਹੀਂ ਗਏ ਬਿਨਾਂ ਤੁਰੰਤ ਸਿਹਤ ਬੀਮਾ ਸੁਰੱਖਿਆ ਲੈਣੈ ਹੈ ਤਾਂ ਉਹ ਗ਼ੈਰ-ਮੈਡੀਕਲ ਅੰਡਰਰਾਈਟਿੰਗ ਪਾਲਸੀ ਦੀ ਚੋਣ ਕਰ ਸਕਦਾ ਹੈ। ਗ਼ੈਰ-ਮੈਡੀਕਲ ਅੰਡਰਰਾਈਟਿੰਗ ਪਾਲਸੀ ਵਿੱਚ, ਪ੍ਰੀਮੀਅਮ ਦਰਾਂ ਤੇ ਬੀਮਾ ਕਰਵਾਈ ਰਕਮ ਨੂੰ ਅਕਸਰ ਉਮਰ, ਲਿੰਗ, ਸਿਗਰਟ ਪੀਣ ਦੇ ਵਰਗ, ਸਰੀਰਿਕ ਬਣਤਰ ਆਦਿ ਦੇ ਅਧਾਰ ਉੱਤੇ ਕੁਝ ਸਿਹਤ ਸਵਾਲਾਂ ਦੇ ਜਵਾਬਾਂ ਦੇ ਅਧਾਰ ਉੱਤੇ ਤਹਿ ਕੀਤਾ ਜਾਂਦਾ ਹੈ। ਕਾਰਵਾਈ ਤੇਜ਼ ਹੈ, ਪਰ ਪ੍ਰੀਮੀਅਮ ਆਮ ਨਾਲੋਂ ਵੱਧ ਹੋ ਸਕਦਾ ਹੈ।

3. ਸੰਖਿਅਕ ਰੇਟਿੰਗ ਢੰਗ

ਇਹ ਅੰਡਰਰਾਈਟਿੰਗ ਵਿੱਚ ਅਪਨਾਈ ਗਈ ਕਾਰਵਾਈ ਹੈ, ਜਿੱਥੇ ਜੋਖਮ ਦੇ ਹਰੇਕ ਭਾਗ ਦੇ ਅਧਾਰ ਉਤੇ ਅੰਕੀ ਜਾਂ ਫੀਸਦੀ ਮੁਲਾਂਕਣ ਕੀਤੀ ਜਾਂਦਾ ਹੈ।

ਕਾਰਕ, ਜਿਵੇਂ ਕਿ ਉਮਰ, ਲਿੰਗ, ਨਸਲ, ਰੁਜ਼ਗਾਰ, ਰਿਹਾਇਸ਼, ਮਾਹੌਲ, ਸਰੀਰਿਕ ਬਣਤਰ, ਆਦਤਾਂ, ਪਰਿਵਾਰ ਤੇ ਨਿੱਜੀ ਅਤੀਤ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਪਹਿਲਾਂ-ਤਹਿ ਕੀਤੀਆਂ ਸ਼ਰਤਾਂ ਦੇ ਮੁਤਾਬਕ ਅੰਕੀ ਸਕੋਰ ਦਿੱਤਾ ਜਾਂਦਾ ਹੈ।

4. ਅੰਡਰਰਾਈਟਿੰਗ ਫੈਸਲੇ

ਜਦੋਂ ਪ੍ਰਾਪਤ ਜਾਣਕਾਰੀ ਦਾ ਧਿਆਨ ਨਾਲ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਢੁਕਵੇਂ ਜੋਖਮ ਵਰਗਾਂ ਵਿੱਚ ਵੰਡ ਦਿੱਤਾ ਜਾਂਦਾ ਹੈ ਤਾਂ ਅੰਡਰਰਾਈਟਿੰਗ ਕਾਰਵਾਈ ਪੂਰੀ ਹੁੰਦੀ ਹੈ। ਸਾਧਨਾਂ ਤੇ ਉਸ ਦੇ ਫ਼ੈਸਲੇ ਦੇ ਅਧਾਰ ਉੱਤੇ, ਅੰਡਰਰਾਈਟਰ ਜੋਖਮ ਨੂੰ ਹੇਠ ਦਿੱਤੇ ਵਰਗਾਂ ਵਿੱਚ ਵੰਡਦਾ ਹੈ:

a) ਮਿਆਰੀ ਦਰਾਂ ਉੱਤੇ ਜੋਖਮ ਮਨਜ਼ੂਰ ਕਰਨਾ

b) ਵਾਧੂ ਪ੍ਰੀਮੀਅਮ (ਲੋਡਿੰਗ) ਨਾਲ ਜੋਖਮ ਨੂੰ ਮੰਨਣਾ, ਹਾਲਾਂਕਿ ਕਿ ਇਹ ਸਭ ਵਲੋਂ ਨਹੀਂ ਵਰਤਿਆ ਜਾਂਦਾ ਸਕਦਾ ਹੈ।

c) ਕੁਝ ਤੈਅ ਕੀਤੇ ਸਮੇਂ ਲਈ ਬੀਮਾ-ਸੁਰੱਖਿਆ ਨੂੰ ਟਾਲਿਆ ਜਾਂਦਾ ਹੈ।

d) ਬੀਮਾ-ਸੁਰੱਖਿਆ ਦੇਣ ਤੋਂ ਇਨਕਾਰ

e) ਬਦਲਵੀਂ ਪੇਸ਼ਕਸ਼ (ਜਾਂ ਤਾਂ ਬੀਮਾ ਸੁਰੱਖਿਆ ਦੇ ਹਿੱਸੇ ਉੱਤੇ ਪਾਬੰਦੀ ਲਗਾਉਣੀ ਜਾਂ ਇਨਕਾਰ ਕਰਨਾ)

f) ਉੱਚ ਕਟੌਤੀ ਜਾਂ ਸਹਿ-ਭੁਗਤਾਨ ਲਗਾਉਣਾ

g) ਪਾਲਸੀ ਦੇ ਅਧੀਨ ਪੱਕੇ ਤੌਰ ਉੱਤੇ ਅਲਹਿਦਗੀ ਲਾਉਣਾ

ਜੇ ਕਿਸੇ ਬੀਮਾਰੀ ਨੂੰ ਪੱਕੇ ਤੌਰ ਉੱਤੇ ਅਲਹਿਦਾ ਕੀਤਾ ਜਾਂਦ ਹੈ ਤਾਂ ਇਸ ਨੂੰ ਪਾਲਸੀ ਸਰਟੀਫਿਕੇਟ ਵਿੱਚ ਦਰਜ ਕੀਤਾ ਜਾਂਦਾ ਹੈ। ਇਹ ਮਿਆਰੀ ਪਾਲਸੀ ਤੋਂ ਵਾਧੂ ਅਲਹਿਦਗੀ ਬਣ ਜਾਂਦੀ ਹੈ ਅਤੇ ਇਕਰਾਰ ਦਾ ਭਾਗ ਹੋਣਾ ਚਾਹੀਦਾ ਹੈ।

5. ਆਮ ਜਾਂ ਮਿਆਰੀ ਅਲਹਿਦਗੀਆਂ ਦੀ ਵਰਤੋਂ

ਬਹੁਤੀਆਂ ਪਾਲਸੀਆਂ ਅਲਹਿਦਗੀਆਂ ਲਾਗੂ ਕਰਦੀਆਂ ਹਨ, ਜੋ ਕਿ ਉਸ ਦੇ ਸਾਰੇ ਮੈਂਬਰਾਂ ਉੱਤੇ ਲਾਗੂ ਹੁੰਦੀਆਂ ਹਨ। ਉਹਨਾਂ ਨੂੰ ਮਿਆਰੀ ਅਲਹਿਦਗੀਆਂ ਕਹਿੰਦੇ ਹਨ ਜਾਂ ਕਈ ਵਾਰ ਆਮ ਅਲਹਿਦਗੀਆਂ ਵੀ ਕਿਹਾ ਜਾਂਦਾ ਹੈ। ਬੀਮਾਕਰਤਾ ਮਿਆਰੀ ਅਲਹਿਦਗੀਆਂ ਲਗਾ ਕੇ ਆਪਣੇ ਖ਼ਤਰੇ ਦਾ ਸਾਹਮਣਾ ਕਰਨ ਦੀ ਹੱਦ ਸੀਮਿਤ ਕਰਦੇ ਹਨ। ਇਸ ਨੂੰ ਪਿਛਲੇ ਪਾਠਾਂ ਵਿੱਚ ਵਿਚਾਰਿਆ ਜਾ ਚੁੱਕਾ ਹੈ।

6. ਖੇਤਰ ਮੁਤਾਬਕ ਪ੍ਰੀਮੀਅਮ

ਆਮ ਤੌਰ ਉੱਤੇ ਪ੍ਰੀਮੀਅਮ ਵਿਅਕਤੀ ਦੀ ਉਮਰ ਅਤੇ ਚੁਣੀ ਗਈ ਬੀਮਾ ਕਰਵਾਈ ਰਕਮ ਦੇ ਨਾਲ ਸਬੰਧਿਤ ਹੋਵੇਗਾ। ਉੱਚ ਦਾਅਵਾ ਖ਼ਰਚਿਆਂ ਵਾਲੇ ਕੁਝ ਖੇਤਰਾਂ ਵਿੱਚ ਪ੍ਰੀਮੀਅਮ ਅੰਤਰ ਪੇਸ਼ ਕੀਤਾ ਗਿਆ ਜਿਵੇਂ ਕਿ ਦਿੱਲੀ ਤੇ ਮੁੰਬਈ ਇੱਕੋ ਬੀਮਾਕਰਤਾ ਵਲੋਂ ਕੁਝ ਉਤਪਾਦਾਂ ਲਈ ਸਭ ਤੋਂ ਵੱਧ ਪ੍ਰੀਮੀਅਮ ਖੇਤਰ ਦਾ ਹਿੱਸਾ ਹਨ। ਜਿਵੇਂ ਕਿ 55-65 ਸਾਲਾਂ ਦੇ ਉਮਰ ਗਰੁੱਪ ਲਈ ਨਿੱਜੀ ਪਾਲਸੀ ਮੈਟਰੋ ਤੇ 'ਏ ਕਲਾਸ' ਸ਼ਹਿਰਾਂ ਲਈ ਉਸੇ ਉਮਰ ਹੱਦ ਦੇ ਲਈ ਇੰਦੌਰ ਜਾਂ ਜੰਮੂ ਵਰਗੇ ਸ਼ਹਿਰਾਂ ਦੇ ਮੁਕਾਬਲੇ ਵੱਧ ਰੇਟ ਦੀ ਹੋਵੇਗੀ।

**ਖੁਦ ਜਾਂਚ ਕਰੋ 4**

**ਹੇਠ ਦਿੱਤਿਆਂ ਵਿੱਚੋਂ ਕਿਹੜਾ ਬਿਆਨ ਮੈਡੀਕਲ ਅੰਡਰਰਾਈਟਿੰਗ ਲਈ ਗਲਤ ਹੈ?**

I. ਇਸ ਵਿੱਚ ਮੈਡੀਕਲ ਰਿਪੋਰਟਾਂ ਪ੍ਰਾਪਤ ਕਰਨ ਤੇ ਮੁਲਾਂਕਣ ਕਰਨ ਦੀ ਉੱਚ ਕੀਮਤ ਸ਼ਾਮਿਲ ਹੈ।

II. ਮੌਜੂਦਾ ਸਿਹਤ ਹਾਲਤ ਤੇ ਉਮਰ ਸਿਹਤ ਬੀਮੇ ਲਈ ਮੈਡੀਕਲ ਅੰਡਰਰਾਈਟਿੰਗ ਵਾਸਤੇ ਮੁੱਖ ਸਾਧਨ ਹਨ।

III. ਪੇਸ਼ਕਰਤਾਵਾਂ ਨੂੰ ਆਪਣੇ ਸਿਹਤ ਜੋਖਮ ਪਰੋਫਾਇਲ ਦੇ ਮੁਲਾਂਕਣ ਲਈ ਮੈਡੀਕਲ ਤੇ ਸਰੀਰਿਕ ਜਾਂਚ ਕਰਵਾਉਂਣੀ ਹੁੰਦੀ ਹੈ।

IV. ਜੋਖਮ ਦੇ ਹਰੇਕ ਭਾਗ ਉੱਤੇ ਫੀਸਦੀ ਮੁਲਾਂਕਣ ਕੀਤਾ ਜਾਂਦਾ ਹੈ।

## H. ਗਰੁੱਪ ਪੱਧਰ ਉੱਤੇ ਸਿਹਤ ਬੀਮਾ

ਜਦੋਂ ਸਿਹਤ ਬੀਮਾ ਲਈ ਗਰੁੱਪ ਮਨਜ਼ੂਰ ਕੀਤਾ ਜਾਂਦਾ ਹੈ ਤਾਂ ਬੀਮਾਕਰਤਾ ਗਰੁੱਪ ਵਿੱਚ ਕੁਝ ਮੈਂਬਰਾਂ ਦੀ ਮੌਜੂਦਗੀ ਦੀ ਸੰਭਾਵਨਾ ਨੂੰ ਮੰਨਦਾ ਹੈ, ਜਿਹਨਾਂ ਨੂੰ ਗੰਭੀਰ ਤੇ ਆਮ ਤੌਰ ਉੱਤੇ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ।

### 1. ਗਰੁੱਪ ਸਿਹਤ ਬੀਮਾ

ਗਰੁੱਪ ਸਿਹਤ ਬੀਮੇ ਦੇ ਅੰਡਰਰਾਈਟਿੰਗ ਲਈ ਮੁਲਾਂਕਣ ਕਰਨ ਲਈ ਗਰੁੱਪ ਦੇ ਲੱਛਣਾਂ ਦੀ ਪਛਾਣ ਕਰਨ ਦੀ ਲੋੜ ਹੁੰਦੀ ਹੈ, ਕਿ ਕੀ ਇਹ ਬੀਮਾ ਕੰਪਨੀ ਦੀਆਂ ਅੰਡਰਰਾਈਟਿੰਗ ਸੇਧਾਂ ਵਿੱਚ ਆਉਂਦਾ ਹੈ ਤੇ ਕੀ ਬੀਮਾ ਰੈਗੂਲੇਟਰੀ ਵਲੋਂ ਗਰੁੱਪ ਬੀਮਾ ਲਈ ਸੇਧਾਂ ਜਾਰੀ ਕੀਤੀਆਂ ਹਨ।

ਗਰੁੱਪ ਸਿਹਤ ਬੀਮੇ ਲਈ ਮਿਆਰੀ ਅੰਡਰਰਾਈਟਿੰਗ ਕਾਰਵਾਈ ਹੇਠ ਦਿੱਤੇ ਕਾਰਨਾਂ ਉੱਤੇ ਪੇਸ਼ਕਰਤ ਵਾਲੇ ਗਰੁੱਪ ਦੇ ਮੁਲਾਂਕਣ ਦੀ ਲੋੜ ਹੁੰਦੀ ਹੈ:

a) ਗਰੁੱਪ ਦੀ ਕਿਸਮ
b) ਗਰੁੱਪ ਆਕਾਰ
c) ਉਦਯੋਗ ਦੀ ਕਿਸਮ
d) ਬੀਮਾ-ਸੁਰੱਖਿਆ ਲਈ ਯੋਗ ਵਿਅਕਤੀ
e) ਭਾਵੇਂ ਪੂਰੇ ਗਰੁੱਪ ਲਈ ਬੀਮਾ ਸੁਰੱਖਿਆ ਦਿੱਤੀ ਜਾ ਰਹੀ ਹੈ ਜਾਂ ਮੈਂਬਰਾਂ ਵਲੋਂ ਸ਼ਾਮਿਲ ਨਾ ਹੋਣ ਦੀ ਚੋਣ ਹੈ।
f) ਬੀਮਾ-ਸੁਰੱਖਿਆ ਦਾ ਪੱਧਰ - ਕੀ ਸਭ ਲਈ ਇਕਸਾਰ ਹੈ ਜਾਂ ਵੱਖ-ਵੱਖ
g) ਗਰੁੱਪ ਦਾ ਨਿਰਮਾਣ ਲਿੰਗ, ਉਮਰ, ਇੱਕ ਜਾਂ ਵੱਖ-ਵੱਖ ਟਿਕਾਣੇ, ਗਰੁੱਪ ਮੈਂਬਰਾਂ ਦੇ ਆਮਦਨ ਪੱਧਰ, ਮੁਲਾਜ਼ਮ ਟਰਨਓਵਰ ਦਰ, ਕੀ ਪ੍ਰੀਮੀਅਮ ਗਰੁੱਪ ਹੋਲਡਰ ਵਲੋਂ ਪੂਰਾ ਦਿੱਤਾ ਜਾਂਦਾ ਹੈ ਜਾਂ ਮੈਂਬਰਾਂ ਨੂੰ ਪ੍ਰੀਮੀਅਮ ਭੁਗਤਾਨ ਵਿੱਚ ਹਿੱਸਾ ਪਾਉਣ ਦੀ ਲੋੜ ਹੈ, ਦੇ ਰੂਪ ਵਿੱਚ ਕੀਤਾ ਜਾਂਦਾ ਹੈ।
h) ਵੱਖ-ਵੱਖ ਭੂਗੋਲਿਕ ਟਿਕਾਣਿਆਂ ਵਿੱਚ ਵੱਖ-ਵੱਖ ਸਥਾਨਾਂ ਉੱਤੇ ਮੌਜੂਦ ਟਿਕਾਣਿਆਂ ਦੇ ਕੇਸਾਂ ਵਿੱਚ ਪੂਰੇ ਖੇਤਰਾਂ ਵਿੱਚ ਸਿਹਤ-ਦੇਖਭਾਲ ਕੀਮਤ ਵਿੱਚ ਅੰਤਰ

i) ਸੁਤੰਤਰ ਧਿਰ ਪ੍ਰਸ਼ਾਸ਼ਕ (ਆਪਣੀ ਪਸੰਦ ਜਾਂ ਬੀਮਾਕਰਤਾ ਵਲੋਂ ਚੁਣਿਆ) ਜਾਂ ਬੀਮਾਕਰਤਾ ਵਲੋਂ ਖੁਦ ਗਰੁੱਪ ਬੀਮੇ ਦੇ ਪ੍ਰਸ਼ਾਸ਼ਨ ਲਈ ਗਰੁੱਪ ਹੋਲਡਰ ਦੀ ਪਸੰਦ

j) ਪੇਸ਼ਕਰਤਾ ਗਰੁੱਪ ਦਾ ਪਿਛਲਾ ਦਾਅਵਾ ਤਜਰਬਾ

**ਉਦਾਹਰਨ**

**ਸੁਰੰਗਾਂ ਜਾਂ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੇ ਸਮੂਹ ਨੂੰ ਏਅਰ-ਕੰਡੀਸ਼ਨ ਦਫ਼ਤਰਾਂ ਵਿੱਚ ਕੰਮ ਕਰਨ ਵਾਲੇ ਗਰੁੱਪ ਦੇ ਮੈਂਬਰਾਂ ਮੁਕਾਬਲੇ ਵੱਧ ਸਿਹਤ ਜੋਖਮ ਹੈ। ਬੀਮਾਰੀਆਂ (ਭਾਵ ਦਾਅਵਿਆਂ) ਦੀ ਕਿਸਮ ਦੋਵਾਂ ਗਰੁੱਪਾਂ ਲਈ ਬਿਲਕੁਲ ਵੱਖਰੀ ਵੀ ਹੋ ਸਕਦੀ ਹੈ। ਇਸਕਰਕੇ, ਬੀਮਾਕਰਤਾ ਨੂੰ ਦੋਵਾਂ ਕੇਸਾਂ ਵਿੱਚ ਗਰੁੱਪ ਸਿਹਤ ਬੀਮਾ ਪਾਲਸੀ ਦੀ ਕੀਮਤ ਉਸ ਮੁਤਾਬਕ ਰੱਖੇਗਾ।**

**ਇਸੇ ਤਰ੍ਹਾਂ ਉੱਚ ਓਵਰਟਰਨ ਵਾਲੇ ਗਰੁੱਪਾਂ ਜਿਵੇਂ ਕਿ ਆਈਟੀ ਕੰਪਨੀਆਂ, ਦੇ ਕੇਸ ਵਿੱਚ ਬੀਮਾਕਰਤਾ ਬੀਮੇ ਲਈ ਯੋਗ ਬਣ ਤੋਂ ਪਹਿਲਾਂ ਮੁਲਾਜ਼ਮਾਂ ਲਈ ਹਿੱਸਾ ਬਣਨ ਤੋਂ ਪਹਿਲਾਂ ਉਹਨਾਂ ਦੇ ਆਰਜ਼ੀ ਸਮੇਂ ਦੀ ਸ਼ਰਤ ਰੱਖ ਸਕਦੇ ਹਨ।**

2. ਮਾਲਕ-ਮੁਲਾਜ਼ਮ ਗਰੁੱਪਾਂ ਤੋਂ ਬਿਨਾਂ ਹੋਰ ਅੰਡਰਰਾਈਟਿੰਗ

ਮਾਲਕ-ਮੁਲਾਜ਼ਮ ਗਰੁੱਪ ਆਮ ਤੌਰ ਉੱਤੇ ਗਰੁੱਪ ਸਿਹਤ ਬੀਮਾ ਸਭ ਤੋਂ ਵੱਧ ਆਮ ਗਰੁੱਪ ਹੈ, ਗਰੁੱਪ ਅੰਡਰਰਾਈਟਿੰਗ ਦੇ ਦੌਰਾਨ ਗਰੁੱਪ ਸੰਰਚਨਾ ਦਾ ਲੱਛਣ ਸਭ ਤੋਂ ਖਾਸ ਕਾਰਕ ਹੈ।

ਸਿਹਤ ਬੀਮਾ ਗ਼ੈਰ-ਮਾਲਕ ਮੁਲਾਜ਼ਮ ਗਰੁੱਪ ਨੂੰ ਵੀ ਦਿੱਤਾ ਜਾ ਸਕਦਾ ਹੈ। IRDAI ਨੇ ਵੱਖ-ਵੱਖ ਗਰੁੱਪਾਂ ਨਾਲ ਨਿਪਟਣ ਲਈ ਬੀਮਾਕਰਤਾਵਾਂ ਵਲੋਂ ਅਪਨਾਏ ਜਾਣ ਵਾਲੇ ਢੰਗਾਂ ਨੂੰ ਨਿਯਮਤ ਕਰਨ ਦੇ ਮਕਸਦ ਨਾਲ ਗਰੁੱਪ ਬੀਮਾ ਸੇਧਾਂ ਜਾਰੀ ਕੀਤੀਆਂ ਹਨ। ਇੰਝ ਦੇ ਗ਼ੈਰ-ਮਾਲਕ ਗਰੁੱਪਾਂ ਵਿੱਚ ਸ਼ਾਮਿਲ ਹਨ:

a) ਮੁਲਾਜ਼ਮ ਭਲਾਈ ਸੰਸਥਾਵਾਂ

b) ਖਾਸ ਕੰਪਨੀਆਂ ਵਲੋਂ ਜਾਰੀ ਕੀਤੇ ਕਰੈਡਿਟ ਕਾਰਡ ਧਾਰਕ

c) ਖਾਸ ਕਾਰੋਬਾਰ ਦੇ ਗਾਹਕ, ਜਿੱਥੇ ਕਿ ਬੀਮਾ ਸਹਾਇਕ ਫਾਇਦੇ ਵਜੋਂ ਦਿੱਤਾ ਜਾਂਦਾ ਹੈ

d) ਬੈਂਕ ਤੇ ਪੇਸ਼ਵਰ ਸੰਗਠਨਾਂ ਜਾਂ ਸੋਸਾਇਟੀਆਂ ਦੇ ਕਰਜ਼ਦਾਰ

## I. ਵਿਦੇਸ਼ੀ ਯਾਤਰਾ ਬੀਮੇ ਲਈ ਅੰਡਰਰਾਈਟਿੰਗ

ਵਿਦੇਸ਼ੀ ਯਾਤਰਾ ਬੀਮਾ ਪਾਲਸੀਆਂ ਦੇ ਅਧੀਨ ਮੁੱਖ ਬੀਮਾ-ਸੁਰੱਖਿਆ ਸਿਹਤ ਬੀਮਾ-ਸੁਰੱਖਿਆ ਹੁੰਦੀ ਹੈ, ਅੰਡਰਰਾਈਟਿੰਗ ਆਮ ਤੌਰ ਉੱਤੇ ਸਿਹਤ ਬੀਮਾ ਸੁਰੱਖਿਆ ਦੇ ਢੰਗ ਮੁਤਾਬਕ ਹੁੰਦੀ ਹੈ।

ਪ੍ਰੀਮੀਅਮ ਰੇਟਿੰਗ ਅਤੇ ਮਨਜ਼ੂਰੀ ਹਰੇਕ ਕੰਪਨੀ ਦੀਆਂ ਸੇਧਾਂ ਮੁਤਾਬਕ ਹੋਵੇਗੀ, ਪਰ ਕੁਝ ਆਮ ਵਿਚਾਰ ਕੀਤੀਆਂ ਗੱਲਾਂ ਅੱਗੇ ਦਿੱਤੀਆਂ ਹਨ:

1. ਪ੍ਰੀਮੀਅਮ ਦਰ ਪੇਸ਼ਕਰਤਾ ਦੀ ਉਮਰ ਅਤੇ ਵਿਦੇਸ਼ੀ ਯਾਤਰਾ ਦੇ ਸਮੇਂ ਉੱਤੇ ਨਿਰਭਰ ਹੋਵੇਗੀ।
2. ਕਿਉਂਕਿ ਵਿਦੇਸ਼ਾਂ ਵਿੱਚ ਡਾਕਟਰੀ ਇਲਾਜ ਮੰਗਾ ਹੈ, ਇਸਕਰਕੇ ਪ੍ਰੀਮੀਅਮ ਦਰ ਘਰੇਲੂ ਸਿਹਤ ਬੀਮਾ ਪਾਲਸੀਆਂ ਦੇ ਮੁਕਾਬਲੇ ਬਹੁਤ ਵੱਧ ਹੋਵੇਗਾ।
3. ਵਿਦੇਸ਼ਾਂ ਦੇ ਵਿੱਚੋਂ ਵੀ ਅਮਰੀਕਾ ਅਤੇ ਕੈਨੇਡਾ ਲਈ ਪ੍ਰੀਮੀਅਮ ਸਭ ਤੋਂ ਵੱਧ ਹੁੰਦਾ ਹੈ।
4. ਪੇਸ਼ਕਰਤਾ ਵਲੋਂ ਪਾਲਸੀ ਦੀ ਵਰਤੋਂ ਕਰਕੇ ਵਿਦੇਸ਼ ਵਿੱਚ ਡਾਕਟਰੀ ਇਲਾਜ ਕਰਵਾਉਣ ਲਈ ਦੀ ਸੰਭਾਵਨਾ ਨੂੰ ਨਜ਼ਰਅੰਦਾਜ਼ ਕਰਨ ਲਈ ਧਿਆਨ ਰੱਖਣਾ ਚਾਹੀਦਾ ਹੈ ਅਤੇ ਪੇਸ਼ਕਸ਼ ਪੜਾਅ ਉੱਤੇ ਪਹਿਲਾਂ ਮੌਜੂਦਾ ਬੀਮਾਰੀ ਬਾਰੇ ਧਿਆਨ ਨਾਲ ਵਿਚਾਰ ਕਰਨਾ ਚਾਹੀਦਾ ਹੈ।

---

## J. ਨਿੱਜੀ ਹਾਦਸੇ ਬੀਮੇ ਲਈ ਅੰਡਰਰਾਈਟਿੰਗ

ਨਿੱਜੀ ਹਾਦਸਾ ਪਾਲਸੀਆਂ ਲਈ ਅੰਡਰਰਾਈਟਿੰਗ ਲਈ ਧਿਆਨ ਰੱਖਣ ਯੋਗ ਤੱਥ ਹੇਠ ਦਿੱਤੇ ਹਨ:

ਰੇਟਿੰਗ

ਨਿੱਜੀ ਹਾਦਸਾ ਬੀਮੇ ਵਿੱਚ, ਧਿਆਨ ਵਿੱਚ ਰੱਖਣ ਵਾਲਾ ਮੁੱਖ ਕਾਰਨ ਬੀਮਤ ਦਾ ਰੁਜ਼ਗਾਰ ਹੁੰਦਾ ਹੈ। ਰੁਜ਼ਗਾਰ ਜਾਂ ਕੰਮ ਦੇ ਨਾਲ ਸੰਬੰਧਿਤ ਜ਼ੋਖਮ ਕੀਤੇ ਜਾਣ ਵਾਲੇ ਕੰਮ ਦੇ ਮੁਤਾਬਕ ਵੱਖ-ਵੱਖ ਹੁੰਦੇ ਹਨ। ਉਦਾਹਰਨ ਲਈ, ਦਫ਼ਤਰੀ ਮੈਨੇਜਰ ਨੂੰ ਕੰਮ ਉੱਤੇ ਸਾਈਟ, ਜਿਸ ਉੱਤੇ ਇਮਾਰਤ ਬਣਾਈ ਜਾ ਰਹੀ ਹੈ, ਉੱਤੇ ਕੰਮ ਕਰਨ ਵਾਲੇ ਸਿਵਲ ਇੰਜਨੀਅਰ ਦੇ ਮੁਤਾਬਕ ਖਤਰਾ ਘੱਟ ਹੈ। ਰੇਟ ਤੈਅ ਕਰਨ ਜਾਂਦੀ ਦਰ ਰੁਜ਼ਗਾਰਾਂ ਨੂੰ ਗਰੁੱਪਾਂ ਵਿੱਚ ਰੱਖਿਆ ਜਾਂਦਾ ਹੈ, ਜਿੱਥੇ ਕਿ ਹਰੇਕ ਗਰੁੱਪ ਥੋੜ੍ਹੀ ਬਹੁਤ ਵਾਧ-ਘਾਟ ਨਾਲ ਇੱਕੋ ਜਿਹੇ ਜੋਖਮਾਂ ਦਾ ਸਾਹਮਣਾ ਕਰਦਾ ਹੈ।

ਜੋਖਮ ਦਾ ਵਰਗੀਕਰਨ

ਰੁਜ਼ਗਾਰ ਦੇ ਮੁਤਾਬਕ, ਬੀਮਤ ਵਿਅਕਤੀ ਦੇ ਨਾਲ ਸੰਬੰਧਿਤ ਜੋਖਮਾਂ ਨੂੰ ਤਿੰਨ ਗਰੁੱਪਾਂ ਵਿੱਚ ਵੰਡਿਆ ਜਾ ਸਕਦਾ ਹੈ:

- ਜੋਖਮ ਗਰੁੱਪ I

  ਲੇਖਾਕਾਰ, ਡਾਕਟਰ, ਵਕੀਲ, ਆਰਚੀਟੈਕਟ, ਅਤੇ ਪ੍ਰਸ਼ਾਸ਼ਕੀ ਕੰਮਾਂ ਵਿੱਚ ਲੱਗੇ ਵਿਅਕਤੀ, ਮੁੱਖ ਰੂਪ ਵਿੱਚ ਰਲਦੇ-ਮਿਲਦੇ ਖ਼ਤਰਿਆਂ ਵਿੱਚ ਕੰਮ ਕਰਨ ਵਾਲੇ ਵਿਅਕਤੀ।

- **ਜੋਖਮ ਗਰੁੱਪ II**

  ਬਿਲਡਰ, ਠੇਕੇਦਾਰ ਅਤੇ ਕੇਵਲ ਨਿਗਰਾਨੀ ਦੇ ਕੰਮ ਵਿੱਚ ਲੱਗੇ ਇੰਜਨੀਅਰ, ਅਤੇ ਰਲਦੇ-ਮਿਲਦੇ ਖ਼ਤਰਿਆਂ ਵਿੱਚ ਕੰਮ ਕਰਨ ਵਾਲੇ ਵਿਅਕਤੀ। ਹੱਥੀ ਕੰਮ ਕਰਨ ਵਾਲੇ ਦਿਹਾੜੀ ਕਰਨ ਵਾਲੇ (ਗਰੁੱਪ III ਵਿੱਚ ਆਉਣ ਵਾਲਿਆਂ ਤੋਂ ਬਿਨਾਂ),

- **ਜੋਖਮ ਗਰੁੱਪ III**

  ਖਦਾਨਾਂ ਵਿੱਚ ਕੰਮ ਕਰਨ ਵਾਲੇ ਜਾਂ ਵੀਲ੍ਹ ਉੱਤੇ ਰੇਸਾਂ ਲਾਉਣ ਵਰਗੀਆਂ ਸਰਗਰਮੀਆਂ ਨਾਲ ਜੁੜੇ ਵਿਅਕਤੀ ਜਾਂ ਇੰਝ ਦੇ ਖ਼ਤਰਨਾਕ ਰੁਜ਼ਗਾਰ/ਸਰਗਰਮੀਆਂ ਵਿੱਚ ਲੱਗੇ ਵਿਅਕਤੀ ਹਨ।

  ਲੜੀਵਾਰ 'ਸਧਾਰਨ, 'ਮੱਧਮ' ਅਤੇ 'ਉੱਚਾ ਦੇ ਰੂਪ ਵਿੱਚ ਪਛਾਣ ਜੋਖਮ ਗਰੁੱਪ।

**ਉਮਰ ਹੱਦ**

ਕੰਮ ਕਰਨ ਵਾਲੀ ਆਬਾਦੀ (ਕੰਪਨੀ ਮੁਲਾਜ਼ਮ) ਲਈ ਆਮ ਉਮਰ ਹੱਦ 18-70 ਸਾਲ ਹੈ। ਪਰ ਵਿਦਿਆਰਥੀਆਂ ਲਈ ਘੱਟੋ-ਘੱਟ ਉਮਰ 5 ਸਾਲ ਵੀ ਹੋ ਸਕਦੀ ਹੈ।

ਸੁਰੱਖਿਆ ਦੇਣ ਅਤੇ ਨਵਿਆਉਣ ਲਈ ਘੱਟੋ-ਘੱਟ ਅਤੇ ਵੱਧ ਤੋਂ ਵੱਧ ਉਮਰ ਹਰੇਕ ਕੰਪਨੀ ਲਈ ਵੱਖੋ-ਵੱਖ ਹੋ ਸਕਦੀ ਹੈ।

**ਪਰਿਵਾਰ ਪੈਕੇਜ ਸੁਰੱਖਿਆ**

ਨਿੱਜੀ ਹਾਦਸਾ ਪਾਲਸੀ ਵਿੱਚ ਪਰਿਵਾਰ ਪੈਕੇਜ ਸੁਰੱਖਿਆ ਹੁੰਦੀ ਹੈ, ਜਿੱਥੇ ਬੱਚੇ ਅਤੇ ਨਾ-ਕਮਾਈ ਕਰਨ ਵਾਲੇ ਜੀਵਨ-ਸਾਥੀ ਨੂੰ ਮੌਤ ਅਤੇ ਅਪੰਗਤਾ (ਪੂਰਾ ਜਾਂ ਅਧੂਰਾ) ਲਈ ਹੀ ਬੀਮਾ-ਸੁਰੱਖਿਆ ਦਿੱਤੀ ਜਾਂਦੀ ਹੈ।

**ਗਰੁੱਪ ਪਾਲਸੀਆਂ ਵਿੱਚ ਪ੍ਰੀਮੀਅਮ ਛੋਟ**

ਪ੍ਰੀਮੀਅਮ ਉੱਤੇ ਗਰੁੱਪ ਛੋਟ ਦਿੱਤੀ ਜਾਂਦੀ ਹੈ, ਜੇ ਬੀਮਤ ਵਿਅਕਤੀ ਦੀ ਗਿਣਤੀ ਕੁਝ ਸੰਖਿਆ ਤੋਂ ਵੱਧ ਜਾਂਦੀ ਹੈ ਜਿਵੇਂ ਕੀ 100 ਆਦਿ। ਗਰੁੱਪ ਪਾਲਿਸੀ ਹਾਲਾਂਕਿ ਉਦੋਂ ਜਾਰੀ ਕੀਤੀ ਜਾ ਸਕਦੀ ਹੈ ਜਦੋਂ ਸੰਖਿਆ ਛੋਟੀ ਹੋਵੇ, ਜਿਵੇਂ ਕਿ 25 ਪਰ ਬਿਨਾਂ ਕਿਸੇ ਛੋਟ ਦੇ।

**ਗਰੁੱਪ ਛੋਟ ਸ਼ਰਤਾਂ**

ਗਰੁੱਪ ਪਾਲਸੀਆਂ ਆਮ ਤੌਰ ਉੱਤੇ ਨਾਮੀ ਗਰੁੱਪਾਂ ਨੂੰ ਹੀ ਜਾਰੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਗਰੁੱਪ ਛੋਟ ਅਤੇ ਹੋਰ ਫਾਇਦੇ ਲੈਣ ਦੇ ਮਕਸਦ ਲਈ, ਸੁਝਾਏ "ਗਰੁੱਪ" ਨੂੰ ਅੱਗੇ ਦਿੱਤੀਆਂ ਸ਼ਰਤਾਂ ਵਿੱਚੋਂ ਇੱਕ ਨੂੰ ਪੂਰਾ ਕਰਨਾ ਚਾਹੀਦਾ ਹੈ, ਜੋ ਹੇਠ ਦਿੱਤੀਆਂ ਹਨ:

- ਕੰਪਨੀ ਜਾਂ ਰੁਜ਼ਗਾਰ - ਮੁਲਾਜ਼ਮ ਰਿਸ਼ਤਿਆਂ ਵਿੱਚ ਮੁਲਾਜ਼ਮ ਉੱਤੇ ਨਿਰਭਰ ਮੈਂਬਰ ਸ਼ਾਮਲ ਹਨ
- ਰਜਿਸਟਰ ਹੋਈ ਸਹਿਕਾਰੀ ਸੋਸਾਇਟੀ ਦੇ ਮੈਂਬਰ

- ਰਜਿਸਟਰ ਹੋਏ ਸੇਵਾ ਕਲੱਬ ਦੇ ਮੈਂਬਰ
- ਬੈਂਕਾਂ / ਡਿਨਰ / ਮਾਸਟਰ / ਵੀਜ਼ਾ ਦੇ ਕਰੈਡਿਟ ਕਾਰਡ ਧਾਰਕ

ਉੱਤੇ ਦਿੱਤੇ ਵਰਗਾਂ ਤੋਂ ਬਿਨਾਂ ਕਿਸੇ ਵੀ ਹੋਰ ਵਰਗ ਦੇ ਸੰਬੰਧ ਵਿੱਚ ਪੇਸ਼ਕਸ਼ਾਂ ਦੇ ਕੇਸਾਂ ਵਿੱਚ, ਉਹ ਆਜ਼ਾਦ ਹਨ ਅਤੇ ਸੰਬੰਧਿਤ ਬੀਮਾਕਰਤਾ ਦੇ ਤਕਨੀਕੀ ਵਿਭਾਗ ਵਲੋਂ ਫੈਸਲਾ ਕੀਤਾ ਜਾ ਸਕਦਾ ਹੈ।

**ਪ੍ਰੀਮੀਅਮ**

ਖਾਸ ਮੁਲਾਜ਼ਮਾਂ ਲਈ ਪ੍ਰੀਮੀਅਮ ਦੀਆਂ ਵੱਖ-ਵੱਖ ਦਰਾਂ ਨੂੰ ਜੋਖਮਾਂ ਦੇ ਵਰਗੀਕਰਨ ਅਤੇ ਚੁਣੇ ਗਏ ਫਾਇਦਿਆਂ ਮੁਤਾਬਕ ਲਾਗੂ ਕੀਤਾ ਜਾਂਦਾ ਹੈ।

**ਆਨ-ਡਿਊਟੀ ਬੀਮਾ-ਸੁਰੱਖਿਆ**

ਪੀਏ ਪਾਲਸੀਆਂ ਵਿੱਚ ਆਨ-ਡਿਊਟੀ ਅਤੇ ਆਫ਼-ਡਿਊਟੀ ਸਮੇਂ ਜਾਂ ਦੋਵਾਂ ਲਈ ਵੱਖ-ਵੱਖ ਲਈ ਬੀਮਾ-ਸੁਰੱਖਿਆ ਹੋ ਸਕਦੀ ਹਨ। ਪ੍ਰੀਮੀਅਮ ਬੀਮਾ ਕਰਵਾਈ ਰਕਮ, ਡਿਊਟੀ ਦੇ ਘੰਟਿਆਂ ਦੀ ਗਿਣਤੀ ਆ ਉੱਤੇ ਨਿਰਭਰ ਕਰਦਾ ਹੈ। ਕੁਝ ਕੰਪਨੀਆਂ ਸਿਰਫ਼ ਡਿਊਟੀ ਦੇ ਸਮੇਂ ਲਈ ਹੀ ਬੀਮਾ-ਸੁਰੱਖਿਆ ਦੇਣ ਲਈ ਸੀਮਿਤ ਰੱਖਣਾ ਚਾਹੁੰਦੀਆਂ ਹਨ।

**ਮੌਤ ਦੀ ਅਲਹਿਦਗੀ ਬੀਮਾ-ਸੁਰੱਖਿਆ**

ਗਰੁੱਪ ਪੀ.ਏ. ਪਾਲਸੀਆਂ, ਜਿਸ ਵਿੱਚ ਮੌਤ ਫਾਇਦਾ ਸ਼ਾਮਲ ਨਾ ਹੋਵੇ, ਨੂੰ ਜਾਰੀ ਕਰਨਾ ਸੰਭਵ ਹੈ, ਜੋ ਕਿ ਹਰੇਕ ਕੰਪਨੀ ਹਦਾਇਤਾਂ ਉੱਤੇ ਨਿਰਭਰ ਹੈ।

**ਗਰੁੱਪ ਛੋਟ ਤੇ ਬੋਨਸ/ਕਟੌਤੀ**

ਗਰੁੱਪ ਪਾਲਸੀਆਂ ਦੇ ਨਵਿਆਉਣ ਦੇ ਅਧੀਨ ਰੇਟਿੰਗ ਨੂੰ ਦਾਅਵਾ ਤਜਰਬੇ ਦੇ ਮੁਤਾਬਕ ਪਤਾ ਕੀਤਾ ਜਾਂਦਾ ਹੈ।

- ਚੰਗੇ ਤਜਰਬੇ ਲਈ ਨਵਿਆਉਣ ਪ੍ਰੀਮੀਅਮ ਵਿੱਚ ਛੋਟ ਦੇ ਕੇ ਇਨਾਮ ਦਿੱਤਾ ਜਾਂਦਾ ਹੈ (ਬੋਨਸ)
- ਉਲਟ ਤਜਰਬੇ ਲਈ ਨਵਿਆਉਣ ਪ੍ਰੀਮੀਅਮ ਉੱਤੇ ਸਕੇਲ ਦੇ ਮੁਤਾਬਕ ਲੋਡਿੰਗ ਰਾਹੀਂ ਜੁਰਮਾਨਾ ਕੀਤਾ ਜਾਂਦਾ ਹੈ (ਮਾਲੁਸ)
- ਨਵਿਆਉਣ ਉੱਤੇ ਆਮ ਦਰ ਲਾਗੂ ਹੋਵੇਗੀ, ਜੇ ਦਾਅਵਾ ਫੀਸਦੀ 70 ਫੀਸਦੀ ਹੈ

**ਖੁਦ ਜਾਂਚ ਕਰੋ 5**

1) ਗਰੁੱਪ ਸਿਹਤ ਬੀਮੇ ਵਿੱਚ, ਕਿਸੇ ਵੀ ਨਿੱਜੀ ਗਰੁੱਪ ਨਿਰਮਾਣ ਨਾਲ ਬੀਮਾਕਰਤਾ ਦੇ ਲਈ ਉਲਟ-ਚੋਣ ਹੋ ਸਕਦੀ ਹੈ।
2) ਗਰੁੱਪ ਸਿਹਤ ਬੀਮਾ ਕੇਵਲ ਮਾਲਕ-ਮੁਲਾਜ਼ਮ ਗਰੁੱਪਾਂ ਲਈ ਹੀ ਬੀਮਾ-ਸੁਰੱਖਿਆ ਦਿੰਦਾ ਹੈ।

I. ਬਿਆਨ 1 ਸਹੀ ਹੈ ਅਤੇ ਬਿਆਨ 2 ਗਲਤ

II. ਬਿਆਨ 2 ਸਹੀ ਹੈ ਅਤੇ ਬਿਆਨ 1 ਗਲਤ

III. ਬਿਆਨ 1 ਅਤੇ ਬਿਆਨ 2 ਸਹੀ ਹਨ

IV. ਬਿਆਨ 1 ਅਤੇ ਬਿਆਨ 2 ਗਲਤ ਹਨ

---

**ਸਵੈ ਜਾਂਚ ਦੇ ਜਵਾਬ**

**ਜਵਾਬ 1 - ਸਹੀ ਚੋਣ III ਹੈ।**

**ਜਵਾਬ 2 - ਸਹੀ ਚੋਣ III ਹੈ।**

**ਜਵਾਬ 3 - ਸਹੀ ਚੋਣ I ਹੈ।**

**ਜਵਾਬ 4 - ਸਹੀ ਚੋਣ IV ਹੈ।**

**ਜਵਾਬ 5 - ਸਹੀ ਚੋਣ IV ਹੈ।**

---

# ਪਾਠ H-05

# ਸਿਹਤ ਬੀਮਾ ਦਾਅਵੇ

**ਪਾਠ ਜਾਣ-ਪਛਾਣ**

**ਇਸ ਪਾਠ ਵਿੱਚ ਅਸੀਂ ਸਿਹਤ ਬੀਮੇ ਵਿੱਚ ਦਾਅਵੇ ਇੰਤਜ਼ਾਮ ਕਾਰਵਾਈ, ਦਾਅਵੇ ਸੰਬੰਧੀ ਪ੍ਰਕਿਰਿਆਵਾਂ ਅਤੇ ਦਸਤਾਵੇਜ਼ਾਂ ਦੇ ਬਾਰੇ ਵਿਚਾਰ ਕਰਾਂਗੇ। ਇਸ ਤੋਂ ਇਲਾਵਾ ਅਸੀਂ ਨਿੱਜੀ ਹਾਦਸਾ ਬੀਮੇ ਦੇ ਅਧੀਨ ਦਾਅਵਾ ਪਰਬੰਧ ਬਾਰੇ ਵੇਖਾਂਗੇ ਅਤੇ ਟੀਪੀਏ ਦੀ ਭੂਮਿਕਾ ਨੂੰ ਸਮਝਾਂਗੇ।**

**ਸਿੱਖਣ ਦੇ ਨਤੀਜੇ**

A. **ਬੀਮੇ ਵਿੱਚ ਦਾਅਵਾ ਪਰਬੰਧ**

B. **ਸਿਹਤ ਬੀਮਾ ਦਾਅਵਿਆਂ ਦਾ ਪਰਬੰਧ**

C. **ਸਿਹਤ ਬੀਮਾ ਦਾਅਵਿਆਂ ਵਿੱਚ ਦਸਤਾਵੇਜ਼**

D. **ਤੀਜੀ ਧਿਰ ਪ੍ਰਸ਼ਾਸ਼ਕ (ਟੀਪੀਏ) ਦੀ ਭੂਮਿਕਾ**

E. **ਦਾਅਵਾ ਪਰਬੰਧ - ਨਿੱਜੀ ਹਾਦਸਾ**

F. **ਦਾਅਵਾ ਪਰਬੰਧ - ਵਿਦੇਸ਼ੀ ਯਾਤਰਾ ਬੀਮਾ**

**ਇਹ ਪਾਠ ਪੜ੍ਹਨ ਦੇ ਬਾਅਦ, ਤੁਸੀਂ ਯੋਗ ਹੋਣੇ ਚਾਹੀਦੇ ਹੋ:**

a) **ਬੀਮਾ ਦਾਅਵਿਆਂ ਵਿੱਚ ਵੱਖ-ਵੱਖ ਹਿੱਸੇਦਾਰਾਂ ਬਾਰੇ ਸਮਝਾਉਣ**

b) **ਸਮਝਾਉਣ ਦੇ ਕਿ ਸਿਹਤ ਬੀਮਾ ਦਾਅਵਿਆਂ ਦਾ ਪਰਬੰਧ ਕਿਵੇਂ ਕੀਤਾ ਜਾਂਦਾ ਹੈ**

c) **ਸਿਹਤ ਬੀਮਾ ਦਾਅਵਿਆਂ ਨੂੰ ਨਿਪਟਾਰੇ ਲਈ ਲੋੜੀਂਦੇ ਵੱਖ-ਵੱਖ ਦਸਤਾਵੇਜ਼ਾਂ ਬਾਰੇ ਚਰਚਾ ਕਰਨ ਦੇ**

d) **ਸਮਝਾਉਣ ਕਿ ਬੀਮਾਕਰਤਾ ਵਲੋਂ ਦਾਅਵਿਆਂ ਲਈ ਰਾਖਵੇਂ ਕਿਵੇਂ ਕੀਤੇ ਜਾਂਦੇ ਹਨ।**

e) **ਨਿੱਜੀ ਹਾਦਸਾ ਦਾਅਵਿਆਂ ਬਾਰੇ ਚਰਚਾ ਕਰਨੀ**

f) **ਟੀਪੀਏ ਦਾ ਸਿਧਾਂਤ ਤੇ ਭੂਮਿਕਾ ਸਮਝਣਾ**

| A. ਬੀਮੇ ਵਿੱਚ ਦਾਅਵਾ ਪਰਬੰਧ |
|---|

ਇਹ ਸਪਸ਼ਟ ਹੈ ਕਿ ਬੀਮਾ ਇੱਕ 'ਵਾਅਦਾ ਹੈ ਅਤੇ ਪਾਲਸੀ ਉਸ ਵਾਅਦੇ ਦਾ 'ਗਵਾਹ' ਹੈ। ਬੀਮਾ ਕਰਵਾਈ ਘਟਨਾ ਵਾਪਰਨ ਨਾਲ ਪਾਲਸੀ ਦੇ ਅਧੀਨ ਦਾਅਵਾ ਉਸ ਵਾਅਦਾ ਦਾ ਅਸਲ ਟੈਸਟ ਹੁੰਦਾ ਹੈ। ਬੀਮਾਕਰਤਾ ਨੇ ਕਿੰਨਾ ਵਧੀਆ ਮੁਲਾਂਕਣ ਕੀਤਾ ਸੀ, ਜੋ ਕਿ ਉਸ ਵਲੋਂ ਆਪਣੇ ਦਾਅਵੇ ਵਾਅਦਿਆਂ ਨੂੰ ਪੂਰਾ ਕਰਨ ਉੱਤੇ ਨਿਰਭਰ ਹੈ। ਬੀਮੇ ਵਿੱਚ ਮੁੱਖ ਰੇਟਿੰਗ ਕਾਰਨਾਂ ਵਿੱਚ ਇੱਕ ਹੈ ਬੀਮਾ ਕੰਪਨੀ ਵਲੋਂ ਦਾਅਵਿਆਂ ਦੇ ਭੁਗਤਾਨ ਕਰਨ ਦੇ ਸਮਰੱਥ ਹੈ।

1. ਦਾਅਵਾ ਕਾਰਵਾਈ ਵਿੱਚ ਹਿੱਸੇਦਾਰ

ਵਿਅਕਤੀ ਨੂੰ ਦਾਅਵੇ ਕਿਵੇਂ ਨਿਪਟਾਏ ਜਾਂਦੇ ਹਨ ਨੂੰ ਵਿਚਾਰਨ ਤੋਂ ਪਹਿਲਾਂ ਦਾਅਵਿਆਂ ਦੀ ਕਾਰਵਾਈ ਵਿੱਚ ਹਿੱਤ ਰੱਖਣ ਵਾਲੀਆਂ ਧਿਰਾਂ ਨੂੰ ਸਮਝਣਾ ਚਾਹੀਦਾ ਹੈ।

Diagram 1: ਦਾਅਵਾ ਕਾਰਵਾਈ ਵਿੱਚ ਹਿੱਸੇਦਾਰ




| | |
|---|---|
| ਗਾਹਕ | ਵਿਅਕਤੀ, ਜੋ ਕਿ ਬੀਮਾ ਖਰੀਦ ਦਾ ਹੈ, ਪਹਿਲਾਂ ਹਿੱਸੇਦਾਰ ਹੈ ਅਤੇ 'ਦਾਅਵੇ ਦਾ ਪ੍ਰਾਪਤ ਕਰਤਾ ਹੈ। |
| ਮਾਲਕ | ਬੀਮਾ ਕੰਪਨੀ ਦੇ ਮਾਲਕ ਦਾ ਸਭ ਤੋਂ ਵੱਡਾ ਹਿੱਸਾ ਹੁੰਦਾ ਹੈ, ਕਿਉਂਕਿ ਉਹ 'ਦਾਅਵਿਆਂ ਦਾ ਭੁਗਤਾਨ ਕਰਦਾ ਹੈ। ਭਾਵੇਂ ਜੇ ਦਾਅਵਾ ਪਾਲਸੀ ਧਾਰਕਾਂ ਦੇ ਫੰਡਾਂ ਤੋਂ ਪੂਰਾ ਨਹੀਂ ਪੈਂਦਾ ਤਾਂ ਵੀ ਬਹੁਤੇ ਹਾਲਤਾਂ ਵਿੱਚ ਵਾਅਦਾ ਪੂਰਾ ਕਰਨਾ ਉਸ ਦੀ ਜ਼ਿੰਮੇਵਾਰੀ ਹੈ। |
| ਅੰਡਰਰਾਈਟਰ | ਬੀਮਾ ਕੰਪਨੀ ਦੇ ਵਿੱਚ ਅਤੇ ਪੂਰੇ ਬੀਮਾਕਰਤਾਵਾਂ ਦੇ ਨਾਲ ਦਾਅਵਿਆਂ ਨੂੰ ਸਮਝਣਾ ਤੇ ਉਤਪਾਦ ਤਿਆਰ ਕਰਨੇ, ਪਾਲਸੀ ਸ਼ਰਤਾਂ ਦਾ ਫੈਸਲਾ ਕਰਨਾ, ਸ਼ਰਤਾਂ ਤੇ ਕੀਮਤ ਤਹਿ ਕਰਨਾ ਅੰਡਰਰਾਈਟਰਾਂ ਦੀ ਜ਼ਿੰਮੇਵਾਰੀ ਹੈ। |

| | |
|---|---|
| ਰੈਗੂਲੇਟਰ | ਰੈਗੂਲੇਟਰ (ਭਾਰਤੀ ਬੀਮਾ ਰੈਗੂਲੇਟਰੀ ਤੇ ਵਿਕਾਸ ਅਥਾਰਟੀ) ਮੁੱਖ ਹਿੱਸੇਦਾਰ ਹੈ, ਜਿਸ ਦਾ ਮੁੱਖ ਟੀਚਾ ਹੈ:<br>✓ ਬੀਮਾ ਮਾਹੌਲ ਵਿੱਚ ਨਿਯਮ ਬਣਾਈ ਰੱਖਣੇ<br>✓ ਪਾਲਸੀ ਹੋਲਡਰ ਦੇ ਹਿੱਤਾਂ ਦੀ ਸੁਰੱਖਿਆ<br>✓ ਬੀਮਾਕਰਤਾਵਾਂ ਦੀ ਲੰਮੇ ਸਮੇਂ ਲਈ ਵਿੱਤੀ ਹਾਲਤ ਨੂੰ ਯਕੀਨੀ ਬਣਾਉਣਾ |
| ਤੀਜੀ ਧਿਰ ਪ੍ਰਸ਼ਾਸ਼ਕ | ਸੇਵਾ ਵਿਚੋਲਿਆਂ ਨੂੰ ਤੀਜੀ ਧਿਰ ਪ੍ਰਸ਼ਾਸ਼ਕ ਕਹਿੰਦੇ ਹਨ, ਜੋ ਕਿ ਸਿਹਤ ਬੀਮਾ ਦਾਅਵਿਆਂ ਉੱਤੇ ਕਾਰਵਾਈ ਕਰਦੇ ਹਨ। |
| ਬੀਮਾ ਏਜੰਟ / ਦਲਾਲ | ਬੀਮਾ ਏਜੰਟ / ਦਲਾਲ ਨਾ ਕੇਵਲ ਪਾਲਸੀਆਂ ਵੇਚਦੇ ਹਨ, ਬਲਕਿ ਉਹਨਾਂ ਤੋਂ ਦਾਅਵੇ ਦੇ ਕੇਸ ਵਿੱਚ ਗਾਹਕਾਂ ਨੂੰ ਸੇਵਾ ਦੇਣ ਦੀ ਉਮੀਦ ਕੀਤੀ ਜਾਂਦੀ ਹੈ। |
| ਪੂਰਕ / ਹਸਪਤਾਲ | ਉਹ ਯਕੀਨੀ ਬਣਾਉਂਦੇ ਹਨ ਕਿ ਗਾਹਕ ਨੂੰ ਸੌਖਾ ਦਾਅਵਾ ਮਿਲੇ, ਖਾਸ ਤੌਰ ਉੱਤੇ ਜਦੋਂ ਹਸਪਤਾਲ ਟੀਪੀਏ ਦੇ ਪੈਨਲ ਉੱਤੇ ਹੈ ਤਾਂ ਬੀਮਾਕਰਤਾ ਨੂੰ ਨਕਦੀ-ਰਹਿਤ ਹਸਪਤਾਲ ਵਿੱਚ ਭਰਤੀ ਹੋਣ ਦੀ ਸਹੂਲਤ ਦੇਣੀ ਹੁੰਦੀ ਹੈ। |

ਇਸਕਰਕੇ ਦਾਅਵਿਆਂ ਦੇ ਪਰਬੰਧ ਦਾ ਮਤਲਬ ਦਾਅਵੇ ਦੇ ਸੰਬੰਧ ਵਿੱਚ ਇਹਨਾਂ ਵਿਚੋਂ ਹਰੇਕ ਧਿਰ ਦੇ ਮਕਸਦ ਦਾ ਪਰਬੰਧ ਕਰਨਾ ਹੈ। ਬੇਸ਼ੱਕ, ਇਹ ਹੋ ਸਕਦਾ ਹੈ ਕਿ ਇਹਨਾਂ ਮਕਸਦਾਂ ਵਿੱਚੋਂ ਕੁਝ ਲਈ ਇੱਕ ਦੂਜੇ ਨਾਲ ਟਕਰਾ ਹੋਵੇ।

ਰਾਖਵੀਂ ਰਕਮ: ਕਈ ਕੇਸਾਂ ਵਿੱਚ ਬੀਮਾ ਕੰਪਨੀਆਂ ਦਾਅਵੇ ਨੂੰ ਫ਼ੌਰਨ ਨਿਪਟਾਉਣ ਦੇ ਸਮਰੱਥ ਨਹੀਂ ਹੁੰਦੀਆਂ ਹਨ ਅਤੇ ਜਾਣਕਾਰੀ ਜਾਂ ਝਗੜਿਆਂ, ਕਨੂੰਨ ਫ਼ੈਸਲਿਆਂ ਆਦ ਦੀ ਉਡੀਕ ਕਰਨੀ ਪੈ ਸਕਦੀ ਹੈ। ਇਸਕਰਕੇ ਉਹ ਦਾਅਵੇ ਦੀਆਂ ਰਕਮਾਂ ਨੂੰ ਭੁਗਤਾਨ ਦੇਣ ਤੱਕ ਰਾਖਵੀਂ ਰਕਮ ਵਜੋਂ ਰੋਕ ਕੇ ਰੱਖਦੀਆਂ ਹਨ। ਰਾਖਵੀਂ ਰਕਮ ਅਕਸਰ ਰਕਮ ਦਾ ਬੀਮਾਂਕਿਕ ਅੰਦਾਜ਼ਾ ਹੁੰਦਾ ਹੈ, ਜੋ ਕਿ ਬਕਾਇਆ ਦਾਅਵਿਆਂ ਉੱਤੇ ਭੁਗਤਾਨ ਕੀਤਾ ਜਾਵੇਗਾ।

ਰਾਖਵਾਂਕਰਨ ਦਾਅਵਿਆਂ ਦੀ ਸਥਿਤੀ ਮੁਤਾਬਕ ਬੀਮਾਕਰਤਾ ਦੇ ਲੇਖਾ-ਕਿਤਾਬਾਂ ਵਿੱਚ ਸਭ ਦਾਅਵਿਆਂ ਲਈ ਕੀਤੇ ਪਰਬੰਧ ਦੀ ਰਕਮ ਨੂੰ ਦਰਸਾਉਂਦਾ ਹੈ।

| ਆਪਣੇ ਆਪ ਨੂੰ ਪਰਖੋ 1 |
|---|

ਹੇਠ ਦਿੱਤਿਆਂ ਵਿੱਚੋਂ ਕਿਹੜਾ ਸਿਹਤ ਬੀਮਾ ਦਾਅਵਾ ਕਾਰਵਾਈ ਵਿੱਚ ਹਿੱਸੇਦਾਰ ਨਹੀਂ ਹੈ?

I. ਗਾਹਕ

II. ਪੁਲਿਸ ਵਿਭਾਗ

III. ਰੈਗੂਲੇਟਰ

IV. ਟੀਪੀਏ(TPA)

## B. ਸਿਹਤ ਬੀਮਾ ਦਾਅਵਿਆਂ ਦਾ ਪਰਬੰਧ

### 1. ਸਿਹਤ ਬੀਮੇ ਵਿੱਚ ਦਾਅਵਾ ਕਾਰਵਾਈ

ਦਾਅਵੇ ਲਈ ਸੇਵਾ ਬੀਮਾ ਕੰਪਨੀ ਵਲੋਂ ਖੁਦ ਜਾਂ ਬੀਮਾ ਕੰਪਨੀ ਵਲੋਂ ਪ੍ਰਮਾਣਿਤ ਕੀਤੇ ਤੀਜੀ ਧਿਰ ਪ੍ਰਸ਼ਾਸ਼ਕ (ਟੀਪੀਏ) ਵਲੋਂ ਦਿੱਤੀ ਜਾਂਦੀ ਹੈ।


ਬੀਮਾਕਰਤਾ / ਟੀਪੀਏ ਕੋਲ ਦਾਅਵਾ ਕਰਨ ਸਮੇਂ ਤੋਂ ਪਾਲਸੀ ਸ਼ਰਤਾਂ ਦੇ ਮੁਤਾਬਕ ਕੀਤੇ ਜਾਣ ਵਾਲੇ ਭੁਗਤਾਨ ਤੱਕ, ਸਿਹਤ ਦਾਅਵੇ ਨੂੰ ਤਹਿਸ਼ੁਦਾ ਪੜਾਆਵਾਂ ਵਿੱਚੋਂ ਗੁਜ਼ਰਨਾ ਹੁੰਦਾ ਹੈ, ਜਿਸ ਵਿੱਚ ਹਰੇਕ ਦੀ ਆਪਣੀ ਮਹੱਤਤਾ ਹੁੰਦੀ ਹੈ।

ਹੇਠ ਦਿੱਤੇ ਵੇਰਵੇ ਸਮੇਤ ਕਾਰਵਾਈ ਸਿਹਤ ਬੀਮਾ (ਹਸਪਤਾਲ ਵਿੱਚ ਭਰਤੀ ਹੋਣ) ਹਰਜਾਨਾ ਉਤਪਾਦਾਂ ਦੇ ਹਵਾਲੇ ਲਈ ਹੈ, ਜੋ ਕਿ ਸਿਹਤ ਬੀਮਾ ਕਾਰੋਬਾਰ ਦਾ ਵੱਡਾ ਹਿੱਸਾ ਬਣਾਉਂਦਾ ਹੈ।

ਸਥਿਰ ਫਾਇਦਾ ਉਤਪਾਦਾਂ ਜਾਂ ਗੰਭੀਰ ਬੀਮਾਰੀ ਜਾਂ ਰੋਜ਼ਾਨਾ ਨਕਦ ਉਤਪਾਦਾਂ ਆਦਿ ਅਧੀਨ ਦਾਅਵੇ ਲਈ ਆਮ ਕਰਵਾਈ ਤੇ ਸਹਾਇਕ ਦਸਤਾਵੇਜ਼ ਲਗਭਗ ਮਿਲਦੇ ਹੋਣਗੇ, ਸਿਰਫ਼ ਇਹ ਤੱਥ ਦੇ ਕਿ ਇੰਞ ਦੇ ਦੇ ਉਤਪਾਦ ਨਕਦੀ-ਰਹਿਤ ਸਹੂਲਤਾਂ ਨਾਲ ਨਹੀਂ ਹੋ ਸਕਦੇ ਹਨ।

ਦਾਅਵੇ ਦੀਆਂ ਹਰਜਾਨੇ ਅਤੇ ਧਨ-ਵਾਪਸੀ ਕਿਸਮਾਂ ਦੇ ਦੋਵਾਂ ਕੇਸਾਂ ਵਿੱਚ ਮੂਲ ਪੜਾਅ ਇੱਕੋ ਜਿਹੇ ਹੀ ਹੁੰਦੇ ਹਨ।

Diagram 2: ਦਾਅਵਾ ਕਾਰਵਾਈ ਵਿੱਚ ਮੁੱਖ ਤੌਰ ਅੱਗੇ ਦਿੱਤੇ ਪੜਾਅ ਹੁੰਦੇ ਹਨ (ਠੀਕ ਇਸ ਕ੍ਰਮ ਵਿੱਚ ਜ਼ਰੂਰੀ ਨਹੀਂ)




a) ਸ਼ੁਰੂਆਤ

ਦਾਅਵਾ ਸ਼ੁਰੂਆਤ ਗਾਹਕ ਤੇ ਦਾਅਵਾ ਟੀਮ ਵਿਚਾਲੇ ਸੰਪਰਕ ਦਾ ਪਹਿਲਾਂ ਮੌਕਾ ਹੁੰਦਾ ਹੈ। ਗਾਹਕ ਕੰਪਨੀ ਨੂੰ ਜਾਣਕਾਰੀ ਦੇ ਸਕਦਾ ਹੈ ਕਿ ਉਹ ਹਸਪਤਾਲ ਵਿੱਚ ਭਰਤੀ ਹੋਣ ਜਾ ਰਿਹਾ ਹੈ ਜਾਂ ਸ਼ੁਰੂਆਤ ਹਸਪਤਾਲ ਵਿੱਚ ਭਰਤੀ ਹੋਣ ਜਾਣ ਦੇ ਬਾਅਦ ਕੀਤੀ ਜਾਵੇਗੀ, ਖਾਸ ਤੌਰ ਉੱਤੇ ਹਸਪਤਾਲ ਵਿੱਚ ਐਮਰਜੈਂਸੀ ਹਾਲਤ ਦੇ ਕੇਸ ਵਿੱਚ।

ਹੁਣ ਤੱਕ ਦਾਅਵੇ ਦੇ ਸ਼ੁਰੂਆਤ ਦਾ ਕੰਮ ਕੇਵਲ ਰਸਮੀ ਹੀ ਸੀ। ਪਰ, ਹੁਣ ਬੀਮਾਕਰਤਾ ਨੇ ਦਾਅਵੇ ਦੀ ਸ਼ੁਰੂਆਤ ਨੂੰ ਜਿੰਨਾ ਵੀ ਛੇਤੀ ਸੰਭਵ ਹੋਵੇ ਸ਼ੁਰੂ ਕਰਨ ਨੂੰ ਜ਼ਰੂਰੀ ਕਰਨਾ ਸ਼ੁਰੂ ਕਰ ਦਿੱਤਾ ਹੈ। ਆਮ ਤੌਰ ਉੱਤੇ ਇਹ

ਵਿਉਂਤਬੰਦ ਦੇ ਰੂਪ ਵਿੱਚ ਹਸਪਤਾਲ ਵਿੱਚ ਦਾਖਲ ਹੋਣ ਦੇ ਕੇਸ ਵਿੱਚ ਅਤੇ ਐਮਰਜੈਂਸੀ ਦੇ ਕੇਸ ਵਿੱਚ ਹਸਪਤਾਲ ਵਿੱਚ ਭਰਤੀ ਹੋਣ ਦੇ 24 ਘੰਟਿਆਂ ਵਿੱਚ ਜ਼ਰੂਰੀ ਹੈ। ਸੂਚਨਾ ਹੁਣ ਬੀਮਾਕਰਤਾ/ਟੀਪੀਏ ਵਲੋਂ ਚਲਾਏ ਜਾਂਦੇ ਮੋਬਾਈਲ ਐਪਾਂ/ਕਾਲ ਸੈਂਟਰਾਂ, ਜੋ ਕਿ 24 ਘੰਟੇ ਖੁੱਲ੍ਹੇ ਰਹਿੰਦੇ ਹਨ, ਦੇ ਨਾਲ ਨਾਲ ਇੰਟਰਨੈਟ ਅਤੇ ਈਮੇਲ ਰਾਹੀਂ ਦੇਣੀ ਸੰਭਵ ਹੈ।

b) ਰਜਿਸਟਰੇਸ਼ਨ

ਜਦੋਂ ਇੱਕ ਵਾਰ ਕੰਪਨੀ ਨੂੰ ਸਿੱਧੇ ਜਾਂ TPA ਰਾਹੀਂ ਸੂਚਨਾ ਮਿਲ ਜਾਵੇ ਤਾਂ ਵੇਰਵਿਆਂ ਨੂੰ ਦਰੁਸਤ ਹੋਣ ਲਈ ਮਿਲਾਇਆ ਜਾਂਦਾ ਹੈ ਅਤੇ ਰੈਫਰੈਂਸ ਨੰਬਰ ਜਾਂ ਦਾਅਵਾ ਕੰਟਰੋਲ ਨੰਬਰ ਬਣਾਇਆ ਜਾਂਦਾ ਹੈ ਅਤੇ ਦਾਅਵੇਦਾਰ ਨੂੰ ਸੂਚਿਤ ਕਰ ਦਿੱਤਾ ਜਾਂਦਾ ਹੈ। ਦਸਤਾਵੇਜ਼ਾਂ ਨੂੰ ਤਦ ਸੰਖੇਪ ਰੂਪ ਵਿੱਚ ਕਰਵੇਜ਼ ਅਤੇ ਹਸਪਤਾਲ ਦੇ ਖ਼ਰਚਿਆਂ ਦੀ ਪਹਿਲਾਂ-ਪਰਮਾਣਕਿਤਾ, ਜੇ ਨਕਦੀ-ਰਹਿਤ ਸਕੀਮ ਦੇ ਤਹਿਤ ਵਿਉਂਤੀ ਸਰਜਰੀ ਲਈ ਸੂਚਨਾ ਹੋਵੇ, ਲਈ ਛਾਣਬੀਣ ਕੀਤੀ ਜਾਂਦੀ ਹੈ (ਵੇਰਵੇ ਅਗਲੇ ਭਾਗ ਵਿੱਚ ਹਨ)।

ਦਾਅਵੇ, ਜੋ ਕਿ ਧਨ-ਵਾਪਸੀ ਦੇ ਅਧਾਰ ਉੱਤੇ ਆਖਰੀ ਨਿਪਟਾਰੇ ਵਜੋਂ ਆਉਂਦੇ ਹਨ, ਦੇ ਦਾਖ਼ਲ ਹੋਣ, ਬੀਮਾ ਕੀਤੀ ਰਕਮ, ਕਟੌਤੀਆਂ, ਅਧੀਨ-ਹੱਦ ਆਦਿ ਬਾਰੇ ਛਾਣਬੀਣ ਕੀਤੀ ਜਾਂਦੀ ਹੈ। ਜੇ ਕਿਸੇ ਦਸਤਾਵੇਜ਼ ਵਿੱਚ ਵਾਧ-ਘਾਟ ਹੋਵੇ ਤਾਂ ਉਹਨਾਂ ਬਾਰੇ ਇਕੱਠੇ ਸੂਚਿਤ ਕੀਤਾ ਜਾਣਾ ਚਾਹੀਦਾ, ਇੱਕ ਇੱਕ ਕਰਕੇ ਨਹੀਂ। ਇਹ ਯਾਦ ਰੱਖਣਾ ਵੀ ਵਧੀਆ ਹੈ ਕਿ ਦਾਅਵਿਆਂ ਦੀ ਕਾਰਵਾਈ ਵਿੱਚ ਸਿਰਫ਼ ਇਕਰਾਰ ਦੀਆਂ ਸ਼ਰਤਾਂ ਨੂੰ ਪੂਰਾ ਕਰਨ ਨੂੰ ਯਕੀਨੀ ਬਣਾਉਣਾ ਹੀ ਨਹੀਂ ਹੁੰਦਾ, ਬਲਕਿ ਇਹ ਵੀ ਯਕੀਨੀ ਬਣਾਇਆ ਜਾਂਦਾ ਹੈ ਕਿ ਹਸਪਤਾਲ ਵੱਧ ਖ਼ਰਚੇ, ਦੂਹਰੇ ਖ਼ਰਚੇ ਆਦਿ ਨਾਲ ਲਾਉਣ।

ਉਦਾਹਰਨ

ਹਸਪਤਾਲ ਵਿੱਚ ਭਰਤੀ ਹੋਣਾ ਆਮ ਤੌਰ ਉੱਤੇ ਇਲਾਜ ਦੇ ਐਲੋਪੈਥੀ ਢੰਗ ਨਾਲ ਸੰਬੰਧਿਤ ਹੈ। ਪਰ, ਮਰੀਜ਼ ਹੋਰ ਢੰਗਾਂ ਨਾਲ ਇਲਾਜ ਵੀ ਕਰਵਾ ਸਕਦਾ ਹੈ:

- ✓ ਯੂਨਾਨੀ
- ✓ ਸਿੱਧਾ
- ✓ ਹੋਮੋਪੈਥੀ
- ✓ ਆਯੂਰਵੇਦ
- ✓ ਕੁਦਰਤੀ-ਇਲਾਜ ਆਦਿ।

ਬਹੁਤੀਆਂ ਪਾਲਸੀਆਂ ਵਿੱਚ ਹੁਣ ਇਹ ਇਲਾਜ ਸ਼ਾਮਲ ਹੁੰਦੇ ਹਨ, ਪਰ ਇੱਥੇ ਕੁਝ ਅਧੀਨ-ਹੱਦਾਂ ਹੋ ਸਕਦੀਆਂ ਹਨ।

ਟੈਲੀ-ਮੈਡੀਸਨ: IRDAI ਨੇ ਬੀਮਾਕਰਤਾ ਨੂੰ ਮੈਡੀਕਲ ਬੀਮਾ ਪਾਲਸੀਆਂ ਦੇ ਨਿਯਮਾਂ ਤੇ ਸ਼ਰਤਾਂ ਵਿੱਚ ਜਿੱਥੇ ਨਿਯਮਤ ਮੈਡੀਕਲ ਸਲਾਹ ਦੀ ਇਜਾਜ਼ਤ ਹੈ, ਉੱਥੇ ਹੀ ਟੈਲੀ-ਮੈਡੀਸਨ ਦੀ ਇਜਾਜ਼ਤ ਦੇਣ ਲਈ ਕਿਹਾ ਹੈ।

ਇਸ ਨਾਲ ਪਾਲਸੀ ਧਾਰਕ ਨੂੰ ਮਦਦ ਮਿਲੇਗੀ, ਜੋ ਕਿ ਘਰੋਂ ਬਾਹਰ ਜਾਣ ਤੋਂ ਪਰਹੇਜ਼ ਕਰਦੇ ਹਨ ਜਾਂ ਜੇ ਉਹਨਾਂ ਨੂੰ ਕਰੋਨਾ-ਵਾਈਰਸ ਦੀ ਲਾਗ ਕਰਕੇ ਖੁਦ ਨੂੰ ਅਲਹਿਦਾ ਰਹਿਣਾ ਪੈ ਰਿਹਾ ਹੈ, ਉਹ ਮੈਡੀਕਲ ਪਟੀਸ਼ਨਰ ਨਾਲ ਆਨਲਾਈਨ ਜਾਂ ਟੈਲੀਫੋਨ ਰਾਹੀਂ ਸਲਾਹ ਲੈ ਸਕਦੇ ਹਨ।

ਅੰਤਿਮ ਦਾਅਵਾ ਭੁਗਤਾਨ-ਯੋਗ ਉੱਤੇ ਪਹੁੰਚਣਾ: ਕਾਰਕ, ਜੋ ਕਿ ਤੈਅ ਕਰਦੇ ਹਨ ਕਿ ਦਾਅਵੇ ਦੀ ਰਕਮ ਭੁਗਤਾਨਯੋਗ ਹੈ, ਹਨ:

a) ਪਾਲਸੀ ਦੇ ਅਧੀਨ ਮੈਂਬਰਾਂ ਲਈ ਮੌਜੂਦ ਬੀਮਾ ਕਰਵਾਈ ਰਕਮ

b) ਪਾਲਸੀ ਦੇ ਅਧੀਨ ਮੈਂਬਰਾਂ ਲਈ ਪਹਿਲਾਂ ਕਿਸੇ ਕੀਤੇ ਗਏ ਦਾਅਵੇ ਤੋਂ ਬਾਅਦ ਬਾਕੀ ਬੀਮਾ ਕਰਵਾਈ ਰਕਮ ਉਪਲੱਬਧ ਹੁੰਦੀ ਹੈ।

c) ਅਧੀਨ-ਹੱਦ

d) ਬੀਮਾਰੀ ਲਈ ਕਿਸੇ ਖਾਸ ਹੱਦ ਤੱਕ ਜਾਂਚ

e) ਜਾਂਚ ਕਰਨੀ ਕਿ ਕੀ ਹੱਕਦਾਰ ਹੈ ਜਾਂ ਇਕੱਤਰ ਕੀਤਾ ਬੋਨਸ ਨਹੀਂ ਹੈ

f) ਪਾਬੰਦੀ ਨਾਲ ਸੁਰੱਖਿਆ ਪ੍ਰਾਪਤ ਹੋਰ ਖ਼ਰਚੇ:

ਅੰਤ ਉੱਤੇ ਭੁਗਤਾਨ ਵਾਜਬ ਅਤੇ ਰਿਵਾਜੀ ਭੁਗਤਾਨ ਦਾ ਅਰਥ ਸੇਵਾ ਜਾਂ ਸਪਲਾਈ ਲਈ ਖ਼ਚਰਿਆਂ ਤੋਂ ਹੈ, ਜੋ ਕਿ ਖਾਸ ਪੂਰਕ ਲਈ ਮਿਆਰੀ ਖ਼ਰਚੇ ਹਨ ਅਤੇ ਇਹੋ ਜਹੀ ਰਲਦੀ ਸੇਵਾ ਲਈ ਭੂਗੋਲਿਕ ਖੇਤਰ ਵਿੱਚ ਹੋਈ ਬੀਮਾਰੀ / ਸੱਟ ਦੀ ਕਿਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਚਲਿਤ ਖ਼ਰਚਿਆਂ ਨਾਲ ਮਿਲਦੇ ਹਨ।

ਪਹਿਲਾਂ ਹਰੇਕ ਟੀਪੀਏ/ਬੀਮਾਕਰਤਾ ਕੋਲ ਗ਼ੈਰ-ਭੁਗਤਾਨਯੋਗ ਆਈਟਮਾਂ ਦੀ ਆਪਣੀ ਸੂਚੀ ਹੁੰਦੀ ਸੀ, ਹੁਣ IRDAI ਸਿਹਤ ਬੀਮਾ ਮਿਆਰੀਕਰਨ ਸੇਧਾਂ ਅਧੀਨ ਮਿਆਰੀ ਬਣਾ ਦਿੱਤੀ ਗਈ ਹੈ।

c) ਦਾਅਵੇ ਦਾ ਭੁਗਤਾਨ

ਇੱਕ ਵਾਰ ਭੁਗਤਾਨਯੋਗ ਦਾਅਵਾ ਰਕਮ ਪਤਾ ਲਗਾਉਣ ਉੱਤੇ, ਗਾਹਕ ਜਾਂ ਹਸਪਤਾਲ, ਜਿਵੇਂ ਵੀ ਕੇਸ ਹੋਵੇ, ਨੂੰ ਭੁਗਤਾਨ ਕੀਤਾ ਜਾਂਦਾ ਹੈ। ਭੁਗਤਾਨ ਚੈਕ ਰਾਹੀਂ ਜਾਂ ਗਾਹਕ ਦੇ ਬੈਂਕ ਖਾਤੇ ਵਿੱਚ ਸਿੱਧਾ ਦਾਅਵੇ ਦੀ ਰਕਮ ਟਰਾਂਸਫਰ ਕਰਕੇ ਕੀਤਾ ਜਾ ਸਕਦਾ ਹੈ।

d) ਦਾਅਵਿਆਂ ਤੋਂ ਇਨਕਾਰ

ਸਿਹਤ ਦਾਅਵਿਆਂ ਵਿੱਚ ਤਜਰਬਿਆਂ ਦੇ ਸਿੱਧ ਕੀਤਾ ਹੈ ਕਿ ਪੇਸ਼ ਕੀਤੇ ਗਏ ਦਾਅਵਿਆਂ ਚੋਂ 10% ਤੋਂ 15% ਤੱਕ ਪਾਲਸੀ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰਦੇ ਹਨ। ਇਸ ਦੇ ਹੋਣ ਦੇ ਕਈ ਕਾਰਨਾਂ ਵਿੱਚ ਕੁਝ ਇਹ ਹੋ ਸਕਦੇ ਹਨ:

i. ਭਰਤੀ ਹੋਣ ਦੀ ਮਿਤੀ ਬੀਮੇ ਦੇ ਸਮੇਂ ਦੌਰਾਨ ਨਹੀਂ ਹੈ।

ii. ਮੈਂਬਰ, ਜਿਸ ਲਈ ਦਾਅਵਾ ਕੀਤਾ ਗਿਆ ਹੈ, ਬੀਮਾ-ਸੁਰੱਖਿਆ ਪ੍ਰਾਪਤ ਨਹੀਂ ਹੈ।

iii. ਪਹਿਲਾਂ-ਮੌਜੂਦ ਬੀਮਾਰੀ ਦੇ ਕਰਕੇ (ਜਿੱਥੇ ਕਿ ਪਾਲਸੀ ਵਿੱਚ ਇੰਝ ਦੀ ਹਾਲਤ ਅਲਹਿਦਾ ਕੀਤੀ ਸੀ)।

iv. ਬਿਨਾਂ ਕਿਸੇ ਢੁੱਕਵੇਂ ਕਾਰਨ ਤੋਂ ਪੇਸ਼ ਕਰਨ ਵਿੱਚ ਦੇਰੀ

v. ਕੋਈ ਇਲਾਜ ਨਹੀਂ ਸੀ, ਕੇਵਲ ਜਾਂਚ ਦੇ ਲਈ ਭਰਤੀ ਕੀਤਾ ਸੀ।

vi. ਇਲਾਜ ਕੀਤੀ ਬੀਮਾਰੀ ਪਾਲਸੀ ਦੇ ਅਧੀਨ ਅਲਹਿਦਾ ਹੈ।

vii. ਬੀਮਾਰੀ ਦਾ ਕਾਰਨ ਸ਼ਰਾਬ ਜਾਂ ਨਸ਼ਿਆਂ ਦੀ ਵਰਤੋਂ ਹੈ

viii. ਹਸਪਤਾਲ ਵਿੱਚ ਭਰਤੀ 24 ਘੰਟਿਆਂ ਤੋਂ ਘੱਟ ਸਮੇਂ ਲਈ ਰਹੇ।

ਦਾਅਵੇ ਤੋਂ ਇਨਕਾਰ ਜਾਂ ਖ਼ਾਰਜ ਕਰਨ (ਜੋ ਵੀ ਕਾਰਨ ਰਿਹਾ ਹੋਵੇ) ਦੇ ਬਾਰੇ ਬੀਮਾ ਕੰਪਨੀ ਵਲੋਂ ਗਾਹਕ ਨੂੰ ਜਾਣਕਾਰੀ ਲਿਖਤੀ ਰੂਪ ਵਿੱਚ ਦਿੱਤੀ ਜਾਣੀ ਹੁੰਦੀ ਹੈ। ਆਮ ਤੌਰ ਉੱਤੇ, ਇੰਝ ਦੇ ਇਨਕਾਰ ਪੱਤਰ ਵਿੱਚ ਇਨਕਾਰ ਲਈ ਕਾਰਨ, ਪਾਲਸੀ ਸ਼ਰਤ/ਨਿਯਮ, ਜਿਸ ਦੇ ਕਰਕੇ ਦਾਅਵੇ ਤੋਂ ਇਨਕਾਰ ਕੀਤਾ ਗਿਆ ਹੈ, ਬਾਰੇ ਜਾਣਕਾਰੀ ਸਪਸ਼ਟ ਰੂਪ ਵਿੱਚ ਦਿੱਤੀ ਹੁੰਦੀ ਹੈ।

ਦਾਅਵਾ ਰੱਦ ਕਰਨ ਦੇ ਕੇਸ ਵਿੱਚ ਬੀਮਾਕਰਤਾ ਨੂੰ ਅਰਜ਼ੀ ਦੇਣ ਤੋਂ ਇਲਾਵਾ ਗਾਹਕ ਕੋਲ ਅੱਗੇ ਦਿੱਤੀਆਂ ਹੋਰ ਚੋਣਾਂ ਹੁੰਦੀਆਂ ਹਨ:

- ✓ ਬੀਮਾ ਲੋਕਪਾਲ ਜਾਂ
- ✓ ਗਾਹਕ ਕਮਿਸ਼ਨ ਜਾਂ
- ✓ IRDAI ਜਾਂ
- ✓ ਕਾਨੂੰਨੀ ਅਦਾਲਤਾਂ।

e) ਸ਼ੱਕੀ ਦਾਅਵਿਆਂ ਲਈ ਕੰਪਨੀਆਂ/ ਟੀਪੀਏ ਵਲੋਂ ਹੋਰ ਵੇਰਵੇ ਸਮੇਤ ਜਾਂਚ ਕਰਨ ਦੀ ਲੋੜ ਹੁੰਦੀ ਹੈ।

ਜਦੋਂ ਵੀ ਬੀਮਾ ਕੰਪਨੀ ਨੂੰ ਧੋਖਾ ਦੇਣ ਦਾ ਸ਼ੱਕ ਪਵੇ, ਉਹ ਦਾਅਵਿਆਂ ਦੀ ਜਾਂਚ ਕਰਵਾ ਸਕਦੀ ਹੈ। ਸਿਹਤ ਬੀਮੇ ਵਿੱਚ ਕੀਤੇ ਜਾਣੇ ਧੋਖੇ ਦੀਆਂ ਉਦਾਹਰਨਾਂ ਵਿੱਚ ਹਨ:

i. ਭੇਸ ਵਟਾਉਣਾ, ਬੀਮਾ ਕਰਵਾਉਣ ਵਾਲਾ ਵਿਅਕਤੀ ਇਲਾਜ ਕਰਵਾਉਣ ਵਾਲੇ ਤੋਂ ਵੱਖਰਾ ਹੈ।

ii. ਦਾਅਵਾ ਕਰਨ ਲਈ ਜਾਅਲੀ ਦਸਤਾਵੇਜ਼ ਬਣਾਉਣੇ,ਜਦੋਂ ਕਿ ਹਸਪਤਾਲ ਵਿੱਚ ਭਰਤੀ ਹੋਏ ਹੀ ਨਹੀਂ।

iii. ਖ਼ਰਚਿਆਂ ਨੂੰ ਵੱਧ ਦਰਸਾਉਣਾ, ਜਾਂ ਤਾਂ ਹਸਪਤਾਲ ਦੀ ਮਦਦ ਨਾਲ, ਜਾਂ ਧੋਖੇ ਨਾਲ ਬਾਹਰੀ ਬਿੱਲ ਬਣਾ ਕੇ।

iv. ਬਿਨਾਂ ਭਰਤੀ ਹੋਏ ਇਲਾਜ ਨੂੰ ਹਸਪਤਾਲ ਵਿੱਚ ਭਰਤੀ ਹੋਏ ਇਲਾਜ ਵਿੱਚ ਬਦਲਣਾ ਤਾਂ ਕਿ ਜਾਂਚ ਦੇ ਖਰਚਿਆਂ ਲਈ ਸੁਰੱਖਿਆ ਲਈ ਜਾ ਸਕੇ, ਜੋ ਕਿ ਕੁਝ ਹਾਲਤਾਂ ਵਿੱਚ ਵੱਧ ਹੋ ਸਕਦੀ ਹੈ।

ਦਾਅਵਿਆਂ, ਜਿੰਨਾਂ ਦੀ ਜਾਂਚ ਕਰਨ ਦੀ ਲੋੜ ਹੋਵੇ, ਦੇ ਸੰਬੰਧ ਵਿੱਚ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜਾਂਚਾਂ ਨੂੰ ਜਿੰਨਾ ਵੀ ਛੇਤੀ ਸੰਭਵ ਹੋਵੇ ਸ਼ੁਰੂ ਕਰਨਾ ਤੇ ਪੂਰਾ ਕਰਨਾ ਚਾਹੀਦਾ ਹੈ, ਕਿਸੇ ਵੀ ਹਾਲਤ ਵਿੱਚ ਦਾਅਵਾ ਕੀਤੇ ਜਾਣ ਦੇ ਤਾਰੀਖ ਤੋਂ 90 ਦਿਨਾਂ ਤੋਂ ਬਾਅਦ ਨਹੀਂ ਹੋਣਾ ਚਾਹੀਦਾ ਹੈ। ਦਾਅਵਾ ਜਾਂਚ ਪੂਰੀ ਹੋਣ ਦੇ 30 ਦਿਨਾਂ ਦੇ ਵਿੱਚ ਵਿੱਚ ਨਿਪਟਾਇਆ ਜਾਣਾ ਚਾਹੀਦਾ ਹੈ। (IRDAI (ਪਾਲਸੀਧਾਰਕ ਦੀ ਸੁਰੱਖਿਆ) 2017 ਰੈਗੂਲੇਸ਼ਨ ਨੂੰ ਵੇਖੋ ਅਤੇ ਉਸ ਮੁਤਾਬਕ ਅੱਪਡੇਟ ਕੀਤਾ ਗਿਆ)

f) ਟੀਪੀਏ ਵਲੋਂ ਨਕਦੀ-ਰਹਿਤ ਦਾਅਵਾ ਨਿਪਟਾਉਣ ਕਾਰਵਾਈ

ਨਕਦੀ-ਰਹਿਤ ਸਹੂਲਤ ਕਿਵੇਂ ਕੰਮ ਕਰਦੀ ਹੈ? ਇਹ ਦੇ ਮੁੱਢ ਵਿੱਚ ਇਕਰਾਰਨਾਮਾ ਹੈ, ਜੋ ਕਿ ਟੀਪੀਏ ਬੀਮਾਕਰਤਾ ਹਸਪਤਾਲ ਨਾਲ ਕਰਦਾ ਹੈ। ਹੋਰ ਮੈਡੀਕਲ ਸੇਵਾ ਪੂਰਕਾਂ ਨਾਲ ਵੀ ਇਕਰਾਰ ਸੰਭਵ ਹੈ। ਕਾਰਵਾਈ ਇਸ ਭਾਗ ਵਿੱਚ ਵਿਚਾਰ ਕੀਤੀ ਨਕਦੀ ਰਹਿਤ ਸਹੂਲਤ ਦੇਣ ਲਈ ਵਰਤੀ ਜਾਂਦੀ ਹੈ:

Table 3.1

| | |
|---|---|
| ਪਗ਼ 1 | • ਸਿਹਤ ਬੀਮੇ ਅਧੀਨ ਸੁਰੱਖਿਆ ਪ੍ਰਾਪਤ ਗਾਹਕ ਇੱਕ ਬੀਮਾਰੀ ਤੋਂ ਪੀੜਿਤ ਹੈ ਜਾਂ ਸੱਟ ਲੱਗਦੀ ਹੈ ਤੇ ਉਸ ਨੂੰ ਹਸਪਤਾਲ ਵਿੱਚ ਭਰਤੀ ਹੋਣ ਦੀ ਸਲਾਹ ਦਿੱਤੀ ਜਾਂਦੀ ਹੈ। ਉਹ (ਜਾਂ ਉਸ ਦੇ ਵਜੋਂ ਕੋਈ ਹੋਰ) ਹਸਪਤਾਲ ਦੇ ਬੀਮਾ ਡੈਸਕ ਨਾਲ ਇਹ ਸਾਰੇ ਬੀਮੇ ਵੇਰਵੇ ਲੈ ਕੇ ਮਿਲਦਾ ਹੈ:<br>i. ਟੀਪੀਏ ਨਾਂ,<br>ii. ਗਾਹਕ ਦਾ ਮੈਂਬਰੀ ਨੰਭਰ,<br>iii. ਬੀਮਾਕਰਤਾ ਨਾਂ ਆਦਿ |
| ਪਗ਼ 2 | • ਹਸਪਤਾਲ ਲੋੜੀਂਦੀ ਜਾਣਕਾਰੀ ਨੂੰ ਇਕੱਤਰ ਕਰਦਾ ਹੈ ਜਿਵੇਂ ਕਿ:<br>i. ਬੀਮਾਰੀ ਦਾ ਇਲਾਜ<br>ii. ਇਲਾਜ,<br>iii. ਇਲਾਜ ਕਰਨ ਵਾਲਾ ਡਾਕਟਰ<br>iv. ਹਸਪਤਾਲ ਵਿੱਚ ਭਰਤੀ ਹੋਣ ਲਈ ਸੁਝਾਏ ਦਿਨਾਂ ਦੀ ਗਿਣਤੀ ਅਤੇ<br>v. ਅੰਦਾਜ਼ਨ ਖ਼ਰਚ |

| | |
|---|---|
| | • ਇਸ ਨੂੰ ਇੱਕ ਰੂਪ ਵਿੱਚ ਤਿਆਰ ਕੀਤਾ ਜਾਂਦਾ ਹੈ, ਜਿਸ ਨੂੰ ਨਕਦੀ-ਰਹਿਤ ਪਰਮਾਣਿਕਤਾ ਫਾਰਮ ਕਹਿੰਦੇ ਹਨ। |
| ਪਗ਼ 3 | • ਟੀਪੀਏ ਨਕਦੀ-ਰਹਿਤ ਪਰਮਾਣਕਿਤਾ ਫਾਰਮ ਵਿੱਚ ਦਿੱਤੀ ਜਾਣਕਾਰੀ ਦਾ ਅਧਿਐਨ ਕਰਦਾ ਹੈ ਅਤੇ ਫ਼ੈਸਲਾ ਕਰਦਾ ਹੈ ਕਿ ਕੀ ਨਕਦੀ-ਰਹਿਤ ਪਰਮਾਣਕਿਤਾ ਦਿੱਤੀ ਜਾ ਸਕਦੀ ਹੈ ਅਤੇ ਜੇ ਹਾਂ ਤਾਂ ਕਿੰਨੀ ਰਕਮ ਲਈ ਪ੍ਰਮਾਣਿਤ ਕੀਤਾ ਜਾ ਸਕਦਾ ਹੈ ਅਤੇ ਇਸ ਬਾਰੇ ਜਿੰਨਾ ਛੇਤੀ ਹੋ ਸਕੇ ਹਸਪਤਾਲ ਨੂੰ ਸੂਚਿਤ ਕਰਦਾ ਹੈ। |
| ਪਗ਼ 4 | • ਹਸਪਤਾਲ ਵਲੋਂ ਮਰੀਜ਼ ਦਾ ਇਲਾਜ ਕੀਤਾ ਜਾਂਦਾ ਹੈ, ਟੀਪੀਏ ਵਲੋਂ ਮਨਜ਼ੂਰ ਕੀਤੀ ਰਕਮ ਨੂੰ ਮਰੀਜ਼ ਦੇ ਖਾਤੇ ਵਿੱਚ ਜ਼ਮ੍ਹਾਂ ਵਜੋਂ ਮੰਨ ਕੇ। ਮੈਂਬਰ ਨੂੰ ਗ਼ੈਰ-ਇਲਾਜੀ ਖ਼ਰਚੇ ਨੂੰ ਪੂਰਾ ਕਰਨ ਤੇ ਪਾਲਸੀ ਦੇ ਅਧੀਨ ਸਹਿ-ਭੁਗਤਾਨ ਲਈ ਭੁਗਤਾਨ ਜ਼ਮ੍ਹਾਂ ਕਰਵਾਉਣ ਲਈ ਕਿਹਾ ਜਾ ਸਕਦਾ ਹੈ। |
| ਪਗ਼ 5 | • ਜਦੋਂ ਵੀ ਮਰੀਜ਼ ਛੁੱਟੀ ਦੇਣ ਲਈ ਤਿਆਰ ਹੁੰਦਾ ਹੈ ਤਾਂ ਹਸਪਤਾਲ ਟੀਪੀਏ ਵਲੋਂ ਮਨਜ਼ੂਰ ਕੀਤੇ ਮਰੀਜ਼ ਦੇ ਖਾਤੇ ਵਿੱਚ ਬਾਕੀ ਜ਼ਮ੍ਹਾਂ ਰਕਮ ਨੂੰ ਬੀਮੇ ਰਾਹੀਂ ਸੁਰੱਖਿਆ ਪ੍ਰਾਪਤ ਅਸਲ ਇਲਾਜ ਖ਼ਰਚੇ ਲਈ ਜਾਂਚਦਾ ਹੈ।<br>• ਜੇ ਜ਼ਮ੍ਹਾਂ ਰਕਮ ਘੱਟ ਹੋਵੇ ਤਾਂ ਹਸਪਤਾਲ ਨਕਦੀ-ਰਹਿਤ ਇਲਾਜ ਲਈ ਹੋਰ ਜ਼ਮ੍ਹਾਂ ਕਰਵਾਉਣ ਦੀ ਬੇਨਤੀ ਕਰਦਾ ਹੈ।<br>• ਟੀਪੀਏ ਉਸ ਦੀ ਪੜਤਾਲ ਕਰਦਾ ਹੈ ਅਤੇ ਵਾਧੂ ਰਕਮ ਨੂੰ ਮਨਜ਼ੂਰ ਕਰਦਾ ਹੈ। |
| ਪਗ਼ 6 | • ਮਰੀਜ਼ ਗ਼ੈਰ-ਮਨਜ਼ੂਰ ਖ਼ਰਚਿਆਂ ਦਾ ਭੁਗਤਾਨ ਕਰਦਾ ਹੈ ਅਤੇ ਛੁੱਟੀ ਲੈ ਲੈਂਦਾ ਹੈ। ਉਸ ਨੂੰ ਦਸਤਾਵੇਜ਼ ਪੂਰੇ ਕਰਨ ਲਈ ਦਾਅਵਾ ਫਾਰਮ ਤੇ ਬਿੱਲ ਉੱਤੇ ਦਸਤਖਤ ਕਰਨ ਲਈ ਪੁੱਛਿਆ ਜਾਵੇਗਾ। |
| ਪਗ਼ 7 | • ਹਸਪਤਾਲ ਸਭ ਦਸਤਾਵੇਜ਼ਾਂ ਨੂੰ ਇਕੱਠੇ ਕਰੇਗਾ ਅਤੇ ਟੀਪੀਏ ਨੂੰ ਬਿੱਲ ਉੱਤੇ ਕਾਰਵਾਈ ਕਰਨ ਲਈ ਦਸਤਾਵੇਜ਼ਾਂ ਪੇਸ਼ ਕਰੇਗਾ |
| ਪਗ਼ 8 | • ਟੀਪੀਏ ਦਾਅਵੇ ਉੱਤੇ ਕਾਰਵਾਈ ਕਰੇਗਾ ਅਤੇ ਵੇਰਵਿਆਂ ਦੀ ਜਾਂਚ ਕਰਨ ਦੇ ਬਾਅਦ ਹਸਪਤਾਲ ਨੂੰ ਭੁਗਤਾਨ ਲਈ ਸਿਫਾਰਸ਼ ਕਰੇਗਾ। |

g) ਗਾਹਕ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਨੂੰ ਆਪਣੇ ਬੀਮੇ ਵੇਰਵੇ ਬਾਰੇ ਪਤਾ ਹੈ।

ਇਸ ਵਿੱਚ ਉਸਦਾ ਟੀਪੀਏ ਕਾਰਡ, ਪਾਲਸੀ ਦੀ ਕਾਪੀ, ਬੀਮਾ-ਸੁਰੱਖਿਆ ਲਈ ਨਿਯਮ ਤੇ ਸ਼ਰਤਾਂ ਆਦਿ ਸ਼ਾਮਲ ਹੈ।

ਜਦੋਂ ਇਹ ਮੌਜੂਦ ਨਾ ਹੋਣ ਤਾਂ ਉਹ ਟੀਪੀਏ (24 ਘੰਟੇ ਹੈਲਪਲਾਈਨ) ਨਾਲ ਸੰਪਰਕ ਕਰ ਸਕਦਾ ਹੈ ਅਤੇ ਵੇਰਵੇ ਲੈ ਸਕਦਾ ਹੈ।

i. ਗਾਹਕ ਨੂੰ ਜਾਂਚ ਕਰਨੀ ਚਾਹੀਦੀ ਹੈ ਕਿ ਉਸ ਦੇ ਡਾਕਟਰ ਵਲੋਂ ਸੁਝਾਇਆ ਹਸਪਤਾਲ ਟੀਪੀਏ ਦੇ ਨੈਟਵਰਕ ਵਿੱਚ ਹੈ। ਜੇ ਨਹੀਂ ਤਾਂ ਉਸ ਨੂੰ ਟੀਪੀਏ ਨਾਲ ਮੌਜੂਦ ਚੋਣਾਂ ਬਾਰੇ ਜਾਂਚ ਕਰਨ ਦੀ ਲੋੜ ਹੈ, ਜਿੱਥੇ ਕਿ ਇੰਝ ਦੇ ਇਲਾਜ ਲਈ ਨਕਦੀ-ਰਹਿਤ ਸਹੂਲਤ ਮੌਜੂਦ ਹੈ।

ii. ਉਸ ਨੂੰ ਯਕੀਨੀ ਬਣਾਉਂਣਾ ਚਾਹੀਦਾ ਹੈ ਕਿ ਪਹਿਲਾਂ-ਪਰਮਾਣਕਿਤਾ ਫਾਰਮ ਵਿੱਚ ਠੀਕ ਵੇਰਵਾ ਦਿੱਤਾ ਗਿਆ ਹੈ। ਇਸ ਫਾਰਮ ਨੂੰ IRDAI ਵਲੋਂ 2013 ਵਿੱਚ ਸਿਹਤ ਬੀਮਾ ਵਿੱਚ ਜਾਰੀ ਕੀਤੀਆਂ ਮਿਆਰੀਕਰਨ ਸੇਧਾਂ ਮੁਤਾਬਕ ਸਟੈਂਡਰਡ ਬਣਾਇਆ ਗਿਆ ਹੈ। ਜੇ ਇਹ ਸਪਸ਼ਟ ਨਾ ਹੋਵੇ ਤਾਂ ਟੀਪੀਏ ਨਕਦੀ-ਰਹਿਤ ਸਹੂਲਤ ਨੂੰ ਰੱਦ ਕਰ ਸਕਦਾ ਹੈ ਜਾਂ ਸਵਾਲ ਉਠਾ ਸਕਦਾ ਹੈ।

iii. ਉਸ ਨੂੰ ਯਕੀਨੀ ਬਣਾਉਂਣ ਦੀ ਲੋੜ ਹੈ ਕਿ ਹਸਪਤਾਲ ਖ਼ਰਚੇ ਹੱਦਾਂ ਦੇ ਅੰਦਰ ਹਨ ਜਿਵੇਂ ਕਿ ਕਮਰੇ ਦਾ ਕਿਰਾਇਆ ਜਾਂ ਖਾਸ ਇਲਾਜ ਜਿਵੇਂ ਕਿ ਮੋਤੀਆ-ਬਿੰਦ, ਲਈ ਹੱਦਾਂ ਅਧੀਨ।

iv. ਗਾਹਕ ਨੂੰ ਛੁੱਟੀ ਲੈਣ ਤੋਂ ਪਹਿਲਾਂ ਟੀਪੀਏ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ ਅਤੇ ਹਸਪਤਾਲ ਨੂੰ ਟੀਪੀਏ ਨੂੰ ਕੋਈ ਵੀ ਵਾਧੂ ਮਨਜ਼ੂਰੀ ਦੇਣ ਲਈ ਪੁੱਛਣ ਦੀ ਬੇਨਤੀ ਕਰਨੀ ਚਾਹੀਦੀ ਹੈ, ਜੋ ਕਿ ਛੁੱਟੀ ਦੇਣ ਤੋਂ ਪਹਿਲਾਂ ਚਾਹੀਦਾ ਹੋ ਸਕਦਾ ਹੈ। ਇਹ ਯਕੀਨੀ ਬਣਾਏਗਾ ਕਿ ਮਰੀਜ਼ ਨੂੰ ਹਸਪਤਾਲ ਵਿੱਚ ਬੇਲੋੜੀ ਦੇਰ ਨਹੀਂ ਕਰਨੀ ਪੈਂਦੀ ਹੈ।

ਇਹ ਵੀ ਸੰਭਵ ਹੈ ਕਿ ਗਾਹਕ ਬੇਨਤੀ ਕਰੇ ਤੇ ਹਸਪਤਾਲ ਵਿੱਚ ਨਕਦੀ-ਰਹਿਤ ਇਲਾਜ ਦੀ ਮਨਜ਼ੂਰੀ ਲੈ ਲਵੇ, ਪਰ ਮਰਜ਼ੀ ਕਿਸੇ ਹੋਰ ਭਰਤੀ ਹੋਣ ਦਾ ਫੈਸਲਾ ਕਰੇ। ਇੰਝ ਦੇ ਕੇਸ ਵਿੱਚ, ਗਾਹਕ ਵਲੋਂ ਹਸਪਤਾਲ ਨੂੰ ਟੀਪੀਏ ਨੂੰ ਜਾਣਕਾਰੀ ਦੇਣੀ ਤੇ ਕਹਿਣਾ ਜ਼ਰੂਰੀ ਹੈ ਕਿ ਮਨਜ਼ੂਰੀ ਪ੍ਰਾਪਤ ਨਕਦੀ-ਰਹਿਤ ਸਹੂਲਤ ਵਰਤੀ ਨਹੀਂ ਜਾ ਰਹੀ ਹੈ।

ਜੇ ਇਹ ਨਹੀਂ ਕੀਤਾ ਜਾਂਦਾ ਹੈ ਤਾਂ ਮਨਜ਼ੂਰ ਕੀਤੀ ਰਕਮ ਨੂੰ ਗਾਹਕ ਦੀ ਪਾਲਸੀ ਵਿੱਚ ਰੋਕਿਆ ਜਾ ਸਕਦਾ ਹੈ ਅਤੇ ਅਗਲੀ ਬੇਨਤੀ ਦੀ ਮਨਜ਼ੂਰੀ ਲਈ ਘਾਟਾ ਹੋ ਸਕਦਾ ਹੈ।

## C. ਸਿਹਤ ਬੀਮਾ ਦਾਅਵਿਆਂ ਵਿੱਚ ਦਸਤਾਵੇਜ਼

ਇਹ ਭਾਗ ਵਿੱਚ ਗਾਹਕ ਵਲੋਂ ਦਿੱਤੇ ਜਾਣ ਵਾਲੇ ਹਰੇਕ ਦਸਤਾਵੇਜ਼ ਦੀ ਲੋੜ ਅਤੇ ਸਮੱਗਰੀ ਬਾਰੇ ਜਾਣਕਾਰੀ ਦਿੱਤੀ ਗਈ ਹੈ:

### 1. ਛੁੱਟੀ ਦਾ ਸਾਰ

ਛੁੱਟੀ ਦੇ ਸਾਰ ਨੂੰ ਸਭ ਤੋਂ ਮਹੱਤਵਪੂਰਨ ਦਸਤਾਵੇਜ਼ ਮੰਨਿਆ ਜਾ ਸਕਦਾ ਹੈ, ਜੋ ਕਿ ਸਿਹਤ ਬੀਮਾ ਦਾਅਵੇ ਦੀ ਕਾਰਵਾਈ ਲਈ ਚਾਹੀਦਾ ਹੈ। ਇਹ ਮਰੀਜ਼ ਦੀ ਹਾਲਤ ਅਤੇ ਇਲਾਜ ਦੀ ਕਿਸਮ ਬਾਰੇ ਪੂਰੀ ਜਾਣਕਾਰੀ ਹੁੰਦੀ ਹੈ

ਅਤੇ ਦਾਅਵਾ ਨਿਪਟਾਉਣ ਵਾਲੇ ਵਿਅਕਤੀ ਨੂੰ ਬੀਮਾਰੀ / ਸੱਟ ਅਤੇ ਇਲਾਜ ਦੀ ਕਿਸਮ ਸਮਝਣ ਵਿੱਚ ਮਦਦ ਮਿਲਦੀ ਹੈ। ਜਦੋਂ ਮਰੀਜ਼ ਬਦਕਿਸਮਤੀ ਨਾਲ ਬਚ ਨਹੀਂ ਸਕਦਾ ਹੈ ਤਾਂ ਛੁੱਟੀ ਸਾਰ ਨੂੰ ਕਈ ਹਸਪਤਾਲਾਂ ਵਿੱਚ ਮੌਤ ਸਾਰ (Death Summary) ਕਿਹਾ ਜਾਂਦਾ ਹੈ। ਛੁੱਟੀ ਸਾਰ ਹਮੇਸ਼ਾ ਅਸਲ ਹੋਣਾ ਚਾਹੀਦਾ ਹੈ।

2. ਜਾਂਚ ਰਿਪੋਰਟਾਂ

ਜਾਂਚ ਰਿਪੋਰਟਾਂ ਨਿਰੀਖਣ ਤੇ ਇਲਾਜ ਦੀ ਤੁਲਨਾ ਕਰਨ ਲਈ ਮਦਦ ਕਰਦੀਆਂ ਹਨ, ਜਿਸ ਨਾਲ ਅਸਲ ਹਾਲਤ, ਜਿਸ ਕਰਕੇ ਇਲਾਜ ਕਰਵਾਉਣਾ ਪਿਆ, ਅਤੇ ਹਸਪਤਾਲ ਵਿੱਚ ਭਰਤੀ ਰਹਿਣ ਦੇ ਦੌਰਾਨ ਹੋਏ ਸੁਧਾਰ ਦੇ ਬਾਰੇ ਜ਼ਰੂਰੀ ਜਾਣਕਾਰੀ ਮਿਲਦੀ ਹੈ, ਜਿਵੇਂ ਕਿ ਖ਼ੂਨ ਜਾਂਚ ਰਿਪੋਰਟਾਂ, ਐਕਸ-ਰੇ ਰਿਪੋਰਟਾਂ, ਬਾਇਓਪਾਸੀ ਰਿਪੋਰਟਾਂ। ਬੀਮਾਕਰਤਾ ਐਕਸ-ਰੇ ਤੇ ਹੋਰ ਫਿਲਮਾਂ ਗਾਹਕ ਨੂੰ ਖਾਸ ਮੰਗ ਕਰਨ ਉੱਤੇ ਵਾਪਿਸ ਵੀ ਕਰ ਸਕਦਾ ਹੈ।

3. ਇਕੱਤਰ ਅਤੇ ਵੇਰਵੇ ਸਮੇਤ ਬਿੱਲ:

ਇਹ ਦਸਤਾਵੇਜ਼ ਹੈ, ਜੋ ਕਿ ਫੈਸਲਾ ਕਰਦਾ ਹੈ ਕਿ ਬੀਮਾ ਪਾਲਸੀ ਦੇ ਅਧੀਨ ਕੀ ਭੁਗਤਾਨ ਕਰਨ ਦੀ ਲੋੜ ਹੈ। ਜਦੋਂ ਕਿ ਇਕੱਤਰ ਬਿੱਲ ਪੂਰਾ ਸਾਰ ਪੇਸ਼ ਕਰਦਾ ਹੈ, ਵੇਰਵੇ ਸਮੇਤ ਹਵਾਲਾ ਕੋਡ, ਲਈ ਵਿਭਾਜਨ ਪੇਸ਼ ਕਰੇਗਾ। ਬਿੱਲ ਅਸਲ ਰੂਪ ਵਿੱਚ ਪ੍ਰਾਪਤ ਹੋਣੇ ਚਾਹੀਦੇ ਹਨ।

4. ਭੁਗਤਾਨ ਦੀ ਰਸੀਦ

ਸਿਹਤ ਬੀਮਾ ਦਾਅਵੇ ਲਈ ਧਨ-ਵਾਪਸੀ ਲਈ ਵੀ ਹਸਪਤਾਲ ਨੂੰ ਭੁਗਤਾਨ ਕੀਤੀ ਰਕਮ ਦੀ ਰਸਮੀ ਰਸੀਦ ਚਾਹੀਦੀ ਹੈ, ਜੋ ਕਿ ਬਿੱਲ ਦੀ ਕੁੱਲ ਰਕਮ ਨਾਲ ਸੰਬੰਧਿਤ ਹੋਣੀ ਚਾਹੀਦੀ ਹੈ।

ਰਸੀਦ ਉੱਤੇ ਲੜੀ ਨੰਬਰ ਹੋਣਾ ਚਾਹੀਦਾ ਹੈ ਅਤੇ ਜਾਂ ਮੋਹਰ ਲੱਗੀ ਹੋਣੀ ਚਾਹੀਦੀ ਹੈ ਅਤੇ ਅਸਲ ਰੂਪ ਵਿੱਚ ਦੇਣੀ ਹੁੰਦੀ ਹੈ।

5. ਦਾਅਵਾ ਫਾਰਮ

ਦਾਅਵਾ ਫਾਰਮ ਦਾਅਵੇ ਉੱਤੇ ਕਾਰਵਾਈ ਕਰਨ ਲਈ ਇੱਕ ਰਸਮੀ ਤੇ ਕਾਨੂੰਨੀ ਮੰਗ ਹੈ ਅਤੇ ਗਾਹਕ ਵਲੋਂ ਅਸਲ ਰੂਪ ਵਿੱਚ ਦਸਤਖਤਾਂ ਨਾਲ ਪੇਸ਼ ਕਰਨਾ ਚਾਹੀਦਾ ਹੈ। IRDAI ਵਲੋਂ ਹੁਣ ਦਾਅਵੇ ਫਾਰਮ ਨੂੰ ਸਟੈਂਡਰਡ ਰੂਪ ਦਿੱਤਾ ਗਿਆ ਹੈ।

ਬੀਮਾਰੀ, ਇਲਾਜ ਆਦਿ ਦੇ ਬਾਰੇ ਜਾਣਕਾਰੀ ਦੇ ਨਾਲ, ਬੀਮਤ ਵਿਅਕਤੀ ਵਲੋਂ ਐਲਾਨ ਦਾਅਵਾ ਫਾਰਮ ਨੂੰ ਕਾਨੂੰਨੀ ਰੂਪ ਵਿੱਚ ਸਭ ਮਹੱਤਵਪੂਰਨ ਦਸਤਾਵੇਜ਼ ਬਣਾਉਂਦਾ ਹੈ।

6. ਪਛਾਣ ਸਬੂਤ

ਸਾਡੀ ਜ਼ਿੰਦਗੀ ਵਿੱਚ ਵੱਖ-ਵੱਖ ਸਰਗਰਮੀਆਂ ਵਿੱਚ ਪਛਾਣ ਸਬੂਤ ਦੀ ਵਰਤੋਂ ਵੱਧ ਰਹੀ ਹੈ, ਪਛਾਣ ਦੇ ਆਮ ਸਬੂਤ ਤਸਦੀਕ ਕਰਨ ਵਿੱਚ ਮਦਦ ਕਰਦੇ ਹਨ ਕਿ ਕੀ ਸੁਰੱਖਿਆ ਪ੍ਰਾਪਤ ਤੇ ਇਲਾਜ ਕੀਤਾ ਵਿਅਕਤੀ ਇੱਕੋ ਹੀ ਹਨ।

ਅਕਸਰ ਮੰਗੇ ਜਾਣ ਵਾਲੇ ਦਸਤਾਵੇਜ਼ਾਂ ਵਿੱਚ ਵੋਟਰ ਪਛਾਣ ਪੱਤਰ, ਡਰਾਇਵਿੰਗ ਲਸੰਸ, ਪੈਨ ਕਾਰਡ, ਆਧਾਰ ਕਾਰਡ ਆਦਿ ਹਨ।

7. ਖਾਸ ਦਾਅਵਿਆਂ ਲਈ ਢੁੱਕਵੇਂ ਦਸਤਾਵੇਜ਼

ਕੁਝ ਕਿਸਮ ਦੇ ਦਾਅਵੇ ਹੁੰਦੇ ਹਨ, ਜਿਹਨਾਂ ਲਈ ਉੱਤੇ ਦਿੱਤੇ ਦਸਤਾਵੇਜ਼ਾਂ ਤੋਂ ਬਿਨਾਂ ਹੋਰ ਵੀ ਚਾਹੀਦੇ ਹੁੰਦੇ ਹਨ। ਇਹ ਹਨ:

a) ਹਾਦਸਾ ਦਾਅਵੇ, ਜਿੱਥੇ FIR ਜਾਂ ਹਸਪਤਾਲ ਵਲੋਂ ਰਜਿਸਟਰ ਹੋਏ ਪੁਲਿਸ ਥਾਣੇ ਲਈ ਮਿਡਕੋ-ਕਾਨੂੰਨੀ ਸਰਟੀਫਿਕੇਟ ਦੀ ਲੋੜ ਹੋ ਸਕਦੀ ਹੈ।

b) ਗੁੰਝਲਦਾਰ ਜਾਂ ਵੱਧ ਮੁੱਲ ਦੇ ਦਾਅਵਿਆਂ ਦੇ ਕੇਸ ਵਿੱਚ ਕੇਸ ਅੰਦਰੂਨੀ ਪੇਪਰ।

c) ਡਾਇਲਸਿਸ / ਕੀਮੋਥਰੇਪੀ / ਫਿਜ਼ਿਉਥੈਰਪੀ ਚਾਰਟ, ਜੇ ਲਾਗੂ ਹੋਣ ਤਾਂ।

d) ਹਸਪਤਾਲ ਰਜਿਸਟਰੇਸ਼ਨ ਸਰਟੀਫਿਕੇਟ, ਜਿੱਥੇ ਹਸਪਤਾਲ ਦੀ ਪਰਿਭਾਸ਼ਾ ਦੀ ਪਾਲਣਾ ਨੂੰ ਜਾਂਚ ਕਰਨ ਦੀ ਲੋੜ ਹੋਵੇ।

**ਆਪਣੇ ਆਪ ਨੂੰ ਪਰਖੋ 2**

ਹਸਪਤਾਲ ਵਲੋਂ ਭਰਤੀ ਹੋਏ ਮਰੀਜ਼ ਦੇ ਕੀਤੇ ਗਏ ਇਲਾਜ ਬਾਰੇ ਵੇਰਵੇ ਜਾਣਕਾਰੀ ਅੱਗੇ ਦਿੱਤੇ ਕਿਹੜੇ ਦਸਤਾਵੇਜ਼ ਵਿੱਚ ਰੱਖੀ ਜਾਂਦੀ ਹੈ?

I. ਜਾਂਚ ਰਿਪੋਰਟ

II. ਛੁੱਟੀ ਦਾ ਸਾਰ

III. ਕੇਸ ਪੇਪਰ

IV. ਹਸਪਤਾਲ ਰਜਿਸਟਰੇਸ਼ਨ ਸਰਟੀਫਿਕੇਟ

---

**ਆਪਣੇ ਆਪ ਨੂੰ ਪਰਖੋ 3**

ਇਹ ਦਾਅਵਿਆਂ ਦੀ ਸਥਿਤੀ ਮੁਤਾਬਕ ਬੀਮਾਕਰਤਾ ਦੇ ਲੇਖਾ-ਕਿਤਾਬਾਂ ਵਿੱਚ ਸਭ ਦਾਅਵਿਆਂ ਲਈ ਕੀਤੇ ਪਰਬੰਧ ਦੀ ਰਕਮ ___________ ਵਜੋਂ ਜਾਣਿਆ ਜਾਂਦਾ ਹੈ।

I. ਭਾਈਵਾਲੀ

II. ਅਕਾਊਂਟਿੰਗ

III. ਰਾਖਵੀਂ ਰਕਮ

IV. ਨਿਵੇਸ਼

---

## D. ਤੀਜੀ ਧਿਰ ਪ੍ਰਸ਼ਾਸ਼ਕ (ਟੀਪੀਏ) ਦੀ ਭੂਮਿਕਾ

TPA ਦੀ ਭੂਮਿਕਾ ਨੂੰ ਪਹਿਲੇ ਪਾਠਾਂ ਵਿੱਚ ਵੀ ਵਿਚਾਰਿਆ ਜਾ ਚੁੱਕਾ ਹੈ। ਯਾਦ ਰੱਖਣਾ ਜ਼ਰੂਰੀ ਹੈ ਕਿ TPA ਵਲੋਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਵਿਕਰੇਤਾ ਵਲੋਂ ਗਾਹਕ ਨੂੰ ਢੁੱਕਵੀਆਂ ਸੇਵਾਵਾਂ ਦਿੱਤੀਆਂ ਜਾ ਸਕਣ।

ਟੀਪੀਏ ਸੇਵਾਵਾਂ ਦਾ ਦਾਇਰਾ ਬੀਮਾ ਪਾਲਸੀ ਦੀ ਵਿਕਰੀ ਦੇ ਬਾਅਦ ਤੇ ਜਾਰੀ ਹੋਣ ਉੱਤੇ ਸ਼ੁਰੂ ਹੁੰਦਾ ਹੈ। ਜੇ ਬੀਮਾਕਰਤਾ ਟੀਪੀਏ ਦੀ ਵਰਤੋਂ ਨਹੀਂ ਕਰਦੇ ਹਨ ਤਾਂ ਸੇਵਾਵਾਂ ਨੂੰ ਅੰਦਰੂਨੀ ਟੀਮ ਵਲੋਂ ਦਿੱਤਾ ਜਾਂਦਾ ਹੈ।

1. ਸਿਹਤ ਬੀਮੇ ਲਈ ਵਿਕਰੀ ਤੋਂ ਬਾਅਦ ਸੇਵਾਵਾਂ

   a) ਇੱਕ ਵਾਰ ਪੇਸ਼ਕਸ਼ (ਤੇ ਪ੍ਰੀਮੀਅਮ) ਨੂੰ ਮਨਜ਼ੂਰ ਕਰ ਲਿਆ ਤਾਂ ਸੁਰੱਖਿਆ ਸ਼ੁਰੂ ਹੁੰਦੀ ਹੈ।

   b) ਜੇ ਟੀਪੀਏ ਨੂੰ ਪਾਲਸੀ ਦੀਆਂ ਸੇਵਾ ਦੇਣ ਲਈ ਵਰਤਿਆ ਜਾਂਦਾ ਹੈ ਤਾਂ ਬੀਮਾਕਰਤਾ ਗਾਹਕ ਦੇ ਬਾਰੇ ਜਾਣਕਾਰੀ ਤੇ ਪਾਲਸੀ ਟੀਪੀਏ ਨੂੰ ਦੇ ਦਿੰਦਾ ਹੈ।

   c) ਟੀਪੀਏ ਮੈਂਬਰ ਸ਼ਾਮਿਲ ਕਰਦਾ (ਜਦੋਂ ਕਿ ਪੇਸ਼ਕਰਤਾ ਪਾਲਸੀ ਲੈਣ ਵਾਲਾ ਵਿਅਕਤੀ ਹੈ, ਮੈਂਬਰ ਪਾਲਸੀ ਦੇ ਅਧੀਨ ਸੁਰੱਖਿਆ ਪ੍ਰਾਪਤ ਕਰਨ ਵਾਲੇ ਹੁੰਦੇ ਹਨ) ਅਤੇ ਕਾਰਡ ਜਾਂ ਤਾਂ ਭੌਤਿਕ ਜਾਂ ਇਲੈਕਟ੍ਰੋਨਿਕ ਦੇ ਰੂਪ ਵਿੱਚ ਮੈਂਬਰੀ ਪਛਾਣ ਪੱਤਰ ਵੀ ਜਾਰੀ ਕਰ ਸਕਦਾ ਹੈ।

   d) ਟੀਪੀਏ ਨਾਲ ਮੈਂਬਰੀ ਨੂੰ ਨਕਦੀ-ਰਹਿਤ ਸਹੂਲਤ ਦਾ ਫਾਇਦਾ ਲੈਣ ਦੇ ਨਾਲ ਨਾਲ ਦਾਅਵਿਆਂ ਦੀ ਕਾਰਵਾਈ ਲਈ ਵਰਤਿਆ ਜਾ ਸਕਦਾ ਹੈ, ਜਦੋਂ ਕਿ ਮੈਂਬਰ ਨੂੰ ਪ੍ਰਾਪਤ ਕੀਤੀ ਸੁਰੱਖਿਆ ਲਈ ਹਸਪਤਾਲ ਵਿੱਚ ਭਰਤੀ ਹੋਣ ਜਾਂ ਇਲਾਜ ਵਾਸਤੇ ਪਾਲਸੀ ਦੇ ਸਹਿਯੋਗ ਦੀ ਲੋੜ ਹੁੰਦੀ ਹੈ।

   e) ਟੀਪੀਏ ਦਾਅਵੇ ਜਾਂ ਨਕਦੀ-ਰਹਿਤ ਬੇਨਤੀ ਉੱਤੇ ਕਾਰਵਾਈ ਕਰਦੀ ਅਤੇ ਬੀਮਾਕਰਤਾ ਨਾਲ ਸਹਿਮਤ ਹੋਏ ਸਮੇਂ ਵਿੱਚ ਸੇਵਾਵਾਂ ਦਿੰਦਾ ਹੈ।

   f) ਬੀਮਤ ਵਿਅਕਤੀਆਂ ਨੂੰ ਪਛਾਣ ਪੱਤਰ ਰੱਖਣਾ ਚਾਹੀਦਾ ਹੈ, ਜੋ ਕਿ ਉਹਨਾਂ ਨੂੰ ਪਾਲਸੀ ਤੇ ਟੀਪੀਏ ਨਾਲ ਜੋੜਦਾ ਹੈ।

   g) ਟੀਪੀਏ ਨੂੰ ਨਕਦੀ-ਰਹਿਤ ਸਹੂਲਤ ਦੀ ਬੇਨਤੀ ਵਾਸਤੇ ਦਿੱਤੀ ਜਾਣਕਾਰੀ ਉੱਤੇ ਪਹਿਲਾਂ-ਪਰਮਾਣਕਿਤਾ ਜਾਂ ਗਾਰੰਟੀ ਦਾ ਪੱਤਰ ਹਸਪਤਾਲ ਨੂੰ ਜਾਰੀ ਕਰਨਾ ਹੈ।

   h) ਜਦੋਂ ਜਾਣਕਾਰੀ ਸਪਸ਼ਟ ਜਾਂ ਮੌਜੂਦ ਨਾ ਹੋਵੇ ਤਾਂ ਟੀਪੀਏ(TPA) ਨਕਦੀ ਰਹਿਤ ਬੇਨਤੀ ਨੂੰ ਰੱਦ ਕਰ ਸਕਦਾ ਹੈ ਇੰਝ ਦੇ ਹਾਲਤ ਵਿੱਚ ਦਾਅਵੇ ਨੂੰ ਧਨ-ਵਾਪਸੀ ਦੇ ਅਧਾਰ ਉੱਤੇ ਵਿਚਾਰਿਆ ਜਾ ਸਕਦਾ ਹੈ।

2. ਗਾਹਕ ਸੰਬੰਧ ਅਤੇ ਸੰਪਰਕ ਪ੍ਰਬੰਧ

**ਦਾਅਵਾ ਸੇਵਾ ਵਿੱਚ ਟੀਪੀਏ ਸ਼ਾਮਲ ਹੋਣ ਕਰਕੇ ਉਹਨਾਂ ਦਾ ਆਪਣਾ ਸ਼ਿਕਾਇਤ ਨਿਪਟਾਰਾ ਢੰਗ ਹੁੰਦਾ ਹੈ।**

## E. ਦਾਅਵਾ ਪਰਬੰਧ - ਨਿੱਜੀ ਹਾਦਸਾ

ਦਾਅਵੇ ਦੇ ਬਾਰੇ ਸੂਚਨਾ ਮਿਲਣ ਉੱਤੇ ਹੇਠ ਦਿੱਤੇ ਪੱਖਾਂ ਬਾਰੇ ਪਤਾ ਲਗਾਉਣਾ ਚਾਹੀਦਾ ਹੈ:

a) ਵਿਅਕਤੀ, ਜਿਸ ਦੇ ਸੰਬੰਧ ਵਿੱਚ ਦਾਅਵਾ ਕੀਤਾ ਹੈ, ਪਾਲਸੀ ਦੇ ਅਧੀਨ ਸੁਰੱਖਿਆ ਪ੍ਰਾਪਤ ਹੈ

b) ਪਾਲਸੀ ਹਾਦਸਾ ਦੇ ਦਿਨ ਤੱਕ ਜਾਇਜ਼ ਹੈ ਅਤੇ ਪ੍ਰੀਮੀਅਮ ਪ੍ਰਾਪਤ ਹੋਇਆ ਹੈ

c) ਪਾਲਸੀ ਸਮੇਂ ਦੇ ਦੌਰਾਨ ਘਾਟਾ

d) ਘਾਟਾ "ਹਾਦਸੇ" ਦੇ ਕਰਕੇ ਵਾਪਰਿਆ ਹੈ ਤੇ ਬੀਮਾਰੀ ਕਰਕੇ ਨਹੀਂ

e) ਕਿਸੇ ਵੀ ਧੋਖੇ ਦੇ ਚਿਨ੍ਹਾਂ ਦੀ ਜਾਂਚ ਕਰੋ ਅਤੇ ਜੇ ਲੋੜ ਹੋਵੇ ਤਾਂ ਪੜਤਾਲ ਕਰੋ

f) ਦਾਅਵੇ ਨੂੰ ਰਜਿਸਟਰ ਕਰੋ ਅਤੇ ਉਸ ਲਈ ਰਾਖਵਾਂ ਬਣਾਉ

g) ਕੰਮ ਨਿਪਟਾਉਣ ਸਮੇਂ (ਦਾਅਵਾ ਸੇਵਾ ਦੇਣ ਸਮਾਂ) ਬਣਾਈ ਰੱਖਣਾ ਅਤੇ ਗਾਹਕ ਨੂੰ ਦਾਅਵੇ ਵਿੱਚ ਤਰੱਕੀ ਦੇ ਬਾਰੇ ਜਾਣਕਾਰੀ ਦਿੰਦੇ ਰਹਿਣਾ।

1. ਦਾਅਵਿਆਂ ਦੀ ਜਾਂਚ

**ਦਾਅਵਿਆਂ ਦੀ ਜਾਂਚ ਦਾਅਵੇ ਦੀ ਵੈਧਤਾ ਦਾ ਪਤਾ ਲਗਾਉਣ ਅਤੇ ਘਾਟੇ ਦੇ ਅਸਲ ਕਾਰਨ ਤੇ ਹੱਦ ਲੱਭਣ ਲਈ ਕੀਤੀ ਜਾਂਦੀ ਹੈ। ਦਾਅਵਾ ਦਸਤਾਵੇਜ਼ ਦੇ ਮਿਲਣ ਉੱਤੇ, ਜੇ ਦਾਅਵਾ ਸ਼ੱਕੀ ਜਾਪੇ ਤਾਂ, ਦਾਅਵੇ ਨੂੰ ਤਸਦੀਕ ਕਰਨ ਲਈ ਅੰਦਰੂਨੀ/ ਪੇਸ਼ੇਵਰ ਜਾਂਚਕਰਤਾ ਨੂੰ ਸੌਂਪਿਆ ਜਾ ਸਕਦਾ ਹੈ।**

## ਉਦਾਹਰਨ

ਕੇਸ ਸੇਧਾਂ ਦੀਆਂ ਉਦਾਹਰਨਾਂ ਹਨ:

ਸੜਕ ਆਵਾਜਾਈ ਹਾਦਸਾ

i. ਹਾਦਸਾ ਕਦੋਂ ਵਾਪਰਿਆ - ਠੀਕ ਸਮਾਂ ਤੇ ਮਿਤੀ ਥਾਂ? ਮਿਤੀ ਤੇ ਸਮਾਂ

ii. ਕੀ ਬੀਮਤ ਪੈਦਲ ਯਾਤਰੀ ਸੀ, ਸਵਾਰੀ/ਪਿੱਛੇ ਬੈਠੀ ਸਵਾਰ ਵਜੋਂ ਯਾਤਰਾ ਕਰਦਾ ਸੀ ਜਾਂ ਹਾਦਸੇ ਵਿੱਚ ਸ਼ਾਮਿਲ ਵਹੀਕਲ ਨੂੰ ਚਲਾ ਰਿਹਾ ਸੀ?

ਨਿੱਜੀ ਹਾਦਸਾ ਦਾਅਵਿਆਂ ਵਿੱਚ ਧੋਖੇ ਤੇ ਨੁਕਸਾਨ ਦੀ ਸੰਭਾਵਨਾ ਦੀਆਂ ਹੇਠ ਦਿੱਤੀਆਂ ਉਦਾਹਰਨਾਂ ਹਨ:

i. TTD ਅੰਤਰਾਲ ਦੌਰਾਨ ਗਲਤ ਜਾਣਕਾਰੀ।

ii. ਬੀਮਾਰੀ ਨੂੰ ਹਾਦਸੇ ਵਜੋਂ ਦਰਸਾਉਣਾ ਜਿਵੇਂ ਕਿ ਰੋਗ ਦੇ ਕਾਰਨਾਂ ਕਰਕੇ ਹੋਏ ਪਿੱਠ ਦਰਦ ਨੂੰ ਘਰ ਵਿੱਚ 'ਡਿੱਗਣ/ਤਿਲਕਣ' ਦੇ ਬਾਅਦ ਪੀ.ਏ. ਦਾਅਵੇ ਵਿੱਚ ਤਬਦੀਲ ਕਰਨਾ।

ਛੋਟ ਵਾਊਚਰ ਨਿੱਜੀ ਹਾਦਸੇ ਦਾਅਵਿਆਂ ਨੂੰ ਨਿਪਟਾਉਣ ਲਈ ਮਹੱਤਵਪੂਰਨ ਦਸਤਾਵੇਜ਼ ਹੈ, ਖਾਸ ਤੌਰ ਉੱਤੇ ਜੋ ਕਿ ਮੌਤ ਦਾਅਵਿਆਂ ਲਈ ਸ਼ਾਮਲ ਹਨ। ਪੇਸ਼ਕਸ਼ ਦੇ ਸਮੇਂ ਨਾਮਜ਼ਦਗੀ ਵੇਰਵੇ ਪ੍ਰਾਪਤ ਕਰਨੇ ਵੀ ਮਹੱਤਵਪੂਰਨ ਹਨ ਅਤੇ ਉਹ ਪਾਲਸੀ ਦਸਤਾਵੇਜ਼ ਦਾ ਹਿੱਸਾ ਹੋਣਾ ਚਾਹੀਦਾ ਹੈ।

2. ਦਾਅਵਾ ਦਸਤਾਵੇਜ਼ - ਹਰ ਕੰਪਨੀ ਸੂਚੀ ਦਿੰਦੀ ਹੈ

a) ਦਾਅਵੇਦਾਰ ਦੇ ਨਾਮਜ਼ਦ/ਪਰਿਵਾਰਿਕ ਮੈਂਬਰਾਂ ਵਲੋਂ ਠੀਕ-ਠੀਕ ਭਰਕੇ ਦਸਤਖਤ ਕੀਤਾ ਨਿੱਜੀ ਹਾਦਸਾ ਦਾਅਵਾ ਫਾਰਮ

b) ਪਹਿਲੀ ਜਾਣਕਾਰੀ ਰਿਪੋਰਟ (FIR) ਦੀ ਅਸਲ ਜਾਂ ਤਸਦੀਕ ਕੀਤੀ ਕਾਪੀ

c) ਮੌਤ ਸਰਟੀਫਿਕੇਟ ਦੀ ਅਸਲ ਜਾਂ ਤਸਦੀਕ ਕੀਤੀ ਕਾਪੀ

d) ਪੋਸਟ ਮਾਰਟਮ ਰਿਪੋਰਟ ਦੀ ਤਸਦੀਕ ਕੀਤੀ ਕਾਪੀ, ਜੇ ਕੀਤਾ ਗਿਆ ਹੋਵੇ।

e) AML ਦਸਤਾਵੇਜ਼ (ਐਨਟੀ-ਮਨੀ ਲਾਂਡਰਿੰਗ) ਦੀ ਤਸਦੀਕ ਕੀਤੀ ਕਾਪੀ - ਨਾਂ ਤਸਦੀਕ ਕਰਨ ਲਈ (ਪਾਸਪੋਰਟ / ਪੈਨ ਕਾਰਡ / ਵੋਟਰ ਆਈਡੀ/ ਡਰਾਇਵਿੰਗ ਲਾਇਸੈਂਸ), ਪਤਾ ਤਸਦੀਕ ਕਰਨ ਲਈ (ਟੈਲੀਫੋਨ ਬਿੱਲ / ਬੈਂਕ ਅਕਾਊਂਟ ਸਟੇਟਮੈਂਟ, ਬਿਜਲੀ ਦਾ ਬਿੱਲ / ਰਾਸ਼ਨ ਕਾਰਡ)।

f) ਕਾਨੂੰਨ ਵਾਰਸ ਸਰਟੀਫਿਕੇਟ, ਜਿਸ ਵਿੱਚ ਸਭ ਕਾਨੂੰਨੀ ਵਾਰਸਾਂ ਵਲੋਂ ਠੀਕ ਤਰ੍ਹਾਂ ਦਸਤਖਤ ਕੀਤੇ ਤੇ ਨੋਟਰੀ ਕਰਵਾਏ ਹਲਫ਼ਨਾਮਾ ਅਤੇ ਹਰਜਾਨਾ ਬੌਂਡ ਹੋਵੇ।

g) ਸਿਵਲ ਸਰਜਨ ਜਾਂ ਬਰਾਬਰ ਦੇ ਅਹੁਦੇ ਦੇ ਡਾਕਟਰ ਵਲੋਂ ਬੀਮਤ ਦੀ ਅਪੰਗਤਾ ਲਈ ਜਾਰੀ ਕੀਤਾ ਪੱਕੇ ਤੌਰ ਉੱਤੇ ਅਪੰਗਤਾ ਸਰਟੀਫਿਕੇਟ.

h) ਇਲਾਜ ਕਰਨ ਵਾਲੇ ਡਾਕਟਰਾਂ ਵਲੋਂ ਅਪੰਗਤਾ ਦੀ ਕਿਸਮ ਤੇ ਅਪੰਗਤਾ ਸਮੇਂ ਨੂੰ ਦਰਸਾਉਂਦਾ ਮੈਡੀਕਲ ਸਰਟੀਫਿਕੇਟ। ਰੁਜ਼ਗਾਰਦਾਤਾ ਵਲੋਂ ਠੀਕ ਛੁੱਟੀ ਦੇ ਸਮੇਂ ਦੇ ਵੇਰਵੇ ਦਿੰਦਾ, ਠੀਕ ਤਰ੍ਹਾਂ ਦਸਤਖਤ ਤੇ ਸੀਲ ਕੀਤਾ ਛੁੱਟੀ ਦਾ ਸਰਟੀਫਿਕੇਟ।

ਉੱਤੇ ਦਿੱਤੀ ਸੂਚੀ ਕੇਵਲ ਸੰਕੇਤ ਭਰ ਹੈ, ਹੋਰ ਦਸਤਾਵੇਜ਼ਾਂ (ਦਾਗ਼ਾਂ ਦੇ ਨਿਸ਼ਾਨ, ਵੇਰਵੇ ਫੋਟੋਗਰਾਫ਼ਾਂ, ਹਾਦਸੇ ਦੀ ਸਾਈਟ ਆਦਿ ਦੇ ਸਮੇਤ) ਨੂੰ ਕੇਸ ਦੇ ਖਾਸ ਤੱਥਾਂ ਮੁਤਾਬਕ ਮੰਗਿਆ ਜਾ ਸਕਦਾ ਹੈ, ਖਾਸ ਤੌਰ ਉੱਤੇ ਜਾਂਚ ਕਰਨ ਲਈ ਸ਼ੱਕੀ ਧੋਖੇ ਦੇ ਕੇਸਾਂ ਵਿੱਚ।

**ਆਪਣੇ ਆਪ ਨੂੰ ਪਰਖੋ 4**

**ਅੱਗੇ ਦਿੱਤੇ ਕਿਹੜੇ ਦਸਤਾਵੇਜ਼ਾਂ ਨੂੰ ਪੱਕੀ ਕੁੱਲ ਅਪੰਗਤਾ ਦਾਅਵੇ ਲਈ ਪੇਸ਼ ਕਰਨ ਦੀ ਲੋੜ ਨਹੀਂ ਹੁੰਦੀ ਹੈ?**

I. ਦਾਅਵੇਦਾਰ ਵਲੋਂ ਠੀਕ-ਠੀਕ ਭਰਕੇ ਦਸਤਖਤ ਕੀਤਾ ਨਿੱਜੀ ਹਾਦਸਾ ਦਾਅਵਾ ਫਾਰਮ।

II. ਬੀਮਾ ਪਾਲਸੀ ਦੀ ਕਾਪੀ ਹੈ।

III. ਸਿਵਲ ਸਰਜਨ ਜਾਂ ਬਰਾਬਰ ਦੇ ਅਹੁਦੇ ਦੇ ਡਾਕਟਰ ਵਲੋਂ ਬੀਮਤ ਦੀ ਅਪੰਗਤਾ ਲਈ ਜਾਰੀ ਕੀਤਾ ਪੱਕੇ ਤੌਰ ਉੱਤੇ ਅਪੰਗਤਾ ਸਰਟੀਫਿਕੇਟ।

IV. ਇਲਾਜ ਕਰਨ ਵਾਲੇ ਡਾਕਟਰ ਵਲੋਂ ਤੰਦਰੁਸਤੀ ਦਾ ਸਰਟੀਫਿਕੇਟ, ਜੋ ਕਿ ਤਸਦੀਕ ਕਰਦਾ ਹੈ ਕਿ ਬੀਮਤ ਆਪਣੇ ਫ਼ਰਜ਼ਾਂ ਨੂੰ ਪੂਰਾ ਕਰਨ ਲਈ ਫਿੱਟ ਹੈ।

## F. ਦਾਅਵਾ ਪਰਬੰਧ - ਵਿਦੇਸ਼ੀ ਯਾਤਰਾ ਬੀਮਾ

ਇਸ ਪਾਲਸੀ ਦੇ ਅਧੀਨ ਬੀਮਾ-ਸੁਰੱਖਿਆ ਬਾਰੇ ਪਹਿਲਾਂ ਹੀ ਉਤਪਾਦ ਪਾਠ ਵਿੱਚ ਵਿਚਾਰ ਕੀਤੀ ਜਾ ਚੁੱਕੀ ਹੈ। ਇਹ ਭਾਗ ਵਿੱਚ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਵਿਦੇਸ਼ੀ ਯਾਤਰਾ ਦੇ ਦੌਰਾਨ ਆਏ ਦਾਅਵਿਆਂ ਨੂੰ ਕਿਵੇਂ ਨਿਪਟਾਇਆ ਜਾਂਦਾ ਹੈ।

ਦਾਅਵਾ ਸੇਵਾਵਾਂ ਵਿੱਚ ਲਾਜ਼ਮੀ ਰੂਪ ਵਿੱਚ ਸ਼ਾਮਿਲ ਹੈ:

a) 24*7 ਦੇ ਮੁਤਾਬਕ ਦਾਅਵਾ ਸੂਚਨਾ ਲੈਣੀ;

b) ਦਾਅਵਾ ਫਾਰਮ ਭੇਜਣਾ ਅਤੇ ਕਾਰਵਾਈ;

c) ਗਾਹਕਾਂ ਨੂੰ ਸੇਧ ਦੇਣੀ ਕਿ ਘਾਟਾ ਹੋਣ ਦੇ ਤੁਰੰਤ ਬਾਅਦ ਕੀ ਕਰਨਾ ਹੈ;

d) ਮੈਡੀਕਲ ਅਤੇ ਬੀਮਾਰੀ ਦਾਅਵਿਆਂ ਲਈ ਨਕਦੀ-ਰਹਿਤ ਸੇਵਾਵਾਂ ਵਧਾਉਣੀਆਂ;

e) ਦੇਸ਼-ਵਾਪਸੀ ਅਤੇ ਨਿਕਾਸੀ, ਐਮਰਜੈਂਸੀ ਨਕਦੀ ਪੇਸ਼ਗੀ ਦਾ ਪ੍ਰਬੰਧ ਕਰਨਾ।

### ਸਹਾਇਕ ਕੰਪਨੀਆਂ - ਵਿਦੇਸ਼ੀ ਦਾਅਵਿਆਂ ਵਿੱਚ ਭੂਮਿਕਾ

ਸਹਾਇਕ ਕੰਪਨੀਆਂ ਦੇ ਸੰਸਾਰ ਭਰ ਵਿੱਚ ਆਪਣੇ ਦਫ਼ਤਰ ਅਤੇ ਇੰਝ ਦੇ ਹੋਰ ਸੇਵਾ ਪੂਰਕਾਂ ਵੱਧ ਤੋਂ ਵੱਧ ਨਾਲ ਇਕਰਾਰ ਹੁੰਦੇ ਹਨ। ਇਹ ਕੰਪਨੀਆਂ ਪਾਲਸੀ ਦੇ ਅਧੀਨ ਸੁਰੱਖਿਆ ਦਿੱਤੇ ਸੰਜੋਗਾਂ ਦੇ ਕੇਸ ਵਿੱਚ ਬੀਮਾ ਕੰਪਨੀਆਂ ਦੇ ਗਾਹਕਾਂ ਨੂੰ ਸਹਾਇਤਾ ਦਿੰਦੀਆਂ ਹਨ।

ਇਹ ਕੰਪਨੀਆਂ ਦਾਅਵਾ ਰਜਿਸਟਰੇਸ਼ਨ ਅਤੇ ਜਾਣਕਾਰੀ ਲਈ ਮੁਫ਼ਤ ਅੰਤਰਰਾਸ਼ਟਰੀ ਟੈਲੀਫ਼ੋਨ ਨੰਬਰਾਂ ਸਮੇਤ 24*7 ਕਾਲ ਸੈਂਟਰ ਚਲਾਉਂਦੀਆਂ ਹਨ। ਉਹ ਅੱਗੇ ਦਿੱਤੀਆਂ ਸੇਵਾਵਾਂ ਦਿੰਦੀਆਂ ਹਨ ਸੇਵਾ ਲਈ ਖ਼ਰਚੇ ਖਾਸ ਬੀਮਾ ਕੰਪਨੀਆਂ ਨਾਲ ਇਕਰਾਰ, ਬੀਮਾ-ਸੁਰੱਖਿਆ ਪ੍ਰਾਪਤ ਫਾਇਦਿਆਂ ਮੁਤਾਬਕ ਵੱਖ-ਵੱਖ ਹੋ ਸਕਦੇ ਹਨ।

a) ਮੈਡੀਕਲ ਸਹਾਇਕ ਸੇਵਾਵਾਂ:

i. ਮੈਡੀਕਲ ਸੇਵਾ ਪੂਰਕ ਹਵਾਲੇ

ii. ਹਸਪਤਾਲ ਦਾਖਲੇ ਦਾ ਪ੍ਰਬੰਧ

iii. ਐਮਰਜੈਂਸੀ ਮੈਡੀਕਲ ਮੁਲਾਂਕਣ ਦਾ ਪ੍ਰਬੰਧ

iv. ਐਮਰਜੈਂਸੀ ਮੈਡੀਕਲ ਵਤਨ-ਵਾਪਸੀ ਦਾ ਪ੍ਰਬੰਧ

v. ਮੌਤ ਉਪਰੰਤ ਵਤਨ-ਵਾਪਸੀ

vi. ਦਿਆਲੂ ਦੌਰੇ ਦਾ ਪ੍ਰਬੰਧ

vii. ਨਾਬਾਲਗ ਬੱਚੇ ਸਹਾਇਕ/ਅਗਵਾਈ

b) ਹਸਪਤਾਲ ਵਿੱਚ ਭਰਤੀ ਹੋਣ ਦੇ ਦੌਰਾਨ ਅਤੇ ਬਾਅਦ ਮੈਡੀਕਲ ਹਾਲਤ ਦੀ ਨਿਗਰਾਨੀ

c) ਜ਼ਰੂਰੀ ਦਵਾਈਆਂ ਦੀ ਡਿਲਵਰੀ

d) ਹਸਪਤਾਲ ਵਿੱਚ ਭਰਤੀ ਹੋਣ ਦੇ ਦੌਰਾਨ ਹੋਏ ਮੈਡੀਕਲ ਖ਼ਰਚਿਆਂ ਦੀ ਗਾਰੰਟੀ, ਜੋ ਕਿ ਪਾਲਸੀ ਦੇ ਨਿਯਮ ਤੇ ਸ਼ਰਤਾਂ ਅਤੇ ਬੀਮਾ ਕੰਪਨੀ ਵਲੋਂ ਮਨਜ਼ੂਰੀ ਉੱਤੇ ਨਿਰਭਰ ਹੈ।

e) ਦੌਰੇ ਤੋਂ ਪਹਿਲਾਂ ਜਾਣਕਾਰੀ ਸੇਵਾ ਅਤੇ ਹੋਰ ਸੇਵਾਵਾਂ:

i. ਵੀਜ਼ਾ ਤੇ ਇਨੋਕਿਉਲੇਸ਼ਨ ਲੋੜਾਂ

ii. ਐਂਬੈਸੀ ਹਵਾਲਾ ਸੇਵਾਵਾਂ

iii. ਗੁਆਚੇ ਪਾਸਪੋਰਟ ਤੇ ਗੁਆਚੇ ਸਮਾਨ ਸਹਾਇਤਾ ਸੇਵਾਵਾਂ

iv. ਐਮਰਜੈਂਸੀ ਸੁਨੇਹਾ ਟਰਾਂਸਮਿਸ਼ਨ ਸੇਵਾਵਾਂ

v. ਜ਼ਮਾਨਤ ਬੌਂਡ ਇਕਰਾਰ

vi. ਵਿੱਤੀ ਐਮਰਜੈਂਸੀ ਸਹਾਇਕ

f) ਦੋ-ਭਾਸ਼ੀਆ ਹਵਾਲਾ

g) ਕਾਨੂੰਨੀ ਹਵਾਲਾ

h) ਵਕੀਲ ਦੀ ਨਿਯੁਕਤ

a) ਹਸਪਤਾਲ ਵਿੱਚ ਭਰਤੀ ਹੋਣ ਦੀ ਕਾਰਵਾਈ

i. ਬਹੁਤੇ ਹਸਪਤਾਲ ਸਾਰੀਆਂ ਅੰਤਰਰਾਸ਼ਟਰੀ ਬੀਮਾ ਕੰਪਨੀਆਂ ਤੋਂ ਭੁਗਤਾਨ ਦੀ ਗਾਰੰਟੀ ਮਨਜ਼ੂਰ ਕਰਦੀਆਂ ਹਨ, ਜਦੋਂ ਕਿ ਬੀਮਤ ਉਹਨਾਂ ਨੂੰ ਇੱਕ ਜਾਇਜ਼ ਸਿਹਤ ਜਾਂ ਵਿਦੇਸ਼ੀ ਯਾਤਰਾ ਬੀਮਾ ਪਾਲਸੀ ਦਿੰਦਾ ਹੈ।

ii. ਹਸਪਤਾਲ ਤੁਰੰਤ ਇਲਾਜ ਸ਼ੁਰੂ ਕਰਦੇ ਹਨ। ਜੇ ਬੀਮਾ-ਸੁਰੱਖਿਆ ਹੈ ਤਾਂ ਬੀਮਾ ਪਾਲਸੀ ਭੁਗਤਾਨ ਕਰਦੀ ਹੈ ਜਾਂ ਮਰੀਜ਼ ਵਿਅਕਤੀ ਨੂੰ ਭੁਗਤਾਨ ਕਰਨਾ ਪੈਂਦਾ ਹੈ। ਹਸਪਤਾਲ ਭੁਗਤਾਨ ਵਿੱਚ ਦੇਰੀ ਹੋਣ ਨਾਲ ਖ਼ਰਚੇ ਵਧਾ ਸਕਦੇ ਹਨ।

iii. ਨੈੱਟਵਰਕ ਵਾਲੇ ਹਸਪਤਾਲਾਂ ਅਤੇ ਕਾਰਵਾਈਆਂ ਦੇ ਸੰਬੰਧ ਵਿੱਚ ਜਾਣਕਾਰੀ ਸਹਾਇਕ ਕੰਪਨੀਆਂ ਵਲੋਂ ਦਿੱਤੇ ਗਏ ਮੁਫ਼ਤ ਟੈਲੀਫ਼ੋਨ ਨੰਬਰਾਂ ਉੱਤੇ ਬੀਮਤ ਨੂੰ ਦਿੱਤੀ ਜਾਂਦੀ ਹੈ।

iv. ਹਸਪਤਾਲ ਵਿੱਚ ਭਰਤੀ ਹੋਣ ਦੀ ਲੋੜ ਉੱਤੇ ਬੀਮਤ ਨੂੰ ਕਾਲ ਸੈਂਟਰ ਨੂੰ ਕਾਲ ਕਰਕੇ ਦੱਸਣ ਦੀ ਲੋੜ ਹੁੰਦੀ ਹੈ ਅਤੇ ਜਾਇਜ਼ ਯਾਤਰਾ ਬੀਮਾ ਪਾਲਸੀ ਨਾਲ ਖਾਸ ਹਸਪਤਾਲ ਵਿੱਚ ਇਲਾਜ ਕਰਵਾਉਣਾ ਚਾਹੀਦਾ ਹੈ।

v. ਅਕਸਰ ਹਸਪਤਾਲ ਕਾਲ ਸੈਂਟਰ ਨੰਬਰਾਂ ਉੱਤੇ ਸਹਾਇਕ ਕੰਪਨੀਆਂ/ਬੀਮਾਕਰਤਾ ਨਾਲ ਪਾਲਸੀ ਦੀ ਵੈਧਤਾ ਅਤੇ ਬੀਮਾ-ਸੁਰੱਖਿਆ ਦੀ ਤਸਦੀਕ ਕਰਨ ਲਈ ਕਾਲ ਕਰਦੇ ਹਨ।

vi. ਜਦੋਂ ਹਸਪਤਾਲ ਵਿੱਚ ਪਾਲਸੀ ਨੂੰ ਮਨਜ਼ੂਰ ਕਰ ਲਿਆ ਤਾਂ ਬੀਮਤ ਦਾ ਇਲਾਜ ਹਸਪਤਾਲ ਵਿੱਚ ਨਕਦੀ-ਰਹਿਤ ਢੰਗ ਨਾਲ ਸ਼ੁਰੂ ਕੀਤਾ ਜਾਂਦਾ ਹੈ।

vii. ਦਾਖਲ ਕਰਨ ਦੀ ਯੋਗਤਾ ਦਾ ਪਤਾ ਲਗਾਉਣ ਲਈ ਬੀਮਾਕਰਤਾ/ਸਹਾਇਕ ਪੂਰਕ ਵਲੋਂ ਦਿੱਤੀ ਜਾਣ ਵਾਲੀ ਕੁਝ ਮੁੱਢਲੀ ਜਾਣਕਾਰੀ ਹੈ:

1. ਅਲਾਮਤ ਦਾ ਵੇਰਵਾ
2. ਕਿਸੇ ਵੀ ਪਿਛਲੇ ਅਤੀਤ ਦੇ ਕੇਸ ਵਿੱਚ ਹਸਪਤਾਲ ਦੇ ਵੇਰਵੇ, ਭਾਰਤ ਵਿੱਚ ਲੋਕਲ ਮੈਡੀਕਲ ਅਧਿਕਾਰੀ ਹਨ:

    - ✓ ਪਿਛਲਾ ਅਤੀਤ, ਮੌਜੂਦਾ ਇਲਾਜ ਅਤੇ ਹਸਪਤਾਲ ਵਿੱਚ ਹੋਰ ਵਿਉਂਤੇ ਕੋਰਸ ਅਤੇ ਤੁਰੰਤ ਭੇਜਣ ਦੀ ਬੇਨਤੀ
    - ✓ ਇਲਾਜ ਕਰਨ ਵਾਲੇ ਡਾਕਟਰ ਦੇ ਬਿਆਨ ਨਾਲ ਦਾਅਵਾ ਫਾਰਮ
    - ✓ ਪਾਸਪੋਰਟ ਦੀ ਕਾਪੀ
    - ✓ ਮੈਡੀਕਲ ਜਾਣਕਾਰੀ ਫਾਰਮ ਦੇਣਾ

b) ਮੈਡੀਕਲ ਖ਼ਰਚਿਆਂ ਤੇ ਹੋਰ ਗ਼ੈਰ-ਮੈਡੀਕਲ ਦਾਅਵਿਆਂ ਲਈ ਧਨ-ਵਾਪਸੀ:

ਧਨ-ਵਾਪਸੀ ਦਾਅਵਿਆਂ ਨੂੰ ਅਕਸਰ ਬੀਮਤ ਵਲੋਂ ਭਾਰਤ ਵਾਪਸ ਆਉਣ ਦੇ ਬਾਅਦ ਭਰਿਆ ਜਾਂਦਾ ਹੈ। ਦਾਅਵਾ ਪੇਪਰ ਪ੍ਰਾਪਤ ਹੋਣ ਉੱਤੇ, ਦਾਅਵੇ ਉੱਤੇ ਆਮ ਢੰਗ ਨਾਲ ਕਾਰਵਾਈ ਕੀਤੀ ਜਾਂਦੀ ਹੈ। ਸਭ ਮੰਨਣਯੋਗ ਦਾਅਵਿਆਂ ਲਈ ਭੁਗਤਾਨ ਭਾਰਤੀ ਰੁਪਇਆ (INR) ਵਿੱਚ ਕੀਤਾ ਜਾਂਦਾ ਹੈ, ਨਾ ਕਿ ਨਕਦੀ-ਰਹਿਤ ਦਾਅਵਿਆਂ ਵਾਂਗ ਵਿਦੇਸ਼ੀ ਮੁਦਰਾ ਵਿੱਚ।

ਧਨ-ਵਾਪਸੀ ਦਾਅਵਿਆਂ ਉੱਤੇ ਕਾਰਵਾਈ ਕਰਨ ਦੇ ਦੌਰਾਨ, ਮੁਦਰਾ ਪਰਿਵਰਤਨ ਦਰ ਨੂੰ INR ਵਿੱਚ ਘਾਟੇ ਦੀ ਮਿਤੀ ਅਤੇ ਦੇਣਦਾਰੀ ਦੀ ਮਾਤਰਾ ਤਹਿ ਕਰਨ ਦੇ ਦੌਰਾਨ ਤਹਿ ਕੀਤਾ ਜਾਂਦਾ ਹੈ। ਤਦ ਭੁਗਤਾਨ ਚੈੱਕ ਜਾਂ ਇਲੈਕਟਰੋਨਿਕ ਟਰਾਂਸਫਰ ਰਾਹੀਂ ਕੀਤਾ ਜਾਂਦਾ ਹੈ।

c) ਮੈਡੀਕਲ ਹਾਦਸੇ ਅਤੇ ਬੀਮਾਰੀ ਖ਼ਰਚਿਆਂ ਲਈ ਦਾਅਵਾ ਦਸਤਾਵੇਜ਼

i. ਦਾਅਵਾ ਫਾਰਮ

ii. ਡਾਕਟਰ ਦੀ ਰਿਪੋਰਟ

iii. ਅਸਲ ਦਾਖਲਾ/ਛੁੱਟੀ ਕਾਰਡ

iv. ਅਸਲੀ ਬਿੱਲ/ਰਸੀਦਾਂ/ਦਵਾਈ ਦੀ ਪਰਚੀ

v. ਅਸਲ X-ਰੇ ਰਿਪੋਰਟਾਂ/ਰੋਗ/ਜਾਂਚ ਰਿਪੋਰਟਾਂ

vi. ਪਾਸਪੋਰਟ/ਦਾਖਲ ਹੋਣ ਅਤੇ ਛੱਡਣ ਦੀ ਮੋਹਰ ਨਾਲ ਵੀਜ਼ੇ ਦੀ ਕਾਪੀ

ਉੱਤੇ ਦਿੱਤੀ ਸੂਚੀ ਕੇਵਲ ਦਰਸਾਉਣ ਲਈ ਹੈ। ਖਾਸ ਕੇਸ ਵੇਰਵੇ ਮੁਤਾਬਕ ਜਾਂ ਖਾਸ ਬੀਮਾਕਰਤਾ ਵਲੋਂ ਦਾਅਵਾ ਨਿਪਟਾਉਣ ਪਾਲਸੀ/ਕਾਰਵਾਈ ਦੀ ਲੋੜ ਮੁਤਾਬਕ ਹੋਰ ਜਾਣਕਾਰੀ/ਦਸਤਾਵੇਜ਼ਾਂ ਦੀ ਲੋੜ ਹੋ ਸਕਦੀ ਹੈ।

**ਆਪਣੇ ਆਪ ਨੂੰ ਪਰਖੋ 5**

ਬਹੁਤੇ ਹਸਪਤਾਲ ਸਾਰੀਆਂ ਕੌਮਾਂਤਰੀ ਬੀਮਾ ਕੰਪਨੀਆਂ ਤੋਂ ਭੁਗਤਾਨ ਦੀ ਗਾਰੰਟੀ ਮਨਜ਼ੂਰ ਕਰਦੀਆਂ ਹਨ, ਜਦੋਂ ਕਿ ਬੀਮਤ ਉਹਨਾਂ ਨੂੰ ਜਾਇਜ਼ _________ ਬੀਮਾ ਪਾਲਸੀ ਦਿੰਦਾ ਹੈ।

I. ਕਾਨੂੰਨੀ ਦੇਣਦਾਰੀ

II. ਕਰੋਨਾ ਰਕਸ਼ਕ

III. ਵਿਦੇਸ਼ੀ ਯਾਤਰਾ ਬੀਮਾ

IV. ਇੰਡਾਊਂਸਮੈਂਟ

## ਸਵੈ ਜਾਂਚ ਦੇ ਜਵਾਬ

**ਜਵਾਬ 1 - ਸਹੀ ਚੋਣ II ਹੈ।**

**ਜਵਾਬ 2- ਸਹੀ ਚੋਣ II ਹੈ।**

**ਜਵਾਬ 3- ਸਹੀ ਚੋਣ III ਹੈ।**

**ਜਵਾਬ 4- ਸਹੀ ਚੋਣ IV ਹੈ।**

**ਜਵਾਬ 5- ਸਹੀ ਚੋਣ III ਹੈ।**

## ਸਾਰ

a) ਬੀਮਾ ਇੱਕ 'ਵਾਅਦਾ' ਹੈ ਅਤੇ ਪਾਲਸੀ ਉਸ ਵਾਅਦੇ ਦਾ 'ਗਵਾਹ' ਹੈ। ਬੀਮਾ ਕਰਵਾਈ ਘਟਨਾ ਵਾਪਰਨ ਨਾਲ ਪਾਲਸੀ ਦੇ ਅਧੀਨ ਦਾਅਵਾ ਉਸ ਵਾਅਦਾ ਦਾ ਅਸਲ ਟੈਸਟ ਹੁੰਦਾ ਹੈ।

b) ਬੀਮੇ ਵਿੱਚ ਮੁੱਖ ਰੇਟਿੰਗ ਕਾਰਨਾਂ ਵਿੱਚ ਇੱਕ ਹੈ ਬੀਮਾ ਕੰਪਨੀ ਵਲੋਂ ਦਾਅਵਿਆਂ ਦੇ ਭੁਗਤਾਨ ਕਰਨ ਦੇ ਸਮਰੱਥ ਹੈ।

c) ਗਾਹਕ, ਜੋ ਕਿ ਬੀਮਾ ਖਰੀਦ ਦਾ ਹੈ, ਪਹਿਲਾਂ ਹਿੱਸੇਦਾਰ ਹੈ ਅਤੇ ਦਾਅਵੇ ਦਾ ਪ੍ਰਾਪਤ ਕਰਤਾ ਵੀ ਹੈ।

d) ਨਕਦੀ-ਰਹਿਤ ਦਾਅਵੇ ਵਿੱਚ, ਨੈਟਵਰਕ ਹਸਪਤਾਲ ਪੂਰਕ ਬੀਮਾਕਰਤਾ/ਟੀਪੀਏ ਤੋਂ ਪਹਿਲਾਂ-ਮਨਜ਼ੂਰੀ ਦੇ ਮੁਤਾਬਕ ਮੈਡੀਕਲ ਸੇਵਾ ਦਿੰਦੇ ਹਨ ਅਤੇ ਦਾਅਵੇ ਦੇ ਨਿਪਟਾਰੇ ਲਈ ਬਾਅਦ ਵਿੱਚ ਦਸਤਾਵੇਜ਼ ਦਿੰਦੇ ਹਨ।

e) ਧਨ-ਵਾਪਸੀ ਦਾਅਵੇ ਵਿੱਚ, ਗਾਹਕ ਆਪਣੇ ਸਰੋਤਾਂ ਤੋਂ ਹਸਪਤਾਲ ਨੂੰ ਭੁਗਤਾਨ ਕਰਦਾ ਹੈ ਅਤੇ ਭੁਗਤਾਨ ਲਈ ਆਪਣੇ ਦਾਅਵੇ ਨੂੰ ਬੀਮਾਕਰਤਾ/ਟੀਪੀਏ ਕੋਲ ਫਾਇਲ ਕਰਦਾ ਹੈ।

f) ਦਾਅਵਾ ਸ਼ੁਰੂਆਤ ਗਾਹਕ ਤੇ ਦਾਅਵਾ ਟੀਮ ਵਿਚਾਲੇ ਸੰਪਰਕ ਦਾ ਪਹਿਲਾਂ ਮੌਕਾ ਹੁੰਦਾ ਹੈ।

g) ਜੇ ਬੀਮਾ ਦਾਅਵੇ ਦੇ ਕੇਸ ਵਿੱਚ ਧੋਖੇ ਦਾ ਸ਼ੱਕ ਬੀਮਾ ਕੰਪਨੀ ਨੂੰ ਹੋਵੇ ਤਾਂ ਜਾਂਚ ਕਰਵਾਈ ਜਾਂਦੀ ਹੈ। ਦਾਅਵੇ ਦੀ ਜਾਂਚ ਬੀਮਾਕਰਤਾ/ਟੀਪੀਏ ਵਲੋਂ ਅੰਦਰੂਨੀ ਰੂਪ ਵਿੱਚ ਕੀਤੀ ਜਾ ਸਕਦੀ ਹੈ ਜਾਂ ਪੇਸ਼ੇਵਰ ਖੋਜੀ ਏਜੰਸੀ ਦੇ ਸਪੁਰਦ ਕੀਤੀ ਜਾ ਸਕਦੀ ਹੈ।

h) ਰਾਖਵਾਂਕਰਨ ਦਾਅਵਿਆਂ ਦੀ ਸਥਿਤੀ ਮੁਤਾਬਕ ਬੀਮਾਕਰਤਾ ਦੇ ਲੇਖਾ-ਕਿਤਾਬਾਂ ਵਿੱਚ ਸਭ ਦਾਅਵਿਆਂ ਲਈ ਕੀਤੇ ਪਰਬੰਧ ਦੀ ਰਕਮ ਨੂੰ ਦਰਸਾਉਂਦਾ ਹੈ।

i) ਇਨਕਾਰ ਕਰਨ ਦੇ ਕੇਸ ਵਿੱਚ, ਗਾਹਕ ਕੋਲ ਬੀਮਾਕਰਤਾ ਨੂੰ ਤੱਥ ਪੇਸ਼ ਕਰਨ ਤੋਂ ਇਲਾਵਾ ਬੀਮਾ ਲੋਕਪਾਲ ਜਾਂ ਗਾਹਕ ਕਮਿਸ਼ਨ ਜਾਂ ਕਾਨੂੰਨੀ ਅਧਿਕਾਰੀਆਂ ਕੋਲ ਜਾਣ ਦੀ ਵੀ ਚੋਣ ਮੌਜੂਦ ਹੁੰਦੀ ਹੈ।

j) ਧੋਖੇ ਅਕਸਰ ਹਸਪਤਾਲ ਵਿੱਚ ਭਰਤੀ ਹੋਣ ਤੇ ਹਰਜਾਨਾ ਪਾਲਸੀਆਂ ਵਿੱਚ ਹੁੰਦੇ ਹਨ, ਪਰ ਨਿੱਜੀ ਦੁਰਘਟਣਾ ਪਾਲਸੀਆਂ ਵਿੱਚ ਧੋਖੇ ਦੇ ਦਾਅਵੇ ਕੀਤੇ ਜਾਂਦੇ ਹਨ।

k) ਟੀਪੀਏ ਬੀਮਾਕਰਤਾ ਨੂੰ ਕੁਝ ਖਾਸ ਸੇਵਾਵਾਂ ਦਿੰਦਾ ਹੈ ਅਤੇ ਫੀਸ ਦੇ ਰੂਪ ਵਿੱਚ ਮਿਹਤਨਾਮਾ ਪ੍ਰਾਪਤ ਕਰਦਾ ਹੈ।

# ਭਾਗ

# ਆਮ ਬੀਮਾ

# ਪਾਠ G-01

# ਆਮ ਬੀਮਾ ਦਸਤਾਵੇਜ਼

## ਪਾਠ ਜਾਣ-ਪਛਾਣ

ਜਿਵੇਂ ਕਿ ਪਾਠ 7 ਵਿੱਚ ਵਿਚਾਰਿਆ ਗਿਆ ਹੈ, ਪੇਸ਼ਕਸ਼ ਫਾਰਮ ਵਿੱਚ ਉਹ ਜਾਣਕਾਰੀ ਹੁੰਦੀ ਹੈ, ਜੋ ਕਿ ਬੀਮਾ ਕੰਪਨੀ ਲਈ ਦਿੱਤੇ ਜਾ ਰਹੇ ਬੀਮੇ ਲਈ ਜੋਖਿਮ ਨੂੰ ਮਨਜ਼ੂਰ ਕਰਨ ਲਈ ਫਾਇਦੇਮੰਦ ਹੁੰਦੀ ਹੈ।

ਅਸੀਂ ਬੀਮੇ ਦੀਆਂ ਵੱਖੋ-ਵੱਖ ਬਰਾਂਚਾਂ ਵਿੱਚ ਵੇਖ ਚੁੱਕੇ ਹਾਂ ਕਿ ਬੀਮਾ ਕਰਵਾਈ ਵਿਸ਼ਾ ਵਸਤੂ, ਬੀਮਾ ਸੁਰੱਖਿਆ ਦੀ ਕਿਸਮ ਅਤੇ ਪੈਦਾ ਹੋਣ ਵਾਲੇ ਦਾਅਵਿਆਂ ਦੀਆਂ ਕਿਸਮਾਂ ਮੁਤਾਬਕ ਦਸਤਾਵੇਜ਼ ਲੋੜਾਂ ਵੱਖ-ਵੱਖ ਹੋ ਸਕਦੀਆਂ ਹਨ।

## ਸਿੱਖਣ ਦੇ ਨਤੀਜੇ

A. ਪੇਸ਼ਕਸ਼ ਫਾਰਮ

B. ਪੇਸ਼ਕਸ਼ ਦੀ ਮਨਜ਼ੂਰੀ (ਅੰਡਰਰਾਈਟਿੰਗ)

C. ਪ੍ਰੀਮੀਅਮ ਰਸੀਦ

D. ਕਵਰ ਨੋਟਿਸ / ਬੀਮੇ ਦਾ ਸਰਟੀਫਿਕੇਟ / ਪਾਲਸੀ ਦਸਤਾਵੇਜ਼

E. ਵਾਰੰਟੀਆਂ

F. ਤਸਦੀਕ (ਇੰਡੋਰਸਮੈਂਟ)

G. ਪਾਲਸੀਆਂ ਦਾ ਅਨੁਵਾਦ

H. ਨਵਿਆਉਣ ਸੂਚਨਾ

ਇਹ ਪਾਠ ਪੜ੍ਹਨ ਦੇ ਬਾਅਦ, ਤੁਸੀਂ ਯੋਗ ਹੋਣੇ ਚਾਹੀਦੇ ਹੋ:

a) ਪੇਸ਼ਕਸ਼ ਫਾਰਮ ਦੀ ਸਮੱਗਰੀ ਬਾਰੇ ਜਾਣਕਾਰੀ।

b) ਪ੍ਰਾਸਪੈਕਟ ਦੀ ਮਹੱਤਤਾ ਦਾ ਵਰਣਨ

c) ਪ੍ਰੀਮੀਅਮ ਰਸੀਦ ਸਮਝਣਾ।

d) ਬੀਮਾ ਪਾਲਸੀ ਦਸਤਾਵੇਜ਼ ਵਿੱਚ ਸ਼ਰਤਾਂ ਅਤੇ ਸ਼ਬਦਾਂ ਦੀ ਵਿਆਖਿਆ ਕਰਨੀ।

e) ਪਾਲਸੀ ਦੀਆਂ ਸ਼ਰਤਾਂ ਅਤੇ ਵਾਰੰਟੀਆਂ ਕਰਨ ਬਾਰੇ ਚਰਚਾ ਕਰਨੀ।

f) ਤਸਦੀਕ ਜਾਰੀ ਕਰਨ ਦੀ ਮਹੱਤਤਾ ਨੂੰ ਸਮਝਣਾ।

g) ਨਵਿਆਉਣ ਨੋਟਿਸ: ਜਾਰੀ ਕਰਨ ਦੀ ਮਹੱਤਤਾ ਨੂੰ ਸਮਝਣਾ।

## A. ਪੇਸ਼ਕਸ਼ ਫਾਰਮ

ਪੇਸ਼ਕਸ਼ ਫਾਰਮ ਵਿੱਚ ਉਹ ਜਾਣਕਾਰੀ ਹੁੰਦੀ ਹੈ, ਜੋ ਕਿ ਬੀਮਾ ਕੰਪਨੀ ਲਈ ਦਿੱਤੇ ਜਾ ਰਹੇ ਬੀਮੇ ਲਈ ਜੋਖਿਮ ਨੂੰ ਮਨਜ਼ੂਰ ਕਰਨ ਲਈ ਫਾਇਦੇਮੰਦ ਹੁੰਦੀ ਹੈ। ਬੀਮੇ ਲਈ ਅਤਿ ਚੰਗੇ ਵਿਸ਼ਵਾਸ਼ ਅਤੇ ਪ੍ਰਮੁੱਖ ਜਾਣਕਾਰੀ ਦੇ ਦੇਣ ਦੇ ਫ਼ਰਜ਼ ਦੇ ਸਿਧਾਂਤ ਨਾਲ ਪੇਸ਼ਕਸ਼ ਫਾਰਮ ਸ਼ੁਰੂ ਹੁੰਦਾ ਹੈ।

### ਉਦਾਹਰਨ

ਜੇ ਬੀਮਤ ਨੂੰ ਇੱਕ ਅਲਾਰਮ ਰੱਖਣ ਦੀ ਲੋੜ ਸੀ ਜਾਂ ਉਸਨੇ ਕਿਹਾ ਸੀ ਕਿ ਉਸਦੇ ਸੋਨੇ ਦੇ ਗਹਿਣਿਆਂ ਦੇ ਸ਼ੋਅਰੂਮ ਵਿੱਚ ਇੱਕ ਆਟੋਮੈਟਿਕ ਅਲਾਰਮ ਸਿਸਟਮ ਹੈ ਤਾਂ ਨਾ ਸਿਰਫ਼ ਉਸ ਨੂੰ ਇਹ ਦੱਸਣ ਦੀ ਲੋੜ ਹੈ, ਬਲਕਿ ਉਸ ਵਲੋਂ ਜ਼ਰੂਰੀ ਹੈ ਕਿ ਉਹ ਪਾਲਸੀ ਦੇ ਪੂਰੇ ਸਮੇਂ ਦੌਰਾਨ ਉਸਨੂ ਚਾਲੂ ਹਾਲਤ ਵਿੱਚ ਰੱਖੇ। ਅਲਾਰਮ ਦੀ ਮੌਜੂਦਗੀ ਬੀਮਾਕਰਤਾ ਲਈ ਪ੍ਰਮੁੱਖ ਤੱਥ ਹੈ, ਜੋ ਕਿ ਇਹਨਾਂ ਤੱਥਾਂ ਦੇ ਅਧਾਰ ਉੱਤੇ ਪੇਸ਼ਕਸ਼ ਮਨਜ਼ੂਰ ਕਰਦਾ ਹੈ ਅਤੇ ਉਸ ਮੁਤਾਬਕ ਜੋਖਿਮ ਦੀ ਕੀਮਤ ਤਹਿ ਕਰਦਾ ਹੈ।

### 1. ਪੇਸ਼ਕਸ਼ ਫਾਰਮ ਵਿੱਚ ਸਵਾਲਾਂ ਦੀ ਕਿਸਮ

ਪੇਸ਼ਕਸ਼ ਫਾਰਮ ਦੇ ਵਿੱਚ ਸਵਾਲਾਂ ਦੀ ਗਿਣਤੀ ਅਤੇ ਕਿਸਮ ਸਬੰਧਿਤ ਬੀਮੇ ਦੇ ਵਰਗਾਂ ਦੇ ਮੁਤਾਬਕ ਵੱਖ-ਵੱਖ ਹੋ ਸਕਦੀ ਹੈ।

i. ਅੱਗ ਬੀਮਾ ਪੇਸ਼ਕਸ਼ ਫਾਰਮ ਵਿੱਚ ਅਕਸਰ ਅਨੁਸਾਰੀ ਸਧਾਰਨ / ਮਿਆਰੀ ਜੋਖਿਮ ਜਿਵੇਂ ਕਿ ਘਰ, ਦੁਕਾਨਾਂ ਆਦਿ ਲਈ ਵਰਤੇ ਜਾਂਦੇ ਹਨ। ਵੱਡੇ ਉਦਯੋਗਿਕ ਜੋਖਿਮਾਂ ਲਈ, ਜੋਖਿਮ ਨੂੰ ਮਨਜ਼ੂਰ ਕਰਨ ਤੋਂ ਪਹਿਲਾਂ ਜੋਖਿਮ ਦੀ ਜਾਂਚ ਦਾ ਪ੍ਰਬੰਧ ਬੀਮਾਕਰਤਾ ਵਲੋਂ ਕੀਤਾ ਜਾਂਦਾ ਹੈ। ਕਈ ਵਾਰ ਕੁਝ ਖਾਸ ਜਾਣਕਾਰੀ ਲੈਣ ਲਈ ਪੇਸ਼ਕਸ਼ ਫਾਰਮ ਤੋਂ ਬਿਨਾਂ ਵੀ ਖਾਸ ਸਵਾਲਨਾਮਾ ਵਰਤਿਆ ਜਾਂਦਾ ਹੈ।

   ਅੱਗ ਬੀਮਾ ਪੇਸ਼ਕਸ਼ ਫਾਰਮ ਹੋਰ ਚੀਜ਼ਾਂ ਤੋਂ ਇਲਾਵਾ ਜਾਇਦਾਦ ਦੇ ਵੇਰਵੇ ਦੀ ਮੰਗ ਕਰਦਾ ਹੈ, ਜਿਸ ਵਿੱਚ ਹੇਠ ਲਿਖੀ ਜਾਣਕਾਰੀ ਸ਼ਾਮਲ ਹੋਵੇਗੀ:

   - ✓ ਬਾਹਰੀ ਕੰਧਾਂ ਅਤੇ ਛੱਤਾਂ ਦਾ ਨਿਰਮਾਣ, ਮੰਜ਼ਲਾਂ ਦੀ ਗਿਣਤੀ
   - ✓ ਇਮਾਰਤ ਦੇ ਹਰ ਭਾਗ ਦਾ ਅਧਿਕਾਰ
   - ✓ ਖ਼ਤਰਨਾਕ ਸਾਮਾਨ ਦੀ ਮੌਜੂਦਗੀ
   - ✓ ਨਿਰਮਾਣ ਦੀ ਕਾਰਵਾਈ ਵਿੱਚ ਕੱਚਾ ਮਾਲ ਅਤੇ ਤਿਆਰ ਸਮਾਨ ਸ਼ਾਮਲ ਹੈ
   - ✓ ਬੀਮੇ ਲਈ ਪੇਸ਼ਕਸ਼ ਕੀਤੀ ਰਕਮ
   - ✓ ਬੀਮੇ ਦਾ ਸਮਾਂ ਆਦਿ।

ii. ਮੋਟਰ ਬੀਮੇ ਲਈ, ਵਾਹਨ, ਇਸ ਦੇ ਕੰਮ, ਨਿਰਮਾਣ ਸਾਲ ਅਤੇ ਲਦਾਈ ਸਮੱਰਥਾ, ਇਸ ਨੂੰ ਮਾਲਕ ਵਲੋਂ ਕਿਵੇਂ ਸੰਭਾਲਿਆ ਜਾਂਦਾ ਹੈ ਅਤੇ ਸਬੰਧਿਤ ਬੀਮਾ ਅਤੀਤ ਬਾਰੇ ਸਵਾਲ ਪੁੱਛੇ ਜਾਂਦੇ ਹਨ।

iii. ਨਿੱਜੀ ਪਾਸੇ, ਜਿਵੇਂ ਕਿ ਸਿਹਤ, ਨਿੱਜੀ ਦੁਰਘਟਨਾ ਤੇ ਯਾਤਰਾ ਬੀਮਾ ਆਦਿ, ਪੇਸ਼ਕਸ਼ ਫਾਰਮਾਂ ਨੂੰ ਪੇਸ਼ਕਰਤਾ ਦੀ ਸਿਹਤ, ਜੀਵਨ ਸ਼ੈਲੀ ਤੇ ਆਦਤਾਂ, ਪਹਿਲਾਂ-ਮੌਜੂਦਾ ਸਿਹਤ ਹਾਲਤ, ਡਾਕਟਰੀ ਅਤੀਤ, ਜੱਦੀ ਲੱਛਣ, ਪੁਰਾਣੇ ਬੀਮਾ ਤਜਰਬੇ ਆਦਿ ਦੀ ਜਾਣਕਾਰੀ ਲੈਣ ਲਈ ਤਿਆਰ ਕੀਤਾ ਹੁੰਦਾ ਹੈ।

iv. ਹੋਰ ਫੁਟਕਲ ਬੀਮੇ ਵਿੱਚ, ਪੇਸ਼ਕਸ਼ ਫਾਰਮ ਜ਼ਰੂਰੀ ਹਨ ਅਤੇ ਉਹਨਾਂ ਵਿੱਚ ਐਲਾਨ ਸ਼ਾਮਿਲ ਕੀਤਾ ਹੁੰਦਾ ਹੈ, ਜੋ ਕਿ ਚੰਗੇ ਵਿਸ਼ਵਾਸ਼ ਦੇ ਆਮ ਕਾਨੂੰਨੀ ਫ਼ਰਜ਼ਾਂ ਨੂੰ ਵਧਾਉਂਦਾ ਹੈ।

2. ਪੇਸ਼ਕਸ਼ ਦੇ ਤੱਥ

i. ਪੇਸ਼ਕਸ਼ਕਰਤਾ ਦਾ ਪੂਰਾ ਨਾਂ

ਪੇਸ਼ਕਸ਼ਕਰਤਾ ਖੁਦ ਦੀ ਸਪਸ਼ਟਤਾ ਦੇ ਰੂਪ ਵਿੱਚ ਪਛਾਣ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਬੀਮਾਕਰਤਾ ਲਈ ਇਹ ਜਾਣਨਾ ਮਹੱਤਵਪੂਰਨ ਹੈ ਕਿ ਉਹ ਕਿਸ ਨਾਲ ਇਕਰਾਰਨਾਮਾ ਕਰਨ ਜਾ ਰਿਹਾ ਹੈ, ਤਾਂ ਕਿ ਪਾਲਸੀ ਦੇ ਅਧੀਨ ਮਿਲਣ ਵਾਲੇ ਫਾਇਦੇ ਕੇਵਲ ਬੀਮਤ ਨੂੰ ਹੀ ਪ੍ਰਾਪਤ ਹੋਣ।

ii. ਪੇਸ਼ਕਸ਼ਕਰਤਾ ਦਾ ਸਿਰਨਾਵਾਂ ਅਤੇ ਸੰਪਰਕ ਵੇਰਵਾ

ਉੱਤੇ ਦਿੱਤੇ ਗਏ ਕਾਰਨ ਪੇਸ਼ਕਰਤਾ ਦਾ ਸਿਰਨਾਵਾਂ ਅਤੇ ਸੰਪਰਕ ਵੇਰਵਾ ਲੈਣ ਲਈ ਲਾਗੂ ਹੁੰਦੇ ਹਨ।

iii. ਪੇਸ਼ਕਸ਼ਕਰਤਾ ਦਾ ਪੇਸ਼ਾ, ਕਿੱਤਾ ਜਾਂ ਵਪਾਰ

ਕੁਝ ਕੇਸਾਂ ਵਿੱਚ, ਜਿਵੇਂ ਕਿ ਸਿਹਤ ਅਤੇ ਨਿੱਜੀ ਦੁਰਘਟਨਾ ਬੀਮਾ, ਪੇਸ਼ਕਰਤਾ ਦੇ ਕਿੱਤੇ, ਅਹੁਦਾ ਜਾਂ ਕਾਰੋਬਾਰ ਦੀ ਮਹੱਤਤਾ ਹੁੰਦੀ ਹੈ, ਕਿਉਂਕਿ ਉਹਨਾਂ ਦਾ ਜੋਖਿਮ ਉੱਤੇ ਪ੍ਰਮੱਖ ਅਸਰ ਹੋ ਸਕਦੇ ਹਨ।

iv. ਬੀਮੇ ਦੇ ਵਿਸ਼ੇ ਦਾ ਵੇਰਵਾ ਅਤੇ ਪਛਾਣ

ਪੇਸ਼ਕਸ਼ਕਰਤਾ ਨੂੰ ਵਿਸ਼ੇ ਬਾਰੇ ਸਪਸ਼ਟ ਰੂਪ ਵਿੱਚ ਦੱਸਣ ਦੀ ਲੋੜ ਹੁੰਦੀ ਹੈ, ਜੋ ਕਿ ਉਹ ਬੀਮੇ ਲਈ ਪੇਸ਼ ਕਰ ਰਿਹਾ ਹੈ।

| ਉਦਾਹਰਨ |
| --- |

ਪੇਸ਼ਕਰਤਾ ਨੂੰ ਦੱਸਣਾ ਹੁੰਦਾ ਹੈ, ਜੇਕਰ ਇਹ:

i. ਪ੍ਰਾਈਵੇਟ ਕਾਰ ਹੈ [ਇਸ ਦੀ ਪਛਾਣ ਜਿਵੇਂ ਇੰਜਣ ਨੰਬਰ, ਚੈਂਸੀ ਨੰਬਰ, ਰਜਿਸਟਰੇਸ਼ਨ ਨੰਬਰ ਨਾਲ] ਜਾਂ

ii. ਰਿਹਾਇਸ਼ੀ ਘਰ ਹੈ [ਪੂਰੇ ਸਿਰਨਾਵੇਂ ਅਤੇ ਪਛਾਣ ਨੰਬਰ ਨਾਲ] ਜਾਂ

iii. ਵਿਦੇਸ਼ੀ ਯਾਤਰਾ ਹੈ [ਕਿਸ ਰਾਹੀਂ, ਕਦੋਂ, ਕਿਹੜੇ ਦੇਸ਼ ਵਿੱਚ ਅਤੇ ਕਿਸ ਮਕਸਦ ਨਾਲ] ਜਾਂ

iv. ਵਿਅਕਤੀ ਦੀ ਸਿਹਤ [ਵਿਅਕਤੀ ਦਾ ਨਾਂ, ਸਿਰਨਾਵਾਂ ਅਤੇ ਪਛਾਣ] ਆਦਿ, ਜੋ ਕਿ ਕੇਸ ਉੱਤੇ ਨਿਰਭਰ ਹੈ।

v. ਬੀਮਾ ਕੀਤੀ ਰਕਮ ਪਾਲਸੀ ਦੇ ਅਧੀਨ ਬੀਮਾਕਰਤਾ ਦੀ ਦੇਣਦਾਰੀ ਹੱਦ ਨੂੰ ਦਰਸਾਉਂਦੀ ਹੈ ਅਤੇ ਇਸ ਨੂੰ ਸਭ ਪੇਸ਼ਕਸ਼ ਫਾਰਮਾਂ ਵਿੱਚ ਦੱਸਣਾ ਹੁੰਦਾ ਹੈ।

vi. ਪੁਰਾਣਾ ਅਤੇ ਮੌਜੂਦਾ ਬੀਮਾ: ਜਿਵੇਂ ਕਿ ਆਮ ਪਾਠਾਂ ਵਿੱਚ ਵੇਖਿਆ ਹੈ, ਪੇਸ਼ਕਰਤਾ ਨੂੰ ਬੀਮਾਕਰਤਾ ਨੂੰ ਆਪਣੇ ਪਿਛਲੇ ਬੀਮੇ ਬਾਰੇ ਵੇਰਵੇ ਸਮੇਤ ਜਾਣਕਾਰੀ ਦੇਣ ਦੀ ਲੋੜ ਹੁੰਦੀ ਹੈ।

ਜਾਇਦਾਦ ਬੀਮੇ ਵਿੱਚ, ਸੰਭਾਵਨਾ ਹੁੰਦੀ ਹੈ ਕਿ ਬੀਮਤ ਨੇ ਵੱਖ-ਵੱਖ ਬੀਮਾ ਕਰਨ ਵਾਲਿਆਂ ਤੋਂ ਪਾਲਸੀਆਂ ਲਈਆਂ ਹੋਣ ਅਤੇ ਜਦੋਂ ਘਾਟਾ ਹੁੰਦਾ ਹੈ ਤਾਂ ਇੱਕ ਤੋਂ ਵੱਧ ਬੀਮਾਕਰਤਾ ਲਈ ਦਾਅਵਾ ਕੀਤਾ ਜਾਂਦਾ ਹੈ। ਇਹ ਜਾਣਕਾਰੀ ਯਕੀਨੀ ਬਣਾਉਣ ਲਈ ਲੋੜੀਦੀ ਹੈ ਕਿ ਯੋਗਦਾਨ ਦੇ ਮੂਲ ਨੂੰ ਲਾਗੂ ਕੀਤਾ ਗਿਆ ਹੈ ਤਾਂ ਜੋ ਕਿ ਬੀਮਤ ਨੂੰ ਹਰਜਾਨਾ ਪੂਰਤੀ ਹੋ ਸਕੇ ਅਤੇ ਇੱਕੋ ਜੋਖਿਮ ਲਈ ਕਈ ਬੀਮਾ ਪਾਲਸੀਆਂ ਤੋਂ ਫਾਇਦਾ/ਲਾਭ ਨਾ ਹੋਵੇ।

ਇਸ ਤੋਂ ਇਲਾਵਾ, ਨਿੱਜੀ ਦੁਰਘਟਨਾ ਬੀਮੇ ਵਿੱਚ ਬੀਮਾਕਰਤਾ ਬੀਮਾ ਸੁਰੱਖਿਆ ਦੀ ਰਕਮ (ਬੀਮਾ ਕੀਤੀ ਰਕਮ) ਨੂੰ ਉਸੇ ਬੀਮਤ ਵਲੋਂ ਲਈਆਂ ਗਈਆਂ ਹੋਰ ਪੀਏ ਪਾਲਸੀਆਂ ਦੇ ਅਧੀਨ ਬੀਮਤ ਰਕਮ ਦੇ ਮੁਤਾਬਕ ਸੀਮਿਤ ਕਰ ਸਕਦਾ ਹੈ।

vii. ਘਾਟਾ ਅਨੁਭਵ

ਪੇਸ਼ਕਰਤਾ ਨੂੰ ਉਸ ਨੂੰ ਪਏ ਸਭ ਘਾਟੇ ਬਾਰੇ ਪੂਰੇ ਵੇਰਵੇ ਨੂੰ ਐਲਾਨਣ ਲਈ ਕਿਹਾ ਜਾਂਦਾ ਹੈ, ਭਾਵੇਂ ਉਹਨਾਂ ਦਾ ਬੀਮਾ ਹੋਇਆ ਹੋਵੇ ਜਾਂ ਨਾ। ਇਹ ਬੀਮਾਕਰਤਾ ਨੂੰ ਬੀਮੇ ਦੀ ਵਿਸ਼ਾ-ਵਸਤੂ ਬਾਰੇ ਜਾਣਕਾਰੀ ਦੇਵੇਗਾ ਅਤੇ ਦੱਸੇਗਾ ਕਿ ਬੀਮਤ ਨੇ ਪਹਿਲਾਂ ਜੋਖਿਮ ਦਾ ਪ੍ਰਬੰਧ ਕਿਵੇਂ ਕੀਤਾ ਸੀ। ਅੰਡਰਰਾਈਟਰ ਇੰਝ ਦੇ ਜਵਾਬਾਂ ਤੋਂ ਜੋਖਿਮ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਨ ਅਤੇ ਜੋਖਿਮ ਜਾਂਚ ਕਰਨ ਜਾਂ ਹੋਰ ਵੇਰਵਾ ਇੱਕਠਾ ਕਰਨ ਦਾ ਫੈਸਲਾ ਕਰਦੇ ਹਨ।

viii. ਬੀਮਤ ਵਲੋਂ ਐਲਾਨ

ਜਿਵੇਂ ਪੇਸ਼ਕਸ਼ ਫਾਰਮ ਦਾ ਮਕਸਦ ਬੀਮਾਕਰਤਾ ਨੂੰ ਸਭ ਮਹੱਤਵਪੂਰਨ ਜਾਣਕਾਰੀ ਦੇਣਾ ਹੁੰਦਾ ਹੈ, ਫਾਰਮ ਵਿੱਚ ਬੀਮਤ ਵਲੋਂ ਐਲਾਨ ਵੀ ਹੁੰਦਾ ਹੈ ਕਿ ਜਵਾਬ ਸੱਚ ਅਤੇ ਸਹੀਂ ਹਨ ਅਤੇ ਉਹ ਸਹਿਮਤ ਹੈ ਕਿ ਫਾਰਮ ਬੀਮਾ ਇਕਰਾਰਨਾਮੇ ਦਾ ਅਧਾਰ ਬਣੇਗਾ। ਕੋਈ ਵੀ ਗਲਤ ਜਵਾਬ ਬੀਮਾਕਰਤਾ ਨੂੰ ਇਕਰਾਰਨਾਮਾ ਰੱਦ ਕਰਨ ਦਾ ਹੱਕ ਦੇਵੇਗਾ। ਹੋਰ ਭਾਗ ਸਭ ਪੇਸ਼ਕਸ਼ ਫਾਰਮਾਂ ਵਿੱਚ ਸਾਂਝੇ ਹੁੰਦੇ ਹਨ, ਜੋ ਕਿ ਦਸਤਖਤ, ਮਿਤੀ ਅਤੇ ਕੁਝ ਕੇਸਾਂ ਵਿੱਚ ਏਜੰਟਾਂ ਦੀਆਂ ਸਿਫਾਰਸ਼ ਨਾਲ ਸਬੰਧਿਤ ਹੁੰਦੇ ਹਨ।

## B. ਪੇਸ਼ਕਸ਼ ਦੀ ਮਨਜ਼ੂਰੀ (ਅੰਡਰਰਾਈਟਿੰਗ)

ਜਿਵੇਂ ਪਹਿਲਾਂ ਵੇਖਿਆ ਕਿ ਪਹਿਲਾਂ ਪੂਰੇ ਕੀਤੇ ਪੇਸ਼ਕਸ਼ ਫਾਰਮ ਵਿੱਚ ਹੇਠ ਦਿੱਤੇ ਜਾਣਕਾਰੀ ਦਿੱਤੀ ਜਾਂਦੀ ਹੈ:

- ✓ ਬੀਮਤ ਦਾ ਵੇਰਵਾ
- ✓ ਵਿਸ਼ਾ-ਵਸਤੂ ਬਾਰੇ ਵੇਰਵਾ
- ✓ ਲੋੜੀਂਦੀ ਬੀਮਾ ਸੁਰੱਖਿਆ ਦੀ ਕਿਸਮ
- ✓ ਭੌਤਿਕ ਲੱਛਣਾਂ, ਚੰਗੇ ਤੇ ਮਾੜੇ ਦੋਵੇਂ, ਦਾ ਵੇਰਵਾ - ਜਿਸ ਵਿੱਚ ਨਿਰਮਾਣ ਦੀ ਕਿਸਮ ਤੇ ਕੁਆਲਟੀ, ਉਮਰ, ਅੱਗ ਬਝਾਊ ਜੰਤਰਾਂ ਦੀ ਮੌਜੂਦਗੀ, ਸੁਰੱਖਿਆ ਦੀ ਕਿਸਮ ਆਦਿ।
- ✓ ਬੀਮੇ ਅਤੇ ਘਾਟੇ ਦਾ ਪਿਛਲਾ ਇਤਿਹਾਸ

ਜਾਇਦਾਦ, ਮੋਟਰ ਜਾਂ ਕਾਰਗੋ ਬੀਮੇ ਵਿੱਚ ਬੀਮਾਕਰਤਾ ਜੋਖਿਮ ਨੂੰ ਮਨਜ਼ੂਰ ਕਰਨ ਤੋਂ ਪਹਿਲਾਂ ਸਰਵੇਖਣ ਕਰਵਾਉਣ ਦਾ ਪ੍ਰਬੰਧ ਵੀ ਕਰ ਸਕਦਾ ਹੈ, ਜੋ ਕਿ ਜੋਖਿਮ ਦੀ ਕਿਸਮ ਅਤੇ ਮੁੱਲ ਉੱਤੇ ਨਿਰਭਰ ਹੈ। ਬੀਮਾਕਰਤਾ ਪੇਸ਼ਕਸ਼ ਵਿੱਚ ਦਿੱਤੀ ਜਾਣਕਾਰੀ, ਜ਼ੋਖਮ ਜਾਂਚ ਰਿਪੋਰਟ, ਵਧੀਕ ਸਵਾਲਨਾਮੇ ਦੇ ਜਵਾਬਾਂ ਤੇ ਹੋਰ ਦਸਤਾਵੇਜ਼ (ਜੋ ਕਿ ਬੀਮਾਕਰਤਾ ਵਲੋਂ ਮੰਗੇ ਜਾ ਸਕਦੇ ਹਨ) ਮੁਤਾਬਕ ਫ਼ੈਸਲਾ ਕਰਦੇ ਹਨ। ਬੀਮਾਕਰਤਾ ਤਦ ਜੋਖਿਮ ਗੁਣਾਂਕ ਉੱਤੇ ਲਾਗੂ ਹੋਣ ਵਾਲੀ ਦਰ ਅਤੇ ਕਈ ਮਾਪਦੰਡਾਂ ਦੇ ਆਧਾਰ ਉੱਤੇ ਪ੍ਰੀਮੀਅਮ ਕੱਢਦਾ ਹੈ, ਜਿਸ ਨੂੰ ਤਦ ਬੀਮਤ ਨੂੰ ਭੇਜ ਦਿੱਤਾ ਜਾਂਦਾ ਹੈ। ਬੀਮਾਕਰਤਾ ਵਲੋਂ ਪੇਸ਼ਕਸ਼ ਉੱਤੇ ਤੇਜ਼ੀ ਤੇ ਪ੍ਰਭਾਵੀ ਢੰਗ ਨਾਲ ਕਾਰਵਾਈ ਹੁੰਦੀ ਹੈ ਅਤੇ ਇਸਕਰਕੇ ਸਭ ਫੈਸਲੇ ਲਿਖਤੀ ਰੂਪ ਵਿੱਚ ਵਾਜਬ ਸਮੇਂ ਦੇ ਅੰਦਰ ਭੇਜੇ ਜਾਂਦੇ ਹਨ।

### ਪਰਿਭਾਸ਼ਾ

ਅੰਡਰਰਾਈਟਰਿੰਗ: ਪਾਲਸੀਧਾਰਕਾਂ ਦੇ ਹਿੱਤਾਂ ਦੀ ਸੁਰੱਖਿਆ ਨਿਯਮ 2017 ਦੇ ਮੁਤਾਬਕ, ਕੰਪਨੀ ਨੂੰ ਪੇਸ਼ਕਸ਼ ਉੱਤੇ ਕਾਰਵਾਈ 15 ਦਿਨਾਂ ਵਿੱਚ ਕਰਨੀ ਹੁੰਦੀ ਹੈ। ਏਜੰਟ ਤੋਂ ਇਹ ਸਮਾਂ-ਹੱਦ ਬਾਰੇ ਧਿਆਨ ਰੱਖਣ, ਅੰਦਰੂਨੀ ਤੌਰ ਉੱਤੇ ਜਾਣਕਾਰੀ ਰੱਖਣ ਅਤੇ ਗਾਹਕ ਸੇਵਾ ਦੇ ਤੌਰ ਉੱਤੇ ਸੰਭਾਵਿਤ/ਬੀਮਤ ਨਾਲ ਗੱਲਬਾਤ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਪੇਸ਼ਕਸ਼ ਨੂੰ ਪੜਤਾਲਣ ਅਤੇ ਮਨਜ਼ੂਰੀ ਦੇਣ ਦੇ ਫੈਸਲੇ ਦੀ ਪੂਰੀ ਕਾਰਵਾਈ ਨੂੰ ਅੰਡਰਰਾਈਟਿੰਗ ਵਜੋਂ ਜਾਣਿਆ ਜਾਂਦਾ ਹੈ।

### ਆਪਣੇ ਆਪ ਨੂੰ ਪਰਖੋ 1

ਪਾਲਸੀਧਾਰਕਾਂ ਦੇ ਹਿੱਤਾਂ ਦੀ ਸੁਰੱਖਿਆ) ਨਿਯਮ 2017 ਦੇ ਮੁਤਾਬਕ, ਬੀਮਾ ਕੰਪਨੀ ਨੂੰ ਬੀਮਾ ਪੇਸ਼ਕਸ਼ ਉੱਤੇ ਕਾਰਵਾਈ _________ ਵਿੱਚ ਪੂਰੀ ਕਰਨੀ ਹੁੰਦੀ ਹੈ।

I. 7 ਦਿਨ

II. 15 ਦਿਨ

III. 30 ਦਿਨ

IV. 45 ਦਿਨ

---

## C. ਪ੍ਰੀਮੀਅਮ ਰਸੀਦ

ਪ੍ਰੀਮੀਅਮ ਬੀਮਤ ਵਲੋਂ ਬੀਮਾਕਰਤਾ ਨੂੰ ਬੀਮੇ ਦੀ ਵਿਸ਼ਾ-ਵਸਤੂ ਦੇ ਬੀਮੇ ਲਈ ਕੀਤਾ ਜਾਣ ਵਾਲਾ ਭੁਗਤਾਨ ਹੈ, ਬੀਮੇ ਦੇ ਇਕਰਾਰਨਾਮੇ ਦੇ ਤਹਿਤ। ਜਿਵੇਂ ਕਿ ਪਾਠ 4 ਵਿੱਚ ਵਿਚਾਰਿਆ ਗਿਆ ਹੈ, ਏਜੰਟ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਬੀਮਾ ਕਨੂੰਨ ਦੀ ਧਾਰਾ 64 ਵੀਬੀ ਦੇ ਤਹਿਤ ਪ੍ਰੀਮੀਅਮ ਦਾ ਭੁਗਤਾਨ ਪੇਸ਼ਗੀ ਦੇ ਰੂਪ ਵਿੱਚ ਬੀਮਾ ਇਕਰਾਰ ਲਾਗੂ ਹੋਣ ਤੋਂ ਪਹਿਲਾਂ ਹੋਣਾ ਚਾਹੀਦਾ ਹੈ।

### ਮਹੱਤਵਪੂਰਨ

a) ਬੀਮਾ ਐਕਟ-1938 ਦੇ ਸੈਕਸ਼ਨ 64 VB ਦੇ ਮੁਤਾਬਕ ਕਿਸੇ ਵੀ ਬੀਮਾਕਰਤਾ ਨੂੰ ਕਿਸੇ ਵੀ ਜੋਖਿਮ ਨੂੰ ਧਾਰਨ ਨਹੀਂ ਕਰਨਾ ਚਾਹੀਦਾ ਜਦੋਂ ਤੱਕ ਕਿ ਪੇਸ਼ਗੀ ਦੇ ਰੂਪ ਵਿੱਚ ਪ੍ਰੀਮੀਅਮ ਮਿਲ ਨਹੀਂ ਜਾਂਦਾ ਹੈ ਜਾਂ ਭੁਗਤਾਨ ਹੋਣ ਦੀ ਗਾਰੰਟੀ ਨਹੀਂ ਹੁੰਦਾ ਜਾਂ ਤਹਿ ਕੀਤੇ ਢੰਗ ਨਾਲ ਪੇਸ਼ਗੀ ਦੇ ਰੂਪ ਵਿੱਚ ਜ਼ਮ੍ਹਾਂ ਨਹੀਂ ਕਰਵਾ ਦਿੱਤਾ ਜਾਂਦਾ ਹੈ।. ਬੀਮਾ ਨਿਯਮ 58 ਅਤੇ 59 ਕੁਝ ਹਾਲਤਾਂ ਵਿੱਚ ਪ੍ਰੀਮੀਅਮ ਦਾ ਪੇਸ਼ਗੀ ਭੁਗਤਾਨ ਦੀ ਇਸ ਸ਼ਰਤ ਤੋਂ ਛੋਟ ਦਿੰਦੇ ਹਨ।

b) ਜਦੋਂ ਇੱਕ ਬੀਮਾ ਏਜੰਟ ਬੀਮੇ ਦੀ ਪਾਲਸੀ ਲਈ ਬੀਮਾਕਰਤਾ ਦੇ ਤੌਰ ਉੱਤੇ ਪ੍ਰੀਮੀਅਮ ਵਸੂਲ ਲੈਂਦਾ ਹੈ, ਉਸ ਨੂੰ ਬੈਂਕ ਅਤੇ ਡਾਕ ਛੁੱਟੀਆਂ ਨੂੰ ਛੱਡ ਕੇ ਕੁਲੈਕਸ਼ਨ ਦੇ 24 ਘੰਟਿਆਂ ਦੇ ਅੰਦਰ ਉਸਦੇ ਕਮਿਸ਼ਨ ਦੀ ਕਟੌਤੀ ਕੀਤੇ ਬਿਨਾਂ ਪੂਰਾ ਪ੍ਰੀਮੀਅਮ ਬੀਮਾਕਰਤਾ ਨੂੰ ਜਮ੍ਹਾ ਕਰਵਾਉਣਾ ਚਾਹੀਦਾ ਹੈ ਜਾਂ ਡਾਕ ਰਾਹੀਂ ਭੇਜਣਾ ਚਾਹੀਦਾ ਹੈ ।

c) ਇਹ ਦਿੱਤਾ ਗਿਆ ਹੈ ਕਿ ਜੋਖਿਮ ਨੂੰ ਕੇਵਲ ਉਸ ਮਿਤੀ ਤੋਂ ਹੀ ਧਾਰਨ ਕੀਤਾ ਜਾ ਸਕਦਾ ਹੈ, ਜਦੋਂ ਪ੍ਰੀਮੀਅਮ ਨੂੰ ਨਕਦ ਜਾਂ ਚੈੱਕ ਰਾਹੀਂ ਦਿੱਤਾ ਜਾ ਚੁੱਕਾ ਹੋਵੇ।

d) ਜਦੋਂ ਪ੍ਰੀਮੀਅਮ ਡਾਕ ਜਾਂ ਮਨੀ ਆਰਡਰ ਜਾਂ ਡਾਕ ਰਾਹੀਂ ਚੈਕੱ ਭੇਜ ਦਿੱਤਾ ਜਾਂਦਾ ਹੈ ਤਾਂ ਜੋਖਿਮ ਨੂੰ ਮਨੀ ਆਰਡਰ ਬੁੱਕ ਕਰਨ ਜਾਂ ਚੈੱਕ ਨੂੰ ਡਾਕ ਰਾਹੀਂ ਭੇਜਣ ਤੋਂ ਧਾਰਨ ਕੀਤਾ ਜਾ ਸਕਦਾ ਹੈ।

e) ਪ੍ਰੀਮੀਅਮ ਦੀ ਕੋਈ ਵੀ ਵਾਪਸੀ, ਜੋ ਕਿ ਪਾਲਸੀ ਦੇ ਰੱਦ ਹੋਣ, ਜਾਂ ਨਿਯਮ ਤੇ ਸ਼ਰਤਾਂ ਵਿੱਚ ਬਦਲਾਅ ਕਰਕੇ ਜਾਂ ਕਿਸੇ ਹੋਰ ਕਾਰਨ ਕਰਕੇ ਬੀਮਤ ਨੂੰ ਭੇਜਿਆ ਜਾ ਸਕਦਾ ਹੈ, ਨੂੰ ਬੀਮਤ ਨੂੰ ਸਿੱਧੇ ਰੂਪ ਵਿੱਚ ਬੀਮਾਕਰਤਾ ਵਲੋਂ ਕਰਾਂਸ ਕੀਤੇ ਜਾਂ ਆਰਡਰ ਚੈੱਕ ਜਾਂ ਡਾਕ /ਮਨੀ ਆਰਡਰ ਜਾਂ ਇਲੈਕਟ੍ਰੋਨਿਕ ਰੂਪ ਵਿੱਚ ਭੇਜਣਾ ਚਾਹੀਦਾ ਹੈ ਅਤੇ ਬੀਮਤ ਤੋਂ ਬੀਮਾ ਕਰਤਾ ਵਲੋਂ ਢੁੱਕਵੀਂ ਰਸੀਦ ਲੈਣੀ ਚਾਹੀਦੀ ਹੈ ਅਤੇ ਇੰਝ ਦੀ ਧਨ ਵਾਪਸੀ ਨੂੰ ਕਿਸੇ ਵੀ ਹਾਲਤ ਵਿੱਚ ਏਜੰਟ ਦੇ ਖਾਤੇ ਵਿੱਚ ਜ਼ਮ੍ਹਾਂ ਨਹੀਂ ਕਰਵਾਉਣਾ ਚਾਹੀਦਾ ਹੈ।

## D. ਕਵਰ ਨੋਟਿਸ / ਬੀਮੇ ਦਾ ਸਰਟੀਫਿਕੇਟ / ਪਾਲਸੀ ਦਸਤਾਵੇਜ਼

ਅੰਡਰਰਾਈਟਿੰਗ ਪੂਰੀ ਹੋਣ ਦੇ ਬਾਅਦ ਪਾਲਸੀ ਜਾਰੀ ਹੋਣ ਵਿੱਚ ਕੁਝ ਸਮਾਂ ਲੱਗ ਸਕਦਾ ਹੈ। ਪਾਲਸੀ ਤਿਆਰ ਕਰਨ ਜਾਂ ਜਦੋਂ ਬੀਮੇ ਲਈ ਸਮਝੌਤੇ ਦੀ ਗੱਲਬਾਤ ਚਲ ਰਹੀ ਹੋਵੇ ਅਤੇ ਆਰਜ਼ੀ ਤੌਰ ਉੱਤੇ ਬੀਮਾ ਸੁਰੱਖਿਆ ਦੇਣ ਦੀ ਲੋੜ ਹੋਵੇ ਜਾਂ ਇਮਾਰਤ/ਥਾਂ ਦੀ ਅਸਲ ਲਾਗੂ ਹੋਣ ਵਾਲੀ ਦਰ ਪਤਾ ਕਰਨ ਲਈ ਜਾਂਚ ਕੀਤੀ ਜਾ ਰਹੀ ਹੋਵੇ ਤਾਂ ਪਾਲਸੀ ਦੇ ਅਧੀਨ ਸੁਰੱਖਿਆ ਦੀ ਪੁਸ਼ਟੀ ਕਰਨ ਲਈ ਕਵਰ ਨੋਟ ਜਾਰੀ ਕੀਤਾ ਜਾ ਸਕਦਾ ਹੈ। ਇਹ ਬੀਮਾ ਸੁਰੱਖਿਆ (ਕਵਰ) ਬਾਰੇ ਵੇਰਵਾ ਦਿੰਦਾ ਹੈ। ਕਈ ਵਾਰ, ਬੀਮਾਕਰਤਾ ਕਵਰ ਨੋਟ ਦੀ ਬਜਾਏ ਆਰਜ਼ੀ ਬੀਮਾ ਸੁਰੱਖਿਆ ਦੀ ਪੁਸ਼ਟੀ ਕਰਨ ਵਾਲਾ ਇੱਕ ਪੱਤਰ ਜਾਰੀ ਕਰਦੇ ਹਨ।

ਹਾਲਾਂਕਿ ਕਵਰ ਨੋਟ ਉੱਤੇ ਮੋਹਰ ਨਹੀਂ ਹੁੰਦੀ ਹੈ, ਕਵਰ ਨੋਟ ਦੇ ਸ਼ਬਦ ਇਹ ਸਪਸ਼ਟ ਕਰਦੇ ਹਨ ਕਿ ਇਹ ਸਬੰਧਿਤ ਬੀਮੇ ਦੇ ਵਰਗ ਲਈ ਬੀਮਾਕਰਤਾ ਦੀ ਪਾਲਸੀ ਦੇ ਆਮ ਨਿਯਮ ਤੇ ਸ਼ਰਤਾਂ ਦੇ ਅਧੀਨ ਹਨ। ਜੇ ਜੋਖਿਮ ਕਿਸੇ ਵਾਰੰਟੀ ਦੇ ਅਧੀਨ ਹੈ ਤਾਂ ਕਵਰ ਨੋਟ ਦਰਸਾਏਗਾ ਕਿ ਬੀਮਾ ਇੰਝ ਦੀ ਕਿਸੇ ਵਾਰੰਟੀ ਦੇ ਅਧੀਨ ਹੈ। ਕਵਰ ਨੋਟ ਵਿੱਚ ਖਾਸ ਨਿਯਮ ਵੀ ਬਣਾਏ ਹੁੰਦੇ ਹਨ, ਜੇ ਲਾਗੂ ਹੋਣ ਜਿਵੇਂ ਕਿ ਸਹਿਮਤ ਬੈਂਕ ਨਿਯਮ, ਐਲਾਨ ਨਿਯਮ ਆਦਿ।

ਇੱਕ ਕਵਰ ਨੋਟ ਵਿੱਚ ਹੇਠ ਲਿਖਿਆਂ ਨੂੰ ਸ਼ਾਮਲ ਕੀਤਾ ਜਾਵੇਗਾ:

a) ਬੀਮਤ ਦਾ ਨਾਂ ਅਤੇ ਸਿਰਨਾਵਾਂ

b) ਬੀਮਾ ਕੀਤੀ ਰਕਮ

c) ਬੀਮੇ ਦਾ ਅੰਤਰਾਲ

d) ਸੁਰੱਖਿਆ ਦਿੱਤੇ ਗਏ ਜੋਖਿਮ

e) ਦਰ ਅਤੇ ਪ੍ਰੀਮੀਅਮ: ਜੇ ਦਰ ਪਤਾ ਨਾ ਹੋਵੇ ਤਾਂ ਆਰਜ਼ੀ ਪ੍ਰੀਮੀਅਮ

f) ਸੁਰੱਖਿਆ ਦਿੱਤੇ ਜਾ ਰਹੇ ਜੋਖਿਮ ਦਾ ਵੇਰਵਾ: ਉਦਾਹਰਨ ਲਈ, ਅੱਗ ਕਵਰ ਨੋਟ ਵਿੱਚ ਇਮਾਰਤ ਦੀ ਪਛਾਣ ਜਾਣਕਾਰੀ, ਇਸ ਦੇ ਨਿਰਮਾਣ ਅਤੇ ਅਧਿਕਾਰ ਬਾਰੇ ਦਰਸਾਇਆ ਹੋਵੇਗਾ।

g) ਕਵਰ ਨੋਟ ਦਾ ਲੜੀ ਨੰਬਰ

h) ਜਾਰੀ ਕਰਨ ਦੀ ਮਿਤੀ

i) ਕਵਰ ਨੋਟ ਦੇ ਲਾਗੂ ਰਹਿਣ ਦਾ ਸਮਾਂ ਦੋ ਹਫ਼ਤੇ (15 ਦਿਨਾਂ) ਦਾ ਹੁੰਦਾ ਹੈ ਅਤੇ ਕਦੇ ਕਦੇ 60 ਦਿਨਾਂ ਤੱਕ ਹੋ ਸਕਦਾ ਹੈ।

ਕਵਰ ਨੋਟਿਸ ਮੁੱਖ ਰੂਪ ਵਿੱਚ ਜਹਾਜ਼ੀ ਅਤੇ ਕਾਰੋਬਾਰ ਦੇ ਮੋਟਰ ਵਰਗ ਵਿੱਚ ਵਰਤੇ ਜਾਂਦੇ ਹਨ।

1. ਜਹਾਜ਼ੀ ਕਵਰ ਨੋਟਿਸ

ਇਹ ਆਮ ਤੌਰ ਉੱਤੇ ਉਦੋਂ ਜਾਰੀ ਕੀਤੇ ਜਾਂਦੇ ਹਨ, ਜਦੋਂ ਪਾਲਸੀ ਜਾਰੀ ਕਰਨ ਲਈ ਹੋਰ ਵੇਰਵੇ, ਜਿਵੇਂ ਕਿ ਸਟਰੀਮਰ ਦਾ ਨਾਂ, ਪੈਕੇਜ ਦਾ ਨੰਬਰ ਜਾਂ ਠੀਕ ਮੁੱਲ ਆਦਿ, ਪਤਾ ਨਹੀਂ ਹੁੰਦੇ ਹਨ। ਐਕਸਪੋਰਟ ਦੇ ਸਬੰਧ ਵਿੱਚ ਵੀ, ਕਵਰ ਨੋਟ ਜਾਰੀ ਕੀਤਾ ਜਾ ਸਕਦਾ ਹੈ, ਜਿਵੇਂ ਕਿ ਕਾਰਗੋ ਦੀ ਕੁਝ ਮਾਤਰਾ ਭੇਜਣ ਲਈ ਐਕਸਪੋਰਟਰ ਵਲੋਂ ਬੰਦਰਗਾਹ ਉੱਤੇ ਭੇਜੀਆ ਜਾਣਾ। ਇਹ ਹੋ ਸਕਦਾ ਹੈ ਕਿ ਢੁੱਕਵੀਂ ਭੇਜਣ ਥਾਂ ਪੱਕੀ ਕਰਨ ਵਿੱਚ ਸਮੱਸਿਆ ਆਵੇ, ਕਾਰਗੋ ਨੂੰ ਲੋੜੀਦੇ ਜਹਾਜ਼ ਉੱਤੇ ਭੇਜਿਆ ਨਾ ਜਾ ਸਕਿਆ ਹੋਵੇ। ਇਸਕਰਕੇ ਖਾਸ ਜਹਾਜ਼ ਉੱਤੇ ਭੇਜੀ ਜਾਣ ਵਾਲੀ ਮਾਤਰਾ ਦਾ ਪਤਾ ਨਹੀਂ ਹੋ ਸਕਦਾ ਹੈ। ਇਹਨਾਂ ਹਾਲਤਾਂ ਵਿੱਚ, ਕਵਰ ਨੋਟ ਚਾਹੀਦਾ ਹੋ ਸਕਦਾ ਹੈ, ਜਿਸ ਦੇ ਬਾਅਦ ਵਿੱਚ ਨਿਯਮਤ ਪਾਲਸੀ ਜਾਰੀ ਕੀਤੀ ਜਾਂਦੀ ਹੈ, ਜਦੋਂ ਪੂਰਾ ਵੇਰਵਾ ਮਿਲਦਾ ਹੈ ਅਤੇ ਬੀਮਾ ਕੰਪਨੀ ਨੂੰ ਦੱਸਿਆ ਜਾਂਦਾ ਹੈ।

ਜਹਾਜ਼ੀ ਕਵਰ ਨੋਟ ਵਿੱਚ ਅੱਗੇ ਦਿੱਤੀਆਂ ਲਾਈਨਾਂ ਹੋ ਸਕਦੀਆਂ ਹਨ:

i. ਜਹਾਜ਼ੀ ਕਵਰ ਨੋਟ ਨੰਬਰ

ii. ਜਾਰੀ ਕਰਨ ਦੀ ਮਿਤੀ

iii. ਬੀਮਤ ਦਾ ਨਾਂ

iv. ਕਦੋਂ ਤੱਕ ਯੋਗ ਹੈ

ਜਿਵੇਂ ਕਿ ਬੇਨਤੀ ਕੀਤੀ ਗਈ ਹੈ , ਤੁਸੀਂ ਇੱਥੇ ਦੱਸੇ ਮੁਤਾਬਕ ਕੰਪਨੀ ਦੀ ਪਾਲਸੀ ਦੀਆਂ ਸ਼ਰਤਾਂ ਦੇ ਮੁਤਾਬਕ ਬੀਮਾ ਸੁਰੱਖਿਆ ਪ੍ਰਾਪਤ ਕਰਦੇ ਹੋਏ ਰੁਪਏ ____________"

a) ਸ਼ਰਤ: ਇੰਸਟੀਟਿਊਟ ਕਾਰਗੋ ਕਲਾਜ਼ A, B ਜਾਂ C, ਜਿਸ ਵਿੱਚ ਜੰਗੀ SRCC ਜੋਖਿਮ ਵਿੱਚ ਇੰਸਟੀਟਿਊਟ ਕਲਾਜ਼ਾਂ ਦੇ ਮੁਤਾਬਕ ਸ਼ਾਮਿਲ ਹਨ, ਪਰ ਰੱਦ ਕਰਨ ਦੇ 7 ਦਿਨਾਂ ਦੇ ਨੋਟਿਸ ਦੇ ਅਧੀਨ।

b) ਸ਼ਰਤ: ਭੇਜਣ ਦਾ ਵੇਰਵਾ ਪਾਲਸੀ ਜਾਰੀ ਕਰਨ ਲਈ ਦਸਤਾਵੇਜ਼ ਭੇਜਣ ਦੀ ਰਸੀਦ ਮਿਲਣ ਉੱਤੇ ਦੇਣਾ ਹੈ। ਐਲਾਨ ਤੋਂ ਪਹਿਲਾਂ ਅਤੇ / ਜਾਂ ਸਟੀਮਰ ਉੱਤੇ ਭੇਜਣ ਲਈ ਲੱਦੇ ਗਏ ਸਾਮਾਨ ਲਈ ਹੋਏ ਨੁਕਸਾਨ ਜਾਂ ਘਾਟਾ ਹੋਣ ਦੇ ਹਾਲਤ ਵਿੱਚ, ਇੱਥੇ ਬੀਮਾ ਕਰਵਾਏ ਗਏ ਸਾਮਾਨ ਦੇ ਪ੍ਰਮੁੱਖ ਮੁੱਲ ਦੇ ਨਾਲ ਨਾਲ ਖਰਚਿਆਂ ਤੇ, ਜਿਸ ਲਈ ਬੀਮਤ ਦੇਣਦਾਰ ਹੈ, ਦੇ ਮੁਲਾਂਕਣ ਦੇ ਅਧਾਰ ਉੱਤੇ ਸਹਿਮਤੀ ਹੈ।

ਘਰੇਲੂ ਆਵਾਜਾਈ ਦੇ ਸਬੰਧੀ, ਪਾਲਸੀ ਜਾਰੀ ਕਰਨ ਲਈ ਆਮ ਤੌਰ ਉੱਤੇ ਸਭ ਲੋੜੀਦਾ ਢੁੱਕਵਾਂ ਡਾਟਾ ਉਪੱਲਬਧ ਹੁੰਦਾ ਹੈ ਅਤੇ ਇਸ ਕਰਕੇ ਕਵਰ ਨੋਟ ਦੀ ਬਹੁਤ ਹੀ ਘੱਟ ਲੋੜ ਪੈਂਦੀ ਹੈ। ਪਰ ਫੇਰ ਵੀ ਕੁਝ ਹਾਲਤਾਂ ਵਿੱਚ, ਜਦੋਂ ਵੀ ਕਵਰ ਨੋਟਿਸ ਜਾਰੀ ਕੀਤੇ ਜਾਂਦੇ ਹਨ ਅਤੇ ਬਾਅਦ ਵਿੱਚ ਪਾਲਸੀ ਨਾਲ ਬਦਲੇ ਜਾਂਦੇ ਹਨ, ਕਾਰਗੋ, ਭੇਜਣ ਆਦਿ ਦੀ ਪੂਰੀ ਜਾਣਕਾਰੀ ਵੇਰਵੇ ਸਮੇਤ ਹੁੰਦੀ ਹੈ।

2. ਮੋਟਰ ਕਵਰ ਨੋਟਿਸ

ਇਹ ਸਬੰਧਿਤ ਕੰਪਨੀਆਂ ਵਲੋਂ ਤਹਿ ਕੀਤੇ ਫਾਰਮ ਦੇ ਰੂਪ ਵਿੱਚ ਮੋਟਰ ਕਵਰ ਨੋਟ ਦੇ ਲਾਗੂ ਸ਼ਰਤ ਦੇ ਜਾਰੀ ਕੀਤੇ ਜਾਂਦੇ ਹਨ, ਜਿਸ ਨੂੰ ਹੇਠ ਦਿੱਤੇ ਵਾਂਗ ਪੜ੍ਹਿਆ ਜਾਂਦਾ ਹੈ:

"ਫਾਰਮ ਵਿੱਚ ਦਿੱਤੇ ਬੀਮਤ, ਹਵਾਲਾ ਹੇਠਾਂ ਹੈ, ਨੇ ਇੱਥੇ ਮੋਟਰ ਵਾਹਨ(ਵਹੀਕਲਾਂ) ਦੇ ਸਬੰਧ ਵਿੱਚ ਬੀਮਾ ਕਰਵਾਉਣ ਲਈ ਪੇਸ਼ਕਸ਼ ਦਿੱਤੀ ਹੈ ਅਤੇ ....ਰੁਪਏ ਦੀ ਰਕਮ ਪ੍ਰੀਮੀਅਮ ਦੇ ਵਜੋਂ ਭੁਗਤਾਨ ਕੀਤੀ ਹੈ, ਜੋ ਕਿ ਜੋਖਿਮ ਇੱਥੇ ਦਿੱਤੀ ਗਈ ਬੀਮਾ ਸੁਰੱਖਿਆ ਦੇ ਲਈ ਕੰਪਨੀ ਦੀ ਲਾਗੂ ਹੋਣ ਵਾਲੀ .....ਪਾਲਸੀ ਆਮ ਫਾਰਮ ਦੀਆਂ ਸ਼ਰਤਾਂ ਅਧੀਨ ਹੈ (ਹੇਠ ਦਿੱਤੀਆਂ ਗਈਆਂ ਕਿਸੇ ਖਾਸ ਸ਼ਰਤਾਂ ਦੇ ਅਧੀਨ), ਜਦੋਂ ਤੱਕ ਕਿ ਬੀਮਾ ਸੁਰੱਖਿਆ (ਕਵਰ) ਨੂੰ ਕੰਪਨੀ ਵਲੋਂ ਲਿਖਤੀ ਰੂਪ ਵਿੱਚ ਸੂਚਨਾ ਦੇ ਕੇ ਖਤਮ ਨਹੀਂ ਕੀਤਾ ਜਾਂਦਾ ਹੈ, ਜਿਸ ਕੇਸ ਵਿੱਚ ਬੀਮੇ ਨੂੰ ਜ਼ਬਤ ਕੀਤਾ ਜਾਵੇਗਾ ਅਤੇ ਇੰਝ ਦੇ ਬੀਮੇ ਲਈ ਭੁਗਤਾਨਯੋਗ ਪ੍ਰੀਮੀਅਮ ਦੇ ਅਨੁਪਾਤੀ ਹਿੱਸੇ ਨੂੰ ਜੋਖਿਮ ਉੱਤੇ ਰਹਿਣ ਦੇ ਦੌਰਾਨ ਕੰਪਨੀ ਵਲੋਂ ਵਸੂਲਿਆ ਜਾਵੇਗਾ।"

ਮੋਟਰ ਕਵਰ ਨੋਟ ਵਿੱਚ ਹੇਠ ਦਿੱਤੇ ਤੱਥ ਹੁੰਦੇ ਹਨ:

a) ਬੀਮਾ ਕਰਵਾਉਣ ਵਾਲੇ ਵਾਹਨ ਦਾ ਰਜਿਸਟਰੇਸ਼ਨ ਨਿਸ਼ਾਨ ਅਤੇ ਨੰਬਰ ਜਾਂ ਵੇਰਵਾ/ ਘਣ ਸਮੱਰਥਾ / ਲੈ ਕੇ ਜਾਣ ਦੀ ਸਮੱਰਥਾ / ਮੇਕ / ਨਿਰਮਣਾ ਦਾ ਸਾਲ, ਇੰਜਣ ਨੰਬਰ, ਚੈਸੀ ਨੰਬਰ

b) ਬੀਮਤ ਦਾ ਨਾਂ ਅਤੇ ਸਿਰਨਾਵਾਂ

c) ਕਾਨੂੰਨੀ ਮਕਸਦ ਲਈ ਬੀਮੇ ਦੇ ਸ਼ੁਰੂ ਹੋਣ ਦੀ ਪ੍ਰਭਾਵੀ ਮਿਤੀ ਅਤੇ ਸਮਾਂ। ਸਮਾਂ......, ਮਿਤੀ......

d) ਬੀਮੇ ਦੀ ਮਿਆਦ ਪੁੱਗਣ ਦੀ ਮਿਤੀ

e) ਚਲਾਉਣ ਲਈ ਹੱਕਦਾਰ ਵਿਅਕਤੀ ਜਾਂ ਵਿਅਕਤੀਆਂ ਦਾ ਵਰਗ

f) ਵਰਤਣ ਲਈ ਪਾਬੰਦੀਆਂ

g) ਵਾਧੂ ਜੋਖਿਮ, ਜੇ ਕੋਈ ਹੋਵੇ

ਮੋਟਰ ਕਵਰ ਨੋਟ ਇੱਕ ਲਾਗੂ ਹੋਣ ਦਾ ਸਰਟੀਫਿਕੇਟ ਹੈ, ਜਿਸ ਨੂੰ ਮੋਟਰ ਵਾਹਨ ਐਕਟ, 1988 ਦੇ ਪਾਠ X ਅਤੇ XI ਦੇ ਨਿਯਮਾਂ ਦੇ ਮੁਤਾਬਕ ਜਾਰੀ ਕੀਤਾ ਜਾਂਦਾ ਹੈ।

**ਮਹੱਤਵਪੂਰਨ**

ਕਵਰ ਨੋਟ ਦੀ ਯੋਗਤਾ ਨੂੰ 15 ਦਿਨਾਂ ਦੇ ਸਮੇਂ ਲਈ ਹੋਰ ਵਧਾਇਆ ਜਾ ਸਕਦਾ ਹੈ, ਪਰ ਕਿਸੇ ਵੀ ਹਾਲਤ ਵਿੱਚ ਕਵਰ ਨੋਟ ਦੀ ਵੈਧਤਾ ਸੱਠ ਦਿਨਾਂ ਤੋਂ ਵੱਧ ਨਹੀਂ ਹੋ ਸਕਦੀ ਹੈ।

---

ਸੂਚਨਾ: ਕਵਰ ਨੋਟ ਦੇ ਸ਼ਬਦ ਬੀਮਾਕਰਤਾ ਮੁਤਾਬਕ ਵੱਖਰੇ ਵੱਖਰੇ ਹੋ ਸਕਦੇ ਹਨ।

ਕਵਰ ਨੋਟ ਦੀ ਵਰਤੋਂ ਨੂੰ ਬਹੁਤ ਕੰਪਨੀਆਂ ਵਲੋਂ ਨਿਰ-ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਅੱਜਕੱਲ ਤਕਨਾਲੋਜੀ ਦੀਆਂ ਸਹੂਲਤਾਂ ਕਰਕੇ ਪਾਲਸੀ ਦਸਤਾਵੇਜ਼ ਤੁਰੰਤ ਜਾਰੀ ਕੀਤੇ ਜਾਂਦੇ ਹਨ।

**3. ਬੀਮੇ ਦਾ ਸਰਟੀਫਿਕੇਟ - ਮੋਟਰ ਬੀਮਾ**

ਬੀਮੇ ਦਾ ਸਰਟੀਫਿਕੇਟ ਬੀਮੇ ਦੀ ਮੌਜੂਦਗੀ ਨੂੰ ਉਹਨਾਂ ਮਾਮਲਿਆਂ ਵਿੱਚ ਦਰਸਾਉਂਦਾ ਹੈ, ਜਿੱਥੇ ਸਬੂਤ ਦੀ ਲੋੜ ਹੋ ਸਕਦੀ ਹੈ । ਮੋਟਰ ਬੀਮੇ ਦੇ ਲਈ, ਪਾਲਸੀ ਦੇ ਨਾਲ, ਬੀਮੇ ਦਾ ਸਰਟੀਫਿਕੇਟ ਜਾਰੀ ਕਰਨਾ ਮੋਟਰ ਵਾਹਨ ਐਕਟ ਦੇ ਅਧੀਨ ਜ਼ਰੂਰੀ ਹੈ। ਇਹ ਸਰਟੀਫਿਕੇਟ ਪੁਲਿਸ ਅਤੇ ਰਜਿਸਟਰੇਸ਼ਨ ਅਧਿਕਾਰੀਆਂ ਲਈ ਬੀਮੇ ਦੇ ਸਬੂਤ ਵਜੋਂ ਦਿੱਤਾ ਜਾਂਦਾ ਹੈ। ਪ੍ਰਾਈਵੇਟ ਕਾਰ ਲਈ ਨਮੂਨੇ ਦਾ ਸਰਟੀਫਿਕੇਟ ਹੇਠਾਂ ਲਿਖੇ ਮੁੱਖ ਲੱਛਣ ਵਿਖਾਉਂਦਾ ਹੈ

**ਮੋਟਰ ਵਾਹਨ ਐਕਟ, 1988**

**ਬੀਮੇ ਦਾ ਸਰਟੀਫਿਕੇਟ**

ਸਰਟੀਫਿਕੇਟ ਨੰ. ਪਾਲਸੀ ਨੰ.

1. ਰਜਿਸਟਰੇਸ਼ਨ ਨਿਸ਼ਾਨ ਤੇ ਨੰਬਰ, ਰਜਿਸਟਰ ਕਰਨ ਦੀ ਥਾਂ, ਇੰਜਣ ਨੰ. / ਚੈਸੀ ਨੰਬਰ / ਮੇਕ / ਨਿਰਮਾਣ ਦਾ ਸਾਲ
2. ਬਾਡੀ ਦੀ ਕਿਸਮ / ਸੀ.ਸੀ / ਬੈਠਣ ਸਮਰੱਥਾ / ਕੁੱਲ ਪ੍ਰੀਮੀਅਮ / ਰਜਿਸਟਰੇਸ਼ਨ ਅਥਾਰਟੀ ਦਾ ਨਾਂ,
3. ਭੂਗੋਲਿਕ ਖੇਤਰ - ਭਾਰਤ `
4. ਬੀਮਤ ਐਲਾਨਿਆ ਮੁੱਲ (IDV)
5. ਬੀਮਤ ਦਾ ਨਾਂ ਅਤੇ ਸਿਰਨਾਵਾਂ, ਕੰਮ ਜਾਂ ਕਿੱਤਾ।
6. ਕਾਨੂੰਨੀ ਮਕਸਦ ਲਈ ਬੀਮੇ ਦੇ ਸ਼ੁਰੂ ਹੋਣ ਦੀ ਪ੍ਰਭਾਵੀ ਮਿਤੀ ਤੋਂ......... 'O' ਵਜੇ ਤੋਂ ........
7. ਬੀਮੇ ਦੀ ਮਿਆਦ ਪੁੱਗਣ ਦੀ ਮਿਤੀ: ........... ਦੀ ਅੱਧੀ ਰਾਤ
8. ਚਲਾਉਣ ਲਈ ਹੱਕਦਾਰ ਵਿਅਕਤੀ ਜਾਂ ਵਿਅਕਤੀਆਂ ਦਾ ਵਰਗ।

ਇਹਨਾਂ ਵਿੱਚੋਂ ਕੋਈ ਵੀ:

(a) ਬੀਮਤ:

(b) ਕੋਈ ਵੀ ਵਿਅਕਤੀ, ਜੋ ਕਿ ਬੀਮਤ ਦੇ ਹੁਕਮ ਜਾਂ ਉਸ ਦੀ ਆਗਿਆ ਨਾਲ ਚਲਾਉਂਦਾ ਹੈ

ਸ਼ਰਤ ਇਹ ਹੈ ਕਿ ਦੁਰਘਟਨਾ ਦੇ ਸਮੇਂ ਚਲਾਉਣ ਵਾਲੇ ਵਿਅਕਤੀ ਕੋਲ ਚਾਲੂ ਡਰਾਇਵਿੰਗ ਲਾਈਸੈਂਸ ਹੋਵੇ ਅਤੇ ਇੰਝ ਦੇ ਲਾਈਸੈਂਸ ਨੂੰ ਰੱਖਣ ਜਾਂ ਲੈਣ ਤੋਂ ਰੋਕਿਆ ਨਾ ਗਿਆ ਹੋਵੇ। ਇਹ ਵੀ ਸ਼ਰਤ ਹੈ ਕਿ ਲਰਨਰ ਲਾਈਸੈਂਸ ਰੱਖਣ

ਵਾਲਾ ਵਿਅਕਤੀ ਵੀ ਵਾਹਨ ਚਲਾ ਸਕਦਾ ਹੈ ਅਤੇ ਇੰਝ ਦੇ ਵਿਅਕਤੀ ਨੂੰ ਸੈਂਟਰ ਮੋਟਰ ਵਾਹਨ ਰੂਲਜ਼ 1989 ਦੇ ਨਿਯਮ 3 ਦੀਆਂ ਲੋੜਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ।

ਵਰਤਣ ਲਈ ਪਾਬੰਦੀਆਂ

ਪਾਲਸੀ ਇਹਨਾਂ ਤੋਂ ਬਿਨਾਂ ਕਿਸੇ ਵੀ ਹੋਰ ਵਰਤੋਂ ਲਈ ਸੁਰੱਖਿਆ ਦਿੰਦੀ ਹੈ:

(a) ਕਿਰਾਏ ਉੱਤੇ ਜਾਂ ਸੇਵਾਫਲ;

(b) ਸਾਮਾਨ ਢੋਣ ਲਈ (ਨਿੱਜੀ ਸਾਮਾਨ ਤੋਂ ਬਿਨਾਂ)

(c) ਰੇਸ ਪ੍ਰਬੰਧ ਲਈ,

(d) ਰੇਸ ਕਰਨ ਲਈ,

(e) ਸਪੀਡ ਟੈਸਟ ਕਰਨ ਲਈ

(f) ਭਰੋਸੇਯੋਗ ਜਾਂਚ ਲਈ

(g) ਮੋਟਰ ਵਪਾਰ ਦੇ ਸਬੰਧੀ ਕਿਸੇ ਵੀ ਮਕਸਦ ਲਈ।

ਮੈਂ/ਅਸੀਂ ਇੱਥੇ ਤਸਦੀਕ ਕਰਦੇ ਹਾਂ ਕਿ ਪਾਲਸੀ, ਜਿਸ ਲਈ ਇਹ ਸਰਟੀਫਿਕੇਟ ਸਬੰਧ ਹੈ ਅਤੇ ਨਾਲ ਹੀ ਬੀਮੇ ਦਾ ਸਰਟੀਫਿਕੇਟ, ਨੂੰ ਮੋਟਰ ਵਾਹਨਸ ਐਕਟ, 1988 ਦੇ ਪਾਠ X ਅਤੇ XI ਦੇ ਨਿਯਮਾਂ ਤਹਿਤ ਜਾਰੀ ਕੀਤਾ ਗਿਆ ਹੈ।

ਜਾਂਚ ਕੀਤੀ...........

(ਪਰਮਾਣਿਤ ਬੀਮਾਕਰਤਾ)

ਬੀਮੇ ਦਾ ਮੋਟਰ ਸਰਟੀਫਿਕੇਟ ਯੋਗ ਅਧਿਕਾਰੀਆਂ ਵਲੋਂ ਪੜਤਾਲ ਦੇ ਲਈ ਸਭ ਸਮੇਂ ਵਾਹਨ ਦੇ ਨਾਲ ਹੋਣਾ ਚਾਹੀਦਾ ਹੈ।

4. ਪਾਲਸੀ ਦਸਤਾਵੇਜ਼

ਪਾਲਸੀ ਇੱਕ ਰਸਮੀ ਦਸਤਾਵੇਜ਼ ਹੈ, ਜੋ ਕਿ ਬੀਮੇ ਦੇ ਇਕਰਾਰ ਦਾ ਸਬੂਤ ਦਿੰਦਾ ਹੈ। ਇਹ ਦਸਤਾਵੇਜ਼ ਨੂੰ ਇੰਡੀਅਨ ਸਟੈਂਪ ਐਕਟ, 1899 ਦੇ ਨਿਯਮਾਂ ਤਹਿਤ ਮੋਹਰ ਲਗਾਉਣਾ ਜ਼ਰੂਰੀ ਹੈ।

ਜਰਨਲ ਬੀਮਾ ਪਾਲਸੀ ਵਿੱਚ ਹੁੰਦਾ ਹੈ:

a) ਬੀਮਤ ਅਤੇ ਵਿਸ਼ਾ-ਵਸੂਲ ਵਿੱਚ ਬੀਮਾ ਹਿੱਤ ਰੱਖਣ ਵਾਲੇ ਕਿਸੇ ਵੀ ਹੋਰ ਵਿਅਕਤੀ ਦਾ ਨਾਂ ਅਤੇ ਸਿਰਨਾਵਾਂ/ਸਿਰਨਾਵੇਂ

b) ਜਾਇਦਾਦ ਜਾਂ ਬੀਮਾ ਕਰਵਾਏ ਹਿੱਤ ਦਾ ਪੂਰਾ ਵੇਰਵਾ:

c) ਪਾਲਸੀ ਦੇ ਅਧੀਨ ਬੀਮਾ ਕਰਵਾਈ ਜਾਇਦਾਦ ਜਾਂ ਹਿੱਤ ਦਾ ਟਿਕਾਣਾ ਅਤੇ ਜਿੱਥੇ ਵੀ ਢੁੱਕਵਾਂ ਹੋਵੇ, ਸਬੰਧਿਤ ਬੀਮਾ ਕਰਵਾਏ ਮੁੱਲ;

d) ਬੀਮੇ ਦਾ ਅੰਤਰਾਲ;

e) ਬੀਮਾ ਕੀਤੀ ਰਕਮ;

f) ਸੁਰੱਖਿਆ ਦਿੱਤੇ ਅਤੇ ਨਾ-ਦਿੱਤੇ ਸੰਕਟ ;

g) ਕੋਈ ਲਾਗੂ ਹੋਣ ਵਾਲੀ ਛੋਟ / ਕਟੌਤੀ;

h) ਦੇਣਯੋਗ ਪ੍ਰੀਮੀਅਮ ਅਤੇ ਜਿੱਥੇ ਵੀ ਪ੍ਰੀਮੀਅਮ ਆਰਜ਼ੀ ਹੋਵੇ, ਜਿਸ ਨੂੰ ਬਦਲਣ ਦੀ ਸੰਭਾਵਨਾ ਹੋਵੇ, ਪ੍ਰੀਮੀਅਮ ਦੀ ਅਡਜੱਸਟਮੈਂਟ ਦਾ ਅਧਾਰ ;

i) ਪਾਲਸੀ ਨਿਯਮ, ਸ਼ਰਤਾਂ ਅਤੇ ਵਾਰੰਟੀਆਂ;

j) ਬੀਮਤ ਵਲੋਂ ਅਚਨਚੇਤ ਵਾਪਰੀ ਘਟਨਾ ਹੋਣ ਦੇ ਹਾਲਤ ਵਿੱਚ ਕੀਤੀ ਜਾਣ ਵਾਲੀ ਕਾਰਵਾਈ ਅਕਸਰ ਪਾਲਸੀ ਦੇ ਅਧੀਨ ਦਾਅਵਾ ਕਰਨਾ ਹੁੰਦਾ ਹੈ;

k) ਬੀਮਾ ਕਰਵਾਈ ਵਿਸ਼ਾ-ਵਸਤੂ ਦੇ ਸਬੰਧ ਵਿੱਚ ਦਾਅਵਾ ਕਰਨ ਦੀ ਕਿਸੇ ਵੀ ਘਟਨਾ ਕਰਨ ਦੇ ਸਮੇਂ ਬੀਮਤ ਦੀ ਜ਼ਿੰਮੇਵਾਰੀ ਅਤੇ ਹਾਲਤਾਂ ਵਿੱਚ ਬੀਮਾ ਕਰਤਾ ਦੇ ਹੱਕ;

l) ਕੋਈ ਖਾਸ ਸ਼ਰਤਾਂ ;

m) ਗਲਤ ਜਾਣਕਾਰੀ ਦੇਣ, ਧੋਖਾ, ਪ੍ਰਮੁੱਖ ਤੱਥਾਂ ਬਾਰੇ ਨਾ ਜਾਣਕਾਰੀ ਦੇਣ ਜਾਂ ਬੀਮਤ ਦੇ ਨਾ-ਸਹਿਯੋਗ ਦੇ ਅਧਾਰ ਉੱਤੇ ਪਾਲਸੀ ਨੂੰ ਰੱਦ ਕਰਨ ਦੇ ਨਿਯਮ;

n) ਬੀਮਾਕਰਤਾ ਦਾ ਪੂਰਾ ਸਿਰਨਾਵਾਂ, ਜਿਸ ਉੱਤੇ ਪਾਲਸੀ ਦੇ ਸਬੰਧ ਵਿੱਚ ਸਭ ਪੱਤਰ-ਵਿਹਾਰ ਭੇਜਿਆ ਜਾਵੇਗਾ;

o) ਐਡ-ਆਨ ਕਵਰ ਅਤੇ/ਜਾਂ ਇੰਡੋਰਸਮੈਂਟ ਦੇ ਵੇਰਵੇ, ਜੇ ਕੋਈ ਹਨ;

p) ਸ਼ਿਕਾਇਤ ਨਿਪਟਾਰਾ ਢੰਗ ਦਾ ਵੇਰਵਾ ਅਤੇ ਲੋਕਪਾਲ ਦਾ ਸਿਰਨਾਵਾ

**ਆਪਣੇ ਆਪ ਨੂੰ ਪਰਖੋ 2**

ਕਵਰ ਨੋਟ ਦੇ ਬਾਰੇ ਹੇਠ ਦਿੱਤੇ ਕਥਨਾਂ ਵਿੱਚੋਂ ਕਿਹੜਾ ਸਹੀ ਹੈ?

I. ਕਵਰ ਨੋਟ ਆਮ ਤੌਰ ਉੱਤੇ ਜੀਵਨ ਬੀਮੇ ਵਿੱਚ ਵਰਤੇ ਜਾਂਦੇ ਹਨ

II. ਕਵਰ ਨੋਟ ਆਮ ਤੌਰ ਉੱਤੇ ਜਰਨਲ ਬੀਮੇ ਦੇ ਸਭ ਵਰਗਾਂ ਵਿੱਚ ਵਰਤੇ ਜਾਂਦੇ ਹਨ

III. ਕਵਰ ਨੋਟ ਆਮ ਤੌਰ ਉੱਤੇ ਸਿਹਤ ਬੀਮੇ ਵਿੱਚ ਵਰਤੇ ਜਾਂਦੇ ਹਨ

IV. ਕਵਰ ਨੋਟ ਆਮ ਤੌਰ ਉੱਤੇ ਜਹਾਜ਼ੀ ਅਤੇ ਜਰਨਲ ਬੀਮੇ ਦੇ ਮੋਟਰ ਵਰਗ ਵਿੱਚ ਵਰਤੇ ਜਾਂਦੇ ਹਨ

## E. ਵਾਰੰਟੀਆਂ

ਵਾਰੰਟੀ ਪਾਲਸੀ ਵਿੱਚ ਦਰਸਾਈ ਗਈ ਸ਼ਰਤ ਹੁੰਦੀ ਹੈ, ਜੋ ਕਿ ਇਕਰਾਰਨਾਮੇ ਨੂੰ ਯੋਗ ਰੱਖਣ ਲਈ ਸ਼ਬਦੀ ਰੂਪ ਵਿੱਚ ਪਾਲਣ ਕਰਨ ਵਾਸਤੇ ਹੁੰਦੀ ਹੈ। ਵਾਰੰਟੀ ਵੱਖਰਾ ਦਸਤਾਵੇਜ਼ ਨਹੀਂ ਹੈ। ਇਹ ਕਵਰ ਨੋਟ ਅਤੇ ਪਾਲਸੀ ਦਸਤਾਵੇਜ਼ ਦੋਵਾਂ ਦਾ ਹਿੱਸਾ ਹੈ। ਇਹ ਇਕਰਾਰਨਾਮੇ ਤੋਂ ਪਹਿਲਾਂ ਦੀ ਸ਼ਰਤ ਹੈ। ਇਸ ਦਾ ਸਖਤੀ ਨਾਲ ਅਤੇ ਸ਼ਬਦੀ ਰੂਪ ਵਿੱਚ ਨਿਰੀਖਣ ਅਤੇ ਪਾਲਣਾ ਹੋਣਾ ਚਾਹੀਦਾ ਹੈ, ਇਹ ਤੱਥ ਦੀ ਪਰਵਾਹ ਕੀਤੇ ਬਗੈਰ ਕਿ ਇਹ ਪ੍ਰਮੁੱਖ ਜੋਖਿਮ ਹੈ ਜਾਂ ਨਹੀਂ। ਜੇ ਵਾਰੰਟੀ ਦੀ ਉਲੰਘਣਾ ਹੁੰਦੀ ਹੈ ਤਾਂ ਪਾਲਸੀ ਬੀਮਾ ਕਰਤਾ ਦੀ ਚੋਣ ਮੁਤਾਬਕ ਪ੍ਰਭਾਵਹੀਣ ਬਣ ਜਾਂਦੀ ਹੈ ਭਾਵੇਂ ਕਿ ਇਹ ਸਪਸ਼ਟ ਹੋਵੇ ਕਿ ਉਲੰਘਣ ਰਾਹੀਂ ਕੋਈ ਖਾਸ ਨੁਕਸਾਨ ਨਹੀਂ ਹੋਇਆ ਜਾਂ ਉਸ ਦਾ ਹਿੱਸਾ ਨਹੀਂ ਬਣਿਆ ਹੈ। ਪਰ, ਅਸਲ ਵਿੱਚ, ਜੇ ਵਾਰੰਟੀ ਦਾ ਉਲੰਘਣ ਪੂਰੇ ਰੂਪ ਵਿੱਚ ਤਕਨੀਕੀ ਹੈ ਅਤੇ ਕਿਸੇ ਵੀ ਤਰ੍ਹਾਂ ਘਾਟਾ ਪਾਉਣ ਜਾਂ ਉਸ ਲਈ ਯੋਗਦਾਨ ਨਹੀਂ ਦਿੰਦਾ ਹੈ ਤਾਂ ਬੀਮਾ ਕਰਤਾ ਆਪਣੀ ਮਨ-ਮਰਜ਼ੀ ਦੇ ਮੁਤਾਬਕ ਕੰਪਨੀ ਪਾਲਸੀ ਦੇ ਨਿਯਮਾਂ ਤੇ ਹਦਾਇਤਾਂ ਦੇ ਮੁਤਾਬਕ ਦਾਅਵਿਆਂ ਉੱਤੇ ਕਾਰਵਾਈ ਵੀ ਕਰ ਸਕਦਾ ਹੈ।

1. ਅੱਗ ਬੀਮਾ ਵਾਰੰਟੀਆਂ ਹੇਠ ਦਿੱਤੇ ਵਜੋਂ (ਕੁਝ ਉਦਾਹਰਨਾਂ) ਹਨ

ਵਾਰੰਟੀ ਦਿੱਤੀ ਜਾਂਦੀ ਹੈ ਕਿ ਕੋਈ ਵੀ ਖਤਰਨਾਕ ਸਾਮਾਨ ਨੂੰ ਪਾਲਸੀ ਦੇ ਚਾਲੂ ਰਹਿਣ ਦੇ ਦੌਰਾਨ ਬੀਮਤ ਦੇ ਟਿਕਾਣੇ ਉੱਤੇ ਸਟੋਰ ਨਹੀਂ ਕੀਤਾ ਜਾਵੇਗਾ।

ਸ਼ਾਂਤ ਜੋਖਿਮ: ਵਾਰੰਟੀ ਦਿੱਤੀ ਜਾਂਦੀ ਹੈ ਕਿ ਬੀਮਤ ਦੇ ਟਿਕਾਣੇ ਵਿੱਚ ਲਗਾਤਾਰ 30 ਜਾਂ ਵੱਧ ਦਿਨਾਂ ਲਈ ਕੋਈ ਵੀ ਨਿਰਮਾਣ ਕਾਰਵਾਈ ਨਹੀਂ ਕੀਤੀ ਜਾਵੇਗੀ।

ਸਿਗਰਟ ਫਿਲਟਰ ਨਿਰਮਾਤਾ: ਵਾਰੰਟੀ ਦਿੱਤੀ ਜਾਂਦੀ ਹੈ ਕਿ ਟਿਕਾਣੇ ਵਿੱਚ $30^0C$ ਤੋਂ ਹੇਠਾਂ ਫਲੈਸ਼ ਬਿੰਦੂ ਤੋਂ ਹੇਠਾਂ ਵਾਲੇ ਕੋਈ ਵੀ ਘੋਲਕ ਵਰਤੇ ਜਾਂ ਸਟੋਰ ਨਹੀਂ ਕੀਤੇ ਜਾਂਦੇ ਹਨ।

2. ਜਹਾਜ਼ੀ ਬੀਮੇ ਵਿੱਚ, ਇੱਕ ਵਾਰੰਟੀ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ: "ਸੰਭਾਵਨਾਪੂਰਨ ਵਾਰੰਟੀ, ਇੱਥੇ ਕਹਿਣ ਲਈ, ਇੱਕ ਵਾਰੰਟੀ ਹੈ, ਜਿਸ ਰਾਹੀਂ ਬੀਮਤ ਵਾਅਦਾ ਕਰਦਾ ਹੈ ਕਿ ਕੁਝ ਖਾਸ ਚੀਜ਼ ਨੂੰ ਕੀਤਾ ਜਾਵੇਗਾ ਜਾਂ ਨਹੀਂ ਕੀਤਾ ਜਾਵੇਗਾ ਜਾਂ ਕੁਝ ਸ਼ਰਤਾਂ ਪੂਰੀਆਂ ਕੀਤੀਆਂ ਜਾਣਗੀਆਂ ਜਾਂ ਇੱਥੇ ਉਹ ਕੁਝ ਖਾਸ ਤੱਥਾਂ ਦੀ ਮੌਜੂਦਗੀ ਦੀ ਪੁਸ਼ਟੀ ਕਰਦਾ ਹੈ ਜਾਂ ਇਨਕਾਰ ਕਰਦਾ ਹੈ।"

ਜਹਾਜ਼ੀ ਕਾਰਗੋ ਬੀਮੇ ਵਿੱਚ, ਟਿਨ ਲਾਈਨ ਡੱਬਿਆਂ ਵਿੱਚ ਪੈਕ ਕੀਤੇ ਸਾਮਾਨ (ਜਿਵੇਂ ਕਿ ਚਾਹ) ਲਈ ਵਾਰੰਟੀ ਲਗਾਈ ਜਾਂਦੀ ਹੈ। ਜਹਾਜ਼ੀ ਢਾਂਚਾ ਬੀਮੇ ਵਿੱਚ ਵਾਰੰਟੀ ਲਗਾਈ ਜਾਂਦੀ ਹੈ ਕਿ ਬੀਮਤ ਦਾ ਜਹਾਜ਼ (ਵੈਸਲ) ਕੁਝ ਖੇਤਰਾਂ ਵਿੱਚ ਨਹੀਂ ਜਾਵੇਗਾ, ਬੀਮਾਕਰਤਾ ਨੂੰ ਉਸ ਵਲੋਂ ਬੀਮਾ ਸੁਰੱਖਿਆ ਦੀ ਹੱਦ ਬਾਰੇ ਇੱਕ ਵਿਚਾਰ ਦਿੰਦਾ ਹੈ ਜਿਸ ਲਈ ਉਸਨੇ ਕਵਰ ਪ੍ਰਦਾਨ ਕਰਨ ਲਈ ਸਹਿਮਤੀ ਦਿੱਤੀ ਹੈ। ਜੇ ਵਾਰੰਟੀ ਦੀ ਉਲੰਘਣਾ ਹੁੰਦੀ ਹੈ ਤਾਂ ਸ਼ੁਰੂ ਵਿੱਚ

ਸਹਿਮਤੀ ਦਿੱਤੇ ਗਏ ਜੋਖਿਮ ਨੂੰ ਬਦਲਿਆ ਜਾਂਦਾ ਹੈ ਅਤੇ ਬੀਮਾਕਰਤਾ ਨੂੰ ਉਸ ਨੂੰ ਉਲੰਘਣਾ ਕਰਨ ਦੀ ਮਿਤੀ ਤੋਂ ਕੋਈ ਵੀ ਹੋਰ ਦੇਣਦਾਰੀ ਤੋਂ ਮੁਕਤ ਕਰਨ ਦੀ ਇਜ਼ਾਜ਼ਤ ਦਿੱਤੀ ਜਾਂਦੀ ਹੈ।

3. ਸੰਨ੍ਹਮਾਰੀ ਬੀਮੇ ਵਿੱਚ, ਇਹ ਵਾਰੰਟੀ ਦਿੱਤੀ ਜਾਂਦੀ ਹੈ ਕਿ ਜਾਇਦਾਦ ਨੂੰ ਚੌਵੀਂ ਘੰਟੇ ਚੌਂਕੀਦਾਰਾਂ ਰਾਹੀਂ ਸੁਰੱਖਿਆ ਦਿੱਤੀ ਜਾਂਦੀ ਹੈ। ਪਾਲਸੀ ਦੀ ਦਰ, ਨਿਯਮ ਅਤੇ ਸ਼ਰਤਾਂ ਕੇਵਲ ਤਾਂ ਹੀ ਜਾਰੀ ਰਹਿੰਦੀਆਂ ਹਨ, ਜੇ ਪਾਲਸੀ ਨਾਲ ਲਗਾਈਆਂ ਗਈਆਂ ਵਾਰੰਟੀਆਂ ਦੀ ਪਾਲਨਾ ਹੁੰਦੀ ਹੈ।

**ਆਪਣੇ ਆਪ ਨੂੰ ਪਰਖੋ 3**

ਵਾਰੰਟੀ ਦੇ ਬਾਰੇ ਅੱਗੇ ਦਿੱਤੇ ਕਥਨਾਂ ਵਿੱਚੋਂ ਕਿਹੜਾ ਸਹੀਂ ਹੈ?

I. ਵਾਰੰਟੀ ਇੱਕ ਸ਼ਰਤ ਹੁੰਦੀ ਹੈ, ਜੋ ਕਿ ਪਾਲਸੀ ਵਿੱਚ ਦਿੱਤੀ ਨਹੀਂ ਹੁੰਦੀ ਹੈ

II. ਵਾਰੰਟੀ ਫਾਰਮ ਪਾਲਸੀ ਦਸਤਾਵੇਜ਼ ਦਾ ਹਿੱਸਾ ਹੁੰਦੇ ਹਨ

III. ਵਾਰੰਟੀ ਬੀਮਤ ਨੂੰ ਵੱਖਰੇ ਰੂਪ ਵਿੱਚ ਦੱਸੀ ਜਾਂਦੀ ਹੈ ਅਤੇ ਪਾਲਸੀ ਦਸਤਾਵੇਜ਼ ਦਾ ਹਿੱਸਾ ਨਹੀਂ ਹੋ ਸਕਦੀ ਹੈ

IV. ਵਾਰੰਟੀ ਦਾ ਉਲੰਘਣ ਹੋਣ ਦੇ ਬਾਵਜੂਦ ਵੀ ਦਾਅਵੇ ਦਾ ਭੁਗਤਾਨ ਹੋ ਸਕਦਾ ਹੈ।

## F. ਤਸਦੀਕ (ਇੰਡੋਰਸਮੈਂਟ)

ਇਹ ਸਟੈਂਡਰਡ ਫਾਰਮ ਵਿੱਚ ਪਾਲਸੀਆਂ ਜਾਰੀ ਕਰਨ ਦਾ ਬੀਮਾਕਰਤਾ ਦਾ ਵਿਹਾਰ ਹੈ; ਕੁਝ ਸੰਕਟਾਂ ਲਈ ਬੀਮਾ ਸੁਰੱਖਿਆ ਦੇਣ ਅਤੇ ਕੁਝ ਹੋਰ ਨੂੰ ਛੱਡਣ ਲਈ।

**ਪਰਿਭਾਸ਼ਾ**

ਜੇ ਪਾਲਸੀ ਜਾਰੀ ਕਰਨ ਦੇ ਸਮੇਂ ਜਾਂ ਪਾਲਸੀ ਦੇ ਚਾਲੂ ਰਹਿਣ ਦੇ ਦੌਰਾਨ, ਉਸ ਦੇ ਕੁਝ ਨਿਯਮਾਂ ਤੇ ਸ਼ਰਤਾਂ ਨੂੰ ਸੋਧਣ ਦੀ ਲੋੜ ਹੋਵੇ ਤਾਂ ਇਸ ਨੂੰ ਦਸਤਾਵੇਜ਼ ਰਾਹੀਂ ਸੋਧ/ਬਦਲ ਕੇ ਪੂਰਾ ਕੀਤਾ ਜਾਂਦਾ ਹੈ, ਜਿਸ ਨੂੰ ਤਸਦੀਕ (endorsment) ਕਹਿੰਦੇ ਹਨ।

ਇਹ ਪਾਲਸੀ ਨਾਲ ਨੱਥੀ ਹੁੰਦਾ ਹੈ ਅਤੇ ਇਹ ਫਾਰਮ ਦਾ ਭਾਗ ਹੈ। ਪਾਲਸੀ ਅਤੇ ਤਦਸੀਕ ਦੋਵੇਂ ਇਕਰਾਰਨਾਮੇ ਦੇ ਸਬੂਤ ਬਣਾਉਂਦੇ ਹਨ। ਤਸਦੀਕ ਨੂੰ ਪਾਲਸੀ ਦੇ ਚਾਲੂ ਰਹਿਣ ਦੇ ਦੌਰਾਨ ਵੀ ਰਿਕਾਰਡ ਬਦਲਣ/ਸੋਧ ਲਈ ਜਾਰੀ ਕੀਤਾ ਜਾ ਸਕਦਾ ਹੈ.

ਜਦੋਂ ਵੀ ਪ੍ਰਮੁੱਖ ਜਾਣਕਾਰੀ ਬਦਲੀ ਜਾਂਦੀ ਹੈ ਤਾਂ ਬੀਮਤ ਨੂੰ ਬੀਮਾ ਕੰਪਨੀ ਨੂੰ ਸੂਚਨਾ ਦੇਣ ਸਲਾਹ ਦਿੱਤੀ ਜਾਂਦੀ ਹੈ, ਜੋ ਕਿ ਇਸ ਬਾਰੇ ਜਾਣਕਾਰੀ ਲੈਂਦੀ ਹੈ ਅਤੇ ਉਸ ਨੂੰ ਤਸਦੀਕ ਦੇ ਰਾਹੀਂ ਬੀਮਾ ਇਕਰਾਰ ਦੇ ਹਿੱਸੇ ਵਿੱਚ ਸ਼ਾਮਿਲ ਕਰਦੀ ਹੈ।

ਤਸਦੀਕ ਦੀ ਲੋੜ ਇੱਕ ਪਾਲਸੀ ਦੇ ਅਧੀਨ ਹੁੰਦੀ ਹੈ, ਜੋ ਕਿ ਸਬੰਧਿਤ ਹੁੰਦੀ ਹੈ:

a) ਬੀਮਾ ਕੀਤੀ ਰਕਮ ਵਿੱਚ ਬਦਲਾਅ /ਤਬਦੀਲੀ

b) ਵਿਕਰੀ ਦੇ ਢੰਗ, ਘਰ ਦੇ ਕਰਜ਼ ਆਦਿ ਦੇ ਕਰਕੇ ਬੀਮਾਯੋਗ ਹਿੱਤਾਂ ਵਿੱਚ ਬਦਲਾਅ

c) ਵਾਧੂ ਸੰਕਟਾਂ ਲਈ ਬੀਮਾ ਸੁਰੱਖਿਆ ਬੀਮੇ ਵਿੱਚ ਵਾਧਾ/ ਪਾਲਸੀ ਅੰਤਰਾਲ ਦਾ ਵਾਧਾ

d) ਜੋਖਿਮ ਦੇ ਬਦਲਾਅ, ਜਿਵੇਂ ਕਿ ਅੱਗ ਬੀਮੇ ਵਿੱਚ ਨਿਰਮਾਣ ਵਿੱਚ ਬਦਲਾਅ ਜਾਂ ਇਮਾਰਤ ਵਿੱਚ ਸਾਮਾਨ ਰੱਖਣਾ

e) ਜਾਇਦਾਦ ਨੂੰ ਹੋਰ ਟਿਕਾਣੇ ਉੱਤੇ ਬਦਲਣਾ

f) ਬੀਮੇ ਨੂੰ ਰੱਦ ਕਰਨਾ

g) ਨਾਂ ਜਾਂ ਸਿਰਨਾਵਾਂ ਆਦਿ ਬਦਲਣਾ

---

**ਨਮੂਨਾ**

ਦ੍ਰਿਸ਼ਟਾਂਤ ਦੇ ਮਕਸਦ ਲਈ, ਕੁਝ ਤਸਦੀਕ ਦੇ ਨਮੂਨੇ ਦੇ ਸ਼ਬਦਾਂ ਨੂੰ ਹੇਠਾਂ ਦਿੱਤਾ ਗਿਆ ਹੈ:

ਰੱਦ ਕਰਨਾ

ਬੀਮਤ ਦੀ ਮੰਗ ਉੱਤੇ, ਇਸ ਪਾਲਸੀ ਰਾਹੀਂ ਬੀਮੇ ਨੂੰ ਇੱਥੇ .... ਤੋਂ ਖਤਮ ਕਰਨ ਦਾ ਐਲਾਨ ਕੀਤਾ ਜਾਂਦਾ ਹੈ ਬੀਮਾ ਲਾਗੂ ਹੁੰਦਾ ਹੈ, ....... ਦੇ ਸਮੇਂ ਲਈ ਮਹੀਨੇ, ਬੀਮਤ ਨੂੰ ਦੇਣ ਵਾਲੀ ਕੋਈ ਰਕਮ ਨਹੀਂ।

<u>ਸਟਾਕ ਮੁੱਲ ਕਵਰ ਵਿੱਚ ਵਾਧਾ:</u>

"ਬੀਮਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਇਹ ਪਾਲਸੀ ਰਾਹੀਂ ਬੀਮਾ ਸੁਰੱਖਿਆ ਪ੍ਰਾਪਤ ਸਟਾਕ ਨੂੰ ਵਧਾਇਆ ਗਿਆ ਹੈ, ਇਸ ਲਈ ਇੱਥੇ ਸਹਿਮਤੀ ਹੈ ਕਿ ਬੀਮਾ ਕੀਤੀ ਗਈ ਰਕਮ ਉਸ ਹਿਸਾਬ ਨਾਲ ਹੇਠ ਦਿੱਤੇ ਮੁਤਾਬਕ .... ਰੁਪਏ ਲਈ ਬਦਲੀ ਗਈ ਹੈ:"

ਚਾਲੂ (ਵੇਰਵਾ) ਰੁਪਏ.

ਚਾਲੂ (ਵੇਰਵਾ) ਰੁਪਏ.

ਜਿਸ ਦਾ ਧਿਆਨ ਰੱਖਦੇ ਹੋਏ, ਇੱਥੇ ਵਾਧੂ ਪ੍ਰੀਮੀਅਮ ਵਸੂਲਿਆ ਜਾਂਦਾ ਹੈ।

ਹੋਰ ਸਾਲਨਾ ਪ੍ਰੀਮੀਅਮ ਰੁਪਏ.......

ਕੁੱਲ ਬੀਮਾ ਹੁਣ ਬਾਕੀ ਰੁਪਏ.......

ਵਿਸ਼ਾ ਨਹੀਂ ਤਾਂ ਇਹ ਪਾਲਸੀਆਂ ਦੇ ਨਿਯਮਾਂ, ਕਾਨੂੰਨਾਂ ਅਤੇ ਸ਼ਰਤਾਂ ਦੇ ਅਧੀਨ ਹੈ।

**ਜਹਾਜ਼ੀ ਪਾਲਸੀ ਵਿੱਚ ਬਾਹਰੀ ਖਤਰੇ ਨੂੰ ਸ਼ਾਮਲ ਕਰਨ ਲਈ ਕਵਰ ਦਾ ਵਿਸਤਾਰ**

ਬੀਮਤ ਦੀ ਬੇਨਤੀ ਦੇ ਉੱਤੇ, ਉੱਤੇ ਦਿੱਤੀ ਪਾਲਸੀ ਦੇ ਅਧੀਨ ਟੁੱਟ-ਭੱਜ ਦੇ ਜੋਖਿਮਾਂ ਨੂੰ ਸ਼ਾਮਿਲ ਹੋਣ ਲਈ ਸਹਿਮਤੀ ਦਿੱਤੀ ਗਈ ਹੈ।

ਉਪਰੋਕਤ ਨੂ ਧਿਆਨ ਵਿੱਚ ਰੱਖਦੇ ਹੋਏ, ਇਸ ਲਈ ਬੀਮਤ ਤੋਂ ਵਾਧੂ ਪ੍ਰੀਮੀਅਮ ਦੇ ਰੂਪ ਵਿੱਚ ਰੁਪਏ ...... ਵਸੂਲੇ ਜਾਂਦੇ ਹਨ।

**ਆਪਣੇ ਆਪ ਨੂੰ ਪਰਖੋ 4**

ਜੇ ਪਾਲਸੀ ਜਾਰੀ ਕਰਨ ਦੇ ਸਮੇਂ ਜਾਂ ਪਾਲਸੀ ਦੇ ਚਾਲੂ ਰਹਿਣ ਦੇ ਦੌਰਾਨ, ਉਸ ਦੇ ਕੁਝ ਨਿਯਮਾਂ ਤੇ ਸ਼ਰਤਾਂ ਨੂੰ ਸੋਧਣ ਦੀ ਲੋੜ ਹੋਵੇ ਤਾਂ ਇਸ ਨੂੰ ਦਸਤਾਵੇਜ਼ ਰਾਹੀਂ ਸੋਧ ਕੇ ਪੂਰਾ ਕੀਤਾ ਜਾਂਦਾ ਹੈ, ਜਿਸ ਨੂੰ __________ਕਹਿੰਦੇ ਹਨ।

I. ਵਾਰੰਟੀਆਂ

II. ਤਸਦੀਕ

III. ਤਬਦੀਲੀ

IV. ਸੋਧਾਂ ਸੰਭਵ ਨਹੀਂ ਹਨ

## G. ਪਾਲਸੀਆਂ ਦਾ ਅਨੁਵਾਦ

ਬੀਮੇ ਦੇ ਇਕਰਾਰਨਾਮਿਆਂ ਨੂੰ ਲਿਖਤੀ ਰੂਪ ਵਿੱਚ ਦਰਸਾਇਆ ਜਾਂਦਾ ਹੈ ਅਤੇ ਬੀਮਾ ਪਾਲਸੀਆਂ ਦੇ ਸ਼ਬਦਾਂ ਦਾ ਖਰੜਾ ਬੀਮਾਕਰਤਾ ਵਲੋਂ ਤਿਆਰ ਕੀਤਾ ਜਾਂਦਾ ਹੈ। ਇਹਨਾਂ ਪਾਲਸੀਆਂ ਦਾ ਨਿਰਮਾਣ ਜਾਂ ਅਨੁਵਾਦ ਦੇ ਤਹਿ ਨਿਯਮਾਂ ਦੇ ਮੁਤਾਬਕ ਅਨੁਵਾਦ ਕੀਤਾ ਜਾਣਾ ਹੁੰਦਾ ਹੈ, ਜੋ ਕਿ ਕਈ ਅਦਾਲਤਾਂ ਵਲੋਂ ਤਿਆਰ ਕੀਤੇ ਗਏ ਹਨ। ਨਿਰਮਾਣ ਦਾ ਸਭ ਤੋਂ ਮਹੱਤਵਪੂਰਨ ਨਿਯਮ ਹੈ ਕਿ ਧਿਰਾਂ ਦੀ ਨੀਅਤ ਪ੍ਰਬਲ ਹੋਣੀ ਚਾਹੀਦੀ ਹੈ ਅਤੇ ਇਹ ਨੀਅਤ ਨੂੰ ਖੁਦ ਪਾਲਸੀ ਵਿੱਚ ਵੀ ਵਿਚਾਰਨਾ ਚਾਹੀਦਾ ਹੈ। ਜੇ ਪਾਲਸੀ ਨੂੰ ਅਸਪਸ਼ਟ ਢੰਗ ਵਿੱਚ ਜਾਰੀ ਕੀਤਾ ਜਾਂਦਾ ਹੈ ਤਾਂ ਇਸ ਨੂੰ ਅਦਾਲਤ ਵਲੋਂ ਬੀਮਤ ਦੇ ਹੱਕ ਵਿੱਚ ਅਤੇ ਬੀਮਾਕਰਤਾ ਦੇ ਵਿਰੁਧ ਆਮ ਸਿਧਾਂਤ ਮੁਤਾਬਕ ਅਨੁਵਾਦ ਕੀਤਾ ਜਾਂਦਾ ਹੈ, ਕਿਉਂਕਿ ਪਾਲਸੀ ਨੂੰ ਬੀਮਾਕਰਤਾ ਵਲੋਂ ਖਰੜਾ ਤਿਆਰ ਕੀਤਾ ਗਿਆ ਸੀ।

ਪਾਲਸੀਆਂ ਦੇ ਸ਼ਬਦਾਂ ਨੂੰ ਸਮਝਣਾ ਅਤੇ ਅਨੁਵਾਦ ਹੇਠ ਦਿੱਤੇ ਨਿਯਮਾਂ ਮੁਤਾਬਕ ਹੋਣਾ ਚਾਹੀਦਾ ਹੈ:

a) ਵਿਸ਼ੇਸ਼ ਸ਼ਰਤ ਅਸਪਸ਼ਟ ਸ਼ਰਤ ਨੂੰ ਅਣਡਿੱਠਾ ਕਰਦੀ ਹੈ, ਸਿਰਫ਼ ਤਾਂ ਹੀ ਛੋਟ ਹੈ, ਜੇ ਇੰਝ ਕਰਨ ਨਾਲ ਸਵੈਵਿਰੋਧ ਹੋਵੇ।

b) ਸਟੈਂਡਰਡ ਛਪੇ ਪਾਲਸੀ ਰੂਪ ਅਤੇ ਛਪੇ ਜਾਂ ਹੱਥ ਨਾਲ ਲਿਖੇ ਭਾਗਾਂ ਵਿੱਚ ਸ਼ਰਤਾਂ ਦੇ ਵਿੱਚ ਵਿਰੋਧ ਹੋਣ ਉੱਤੇ, ਖਾਸ ਇਕਰਾਰਨਾਮੇ ਵਿੱਚ ਧਿਰਾਂ ਦੀ ਨੀਅਤ ਨੂੰ ਦਰਸਾਉਣ ਲਈ ਟਾਈਪ ਕੀਤੇ ਜਾਂ ਹੱਥ ਨਾਲ ਲਿਖੇ ਨੂੰ ਮੰਨਿਆ ਜਾਂਦਾ ਹੈ ਅਤੇ ਇਹਨਾਂ ਦੇ ਭਾਵ ਅਸੀਂ ਛਪੇ ਸ਼ਬਦਾਂ ਦੇ ਨਿਯਮਾਂ ਨੂੰ ਅਣਡਿੱਠਾ ਕਰਨਗੇ।

c) ਜੇ ਤਸਦੀਕ ਇਕਰਾਰਨਾਮੇ ਦੇ ਹੋਰ ਭਾਗ ਨਾਲ ਵਿਰੋਧੀ ਹੋਣ ਤਾਂ ਤਸਦੀਕ ਦਾ ਭਾਵ ਪ੍ਰਬਲ ਮੰਨਿਆ ਜਾਵੇਗਾ ਕਿਉਂਕਿ ਇਹ ਬਾਅਦ ਦਾ ਦਸਤਾਵੇਜ਼ ਹੈ।

d) ਤਿਰਛੇ ਰੂਪ ਵਿੱਚ ਛਪੇ ਨਿਯਮ ਆਮ ਤੌਰ ਉੱਤੇ ਛਪੇ ਸ਼ਬਦਾਂ ਨੂੰ ਅਣਡਿੱਠਾ ਕਰਦੇ ਹਨ, ਜਿੱਥੇ ਵੀ ਉਹ ਵਿਪਰੀਤ ਹੁੰਦੇ ਹਨ।

e) ਪਾਲਸੀ ਦੇ ਹਾਸ਼ੀਏ ਵਿੱਚ ਛਪੇ ਜਾਂ ਟਾਈਪ ਕੀਤੇ ਗਏ ਨਿਯਮਾਂ ਨੂੰ ਪਾਲਸੀ ਦੇ ਮੁੱਖ ਹਿੱਸੇ ਵਿੱਚ ਦਿੱਤੇ ਨਿਯਮਾਂ ਤੋਂ ਵੱਧ ਮਹੱਤਤਾ ਦਿੱਤੀ ਜਾਂਦੀ ਹੈ।

f) ਪਾਲਸੀ ਨਾਲ ਨੱਥੀ ਕੀਤੇ ਜਾਂ ਚੇਪੇ ਗਏ ਨਿਯਮ ਹਾਸ਼ੀਏ ਵਿੱਚ ਲਿਖੇ ਨਿਯਮਾਂ ਅਤੇ ਪਾਲਸੀ ਦੇ ਮੁੱਖ ਭਾਗਾਂ ਵਿੱਚ ਦਿੱਤੇ ਨਿਯਮਾਂ ਦੋਵਾਂ ਨੂੰ ਅਣਡਿੱਠੇ ਕਰਦੇ ਹਨ।

g) ਛਪੇ ਹੋਏ ਸ਼ਬਦਾਂ ਨੂੰ ਟਾਈਪ ਕਰਕੇ ਲਿਖੇ ਸ਼ਬਦਾਂ ਜਾਂ ਸਿਆਹੀ ਵਾਲੀ ਰਬੜ ਦੀ ਮੋਹਰ ਰਾਹੀਂ ਦਰਸਾਏ ਸ਼ਬਦਾਂ ਰਾਹੀਂ ਅਣਡਿੱਠਾ ਕੀਤਾ ਜਾਂਦਾ ਹੈ।

h) ਹੱਥ ਨਾਲ ਲਿਖੀ ਲਿਖਤ ਟਾਈਪ ਕੀਤੇ ਜਾਂ ਛਪੇ ਸ਼ਬਦਾਂ ਨਾਲੋਂ ਵੱਧ ਤਰਜੀਹ ਰੱਖਦੀ ਹੈ।

i) ਅੰਤ ਵਿੱਚ, ਗਰਾਮਰ ਅਤੇ ਵਿਸ਼ਰਾਮ-ਚਿੰਨ੍ਹ ਦੇ ਆਮ ਨਿਯਮ ਲਾਗੂ ਹੁੰਦੇ ਹਨ, ਜੇ ਅਸਪਸ਼ਟਤਾ ਹੋਵੇ ਜਾਂ ਸਪਸ਼ਟਤਾ ਦੀ ਕਮੀ ਹੋਵੇ।

## ਮਹੱਤਵਪੂਰਨ

1. ਪਾਲਸੀਆਂ ਦਾ ਨਿਰਮਾਣ

ਇੱਕ ਬੀਮਾ ਪਾਲਸੀ ਵਪਾਰਕ ਇਕਰਾਰਨਾਮੇ ਦਾ ਸਬੂਤ ਹੈ ਅਤੇ ਅਦਾਲਤਾਂ ਵਲੋਂ ਅਪਣਾਏ ਜਾਂਦੇ ਨਿਰਮਾਣ ਅਤੇ ਅਨੁਵਾਦ ਦੇ ਆਮ ਨਿਯਮ ਬੀਮਾ ਇਕਰਾਰਨਾਮਿਆਂ ਉੱਤੇ ਲਾਗੂ ਹੁੰਦੇ ਹਨ, ਜੋ ਕਿ ਹੋਰ ਇਕਰਾਰਨਾਮਿਆਂ ਦੇ ਕੇਸ ਵਿੱਚ ਹੁੰਦੇ ਹਨ।

ਨਿਰਮਾਣ ਦਾ ਮੁੱਖ ਨਿਯਮ ਹੈ ਕਿ ਇਕਰਾਰਨਾਮੇ ਦੀਆਂ ਧਿਰਾਂ ਦਾ ਇਰਾਦਾ ਪ੍ਰਬਲ ਹੋਣਾ ਚਾਹੀਦਾ ਹੈ, ਇਸ ਇਰਾਦੇ ਨੂੰ ਖੁਦ ਪਾਲਸੀ ਦਸਤਾਵੇਜ਼ ਅਤੇ ਇਸ ਨਾਲ ਨੱਥੀ ਪੇਸ਼ਕਸ਼ ਫਾਰਮ, ਕਲਾਜ਼, ਤਸਦੀਕ, ਵਾਰੰਟੀਆਂ ਆਦਿ ਤੋਂ ਸਪਸ਼ਟ ਹੋਣਾ ਚਾਹੀਦਾ ਹੈ ਅਤੇ ਇਕਰਾਰਨਾਮੇ ਦਾ ਭਾਗ ਬਣਾਉਂਦਾ ਹੈ।

2. ਸ਼ਬਦਾਵਲੀ ਦੇ ਅਰਥ

ਵਰਤੇ ਗਏ ਸ਼ਬਦ ਉਹਨਾਂ ਦੇ ਆਮ ਅਤੇ ਹਰਮਨਪਿਆਰੇ ਅਰਥ ਵਿੱਚ ਹੋਣੇ ਚਾਹੀਦੇ ਹਨ। ਸ਼ਬਦਾਂ ਲਈ ਵਰਤੇ ਗਏ ਅਰਥਾਂ ਦਾ ਭਾਵ ਉਹ ਹੁੰਦਾ ਹੈ, ਜੋ ਕਿ ਗਲੀ ਵਿੱਚ ਆਮ ਵਿਅਕਤੀ ਭਾਵ ਲਵੇਗਾ। ਇਸਕਰਕੇ "ਅੱਗ" ਦਾ ਅਰਥ ਲਪਟਾਂ ਜਾਂ ਅਸਲ ਵਿੱਚ ਬਲਣਾ ਹੈ।

ਦੂਜੇ ਪਾਸੇ, ਸ਼ਬਦ, ਜਿਹਨਾਂ ਦਾ ਆਮ ਕਾਰੋਬਾਰੀ ਜਾਂ ਵਪਾਰਿਕ ਅਰਥ ਹੈ, ਨੂੰ ਉਸ ਅਰਥ ਨਾਲ ਵਰਤਿਆ ਜਾਵੇਗਾ, ਜਦੋਂ ਤੱਕ ਕਿ ਵਾਕ ਦਾ ਪ੍ਰਸੰਗ ਦਰਸਾਉਂਦਾ ਨਹੀਂ ਹੈ। ਜਿੱਥੇ ਸ਼ਬਦਾਂ ਨੂੰ ਕਾਨੂੰਨ ਰਾਹੀਂ ਦਰਸਾਇਆ ਗਿਆ ਹੈ, ਉਸ ਪਰਿਭਾਸ਼ਾ ਦਾ ਅਰਥ ਵਰਤਿਆ ਜਾਵੇਗਾ, ਜਿਵੇਂ ਕਿ ਭਾਰਤੀ ਪੈਨਲ ਕੋਡ ਵਿੱਚ "ਚੋਰੀ"।

ਬੀਮਾ ਪਾਲਸੀਆਂ ਵਿੱਚ ਵਰਤੇ ਜਾਂਦੇ ਬਹੁਤ ਸ਼ਬਦ ਪਿਛਲੇ ਕਾਨੂੰਨੀ ਫੈਸਲਿਆਂ ਦੇ ਮੁਤਾਬਕ ਹੁੰਦੇ ਹਨ ਅਤੇ ਉੱਚ ਅਦਾਲਤ ਦੇ ਉਹ ਫੈਸਲੇ ਹੇਠਲੀਆਂ ਅਦਾਲਤਾਂ ਦੇ ਫੈਸਲਿਆਂ ਲਈ ਬੰਦਿਸ਼ ਹੋਣਗੇ। ਤਕਨੀਕੀ ਸ਼ਬਦਾਂ ਨੂੰ ਹਮੇਸ਼ਾਂ ਉਹਨਾਂ ਦੇ ਤਕਨੀਕੀ ਅਰਥ ਹੀ ਦੇਣੇ ਚਾਹੀਦੇ ਹਨ, ਜਦੋਂ ਤੱਕ ਕਿ ਉਹ ਵਿਰੋਧ ਨਾ ਦਰਸਾਉਂਦੇ ਹੋਣ।

## H. ਨਵਿਆਉਣ ਸੂਚਨਾ

ਬਹੁਤੀਆਂ ਗ਼ੈਰ-ਜੀਵਨ ਬੀਮਾ ਪਾਲਸੀਆਂ ਸਾਲਨਾ ਦੇ ਅਧਾਰ ਉੱਤੇ ਬੀਮਾ ਕੀਤੀਆਂ ਜਾਂਦੀਆਂ ਹਨ।

ਹਾਲਾਂਕਿ ਬੀਮਾ ਕਰਤਾ ਵਲੋਂ ਬੀਮਤ ਨੂੰ ਉਸ ਦੀ ਪਾਲਸੀ ਦੀ ਖਾਸ ਮਿਤੀ ਨੂੰ ਮਿਆਦ ਪੁੱਗਣ ਬਾਰੇ ਜਾਣਕਾਰੀ ਦੇ ਲਈ ਕੋਈ ਕਾਨੂੰਨੀ ਪਾਬੰਦੀ ਨਹੀਂ ਹੈ, ਫੇਰ ਵੀ ਅਦਬ ਦੇ ਵਜੋਂ ਅਤੇ ਚੰਗੇ ਵਪਾਰ ਅਮਲ ਦੇ ਕਰਕੇ, ਬੀਮਾਕਰਤਾ ਮਿਆਦ ਪੂਰੀ ਹੋਣ ਦੀ ਮਿਤੀ ਤੋਂ ਪਹਿਲਾਂ ਨਵਿਆਉਣ ਨੋਟਿਸ ਜਾਰੀ ਕਰਕੇ ਪਾਲਸੀ ਨਵਿਆਉਣ ਲਈ ਸੱਦਾ ਦਿੰਦਾ ਹੈ। ਨੋਟਿਸ ਵਿੱਚ ਪਾਲਸੀ ਦੇ ਸਬੰਧਿਤ ਸਭ ਤੱਥ ਸ਼ਾਮਿਲ ਹੁੰਦੇ ਹਨ, ਜਿਵੇਂ ਕਿ ਬੀਮਾ ਕੀਤੀ ਰਕਮ, ਸਾਲਨਾ ਪ੍ਰੀਮੀਅਮ ਆਦਿ। ਬੀਮਤ ਨੂੰ ਨੋਟਿਸ ਰਾਹੀਂ ਜਾਣਕਾਰੀ ਦੇਣ ਦੀ ਵੀ ਰਸਮ ਹੈ ਜਿਸ ਵਿੱਚ ਬੀਮਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਸ ਵਲੋਂ ਜੋਖਿਮ ਵਿੱਚ ਕਿਸੇ ਪ੍ਰਮੁੱਖ ਤੱਥ ਦੀ ਤਬਦੀਲੀ ਬਾਰੇ ਸੂਚਨਾ ਦਿੱਤੀ ਜਾਣੀ ਚਾਹੀਦੀ ਹੈ।

ਮੋਟਰ ਨਵਿਆਉਣ ਨੋਟਿਸ ਵਿੱਚ, ਉਦਾਹਰਨ ਲਈ, ਬੀਮਤ ਦਾ ਖ਼ਿਆਲ ਮੌਜੂਦਾ ਲੋੜਾਂ ਦੇ ਮੁਤਾਬਕ ਬੀਮਾ ਕੀਤੀ ਗਈ ਰਕਮ (ਜੋ ਕਿ ਬੀਮਤ ਵਲੋਂ ਵਾਹਨ ਦਾ ਐਲਾਨਿਆ ਮੁੱਲ ਹੈ) ਦਾ ਮੁੜ-ਨਿਰੀਖਣ ਕਰਵਾਉਣ ਦਾ ਹੈ।.

ਬੀਮਤ ਦਾ ਧਿਆਨ ਕਾਨੂੰਨ ਵਿਧਾਨ ਵੱਲ ਵੀ ਖਿੱਚਣਾ ਚਾਹੀਦਾ ਹੈ ਕਿ ਕੋਈ ਵੀ ਜੋਖਿਮ ਨੂੰ ਮੰਨਿਆ ਨਹੀਂ ਜਾ ਸਕਦਾ ਹੈ, ਜਦੋਂ ਤੱਕ ਕਿ ਪ੍ਰੀਮੀਅਮ ਨੂੰ ਪੇਸ਼ਗੀ ਦੇ ਰੂਪ ਦਿੱਤਾ ਨਹੀਂ ਜਾਂਦਾ ਹੈ।

**ਆਪਣੇ ਆਪ ਨੂੰ ਪਰਖੋ 5**

**ਨਵਿਆਉਣ ਸੂਚਨਾ ਦੇ ਬਾਰੇ ਹੇਠ ਦਿੱਤੇ ਕਥਨਾਂ ਵਿੱਚੋਂ ਕਿਹੜਾ ਸਹੀਂ ਹੈ?**

I. ਨਿਯਮਾਂ ਦੇ ਮੁਤਾਬਕ ਬੀਮਾਕਰਤਾ ਲਈ ਬੀਮਤ ਨੂੰ ਪਾਲਸੀ ਦੀ ਮਿਆਦ ਪੁੱਗਣ ਤੋਂ 30 ਦਿਨ ਪਹਿਲਾਂ ਨਵਿਆਉਣ ਸੂਚਨਾ ਭੇਜਣ ਦੀ ਕਾਨੂੰਨੀ ਪਾਬੰਦੀ ਹੈ।

II. ਨਿਯਮਾਂ ਦੇ ਮੁਤਾਬਕ ਬੀਮਾਕਰਤਾ ਲਈ ਬੀਮਤ ਨੂੰ ਪਾਲਸੀ ਦੀ ਮਿਆਦ ਪੁੱਗਣ ਤੋਂ 15 ਦਿਨ ਪਹਿਲਾਂ ਨਵਿਆਉਣ ਸੂਚਨਾ ਭੇਜਣ ਦੀ ਕਾਨੂੰਨੀ ਪਾਬੰਦੀ ਹੈ।

III. ਨਿਯਮਾਂ ਦੇ ਮੁਤਾਬਕ ਬੀਮਾਕਰਤਾ ਲਈ ਬੀਮਤ ਨੂੰ ਪਾਲਸੀ ਦੀ ਮਿਆਦ ਪੁੱਗਣ ਤੋਂ 7 ਦਿਨ ਪਹਿਲਾਂ ਨਵਿਆਉਣ ਸੂਚਨਾ ਭੇਜਣ ਦੀ ਕਾਨੂੰਨੀ ਪਾਬੰਦੀ ਹੈ।

IV. ਨਿਯਮਾਂ ਦੇ ਮੁਤਾਬਕ ਬੀਮਾਕਰਤਾ ਲਈ ਬੀਮਤ ਨੂੰ ਪਾਲਸੀ ਦੀ ਮਿਆਦ ਪੁੱਗਣ ਤੋਂ ਪਹਿਲਾਂ ਨਵਿਆਉਣ ਸੂਚਨਾ ਭੇਜਣ ਦੀ ਕੋਈ ਵੀ ਕਾਨੂੰਨੀ ਪਾਬੰਦੀ ਨਹੀਂ ਹੈ।

---

**ਸਾਰ**

a) ਦਸਤਾਵੇਜ਼ੀ ਪ੍ਰਮਾਣ ਦੇ ਪਹਿਲੇ ਪੜਾਅ ਵਿੱਚ ਉਸ ਬਾਰੇ ਜ਼ਰੂਰੀ ਰੂਪ ਵਿੱਚ ਪੇਸ਼ਕਸ਼ ਫਾਰਮ ਹਨ, ਜਿਸ ਰਾਹੀਂ ਬੀਮਤ ਸੂਚਨਾ ਦਿੰਦਾ ਹੈ।

b) ਪ੍ਰਮੁੱਖ ਜਾਣਕਾਰੀ ਦੇਣ ਦੇ ਫ਼ਰਜ਼ ਪਾਲਸੀ ਸ਼ੁਰੂ ਹੋਣ ਤੋਂ ਪਹਿਲਾਂ ਹੁੰਦਾ ਹੈ ਅਤੇ ਇਕਰਾਰਨਾਮਾ ਦੇ ਸਿੱਟੇ ਉੱਤੇ ਪੁੱਜਣ ਤੋਂ ਬਾਅਦ ਵੀ ਜਾਰੀ ਰਹਿੰਦਾ ਹੈ

c) ਬੀਮਾ ਕੰਪਨੀਆਂ ਅਕਸਰ ਪੇਸ਼ਕਸ਼ ਫਾਰਮ ਦੇ ਅੰਤ ਉੱਤੇ ਐਲਾਨ ਜੋੜਦੀਆਂ ਹਨ, ਜਿਸ ਉੱਤੇ ਬੀਮਾਕਰਤਾ ਰਾਹੀਂ ਦਸਤਖਤ ਕੀਤੇ ਜਾਂਦੇ ਹਨ

d) ਪੇਸ਼ਕਸ਼ ਫਾਰਮ ਦੇ ਤੱਥਾਂ ਵਿੱਚ ਸ਼ਾਮਿਲ ਹਨ:

i. ਪੇਸ਼ਕਸ਼ਕਰਤਾ ਦਾ ਪੂਰਾ ਨਾਂ

ii. ਪੇਸ਼ਕਸ਼ਕਰਤਾ ਦਾ ਸਿਰਨਾਵਾਂ ਅਤੇ ਸੰਪਰਕ ਵੇਰਵਾ

iii. ਪੇਸ਼ਕਸ਼ਕਰਤਾ ਦਾ ਕਿੱਤਾ, ਅਹੁਦਾ ਜਾਂ ਵਪਾਰ

iv. ਬੀਮੇ ਦੇ ਵਿਸ਼ੇ ਦਾ ਵੇਰਵਾ ਅਤੇ ਪਛਾਣ

v. ਬੀਮਾ ਕੀਤੀ ਰਕਮ

vi. ਪੁਰਾਣਾ ਅਤੇ ਮੌਜੂਦਾ ਬੀਮਾ

vii. ਘਾਟਾ ਅਨੁਭਵ

viii. ਬੀਮਤ ਵਲੋਂ ਐਲਾਨ

e) ਏਜੰਟ, ਜੋ ਕਿ ਵਿਚੋਲੇ ਦਾ ਕੰਮ ਕਰਦਾ ਹੈ, ਦੀ ਜ਼ਿੰਮੇਵਾਰੀ ਹੈ ਕਿ ਬੀਮਤ ਵਲੋਂ ਬੀਮਾਕਰਤਾ ਨੂੰ ਜੋਖਿਮ ਬਾਰੇ ਪ੍ਰਮੁੱਖ ਜਾਣਕਾਰੀ ਦਿੱਤੀ ਜਾਂਦੀ ਹੈ।

f) ਪੇਸ਼ਕਸ਼ ਨੂੰ ਪੜਤਾਲਣ ਅਤੇ ਮਨਜ਼ੂਰੀ ਦੇਣ ਦੇ ਫੈਸਲੇ ਦੀ ਕਾਰਵਾਈ ਨੂੰ ਅੰਡਰਰਾਈਟਿੰਗ ਵਜੋਂ ਜਾਣਿਆ ਜਾਂਦਾ ਹੈ।

g) ਪ੍ਰੀਮੀਅਮ ਬੀਮਤ ਵਲੋਂ ਬੀਮਾਕਰਤਾ ਨੂੰ ਬੀਮੇ ਦੀ ਵਿਸ਼ਾ-ਵਸਤੂ ਦੇ ਬੀਮੇ ਲਈ ਕੀਤਾ ਜਾਣ ਵਾਲਾ ਭੁਗਤਾਨ ਹੈ, ਬੀਮੇ ਦੇ ਇਕਰਾਰਨਾਮੇ ਦੇ ਤਹਿਤ।

h) ਪ੍ਰੀਮੀਅਮ ਦਾ ਭੁਗਤਾਨ ਨਕਦ, ਕਿਸੇ ਵੀ ਜਾਣੇ-ਪਛਾਣੇ ਬੈਂਕ ਸਮਝੌਤੇਯੋਗ ਕਾਗਜ਼, ਪੋਸਟ ਮਨੀਆਰਡਰ, ਕਰੈਡਿਟ ਜਾਂ ਡੇਬਿਟ ਕਾਰਡ, ਇੰਟਰਨੈੱਟ, ਈ-ਟਰਾਂਸਫਰ, ਸਿੱਧਾ ਕਰੈਡਿਟ ਜਾਂ IRDAI ਵਲੋਂ ਸਮੇਂ ਸਮੇਂ ਉੱਤੇ ਮਨਜ਼ੂਰ ਕੀਤੇ ਗਏ ਹੋਰ ਕਿਸੇ ਵੀ ਢੰਗ ਨਾਲ ਕੀਤਾ ਜਾ ਸਕਦਾ ਹੈ।

i) ਕਵਰ ਨੋਟ ਨੂੰ ਜਾਰੀ ਕੀਤਾ ਜਾਂਦਾ ਹੈ, ਜਦੋਂ ਪਾਲਸੀ ਦੀ ਤਿਆਰ ਬਾਕੀ ਹੋਵੇ ਜਾਂ ਬੀਮੇ ਲਈ ਸਮਝੌਤਾ ਗੱਲਬਾਤ ਹਾਲੇ ਜਾਰੀ ਹੋਵੇ ਅਤੇ ਆਰਜ਼ੀ ਰੂਪ ਵਿੱਚ ਬੀਮਾ ਸੁਰੱਖਿਆ ਦੇਣ ਦੀ ਲੋੜ ਹੋਵੇ।

j) ਕਵਰ ਨੋਟਿਸ ਮੁੱਖ ਰੂਪ ਵਿੱਚ ਜਹਾਜ਼ੀ ਅਤੇ ਕਾਰੋਬਾਰ ਦੇ ਮੋਟਰ ਵਰਗ ਵਿੱਚ ਵਰਤੇ ਜਾਂਦੇ ਹਨ।

k) ਬੀਮੇ ਦਾ ਸਰਟੀਫਿਕੇਟ ਬੀਮੇ ਦੀ ਮੌਜੂਦਗੀ ਨੂੰ ਦਰਸਾਉਂਦੇ ਹੈ, ਜਿੱਥੇ ਸਬੂਤ ਚਾਹੀਦਾ ਹੋਵੇ

l) ਪਾਲਸੀ ਇੱਕ ਰਸਮੀ ਦਸਤਾਵੇਜ਼ ਹੈ, ਜੋ ਕਿ ਬੀਮੇ ਦੇ ਇਕਰਾਰ ਦਾ ਸਬੂਤ ਦਿੰਦਾ ਹੈ।

m) ਵਾਰੰਟੀ ਪਾਲਸੀ ਵਿੱਚ ਦਰਸਾਈ ਗਈ ਸ਼ਰਤ ਹੁੰਦੀ ਹੈ, ਜੋ ਕਿ ਇਕਰਾਰਨਾਮੇ ਨੂੰ ਯੋਗ ਰੱਖਣ ਲਈ ਸ਼ਬਦੀ ਰੂਪ ਵਿੱਚ ਪਾਲਣ ਕਰਨ ਵਾਸਤੇ ਹੁੰਦੀ ਹੈ।

n) ਜੇ ਪਾਲਸੀ ਜਾਰੀ ਕਰਨ ਦੇ ਸਮੇਂ ਜਾਂ ਪਾਲਸੀ ਦੇ ਚਾਲੂ ਰਹਿਣ ਦੇ ਦੌਰਾਨ, ਉਸ ਦੇ ਕੁਝ ਨਿਯਮਾਂ ਤੇ ਸ਼ਰਤਾਂ ਨੂੰ ਸੋਧਣ ਦੀ ਲੋੜ ਹੋਵੇ ਤਾਂ ਇਸ ਨੂੰ ਦਸਤਾਵੇਜ਼ ਰਾਹੀਂ ਸੋਧ/ਬਦਲ ਕੇ ਪੂਰਾ ਕੀਤਾ ਜਾਂਦਾ ਹੈ, ਜਿਸ ਨੂੰ ਤਸਦੀਕ (endorsment) ਕਹਿੰਦੇ ਹਨ।

o) ਨਿਰਮਾਣ ਦਾ ਸਭ ਤੋਂ ਮਹੱਤਵਪੂਰਨ ਨਿਯਮ ਹੈ ਕਿ ਧਿਰਾਂ ਦੀ ਨੀਅਤ ਪ੍ਰਬਲ ਹੋਣੀ ਚਾਹੀਦੀ ਹੈ ਅਤੇ ਇਹ ਨੀਅਤ ਨੂੰ ਖੁਦ ਪਾਲਸੀ ਵਿੱਚ ਵੀ ਵਿਚਾਰਨਾ ਚਾਹੀਦਾ ਹੈ।

---

**ਮੁੱਖ ਸ਼ਬਦ**

a) ਪਾਲਸੀ ਫਾਰਮ

b) ਪ੍ਰੀਮੀਅਮ ਦਾ ਪੇਸ਼ਗੀ ਭੁਗਤਾਨ

c) ਕਵਰ ਨੋਟ

d) ਬੀਮੇ ਦਾ ਸਰਟੀਫਿਕੇਟ

e) ਨਵਿਆਉਣ ਸੂਚਨਾ

f) ਵਾਰੰਟੀਆਂ

---

**ਸਵੈ ਜਾਂਚ ਦੇ ਜਵਾਬ**

**ਜਵਾਬ 1 - ਸਹੀ ਚੋਣ II ਹੈ।**

**ਜਵਾਬ 2- ਸਹੀ ਚੋਣ IV ਹੈ।**

**ਜਵਾਬ 3 - ਸਹੀ ਚੋਣ II ਹੈ।**

**ਜਵਾਬ 4 - ਸਹੀ ਚੋਣ II ਹੈ।**

**ਜਵਾਬ 5 - ਸਹੀ ਚੋਣ IV ਹੈ।**

---

# ਪਾਠ G-02

# ਅੰਡਰਰਾਈਟਿੰਗ ਅਤੇ ਰੇਟਿੰਗ ਦੇਣੀ

**ਪਾਠ ਜਾਣ-ਪਛਾਣ**

**ਅਸੀਂ ਸਿੱਖਿਆ ਹੈ ਕਿ ਆਮ ਬੀਮੇ ਦੇ ਸਬੰਧ ਵਿੱਚ ਕਈ ਸਿਧਾਂਤ ਅਤੇ ਨਿਯਮ ਹੁੰਦੇ ਹਨ। ਅੰਡਰਰਾਈਟਿੰਗ ਉਹ ਕਾਰਵਾਈ ਹੈ, ਜਿਸ ਦੇ ਅਧੀਨ ਬੀਮਾਕਰਤਾ ਫ਼ੈਸਲਾ ਕਰਦਾ ਹੈ ਕਿ ਜ਼ੋਖਮ ਨੂੰ ਮਨਜ਼ੂਰ ਕਰਨਾ ਹੈ ਜਾਂ ਨਹੀਂ। ਇਸ ਲਈ ਅੰਡਰਰਾਈਟਰ ਜ਼ੋਖਮ ਦੀ ਪੜਤਾਲ ਕਰਦੇ ਹਨ। ਉਹ ਸਮਝਦੇ ਹਨ ਕਿ ਜ਼ੋਖਮ ਦਾ ਜ਼ੋਖਮ ਕਿੰਨਾ ਹੈ। ਨਾਲ ਹੀ ਪ੍ਰੀਮੀਅਮ ਲਈ ਕਿੰਨਾ ਧਨ ਇਕੱਤਰ ਕਰਨਾ ਚਾਹੀਦਾ ਹੈ। ਫੇਰ ਵੀ ਕਈ ਵਾਰ ਜ਼ੋਖਮਾਂ ਨੂੰ ਜ਼ੋਖਮ ਸੁਧਾਰਨ ਦੀ ਸ਼ਰਤ ਉੱਤੇ ਹੀ ਮਨਜ਼ੂਰ ਕਿੱਤਾ ਜਾ ਸਕਦਾ ਹੈ। ਇਹਨਾਂ ਸਾਰੇ ਮਸਲਿਆਂ ਨੂੰ ਇਸ ਪਾਠ ਵਿੱਚ ਵਿਚਾਰਿਆ ਗਿਆ ਹੈ।**

**ਸਿੱਖਣ ਦੇ ਨਤੀਜੇ**

A. ਭੌਤਿਕ ਖਤਰੇ

B. ਭੌਤਿਕ ਖਤਰੇ - ਜ਼ੋਖਮ ਪ੍ਰਬੰਧ, ਨਿਯਮ ਤੇ ਰੇਟਿੰਗ ਦੀ ਮਹੱਤਤਾ

C. ਵਾਧੂ / ਕਟੌਤੀ ਅਤੇ ਕਵਰ ਲਈ ਰੋਕਾਂ ਬਾਰੇ ਫ਼ੈਸਲਾ ਕਰਨਾ

D. ਨੈਤਿਕ ਖ਼ਤਰੇ

E. ਬੀਮਾ ਕਰਵਾਈ ਰਕਮ ਤੈਅ ਕਰਨਾ

ਇਹ ਪਾਠ ਪੜ੍ਹਨ ਦੇ ਬਾਅਦ, ਤੁਸੀਂ ਯੋਗ ਹੋਣੇ ਚਾਹੀਦੇ ਹੋ:

1. ਭੌਤਿਕ ਖ਼ਤਰਿਆਂ ਨੂੰ ਸਮਝਣਾ
2. ਕੰਮ ਵਜੋਂ ਅੰਡਰਰਾਈਟਿੰਗ ਦੀ ਮਹੱਤਤਾ ਸਮਝਣਾ
3. ਜ਼ੋਖਮ ਨੂੰ ਘਟਾਉਣ ਲਈ ਅੰਡਰਰਾਈਟਰਾਂ ਵਲੋਂ ਵਰਤੇ ਜਾਂਦੇ ਢੰਗ
4. ਸਮਝਣਾ ਕਿ ਬੀਮਾ ਕੀਤੀ ਰਕਮ ਨੂੰ ਕਿਵੇਂ ਤੈਅ ਕਰਨਾ ਹੈ।

## A. ਭੌਤਿਕ ਖਤਰੇ

ਜਾਇਦਾਦ ਅਤੇ ਵਿਅਕਤੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਈ ਖ਼ਤਰਿਆਂ ਦੀ ਚੰਗੀ ਜਾਣਕਾਰੀ ਅੰਡਰਰਾਈਟਿੰਗ ਲਈ ਹੋਣੀ ਬਹੁਤ ਜ਼ਰੂਰੀ ਹੈ।

ਭੌਤਿਕ ਖਤਰਿਆਂ ਨੂੰ ਪੇਸ਼ਕਸ਼ ਫਾਰਮ ਵਿੱਚ ਦਿੱਤੀ ਜਾਣਕਾਰੀ ਤੋਂ ਲਿਆ ਜਾ ਸਕਦਾ ਹੈ। ਇਹਨਾਂ ਨੂੰ ਜੋਖਿਮ ਦੇ ਸਰਵੇਖਣ ਜਾਂ ਜਾਂਚ ਤੋਂ ਵਧੀਆ ਢੰਗ ਨਾਲ ਪਤਾ ਕੀਤਾ ਜਾ ਸਕਦਾ ਹੈ। ਬੀਮੇ ਦੇ ਵੱਖ-ਵੱਖ ਵਰਗਾਂ ਵਿੱਚ ਭੌਤਿਕ ਖ਼ਤਰਿਆਂ ਦੀਆਂ ਕੁਝ ਉਦਾਹਰਨਾਂ ਹੇਠ ਦਿੱਤੀਆਂ ਹਨ।

a) ਅੱਗ

i. ਨਿਰਮਾਣ: ਨਿਰਮਾਣ ਦਾ ਭਾਵ ਚੀਜ਼ਾਂ ਤੋਂ ਹੈ, ਜਿਸ ਨਾਲ ਕੰਧਾਂ ਅਤੇ ਛੱਤ ਨੂੰ ਬਣਾਇਆ ਹੈ। ਕੰਕਰੀਟ ਇਮਾਰਤ ਲੱਕੜ ਦੀ ਇਮਾਰਤ ਤੋਂ ਵਧੀਆ ਹੈ।

ii. ਉਚਾਈ: ਜਿੰਨੀਆਂ ਮੰਜ਼ਲਾਂ ਵੱਧ, ਉਹਨਾਂ ਹੀ ਵੱਧ ਖ਼ਤਰਾ, ਕਿਉਂਕਿ ਅੱਗ ਬਝਾਉਣ ਲਈ ਔਖਿਆਈ ਵੱਧ ਜਾਂਦੀ ਹੈ। ਇਸ ਦੇ ਨਾਲ ਹੀ, ਵੱਡੀਆਂ ਗਿਣਤੀ ਵਿੱਚ ਉਪਰਲੀਆਂ ਫਰਸ਼ਾਂ ਦੇ ਡਿੱਗਣ ਨਾਲ ਭਾਰੀ ਨੁਕਸਾਨ ਹੁੰਦਾ ਹੈ।

iii. ਫ਼ਰਸ਼ ਦੀ ਕਿਸਮ: ਲੱਕੜ ਦੀ ਫ਼ਰਸ਼ ਨੂੰ ਅੱਗ ਛੇਤੀ ਫੜਦੀ ਹੈ। ਨਾਲ ਹੀ, ਅੱਗ ਲੱਗਣ ਦੇ ਹਾਲਤ ਵਿੱਚ ਲੱਕੜ ਦੀ ਫ਼ਰਸ਼ ਛੇਤੀ ਡਿੱਗਦੀ ਹੈ, ਜਿਸ ਨਾਲ ਹੇਠਲੀਆਂ ਮੰਜ਼ਲਾਂ ਦਾ ਨੁਕਸਾਨ ਉੱਪਰਲੀਆਂ ਮੰਜ਼ਲਾਂ ਤੋਂ ਮਸ਼ੀਨਰੀ ਜਾਂ ਸਾਮਾਨ ਡਿੱਗਣ ਕਰਕੇ ਹੁੰਦਾ ਹੈ।

iv. ਅਧਿਕਾਰ: ਇਮਾਰਤ ਦਾ ਅਧਿਕਾਰ ਅਤੇ ਕਿਸ ਮਕਸਦ ਲਈ ਇਹ ਵਰਤੀ ਜਾ ਰਹੀ ਹੈ। ਅਧਿਕਾਰ ਰੱਖਣ ਤੋਂ ਕਈ ਕਿਸਮ ਦੇ ਖ਼ਤਰੇ ਹੁੰਦੇ ਹਨ।

v. ਬਲਣ ਖ਼ਤਰਾ: ਇਮਾਰਤ, ਜਿਸ ਵਿੱਚ ਰਸਾਇਣ ਰੱਖਣ ਹੋਣ ਜਾਂ ਵੱਡੀ ਮਾਤਰਾ ਵਿੱਚ ਵਰਤੇ ਜਾਂਦੇ ਹੋਣ, ਨੂੰ ਸੰਭਾਵਿਤ ਤੌਰ ਉੱਤੇ ਅੱਗ ਬਲਣ ਦਾ ਖਤਰਾ ਹੁੰਦਾ ਹੈ। ਲੱਕੜ ਦੇ ਗੁਦਾਮ ਵਿੱਚ ਵੱਡੀ ਮਾਤਰਾ ਵਿੱਚ ਬਲਣਯੋਗ ਖਤਰਾ ਮੌਜੂਦ ਹੈ, ਕਿਉਂਕਿ ਇੱਕ ਵਾਰ ਅੱਗ ਸ਼ੁਰੂ ਹੋਣ ਦੇ ਬਾਅਦ ਲੱਕੜ ਛੇਤੀ ਨਾਲ ਬਲਦੀ ਹੈ। ਅੱਗ ਲੱਗਣ ਦੀ ਘਟਣਾ ਵਿੱਚ ਸਮੱਗਰੀ ਨੂੰ ਨੁਕਸਾਨ ਹੋਣ ਦੀ ਵੱਡੀ ਸੰਭਾਵਨਾ ਹੁੰਦੀ ਹੈ।

ਉਦਾਹਰਨ ਲਈ, ਕਾਗਜ਼, ਕੱਪੜੇ ਆਦਿ ਨੂੰ ਨਾ ਕੇਵਲ ਅੱਗ ਤੋਂ ਹੀ ਖਤਰਾ ਹੁੰਦਾ ਹੈ, ਬਲਕਿ ਪਾਣੀ ਅਤੇ ਗਰਮੀ ਆਦਿ ਤੋਂ ਵੀ ਨੁਕਸਾਨ ਹੋ ਸਕਦਾ ਹੈ।

vi. ਨਿਰਮਾਣ ਦੀ ਕਾਰਵਾਈ: ਜੇ ਕੰਮ ਰਾਤ ਨੂੰ ਕੀਤਾ ਜਾਂਦਾ ਹੈ ਤਾਂ ਬਣਾਵਟੀ ਰੋਸ਼ਨੀ ਦੀ ਵਰਤੋਂ, ਲਗਾਤਾਰ ਮਸ਼ੀਨਰੀ ਦੀ ਵਰਤੋਂ ਨਾਲ ਰੁਕਾਵਟ ਪੈਦਾ ਹੋਣ ਅਤੇ ਥਕੇਵੇਂ ਨਾਲ ਕਾਮਿਆਂ ਦੀ ਬੇਧਿਆਨੀ ਕਰਕੇ ਖ਼ਤਰਾ ਵੱਧ ਜਾਂਦਾ ਹੈ।

vii. ਜ਼ੋਖਮ ਦੀ ਹਾਲਤ / ਟਿਕਾਣਾ: ਸੰਘਣੇ ਖੇਤਰ ਵਿੱਚ ਟਿਕਾਣੇ ਨੂੰ ਨੇੜਲੀਆਂ ਇਮਾਰਤਾਂ ਅਤੇ ਅੱਗ ਬਝਾਊ ਦਸਤੇ ਤੋਂ ਦੂਰੀ ਹੋਣ ਦੀ ਸੰਭਾਵਨਾ ਭੌਤਿਕ ਖਤਰੇ ਦੀ ਉਦਾਹਰਨ ਹੈ।

b) ਸਮੁੰਦਰੀ

i. ਜਹਾਜ਼ ਦੀ ਉਮਰ ਅਤੇ ਹਾਲਤ: ਪੁਰਾਣੇ ਜਹਾਜ਼ ਘਟੀਆ ਜ਼ੋਖਿਮ ਹੁੰਦੇ ਹਨ।

ii. ਕੀਤੀ ਜਾਣ ਵਾਲੀ ਜਲ ਯਾਤਰਾ: ਜਲ ਯਾਤਰਾ ਦਾ ਰਾਹ, ਲੋਡ ਕਰਨ ਤੇ ਉਤਾਰਨ ਦੇ ਹਾਲਤ ਅਤੇ ਬੰਦਰਗਾਹ ਉੱਤੇ ਗੁਦਾਮਾਂ ਦੀ ਸਹੂਲਤ ਕੁਝ ਕਾਰਨ ਹਨ।

iii. ਸਟਾਕ ਦੀ ਕਿਸਮ: ਉੱਚ ਮੁੱਲ ਦੀਆਂ ਚੀਜ਼ਾਂ ਦੀ ਚੋਰੀ ਦੀ ਸੰਭਾਵਨਾ ਹੁੰਦੀ ਹੈ; ਲੈ ਕੇ ਜਾਣ ਦੇ ਦੌਰਾਨ ਮਸ਼ੀਨਰੀ ਦੀ ਟੁੱਟ-ਭੱਜ ਦਾ ਖਤਰਾ ਹੁੰਦਾ ਹੈ।

iv. ਪੈਕ ਕਰਨ ਦਾ ਢੰਗ: ਪੰਡ ਵਿੱਚ ਪੈਕ ਕੀਤੇ ਕਾਰਗੋ ਨੂੰ ਬੈਗ ਵਿੱਚ ਪੈਕ ਕੀਤੇ ਗਏ ਕਾਰਗੋ ਤੋਂ ਵਧੀਆ ਮੰਨਿਆ ਜਾਂਦਾ ਹੈ। ਦੋਹਰੇ ਬੈਗ ਇੱਕਲੇ ਬੈਗ ਨਾਲ ਵੱਧ ਸੁਰੱਖਿਅਤ ਹੁੰਦੇ ਹਨ। ਤਰਲ ਪਦਾਰਲਾਂ ਨੂੰ ਪੁਰਾਣੇ ਡਰੰਮਾਂ ਵਿੱਚ ਰੱਖਣਾ ਖਰਾਬ ਭੌਤਿਕ ਖਤਰਾ ਹੈ।

c) ਮੋਟਰ

i. ਵਾਹਨ ਦੀ ਉਮਰ ਅਤੇ ਹਾਲਤ: ਪੁਰਾਣੇ ਵਹੀਕਲਾਂ ਦੇ ਦੁਰਘਟਨਾਗ੍ਰਸਿਤ ਹੋਣ ਦੀ ਵੱਧ ਸੰਭਾਵਨਾ ਹੁੰਦੀ ਹੈ।

ii. ਵਾਹਨ ਦੀ ਕਿਸਮ: ਸਪੋਰਟਸ ਕਾਰਾਂ ਨੂੰ ਵਧੇਰੇ ਭੌਤਿਕ ਖਤਰਾ ਹੁੰਦਾ ਹੈ ਆਦਿ।

d) ਸੰਨ੍ਹਮਾਰੀ

i. ਸਟਾਕ ਦੀ ਕਿਸਮ: ਵੱਧ ਮੁੱਲ ਦੀਆਂ ਚੀਜ਼ਾਂ ਨੂੰ ਛੋਟੇ ਰੂਪ (ਜਿਵੇਂ ਗਹਿਣੇ) ਅਤੇ ਸੌਖੀ ਤਰ੍ਹਾਂ ਤਿਆਗਣ ਯੋਗ ਨੂੰ ਖਰਾਬ ਜੋਖਿਮ ਮੰਨਿਆ ਜਾਂਦਾ ਹੈ।

ii. ਅਵਸਥਾ: ਹੇਠਲੀ ਮੰਜ਼ਲ ਜੋਖਿਮ ਲਈ ਉੱਪਰਲੀ ਮੰਜ਼ਲ ਤੋਂ ਘਟੀਆ ਹੈ: ਇੱਕਲੇ ਖੇਤਰ ਵਿੱਚ ਮੌਜੂਦ ਨਿੱਜੀ ਰਿਹਾਇਸ਼ ਬਹੁਤ ਖਤਰਨਾਕ ਹਨ।

iii. ਨਿਰਮਾਣ ਸੰਬੰਧੀ ਖਤਰਾ: ਬਹੁਤ ਸਾਰੇ ਦਰਵਾਜ਼ੇ ਅਤੇ ਖਿੜਕੀਆਂ ਹੋਣਾ ਖਰਾਬ ਭੌਤਿਕ ਖਤਰਾ ਹੈ।

e) ਨਿੱਜੀ ਹਾਦਸਾ

i. ਵਿਅਕਤੀ ਦੀ ਉਮਰ: ਬਹੁਤ ਬੁੱਢੇ ਵਿਅਕਤੀਆਂ ਨੂੰ ਦੁਰਘਟਨਾ ਦੀ ਸੰਭਾਵਨਾ ਹੁੰਦੀ ਹੈ; ਨਾਲ ਹੀ ਉਹ ਦੁਰਘਟਨਾਗ੍ਰਸਥ ਹੋਣ ਉੱਤੇ ਠੀਕ ਹੋਣ ਲਈ ਲੰਮਾ ਸਮਾਂ ਲੈਂਦੇ ਹਨ।

ii. ਪੇਸ਼ੇ ਦੀ ਕਿਸਮ: ਜੌਕੀ, ਸੁਰੰਗ ਇੰਜਨੀਅਰ, ਦਸਤੀ ਕਾਮੇ ਮਾੜੇ ਭੌਤਿਕ ਖਤਰਿਆਂ ਦੀਆਂ ਉਦਾਹਰਨਾਂ ਹਨ।

iii. ਸਿਹਤ ਅਤੇ ਸਰੀਰਿਕ ਹਾਲਤ: ਸ਼ੁਗਰ ਦੀ ਬੀਮਾਰੀ ਨਾਲ ਪੀੜ੍ਹਿਤ ਵਿਅਕਤੀ ਦੁਰਘਟਨਾ ਵਿੱਚ ਬੁਰੀ ਤਰ੍ਹਾਂ ਫੱਟੜ ਹੋਣ ਉੱਤੇ ਸਰਜੀਕਲ ਇਲਾਜ ਵੀ ਨਹੀਂ ਕਰਾ ਸਕਦਾ ਹੈ।

---

## B. ਭੌਤਿਕ ਖਤਰੇ - ਜ਼ੋਖਮ ਪ੍ਰਬੰਧ, ਨਿਯਮ ਤੇ ਰੇਟਿੰਗ ਦੀ ਮਹੱਤਤਾ

ਅੰਡਰਰਾਈਟਰ ਭੌਤਿਕ ਖਤਰਿਆਂ ਨਾਲ ਨਿਪਟਣ ਲਈ ਹੇਠ ਦਿੱਤੇ ਢੰਗ ਵਰਤਦੇ ਹਨ:

- ✓ ਪ੍ਰੀਮੀਅਮ ਦਾ ਲੋਡਿੰਗ/ਵਧਾਉਣਾ
- ✓ ਪਾਲਸੀ ਉੱਤੇ ਵਾਰੰਟੀਆਂ ਲਗਾਉਣੀਆਂ
- ✓ ਕੁਝ ਸ਼ਰਤਾਂ ਜੋੜਨੀਆਂ
- ✓ ਵਾਧਾ/ ਕਟੌਤੀਆਂ ਨੂੰ ਲਾਗੂ ਕਰਨਾ
- ✓ ਮਨਜ਼ੂਰ ਕੀਤੀ ਬੀਮਾ ਸੁਰੱਖਿਆ ਲਈ ਪਾਬੰਦੀਆਂ ਲਗਾਉਣੀਆਂ
- ✓ ਬੀਮਾ ਸੁਰੱਖਿਆ ਤੋਂ ਇਨਕਾਰ

### a) ਪ੍ਰੀਮੀਅਮ ਦੀ ਲੋਡਿੰਗ

ਜੋਖਿਮ ਦਾ ਸਾਹਮਣਾ ਕਰਨ ਵਿੱਚ ਕੁਝ ਉਲਟ ਪ੍ਰਭਾਵ ਹੋ ਸਕਦੇ ਹਨ, ਜਿਹਨਾਂ ਲਈ ਅੰਡਰਰਾਈਟਰਾਂ ਨੂੰ ਮਨਜ਼ੂਰ ਕਰਨ ਤੋਂ ਪਹਿਲਾਂ ਵਾਧੂ ਪ੍ਰੀਮੀਅਮ ਵਸੂਲਣ ਬਾਰੇ ਫੈਸਲਾ ਕਰਨਾ ਹੁੰਦਾ ਹੈ। ਪ੍ਰੀਮੀਅਮ ਲੋਡ ਕਰਨ ਨਾਲ, ਦਾਅਵਿਆਂ ਦੀ ਵੱਧ ਸੰਭਾਵਨਾ ਜਾਂ ਵੱਡੇ ਦਾਅਵੇ ਪੇਸ਼ ਕਰਨ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

**ਉਦਾਹਰਨ**

ਪ੍ਰੀਮੀਅਮ ਦੀ ਆਮ ਦਰ ਵਸੂਲੀ ਜਾਂਦੀ ਹੈ, ਜੇ ਕਾਰਗੋ ਨੂੰ ਲਾਈਨਰ (ਯਾਤਰੀ-ਜਹਾਜ਼) ਜਾਂ ਹੋਰ ਜਹਾਜ਼ਾਂ ਵਿੱਚ ਭੇਜਿਆ ਜਾਂਦਾ ਹੈ, ਜੋ ਕਿ ਤਹਿ ਕੀਤੇ ਸਟੈਂਡਰਡ ਦੀ ਪਾਲਣਾ ਕਰਦੇ ਹਨ। ਪਰ, ਜੇ ਪੁਰਾਣੇ ਜਾਂ ਟਨਭਾਰ ਤੋਂ ਘੱਟ ਜਹਾਜ਼ ਵਿੱਚ ਸਾਮਾਨ (ਕਾਰਗੋ) ਭੇਜਿਆ ਜਾਂਦਾ ਹੈ ਤਾਂ ਵਾਧੂ ਪ੍ਰੀਮੀਅਮ ਵਸੂਲਿਆ ਜਾਂਦਾ ਹੈ।

ਨਿੱਜੀ ਦੁਰਘਟਨਾ ਬੀਮੇ ਵਿੱਚ, ਜੇ ਬੀਮਤ ਖਤਰਨਾਕ ਸਰਗਰਮੀਆਂ, ਜਿਵੇਂ ਕਿ ਪਰਬਤਆਰੋਹਣ, ਵਾਹਨ ਉੱਤੇ ਦੌੜਾਂ, ਵੱਡੀਆਂ ਖੇਡਾਂ ਖੇਡਣ ਆਦਿ ਵਿੱਚ ਸ਼ਾਮਿਲ ਹੁੰਦਾ ਹੈ ਤਾਂ ਵਾਧੂ ਪ੍ਰੀਮੀਅਮ ਲਿਆ ਜਾ ਸਕਦਾ ਹੈ।

ਕਈ ਵਾਰ ਉਲਟ ਦਾਅਵਾ ਅਨੁਪਾਤ ਲਈ ਵੀ ਪ੍ਰੀਮੀਅਮ ਲੋਡਿੰਗ ਕੀਤੀ ਜਾਂਦੀ ਹੈ, ਮੋਟਰ ਬੀਮੇ ਜਾਂ ਸਿਹਤ ਬੀਮਾ ਪਾਲਸੀਆਂ ਦੇ ਕੇਸ ਵਿੱਚ।

---

b) ਵਾਰੰਟੀਆਂ ਦੀ ਜ਼ਿੰਮੇਵਾਰੀ

ਬੀਮਾਕਰਤਾ ਭੌਤਿਕ ਖਤਰੇ ਨੂੰ ਘਟਾਉਣ ਲਈ ਢੁੱਕਵੀਆਂ ਵਾਰੰਟੀਆਂ ਲਗਾ ਸਕਦੇ ਹਨ। ਹੇਠਾਂ ਕੁਝ ਉਦਾਹਰਨਾਂ ਦਿਤੱਆਂ ਜਾ ਰਹੀਆਂ ਹਨ।

**ਉਦਾਹਰਨ**

i. ਜਹਾਜ਼ੀ ਕਾਰਗੋ: ਟਿਨ ਲਾਈਨ ਡੱਬਿਆਂ ਵਿੱਚ ਪੈਕ ਕੀਤੇ ਸਾਮਾਨ (ਜਿਵੇਂ ਕਿ ਚਾਹ) ਲਈ ਵਾਰੰਟੀ ਲਗਾਈ ਜਾਂਦੀ ਹੈ।

ii. ਸੰਨ੍ਹਮਾਰੀ: ਇਹ ਵਾਰੰਟੀ ਦਿੱਤੀ ਜਾਂਦੀ ਹੈ ਕਿ ਜਾਇਦਾਦ ਨੂੰ ਚੌਵੀਂ ਘੰਟੇ ਚੌਂਕੀਦਾਰਾਂ ਰਾਹੀਂ ਸੁਰੱਖਿਆ ਦਿੱਤੀ ਜਾਂਦੀ ਹੈ।

iii. ਅੱਗ: ਅੱਗ ਬੀਮੇ ਦੇ ਕੇਸ ਵਿੱਚ, ਇਹ ਵਾਰੰਟੀ ਦਿੱਤੀ ਜਾਂਦੀ ਹੈ ਕਿ ਇਮਾਰਤ ਨੂੰ ਆਮ ਕੰਮਕਾਜੀ ਘੰਟਿਆਂ ਤੋਂ ਵੱਧ ਨਹੀਂ ਵਰਤਿਆ ਜਾਵੇਗਾ।

iv. ਮੋਟਰ: ਇਹ ਵਾਰੰਟੀ ਦਿੱਤੀ ਜਾਂਦੀ ਹੈ ਕਿ ਵਾਹਨ ਨੂੰ ਸਪੀਡ ਟੈਸਟ ਜਾਂ ਰੇਸ ਕਰਨ ਲਈ ਨਹੀਂ ਵਰਤਿਆ ਜਾਵੇਗਾ।

**ਉਦਾਹਰਨ**

ਜਹਾਜ਼ੀ ਕਾਰਗੋ: ਹਿੱਸਿਆਂ ਨੂੰ ਛੋਟੇ ਨੁਕਸਾਨ ਤੋਂ ਮਹਿੰਗੀ ਮਸ਼ੀਨਰੀ ਨੂੰ ਪ੍ਰਤੀਕਾਤਮਿਕ ਕੁੱਲ ਨੁਕਸਾਨ ਹੋ ਸਕਦਾ ਹੈ। ਇੰਝ ਦੀ ਮਸ਼ੀਨਰੀ ਤਬਾਦਲਾ ਸ਼ਰਤ ਦੇ ਅਧੀਨ ਹੋ ਸਕਦੀ ਹੈ, ਜਿਸ ਵਿੱਚ ਅੰਡਰਰਾਈਟਰ ਦੀ ਦੇਣਦਾਰੀ ਕੇਵਲ ਟੁੱਟੇ ਹੋਏ ਹਿੱਸਿਆਂ ਨੂੰ ਬਦਲਣ, ਅੱਗੇ ਭੇਜਣ ਅਤੇ ਮੁੜ-ਫਿੱਟ ਕਰਨ ਤੱਕ ਹੀ ਸੀਮਿਤ ਹੋ ਸਕਦੀ ਹੈ।

ਕਾਸਟ ਪਾਈਪ, ਹਾਰਡ ਬੋਰਡ ਕਈ ਵਾਰ ਕੇਵਲ ਕੋਨਿਆਂ ਤੋਂ ਹੀ ਖਰਾਬ ਹੋ ਸਕਦਾ ਹੈ। ਕਾਸਟ ਪਾਈਪ, ਹਾਰਡ ਬੋਰਡ ਆਦਿ ਲਈ ਜਹਾਜ਼ੀ ਪਾਲਸੀਆਂ ਕੱਟਣ ਸ਼ਰਤ ਵਾਰੰਟੀਆਂ ਦੇ ਅਧੀਨ ਹੁੰਦੀਆਂ ਹਨ, ਜਿਸ ਮੁਤਾਬਕ ਖਰਾਬ ਹੋਏ ਭਾਗ ਨੂੰ ਕੱਟਿਆ ਜਾ ਸਕਦਾ ਹੈ ਅਤੇ ਬਾਕੀ ਨੂੰ ਵਰਤਿਆ ਜਾਣਾ ਚਾਹੀਦਾ ਹੈ।

c) ਵਾਧੂ / ਕਟੌਤੀ ਅਤੇ ਕਵਰ ਲਈ ਰੋਕਾਂ ਬਾਰੇ ਫ਼ੈਸਲਾ ਕਰਨਾ

ਜਦੋਂ ਘਾਟਾ ਰਕਮ ਦਿੱਤੇ ਗਏ ਵਾਧੇ/ਘਟਾਉਣਯੋਗ ਤੋਂ ਵੱਧ ਜਾਂਦੀ ਹੈ ਤਾਂ ਬਕਾਏ ਨੂੰ 'ਵਾਧਾ ਸ਼ਰਤ ਅਧੀਨ ਭੁਗਤਾਇਆ ਜਾਂਦਾ ਹੈ। ਹੱਦ ਤੋਂ ਘੱਟ ਘਾਟੇ ਭੁਗਤਾਨਯੋਗ ਨਹੀਂ ਹਨ।

ਇਹਨਾਂ ਸ਼ਰਤਾਂ ਦਾ ਮਕਸਦ ਛੋਟੇ ਦਾਅਵਿਆਂ ਨੂੰ ਖਤਮ ਕਰਨਾ ਹੁੰਦਾ ਹੈ। ਕਿਉਂਕਿ ਬੀਮਤ ਨੂੰ ਘਾਟੇ ਦਾ ਹਿੱਸਾ ਦਿੱਤਾ ਜਾਂਦਾ ਹੈ, ਇਸ ਨਾਲ ਉਸ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਵੱਧ ਧਿਆਨ ਰੱਖੇ ਅਤੇ ਘਾਟਾ ਰੋਕਣ ਦੀ ਕੋਸ਼ਿਸ਼ ਕਰੇ।

**ਉਦਾਹਰਨ**

i. **ਮੋਟਰ: ਪੁਰਾਣੇ ਮੋਟਰ ਵਾਹਨ ਲਈ ਵਿਆਪਕ ਸ਼ਰਤਾਂ ਉੱਤੇ ਪੇਸ਼ਕਸ਼ ਮਨਜ਼ੂਰ ਨਹੀਂ ਕੀਤੀ ਜਾਵੇਗੀ, ਪਰ ਬੀਮਾਕਰਤਾ ਪਾਬੰਦੀਸ਼ੁਦਾ ਬੀਮਾ ਸੁਰੱਖਿਆ ਦੇਵੇਗਾ ਜਿਵੇਂ ਕਿ ਕੇਵਲ ਸੁਤੰਤਰ ਧਿਰ ਜੋਖਿਮ।**

ii. **ਨਿੱਜੀ ਦੁਰਘਟਨਾ: ਨਿੱਜੀ ਦੁਰਘਟਨਾ ਪੇਸ਼ਕਰਤਾ, ਜੋ ਕਿ ਉਮਰ ਦੀ ਵੱਧ ਤੋਂ ਵੱਧ ਮਨਜ਼ੂਰ ਹੱਦ ਨੂੰ ਲੰਘ ਚੁੱਕਾ ਹੈ, ਨੂੰ ਵਿਆਪਕ ਸ਼ਰਤਾਂ ਦੀ ਬਜਾਏ ਮੌਜਤ ਜੋਖਿਮ ਲਈ ਹੀ ਬੀਮਾ ਸੁਰੱਖਿਆ ਦਿੱਤੀ ਜਾ ਸਕਦੀ ਹੈ, ਜਿਸ ਵਿੱਚ ਅਪੰਗਤਾ ਬੀਮੇ ਸ਼ਾਮਿਲ ਹੋਣ।**

**d) ਛੋਟਾਂ**

ਘੱਟ ਦਰਾਂ ਵਸੂਲੀ ਜਾਂਦੀ ਹੈ ਜਾਂ ਆਮ ਪ੍ਰੀਮੀਅਮ ਵਿੱਚ ਛੋਟ ਦਿੱਤੀ ਜਾਂਦੀ ਹੈ, ਜੇ ਜੋਖਿਮ ਅਨੁਕੂਲ ਹੁੰਦਾ ਹੈ। ਅੱਗ ਬੀਮੇ ਵਿੱਚ ਜੋਖਿਮ ਦੇ ਸੁਧਾਰ ਵਿੱਚ ਯੋਗਦਾਨ ਦੇਣ ਲਈ ਅੱਗੇ ਦਿੱਤੇ ਲੱਛਣਾਂ ਉੱਤੇ ਵਿਚਾਰ ਕੀਤਾ ਜਾਂਦਾ ਹੈ।

i. ਇਮਾਰਤ ਵਿੱਚ ਫੁਹਾਰਾ ਸਿਸਟਮ ਲਗਾਉਣਾ

ii. ਇਮਾਰਤ ਵਿੱਚ ਨਲ ਸਿਸਟਮ ਲਗਾਉਣਾ

iii. ਹੱਥਲੇ ਸਾਮਾਨ ਨੂੰ ਇੰਸਟਾਲ ਕਰਨਾ, ਜਿਸ ਵਿੱਚ ਬਾਲਟੀਆਂ, ਚੁੱਕਣਯੋਗ ਅੱਗ ਬਝਾਊ ਯੰਤਰ ਅਤੇ ਦਸਤੀ ਅੱਗ ਪੰਪ

iv. ਆਟੋਮੈਟਿਕ ਅੱਗ ਅਲਾਰਮ ਲਗਾਉਣਾ

**ਉਦਾਹਰਨ**

ਮੋਟਰ ਬੀਮੇ ਅਧੀਨ ਪ੍ਰੀਮੀਅਮ ਵਿੱਚ ਛੋਟ ਦਿੱਤੀ ਜਾਂਦੀ ਹੈ, ਜੇ ਮੋਟਰ ਸਾਈਕਲ ਦੇ ਨਾਲ ਸਾਈਡ-ਕਾਰ ਜੋੜੀ ਜਾਂਦੀ ਹੈ, ਕਿਉਂਕਿ ਇਹ ਵਿਸ਼ੇਸ਼ਤਾ ਜੋਖਿਮ ਨੂੰ ਸੁਧਾਰਨ ਵਿੱਚ ਮੱਦਦ ਕਰਦੀ ਹੈ, ਇਸ ਨਾਲ ਵਹਕੀਲ ਦੀ ਸਥਿਰਤਾ ਵੱਧਦੀ ਹੈ।

ਜਹਾਜ਼ੀ ਬੀਮੇ ਵਿੱਚ, ਬੀਮਾਕਰਤਾ "ਪੂਰੇ ਲੋਡ" ਵਾਲੇ ਕਨਟੇਨਰ ਲਈ ਪ੍ਰੀਮੀਅਮ ਉੱਤੇ ਛੋਟ ਦੇਣ ਬਾਰੇ ਵਿਚਾਰ ਕਰ ਸਕਦਾ ਹੈ, ਕਿਉਂਕਿ ਇਸ ਨਾਲ ਚੋਰੀ ਦੀ ਘਟਨਾ ਅਤੇ ਕਮੀ ਘੱਟ ਜਾਂਦੀ ਹੈ।

ਗਰੁੱਪ ਨਿੱਜੀ ਦੁਰਘਟਨਾ ਬੀਮਾ ਸੁਰੱਖਿਆ ਅਧੀਨ, ਵੱਡੇ ਗੁਰੱਪ ਦੀ ਬੀਮਾ ਸੁਰੱਖਿਆ ਲਈ ਛੋਟ ਦਿੱਤੀ ਜਾਵੇਗੀ, ਜਿਸ ਲਈ ਬੀਮਾਕਰਤਾ ਲਈ ਪ੍ਰਸ਼ਾਸ਼ਕੀ ਕੰਮ ਅਤੇ ਖਰਚੇ ਘੱਟ ਜਾਂਦੇ ਹਨ।

---

**e) ਨਾ ਦਾਅਵਾ ਬੋਨਸ (ਐਨਸੀਬੀ)**

ਨਵਿਆਉਣ ਸਾਲ ਵਿੱਚ ਬਿਨਾਂ ਦਾਅਵੇ ਦਾ ਕੁਝ ਫੀਸਦੀ ਬੋਨਸ ਵਜੋਂ ਦਿੱਤਾ ਜਾਂਦਾ ਹੈ, ਜਿਸ ਲਈ ਵੱਧ ਤੋਂ ਵੱਧ ਬੋਨਸ ਦੀ ਹੱਦ ਤਹਿ ਹੁੰਦੀ ਹੈ, ਜਿਸ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਨੂੰ ਕੇਵਲ ਨਵਿਆਉਣ ਉੱਤੇ ਕੁੱਲ

ਪ੍ਰੀਮੀਅਮ ਉੱਤੇ ਛੋਟ ਦੇ ਢੰਗ ਨਾਲ ਦਿੱਤਾ ਜਾਂਦਾ ਹੈ, ਜੋ ਕਿ ਪੂਰੇ ਗਰੁੱਪ ਲਈ ਉਠਾਏ ਦਾਅਵਾ ਅਨੁਪਾਤ ਉੱਤੇ ਨਿਰਭਰ ਹੈ।

ਨਾ-ਦਾਅਵਾ ਬੋਨਸ ਅੰਡਰਰਾਈਟਿੰਗ ਕੰਮ ਸੁਧਾਰਨ ਲਈ ਚੰਗੀ ਨੀਤੀ ਹੈ ਅਤੇ ਰੇਟਿੰਗ ਸਿਸਟਮ ਦਾ ਸਾਂਝਾ ਦਰ ਬਣਾਉਂਦਾ ਹੈ। ਇਹ ਬੋਨਸ ਬੀਮਤ ਵਿੱਚ ਨੈਤਿਕ ਖਤਰੇ ਦੇ ਕਾਰਕ ਨੂੰ ਪਛਾਣਦਾ ਹੈ। ਇਹ ਬੀਮਤ ਨੂੰ ਦਾਅਵਾ ਨਾ ਕਰਨ ਦਾ ਇਨਾਮ ਹੈ, ਜੋ ਕਿ ਜਾਂ ਤਾਂ ਮੋਟਰ ਬੀਮੇ ਵਿੱਚ ਡਰਾਇਵਿੰਗ ਵਧੀਆ ਬਣਾਉਣ ਵਿੱਚ ਜਾਂ ਸਿਹਤ ਪਾਲਸੀਆਂ ਵਿੱਚ ਆਪਣੀ ਸਿਹਤ ਦੀ ਵਧੀਆ ਦੇਖਭਾਲ ਕਰਕੇ ਹੈ।

f) ਇਨਕਾਰ

ਜੇ ਭੌਤਿਕ ਖ਼ਤਰਾ ਵੱਡੇ ਰੂਪ ਵਿੱਚ ਹੋਵੇ ਤਾਂ ਜੋਖਿਮ ਨਾ-ਬੀਮਾਯੋਗ ਹੋ ਜਾਂਦਾ ਹੈ ਅਤੇ ਇਸ ਲਈ ਇਨਕਾਰ ਕੀਤਾ ਜਾਂਦਾ ਹੈ। ਉਹਨਾਂ ਦੇ ਪੁਰਾਣੇ ਘਾਟਾ ਤਜਰਬਿਆਂ, ਖ਼ਤਰਿਆਂ ਦੇ ਗਿਆਨ ਅਤੇ ਪੂਰੀ ਅੰਡਰਰਾਈਟਿੰਗ ਪਾਲਸੀ ਦੇ ਆਧਾਰ ਉੱਤੇ, ਬੀਮਾਕਰਤਾ ਬੀਮੇ ਦੇ ਹਰੇਕ ਵਰਗ ਵਿੱਚ ਇਨਕਾਰ ਕਰਨ ਵਾਲੇ ਜੋਖਿਮਾਂ ਦੀ ਸੂਚੀ ਤਿਆਰ ਕਰਦਾ ਹੈ।

## C. ਨੈਤਿਕ ਖ਼ਤਰੇ

ਨੈਤਿਕ ਖਤਰੇ ਅੱਗੇ ਦਿੱਤੇ ਢੰਗਾਂ ਨਾਲ ਪੈਦਾ ਹੋ ਸਕਦੇ ਹਨ:

a) ਬੇਈਮਾਨੀ

ਮਾੜੇ ਨੈਤਿਕ ਖਤਰੇ ਦਾ ਸਭ ਤੋਂ ਵੱਡਾ ਉਦਾਹਰਨ ਹੋ ਸਕਦਾ ਹੈ ਕਿ ਬੀਮਤ ਦਾਅਵਾ ਲੈਣ ਲਈ ਘਾਟਾ ਪਾਉਣ ਦੀ ਨੀਅਤ ਨਾਲ ਸੋਚ-ਸਮਝ ਕੇ ਬੀਮਾ ਲੈਂਦਾ ਹੈ। ਇਮਾਨਦਾਰ ਬੀਮਤ ਵੀ ਘਾਟਾ ਪਾਉਣ ਦੀ ਲਾਲਸਾ ਕਰ ਸਕਦਾ ਹੈ, ਜੇ ਉਸ ਨੂੰ ਵਿੱਤੀ ਮੁਸ਼ਕਿਲਾਂ ਦਾ ਸਾਹਮਣਾ ਹੁੰਦਾ ਹੈ।

b) ਲਾਹਪਰਵਾਹੀ

ਘਾਟੇ ਲਈ ਬੇਪਰਵਾਹੀ ਲਾਪਰਵਾਹੀ ਦਾ ਉਦਾਹਰਨ ਹੈ। ਬੀਮੇ ਕਰਵਾਏ ਹੋਣ ਕਰਕੇ, ਬੀਮਤ ਬੀਮਾ ਕਰਵਾਈ ਜਾਇਦਾਦ ਵੱਲ ਬੇਧਿਆਨੀ ਦਾ ਰਵੱਈਆ ਰੱਖ ਸਕਦਾ ਹੈ।

ਜੇ ਬੀਮਤ ਜਾਇਦਾਦ ਦਾ ਉਸ ਤਰ੍ਹਾਂ ਧਿਆਨ ਨਹੀਂ ਰੱਖਦਾ ਹੈ ਜਿੰਨਾ ਕਿ ਇੱਕ ਜਾਗਰੂਕ ਅਤੇ ਵਾਜਬ ਵਿਅਕਤੀ ਰੱਖੇਗਾ, ਜਦੋਂ ਕਿ ਨਾ-ਬੀਮਾ ਕੀਤਾ ਹੁੰਦਾ ਨੈਤਿਕ ਖਤਰਾ ਨਾ-ਸੰਤੁਸ਼ਟੀਜਨਕ ਹੈ।

c) ਵਪਾਰਕ ਸਬੰਧ

ਮਾਲਕ-ਮੁਲਾਜ਼ਮ ਸਬੰਧ ਮਾੜੇ ਨੈਤਿਕ ਖਤਰਿਆਂ ਦਾ ਭਾਗ ਹੋ ਸਕਦੇ ਹਨ।

d) ਗਲਤ ਦਾਅਵੇ

ਇਸ ਕਿਸਮ ਦੇ ਨੈਤਿਕ ਖਤਰੇ ਦਾਅਵਾ ਹੋਣ ਸਮੇਂ ਪੈਦਾ ਹੁੰਦੇ ਹਨ। ਬੀਮਤ ਜਾਣ ਬੁੱਝ ਕੇ ਘਾਟਾ ਨਹੀਂ ਪਾਉਂਦਾ ਹੈ, ਪਰ ਜਦੋਂ ਘਾਟਾ ਹੋ ਜਾਂਦਾ ਹੈ ਤਾਂ ਉਹ ਮੁਆਵਜ਼ੇ ਦੇ ਸਿਧਾਂਤ ਦੀ ਬਿਨਾਂ ਪਰਵਾਹ ਕੀਤੇ ਬਗੈਰ ਮੁਆਵਜ਼ੇ ਦੀ ਬੇਤੁਕਾ ਵੱਡੀ ਰਕਮ ਦੀ ਮੰਗ ਕਰ ਸਕਦਾ ਹੈ।

**ਜਾਣਕਾਰੀ**

**ਅਧੀਨ-ਹੱਦ: ਬੀਮਾਕਰਤਾ ਕੁੱਲ ਭੁਗਤਾਨ ਦੇ ਵਿੱਚੋਂ ਕਮਰਾ ਖਰਚੇ, ਸਰਜੀਕਲ ਕਾਰਵਾਈ ਜਾਂ ਡਾਕਟਰ ਫੀਸਾਂ ਵਿੱਚੋਂ ਹਰੇਕ ਲਈ ਵੱਖ-ਵੱਖ ਹੱਦ ਤਹਿ ਕਰ ਸਕਦਾ ਹੈ ਤਾਂ ਕਿ ਬਿੱਲ ਵਿੱਚ ਗਲਤ ਵਾਧੇ ਨੂੰ ਜਾਂਚਿਆ ਜਾ ਸਕੇ।**

ਜਦੋਂ ਬੀਮਤ ਦਾ ਨੈਤਿਕ ਖਤਰਾ ਸ਼ੱਕੀ ਹੋਵੇ ਤਾਂ ਏਜੰਟ ਨੂੰ ਗੱਲਬਾਤ ਨਹੀਂ ਕਰਨੀ ਚਾਹੀਦੀ ਹੈ ਜਾਂ ਇੰਝ ਦੀਆਂ ਪੇਸ਼ਕਸ਼ਾਂ ਨੂੰ ਬੀਮਾ ਕੰਪਨੀ ਨੂੰ ਨਹੀਂ ਦੇਣੀਆਂ ਚਾਹੀਦੀਆਂ ਹਨ। ਉਸ ਨੂੰ ਇੰਝ ਦੇ ਕੇਸ ਬੀਮਾ ਕੰਪਨੀ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣੇ ਚਾਹੀਦੇ ਹਨ।

1. **ਥੋੜ੍ਹਾ ਅੰਤਰਾਲ ਸਕੇਲ**

ਆਮ ਤੌਰ ਉੱਤੇ ਪ੍ਰੀਮੀਅਮ ਦਰਾਂ ਨੂੰ ਬਾਰਾਂ ਮਹੀਨਿਆਂ ਦੇ ਸਮੇਂ ਲਈ ਦਿੱਤਾ ਜਾਂਦਾ ਹੈ। ਜੇ ਪਾਲਸੀ ਥੋੜ੍ਹੇ ਸਮੇਂ ਲਈ ਲਿੱਤੀ ਗਈ ਹੋਵੇ ਤਾਂ ਪ੍ਰੀਮੀਅਮ ਨੂੰ ਉਸ ਪੈਮਾਨੇ ਮੁਤਾਬਕ ਵਸੂਲਿਆ ਜਾਂਦਾ ਹੈ, ਜਿਸ ਨੂੰ ਥੋੜ੍ਹਾ ਅੰਤਰਾਲ ਸਕੇਲ ਕਹਿੰਦੇ ਹਨ। ਥੋੜ੍ਹੇ ਸਮੇਂ ਲਈ ਵਸੂਲਿਆ ਪ੍ਰੀਮੀਅਮ ਅਨੁਪਾਤ ਦੇ ਰੂਪ ਵਿੱਚ ਨਹੀਂ ਹੁੰਦਾ ਹੈ।

**ਥੋੜ੍ਹੇ ਅੰਤਰਾਲ ਸਕੇਲ ਦੀ ਲੋੜ**

a) ਇਹ ਦਰ ਲਾਗੂ ਕੀਤੀ ਜਾਂਦੀ ਹੈ ਕਿਉਂਕਿ ਪਾਲਸੀ ਜਾਰੀ ਕਰਨ ਲਈ ਖਰਚਾ ਲਗਭਗ ਬਰਾਬਰ ਹੁੰਦੇ ਹਨ, ਭਾਵੇਂ ਉਹ 12 ਮਹੀਨਿਆਂ ਲਈ ਹੋਵੇ ਜਾਂ ਥੋੜ੍ਹੇ ਸਮੇਂ ਲਈ।

b) ਇਸ ਤੋਂ ਇਲਾਵਾ, ਸਾਲਨਾ ਪਾਲਸੀ ਲਈ ਨਵਿਆਉਣ ਕਾਰਵਾਈ ਸਾਲ ਵਿੱਚ ਇੱਕ ਹੀ ਵਾਰ ਹੁੰਦੀ ਹੈ, ਜਦੋਂ ਕਿ ਥੋੜ੍ਹੇ ਸਮੇਂ ਦੇ ਬੀਮੇ ਨੂੰ ਕਈ ਵਾਰ ਨਵਿਆਉਣਾ ਪੈਂਦਾ ਹੈ। ਜੇ ਅਨੁਰੂਮ ਪ੍ਰੀਮੀਅਮ ਮੰਨਿਆ ਜਾਵੇ ਤਾਂ ਬੀਮਤ ਦਾ ਝੁਕਾਅ ਥੋੜ੍ਹੇ ਸਮੇਂ ਦੀਆਂ ਪਾਲਸੀਆਂ ਲੈਣ ਵੱਲ ਹੋਵੇਗਾ ਅਤੇ ਇਸ ਦੇ ਕਰਕੇ ਪ੍ਰੀਮੀਅਮ ਕਿਸ਼ਤਾਂ ਵਿੱਚ ਦਿੱਤਾ ਜਾਵੇਗਾ।

c) ਇਸ ਦੇ ਨਾਲ ਹੀ, ਕੁਝ ਬੀਮੇ ਮੌਸਮੀ ਹੁੰਦੇ ਹਨ ਅਤੇ ਉਸ ਮੌਸਮ ਵਿੱਚ ਵੱਡਾ ਜੋਖਿਮ ਹੁੰਦਾ ਹੈ। ਕਈ ਵਾਰ ਬੀਮੇ ਅਜਿਹੇ ਸਮੇਂ ਦੌਰਾਨ ਲਏ ਜਾਂਦੇ ਹਨ, ਜਦੋਂ ਸਭ ਤੋਂ ਵੱਧ ਜੋਖਿਮ ਹੁੰਦਾ ਹੈ ਅਤੇ ਇਸਕਰਕੇ ਚੋਣ ਬੀਮਾਕਰਤਾ ਦੇ ਵਿਰੁਧ ਕੀਤੀ ਜਾਂਦੀ ਹੈ। ਥੋੜ੍ਹਾ ਅੰਤਰਾਲ ਬੀਮਿਆਂ ਵਿੱਚ ਬੀਮਾਕਰਤਾ ਦੇ ਉਲਟ ਇੰਝ ਦੀਆਂ ਚੋਣਾਂ ਨੂੰ ਰੋਕਣ ਲਈ ਤਿਆਰ ਕੀਤਾ ਜਾਂਦਾ ਹੈ। ਇਹ ਤਾਂ ਵੀ ਲਾਗੂ ਹੁੰਦੇ ਹਨ, ਜਦੋਂ ਸਾਲਨਾ ਬੀਮੇ ਨੂੰ ਬੀਮਤ ਵਲੋਂ ਰੱਦ ਕੀਤਾ ਜਾਂਦਾ ਹੈ। ਉਸ ਹਾਲਤ ਵਿੱਚ ਬੀਮਾਕਰਤਾ ਦੇ ਜ਼ੋਖਮ ਵਿੱਚ ਹੋਣ ਦੇ ਸਮੇਂ ਲਈ ਥੋੜ੍ਹਾ ਅੰਤਰਾਲ ਸਕੇਲ ਉੱਤੇ ਪ੍ਰੀਮੀਅਮ ਨੂੰ ਰੱਖ ਕੇ ਬਾਕੀ ਰਿਫੰਡ ਕੀਤਾ ਜਾਂਦਾ ਹੈ।

**ਘੱਟੋ-ਘੱਟ ਪ੍ਰੀਮੀਅਮ**

**ਇਹ ਹਰੇਕ ਪਾਲਸੀ ਦੇ ਅਧੀਨ ਘੱਟੋ-ਘੱਟ ਪ੍ਰੀਮੀਅਮ ਵਸੂਲਣ ਦਾ ਤਰੀਕਾ ਹੈ ਤਾਂ ਕਿ ਪਾਲਸੀ ਜਾਰੀ ਕਰਨ ਲਈ ਹੋਏ ਪ੍ਰਸ਼ਾਸ਼ਕੀ ਖਰਚੇ ਪੂਰੇ ਹੋ ਸਕਣ।**

**ਆਪਣੇ ਆਪ ਨੂੰ ਪਰਖੋ 1**

**ਏਜੰਟ ਤੋਂ ਕੀ ਉਮੀਦ ਕੀਤੀ ਜਾਂਦੀ ਹੈ, ਜਦੋਂ ਉਸ ਨੂੰ ਨੈਤਿਕ ਖਤਰਾ ਦਾ ਪਤਾ ਲੱਗੇ?**

I. ਬੀਮੇ ਨੂੰ ਪਹਿਲਾਂ ਦੀ ਤਰ੍ਹਾਂ ਕਰਦੇ ਰਹਿਣਾ ਚਾਹੀਦਾ ਹੈ

II. ਬੀਮਾ ਕਰਤਾ ਨੂੰ ਉਸ ਬਾਰੇ ਰਿਪੋਰਟ ਦੇਵੇ

III. ਦਾਅਵਿਆਂ ਵਿੱਚੋਂ ਹਿੱਸੇ ਦੀ ਮੰਗ

IV. ਅੱਖਾਂ ਬੰਦ ਰੱਖਣੀਆਂ

## D. ਬੀਮਾ ਕਰਵਾਈ ਰਕਮ ਤੈਅ ਕਰਨਾ

ਇਹ ਵੱਧ ਤੋਂ ਵੱਧ ਰਕਮ ਹੈ, ਜੋ ਕਿ ਬੀਮਾ ਕੰਪਨੀ ਪਾਲਸੀ ਸ਼ਰਤ ਦੇ ਤਹਿਤ ਮੁਆਵਜ਼ਾ ਦੇਵੇਗੀ। ਬੀਮਤ ਨੂੰ ਮੁਆਵਜ਼ੇ ਦੀ ਹੱਦ ਚੁਣਨ ਲਈ ਬਹੁਤ ਹੀ ਧਿਆਨ ਰੱਖਣ ਦੀ ਲੋੜ ਹੈ, ਇਹ ਵੱਧ ਤੋਂ ਵੱਧ ਰਕਮ ਹੈ, ਜੋ ਕਿ ਦਾਅਵਾ ਕਰਨ ਦੇ ਸਮੇਂ ਵਾਪਿਸ ਮਿਲ ਸਕੇਗੀ।

ਬੀਮਾ ਕੀਤੀ ਰਕਮ ਹਮੇਸ਼ਾਂ ਬੀਮਤ ਵਲੋਂ ਤੈਅ ਕੀਤੀ ਜਾਂਦੀ ਹੈ। ਇਹ ਰਕਮ ਉੱਤੇ ਦਰ ਲਾਗੂ ਕਰਕੇ ਪਾਲਸੀ ਲਈ ਪ੍ਰੀਮੀਅਮ ਕੱਢਿਆ ਜਾਂਦਾ ਹੈ।

ਇਹ ਜਾਇਦਾਦ ਦੇ ਅਸਲ ਮੁੱਲ ਨੂੰ ਦਰਸਾਉਂਦੀ ਹੋਣੀ ਚਾਹੀਦੀ ਹੈ। ਜੇ ਵੱਧ ਬੀਮਾ ਹੋਵੇ ਤਾਂ ਬੀਮਤ ਨੂੰ ਵੱਧ ਧਨ ਫਾਇਦਾ ਹੁੰਦਾ ਹੈ ਅਤੇ ਘੱਟ ਬੀਮਾ ਕਰਵਾਉਣ ਨਾਲ ਦਾਅਵਾ ਉਸ ਅਨੁਪਾਤ ਵਿੱਚ ਘੱਟ ਜਾਂਦਾ ਹੈ।

**ਬੀਮਾ ਕੀਤੀ ਰਕਮ ਦਾ ਫੈਸਲਾ ਕਰਨਾ**

ਕਾਰੋਬਾਰ ਦੇ ਹਰ ਵਰਗ ਵਿੱਚ ਬੀਮਤ ਨੂੰ ਅੱਗੇ ਦਿੱਤੇ ਨੁਕਤੇ ਉੱਤੇ ਸਲਾਹ ਦੇਣੀ ਚਾਹੀਦੀ ਹੈ, ਜੋ ਬੀਮੇ ਦੀ ਰਕਮ ਦਾ ਫੈਸਲਾ ਕਰਦੇ ਸਮੇਂ ਧਿਆਨ ਵਿੱਚ ਰੱਖਣਾ ਚਾਹੀਦਾ ਹੈ:

a) ਨਿੱਜੀ ਦੁਰਘਟਨਾ ਬੀਮਾ: ਕੰਪਨੀ ਵਲੋਂ ਬੀਮਾ ਕੀਤੀ ਜਾਣ ਵਾਲੀ ਰਕਮ ਪੱਕੀ ਰਕਮ ਹੋ ਸਕਦੀ ਹੈ ਜਾਂ ਬੀਮਤ ਦੀ ਆਮਦਨ ਦੇ ਅਧਾਰ ਉੱਤੇ ਵੀ ਤਹਿ ਕੀਤੀ ਜਾ ਸਕਦੀ ਹੈ। ਕੁਝ ਬੀਮਾ ਕੰਪਨੀਆਂ ਕਿਸੇ ਖਾਸ ਅਪੰਗਤਾ ਲਈ ਬੀਮਤ ਦੀ ਮਹੀਨੇ ਦੀ ਆਮਦਨ ਦਾ 60 ਗੁਣੇ ਜਾਂ 100 ਗੁਣੇ ਦੇ ਬਰਾਬਰਾ ਫਾਇਦਾ ਦੇ ਸਕਦੀਆਂ ਹਨ। ਵੱਧ ਤੋਂ ਵੱਧ ਰਕਮ ਲਈ ਉੱਪਰਲੀ ਹੱਦ ਜਾਂ 'ਕੈਪ' ਹੋ ਸਕਦਾ ਹੈ। ਮੁਆਵਜ਼ਾ ਕੰਪਨੀ ਤੋਂ ਕੰਪਨੀ ਲਈ ਵੱਖ-ਵੱਖ

ਹੋ ਸਕਦਾ ਹੈ। ਗਰੁੱਪ ਨਿੱਜੀ ਦੁਰਘਟਨਾ ਪਾਲਸੀਆਂ ਵਿੱਚ ਬੀਮਾ ਕੀਤੀ ਰਕਮ ਨੂੰ ਹਰ ਬੀਮਾ ਕੀਤੇ ਵਿਅਕਤੀ ਲਈ ਵੱਖ-ਵੱਖ ਤਹਿ ਕੀਤਾ ਜਾ ਸਕਦਾ ਹੈ ਜਾਂ ਬੀਮਾ ਕੀਤੇ ਵਿਅਕਤੀ ਨੂੰ ਦੇਣ ਵਾਲੀ ਤਨਖਾਹ ਦੇ ਨਾਲ ਜੋੜਿਆ ਜਾ ਸਕਦਾ ਹੈ।

b) ਮੋਟਰ ਬੀਮਾ: ਮੋਟਰ ਬੀਮੇ ਦੇ ਕੇਸ ਵਿੱਚ ਬੀਮਾ ਕੀਤੀ ਰਕਮ ਬੀਮਤ ਵਲੋਂ ਐਲਾਨਿਆ ਮੁੱਲ [IDV] ਹੁੰਦਾ ਹੈ। ਇਹ ਵਾਹਨ ਦਾ ਮੁੱਲ ਹੈ, ਜੋ ਕਿ ਨਿਰਮਾਤਾ ਵਲੋਂ ਦਿੱਤੀ ਵਾਹਨ ਦੇ ਮੌਜੂਦ ਮੁੱਲ ਦੀ ਸੂਚੀ ਨੂੰ ਘਸਾਈ ਫੀਸਦੀ, ਜੋ ਕਿ ਭਾਰਤ ਮੋਟਰ ਟਰਿਫ ਵਿੱਚ ਦਿੱਤੀ ਗਈ ਹੈ, ਨਾਲ ਮਿਲਾ ਕੇ ਤਹਿ ਕੀਤਾ ਜਾਂਦਾ ਹੈ। ਨਿਰਮਾਤਾ ਦੇ ਸੂਚੀਬੱਧ ਵਿਕਰੀ ਭਾਅ ਵਿੱਚ ਲੋਕਲ ਚੁੰਗੀ / ਟੈਕਸ ਸ਼ਾਮਿਲ ਹਨ, ਪਰ ਰਜਿਸਟਰੇਸ਼ਨ ਤੇ ਬੀਮਾ ਨਹੀਂ ਹੁੰਦਾ ਹੈ।

IDV = (ਨਿਰਮਾਤਾ ਦਾ ਸੂਚੀਬੱਧ ਭਾਅ - ਘਸਾਈ) + (ਅਸੈਸਰੀ, ਜੋ ਕਿ ਸੂਚੀਬੱਧ ਵਿਕਰੀ ਭਾਅ-ਘਸਾਈ ਵਿੱਚ ਨਹੀਂ ਹਨ) ਅਤੇ ਰਜਿਸਟਰੇਸ਼ਨ ਅਤੇ ਬੀਮਾ ਕੀਮਤ ਤੋਂ ਬਿਨਾਂ।

ਵਾਹਨ ਦੀ IDV, ਜੋ ਕਿ ਬੰਦ ਹੋ ਗਏ ਹਨ ਜਾਂ 5 ਸਾਲਾਂ ਤੋਂ ਵੱਧ ਪੁਰਾਣੇ ਹਨ, ਨੂੰ ਬੀਮਤ ਅਤੇ ਬੀਮਾਕਰਤਾ ਦੇ ਵਿਚਕਾਰ ਆਪਸੀ ਸਮਝੌਤੇ ਰਾਹੀਂ ਤਹਿ ਕੀਤਾ ਜਾਂਦਾ ਹੈ। ਘਸਾਈ ਦੀ ਬਜਾਏ, ਪੁਰਾਣੀਆਂ ਕਾਰਾਂ ਦੀ IDV ਨੂੰ ਸਰਵੇਅਰ, ਕਾਰ ਡੀਲਰਾਂ ਆਦਿ ਵਲੋਂ ਵਾਹਨ ਦੀ ਹਾਲਤ ਦਾ ਮੁਲਾਂਕਣ ਕਰਕੇ ਤਹਿ ਕੀਤਾ ਜਾਂਦਾ ਹੈ।

IDV ਮੁਆਵਜ਼ੇ ਦੀ ਰਕਮ ਹੁੰਦੀ ਹੈ, ਜੋ ਕਿ ਵਾਹਨ ਚੋਰੀ ਹੋਣ ਜਾਂ ਪੂਰਾ ਘਾਟਾ ਪੈਣ ਦੇ ਹਾਲਤ ਵਿੱਚ ਦਿੱਤਾ ਜਾਂਦੀ ਹੈ। ਇਹ ਜ਼ੋਰਦਾਰ ਸਿਫਾਰਸ਼ ਕੀਤੀ ਜਾਂਦੀ ਹੈ ਕਿ IDV ਨੂੰ ਕਾਰ ਦੇ ਬਾਜ਼ਾਰੀ ਮੁੱਲ ਦੇ ਨੇੜੇ-ਤੇੜੇ ਲਵੋ। ਬੀਮਾਕਰਤਾ ਬੀਮਤ ਨੂੰ IDV ਵਿੱਚੋਂ 5% ਤੋਂ 10% ਦੀ ਕਟੌਤੀ ਨਾਲ ਹੱਦ ਦਿੰਦਾ ਹੈ। ਘੱਟ IDV ਦਾ ਭਾਵ ਹੈ ਕਿ ਘੱਟ ਪ੍ਰੀਮੀਅਮ।

c) ਅੱਗ ਬੀਮਾ: ਅੱਗ ਬੀਮੇ ਦੇ ਕੇਸ ਵਿੱਚ, ਬੀਮਾ ਕੀਤੀ ਰਕਮ ਨੂੰ ਹਰਜਾਨਾ ਜਾਂ ਇਮਾਰਤ/ ਪਲਾਂਟ ਤੇ ਮਸ਼ੀਨਰੀ ਤੇ ਚਲ ਸੰਪੱਤੀ ਦੇ ਬਹਾਲੀ ਮੁੱਲ ਦੇ ਅਧਾਰ ਉੱਤੇ ਤਹਿ ਕੀਤਾ ਜਾ ਸਕਦਾ ਹੈ। ਸਮੱਗਰੀ ਨੂੰ ਉਹਨਾਂ ਦੇ ਬਾਜ਼ਾਰੀ ਮੁੱਲ ਦੇ ਆਧਾਰ ਉੱਤੇ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ, ਜੋ ਕਿ ਚੀਜ਼ ਦੀ ਕੀਮਤ ਘਸਾਈ ਤੋਂ ਬਾਅਦ ਹੈ। (ਮੁੜ-ਸਥਾਪਤੀ ਦੇ ਮੁੱਲ ਨੂੰ ਪਾਠ 28 - ਵਪਾਰਕ ਬੀਮਾ ਵਿੱਚ ਵੇਰਵੇ ਸਮੇਤ ਸਮਝਾਇਆ ਗਿਆ ਹੈ)

d) ਸਟਾਕ ਬੀਮਾ: ਸਟਾਕ ਦੇ ਕੇਸ ਵਿੱਚ, ਬੀਮਾ ਕੀਤੀ ਰਕਮ ਉਹਨਾਂ ਦਾ ਬਾਜ਼ਾਰੀ ਮੁੱਲ ਹੈ। ਬੀਮਤ ਨੂੰ ਧਨ-ਵਾਪਸੀ ਉਸ ਕੀਮਤ ਉੱਤੇ ਕੀਤੀ ਜਾਵੇਗੀ, ਜਿਸ ਉੱਤੇ ਇਹ ਸਟਾਕ ਬਾਜ਼ਾਰ ਵਿੱਚ ਖਰੀਦੇ ਜਾ ਸਕਦੇ ਹਨ ਤਾਂ ਕਿ ਘਾਟੇ ਦੇ ਬਾਅਦ ਨੁਕਸਾਨੇ ਗਏ ਕੱਚੇ ਮਾਲ ਨੂੰ ਪੂਰਿਆ ਜਾ ਸਕੇ।

e) ਜਹਾਜ਼ੀ ਕਾਰਗੋ ਬੀਮਾ: ਇਹ ਸਹਿਮਤ ਹੋਏ ਦੀ ਮੁੱਲ ਪਾਲਸੀ ਹੈ ਅਤੇ ਬੀਮਾ ਕੀਤੀ ਰਕਮ ਬੀਮਾਕਰਤਾ ਅਤੇ ਬੀਮਤ ਦੇ ਵਿਚਕਾਰ ਇਕਰਾਰ ਕਰਨ ਦੇ ਸਮੇਂ ਹੋਏ ਸਮਝੌਤੇ ਦੇ ਮੁਤਾਬਕ ਹੁੰਦੀ ਹੈ। ਆਮ ਤੌਰ ਉੱਤੇ ਇਸ ਵਿੱਚ ਚੀਜ਼ਾਂ + ਬੀਮਾ + ਮਾਲ ਢੁਆਈ ਦੀ ਕੀਮਤ ਦਾ ਜੋੜ ਭਾਵ CIF ਮੁੱਲ ਹੋਵੇਗਾ।

f) ਜਹਾਜ਼ੀ ਢਾਂਚਾ ਬੀਮਾ: ਜਹਾਜ਼ੀ ਢਾਂਚਾ ਬੀਮੇ ਵਿੱਚ, ਬੀਮਾ ਕੀਤੀ ਰਕਮ ਮੁੱਲ ਹੁੰਦਾ ਹੈ, ਜੋ ਕਿ ਬੀਮਤ ਅਤੇ ਬੀਮਾਕਰਤਾ ਵਲੋਂ ਇਕਰਾਰ ਸ਼ੁਰੂ ਹੋਣ ਉੱਤੇ ਤਹਿ ਕੀਤਾ ਜਾਂਦਾ ਹੈ। ਇਹ ਮੁੱਲ ਢਾਂਚੇ/ਜਹਾਜ਼ ਦੀ ਜਾਂਚ ਦੇ ਬਾਅਦ ਪ੍ਰਮਾਣਿਤ ਮੁੱਲ ਤਹਿ ਕਰਨ ਵਾਲੇ ਵਲੋਂ ਤਹਿ ਕੀਤੀ ਜਾ ਸਕਦੀ ਹੈ।

g) ਦੇਣਦਾਰੀ ਬੀਮਾ: ਦੇਣਦਾਰੀ ਪਾਲਸੀਆਂ ਦੇ ਕੇਸ ਵਿੱਚ, ਬੀਮਾ ਕੀਤੀ ਰਕਮ ਉਦਯੋਗ ਇਕਾਈਆਂ ਦੇ ਸਾਹਮਣਾ ਕਰਨ ਦੀ ਦੇਣਦਾਰੀ ਹੈ, ਜੋ ਕਿ ਸਾਹਮਣਾ ਕਰਨ ਦੀ ਸੰਭਾਵਨਾ, ਭੂਗੋਲਿਕ ਫੈਲਾ ਦੇ ਆਧਾਰ ਉੱਤੇ ਹੈ। ਵਾਧੂ ਕਾਨੂੰਨੀ ਕੀਮਤ ਤੇ ਖਰਚੇ ਵੀ ਦਾਅਵਾ ਮੁਆਵਜ਼ੇ ਦਾ ਭਾਗ ਹੋ ਸਕਦੇ ਹਨ। ਬੀਮਾ ਕੀਤੀ ਰਕਮ ਨੂੰ ਬੀਮਤ ਵਲੋਂ ਉੱਤੇ ਦਿੱਤੇ ਮਾਪਢੰਡਾਂ ਦੇ ਮੁਤਾਬਕ ਤਹਿ ਕੀਤਾ ਜਾਂਦਾ ਹੈ।

**ਆਪਣੇ ਆਪ ਨੂੰ ਪਰਖੋ 2**

**ਇੱਕ ਡਾਕਟਰ ਨੂੰ ਉਸ ਦੇ ਵਿਰੁਧ ਲਾਪਰਵਾਹੀ ਦੇ ਕਿਸੇ ਦਾਅਵੇ ਤੋਂ ਉਸ ਨੂੰ ਬਚਾਉਣ ਲਈ ਬੀਮਾ ਸਕੀਮ ਸੁਝਾਉ।**

I. ਨਿੱਜੀ ਦੁਰਘਟਨਾ ਬੀਮਾ

II. ਪੇਸ਼ੇਵਰ ਦੇਣਦਾਰੀ ਬੀਮਾ

III. ਜਹਾਜ਼ੀ ਢਾਂਚਾ ਬੀਮਾ

IV. ਸਿਹਤ ਬੀਮਾ

---

**ਸਾਰ**

a) ਜੋਖਿਮਾਂ ਦੇ ਵਰਗੀਕਰਨ ਅਤੇ ਉਹ ਕਿਸ ਵਰਗ ਵਿੱਚ ਆਉਂਦੇ ਹਨ ਦਾ ਫੈਸਲਾ ਕਰਨ ਦੀ ਕਾਰਵਾਈ ਦਰ ਤਹਿ ਕਰਨ ਲਈ ਮਹੱਤਵਪੂਰਨ ਹੈ।

b) ਅੰਡਰਰਾਈਟਿੰਗ ਪਤਾ ਕਰਨ ਦੀ ਕਾਰਵਾਈ ਹੈ ਕਿ ਕੀ ਪੇਸ਼ ਕੀਤੇ ਜੋਖਿਮ ਲਈ ਬੀਮਾ ਮਨਜ਼ੂਰੀਯੋਗ ਹੈ ਜੇ ਹੈ ਤਾਂ ਕਿਹੜੀ ਦਰ, ਨਿਯਮ ਤੇ ਸ਼ਰਤਾਂ ਉੱਤੇ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ।

c) ਦਰ (ਰੇਟ) ਬੀਮੇ ਦੀ ਦਿੱਤੀ ਇਕਾਈ ਦਾ ਭਾਅ ਹੁੰਦਾ ਹੈ।

d) ਦਰ ਤਹਿ ਕਰਨ ਦਾ ਮੁੱਢਲਾ ਮਕਸਦ ਯਕੀਨੀ ਬਣਾਉਣਾ ਹੁੰਦਾ ਹੈ ਕਿ ਬੀਮੇ ਦੀ ਕੀਮਤ ਢੁਕਵਾਂ ਅਤੇ ਵਾਜਬ ਹੋਣਾ ਚਾਹੀਦਾ ਹੈ।

e) 'ਸ਼ੁੱਧ ਪ੍ਰੀਮੀਅਮ ਨੂੰ ਖਰਚ, ਰਾਖਵਾਂ ਅਤੇ ਫਾਇਦਾ ਦੇਣ ਲਈ ਕੁਝ ਫੀਸਦੀ ਢੁੱਕਵੇਂ ਰੂਪ ਵਿੱਚ ਵਧਾਇਆ ਜਾਂ ਲੋਡ ਕੀਤਾ ਜਾਂਦਾ ਹੈ।

f) ਬੀਮੇ ਦੀ ਭਾਸ਼ਾ ਵਿੱਚ ਖ਼ਤਰਾ (ਹਜ਼ਾਰਡ) ਉਹਨਾਂ ਹਾਲਤਾਂ ਜਾਂ ਲੱਛਣਾਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜੋ ਕਿ ਦਿੱਤੇ ਸੰਕਟ ਤੋਂ ਘਾਟੇ ਦੀ ਸੰਭਾਵਨਾ ਨੂੰ ਪੈਦਾ ਕਰਦੇ ਜਾਂ ਵਧਾਉਂਦੇ ਹਨ।

g) ਕਟੌਤੀਆਂ / ਵਾਧਾ ਸ਼ਰਤਾਂ ਲਗਾਉਣਾ ਦਾ ਮਕਸਦ ਛੋਟੇ ਦਾਅਵਿਆਂ ਨੂੰ ਖਤਮ ਕਰਨਾ ਹੁੰਦਾ ਹੈ।

h) ਨਾ-ਦਾਅਵਾ ਬੋਨਸ ਅੰਡਰਰਾਈਟਿੰਗ ਕੰਮ ਸੁਧਾਰਨ ਲਈ ਚੰਗੀ ਨੀਤੀ ਹੈ ਅਤੇ ਰੇਟਿੰਗ ਸਿਸਟਮ ਦਾ ਸਾਂਝਾ ਦਰ ਬਣਾਉਂਦਾ ਹੈ।

i) ਬੀਮਾ ਕੀਤੀ ਰਕਮ ਵੱਧ ਤੋਂ ਵੱਧ ਰਕਮ ਹੈ, ਜੋ ਕਿ ਬੀਮਾ ਕੰਪਨੀ ਪਾਲਸੀ ਸ਼ਰਤ ਦੇ ਤਹਿਤ ਮੁਆਵਜ਼ਾ ਦੇਵੇਗੀ।

## ਮੁੱਖ ਸ਼ਬਦ

a) ਅੰਡਰਰਾਈਰਿੰਗ

b) ਦਰ ਤਹਿ ਕਰਨੀ

c) ਭੌਤਿਕ ਖ਼ਤਰੇ

d) ਨੈਤਿਕ ਖਤਰੇ

e) ਹਰਜਾਨਾ

f) ਪ੍ਰੀਮੀਅਮ ਦਾ ਲੋਡ

g) ਵਾਰੰਟੀਆਂ

h) ਕਟੌਤੀ

i) ਵਾਧਾ

## ਸਵੈ ਜਾਂਚ ਦੇ ਜਵਾਬ

ਜਵਾਬ 1 - ਸਹੀ ਚੋਣ II ਹੈ।

ਜਵਾਬ 2 - ਸਹੀ ਚੋਣ II ਹੈ।

# ਪਾਠ G-03

# ਨਿੱਜੀ ਅਤੇ ਵਪਾਰ ਬੀਮਾ

**ਪਾਠ ਜਾਣ-ਪਛਾਣ**

ਪਿਛਲੇ ਪਾਠਾਂ ਵਿੱਚ ਅਸੀਂ ਸਿੱਖਿਆ ਹੈ ਕਿ ਆਮ ਬੀਮੇ ਦੇ ਸਬੰਧ ਵਿੱਚ ਕਈ ਸਿਧਾਂਤ ਅਤੇ ਨਿਯਮ ਹੁੰਦੇ ਹਨ। ਆਮ ਬੀਮਾ ਉਤਪਾਦਾਂ ਨੂੰ ਵੱਖ-ਵੱਖ ਬਾਜ਼ਾਰਾਂ ਦੇ ਅਧਾਰ ਉੱਤੇ ਵੱਖ-ਵੱਖ ਵਰਗੀਕ੍ਰਿਤ ਕੀਤਾ ਜਾਂਦਾ ਹੈ। ਇਹਨਾਂ ਵਿੱਚ ਕੁਝ ਹਨ ਜਾਇਦਾਦ, ਦੁਰਘਟਨਾ ਅਤੇ ਦੇਣਦਾਰੀਆਂ। ਨਹੀਂ ਤਾਂ, ਇਹਨਾਂ ਨੂੰ ਅੱਗ, ਜਹਾਜ਼ੀ, ਮੋਟਰ ਅਤੇ ਫੁਟਕਲ ਦੇ ਰੂਪ ਵਿੱਚ ਵੰਡਿਆ ਜਾਂਦਾ ਹੈ। ਇਸ ਪਾਠ ਵਿੱਚ, ਆਮ ਉਤਪਾਦ ਜਿਵੇਂ ਕਿ ਨਿੱਜੀ ਹਾਦਸਾ, ਯਾਤਰਾ, ਘਰ ਅਤੇ ਦੁਕਾਨਦਾਰਾਂ ਅਤੇ ਮੋਟਰ ਬੀਮੇ ਜਿਹਨਾਂ ਨੂੰ ਫੁਟਕਲ ਗਾਹਕਾਂ ਵਲੋਂ ਖਰੀਦਿਆ ਜਾਂਦਾ ਹੈ, ਬਾਰੇ ਵਿਚਾਰ ਕਿੱਤਾ ਗਿਆ ਹੈ।

**ਸਿੱਖਣ ਦੇ ਨਤੀਜੇ**

A. ਫੁਟਕਲ ਬੀਮਾ ਉਤਪਾਦ

B. 'ਸਾਰੇ ਜ਼ੋਖਮ' ਅਤੇ 'ਪ੍ਰਮੁੱਖ ਸੰਕਟ' ਬੀਮਾ ਪਾਲਸੀ

C. ਪੈਕੇਜ ਨੀਤੀਆਂ

D. ਦੁਕਾਨਦਾਰ ਦਾ ਬੀਮਾ

E. ਘਰ-ਬਾਰ ਰੱਖਣ ਵਾਲੇ ਦਾ ਬੀਮਾ

F. ਬੀਮਾ ਕਰਵਾਈ ਰਕਮ ਅਤੇ ਪ੍ਰੀਮੀਅਮ

G. ਮੋਟਰ ਬੀਮਾ

ਇਹ ਪਾਠ ਪੜ੍ਹਨ ਦੇ ਬਾਅਦ, ਤੁਸੀਂ ਯੋਗ ਹੋਣੇ ਚਾਹੀਦੇ ਹੋ:

1. ਘਰ-ਬਾਰ ਰੱਖਣ ਵਾਲੇ ਦਾ ਬੀਮਾ ਸਮਝਾਉਣ
2. ਦੁਕਾਨ ਬੀਮਾ ਸੁਰੱਖਿਆ ਤਿਆਰ ਕਰਨ
3. ਮੋਟਰ ਬੀਮੇ ਵਾਰੇ ਵਿਚਾਰ

## A. ਫੁਟਕਲ ਬੀਮਾ ਉਤਪਾਦ

ਕੁਝ ਬੀਮਾ ਉਤਪਾਦ ਹਨ, ਜੋ ਕਿ ਵਿਅਕਤੀਆਂ ਵਲੋਂ ਕੁਝ ਹਿੱਤਾਂ ਦੀ ਸੁਰੱਖਿਆ ਵਾਸਤੇ ਖਰੀਦੇ ਜਾਂਦੇ ਹਨ। ਹਾਲਾਂਕਿ ਇੰਝ ਦੇ ਬੀਮੇ ਵਿੱਚ ਛੋਟੇ ਵਪਾਰਕ ਜਾਂ ਕਾਰੋਬਾਰੀ ਹਿੱਤ ਹੋ ਸਕਦੇ ਹਨ, ਇਹ ਆਮ ਤੌਰ ਉੱਤੇ ਵਿਅਕਤੀਆਂ ਨੂੰ ਹੀ ਵੇਚੇ ਜਾਂਦੇ ਹ। ਛੋਟੇ ਬਾਜ਼ਾਰਾਂ ਵਿੱਚ ਇਹਨਾਂ ਨੂੰ 'ਛੋਟੀ ਟਿਕਟ' ਪਾਲਸੀ ਜਾਂ 'ਫੁਟਕਲ ਪਾਲਸੀਆਂ' ਜਾਂ 'ਫੁਟਕਲ ਉਤਪਾਦ' ਕਿਹਾ ਜਾਂਦਾ ਹੈ। ਘਰ, ਮੋਟਰ-ਕਾਰ, ਦੋ-ਪਹੀਆ, ਛੋਟੇ ਕਾਰੋਬਾਰ ਜਿਵੇਂ ਦੁਕਾਨ ਆਦਿ ਦੇ ਬੀਮੇ ਇਸ ਵਰਗ ਵਿੱਚ ਆਉਂਦੇ ਹਨ। ਇਹ ਉਤਪਾਦਾਂ ਨੂੰ ਅਕਸਰ ਏਜੰਟਾਂ / ਵੰਡ ਚੈਨਲਾਂ ਰਾਹੀਂ ਵੇਚਿਆ ਜਾਂਦ ਹੈ, ਜੋ ਕਿ ਬੀਮੇ ਦੇ ਨਿੱਜੀ ਖੇਤਰ ਨਾਲ ਕੰਮ ਕਰਦੇ ਹਨ, ਕਿਉਂਕਿ ਖਰੀਦਦਾਰ ਲਾਜ਼ਮੀ ਰੂਪ ਵਿੱਚ ਉਸੇ ਗਾਹਕ ਖੇਤਰ ਨਾਲ ਸਬੰਧਿਤ ਹੁੰਦੇ ਹਨ।

## B. 'ਸਾਰੇ ਜ਼ੋਖਮ' ਅਤੇ 'ਪ੍ਰਮੁੱਖ ਸੰਕਟ' ਬੀਮਾ ਪਾਲਸੀ

ਗ਼ੈਰ-ਜੀਵਨ ਬੀਮਾ ਪਾਲਸੀਆਂ ਨੂੰ ਮੁੱਖ ਤੌਰ ਉੱਤੇ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ:

- ✓ ਪ੍ਰਮੁੱਖ ਸੰਕਟ ਪਾਲਸੀਆਂ
- ✓ ਸਭ ਜੋਖਿਮ ਪਾਲਸੀਆਂ

i. 'ਸਾਰੇ ਜ਼ੋਖਮ' ਦਾ ਅਕਸਰ ਅਰਥ ਹੁੰਦਾ ਹੈ ਕਿ ਸਾਰੇ ਜ਼ੋਖਮ, ਜੋ ਬੀਮਾ ਇਕਰਾਰਨਾਮੇ ਵਿੱਚ ਖਾਸ ਤੌਰ ਉੱਤੇ ਅਲਹਿਦਾ ਨਹੀਂ ਕੀਤੇ ਗਏ ਹਨ, ਲਈ ਕਵਰ ਹੈ, ਜੋ ਕਿ ਨਿਯਮਾਂ ਤੇ ਸ਼ਰਤਾਂ ਅਧੀਨ ਹਨ।

ii. ਸਭ-ਜੋਖਿਮ ਬੀਮਾ ਉਪਲੱਬਧ ਬੀਮਾ ਸੁਰੱਖਿਆ ਦੀ ਸਭ ਤੋਂ ਵੱਧ ਪੂਰਨ ਕਿਸਮ ਹੈ। ਇਸਕਰਕੇ ਕੀਮਤ ਵੀ ਹੋਰ ਪਾਲਸੀਆਂ ਦੇ ਮੁਕਾਬਲੇ ਵੱਧ ਹੈ ਅਤੇ ਇਸ ਕਿਸਮ ਦੇ ਬੀਮੇ ਦੀ ਕੀਮਤ ਨੂੰ ਦਾਅਵਿਆਂ ਦੀ ਸੰਭਾਵਨਾ ਦੇ ਨਾਲ ਮਾਪਿਆ ਜਾਂਦਾ ਹੈ।

iii. ਪ੍ਰਮੁੱਖ ਸੰਕਟ ਪਾਲਸੀਆਂ ਵਿੱਚ ਖਾਸ ਤੌਰ ਉੱਤੇ ਸੂਚੀਬੱਧ ਅਤੇ ਪ੍ਰੀਭਾਸ਼ਿਤ ਸੰਕਟ ਹੀ ਕਵਰ ਕੀਤੇ ਜਾਂਦੇ ਹਨ।

## C. ਪੈਕੇਜ ਨੀਤੀਆਂ

i. ਪੈਕੇਜ ਬੀਮਾ ਸੁਰੱਖਿਆ ਕਈ ਬੀਮਾ ਸੁਰੱਖਿਆ ਇੱਕਠੀਆਂ ਇੱਕ ਇੱਕਲੇ ਦਸਤਾਵੇਜ਼ ਅਧੀਨ ਦਿੰਦਾ ਹੈ।

ii. ਬੀਮਾ ਸੁਰੱਖਿਆ ਜਿਵੇਂ ਕਿ ਘਰ-ਬਾਰ ਪਾਲਸੀ, ਦੁਕਾਨਦਾਰ ਪਾਲਸੀ, ਦਫ਼ਤਰ ਪੈਕੇਜ ਪਾਲਸੀ ਆਦਿ, ਉਪਲੱਬਧ ਹਨ, ਜੋ ਕਿ ਇੱਕ ਪਾਲਸੀ ਦੇ ਅਧੀਨ ਹੀ ਕਈ ਭੌਤਿਕ ਸੰਪੱਤੀਆਂ ਲਈ ਬੀਮਾ ਸੁਰੱਖਿਆ ਦਿੰਦੀਆਂ ਹਨ, ਜਿਵੇਂ ਕਿ ਇਮਾਰਤ, ਸਾਮਾਨ ਆਦਿ।

iii. ਇੰਝ ਦੀਆਂ ਪਾਲਸੀਆਂ ਵਿੱਚ ਕੁਝ ਨਿੱਜੀ ਲਾਈਨਾਂ ਜਾਂ ਦੇਣਦਾਰੀਆਂ ਲਈ ਬੀਮਾ ਸੁਰੱਖਿਆ ਵੀ ਦਿੱਤੀ ਹੋ ਸਕਦੀ ਹੈ।

iv. ਸਭ ਭਾਗਾਂ ਲਈ ਪੈਕੇਜ ਬੀਮਾ ਸੁਰੱਖਿਆ ਵਿੱਚ ਸਾਂਝੀਆਂ ਸ਼ਰਤਾਂ ਤੇ ਨਿਯਮ ਹੋ ਸਕਦੇ ਹਨ, ਨਾਲ ਹੀ ਪਾਲਸੀ ਦੇ ਖਾਸ ਭਾਗਾਂ ਲਈ ਖਾਸ ਸ਼ਰਤਾਂ ਵੀ ਹੋ ਸਕਦੀਆਂ ਹਨ।

## D. ਦੁਕਾਨਦਾਰ ਦਾ ਬੀਮਾ

ਦੁਕਾਨਦਾਰ ਵੱਡਾ ਨਿਗਮ ਨਹੀਂ ਹੈ, ਜਿਸ ਕੋਲ ਕਾਰੋਬਾਰ ਮੁੜ-ਚਾਲੂ ਕਰਨ ਲਈ ਬਹੁਤ ਸਾਰਾ ਧਨ ਹੈ। ਇੱਕ ਮਾੜੀ ਘਟਨਾ ਨਾਲ ਉਸ ਦੀ ਦੁਕਾਨ ਬੰਦ ਹੋ ਸਕਦੀ ਹੈ ਅਤੇ ਸੰਭਵ ਤੌਰ ਉੱਤੇ ਉਸਦਾ ਪਰਿਵਾਰ ਰੁਲ ਜਾਵੇਗਾ। ਮੋੜਨ ਲਈ ਬੈਂਕ ਕਰਜ਼ ਵੀ ਹੋ ਸਕਦਾ ਹੈ। ਹਮੇਸ਼ਾ ਸੰਭਾਵਨਾ ਬਣੀ ਰਹਿੰਦੀ ਹੈ ਕਿ ਪਬਲਿਕ ਦੇ ਮੈਂਬਰ ਨੂੰ ਨਿੱਜੀ ਸੱਟ ਜਾਂ ਉਸ ਦੀ ਜਾਇਦਾਦ ਦਾ ਨੁਕਸਾਨ ਦੁਕਾਨ ਮਾਲਕ ਦੇ ਕੰਮਾਂ ਕਰਕੇ ਹੋ ਸਕਦਾ ਹੈ ਅਤੇ ਅਦਾਲਤ ਦੁਕਾਨ ਮਾਲਕ ਨੂੰ ਨੁਕਸਾਨ ਦੀ ਪੂਰਤੀ ਕਰਨ ਲਈ ਜ਼ਿੰਮੇਵਾਰ ਬਣਾ ਸਕਦੀ ਹੈ। ਇਹਨਾਂ ਹਾਲਤਾਂ ਵਿੱਚ ਦੁਕਾਨਦਾਰ ਬਰਬਾਦ ਵੀ ਹੋ ਸਕਦਾ ਹੈ। ਇਸਕਰਕੇ ਰੁਜ਼ਗਾਰ ਦੇ ਇਹ ਮੌਕੇ ਨੂੰ ਸੁਰੱਖਿਅਤ ਕਰਨਾ ਬਹੁਤ ਹੀ ਜ਼ਰੂਰੀ ਹੈ।

ਦੁਕਾਨਦਾਰ ਦੀਆਂ ਬੀਮਾ ਪਾਲਸੀਆਂ ਵਪਾਰਕ ਦੁਕਾਨ/ਫੁਟਕਲ ਧੰਦਿਆਂ ਦੇ ਇੰਞ ਦੇ ਕਈ ਪੱਖਾਂ ਲਈ ਬੀਮਾ ਸੁਰੱਖਿਆ ਦੀ ਵਿਉਂਤ ਬਣਾਉਣ ਲਈ ਹਨ। ਇਹ ਪਾਲਸੀਆਂ ਹਨ, ਜਿਹਨਾਂ ਨੂੰ ਵੱਖ-ਵੱਖ ਕਿਸਮ ਦੀਆਂ ਦੁਕਾਨਾਂ ਲਈ ਬੀਮਾ ਦੇਣ ਵਾਸਤੇ ਪਸੰਦ ਮੁਤਾਬਕ ਬਦਲਿਆ ਜਾ ਸਕਦਾ ਹੈ ਜਿਵੇਂ ਕਿ ਪੁਰਾਤਨ ਦੁਕਾਨ, ਨਾਈ ਦੀ ਦੁਕਾਨ, ਬਿਊਟੀ ਪਾਰਲਰ, ਕਿਤਾਬਾਂ ਦੀ ਦੁਕਾਨ, ਡਿਪਾਰਟਮੈਂਟ ਸਟੋਰ, ਡਰਾਈ ਕਲੀਨਰ, ਗਿਫ਼ਟ ਸ਼ਾਪ, ਦਵਾਈਆਂ ਦੀ ਦੁਕਾਨ, ਸਟੇਸ਼ਨਰੀ ਦੁਕਾਨ, ਖਿਡੌਣਿਆਂ ਦੀ ਦੁਕਾਨ, ਕੱਪੜਿਆਂ ਦਾ ਸਟੋਰ ਆਦਿ।

### 1. ਦੁਕਾਨਦਾਰ ਦੀ ਬੀਮਾ ਸੁਰੱਖਿਆ ਵਿੱਚ ਕੀ ਹੈ?

ਪਾਲਸੀ ਕਾਰੋਬਾਰ ਧੰਦੇ ਦੇ ਖਾਸ ਖੇਤਰਾਂ ਨੂੰ ਸੁਰੱਖਿਆ ਦੇਣ ਵਰਤੀ ਜਾ ਸਕਦੀ ਹੈ। ਇਸ ਵਿੱਚ ਦੁਕਾਨ ਦੇ ਢਾਂਚੇ ਅਤੇ ਸਮੱਗਰੀ ਦੇ ਅੱਗ, ਭੁਚਾਲ, ਹੜ੍ਹਾਂ ਜਾਂ ਦੋਖੀ ਨੁਕਸਾਨ; ਅਤੇ ਚੋਰੀ ਦੇ ਕਰਕੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਦਿੰਦਾ ਹੈ। ਦੁਕਾਨ ਬੀਮੇ ਵਿੱਚ ਕਾਰੋਬਾਰ ਰੁਕਾਵਟ ਸੁਰੱਖਿਆ ਵੀ ਸ਼ਾਮਿਲ ਹੁੰਦੀ ਹੈ। ਇਹ ਕਾਰੋਬਾਰ ਦੇ ਕੰਮਕਾਰ ਵਿੱਚ ਰੁਕਾਵਟ ਪਾਉਣ ਵਾਲੇ ਕਿਸੇ ਵੀ ਅਚਨਚੇਤੇ ਸੰਕਟ ਦੀ ਕਾਰਵਾਈ ਰਾਹੀਂ ਹੋਣ ਵਾਲੀ ਆਮਦਨ ਦੀ ਕਮੀ ਜਾਂ ਵਾਧੂ ਖ਼ਰਚੇ ਨੂੰ ਕਵਰ ਕਰਦੇਗਾ। ਬੀਮਾ ਸੁਰੱਖਿਆ ਨੂੰ ਬੀਮਤ ਵਲੋਂ ਆਪਣੀਆਂ ਸਰਗਰਮੀਆਂ ਦੇ ਮੁਤਾਬਕ ਚੁਣਿਆ ਜਾ ਸਕਦਾ ਹੈ।

ਹੋਰ ਬੀਮਾ ਸੁਰੱਖਿਆ, ਜੋ ਕਿ ਬੀਮਤ ਲੈ ਸਕਦਾ ਹੈ, ਬੀਮਤਾ ਕਰਤਾ ਦੇ ਮੁਤਾਬਕ ਵੱਖ-ਵੱਖ ਹੋ ਸਕਦੀਆਂ ਹਨ ਅਤੇ ਗ਼ੈਰ-ਜੀਵਨ ਬੀਮਾ ਕੰਪਨੀਆਂ ਦੀਆਂ ਵੈੱਬਸਾਈਟਾਂ ਤੋਂ ਜਾਂਚੀਆਂ ਜਾ ਸਕਦੀਆਂ ਹਨ। ਇਹ ਹੋ ਸਕਦੇ ਹਨ:

i. ਸੰਨ੍ਹਮਾਰੀ ਅਤੇ ਚੋਰੀ ਦਫ਼ਤਰੀ ਸਮੱਗਰੀ ਸੰਨ੍ਹਮਾਰੀ, ਚੋਰੀ ਆਦਿ ਲਈ ਬੀਮਾ ਸੁਰੱਖਿਆ

ii. ਮਸ਼ੀਨਰੀ ਖਰਾਬੀ: ਬਿਜਲੀ ਜਾਂ ਮਕੈਨੀਕਲ ਯੰਤਰ ਦੇ ਖਰਾਬ ਹੋਣ ਲਈ ਸੁਰੱਖਿਆ

iii. ਬਿਜਲੀ ਯੰਤਰ ਅਤੇ ਸਮੱਗਰੀ:

- ✓ ਬਿਜਲੀ ਯੰਤਰਾਂ ਲਈ ਸਭ-ਜੋਖਿਮ ਸੁਰੱਖਿਆ ਦਿੰਦੀ ਹੈ

- ✓ ਬਿਜਲੀ ਇੰਸਟਾਲੇਸ਼ਨ ਦੇ ਘਾਟੇ ਲਈ ਸੁਰੱਖਿਆ

iv. ਧਨ ਬੀਮਾ: ਦੁਰਘਟਨਾ ਦੇ ਕਾਰਨ ਧਨ ਦੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਦਿੰਦਾ ਹੈ, ਜਦੋਂ ਇਹ ਹੈ:

- ✓ ਕਾਰੋਬਾਰੀ ਇਮਾਰਤ ਤੋਂ ਬੈਂਕ ਵਿੱਚ ਭੇਜਣਾ ਅਤੇ ਉਲਟਾ
- ✓ ਕਾਰੋਬਾਰੀ ਇਮਾਰਤ ਵਿਖੇ ਸੁਰੱਖਿਅਤ
- ✓ ਕਾਰੋਬਾਰੀ ਇਮਾਰਤ ਵਿੱਚ (ਦੁਕਾਨ ਦੀ) ਗੋਲਕ (ਡੱਬਾ/ਦਰਾਜ/ ਕਾਊਂਟਰ)

v. ਬੈਗ: ਬੈਗ (ਸਾਮਾਨ) ਦੇ ਗੁਆਚਣ ਲਈ ਮੁਆਵਜ਼ਾ, ਜਦੋਂ ਕਿ ਅਧਿਕਾਰਿਕ ਮਕਸਦ ਲਈ ਯਾਤਰਾ ਉੱਤੇ ਹੋਵੇ

vi. ਲਗਾਈ ਹੋਈ ਕੱਚ ਦੀ ਪਲੇਟ ਅਤੇ ਨਿਰੋਗਤਾ ਫਿੱਟਿੰਗ ਲਈ ਦੁਰਘਟਨਾ ਦੇ ਕਰਕੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ:

- ✓ ਲਗਾਈ ਕੱਚ ਦੀ ਪਲੇਟ
- ✓ ਨਿਰੋਗਤਾ (ਸੈਂਟਰੀ ਫਿੱਟਿੰਗ )
- ✓ ਨਿਓਨ ਨਿਸ਼ਾਨ / ਚਮਕਦਾਰ ਨਿਸ਼ਾਨ / ਹੋਰਡਿੰਗ

vii. ਨਿੱਜੀ ਹਾਦਸਾ

viii. ਮੁਲਾਜ਼ਮਾਂ ਦਾ ਵਿਸ਼ਵਾਸਘਾਤ/ ਬੇਈਮਾਨੀ: ਮੁਲਾਜ਼ਮਾਂ ਦੇ ਬੇਈਮਾਨੀ ਦੇ ਕੰਮਾਂ ਕਰਕੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ

ix. ਕਾਨੂੰਨੀ ਦੇਣਦਾਰੀ:

- ✓ ਨੌਕਰੀ ਦੇ ਨਾਲ ਅਤੇ ਕਰਕੇ ਹੋਣ ਵਾਲੀਆਂ ਦੁਰਘਟਨਾਵਾਂ ਲਈ ਮੁਆਵਜ਼ਾ
- ✓ ਸੁਤੰਤਰ ਧਿਰਾਂ ਲਈ ਕਾਨੂੰਨੀ ਦੇਣਦਾਰੀਆਂ ਲਈ ਬੀਮਾ ਸੁਰੱਖਿਆ ਦੇਣੀ

ਅੱਗ/ ਸੰਨ੍ਹਮਾਰੀ / ਬੈਗ (ਸਾਮਾਨ)/ ਕੱਚ ਪਲੇਟ / ਦ੍ਰਿੜ੍ਹਤਾ ਗਾਰੰਟੀ / ਕਾਮਿਆਂ ਲਈ ਮੁਆਵਜ਼ਾ ਅਤੇ ਪਬਲਿਕ ਦੇਣਦਾਰੀ ਪਾਲਸੀਆਂ (ਅੱਗੇ ਪਾਠ ਵਿੱਚ ਜਾਣਕਾਰੀ ਹੈ) ਨੂੰ ਵੱਖਰੇ ਤੌਰ ਉੱਤੇ ਲਿਆ ਜਾ ਸਕਦਾ ਹੈ।

ਅੱਤਵਾਦ ਸੁਰੱਖਿਆ ਵੀ ਵਧਾਇਆ ਜਾ ਸਕਦਾ ਹੈ। ਅਲਹਿਦਗੀਆਂ ਘਰ-ਬਾਰ ਦੇ ਬੀਮੇ ਦੇ ਵਾਂਗ ਹੀ ਹਨ।

---

## E. ਘਰ-ਬਾਰ ਰੱਖਣ ਵਾਲੇ ਦਾ ਬੀਮਾ

ਘਰੇਲੂ ਬੀਮਾ ਪਾਲਸੀ ਦੇ ਅਧੀਨ ਕਵਰ ਕਾਫ਼ੀ ਵੱਡਾ ਹੁੰਦਾ ਹੈ। ਇਹ ਅਕਸਰ ਇੱਕ ਘਰ ਰੱਖਣ ਵਾਲੇ ਦੀਆਂ ਸਾਰੀਆਂ ਲੋੜਾਂ ਲਈ ਪੈਕੇਜ ਹੁੰਦਾ ਹੈ।

ਬੀਮਾ ਸੁਰੱਖਿਆ ਦਿੱਤੇ ਘਾਟਿਆਂ ਵਿੱਚ ਅੱਗ, ਅਸਮਾਨੀ ਬਿਜਲੀ, ਧਮਾਕੇ, ਅਤੇ ਹਵਾਈ-ਜਹਾਜ਼ ਡਿੱਗਣ / ਟੱਕਰ ਰਾਹੀਂ ਨੁਕਸਾਨ (ਜਿਸ ਨੂੰ FLEXA ਕਹਿੰਦੇ ਹਨ); ਤੂਫਾਨ, ਝੱਖੜ, ਕਾਂਗ ਤੇ ਹੜ੍ਹ (ਜਿਸ ਨੂੰ STFI ਕਿਹਾ ਜਾਂਦਾ ਹੈ); ਅਤੇ ਸੰਨ੍ਹਮਾਰੀ ਹਨ। ਬੀਮਾ ਸੁਰੱਖਿਆ ਕੰਪਨੀ ਤੋਂ ਕੰਪਨੀ ਅਤੇ ਪਾਲਸੀ ਤੋਂ ਪਾਲਸੀ ਮੁਤਾਬਕ ਵੱਖ-ਵੱਖ ਹੋ ਸਕਦੀ ਹੈ।

ਢਾਂਚੇ ਤੋਂ ਇਲਾਵਾ, ਇਹ ਸੰਨ੍ਹਮਾਰੀ, ਭੰਨਤੋੜ, ਨਿੱਜੀ ਸਮਾਨ ਦੀ ਚੋਰੀ ਲਈ ਘਰ ਦੇ ਸਮਾਨ ਵਾਸਤੇ ਸੁਰੱਖਿਆ ਦਿੰਦੀ ਹੈ। ਗਹਿਣੇ, ਜਦੋਂ ਵੀ ਪਾਏ ਜਾਂਦੇ ਹਨ ਜਾਂ ਤਿਜੌਰੀ ਵਿੱਚ ਰੱਖੇ ਜਾਂਦੇ ਹਨ, ਨੂੰ ਵੀ ਘਰ-ਬਾਰ ਬੀਮਾ ਦੇ ਅਧੀਨ ਬੀਮਾ ਸੁਰੱਖਿਆ ਦਿੱਤੀ ਜਾ ਸਕਦੀ ਹੈ। ਘਰੇਲੂ ਤੇ ਬਿਜਲੀ ਦੇ ਸਾਮਾਨ ਵਿੱਚ ਬਿਜਲੀ ਅਤੇ ਮਸ਼ੀਨੀ ਨੁਕਸ ਲਈ ਵੀ ਕਵਰ ਦਿੱਤਾ ਜਾ ਸਕਦਾ ਹੈ।

ਇਸ ਤਰ੍ਹਾਂ, ਘਰ-ਬਾਰ ਰੱਖਣ ਵਾਲੇ ਦਾ ਬੀਮਾ ਪੈਕੇਜ ਨਿੱਜੀ ਸਾਮਾਨ ਗੁੰਮ ਹੋਣ, ਯਾਤਰਾ ਦੌਰਾਨ ਗੁਆਚਣ ਲਈ ਬੀਮਾ ਸੁਰੱਖਿਆ ਦਿੰਦਾ ਹੈ ਜਾਂ ਗੁਆਂਢੀਆਂ/ਮਹਿਮਾਨਾਂ ਲਈ ਦੇਣਦਾਰੀਆਂ ਵੀ ਘਰ-ਬਾਰ ਰੱਖਣ ਵਾਲੇ ਦੇ ਬੀਮਾ ਪੈਕੇਜ ਦਾ ਹਿੱਸਾ ਹੋ ਸਕਦੀਆਂ ਹਨ। ਕੁਝ ਬੀਮਾਕਰਤਾ ਪੈਡਲ ਸਾਈਕਲ, ਨਿੱਜੀ ਦੁਰਘਟਨਾ ਅਤੇ ਕਰਮਚਾਰੀ ਦੇ ਹਰਜਾਨੇ ਲਈ ਵੀ ਬੀਮਾ ਸੁਰੱਖਿਆ ਦਿੰਦੇ ਹਨ।

IRDAI ਨੇ 1 ਅਪਰੈਲ, 2021 - ਭਾਰਤ ਗ੍ਰਹਿ ਰਕਸ਼ਾ ਪਾਲਸੀ ਅਧੀਨ 10 ਸਾਲਾਂ ਦੇ ਸਮੇਂ ਲਈ ਮਿਆਰੀ ਉਤਪਾਦ ਦਾ ਐਲਾਨ ਕੀਤਾ ਹੈ, ਜੋ ਕਿ ਅੱਗ ਅਤੇ ਸੰਬੰਧਿਤ ਸੰਕਟ ਬੀਮਾ ਕਾਰੋਬਾਰਾਂ ਰੱਖਣ ਵਾਲੀਆਂ ਸਾਰੀਆਂ ਜਰਨਲ ਬੀਮਾ ਕੰਪਨੀਆਂ ਵਲੋਂ ਪੇਸ਼ ਕਰਨੀ ਜ਼ਰੂਰੀ ਹੋਵੇਗੀ।

ਭਾਰਤ ਗ੍ਰਹਿ ਰਕਸ਼ਾ (ਘਰੇਲੂ ਇਮਾਰਤ ਤੇ ਘਰੇਲੂ ਸਮੱਗਰੀ ਲਈ) ਪਾਲਸੀ ਕਈ ਸਾਰੇ ਸੰਕਟਾਂ, ਜਿਸ ਵਿੱਚ ਕੁਦਰਤੀ ਆਫ਼ਤਾਂ, ਜੰਗਲ ਤੇ ਝਾੜੀਆਂ ਦੀ ਅੱਗ, ਕਿਸੇ ਵੀ ਕਿਸਮ ਦਾ ਨੁਕਸਾਨ, ਦੰਗੇ, ਹੜਤਾਲ, ਦੋਖੀ ਨੁਕਸਾਨ, ਅੱਤਵਾਦੀ ਵਾਰਦਾਤਾਂ, ਪਾਣੀ ਦੇ ਟੈਂਕ, ਸੰਦਾਂ ਅਤੇ ਪਾਈਪਾਂ ਦਾ ਫੱਟਣਾ ਅਤੇ ਓਵਰਫਲੋਅ ਹੋਣਾ, ਆਟੋਮੈਟਿਕ ਫੁਹਾਰੇ ਇੰਸਟਾਲੇਸ਼ਨ ਤੋਂ ਲੀਕ ਹੋਣ ਅਤੇ ਇੰਝ ਦੀਆਂ ਘਟਨਾਵਾਂ ਵਾਪਰਨ ਦੇ 7 ਦਿਨਾਂ ਵਿੱਚ ਹੋਣ ਵਾਲੀ ਚੋਰੀ ਵਿਰੁੱਧ ਬੀਮਾ ਸੁਰੱਖਿਆ ਦਿੰਦੀ ਹੈ। ਇਹ ਪਾਲਸੀ 1 ਤੋਂ 10 ਸਾਲਾਂ ਦੇ ਸਮੇਂ ਲਈ ਹੋ ਸਕਦੀ ਹੈ।

ਘਰ ਦੀ ਇਮਾਰਤ ਤੋਂ ਇਲਾਵਾ, ਪਾਲਸੀ ਇਮਾਰਤ ਦੀ ਬੀਮਾ ਕਰਵਾਈ ਰਕਮ ਦੇ 20% ਲਈ ਜਰਨਲ ਘਰੇਲੂ ਸਮੱਗਰੀ (ਬਿਨਾਂ ਵੇਰਵੇ ਦਿੱਤੇ ਦੇ) ਲਈ ਬੀਮਾ ਸੁਰੱਖਿਆ ਦਿੰਦੀ ਹੈ, ਜੋ ਕਿ ਵੱਧ ਤੋਂ ਵੱਧ 10 ਲੱਖ ਰੁਪਏ ਹੋ ਸਕਦਾ ਹੈ। ਕੋਈ ਵੀ ਵੇਰਵਿਆਂ ਦਾ ਐਲਾਨ ਕਰਕੇ ਆਮ ਸਮੱਗਰੀ ਲਈ ਵੱਧ ਰਕਮ ਦਾ ਬੀਮਾ ਵੀ ਲੈ ਸਕਦਾ ਹੈ।

ਪਾਲਸੀ ਵਿੱਚ ਦੋ ਚੋਣਵੀਆਂ ਬੀਮਾ ਸੁਰੱਖਿਆਵਾਂ ਦਿੱਤੀ ਜਾਂਦੀ ਹੈ, ਜਿਸ ਵਿੱਚ (i) ਕੀਮਤੀ ਸਮੱਗਰੀ ਜਿਵੇਂ ਕਿ ਗਹਿਣੇ ਤੇ ਕੀਮਤੀ ਮੂਰਤੀਆਂ ਲਈ ਬੀਮਾ (ii) ਬੀਮਤ ਤੇ ਜੀਵਨ-ਸਾਥੀ ਲਈ ਪਾਲਸੀ ਦੇ ਅਧੀਨ ਬੀਮਾ ਕਰਵਾਈ ਸੰਕਟ ਕਰਕੇ ਨਿੱਜੀ ਹਾਦਸਾ ਬੀਮਾ।

ਪਾਲਸੀ ਅੰਡਰ-ਇੰਸ਼ੋਅਰੈਂਸ ਲਈ ਪੂਰਾ ਵੇਵਰ ਦਿੰਦੀ ਹੈ। ਜੇ ਪਾਲਸੀ ਧਾਰਕ ਵਲੋਂ ਐਲਾਨ ਕੀਤੀ ਬੀਮਾ ਕਰਵਾਈ ਰਕਮ ਮਾਮਲੇ ਵਾਲੀ ਜਾਇਦਾਦ ਲਈ ਐਲਾਨ ਤੋਂ ਘੱਟ ਹੈ ਤਾਂ ਪਾਲਸੀ ਧਾਰਕ ਦੇ ਦਾਅਵੇ ਨੂੰ ਉਸ ਅਨੁਪਾਤ ਵਿੱਚ ਨਿਪਟਾਇਆ ਨਹੀਂ ਜਾਵੇਗਾ, ਬਲਕਿ ਐਲਾਨ ਕੀਤੀ ਬੀਮਾ ਕਰਵਾਈ ਰਕਮ ਲਈ ਹੀ ਹੋਵੇਗਾ।

---

## F. ਬੀਮਾ ਕਰਵਾਈ ਰਕਮ ਅਤੇ ਪ੍ਰੀਮੀਅਮ

ਉਦਯੋਗਿਕ ਇਕਾਈਆਂ ਜਾਂ ਦਫ਼ਤਰ ਆਪਣੀ ਸੰਪੱਤੀਆਂ ਦੇ ਮੁੱਲ ਵੇਖਾਉਣ ਲਈ ਅਕਾਊਂਟਸ ਬੁੱਕ (ਵਹੀ-ਖਾਤੇ) ਰੱਖਣਗੇ, ਇਸਕਰਕੇ ਬੀਮਾ ਕੀਤੀ ਰਕਮ ਨੂੰ ਤਹਿ ਕਰਨ ਵਿੱਚ ਮੁਸ਼ਕਿਲ ਨਹੀਂ ਆਵੇਗੀ। ਦੁਕਾਨ ਤੇ ਘਰ ਦੇ ਕੇਸ ਵਿੱਚ ਇਹ ਹਮੇਸ਼ਾ ਸੰਭਵ ਨਹੀਂ ਹੋ ਸਕਦਾ ਹੈ।

ਜਿਵੇਂ ਪਹਿਲਾਂ ਹੀ ਦੱਸਿਆ ਹੈ ਕਿ ਘਰ-ਬਾਰ ਦੇ ਬੀਮੇ ਵਿੱਚ ਆਮ ਤੌਰ ਉੱਤੇ ਬੀਮਾ ਕੀਤੀ ਰਕਮ ਤਹਿ ਕਰਨ ਲਈ ਦੋ ਢੰਗ ਹਨ - ਬਾਜ਼ਾਰੀ ਮੁੱਲ ਅਤੇ ਮੁੜ-ਨਿਰਮਾਣ/ ਬਦਲਣ ਮੁੱਲ।

ਹੋਰ ਵਾਧੂ ਬੀਮਾ ਸੁਰੱਖਿਆ ਜਿਵੇਂ ਕਿ ਧਨ, ਬੈਗ, ਨਿੱਜੀ ਦੁਰਘਟਨਾ ਲਈ, ਪ੍ਰੀਮੀਅਮ ਬੀਮਾ ਕੀਤੀ ਗਈ ਰਕਮ ਅਤੇ ਚੁਣੇ ਗਈ ਬੀਮਾ ਸੁਰੱਖਿਆ ਉੱਤੇ ਨਿਰਭਰ ਕਰੇਗਾ।

ਬੀਮਾ ਕੀਤੀ ਰਕਮ ਨੂੰ ਕਿਵੇਂ ਤਹਿ ਕੀਤਾ ਜਾਂਦਾ ਹੈ?

i. ਆਮ ਤੌਰ ਉੱਤੇ, ਅੱਗੇ ਬੀਮੇ ਲਈ, ਬੀਮਾ ਕੀਤੀ ਰਕਮ ਤਹਿ ਕਰਨ ਦੇ ਦੋ ਢੰਗ ਹਨ। ਇੱਕ ਹੈ ਬਾਜ਼ਾਰੀ ਮੁੱਲ (MV) ਅਤੇ ਦੂਜਾ ਹੈ ਮੁੜ-ਸਥਾਪਨ ਮੁੱਲ (RIV)। M.V. ਦੇ ਕੇਸ ਵਿੱਚ, ਨੁਕਸਾਨ ਹੋਣ ਦੇ ਹਾਲਤ ਵਿੱਚ, ਘਸਾਈ ਨੂੰ ਸੰਪੱਤੀ ਦੀ ਉਮਰ ਮੁਤਾਬਕ ਲਾਗੂ ਕੀਤਾ ਜਾਂਦਾ ਹੈ। ਇਸ ਢੰਗ ਅਧੀਨ, ਬੀਮਤ ਨੂੰ ਜਾਇਦਾਦ ਬਦਲਣ ਲਈ ਲੋੜੀਦੀ ਮਾਤਰਾ ਵਿੱਚ ਭੁਗਤਾਨ ਨਹੀਂ ਕੀਤਾ ਜਾਂਦਾ।

ii. RIV ਢੰਗ ਵਿੱਚ, ਬੀਮਾ ਕੰਪਨੀ ਬੀਮਾ ਕੀਤੀ ਰਕਮ ਦੀ ਹੱਦ ਤੱਕ ਵਿਸ਼ਾ-ਵਸਤੂ ਨੂੰ ਬਦਲਣ ਦੀ ਕੀਮਤ ਦਾ ਭੁਗਤਾਨ ਕਰੇਗੀ। ਇਸ ਢੰਗ ਵਿੱਚ ਕੋਈ ਘਾਟਾ ਨਹੀਂ ਲਗਾਇਆ ਜਾਂਦਾ ਹੈ। ਇੱਕ ਸ਼ਰਤ ਇਹ ਹੈ ਕਿ ਨੁਕਸਾਨੀ ਗਈ ਸੰਪੱਤੀ ਨੂੰ ਦਾਅਵਾ ਲੈਣ ਲਈ ਮੁਰੰਮਤ ਕਰਵਾਉਣਾ/ ਬਦਲਿਆ ਜਾਣਾ ਚਾਹੀਦਾ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ RIV ਢੰਗ ਕੇਵਲ ਅਚੱਲ ਸੰਪੱਤੀ ਲਈ ਹੀ ਮਨਜ਼ੂਰ ਹੈ ਅਤੇ ਹੋਰ ਸੰਪੱਤੀਆਂ ਜਿਵੇਂ ਕਿ ਸਟਾਕ ਅਤੇ ਚਾਲੂ ਸਟਾਕ ਲਈ ਨਹੀਂ ਵਰਤਿਆ ਜਾ ਸਕਦਾ ਹੈ।

ਬਹੁਤੀਆਂ ਪਾਲਸੀਆਂ ਘਰ ਦੇ ਢਾਂਚੇ ਦਾ ਇਸ ਦੇ ਮੁੜ-ਨਿਰਮਾਣ ਲਈ ਬੀਮਾ ਕਰਦੀਆਂ ਹਨ, ਜਿਸ ਨੂੰ 'ਮੁੜ-ਸਥਾਪਨ ਮੁੱਲ' ਕਹਿੰਦੇ ਹਨ (ਅਤੇ ਇਹ 'ਬਾਜ਼ਾਰੀ ਮੁੱਲ' ਨਹੀਂ ਹੁੰਦਾ ਹੈ)। ਮੁੜ-ਨਿਰਮਾਣ ਘਰ ਦੇ ਮੁੜ-ਬਣਾਉਣ ਦੀ

ਕੀਮਤ ਹੈ, ਜੇ ਨੁਕਸਾਨ ਹੋ ਜਾਵੇ। ਦੂਜੇ ਪਾਸੇ ਬਾਜ਼ਾਰੀ ਮੁੱਲ ਜਾਇਦਾਦ ਦੀ ਉਮਰ, ਘਸਾਈ  ਦੇ ਕਾਰਕਾਂ ਉੱਤੇ ਨਿਰਭਰ ਕਰਦਾ ਹੈ।

ਬੀਮਾ ਕੀਤੀ ਰਕਮ ਨੂੰ ਆਮ ਤੌਰ ਉੱਤੇ ਬੀਮਤ ਦੇ ਘਰ ਦੇ ਬਣਾਏ ਗਏ ਖੇਤਰ ਨੂੰ ਪ੍ਰਤੀ ਵਰਗ ਫੁੱਟ ਦੀ ਨਿਰਮਾਣ ਦਰ ਨਾਲ ਗੁਣਾ ਕਰਕੇ ਕੱਢਿਆ ਜਾਂਦਾ ਹੈ। ਘਰ ਦੀ ਸਮੱਗਰੀ - ਫਰਨੀਚਰ, ਘਰ ਦਾ ਸਾਮਾਨ, ਕੱਪੜੇ, ਬਰਤਨ ਆਦਿ - ਦਾ ਮੁੱਲ ਬਾਜ਼ਾਰੀ ਮੁੱਲ, ਜਿਵੇਂ ਕਿ ਘਸਾਈ ਦੇ ਬਾਅਦ ਉਸ ਤਰ੍ਹਾਂ ਦੇ ਸਾਮਾਨ ਦਾ ਮੌਜੂਦਾ ਬਾਜ਼ਾਰੀ ਮੁੱਲ, ਦੇ ਅਧਾਰ ਉੱਤੇ ਹੁੰਦਾ ਹੈ।

ਪ੍ਰੀਮੀਅਮ ਬੀਮਾ ਕੀਤੇ ਮੁੱਲ ਅਤੇ ਲਈ ਗਈ ਬੀਮਾ ਸੁਰੱਖਿਆ ਉੱਤੇ ਨਿਰਭਰ ਹੋਵੇਗੀ।

**ਆਪਣੇ ਆਪ ਨੂੰ ਪਰਖੋ 1**

ਪੈਕੇਜ ਪਾਲਸੀ ਦੇ ਬਾਰੇ ਹੇਠ ਦਿੱਤੇ ਕਥਨਾਂ ਵਿੱਚੋਂ ਕਿਹੜਾ ਸਹੀਂ ਹੈ?

I. ਪੈਕੇਜ ਪਾਲਸੀ ਇੱਕਲੇ ਦਸਤਾਵੇਜ਼ ਦੇ ਅਧੀਨ ਬੀਮਾ ਸੁਰੱਖਿਆਵਾਂ ਦਾ ਸਮੂਹ ਹੈ

II. ਪੈਕੇਜ ਪਾਲਸੀ ਸਿਰਫ਼ ਭੌਤਿਕ ਜਾਇਦਾਦ ਨੂੰ ਹੀ ਬੀਮਾ ਸੁਰੱਖਿਆ ਦਿੰਦਾ ਹੈ ਜਿਵੇਂ ਕਿ ਇਮਾਰਤ

III. ਖਾਸ ਸੰਕਟ ਪਾਲਸੀ ਜਾਂ ਪੈਕੇਜ ਪਾਲਸੀ ਇੱਕੋ ਕੀਮਤ ਉੱਤੇ ਉਪਲੱਬਧ ਹੁੰਦੀਆਂ ਹਨ।

IV. ਕੇਵਲ ਇੱਕ ਖਾਸ ਸੰਕਟ ਪਾਲਸੀ ਹੀ ਖਰੀਦੀ ਜਾ ਸਕਦੀ ਹੈ ਅਤੇ ਪੈਕੇਜ ਪਾਲਸੀਆਂ ਉਪਲੱਬਧ ਨਹੀਂ ਹੁੰਦੀਆਂ ਹਨ।

---

**ਪਰਿਭਾਸ਼ਾ**

ਕੁਝ ਖਾਸ ਪ੍ਰੀਭਾਸ਼ਾਵਾਂ

a) ਸੰਨ੍ਹਮਾਰੀ (Burglary) ਦਾ ਭਾਵ ਹੈ ਬੀਮਤ ਦੀ ਇਮਾਰਤ ਵਿੱਚ ਆਕਰਮਣਸ਼ੀਲ ਅਤੇ ਫੜਨਯੋਗ ਢੰਗਾਂ ਨਾਲ ਉਥੇ ਸਮਗੱਰੀ ਚੋਰੀ ਕਰਨ ਦੀ ਨੀਅਤ ਨਾਲ ਅਣਖਿਆਲੀ ਅਤੇ ਨਾ-ਪ੍ਰਮਾਣਿਤ ਦਾਖਲ ਹੋਣਾ ਜਾਂ ਬਾਹਰ ਨਿਕਲਣਾ।

b) ਘਰ-ਉਲੰਘਣ (ਹਾਊਸ-ਬਰੇਕਿੰਗ) ਦਾ ਭਾਵ ਹੈ ਕਿ ਘਰ ਵਿੱਚ ਗੈਰਕਾਨੂੰਨੀ ਢੰਗ ਨਾਲ ਜ਼ੁਰਮ ਕਰਨ ਦੇ ਮਕਸਦ ਨਾਲ ਦਾਖਲ ਹੋਇਆ ਗਿਆ ਹੈ।

c) ਲੁੱਟਮਾਰ (Robbery) ਦਾ ਭਾਵ ਹੈ ਕਿ ਬੀਮਤ ਦੀ ਇਮਾਰਤ ਵਿੱਚੋਂ ਬੀਮਤ ਅਤੇ / ਜਾਂ ਬੀਮਤ ਦੇ ਮੁਲਾਜ਼ਮਾਂ ਦੇ ਵਿਰੁਧ ਆਕਰਮਣਸ਼ੀਲ ਅਤੇ ਹਿੰਸਾਤਮਿਕ ਢੰਗਾਂ ਨਾਲ ਸਮੱਗਰੀ ਚੋਰੀ ਕਰਨਾ ਹੈ।

d) ਤਿਜੋਰੀ (ਸੇਫ਼) ਦਾ ਭਾਵ ਬੀਮਤ ਦੀ ਇਮਾਰਤ ਵਿੱਚ ਕੀਮਤੀ ਚੀਜ਼ਾਂ ਨੂੰ ਸੁਰੱਖਿਅਤ ਤੌਰ ਉੱਤੇ ਸੰਭਾਲਣ ਵਾਲੇ ਮਜ਼ਬੂਤ ਸੰਦੂਕ ਤੋਂ ਹੈ, ਜਿਸ ਨੂੰ ਵਰਤਣ ਦੀ ਆਗਿਆ ਸੀਮਿਤ ਹੁੰਦੀ ਹੈ।

e) ਚੋਰੀ ਸਭ ਜ਼ੁਰਮਾਂ ਲਈ ਸਾਂਝਾ ਸ਼ਬਦ ਹੈ, ਜਿਸ ਵਿੱਚ ਕੋਈ ਵਿਅਕਤੀ ਕਿਸੇ ਹੋਰ ਦੀ ਜਾਇਦਾਦ ਨੂੰ ਜਾਣ-ਬੁੱਝ ਕੇ ਅਤੇ ਧੋਖੇ ਨਾਲ ਬਿਨਾਂ ਉਸ ਦੀ ਆਗਿਆ ਜਾਂ ਸਹਿਮਤੀ ਲਏ ਲੈਂਦਾ ਹੈ ਅਤੇ ਇਸ ਨੂੰ ਆਪਣੀ ਵਰਤੋਂ ਲਈ ਬਦਲਣ ਜਾਂ ਵੇਚਣ ਦੀ ਕੋਸ਼ਿਸ਼ ਕਰਦਾ ਹੈ। ਚੋਰੀ (theft) ਦਾ ਸਾਮਾਨਅਰਥ larceny ਹੈ।

---

**ਆਪਣੇ ਆਪ ਨੂੰ ਪਰਖੋ 2**

ਦੁਕਾਨਕਾਰ ਪੈਕੇਜ ਪਾਲਸੀ ਦੇ ਤਹਿਤ, ਬੀਮਤ ਵਾਧੂ 'ਪਲੇਟ ਕੱਚ ਲਗਾਉਣ ਅਤੇ ਨਿਰੋਗਤਾ ਫਿੱਟ ਕਰਨ' ਬੀਮਾ ਸੁਰੱਖਿਆ ਦੀ ਚੋਣ ਵੀ ਕਰ ਸਕਦਾ ਹੈ। ਇਸ ਵਿੱਚ ਦੁਰਘਟਨਾ ਦੇ ਕਰਕੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਹੇਠ ਦਿੱਤਿਆਂ ਵਿੱਚੋਂ ਕਿਸ ਨੂੰ ਦਿੱਤੀ ਜਾਵੇਗੀ?

I. ਲਗਾਈ ਕੱਚ ਦੀ ਪਲੇਟ

II. ਨਿਰੋਗਤਾ (ਸੈਂਟਰੀ ਫਿੱਟਿੰਗ)

III. ਨਿਓਨ ਨਿਸ਼ਾਨ

IV. ਉਪਰੋਕਤ ਸਭ

---

## G. ਮੋਟਰ ਬੀਮਾ

ਇਸ ਸਥਿਤੀ ਬਾਰੇ ਸੋਚੋ: ਰੇਵਾਥੀ ਨੇ ਆਪਣੀ ਸਾਰੀ ਬੱਚਤ ਨਾਲ ਨਵੀਂ ਕਾਰ ਖਰੀਦੀ ਹੈ ਅਤੇ ਇਸ ਨੂੰ ਚਲਾਉਣ ਜਾਂਦੀ ਹੈ। ਬਾਹਰ ਕਿਥੇ ਸਾਹਮਣੇ ਕੁੱਤਾ ਆ ਜਾਂਦਾ ਹੈ ਅਤੇ ਉਸ ਵਿੱਚ ਵੱਜਣ ਤੋਂ ਬਚਾਉਣ ਲਈ, ਰੇਵਤੀ ਤੇਜ਼ੀ ਨਾਲ ਘੁੰਮਦੀ ਹੈ, ਬਰੇਕ ਲਾਂਦੀ ਹੈ ਅਤੇ ਡਿਵਾਈਡਰ ਦੇ ਉੱਪਰ ਜਾਂਦੀ ਹੈ, ਇੱਕ ਹੋਰ ਕਾਰ ਨਾਲ ਟਕਰਾ ਜਾਂਦੀ ਹੈ ਅਤੇ ਸੜਕ 'ਤੇ ਚੱਲ ਰਹੇ ਇੱਕ ਵਿਅਕਤੀ ਨੂੰ ਜ਼ਖਮੀ ਕਰ ਦਿੰਦੀ ਹੈ। ਇੱਕ ਇੱਕਲੀ ਦੁਰਘਟਨਾ ਦੇ ਨਤੀਜੇ ਕਰਕੇ ਰੇਵਾਥੀ ਦੀ ਆਪਣੀ ਕਾਰ, ਪਬਲਿਕ ਜਾਇਦਾਦ, ਹੋਰ ਕਾਰ ਦੇ ਨੁਕਸਾਨ ਦੇ ਨਾਲ ਨਾਲ ਹੋਰ ਵਿਅਕਤੀ ਕਾਰਨ ਫੱਟੜ ਵੀ ਹੋ ਗਿਆ ਹੈ।

ਇਸ ਹਾਲਤ ਵਿੱਚ ਜੇ ਰੇਵਾਥੀ ਕੋਲ ਕਾਰ ਬੀਮਾ ਨਹੀਂ ਹੈ ਤਾਂ ਉਸ ਨੂੰ ਆਪਣੀ ਖਰੀਦੀ ਕਾਰ ਨਾਲੋਂ ਵੱਧ ਭੁਗਤਾਨ ਵੀ ਕਰਨਾ ਪੈ ਸਕਦਾ ਹੈ।

✓ ਰੇਵਾਥੀ ਜਾਂ ਇਸ ਵਰਗੇ ਲੋਕਾਂ ਨੂੰ ਕਿੰਨਾ ਧਨ ਭੁਗਤਾਨ ਕਰਨਾ ਪਵੇਗਾ?

✓ ਕੀ ਹੋਰ ਧਿਰ ਦਾ ਬੀਮਾ ਰੇਵਾਥੀ ਦੀ ਕਾਰਵਾਈਆਂ ਲਈ ਭੁਗਤਾਨ ਕਰੇਗਾ?

✓ ਕੀ ਹੋਵੇਗਾ, ਜੇ ਉਹਨਾਂ ਕੋਲ ਬੀਮਾ ਨਹੀਂ ਹੈ?

ਇਸਕਰਕੇ ਦੇਸ਼ ਦੇ ਕਾਨੂੰਨ ਨੇ ਸੁਤੰਤਰ ਧਿਰ ਦੇਣਦਾਰੀ ਬੀਮਾ ਕਰਵਾਉਣਾ ਜ਼ਰੂਰੀ ਕਰ ਦਿੱਤਾ ਹੈ। ਜਦੋਂ ਕਿ ਮੋਟਰ ਬੀਮਾ ਇਹ ਚੀਜ਼ਾਂ ਨੂੰ ਹੋਣ ਤੋਂ ਨਹੀਂ ਰੋਕਦਾ ਹੈ, ਇਹ ਮਾਲਕ ਨੂੰ ਵਿੱਤੀ ਸੁਰੱਖਿਆ ਦਿੰਦਾ ਹੈ।

ਹਾਦਸੇ ਤੋਂ ਬਿਨਾਂ, ਮਾਲਕ ਦੀ ਕਾਰ ਚੋਰੀ ਹੋ ਸਕਦੀ ਹੈ, ਹਾਦਸੇ ਵਿੱਚ ਨੁਕਸਾਨੀ ਜਾ ਸਕਦੀ ਹੈ ਜਾਂ ਅੱਗ ਵਿੱਚ ਨਸ਼ਟ ਹੋ ਸਕਦਾ ਹੈ ਅਤੇ ਮਾਲਕ ਦਾ ਵਿੱਤੀ ਘਾਟਾ ਪੈ ਸਕਦਾ ਹੈ।

ਮੋਟਰ ਬੀਮਾ ਵਾਹਨ ਮਾਲਕ ਵਲੋਂ ਲਿਆ ਜਾਣਾ ਚਾਹੀਦਾ ਹੈ (ਜਿਵੇਂ ਕਿ ਦਾ ਵਾਹਨ ਭਾਰਤ ਵਿੱਚ ਖੇਤਰੀ ਟਰਾਂਸਪੋਰਟ ਦਫ਼ਤਰ ਕੋਲ ਦੇ ਜਿਸ ਦੇ ਨਾਂ ਉੱਤੇ ਰਜਿਸਟਰ ਹੋਵੇ।)

| ਮਹੱਤਵਪੂਰਨ |
|---|

ਲਾਜ਼ਮੀ ਸਤੰਤਰ ਧਿਰ ਬੀਮਾ

ਮੋਟਰ ਵਾਹਨ ਐਕਟ, 1988 ਦੇ ਤਹਿਤ, ਇਹ ਲਾਜ਼ਮੀ ਹੈ ਕਿ ਪਬਲਿਕ ਸੜਕਾਂ ਉੱਤੇ ਚਲਾਉਣ ਵਾਲੇ ਹਰੇਕ ਵਾਹਨ ਦੇ ਮਾਲਕ ਨੂੰ ਬੀਮਾ ਪਾਲਸੀ ਲੈਣੀ ਜ਼ਰੂਰੀ ਹੈ, ਜੋ ਕਿ ਉਸ ਰਕਮ ਲਈ ਬੀਮਾ ਸੁਰੱਖਿਆ ਦੇਵੇ, ਜਿਸ ਲਈ ਮਾਲਕ ਕਾਨੂੰਨੀ ਤੌਰ ਉੱਤੇ ਸੁਤੰਤਰ ਧਿਰ ਨੂੰ ਦੁਰਘਟਨਾ ਮੌਤ, ਗੰਭੀਰ ਰੂਪ ਵਿੱਚ ਫੱਟੜ ਜਾਂ ਜਾਇਦਾਦ ਦੇ ਹੋਏ ਨੁਕਸਾਨ ਨੂੰ ਦੇਣ ਲਈ ਜ਼ਿੰਮੇਵਾਰ ਹੈ। ਬੀਮੇ ਦਾ ਸਰਟੀਫਿਕੇਟ ਇੰਝ ਦੇ ਬੀਮੇ ਦੇ ਸਬੂਤ ਵਜੋਂ ਹਮੇਸ਼ਾ ਵਾਹਨ ਦੇ ਵਿੱਚ ਹੋਣਾ ਚਾਹੀਦਾ ਹੈ।

1. ਮੋਟਰ ਬੀਮਾ ਸੁਰੱਖਿਆ

ਦੇਸ਼ ਕੋਲ ਵੱਡੀ ਗਿਣਤੀ ਵਿੱਚ ਵਾਹਨ ਹਨ। ਹਰ ਰੋਜ਼ ਵੱਡੀ ਗਿਣਤੀ ਵਿੱਚ ਨਵੇਂ ਵਾਹਨ ਆ ਰਹੇ ਹਨ। ਉਹਨਾਂ ਵਿੱਚੋਂ ਬਹੁਤੇ ਕੀਮਤੀ ਵੀ ਹਨ। ਭਾਰਤ ਵਿੱਚ ਲੋਕ ਕਹਿੰਦੇ ਹਨ ਕਿ ਵਾਹਨਾਂ ਨੂੰ ਕਬਾੜ ਵਿੱਚ ਭੇਜਿਆ ਜਾਂਦਾ ਹੈ, ਬਲਕਿ ਅੱਗੇ ਦੀ ਅੱਗੇ ਵੀ ਵੇਚਿਆ ਜਾਂਦਾ ਹੈ। ਇਸ ਦਾ ਭਾਵ ਹੈ ਕਿ ਪੁਰਾਣੇ ਵਾਹਨ ਸੜਕਾਂ ਉੱਤੇ ਚੱਲਦੇ ਹੀ ਰਹਿੰਦੇ ਹਨ ਅਤੇ ਹੋਰ ਨਵੇਂ ਆਉਂਦੇ ਜਾਂਦੇ ਹਨ। ਵਾਹਨਾਂ ਦੀ ਗਿਣਤੀ ਦੇ ਮੁਤਾਬਕ ਸੜਕਾਂ ਦਾ ਖੇਤਰ (ਗੱਡੀਆਂ ਚਲਾਉਣ ਦੀ ਥਾਂ) ਵੱਧ ਨਹੀਂ ਰਿਹਾ ਹੈ। ਸੜਕਾਂ ਉੱਤੇ ਚੱਲਣ ਵਾਲੇ ਲੋਕ ਵੀ ਵੱਧ ਰਹੇ ਹਨ। ਪੁਲਿਸ ਅਤੇ ਹਸਪਤਾਲਾਂ ਦੇ ਅੰਕੜੇ ਕਹਿੰਦੇ ਹਨ ਕਿ ਦੇਸ਼ ਵਿੱਚ ਸੜਕ ਦੁਰਘਟਨਾਵਾਂ ਦੀ ਗਿਣਤੀ ਵੱਧ ਰਹੀ ਹੈ। ਕਾਨੂੰਨੀ ਅਦਾਲਤਾਂ ਰਾਹੀਂ ਦੁਰਘਟਨਾ ਦੇ ਸ਼ਿਕਾਰਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਦੀ ਰਕਮ ਵੱਧ ਰਹੀ ਹੈ। ਹਰ ਵਾਹਨ ਦੀ ਮੁਰੰਮਤ ਦਾ ਖਰਚਾ ਵੀ ਵੱਧ ਰਿਹਾ ਹੈ। ਦੇਸ਼ ਵਿੱਚ ਇਹ ਸਭ ਮੋਟਰ ਬੀਮੇ ਦੀ ਮਹੱਤਤਾ ਨੂੰ ਦਰਸਾਉਂਦਾ ਹੈ।

ਮੋਟਰ ਬੀਮੇ ਵਿੱਚ ਵਾਹਨ ਦੇ ਗੁਆਚਣ ਅਤੇ ਦੁਰਘਟਨਾਵਾਂ ਤੇ ਕੁਝ ਹੋਰ ਕਾਰਨਾਂ ਕਰਕੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਹੁੰਦੀ ਹੈ। ਮੋਟਰ ਬੀਮਾ ਮਾਲਕਾਂ ਦੇ ਵਾਹਨ ਰਾਹੀਂ ਦੁਰਘਟਨਾ ਦੇ ਸ਼ਿਕਾਰ ਹੋਏ ਵਿਅਕਤੀਆਂ ਨੂੰ ਉਹਨਾਂ ਦੇ ਮੁਆਵਜ਼ਾ ਦੇਣ ਦੀ ਕਾਨੂੰਨੀ ਦੇਣਦਾਰੀ ਲਈ ਵੀ ਬੀਮਾ ਸੁਰੱਖਿਆ ਦਿੰਦਾ ਹੈ।

ਸਰਕਾਰ ਦੀ ਪਾਬੰਦੀ ਦੇ ਬਾਵਜੂਦ ਦੇਸ਼ ਵਿੱਚ ਸਭ ਵਾਹਨਾਂ ਦਾ ਬੀਮਾ ਨਹੀਂ ਹੈ।

ਮੋਟਰ ਬੀਮਾ ਪਬਲਿਕ ਸੜਕਾਂ ਉੱਤ ਚੱਲਣ ਵਾਲੇ ਸਭ ਕਿਸਮ ਦੇ ਵਾਹਨਾਂ ਲਈ ਸੁਰੱਖਿਆ ਦਿੰਦਾ ਹੈ:

- ✓ ਦੋ ਪਹੀਏ
- ✓ ਪ੍ਰਾਈਵੇਟ ਕਾਰ
- ✓ ਸਭ ਕਿਸਮ ਦੇ ਕਾਰੋਬਾਰੀ ਵਾਹਨ: ਸਾਮਾਨ ਢੋਣ ਅਤੇ ਯਾਤਰੀ ਲੈ ਕੇ ਜਾਣ ਵਾਲੇ
- ✓ ਵਾਹਨਾਂ ਦੀ ਫੁਟਕਲ ਕਿਸਮ ਜਿਵੇਂ ਕਰੇਨ
- ✓ ਮੋਟਰ ਵਪਾਰ (ਸ਼ੋਅਰੂਮ ਅਤੇ ਗੈਰਾਜ ਵਿੱਚ ਵਾਹਨ)

**'ਸੁਤੰਤਰ ਧਿਰ ਬੀਮਾ**

ਬੀਮਾ ਪਾਲਸੀ ਸੁਤੰਤਰ ਧਿਰ ਦੀਆਂ ਕਾਨੂੰਨੀ ਕਾਰਵਾਈਆਂ ਦੇ ਵਿਰੁਧ ਖਰੀਦੀ ਜਾਂਦੀ ਹੈ। ਸੁਤੰਤਰ-ਧਿਰ ਬੀਮਾ ਬੀਮਤ (ਪਹਿਲੀ ਧਿਰ) ਵਲੋਂ ਬੀਮਾ ਕੰਪਨੀ (ਦੂਜੀ ਧਿਰ) ਤੋਂ ਖਰੀਦਿਆ ਜਾਂਦਾ ਹੈ ਤਾਂ ਕਿ ਹੋਰ ਧਿਰ ਦੇ ਦਾਅਵਿਆਂ (ਸੁਤੰਤਰ ਧਿਰ) ਵਲੋਂ ਬੀਮਤ ਉੱਤੇ ਦੇਣਦਾਰੀਆਂ ਲਈ ਕਾਰਵਾਈ ਲਈ ਸੁਰੱਖਿਆ ਮਿਲੇ।

ਸੁਤੰਤਰ ਧਿਰ ਬੀਮੇ ਨੂੰ 'ਦੇਣਦਾਰੀ ਬੀਮਾ ਵੀ ਕਹਿੰਦੇ ਹਨ।

ਬਾਜ਼ਾਰ ਵਿੱਚ ਬੀਮਾ ਸੁਰੱਖਿਆ ਦੀਆਂ ਦੋ ਮਹੱਤਵਪੂਰਨ ਕਿਸਮ ਬਾਰੇ ਵੇਰਵਾ ਹੇਠ ਦਿੱਤਾ ਹੈ:

ਐਕਟ [ਦੇਣਦਾਰੀ] ਕੇਵਲ ਪਾਲਸੀ: ਮੋਟਰ ਵਾਹਨ ਐਕਟ ਦੇ ਮੁਤਾਬਕ, ਕਿਸੇ ਵੀ ਪਬਲਿਕ ਥਾਂ ਉੱਤੇ ਚੱਲਣ ਵਾਲੇ ਵਾਹਨ ਲਈ ਸੁਤੰਤਰ ਧਿਰ ਦੀ ਦੇਣਦਾਰੀ ਵੱਲ ਬੀਮਾ ਕਰਵਾਉਣਾ ਜ਼ਰੂਰੀ ਹੈ।

ਪਾਲਸੀ ਕੇਵਲ ਵਾਹਨ ਮਾਲਕ ਦੀ ਕਾਨੂੰਨੀ ਦੇਣਦਾਰੀ ਦਾ ਭੁਗਤਾਨ ਮੁਆਵਜ਼ੇ ਦੇ ਰੂਪ ਵਿੱਚ ਕਰੇਗੀ:

- ✓ ਸੁਤੰਤਰ ਧਿਰ ਸਰੀਰਿਕ ਸੱਟਾਂ ਜਾਂ ਮੌਤ
- ✓ ਸੁਤੰਤਰ ਧਿਰ ਜਾਇਦਾਦ ਨੁਕਸਾਨ

ਦੇਣਦਾਰੀ ਮੌਤ ਜਾਂ ਸੱਟ ਅਤੇ ਨੁਕਸਾਨ ਦੇ ਸਬੰਧੀ ਬੇਅੰਤ ਰਕਮ ਲਈ ਬੀਮਾ ਸੁਰੱਖਿਆ ਹੁੰਦੀ ਹੈ।

ਮੋਟਰ ਦੁਰਘਟਨਾ ਰਾਹੀਂ ਮੌਤ ਜਾਂ ਸੱਟ ਲੱਗਣ ਨਾਲ ਸੁਤੰਤਰ ਧਿਰ ਦੇ ਸ਼ਿਕਾਰ ਹੋਏ ਵਿਅਕਤੀ ਲਈ ਮੁਆਵਜ਼ੇ ਦੇ ਦਾਅਵੇ ਨੂੰ ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ (ਐਮਏਸੀਟੀ) ਕੋਲ ਸ਼ਿਕਾਇਤ ਕਰਨ ਵਲੋਂ ਭਰਿਆ ਜਾਂਦਾ ਹੈ।

**'ਲਾਜ਼ਮੀ ਨਿੱਜੀ ਹਾਦਸਾ (CPA) ਬੀਮਾ**

IRDAI ਨੇ 1 ਜਨਵਰੀ 2019 ਤੋਂ ਪ੍ਰਭਾਵੀ ਹੋ ਕੇ ਮਾਲਕ-ਡਰਾਇਵਰ ਲਈ ਇਕੱਲਾ ਲਾਜ਼ਮੀ ਹਾਦਸਾ ਕਵਰ ਜਾਰੀ ਕਰਨ ਦੀ ਇਜਾਜ਼ਤ ਦਿੱਤੀ ਹੈ। ਕਵਰ ਮਾਲਕ-ਡਰਾਇਵਰ ਨੂੰ ਦਿੱਤਾ ਜਾਂਦਾ ਹੈ, ਜੋ ਕਿ ਵਾਹਨ ਨੂੰ ਚਲਾਉਂਦਾ ਹੈ, ਜਿਸ ਵਿੱਚ ਮਾਊਂਟ ਕਰਨ ਜਾਂ ਬੀਮਾ ਕਰਵਾਏ ਵਾਹਨ ਨੂੰ ਸਹਿ-ਡਰਾਇਵਰ ਦੇ ਵਜੋਂ ਯਾਤਰਾ ਲਈ ਵਰਤਦਾ ਹੈ। ਪਰ

ਪਾਲਸੀਧਾਰਕ ਸਿਰਫ਼ ਦੇਣਦਾਰੀ ਪਾਲਸੀ ਜਾਂ ਪੈਕੇਜ ਪਾਲਸੀ ਦੇ ਹਿੱਸੇ ਵਜੋਂ CPA ਕਵਰ ਨਾ ਵਰਤਣ ਦੀ ਚੋਣ ਕਰ ਸਕਦਾ ਹੈ। ਜੇ ਪਾਲਸੀਧਾਰਕ ਸਿਰਫ਼ ਇਕੱਲੀ CPA ਪਾਲਸੀ ਲੈਣ ਦੀ ਚੋਣ ਕਰਦਾ ਹੈ ਤਾਂ CPA ਕਵਰ ਸਿਰਫ਼ ਦੇਣਦਾਰੀ ਦੇ ਹਿੱਸਾ ਵਜੋਂ ਪੇਸ਼ ਕੀਤਾ ਜਾਂਦਾ ਹੈ ਜਾਂ ਪੈਕੇਜ ਪਾਲਸੀ ਨੂੰ ਹਟਾ ਦਿੱਤਾ ਜਾਵੇਗਾ।

**ਪੈਕੇਜ / ਵਿਆਪਕ ਪਾਲਸੀ: (ਆਪਣਾ ਨੁਕਸਾਨ + ਤੀਜੀ ਧਿਰ ਦੇਣਦਾਰੀ)**

ਉੱਤੇ ਦਿੱਤੇ ਤੋਂ ਬਿਨਾਂ, ਖਾਸ ਸੰਕਟਾਂ ਰਾਹੀਂ ਵਾਹਨ ਦਾ ਗੁਆਚਣ ਜਾਂ ਨੁਕਸਾਨ ਹੋਣ (ਜਿਸ ਨੂੰ ਮੋਟਰ ਵਾਹਨ ਨੂੰ ਆਪਣਾ ਨੁਕਸਾਨ ਵੀ ਕਹਿੰਦੇ ਹਨ) ਲਈ ਵੀ ਪਾਲਸੀ ਵਿੱਚ ਐਲਾਨੇ ਮੁੱਲ (ਜਿਸ ਨੂੰ ਆਈਡੀਵੀ ਕਹਿੰਦੇ ਹਨ) ਹੋਰ ਨਿਯਮ ਤੇ ਸ਼ਰਤਾਂ ਦੇ ਤਹਿਤ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ। ਇਹ ਸੰਕਟਾਂ ਵਿੱਚ ਕੁਝ ਅੱਗ, ਚੋਰੀ, ਦੰਗੇ ਤੇ ਹੜਤਾਲ, ਭੁਚਾਲ, ਹੜ੍ਹ, ਦੁਰਘਟਨਾ ਆਦਿ ਸ਼ਾਮਿਲ ਹਨ।

ਕੁਝ ਬੀਮਾ ਕਰਤਾ ਦੁਰਘਟਨਾ ਥਾਂ ਤੋਂ ਵਰਕਸ਼ਾਪ ਤੱਕ ਖਿੱਚ ਕੇ ਲੈ ਜਾਣ ਲਈ ਵੀ ਭੁਗਤਾਨ ਕਰਦੇ ਹਨ। ਅੱਗ ਅਤੇ / ਜਾਂ ਚੋਰੀ ਦੇ ਜੋਖਿਮ ਲਈ ਸੁਰੱਖਿਆ ਦੇਣ ਵਾਲੀ ਸੀਮਿਤ ਬੀਮਾ ਸੁਰੱਖਿਆ ਵੀ ਉਪਲੱਬਧ ਹੈ, ਜੋ ਕਿ ਐਕਟ (ਦੇਣਦਾਰੀ) ਕੇਵਲ ਪਾਲਸੀ ਦੇ ਅਧੀਨ ਦਿੱਤੇ ਜਾਂਦੀ ਲਾਜ਼ਮੀ ਬੀਮਾ ਸੁਰੱਖਿਆ ਤੋਂ ਬਿਨਾਂ ਹੈ।

ਪਾਲਸੀ ਵਾਹਨ ਵਿੱਚ ਲੱਗੇ ਹੋਰ ਸਾਮਾਨ (ਅਸੈਸਰੀਜ਼) ਦੇ ਖਰਾਬ ਹੋਣ, ਯਾਤਰੀਆਂ ਲਈ ਪ੍ਰਾਈਵੇਟ ਕਾਰ ਪਾਲਸੀਆਂ ਅਧੀਨ ਨਿੱਜੀ ਦੁਰਘਟਨਾ ਬੀਮਾ ਸੁਰੱਖਿਆ, ਕਿਰਾਏ ਦੇ ਡਰਾਇਵਰ; ਕਾਰੋਬਾਰੀ ਵਹੀਕਲਾਂ ਵਿੱਚ ਮੁਲਾਜ਼ਮ ਅਤੇ ਨਾ-ਕਿਰਾਇਆ ਦੇਣ ਵਾਲੇ ਯਾਤਰੀਆਂ ਲਈ ਕਾਨੂੰਨੀ ਦੇਣਦਾਰੀ ਲਈ ਵੀ ਬੀਮਾ ਸੁਰੱਖਿਆ ਦਿੰਦੀ ਹੈ। ਬੀਮਾਕਰਤਾ ਵਾਹਨ ਖਰਾਬ ਹੋਣ ਦੇ ਕੇਸ ਵਿੱਚ ਮੁਫ਼ਤ ਐਮਰਜੈਂਸੀ ਸੇਵਾਵਾਂ ਜਾਂ ਬਦਲਵੀ ਕਾਰ ਵਰਤਣ ਲਈ ਵੀ ਦਿੰਦੇ ਹਨ।

**2. ਅਲਹਿਦਾ**

ਪਾਲਸੀ ਵਿੱਚ ਕੁਝ ਮਹੱਤਵਪੂਰਨ ਅਲਹਿਦਗੀਆਂ ਘਸਾਈ, ਖਰਾਬ ਹੋਣਾ, ਨਤੀਜੇ ਵਲੋਂ ਹੋਣ ਵਾਲੇ ਘਾਟੇ ਅਤੇ ਗਲਤ ਡਰਾਇਵਿੰਗ ਲਾਈਸੈਂਸ ਜਾਂ ਸ਼ਰਾਬ ਦੇ ਨਸ਼ੇ ਕਰਕੇ ਗੱਡੀ ਚਲਾਉਣ ਕਰਕੇ ਹੋਣ ਵਾਲੇ ਘਾਟੇ ਸ਼ਾਮਿਲ ਹਨ। ਵਾਹਨ ਨੂੰ `ਵਰਤਣ ਦੀਆਂ ਹੱਦਾਂ ਵਿੱਚ ਨਾਲ ਵਰਤਣ (ਜਿਵੇਂ ਕਿ ਪ੍ਰਾਈਵੇਟ ਕਾਰ ਨੂੰ ਟੈਕਸੀ ਵਜੋਂ ਵਰਤਣਾ) ਲਈ ਬੀਮਾ ਸੁਰੱਖਿਆ ਨਹੀਂ ਦਿੱਤੀ ਜਾਂਦੀ ਹੈ।

**3. ਬੀਮਾ ਕਰਵਾਈ ਰਕਮ ਅਤੇ ਪ੍ਰੀਮੀਅਮ**

ਮੋਟਰ ਪਾਲਸੀ ਵਿੱਚ ਵਾਹਨ ਦੀ ਬੀਮਾ ਕੀਤੀ ਰਕਮ ਨੂੰ ਬੀਮਤ ਦਾ ਐਲਾਨਿਆ ਮੁੱਲ (ਇੰਸ਼ੋਅਰਡਸ ਡਿਕਲੇਅਰਡ ਵੈਲੂ (IDV) ਕਹਿੰਦੇ ਹਨ।

ਵਾਹਨ ਚੋਰੀ ਹੋਣ ਜਾਂ ਦੁਰਘਟਨਾ ਵਿੱਚ ਰਿਪੇਅਰ ਨਾ ਹੋਣ ਸਕਣ ਵਾਲੇ ਕੁੱਲ ਨੁਕਸਾਨ ਹੋਣ ਦੇ ਕੇਸ ਵਿੱਚ, ਦਾਅਵਾ ਕੀਤੀ ਜਾਣ ਵਾਲੀ ਰਕਮ ਨੂੰ ਆਈਡੀਵੀ ਦੇ ਅਧਾਰ ਉੱਤੇ ਕੱਢਿਆ ਜਾਂਦਾ ਹੈ।

ਰੇਟਿੰਗ / ਪ੍ਰੀਮੀਅਮ ਗਣਨਾ ਕਈ ਕਾਰਨਾਂ ਜਿਵੇਂ ਕਿ ਬੀਮਤ ਦੇ ਐਲਾਨੇ ਮੁੱਲ, ਘਣ ਸਮੱਰਥਾ, ਭੂਗੋਲਿਕ ਖੇਤਰ, ਵਾਹਨ ਦੀ ਉਮਰ ਆਦਿ ਉੱਤੇ ਨਿਰਭਰ ਕਰਦੀ ਹੈ।

**ਆਪਣੇ ਆਪ ਨੂੰ ਪਰਖੋ 3**

**ਮੋਟਰ ਬੀਮੇ ਨੂੰ ਕਿਸ ਦੇ ਨਾਂ ਉੱਤੇ ਲਿਆ ਜਾਣਾ ਚਾਹੀਦਾ ਹੈ?**

I. ਵਾਹਨ ਮਾਲਕ ਦੇ ਨਾਂ ਉੱਤੇ, ਜਿਸ ਦਾ ਨਾਂ ਖੇਤਰੀ ਟਰਾਂਸਪੋਰਟ ਦਫ਼ਤਰ ਕੋਲ ਰਜਿਸਟਰ ਹੈ।

II. ਜੇ ਵਾਹਨ ਚਲਾਉਣ ਵਾਲਾ ਵਿਅਕਤੀ ਮਾਲਕ ਤੋਂ ਵੱਖਰਾ ਹੈ ਤਾਂ ਵਿਅਕਤੀ ਦੇ ਨਾਂ ਉੱਤੇ, ਜੋ ਵਾਹਨ ਚਲਾਉਣਾ ਚਾਹੁੰਦਾ ਹੈ, ਜੋ ਕਿ ਖੇਤਰੀ ਟਰਾਂਸਪੋਰਟ ਦਫ਼ਤਰ ਵਲੋਂ ਮਨਜ਼ੂਰੀ ਉੱਤੇ ਨਿਰਭਰ ਹੈ।

III. ਵਾਹਨ ਮਾਲਕ ਦੇ ਕਿਸੇ ਪਰਿਵਾਰਿਕ ਮੈਂਬਰ ਦੇ ਨਾਂ ਉੱਤੇ, ਜਿਸ ਵਿੱਚ ਵਾਹਨ ਮਾਲਕ ਸ਼ਾਮਿਲ ਹੈ, ਜੋ ਕਿ ਖੇਤਰੀ ਟਰਾਂਸਪੋਰਟ ਦਫ਼ਤਰ ਤੋਂ ਮਨਜ਼ੂਰੀ ਮਿਲਣ ਉੱਤੇ ਨਿਰਭਰ ਹੈ।

IV. ਜੇ ਵਿਅਕਤੀ, ਜੋ ਕਿ ਵਾਹਨ ਨੂੰ ਚਲਾਏਗਾ, ਮਾਲਕ ਤੋਂ ਬਿਨਾਂ ਹੋਰ ਹੈ ਤਾਂ ਮੁੱਢਲੀ ਪਾਲਸੀ ਵਾਹਨ ਮਾਲਕ ਦੇ ਨਾਂ ਉੱਤੇ ਹੋਵੇਗੀ ਅਤੇ ਵਾਹਨ ਚਲਾਉਣ ਵਾਲੇ ਲੋਕਾਂ ਦੇ ਨਾਂ ਉੱਤੇ ਵਾਧੂ ਪਾਲਸੀਆਂ ਖਰੀਦਣੀਆਂ ਚਾਹੀਦੀਆਂ ਹਨ।

**ਸਾਰ**

a) ਘਰ-ਬਾਰ ਦੀ ਬੀਮਾ ਪਾਲਸੀ ਕੇਵਲ ਪਾਲਸੀ ਵਿੱਚ ਦਿੱਤੇ ਸੰਕਟ ਜਾਂ ਘਟਨਾਵਾਂ ਤੋਂ ਬੀਮਤ ਦੀ ਜਾਇਦਾਦ ਨੂੰ ਹੋਣ ਵਾਲੇ ਘਾਟਿਆਂ ਲਈ ਬੀਮਾ ਸੁਰੱਖਿਆ ਦਿੰਦੀ ਹੈ। ਸੁਰੱਖਿਆ ਦਿੱਤੇ ਗਏ ਸੰਕਟਾਂ ਬਾਰੇ ਸਪਸ਼ਟ ਕੀਤਾ ਜਾਂਦਾ ਹੈ।

b) ਘਰ-ਬਾਰ ਦੀ ਬੀਮਾ ਪਾਲਸੀ ਵਿੱਚ ਇਮਾਰਤ ਅਤੇ ਇਸ ਦੀ ਸਮੱਗਰੀ ਨੂੰ ਅੱਗ, ਦੰਗੇ, ਪਾਈਪਾਂ ਦਾ ਫੱਟਣਾ, ਭੁਚਾਲ ਆਦਿ ਲਈ ਬੀਮਾ ਸੁਰੱਖਿਆ ਹੁੰਦੀ ਹੈ। ਇਮਾਰਤ ਤੋਂ ਬਿਨਾਂ, ਇਸ ਵਿੱਚ ਸਮਾਨ ਦੀ ਚੋਰੀ, ਸੰਨ੍ਹਮਾਰੀ ਲਈ ਬੀਮਾ ਸੁਰੱਖਿਆ ਹੁੰਦੀ ਹੈ।

c) ਪੈਕੇਜ ਬੀਮਾ ਸੁਰੱਖਿਆ ਕਈ ਬੀਮਾ ਸੁਰੱਖਿਆ ਇੱਕਠੀਆਂ ਇੱਕ ਇੱਕਲੇ ਦਸਤਾਵੇਜ਼ ਦੇ ਅਧੀਨ ਦਿੰਦਾ ਹੈ।

d) ਘਰ-ਬਾਰ ਬੀਮਾ ਸੁਰੱਖਿਆ ਪਾਲਸੀ ਲਈ ਬੀਮਾ ਕੀਤੀ ਰਕਮ ਤਹਿ ਕਰਨ ਲਈ ਆਮ ਤੌਰ ਉੱਤੇ ਦੋ ਢੰਗ ਹਨ: ਬਾਜ਼ਾਰੀ ਮੁੱਲ (MV) ਅਤੇ ਮੁੜ-ਸਥਾਪਨ ਮੁੱਲ (RIV)।

e) ਦੁਕਾਨਦਾਰ ਦਾ ਬੀਮਾ ਦੁਕਾਨ ਦੇ ਢਾਂਚੇ ਅਤੇ ਸਮੱਗਰੀ ਦੇ ਅੱਗ, ਭੁਚਾਲ, ਹੜ੍ਹਾਂ ਜਾਂ ਦੋਖੀ ਨੁਕਸਾਨ; ਅਤੇ ਚੋਰੀ ਦੇ ਕਰਕੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਦਿੰਦਾ ਹੈ। ਦੁਕਾਨ ਬੀਮੇ ਵਿੱਚ ਕਾਰੋਬਾਰ ਰੁਕਾਵਟ ਸੁਰੱਖਿਆ ਵੀ ਸ਼ਾਮਿਲ ਹੁੰਦੀ ਹੈ।

f) ਮੋਟਰ ਬੀਮੇ ਵਿੱਚ ਵਾਹਨ ਦੇ ਗੁਆਚਣ ਅਤੇ ਦੁਰਘਟਨਾਵਾਂ ਤੇ ਕੁਝ ਹੋਰ ਕਾਰਨਾਂ ਕਰਕੇ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਹੁੰਦੀ ਹੈ। ਮੋਟਰ ਬੀਮਾ ਮਾਲਕਾਂ ਦੇ ਵਾਹਨ ਰਾਹੀਂ ਦੁਰਘਟਨਾ ਦੇ ਸ਼ਿਕਾਰ ਹੋਏ

ਵਿਅਕਤੀਆਂ ਨੂੰ ਉਹਨਾਂ ਦੇ ਮੁਆਵਜ਼ਾ ਦੇਣ ਦੀ ਕਾਨੂੰਨੀ ਦੇਣਦਾਰੀ ਲਈ ਵੀ ਬੀਮਾ ਸੁਰੱਖਿਆ ਦਿੰਦਾ ਹੈ। ਮਾਲਕ-ਡਰਾਇਵਰ, ਜੋ ਕਿ ਵਾਹਨ ਨੂੰ ਚਲਾਉਂਦਾ ਹੈ, ਜਿਸ ਵਿੱਚ ਮਾਊਂਟ ਕਰਨ ਜਾਂ ਬੀਮਾ ਕਰਵਾਏ ਵਾਹਨ ਨੂੰ ਸਹਿ-ਡਰਾਇਵਰ ਦੇ ਵਜੋਂ ਯਾਤਰਾ ਲਈ ਵਰਤਦਾ ਹੈ, ਲਈ ਲਾਜ਼ਮੀ ਨਿੱਜੀ ਹਾਦਸਾ ਬੀਮਾ-ਸੁਰੱਖਿਆ ਹੈ।

## ਮੁੱਖ ਸ਼ਬਦ

a) ਘਰ-ਬਾਰ ਰੱਖਣ ਵਾਲੇ ਦਾ ਬੀਮਾ

b) ਦੁਕਾਨਦਾਰ ਦਾ ਬੀਮਾ

c) ਮੋਟਰ ਬੀਮਾ

## ਸਵੈ ਜਾਂਚ ਦੇ ਜਵਾਬ

ਜਵਾਬ 1 - ਸਹੀ ਚੋਣ I ਹੈ।

ਜਵਾਬ 2- ਸਹੀ ਚੋਣ IV ਹੈ।

ਜਵਾਬ 3 - ਸਹੀ ਚੋਣ I ਹੈ।

# ਪਾਠ G-04

# ਵਪਾਰਕ ਬੀਮਾ

## ਪਾਠ ਜਾਣ-ਪਛਾਣ

ਪਿਛਲੇ ਪਾਠ ਵਿੱਚ ਅਸੀਂ ਕਈ ਕਿਸਮ ਦੇ ਬੀਮਾ ਉਤਪਾਦਾਂ ਬਾਰੇ ਵਿਚਾਰ ਕੀਤਾ ਹੈ, ਜੋ ਕਿ ਵਿਅਕਤੀਗਤ ਅਤੇ ਘਰ-ਬਾਰ ਵਲੋਂ ਮਿਲਣ ਵਾਲੇ ਜੋਖਿਮਾਂ ਲਈ ਬੀਮਾ ਸੁਰੱਖਿਆ ਦਿੰਦੇ ਹਨ। ਇੱਕ ਹੋਰ ਕਿਸਮ ਦੇ ਗਾਹਕਾਂ ਦਾ ਸਮੂਹ ਹੈ, ਜਿਹਨਾਂ ਦੀਆਂ ਹੋਰ ਲੋੜਾਂ ਨੂੰ ਸੁਰੱਖਿਆ ਦੀ ਲੋੜ ਹੁੰਦੀ ਹੈ। ਵਪਾਰਕ ਜਾਂ ਕਾਰੋਬਾਰੀ ਉਦਯੋਗ ਜਾਂ ਕੰਪਨੀਆਂ ਹੁੰਦੀਆਂ ਹਨ, ਜੋ ਕਿ ਕਈ ਕਿਸਮ ਦੇ ਸਾਮਾਨ ਅਤੇ ਸੇਵਾਵਾਂ ਨਾਲ ਜੁੜੇ ਹੁੰਦੇ ਹਨ ਜਾਂ ਕੰਮ ਕਰਦੇ ਹਨ। ਇਸ ਪਾਠ ਵਿੱਚ ਅਸੀਂ ਇਸ ਖੇਤਰ ਵਲੋਂ ਸਾਹਮਣੇ ਕੀਤੇ ਜਾਣ ਵਾਲੇ ਜੋਖਿਮਾਂ ਲਈ ਬੀਮਾ ਸੁਰੱਖਿਆ ਦੇਣ ਵਾਸਤੇ ਉਪਲੱਬਧ ਬੀਮਾ ਉਤਪਾਦਾਂ ਬਾਰੇ ਵਿਚਾਰ ਕਰਾਂਗੇ।

## ਸਿੱਖਣ ਦੇ ਨਤੀਜੇ

ਬੀਮੇ ਦੀਆਂ ਅੱਗੇ ਦਿੱਤੀਆਂ ਕਿਸਮਾਂ ਦੇ ਮੂਲ ਸਿਧਾਂਤਾਂ ਨੂੰ ਸਮਝਣਾ:

A. ਜਾਇਦਾਦ / ਅੱਗ ਬੀਮਾ
B. ਕਾਰੋਬਾਰ ਰੁਕਾਵਟ ਬੀਮਾ
C. ਸੰਨ੍ਹਮਾਰੀ ਬੀਮਾ
D. ਧਨ ਬੀਮਾ
E. ਦ੍ਰਿੜ੍ਹਤਾ (Fidelity ) ਗਾਰੰਟੀ ਬੀਮਾ
F. ਬੈਂਕਰ ਹਰਜਾਨਾ ਬੀਮਾ
G. ਜੌਹਰੀ ਬਲਾਕ ਪਾਲਸੀ
H. ਇੰਜਨੀਅਰਿੰਗ ਬੀਮਾ
I. ਉਦਯੋਗਿਕ ਸਭ ਜ਼ੋਖਿਮ ਬੀਮਾ
J. ਜਹਾਜ਼ੀ ਬੀਮਾ
K. ਦੇਣਦਾਰੀ ਬੀਮਾ ਪਾਲਸੀ

ਇਹ ਪਾਠ ਪੜ੍ਹਨ ਦੇ ਬਾਅਦ ਤੁਸੀਂ ਵਿਚਾਰ ਕੀਤੀਆਂ ਬੀਮੇ ਦੀਆਂ 11 ਕਿਸਮਾਂ ਦੀ ਮਹੱਤਤਾ ਅਤੇ ਮੁੱਢਲੇ ਮਕਸਦ ਨੂੰ ਸਮਝਣ ਦੇ ਸਮਰੱਥ ਹੋਣੇ ਚਾਹੀਦੇ ਹੋ।

## A. ਜਾਇਦਾਦ / ਅੱਗ ਬੀਮਾ

**ਵਪਾਰਿਕ ਉਦਯੋਗਾਂ ਨੂੰ ਮੋਟੇ ਤੌਰ ਉੱਤੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:**

- ✓ **ਛੋਟੇ ਅਤੇ ਮੱਧਮ ਉਦਯੋਗ[SME]**
  - **ਭਾਰਤ ਸੁਕਸ਼ਮਾ ਪਾਲਸੀ**
  - **ਭਾਰਤ ਲਘੂ ਪਾਲਸੀ**
- ✓ **ਵੱਡਾ ਵਪਾਰਕ ਉਦਯੋਗ**
  - **ਮਿਆਰੀ ਅੱਗ ਅਤੇ ਖਾਸ ਸੰਕਟ ਪਾਲਸੀ (SFSP), IAR ਆਦਿ**

**ਇਤਿਹਾਸ ਵਿੱਚ, ਆਮ ਬੀਮਾ ਖੇਤਰ ਇਹਨਾਂ ਗਾਹਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਨਾਲ ਹੀ ਵੱਡੇ ਰੂਪ ਵਿੱਚ ਵਿਕਸਿਤ ਹੋਇਆ ਹੈ।**

**ਵਪਾਰਕ ਉਦਯੋਗਾਂ ਨੂੰ ਜਰਨਲ ਬੀਮਾ ਉਤਪਾਦਾਂ ਵੇਚਣ ਲਈ ਉਹਨਾਂ ਦੀਆਂ ਲੋੜਾਂ ਨੂੰ ਪੂਰੇ ਕਰਦੇ ਬੀਮਾ ਉਤਪਾਦ ਧਿਆਨ ਨਾਲ ਮਿਲਾਉਣ ਦੀ ਲੋੜ ਹੁੰਦੀ ਹੈ। ਏਜੰਟਾਂ ਨੂੰ ਉਪਲੱਬਧ ਉਤਪਾਦਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਹੋਣੀ ਚਾਹੀਦੀ ਹੈ। ਆਉ ਇਹਨਾਂ ਆਮ ਬੀਮਾ ਉਤਪਾਦਾਂ ਬਾਰੇ ਸੰਖੇਪ ਚਰਚਾ ਕਰੀਏ।**

### 1. ਮਿਆਰੀ ਅੱਗ ਅਤੇ ਖਾਸ ਸੰਕਟ ਪਾਲਸੀ (SFSP)

**ਅੱਗ ਬੀਮਾ ਪਾਲਸੀ ਵਪਾਰਕ ਉਦਯੋਗਾਂ ਦੇ ਨਾਲ ਨਾਲ ਜਾਇਦਾਦ ਦੇ ਮਾਲਕਾਂ, ਜੋ ਕਿ ਟਰੱਸਟ ਜਾਂ ਦਲਾਲੀ ਵਿੱਚ ਜਾਇਦਾਦ ਰੱਖਦੇ ਹਨ, ਵਿਅਕਤੀਗਤ / ਵਿੱਤ ਸੰਸਥਾਵਾਂ, ਜਿਹਨਾਂ ਦਾ ਜਾਇਦਾਦ ਵਿੱਚ ਵਿੱਤੀ ਹਿੱਤ ਹੁੰਦੇ ਹਨ, ਦੇ ਲਈ ਢੁੱਕਵੀਂ ਹੁੰਦੀ ਹੈ।**

**ਇੱਕ ਖਾਸ ਥਾਂ ਉੱਤੇ ਸਥਿਤ ਸਭ ਚੱਲ ਅਤੇ ਅਚੱਲ ਜਾਇਦਾਦ ਜਿਵੇਂ ਕਿ ਇਮਾਰਤ, ਪਲਾਂਟ ਤੇ ਮਸ਼ੀਨਰੀ, ਫਰਨੀਚਰ, ਢਾਂਚੇ, ਹੋਰ ਸਮੱਗਰੀ, ਸਟਾਕ ਅਤਾ ਚਾਲੂ ਸਟਾਕ, ਜਿਸ ਵਿੱਚ ਸਪਲਾਈਰ/ ਗਾਹਕ ਦੇ ਥਾਂ ਉੱਤੇ ਪਏ ਸਟਾਕ ਸਮੇਤ ਦਾ ਬੀਮਾ ਕੀਤਾ ਜਾ ਸਕਦਾ ਹੈ।**

**ਟਰੱਸਟ ਵਿੱਚ ਰੱਖੇ ਸਟਾਕ, ਜੇਕਰ ਖਾਸ ਤੌਰ 'ਤੇ ਘੋਸ਼ਿਤ ਕੀਤਾ ਜਾਂਦਾ ਹੈ, ਮਸ਼ਨੀਰੀ ਮੁਰੰਮਤ ਲਈ ਇਮਾਰਤ ਤੋਂ ਆਰਜ਼ੀ ਰੂਪ ਵਿੱਚ ਹਟਾਉਣ ਲਈ ਬੀਮਾ ਕੀਤਾ ਜਾ ਸਕਦਾ ਹੈ। ਕਾਰੋਬਾਰ ਨੂੰ ਆਮ ਤਰ੍ਹਾਂ ਨਾਲ ਚਲਾਉਣ ਲਈ ਨੁਕਸਾਨੀ ਗਈ ਜਾਇਦਾਦ ਦੇ ਮੁੜ-ਨਿਰਮਾਣ ਤੇ ਮੁੜ-ਤਿਆਰ ਕਰਨ ਲਈ ਧਨ ਰਾਹਤ ਜ਼ਰੂਰ ਚਾਹੀਦੀ ਹੈ। ਇੱਥੇ ਅੱਗ ਬੀਮਾ ਭੂਮਿਕਾ ਨਿਭਾਉਂਦਾ ਹੈ।**

### 2.1 ਮਿਆਰੀ ਅੱਗ ਪਾਲਸੀ ਵਿੱਚ ਕੀ ਬੀਮਾ ਸੁਰੱਖਿਆ ਹੈ?

**ਕੁਝ ਸੰਕਟਾਂ ਨੂੰ ਅੱਗ ਪਾਲਸੀ ਰਾਹੀਂ ਰਿਵਾਇਤੀ ਰੂਪ (ਜਿਵੇਂ ਕਿ ਆਲ ਇੰਡੀਆ ਫਾਇਰ ਟਰਿਫ ਦੇ ਮੁਤਾਬਕ) ਵਿੱਚ ਬੀਮਾ-ਸੁਰੱਖਿਆ ਬਾਰੇ ਜਾਣਕਾਰੀ ਹੇਠ ਦਿੱਤੀ ਹੈ।**

ਵਪਾਰਕ ਜੋਖਿਮਾਂ ਲਈ ਅੱਗ ਬੀਮੇ ਦੇ ਤਹਿਤ ਬੀਮਾ ਸੁਰੱਖਿਆ ਦਿੱਤੇ ਜਾਣ ਵਾਲੇ ਸੰਕਟ ਹਨ:

- ✓ ਅੱਗ
- ✓ ਅਸਮਾਨੀ ਬਿਜਲੀ
- ✓ ਵਿਸਫੋਟ / ਅੰਤਰ ਵਿਸਫੋਟ
- ✓ ਦੰਗੇ ਹੜਤਾਲ ਅਤੇ ਦੋਖੀ ਨੁਕਸਾਨ
- ✓ ਟੱਕਰ ਨੁਕਸਾਨ
- ✓ ਹਵਾਈ ਜਹਾਜ਼ ਨੁਕਸਾਨ
- ✓ ਤੂਫਾਨ, ਝੱਖੜ, ਸਮੁੰਦਰੀ ਝੱਖੜ, ਟਾਈਫੂਨ, ਹਰੀਕੇਨ, ਟਾਰਨਡੂ, ਹੜ੍ਹ ਅਤੇ ਸੈਲਾਬ
- ✓ ਚਟਾਨਾਂ ਖਿਸਕਣ ਦੇ ਸਮੇਤ ਤਿਲਕਣ ਅਤੇ ਪਹਾੜੀ-ਖਿਸਕਣ
- ✓ ਪਾਣੀ ਦੇ ਟੈਂਕ, ਸੰਦਾਂ ਅਤੇ ਪਾਈਪਾਂ ਦਾ ਫੱਟਣਾ ਅਤੇ ਓਵਰਫਲੋਅ ਹੋਣਾ
- ✓ ਮਿਜ਼ਾਇਲ ਟੈਸਟਿੰਗ ਕਾਰਵਾਈਆਂ
- ✓ ਆਟੋਮੈਟਿਕ ਫੁਹਾਰੇ ਇੰਸਟਾਲੇਸ਼ਨ ਤੋਂ ਲੀਕ
- ✓ ਝਾੜੀਆਂ ਦੀ ਅੱਗ

ਦੋ ਮਹੱਤਵਪੂਰਨ ਲੱਛਣ ਹਨ, ਜੋ ਕਿ ਵਪਾਰਕ ਬੀਮੇ ਨੂੰ ਵਿਅਕਤੀਗਤ ਤੇ ਵਪਾਰਕ ਬੀਮੇ ਤੋਂ ਵੱਖਰਾ ਕਰਦੇ ਹਨ।

a) ਕੰਪਨੀ ਜਾਂ ਕਾਰੋਬਾਰੀ ਉਦਯੋਗ ਦੀਆਂ ਬੀਮਾ ਲੋੜਾਂ ਵਿਅਕਤੀਗਤ ਤੋਂ ਬਹੁਤ ਵੱਡੀਆਂ ਹਨ। ਉਸ ਲਈ ਕਾਰਨ ਹੈ ਕਿ ਵਪਾਰਕ ਉਦਯੋਗ ਦੀ ਸੰਪੱਤੀ ਦਾ ਮੁੱਲ ਵਿਅਕਤੀਗਤ ਸੰਪੱਤੀ ਤੋਂ ਬਹੁਤ ਵੱਧ ਹੁੰਦਾ ਹੈ। ਉਹਨਾਂ ਦੇ ਨੁਕਸਾਨ ਦੇ ਨਾਲ ਕੰਪਨੀ ਦੇ ਭਵਿੱਖ ਉੱਤੇ ਉਲਟ ਪ੍ਰਭਾਵ ਪੈ ਸਕਦਾ ਹੈ।

b) ਵਪਾਰਕ ਉਦਯੋਗਾਂ ਦੇ ਬੀਮੇ ਨੂੰ ਕਾਨੂੰਨ ਜਾਂ ਹੋਰ ਲੋੜਾਂ ਰਾਹੀਂ ਜ਼ਰੂਰੀ ਹੁੰਦਾ ਜਾਂ ਬਣਾਇਆ ਜਾਂਦਾ ਹੈ। ਜਿਵੇਂ ਕਿ ਜਦੋਂ ਪਲਾਂਟ ਅਤੇ ਸੰਪੱਤੀ ਨੂੰ ਬੈਂਕ ਕਰਜ਼ ਰਾਹੀਂ ਬਣਾਇਆ ਗਿਆ ਹੈ, ਕਰਜ਼ ਲਈ ਸ਼ਰਤ ਵਿੱਚ ਉਹਨਾਂ ਦਾ ਬੀਮਾ ਕਰਵਾਉਣਾ ਹੋ ਸਕਦਾ ਹੈ। ਭਾਰਤ ਵਿੱਚ ਕਈ ਕਾਰਪੋਰੇਟ ਉਦਯੋਗ ਪੇਸ਼ੇਵਰ ਕੰਪਨੀਆਂ ਰਾਹੀਂ ਚਲਾਏ ਜਾਂਦੇ ਹਨ ਅਤੇ ਉਹਨਾਂ ਵਿੱਚੋਂ ਕਈ ਬਹੁਰਾਸ਼ਟਰੀਆਂ ਕੰਪਨੀਆਂ ਹਨ।

   ਉਹਨਾਂ ਨੂੰ ਗਲੋਬਲ ਕੁਆਲਟੀ ਮਿਆਰ ਬਣਾਈ ਰੱਖਣ ਲਈ, ਜਿਸ ਵਿੱਚ ਢੁੱਕਵੀਆਂ ਜੋਖਿਮ ਪ੍ਰਬੰਧ ਨੀਤੀਆਂ ਮੁਤਾਬਕ ਰੱਖਣਾ ਅਤੇ ਆਪਣੀ ਸੰਪੱਤੀ ਸੁਰੱਖਿਅਤ ਕਰਨ ਲਈ ਬੀਮਾ ਕਰਵਾਉਣਾ ਸ਼ਾਮਿਲ ਹਨ।

ਉਤੇ ਦਿੱਤੇ ਸੰਕਟਾਂ ਵਿੱਚੋਂ ਕਿਸੇ ਰਾਹੀਂ ਵੀ ਹੋਣ ਵਾਲੇ ਘਾਟੇ ਨੂੰ ਪਾਲਸੀ ਵਿਸ਼ੇ ਰਾਹੀਂ ਕੁਝ ਅਲਹਿਦਗੀਆਂ ਰਾਹੀਂ ਸੁਰੱਖਿਅਤ ਕੀਤਾ ਜਾਂਦਾ ਹੈ।

### 2.2 ਸੋਧ ਕੀਤੀਆਂ ਮਿਆਰੀ ਅੱਗ ਅਤੇ ਖਾਸ ਸੰਕਟ (SFSP) ਪਾਲਸੀਆਂ:

IRDAI ਨੇ 1 ਅਪਰੈਲ 2021 ਤੋਂ ਪ੍ਰਭਾਵੀ ਹੋਈਆਂ ਸੋਧਾਂ ਜਾਰੀ ਕੀਤੀਆਂ ਹਨ, ਜਿਸ ਮੁਤਾਬਕ ਮਿਆਰੀ ਅੱਗ ਅਤੇ ਖ਼ਾਸ ਸੰਕਟ (SFSP) ਪਾਲਸੀ ਨੂੰ ਹੇਠ ਦਿੱਤੇ ਜ਼ੋਖਮਾਂ ਲਈ ਦੋ ਮਿਆਰੀ ਉਤਪਾਦਾਂ ਨਾਲ ਬਦਲ ਦਿੱਤਾ ਜਾਵੇਗਾ, ਜੋ ਕਿ ਅੱਗ ਅਤੇ ਸੰਬੰਧਿਤ ਸੰਕਟ ਬੀਮਾ ਕਾਰੋਬਾਰ ਉੱਤੇ ਸਾਰੇ ਬੀਮਾਕਰਤਾ ਵਲੋਂ ਲਾਜ਼ਮੀ ਪੇਸ਼ ਕੀਤਾ ਜਾਵੇਗਾ

i. ਭਾਰਤ ਸੁਕਸ਼ਮਾ ਉਦਮ ਸੁਰਕਸ਼ਾ (ਉਦਯੋਗ, ਜਿੱਥੇ ਜ਼ੋਖਮ ਦੀ ਕੁੱਲ ਕੀਮਤ 5 ਕਰੋੜ ਰੁਪਏ ਲਈ) - MSME ਦੀ ਵਿੱਤੀ ਸੁਰੱਖਿਆ ਲਈ ਬਣਾਇਆ ਹੈ

ਇਹ ਪਾਲਸੀ ਇਮਾਰਤ / ਢਾਂਚੇ, ਪਲਾਂਟ ਅਤੇ ਮਸ਼ੀਨਰੀ, ਉਦਯੋਗਾਂ ਦੇ ਸਟਾਕ ਤੇ ਹੋਰ ਸੰਪੱਤੀਆਂ ਲਈ ਬੀਮਾ ਸੁਰੱਖਿਆ ਦਿੰਦੀ ਹੈ, ਜਿੱਥੇ ਕਿ ਸਭ ਬੀਮਾ ਕਰਨ ਯੋਗ ਸੰਪੱਤੀਆਂ ਲਈ ਜ਼ੋਖਮ ਦਾ ਕੁੱਲ ਮੁੱਲ 5 ਕਰੋੜ ਤੱਕ ਹੈ। ਇਹ ਪਾਲਸੀ ਸੰਕਟਾਂ ਦੀ ਵੱਡੀ ਸੀਮਾ ਵਿਰੁਧ ਬੀਮਾ-ਸੁਰੱਖਿਆ ਵੀ ਦਿੰਦੀ ਹੈ, ਜੋ ਕਿ ਰਿਹਾਇਸ਼ ਲਈ ਪਾਲਸੀ ਦੇ ਵਰਗੀ ਹੀ ਹੈ।

ਪਾਲਸੀ ਵਿੱਚ ਮੂਲ ਬੀਮਾ-ਸੁਰੱਖਿਆ ਤੋਂ ਇਲਾਵਾ ਕਈ ਵਿਚਲੇ ਸ਼ਾਮਲ ਬੀਮਾ-ਸੁਰੱਖਿਆ ਦਿੰਦੀ ਹੈ – ਬਦਲਣ, ਵਧਾਉਣ ਜਾਂ ਵਾਧੇ ਲਈ ਬੀਮਾ-ਸੁਰੱਖਿਆ, ਫਲੋਟਰ ਬੇਸਿਕ ਉੱਤੇ ਸਟਾਕ ਲਈ ਬੀਮਾ-ਸੁਰੱਖਿਆ, ਸਟਾਕ ਨੂੰ ਆਰਜ਼ੀ ਰੂਪ ਵਿੱਚ ਹਟਾਉਣ ਲਈ ਬੀਮਾ-ਸੁਰੱਖਿਆ, ਖਾਸ ਸਮੱਗਰੀ ਲਈ ਬੀਮਾ-ਸੁਰੱਖਿਆ, ਸ਼ੁਰੂਆਤੀ ਖ਼ਰਚਿਆਂ ਲਈ ਬੀਮਾ-ਸੁਰੱਖਿਆ (ਘਾਟੇ ਦੇ ਬਾਅਦ), ਆਰਚੀਟੈਕਚਰ ਲਈ ਪੇਸ਼ੇਵਰ ਫੀਸਾਂ ਦੇ ਭੁਗਤਾਨ ਲਈ ਬੀਮਾ-ਸੁਰੱਖਿਆ, ਸਰਵੇਖਕ ਤੇ ਸਲਾਹਕਾਰ ਇੰਜਨੀਅਰ, ਮਲਬਾ ਹਟਾਉਣ ਦੇ ਖ਼ਰਚੇ ਤੇ ਮਿਊਸੀਪਲ ਨਿਯਮਾਂ ਨੂੰ ਪੂਰਾ ਕਰਨ ਦੇ ਖ਼ਰਚੇ।

ਪਾਲਸੀ ਨੂੰ ਲਘੂ ਪੱਧਰ ਦੇ ਉਦਯੋਗਾਂ ਦੁਆਰਾ ਖਰੀਦਿਆ ਜਾ ਸਕਦਾ ਹੈ ਜਿਵੇਂ ਕਿ ਦਫ਼ਤਰ, ਹੋਟਲ, ਉਦਯੋਗ, ਸਟੋਰੇਜ਼ ਜ਼ੋਖਮ ਤੇ ਹੋਰ। ਪਾਲਸੀ ਵਿੱਚ 15% ਦੇ ਹੱਦ ਤੱਕ ਅੰਡਰ-ਇੰਸ਼ੋਅਰੈਂਸ ਲਈ ਛੋਟ ਦਿੱਤੀ ਜਾ ਸਕਦੀ ਹੈ। ਭਾਰਤ ਸੁਕਸ਼ਮ ਉਦਮ ਪਾਲਸੀਆਂ ਤਸਦੀਕ ਰਾਹੀਂ ਪਾਲਸੀ ਚਾਲੂ ਰਹਿਣ ਦੇ ਦੌਰਾਨ ਬੀਮਾਕਰਤਾ ਦੀ ਰਕਮ ਵਿੱਚ ਵਾਧਾ ਕਰਨ ਦੀ ਇਜਾਜ਼ਤ ਦਿੰਦੀਆਂ ਹਨ।

ii. ਭਾਰਤ ਲਘੂ ਉਦਮ ਸੁਰਕਸ਼ਾ (ਉਦਯੋਗ, ਜਿੱਥੇ ਜ਼ੋਖਮ ਦੀ ਕੁੱਲ ਕੀਮਤ 5 ਕਰੋੜ ਰੁਪਏ ਤੋਂ ਵੱਧ ਅਤੇ 50 ਕਰੋੜ ਰੁਪਏ ਤੋਂ ਤੱਕ) MSME ਦੀ ਵਿੱਤੀ ਸੁਰੱਖਿਆ ਲਈ ਬਣਾਇਆ ਹੈ

ਇਹ ਪਾਲਸੀ ਇਮਾਰਤਾਂ / ਢਾਂਚੇ, ਪਲਾਂਟ ਅਤੇ ਮਸ਼ੀਨਰੀ, ਉਦਯੋਗਾਂ ਦੇ ਸਟਾਕ ਤੇ ਹੋਰ ਸੰਪੱਤੀਆਂ ਲਈ ਬੀਮਾ ਸੁਰੱਖਿਆ ਦਿੰਦੀ ਹੈ, ਜਿੱਥੇ ਕਿ ਸਭ ਬੀਮਾ ਕਰਨ ਯੋਗ ਸੰਪੱਤੀਆਂ ਲਈ ਜ਼ੋਖਮ ਦਾ ਕੁੱਲ ਮੁੱਲ ਪਾਲਸੀ ਸ਼ੁਰੂ ਹੋਣ ਦੀ ਤਾਰੀਖ ਤੋਂ 5 ਕਰੋੜ ਰੁਪਏ ਤੋਂ ਵੱਧ ਹੈ, ਪਰ 50 ਕਰੋੜ ਰੁਪਏ ਤੋਂ ਵੱਧ ਨਹੀਂ ਹੈ। ਇਸ ਪਾਲਸੀ ਵਿੱਚ ਵੀ ਉੱਤੇ ਦਿੱਤੇ ਲਘੂ ਪੱਧਰ ਦੇ ਉਦਯੋਗਾਂ ਲਈ ਪਾਲਸੀ ਅਧੀਨ ਵਿੱਚ ਮੌਜੂਦ ਬੀਮਾ-ਸੁਰੱਖਿਆ ਦਿੰਦੀ ਹੈ। ਬੀਮਾ ਕੀਤੇ ਜਾਣ ਵਾਲੇ ਸੰਕਟ ਲਘੂ ਪੱਧਰ ਦੇ ਉਦਯੋਗਾਂ ਲਈ ਪਾਲਸੀ ਦੇ ਵਰਗੇ ਹੀ ਹਨ।

ਪਾਲਸੀ ਨੂੰ ਫਿਰ ਦਫ਼ਤਰ, ਹੋਟਲ, ਉਦਯੋਗ, ਸਟੋਰੇਜ਼ ਜ਼ੋਖਮ ਤੇ ਹੋਰਾਂ ਲਈ ਜ਼ੋਖਮਾਂ ਦੇ ਸਭ ਕਿਸਮਾਂ ਲਈ ਖਰੀਦਿਆ ਜਾ ਸਕਦਾ ਹੈ। ਭਾਰਤ ਲਘੂ ਉਦਮ ਪਾਲਸੀਆਂ ਤਸਦੀਕ ਰਾਹੀਂ ਪਾਲਸੀ ਚਾਲੂ ਰਹਿਣ ਦੇ ਦੌਰਾਨ ਬੀਮਾਕਰਤਾ ਦੀ ਰਕਮ ਵਿੱਚ ਵਾਧਾ ਕਰਨ ਦੀ ਇਜਾਜ਼ਤ ਦਿੰਦੀਆਂ ਹਨ।

iii. ਅੱਗ ਪਾਲਸੀਆਂ ਅਧੀਨ ਅਲਹਿਦਗੀਆਂ

ਬੀਮਾਕਰਤਾ ਰਿਵਾਇਤੀ ਤੌਰ ਉੱਤੇ ਅੱਗ ਪਾਲਸੀਆਂ ਦੇ ਖੇਤਰ ਤੋਂ ਹੇਠ ਦਿੱਤੀਆਂ ਅਲਹਿਦਗੀ ਹੁੰਦੀ ਹੈ।

ਸੰਭਾਵਿਤ ਸੰਕਟਾਂ ਰਾਹੀਂ ਹੋਣ ਵਾਲੇ ਘਾਟੇ ਜਿਵੇਂ ਕਿ

i. ਜੰਗ ਅਤੇ ਜੰਗ ਵਰਗੀਆਂ ਕਾਰਵਾਈਆਂ

ii. ਪ੍ਰਮਾਣੂ ਸੰਕਟ

iii. ਆਈਨਾਈਜ਼ੇਸ਼ਨ ਅਤੇ ਰੇਡੀਏਸ਼ਨ

iv. ਪ੍ਰਦੂਸ਼ਨ ਅਤੇ ਦੂਸ਼ਿਤਤਾ ਘਾਟੇ

ਸੰਕਟ, ਜੋ ਕਿ ਜਰਨਲ ਬੀਮੇ ਵਿੱਚ ਹੋਰ ਪਾਲਸੀਆਂ ਰਾਹੀਂ ਸੁਰੱਖਿਅਤ ਕੀਤੇ ਜਾਂਦੇ ਹਨ

i. ਮਸ਼ੀਨਰੀ ਖਰਾਬੀ,

ii. ਕੰਮ-ਧੰਦਾ ਰੁਕਣਾ

iv. ਐਡ-ਆਨ ਬੀਮਾ-ਸੁਰੱਖਿਆ

ਪਰ ਕੁਝ ਸੰਕਟਾਂ ਨੂੰ ਵਾਧੂ ਪ੍ਰੀਮੀਅਮ ਦੇ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ ਜਿਵੇਂ ਕਿ ਭੁਚਾਲ, ਅੱਗ ਅਤੇ ਝਟਕੇ; ਕੋਲਡ ਸਟੋਰੇਜ਼ ਵਿੱਚ ਬੀਮਾ ਕਰਵਾਏ ਪਾਵਰ ਫੇਲ੍ਹ ਹੋਣ ਦੇ ਸੰਕਟ ਦੇ ਨਤੀਜੇ ਵਜੋਂ ਭੰਡਾਰ ਖ਼ਰਾਬ ਹੋਣਾ, ਪਾਲਸੀ ਵਿੱਚ ਬੀਮਾ ਸੁਰੱਖਿਆ ਦੀ ਰਕਮ ਦੇ ਨਾਲੋਂ ਵਾਧੂ ਖਰਚੇ ਜਿਸ ਵਿੱਚ ਮਲਬੇ, ਢਾਂਚੇ ਨੂੰ ਹਟਾਉਣ, ਇੰਜਨੀਅਰਾਂ ਨਾਲ ਸਲਾਹ ਲੈਣੀ ਸ਼ਾਮਿਲ ਹੈ, ਜੰਗਲ ਦੀ ਅੱਗ, ਲਗਾਤਾਰ ਬਲਣ ਅਤੇ ਆਪਣੇ ਵਹੀਕਲਾਂ ਰਾਹੀਂ ਟੱਕਰ ਨੁਕਸਾਨ, ਅੱਤਵਾਦ।

v. ਅੱਗ ਪਾਲਸੀਆਂ ਦੇ ਰੂਪ

ਅੱਗ ਪਾਲਸੀਆਂ ਆਮ ਤੌਰ ਉੱਤੇ 12 ਮਹੀਨਿਆਂ ਦੇ ਸਮੇਂ ਲਈ ਜਾਰੀ ਕੀਤੀਆਂ ਜਾਂਦੀਆਂ ਹਨ। ਕੇਵਲ ਨਿਵਾਸ ਲਈ ਹੀ, ਬੀਮਾ ਕੰਪਨੀਆਂ ਲੰਮੇ ਸਮੇਂ ਲਈ ਪਾਲਸੀਆਂ ਦਿੰਦੀਆਂ ਹਨ, ਜਿਵੇਂ ਕਿ 12 ਮਹੀਨਿਆਂ ਤੋਂ ਵੱਧ ਲਈ। ਕੁਝ ਕੇਸਾਂ ਵਿੱਚ ਥੋੜ੍ਹੇ ਸਮੇਂ ਲਈ ਵੀ ਪਾਲਸੀਆਂ ਜਾਰੀ ਕੀਤੀਆਂ ਜਾਂਦੀਆਂ ਹਨ, ਜਿਸ ਲਈ ਥੋੜ੍ਹੇ ਸਮੇਂ ਦਾ ਪੈਮਾਨਾ ਲਾਗੂ ਹੁੰਦਾ ਹੈ।

a. ਬਾਜ਼ਾਰੀ ਮੁੱਲ ਅਤੇ ਮੁੜ-ਸਥਾਪਨ ਮੁੱਲ ਪਾਲਸੀਆਂ: ਘਾਟਾ ਪੈਣ ਦੇ ਹਾਲਤ ਵਿੱਚ, ਬੀਮਾਕਰਤਾ ਆਮ ਤੌਰ ਉੱਤੇ ਬਾਜ਼ਾਰੀ ਮੁੱਲ ਦਾ ਭੁਗਤਾਨ ਕਰਦਾ ਹੈ [ਜੋ ਕਿ ਘਸਾਈ ਮੁੱਲ ਹੁੰਦਾ ਹੈ]। ਮੁੜ-ਸਥਾਪਨ ਮੁੱਲ ਪਾਲਸੀ

ਦੇ ਤਹਿਤ ਬੀਮਾਕਰਤਾ ਨੂੰ ਖਰਾਬ ਹੋਈ ਜਾਇਦਾਦ ਦੀ ਥਾਂ ਉੱਤੇ ਉਸੇ ਕਿਸਮ ਦੀ ਨਵੀਂ ਜਾਇਦਾਦ ਬਦਲਾਉਣ ਦੀ ਕੀਮਤ ਦੇਣੀ ਹੁੰਦੀ ਹੈ।

ਮੁੜ-ਸਥਾਪਨ ਮੁੱਲ ਪਾਲਸੀਆਂ ਨੂੰ ਇਮਾਰਤ, ਪਲਾਂਟ, ਮਸ਼ੀਨਰੀ ਤੇ ਫਰਨੀਚਰ, ਢਾਂਚੇ ਅਤੇ ਫਿੱਟਿੰਗ ਦੀ ਬੀਮਾ ਸੁਰੱਖਇਆ ਲਈ ਜਾਰੀ ਕੀਤਾ ਜਾਂਦਾ ਹੈ। ਮੁੜ-ਸਥਾਪਨ ਪਾਲਸੀਆਂ ਸਟਾਕ ਲਈ ਬੀਮਾ ਸੁਰੱਖਿਆ ਦੇਣ ਲਈ ਨਹੀਂ ਵਰਤੀਆਂ ਜਾਂਦੀਆਂ ਹਨ, ਜੋ ਕਿ ਅਕਸਰ ਬਾਜ਼ਾਰੀ ਮੁੱਲ ਦੇ ਆਧਾਰ ਉੱਤੇ ਸੁਰੱਖਿਅਤ ਹੁੰਦੀਆਂ ਹਨ।

b. ਐਲਾਨ ਪਾਲਸੀ: ਵੇਅਰਹਾਊਸ ਵਿੱਚ ਸਟਾਕ ਦੀ ਕੀਮਤ ਅਕਸਰ ਬਦਲਦੇ ਰਹਿਣ ਦਾ ਧਿਆਨ ਦੇਣ ਲਈ ਐਲਾਨ ਪਾਲਸੀ ਕੁਝ ਸ਼ਰਤਾਂ ਦੇ ਅਧੀਨ ਦਿੱਤੀ ਜਾਂਦੀ ਹੈ। ਬੀਮਾ ਕੀਤੀ ਰਕਮ ਸਭ ਤੋਂ ਵੱਧ ਰਕਮ ਹੋਣੀ ਚਾਹੀਦੀ ਹੈ, ਜੋ ਕਿ ਪਾਲਸੀ ਦੇ ਸਮੇਂ ਦੌਰਾਨ ਗੁਦਾਮ ਵਿੱਚ ਸੰਭਾਲਣ ਦੇ ਦੌਰਾਨ ਹੋਣ ਦੀ ਉਮੀਦ ਹੈ। ਇਸ ਮੁੱਲ ਦੇ ਅਧਾਰ ਉੱਤੇ ਆਰਜ਼ੀ ਪ੍ਰੀਮੀਅਮ ਲਿਆ ਜਾਂਦਾ ਹੈ। ਬੀਮਤ ਨੂੰ ਮੌਜੂਦਾ ਪਾਲਸੀ ਦੇ ਦੌਰਾਨ ਤਹਿ ਕੀਤੇ ਸਮੇਂ ਉੱਤੇ ਆਪਣੇ ਸਟਾਕ ਦੇ ਮੁੱਲ ਦਾ ਐਲਾਨ ਕਰਨਾ ਹੁੰਦਾ ਹੈ। ਇਹ ਪਾਲਸੀ ਸਮੇਂ ਦੇ ਅੰਤ ਉੱਤੇ ਪ੍ਰੀਮੀਅਮ ਨਾਲ ਅਡਜੱਸਟ ਕਰਨ ਦੇ ਯੋਗ ਹੁੰਦੀ ਹੈ।

c. ਫਲੋਟਰ ਪਾਲਸੀਆਂ: ਫਲੋਟਰ ਪਾਲਸੀਆਂ ਨੂੰ ਸਾਮਾਨ ਦੇ ਸਟਾਕ ਲਈ ਜਾਰੀ ਕੀਤਾ ਜਾ ਸਕਦਾ ਹੈ, ਜੋ ਕਿ ਇੱਕ ਬੀਮਾ ਕੀਤੀ ਰਕਮ ਦੇ ਅਧੀਨ ਵੱਖ-ਵੱਖ ਦਿੱਤੇ ਹੋਏ ਟਿਕਾਣਿਆਂ ਉੱਤੇ ਸਟੋਰ ਕੀਤਾ ਹੁੰਦਾ ਹੈ। ਨਾ-ਦੱਸੇ ਟਿਕਾਣਿਆਂ ਲਈ ਬੀਮਾ ਸੁਰੱਖਿਆ ਨਹੀਂ ਹੁੰਦੀ ਹੈ। ਪ੍ਰੀਮੀਅਮ ਦਰ ਕਿਸੇ ਵੀ ਟਿਕਾਣੇ ਉੱਤੇ ਬੀਮਤ ਦੇ ਸਟਾਕ ਉੱਤੇ 10% ਦੀ ਲੋਡਿੰਗ ਨਾਲ ਲਾਗੂ ਹੋਣ ਵਾਲੀ ਵੱਧ ਤੋਂ ਵੱਧ ਦਰ ਹੈ। ਇਹਨਾਂ ਨੂੰ ਫਲੋਟਰ ਪਾਲਸੀਆਂ ਵੀ ਕਿਹਾ ਜਾਂਦਾ ਹੈ, ਕਿਉਂਕਿ ਬੀਮਾ ਕੀਤੀ ਰਕਮ ਕਈ ਥਾਵਾਂ ਉੱਤੇ ਤਰਦੀ ('ਫਲੋਟ') ਕਰਦੀ ਹੈ।

vi. ਪ੍ਰੀਮੀਅਮ ਰੇਟਿੰਗ ਨਿਰਭਰ ਕਰਦੀ ਹੈ:

a) ਰੱਖਣ ਦੀ ਥਾਂ ਉੱਤੇ, ਕੀ ਇਹ ਉਦਯੋਗ ਹੈ ਜਾਂ ਹੋਰ ਕੋਈ।

b) ਉਦਯੋਗ ਥਾਂ ਉੱਤੇ ਰੱਖੀ ਗਈ ਸਭ ਜਾਇਦਾਦ ਲਈ ਬਣਾਈ ਗਈ ਉਤਪਾਦ ਦੇ ਮੁਤਾਬਕ ਇੱਕ ਦਰ ਵਸੂਲੀ ਜਾਵੇਗੀ।

c) ਉਦਯੋਗ ਥਾਂ ਤੋਂ ਬਾਹਰ ਟਿਕਾਣਿਆਂ ਲਈ ਵੱਖ-ਵੱਖ ਟਿਕਾਣਿਆਂ ਉੱਤੇ ਰੱਖਣ ਦੀ ਕਿਸਮ ਦੇ ਮੁਤਾਬਕ ਦਰ ਤਹਿ ਕੀਤੀ ਜਾਵੇਗੀ।

d) ਸਟੋਰੇਜ਼ ਖੇਤਰ ਨੂੰ ਰੱਖੇ ਗਏ ਸਾਮਾਨ ਦੀ ਖਤਰਨਾਕ ਕਿਸਮ ਦੇ ਆਧਾਰ ਉੱਤੇ ਦਰ ਦਿੱਤੀ ਜਾਵੇਗੀ।

e) "ਐਡ-ਆਨਾ" ਬੀਮਾ ਸੁਰੱਖਿਆ ਦੇਣ ਲਈ ਵਾਧੂ ਪ੍ਰੀਮੀਅਮ ਵਸੂਲਿਆ ਜਾਂਦਾ ਹੈ।

f) ਪਿਛਲੇ ਦਾਅਵੇ ਅਤੀਤ ਤੇ ਟਿਕਾਣੇ ਉੱਤੇ ਦਿੱਤੀਆਂ ਗਈਆਂ ਅੱਗ ਤੋਂ ਸੁਰੱਖਿਆ ਸਹੂਲਤ ਦੇ ਮੁਤਾਬਕ ਪ੍ਰੀਮੀਅਮ ਵਿੱਚ ਛੋਟ ਦਿੱਤੀ ਜਾਂਦੀ ਹੈ।

g) ਪ੍ਰੀਮੀਅਮ ਵਿੱਚ ਕਮੀ ਕਰਨ ਲਈ ਕੋਈ ਦੰਗਿਆਂ, ਹੜਤਾਲ, ਨੁਕਸਾਨਦਾਇਕ ਨੁਕਸਾਨ ਬੀਮਾ ਸੁਰੱਖਿਆ ਅਤੇ ਹੜ੍ਹ ਗਰੁੱਪ ਸੰਕਟਾਂ ਲਈ ਚੋਣ ਨੂੰ ਛੱਡ ਵੀ ਸਕਦਾ ਹੈ।

**ਬੀਮਾ ਕਰਤਾ ਤੋਂ ਬੀਮਾ ਕਰਤਾ ਦੇ ਮੁਤਾਬਕ ਰੇਟਿੰਗ ਤਰਤੀਬ ਵੱਖ-ਵੱਖ ਹੋ ਸਕਦੀ ਹੈ।**

**ਆਪਣੇ ਆਪ ਨੂੰ ਪਰਖੋ 1**

ਵਪਾਰਕ ਜੋਖਿਮਾਂ ਲਈ ਅੱਗ ਬੀਮੇ ਦੇ ਤਹਿਤ ___________ ਵਾਲੇ ਸੰਕਟ ਹਨ

I. ਹਾਈਵੇਅ ਉੱਤੇ ਬਲਦਾ ਵਾਹਨ

II. ਸਮੁੰਦਰੀ ਜਹਾਜ਼ ਉੱਤੇ ਅੱਗ

III. ਫੈਕਟਰੀ ਵਿੱਚ ਧਮਾਕਾ

IV. ਅੱਗ ਕਰਕੇ ਹਸਪਤਾਲ ਵਿੱਚ ਭਰਤੀ ਹੋਣਾ

---

## B. ਕਾਰੋਬਾਰ ਰੁਕਾਵਟ ਬੀਮਾ

ਕੰਮ-ਧੰਦਾ ਰੁਕਣਾ ਬੀਮੇ ਨੂੰ ਪਰਿਣਾਮੀ (Consequential) ਘਾਟਾ ਬੀਮਾ ਜਾਂ ਫਾਇਦੇ ਦਾ ਘਾਟਾ ਬੀਮਾ ਕਹਿੰਦੇ ਹਨ।.

ਅੱਗ ਬੀਮਾ ਬੀਮਾ ਕੀਤੇ ਸੰਕਟਾਂ ਲਈ ਪਦਾਰਥ ਜਾਂ ਜਾਇਦਾਦ ਨੁਕਸਾਨ ਜਾਂ ਇਮਾਰਤ, ਪਲਾਂਟ, ਮਸ਼ੀਨਰੀ ਜੜਤ, ਫਿਟਿੰਗ, ਵਪਾਰਿਕ ਸਾਮਾਨ ਆਦਿ ਦੇ ਹੋਏ ਨੁਕਸਾਨ ਲਈ ਮੁਆਵਜ਼ਾ ਦਿੰਦਾ ਹੈ। ਇਸ ਨਾਲ ਬੀਮਤ ਦੇ ਕਾਰੋਬਾਰ ਦੇ ਕੁੱਲ ਜਾਂ ਅਧੂਰੀ ਰੁਕਾਵਟ ਆ ਸਕਦੀ ਹੈ, ਰੁਕਾਵਟ ਦੇ ਇਹ ਸਮੇਂ ਦੇ ਦੌਰਾਨ ਨਤੀਜੇ ਵਜੋਂ ਕਈ ਆਰਥਿਕ ਘਾਟੇ ਹੋ ਸਕਦੇ ਹਨ।

**ਕਾਰੋਬਾਰ ਰੁਕਾਵਟ ਪਾਲਸੀ ਅਧੀਨ ਬੀਮਾ ਸੁਰੱਖਿਆ**

ਪਰਿਣਾਮੀ ਘਾਟਾ (CL) ਪਾਲਸੀ [ਕਾਰੋਬਾਰ ਰੁਕਾਵਟ (BI)] ਘਾਟੇ, ਜੋ ਕਿ ਕੁੱਲ ਫਾਇਦੇ ਦੇ ਰੂਪ ਵਿੱਚ ਹੁੰਦਾ ਹੈ, ਲਈ ਹਰਜਾਨਾ ਦਿੰਦੀ ਹੈ - ਜਿਸ ਵਿੱਚ ਸ਼ੁੱਧ ਫਾਇਦਾ ਅਤੇ ਬੀਮਤ ਵਲੋਂ ਕਾਰੋਬਾਰ ਨੂੰ, ਅੰਤਿਮ ਘਾਟੇ ਨੂੰ ਜਿੰਨਾ ਵੀ ਸੰਭਵ ਹੋਵੇ ਘੱਟ ਕਰਨ ਲਈ, ਆਮ ਦੀ ਤਰ੍ਹਾਂ ਚਾਲੂ ਕਰਨ ਲਈ ਝੱਲੀ ਗਈ ਵਧੀ ਕੀਮਤ ਦੇ ਨਾਲ ਸਥਾਈ ਖਰਚੇ ਸ਼ਾਮਿਲ ਹਨ। ਬੀਮਾ ਸੁਰੱਖਿਆ ਦਿੱਤੇ ਸੰਕਟ ਅਤੇ ਸ਼ਰਤਾਂ ਅੱਗ ਪਾਲਸੀ ਦੇ ਤਹਿਤ ਬੀਮਾ ਸੁਰੱਖਿਅਤ ਦਿੱਤੇ ਸੰਕਟ ਵਾਂਗ ਹੀ ਹੁੰਦੇ ਹਨ।

**ਉਦਾਹਰਨ**

ਜੇ ਅੱਗ ਦੇ ਨਤੀਜੇ ਵਜੋਂ ਕਾਰ ਨਿਰਮਾਤਾ ਦਾ ਪਲਾਂਟ ਤਬਾਹ ਹੋ ਜਾਂਦਾ ਹੈ ਤਾਂ ਉਤਪਾਦਨ ਦੀ ਕਮੀ ਦੇ ਨਾਲ ਨਿਰਮਾਤਾ ਦੀ ਆਮਦਨ ਵਿੱਚ ਘਾਟਾ ਹੋਵੇਗਾ। ਇਸ ਆਮਦਨ ਵਿੱਚ ਹੋਏ ਨੁਕਸਾਨ ਦੇ ਨਾਲ ਹੋਰ ਝੱਲੇ ਗਏ ਖਰਚੇ ਦਾ ਬੀਮਾ ਕਰਵਾਇਆ ਜਾ ਸਕਦਾ ਹੈ, ਜੇ ਇਹ ਬੀਮਾ ਕਰਵਾਏ ਸੰਕਟ ਦੇ ਨਤੀਜੇ ਵਜੋਂ ਹੁੰਦਾ ਹੈ।

---

ਇਸ ਪਾਲਸੀ ਨੂੰ ਕੇਵਲ ਸਟੈਂਡਰਡ ਅੱਗ ਅਤੇ ਖਾਸ ਸੰਕਟ ਪਾਲਸੀ ਦੇ ਨਾਲ ਹੀ ਲਿਆ ਜਾ ਸਕਦਾ ਹੈ, ਕਿਉਂਕਿ ਇਸ ਪਾਲਸੀ ਦੇ ਅਧੀਨ ਦਾਅਵੇ ਕੇਵਲ ਤਾਂ ਹੀ ਮੰਨਣਯੋਗ ਹਨ, ਜੇ ਸਟੈਂਡਰਡ ਅੱਗ ਅਤੇ ਖਾਸ ਸੰਕਟ ਪਾਲਸੀ ਅਧੀਨ ਦਾਅਵਾ ਹੋਵੇ।

**ਆਪਣੇ ਆਪ ਨੂੰ ਪਰਖੋ 2**

ਕਾਰੋਬਾਰ ਰੁਕਾਵਟ ਬੀਮਾ ਪਾਲਸੀ ਨੂੰ _____________ ਦੇ ਨਾਲ ਜੋੜ ਕੇ ਹੀ ਲਿਆ ਜਾ ਸਕਦਾ ਹੈ।

I. ਮਿਆਰੀ ਅੱਗ ਅਤੇ ਖਾਸ ਸੰਕਟ ਬੀਮਾ ਪਾਲਸੀ

II. ਮਿਆਰੀ ਜਹਾਜ਼ੀ ਬੀਮਾ ਪਾਲਸੀ

III. ਮਿਆਰੀ ਮੋਟਰ ਬੀਮਾ ਪਾਲਸੀ

IV. ਮਿਆਰੀ ਸਿਹਤ ਬੀਮਾ ਪਾਲਸੀ

---

## C. ਸੰਨ੍ਹਮਾਰੀ ਬੀਮਾ

ਪਾਲਸੀ ਕਾਰੋਬਾਰੀ ਥਾਵਾਂ ਜਿਵੇਂ ਕਿ ਫੈਕਟਰੀਆਂ, ਦੁਕਾਨਾਂ, ਦਫ਼ਤਰਾਂ, ਵੇਅਰਹਾਊਸ ਅਤੇ ਗੁਦਾਮਾਂ ਲਈ ਹੈ, ਜਿੱਥੇ ਕਿ ਸਟਾਕ, ਸਾਮਾਨ, ਫਰਨੀਚਰ, ਚਲ ਸੰਪੱਤੀ ਅਤੇ ਤਿਜੌਰੀ ਵਿੱਚ ਰੱਖੀ ਨਕਦੀ, ਜਿਹਨਾਂ ਦੀ ਚੋਰੀ ਹੋ ਸਕਦੀ ਹੈ। ਬੀਮਾ ਸੁਰੱਖਿਆ ਦੇ ਖੇਤਰ ਨੂੰ ਸਪਸ਼ਟ ਰੂਪ ਵਿੱਚ ਦਰਸਾਇਆ ਜਾਂਦਾ ਹੈ।

**ਸੰਨ੍ਹਮਾਰੀ ਬੀਮੇ ਦੇ ਅਧੀਨ ਆਉਂਦੇ ਜ਼ੋਖਿਮ**

a) ਟਿਕਾਣੇ ਉੱਤੇ ਧੱਕੇ ਨਾਲ ਅਤੇ ਹਿੰਸਕ ਤਰੀਕੇ ਨਾਲ ਦਾਖਲ ਹੋਣ ਦੇ ਬਾਅਦ ਜਾਇਦਾਦ ਦਾ ਨੁਕਸਾਨ ਜਾਂ ਟਿਕਾਣੇ ਤੋਂ ਅਸਲ, ਧੱਖੇ ਨਾਲ ਅਤੇ ਹਿੰਸਕ ਢੰਗ ਨਾਲ ਬਾਹਰ ਜਾਣ ਬਾਅਦ ਜਾਂ ਰਹਿਣ ਦੇ ਦੌਰਾਨ ਹੋਏ ਘਾਟੇ।

b) ਸੰਨ੍ਹਮਾਰਾਂ ਵਲੋਂ ਬੀਮਾ ਹੋਈ ਜਾਇਦਾਦ ਜਾਂ ਇਮਾਰਤ ਦਾ ਨੁਕਸਾਨ। ਬੀਮਾ ਕਰਵਾਈ ਜਾਇਦਾਦ ਨੂੰ ਕੇਵਲ ਤਾਂ ਹੀ ਬੀਮਾ ਸੁਰੱਖਿਆ ਮਿਲਦੀ ਹੈ, ਜੇ ਇਹ ਬੀਮਤ ਦੇ ਟਿਕਾਣੇ ਤੋਂ ਗੁੰਮ ਹੋਵੇ ਅਤੇ ਹੋਰ ਟਿਕਾਣਿਆਂ ਤੋਂ ਨਹੀਂ।

ਨਕਦ ਬੀਮਾ ਸੁਰੱਖਿਆ: ਨਕਦ ਬੀਮਾ ਸੁਰੱਖਿਆ ਸੰਨ੍ਹਮਾਰੀ ਬੀਮਾ ਸੁਰੱਖਿਆ ਦਾ ਖਾਸ ਹਿੱਸਾ ਹੈ। ਇਹ ਤਾਂ ਹੀ ਲਾਗੂ ਹੁੰਦੀ ਹੈ, ਜਦੋਂ ਨਕਦੀ ਤਿਜੌਰੀ ਵਿੱਚ ਸੰਭਾਲੀ ਗਈ ਹੈ, ਜੋ ਕਿ ਸੰਨ੍ਹਮਾਰੀ ਤੋਂ ਸੁਰੱਖਿਅਤ ਹੋਵੇ ਅਤੇ

ਮਨਜ਼ੂਰਸ਼ੁਦਾ ਮੇਕ ਅਤੇ ਡਿਜ਼ਾਇਨ ਦੀ ਹੋਵੇ। ਨਕਦ ਬੀਮਾ ਸੁਰੱਖਿਆ ਦੇਣ ਲਈ ਲਾਗੂ ਹੋਣ ਵਾਲੀਆਂ ਆਮ ਸ਼ਰਤਾਂ ਹੇਠ ਦਿੱਤੀਆਂ ਹਨ:

a) ਤਿਜੌਰੀ ਤੋਂ ਨਕਦੀ, ਇਸ ਨੂੰ ਅਸਲ ਕੁੰਜੀ ਨਾਲ ਖੋਲ੍ਹ ਕੇ ਚੋਰੀ ਹੋਣ ਨੂੰ ਬੀਮਾ-ਸੁਰੱਖਿਆ ਤਾਂ ਹੀ ਦਿੱਤੀ ਜਾਂਦੀ ਹੈ, ਜਿੱਥੇ ਕਿ ਇੰਝ ਦੀ ਕੁੰਜੀ ਨੂੰ ਹਿੰਸਾ ਨਾਲ ਜਾਂ ਹਿੰਸਾ ਦੀ ਧਮਕੀ ਨਾਲ ਜਾਂ ਧੱਕੇ ਨਾਲ ਪ੍ਰਾਪਤ ਕੀਤਾ ਗਿਆ ਹੋਵੇ। ਇਸ ਨੂੰ ਆਮ ਤੌਰ ਉੱਤੇ "ਮੁੱਖ ਸ਼ਰਤ (key clause)" ਕਹਿੰਦੇ ਹਨ।

b) ਤਿਜੌਰੀ ਵਿੱਚ ਨਕਦੀ ਦੀ ਰਕਮ ਦੀ ਪੂਰੀ ਸੂਚੀ ਨੂੰ ਤਿਜੌਰੀ ਤੋਂ ਬਿਨਾਂ ਕਿਸੇ ਹੋਰ ਥਾਂ ਉੱਤੇ ਰੱਖਿਆ ਹੋਣਾ ਚਾਹੀਦਾ ਹੈ। ਬੀਮਾ ਕਰਤਾ ਦੀ ਦੇਣਦਾਰੀ ਇੰਝ ਦੇ ਰਿਕਾਰਡ ਰਾਹੀਂ ਵੇਖਾਈ ਅਸਲ ਰਕਮ ਤੱਕ ਸੀਮਿਤ ਹੈ।

1. ਪਹਿਲਾਂ ਘਾਟਾ ਬੀਮਾ

ਵੱਡੇ ਭੰਡਾਰ ਵਿੱਚ ਘੱਟ ਮੁੱਲ ਦੀ ਵਸਤਾਂ (ਜਿਵੇਂ ਕਿ ਕਪਾਹ ਦੀਆਂ ਗੱਠਾਂ, ਦਾਣੇ, ਖੰਡ ਆਦਿ) ਦੇ ਕੇਸ ਵਿੱਚ, ਪੂਰੇ ਸਟਾਕ ਦਾ ਇੱਕ ਹੀ ਵਾਰ ਵਿੱਚ ਗੁਆਚਣਾ ਨਿਵੇਕਲਾ ਮੰਨਿਆ ਜਾਂਦਾ ਹੈ। ਚੋਰੀ ਹੋਏ ਦਾ ਮੁੱਲ ਨੂੰ ਸੰਭਾਵਿਤ ਵੱਧ ਤੋਂ ਵੱਧ ਘਾਟੇ (PML) ਵਜੋਂ ਮੰਨਿਆ ਜਾਂਦਾ ਹੈ ਅਤੇ ਵੱਧ ਤੋਂ ਵੱਧ ਘਾਟੇ ਲਈ ਪੂਰਾ ਪ੍ਰੀਮੀਅਮ ਵਸੂਲਿਆ ਜਾਂਦਾ ਹੈ ਅਤੇ ਸਟਾਕ ਦੀ ਬਾਕੀ ਰਕਮ ਉੱਤੇ ਪੂਰੇ ਪ੍ਰੀਮੀਅਮ ਦਾ ਕੁਝ ਫੀਸਦੀ ਲਿਆ ਜਾਂਦਾ ਹੈ, ਕਿਉਂਕਿ PML ਪੂਰੇ ਸਟਾਕ ਲਈ ਬਦਲਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਦੂਜਾ ਸੰਨ੍ਹਮਾਰ ਤੁਰੰਤ ਨਹੀਂ ਆਵੇਗਾ ਜਾਂ ਬੀਮਤ ਇਸ ਦੇ ਮੁੜ-ਵਾਪਰਨ ਤੋਂ ਰੋਕਣ ਲਈ ਸੁਰੱਖਿਆ ਕਦਮ ਚੁੱਕੇਗਾ।

2. ਸਟਾਕ ਦੇ ਸੰਬੰਧ ਵਿੱਚ ਅੱਗ ਬੀਮੇ ਦੇ ਵਾਂਗ ਹੀ ਐਲਾਨ ਬੀਮਾ-ਸੁਰੱਖਿਆ ਅਤੇ ਫਲੋਟਰ ਬੀਮਾ-ਸੁਰੱਖਿਆ ਵੀ ਸੰਭਵ ਹੈ।

3. ਅਲਹਿਦਾ

ਪਾਲਸੀ ਮੁਲਾਜ਼ਮਾਂ, ਪਰਿਵਾਰਿਕ ਮੈਂਬਰ ਜਾਂ ਹੋਰ ਵਿਅਕਤੀ, ਜਿਹਨਾਂ ਨੂੰ ਕਾਨੂੰਨੀ ਰੂਪ ਵਿੱਚ ਥਾਂ ਉੱਤੇ ਆਉਣ ਦੀ ਇਜ਼ਾਜ਼ਤ ਹੈ, ਵਲੋਂ ਕੀਤੀ ਚੋਰੀ ਲਈ ਬੀਮਾ ਸੁਰੱਖਿਆ ਨਹੀਂ ਦਿੰਦੀ ਹੈ ਅਤੇ ਨਾ ਹੀ ਆਮ ਕਿਸਮ ਦੀ ਚੋਰੀ ਨੂੰ। ਇਹ ਅੱਗ ਜਾਂ ਪਲੇਟ ਗਲਾਸ ਪਾਲਸੀ ਦੇ ਤਹਿਤ ਬੀਮਾ ਸੁਰੱਖਿਆ ਦਿੱਤੇ ਘਾਟੇ ਨੂੰ ਵੀ ਸ਼ਾਮਿਲ ਨਹੀਂ ਕਰਦੀ ਹੈ।

4. ਵਾਧਾ

ਪਾਲਸੀ ਨੂੰ ਦੰਗੇ, ਹੜਤਾਲਾਂ ਅਤੇ ਅੱਤਵਾਦੀ ਜ਼ੋਖਿਮਾਂ ਲਈ ਵਾਧੂ ਪ੍ਰੀਮੀਅਮ ਦੇ ਕੇ ਵਧਾਇਆ ਜਾ ਸਕਦਾ ਹੈ।

5. ਪ੍ਰੀਮੀਅਮ

ਸੰਨ੍ਹਮਾਰ ਪਾਲਸੀ ਲਈ ਪ੍ਰੀਮੀਅਮ ਦੀ ਦਰ ਬੀਮਤ ਜਾਇਦਾਦ ਦੀ ਕਿਸਮ, ਖੁਦ ਬੀਮਤ ਦੇ ਨੈਤਿਕ ਖਤਰੇ, ਟਿਕਾਣੇ ਦੇ ਨਿਰਮਾਣ ਤੇ ਥਾਂ, ਸੁਰੱਖਿਆ ਕਦਮਾਂ (ਜਿਵੇਂ ਕਿ ਚੌਂਕੀਦਾਰ, ਸੰਨ੍ਹਮਾਰੀ ਅਲਾਰ ), ਪਿਛਲੇ ਦਾਅਵਾ ਅਨੁਭਵ ਆਦਿ ਉੱਤੇ ਨਿਰਭਰ ਕਰਦੀ ਹੈ।

ਪੇਸ਼ਕਸ਼ ਫਾਰਮ ਵਿੱਚ ਦਿੱਤੀ ਗਈ ਜਾਣਕਾਰੀ ਤੋਂ ਇਲਾਵਾ, ਬੀਮਾਕਰਤਾ ਵਲੋਂ ਮਨਜ਼ੂਰੀ ਤੋਂ ਪਹਿਲਾਂ ਜਾਂਚ ਕੀਤੀ ਜਾਂਦੀ ਹੈ, ਜਿੱਥੇ ਵੀ ਵੱਧ ਮੁੱਲ ਸ਼ਾਮਿਲ ਹੁੰਦਾ ਹੈ।

**ਆਪਣੇ ਆਪ ਨੂੰ ਪਰਖੋ 3**

ਸੰਨ੍ਹਮਾਰੀ ਪਾਲਸੀ ਲਈ ਪ੍ਰੀਮੀਅਮ ________________ ਉੱਤੇ ਅਧਾਰਿਤ ਹੈ।

I. ਬੀਮਾ ਕੀਤੀ ਜਾਇਦਾਦ ਦੀ ਕਿਸਮ

II. ਬੀਮਤ ਦੇ ਖੁਦ ਦੇ ਨੈਤਿਕ ਸੰਕਟ

III. ਥਾਂ ਦਾ ਨਿਰਮਾਣ ਅਤੇ ਟਿਕਾਣਾ

IV. ਉਪਰੋਕਤ ਸਭ

## D. ਧਨ ਬੀਮਾ

ਨਕਦੀ ਨਾਲ ਕੰਮ ਕਰਨਾ ਕਿਸੇ ਵੀ ਕਾਰੋਬਾਰ ਦਾ ਮੁੱਖ ਭਾਗ ਹੈ। ਧਨ ਬੀਮਾ ਪਾਲਸੀ ਦਾ ਮਕਸਦ ਬੈਂਕਾਂ ਅਤੇ ਉਦਯੋਗਿਕ ਕਾਰੋਬਾਰ ਥਾਵਾਂ ਨੂੰ ਪੈਸਾ ਗੁਆਚਣ ਤੋਂ ਸੁਰੱਖਿਆ ਦੇਣਾ ਹੈ। ਧਨ ਥਾਂ ਦੇ ਨਾਲ ਨਾਲ ਬਾਹਰ ਵੀ ਜੋਖਿਮ ਉੱਤੇ ਹੁੰਦਾ ਹੈ। ਇਸ ਨੂੰ ਗ਼ੈਰਕਨੂੰਨੀ ਰੂਪ ਵਿੱਚ ਖੋਹਿਆ ਜਾ ਸਕਦਾ ਹੈ, ਜਦੋਂ ਕਿ ਇਸ ਨੂੰ ਕਢਵਾਇਆ, ਜ਼ਮ੍ਹਾਂ ਕਰਵਾਇਆ, ਭੁਗਤਾਨ ਕੀਤਾ ਜਾਂ ਵਸੂਲਿਆ ਜਾ ਰਿਹਾ ਹੁੰਦਾ ਹੈ।

### 1. ਧਨ ਬੀਮੇ ਲਈ ਬੀਮਾ ਸੁਰੱਖਿਆ

ਧਨ ਬੀਮਾ ਪਾਲਸੀ ਨੂੰ ਨਕਦ ਚੈਕ/ ਪੋਸਟ ਆਰਡਰ/ ਡਾਕ ਟਿਕਟਾਂ ਨੂੰ ਨਿਪਟਾਉਣ ਦੌਰਾਨ ਹੋਣ ਵਾਲੇ ਘਾਟੇ ਲਈ ਬੀਮਾ ਸੁਰੱਖਿਆ ਦੇਣ ਲਈ ਤਿਆਰ ਕੀਤਾ ਗਿਆ ਹੈ। ਪਾਲਸੀ ਆਮ ਤੌਰ ਉੱਤੇ ਦੋ ਭਾਗਾਂ ਅਧੀਨ ਬੀਮਾ ਸੁਰੱਖਿਆ ਦਿੰਦੀ ਹੈ

a) ਮਾਰਗ ਭਾਗ: ਇਹ ਲੁੱਟਣ ਜਾਂ ਚੋਰੀ ਜਾਂ ਹੋਰ ਕਾਰਨਾਂ ਦੇ ਨਤੀਜੇ ਵਜੋਂ ਧਨ ਦੇ ਨੁਕਸਾਨ ਲਈ ਬੀਮਾ ਸੁਰੱਖਿਆ ਦਿੰਦਾ ਹੈ, ਜਦੋਂ ਕਿ ਇਸ ਨੂੰ ਬੀਮਤ ਜਾਂ ਉਸ ਦੇ ਪ੍ਰਮਾਣਿਤ ਮੁਲਾਜ਼ਮਾਂ ਵਲੋਂ ਬਾਹਰ ਲੈ ਕੇ ਜਾਇਆ ਜਾਂਦਾ ਹੈ।

ਮਾਰਗ ਭਾਗ ਦੋ ਰਕਮ ਦਿੰਦਾ ਹੈ:

i. ਪ੍ਰਤੀ ਢੁਆਈ ਲਈ ਲਿਮਟ: ਇਹ ਵੱਧ ਤੋਂ ਵੱਧ ਰਕਮ ਹੈ, ਜੋ ਕਿ ਬੀਮਾ ਕਰਤਾ ਵਲੋਂ ਹਰ ਘਾਟੇ ਦੇ ਸਬੰਧ ਵਿੱਚ ਦੇਣ ਦੀ ਲੋੜ ਹੋ ਸਕਦੀ ਹੈ।

ii. ਪਾਲਸੀ ਅੰਤਰਾਲ ਦੇ ਦੌਰਾਨ ਮਾਰਗ ਵਿੱਚ ਅੰਦਾਜ਼ਨ ਰਕਮ ਇਹ ਰਕਮ ਨੂੰ ਦਰਸਾਉਂਦਾ ਹੈ, ਜਿਸ ਲਈ ਪ੍ਰੀਮੀਅਮ ਦੀ ਦਰ ਨੂੰ ਕੱਢਣ ਲਈ ਪ੍ਰੀਮੀਅਮ ਦੀ ਦਰ ਲਗਾਈ ਜਾਂਦੀ ਹੈ।

ਪਾਲਸੀਆਂ ਨੂੰ “ਐਲਾਨ ਅਧਾਰ” ਉੱਤੇ ਜਾਰੀ ਕੀਤਾ ਜਾਂਦਾ ਹੈ, ਜਿਵੇਂ ਕਿ ਅੱਗ ਬੀਮੇ ਦੇ ਕੇਸ ਵਿੱਚ ਕੀਤਾ ਜਾਂਦਾ ਹੈ। ਇਸਕਰਕੇ ਬੀਮਾਕਰਤਾ ਮਾਰਗ ਵਿਚਲੀ ਅੰਦਾਜ਼ਨ ਰਕਮ ਉੱਤੇ ਆਰਜ਼ੀ ਪ੍ਰੀਮੀਅਮ ਲਗਾਉਂਦਾ ਹੈ ਅਤੇ ਪਾਲਸੀ ਦੀ ਮਿਆਦ ਪੁੱਗਣ ਉੱਤੇ ਇਸ ਪ੍ਰੀਮੀਅਮ ਨੂੰ ਅਡਜੱਸਟ ਕੀਤਾ ਜਾਂਦਾ ਹੈ, ਜੋ ਕਿ ਪਾਲਸੀ ਦੇ ਸਮੇਂ ਦੌਰਾਨ ਬੀਮਤ ਵਲੋਂ ਐਲਾਨੀ ਗਈ ਮਾਰਗ ਵਿਚਲੀ ਕੁੱਲ ਰਕਮ ਦੇ ਅਧਾਰ ਉੱਤੇ ਹੈ।

b) ਥਾਂ (premise) ਭਾਗ: ਇਹ ਭਾਗ ਵਿੱਚ ਕਿਸੇ ਦੇ ਥਾਂ / ਤਾਲਾਬੰਦ ਤਿਜੋਰੀ ਤੋਂ ਸੰਨ੍ਹਮਾਰੀ, ਘਰ ਵਿੱਚ ਜਾ ਕੇ, ਲੁੱਟਮਾਰ ਆਦਿ ਕਰਕੇ ਨਕਦੀ ਦੇ ਘਾਟੇ ਲਈ ਬੀਮਾ ਸੁਰੱਖਿਆ ਹੈ। ਪਾਲਸੀ ਦੇ ਹੋਰ ਗੁਣ (ਕਾਰੋਬਾਰੀ ਇਮਾਰਤ ਦੇ) ਸੰਨ੍ਹਮਾਰੀ ਬੀਮੇ ਵਾਂਗ ਹੀ ਹੈ, ਜੋ ਕਿ ਇਸ ਉੱਤੇ ਪਾਠ C ਵਿੱਚ ਵਿਚਾਰੇ ਹਨ।

2. ਖਾਸ ਅਲਹਿਦਾ

ਇਹਨਾਂ ਵਿੱਚ ਹਨ:

a) ਗਲਤੀ ਜਾਂ ਭੁੱਲ ਦੇ ਕਰਕੇ ਕਮੀ

b) ਧਨ ਦਾ ਘਾਟਾ, ਜੋ ਕਿ ਪ੍ਰਮਾਣਿਤ ਵਿਅਕਤੀ ਤੋਂ ਬਿਨਾਂ ਹੋਰ ਨੂੰ ਅਮਾਨਤ ਦੇਣ ਕਰਕੇ ਹੁੰਦਾ ਹੈ ਅਤੇ

c) ਦੰਗੇ, ਹੜਤਾਲ ਅਤੇ ਅੱਤਵਾਦ

3. ਵਾਧਾ

ਵਾਧੂ ਪ੍ਰੀਮੀਅਮ ਭੁਗਤਾਨ ਕਰਨ ਉੱਤੇ ਪਾਲਸੀ ਨੂੰ ਬੀਮਾ ਸੁਰੱਖਿਆ ਦੇਣ ਲਈ ਵਧਾਇਆ ਜਾ ਸਕਦਾ ਹੈ:

a) ਨਕਦ ਲੈ ਕੇ ਜਾਣ ਵਾਲੇ ਵਿਅਕਤੀ ਦੀ ਬੇਈਮਾਨੀ

b) ਦੰਗੇ, ਹੜਤਾਲ ਤੇ ਅੱਤਵਾਦੀ ਜੋਖਿਮ

c) ਭੁਗਤਾਨ ਜੋਖਿਮ, ਜੋ ਕਿ ਮੁਲਾਜ਼ਮਾਂ ਨੂੰ ਤਨਖਾਹਾਂ ਦੇ ਭੁਗਤਾਨ ਦੌਰਾਨ ਹੋਣ ਵਾਲੇ ਘਾਟੇ ਦੇ ਰੂਪ ਵਿੱਚ ਹੈ।

4. ਪ੍ਰੀਮੀਅਮ

ਪ੍ਰੀਮੀਅਮ ਦਰ ਨੂੰ ਬੀਮਤ, ਕਿਸੇ ਵੀ ਸਮੇਂ ਕੰਪਨੀ ਦੀ ਨਕਦ ਲੈ ਕੇ ਜਾਣ ਦੀ ਦੇਣਦਾਰੀ, ਢੁਆਈ ਦੇ ਢੰਗ, ਦੂਰੀ, ਚੁੱਕੇ ਜਾਣ ਵਾਲੇ ਸੁਰੱਖਿਆ ਕਦਮ ਆਦਿ ਦੇ ਮੁਤਾਬਕ ਤਹਿ ਕੀਤਾ ਜਾਂਦਾ ਹੈ। ਪ੍ਰੀਮੀਅਮ ਨੂੰ ਪਾਲਸੀ ਦੀ ਮਿਆਦ ਪੁੱਗਣ ਦੇ 30 ਦਿਨਾਂ ਦੇ ਅੰਦਰ ਐਲਾਨਣ ਦੇ ਆਧਾਰ ਉੱਤੇ ਸਾਲ ਭਰ ਵਿੱਚ ਲੈ ਕੇ ਜਾਏ ਗਏ ਅਸਲ ਨਕਦ ਮੁਤਾਬਕ ਅਡਜੱਸਟ ਕੀਤਾ ਜਾਂਦਾ ਹੈ।

**ਆਪਣੇ ਆਪ ਨੂੰ ਪਰਖੋ 4**

ਹੇਠ ਦਿੱਤਿਆਂ ਵਿੱਚ ਕਿਸ ਨੂੰ ਧਨ ਬੀਮਾ ਪਾਲਸੀ ਅਧੀਨ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ?

I. ਗਲਤੀ ਜਾਂ ਭੁੱਲ ਦੇ ਕਰਕੇ ਕਮੀ

II. ਕਿਸੇ ਦੇ ਟਿਕਾਣਾ (ਥਾਂ) ਤੋਂ ਸੰਨ੍ਹਮਾਰੀ ਰਾਹੀਂ ਧਨ ਦੀ ਚੋਰੀ

III. ਧਨ ਦਾ ਘਾਟਾ, ਜੋ ਕਿ ਪ੍ਰਮਾਣਿਤ ਵਿਅਕਤੀ ਤੋਂ ਬਿਨਾਂ ਹੋਰ ਨੂੰ ਅਮਾਨਤ ਦੇਣ ਕਰਕੇ ਹੁੰਦਾ ਹੈ

IV. ਦੰਗੇ, ਹੜਤਾਲ ਅਤੇ ਅੱਤਵਾਦ

## E. ਦ੍ਰਿੜ੍ਹਤਾ (Fidelity ) ਗਾਰੰਟੀ ਬੀਮਾ

ਕੰਪਨੀਆਂ ਨੂੰ ਵਿੱਤੀ ਘਾਟਾ ਵਾਈਟ ਕਾਲਰ ਜ਼ੁਰਮਾਂ ਜਿਵੇਂ ਕਿ ਉਹਨਾਂ ਦੇ ਮੁਲਾਜ਼ਮਾਂ ਵਲੋਂ ਧੋਖਾ ਜਾਂ ਬੇਈਮਾਨੀ ਦੇ ਕਰਕੇ ਪੈਂਦਾ ਹੈ। ਦ੍ਰਿੜ੍ਹਤਾ ਗਾਰੰਟੀ ਬੀਮਾ ਮਾਲਕ (ਜਾਂ ਕੰਪਨੀ) ਨੂੰ ਉਹਨਾਂ ਦੇ ਮੁਲਾਜ਼ਮਾਂ ਵਲੋਂ ਧੋਖਾ ਦੇਣ ਜਾਂ ਬੇਈਮਾਨੀ ਕਰਕੇ ਜਾਲ੍ਹਸਾਜ਼ੀ, ਗ਼ਬਨ, ਲੁੱਟ ਜਾਂ ਕੁਵਰਤੋਂ ਤੇ ਕੁਤਾਹੀ ਦੇ ਕਰਕੇ ਹੋਣ ਵਾਲੇ ਵਿੱਤੀ ਘਾਟੇ ਲਈ ਹਰਜਾਨਾ ਦਿੰਦਾ ਹੈ।

### 1. ਦ੍ਰਿੜ੍ਹਤਾ ਗਾਰੰਟੀ ਬੀਮੇ ਅਧੀਨ ਬੀਮਾ ਸੁਰੱਖਿਆ

ਬੀਮਾ ਸੁਰੱਖਿਆ ਸਿੱਧੇ ਆਰਥਿਕ ਘਾਟੇ ਲਈ ਦਿੱਤੀ ਜਾਂਦੀ ਹੈ ਅਤੇ ਇਸ ਵਿੱਚ ਪਰਿਮਾਣੀ ਘਾਟੇ ਸ਼ਾਮਿਲ ਨਹੀਂ ਹੁੰਦੇ ਹਨ।

a) ਘਾਟਾ ਧਨ, ਜਮਾਨਤ ਜਾਂ ਸਾਮਾਨ ਦੇ ਰੂਪ ਵਿੱਚ ਹੋਣਾ ਚਾਹੀਦਾ ਹੈ

b) ਕੰਮ ਤਹਿ ਕੀਤੇ ਫ਼ਰਜ਼ਾਂ ਦੇ ਸਬੰਧ ਵਿੱਚ ਕੀਤਾ ਜਾਣਾ ਚਾਹੀਦਾ ਹੈ।

c) ਘਾਟਾ ਪਾਲਸੀ ਦੀ ਮਿਆਦ ਪੁੱਗਣ ਦੇ 12 ਮਹੀਨਿਆਂ ਜਾਂ ਮੌਤ ਰਿਟਾਇਰਮੈਂਟ ਅਸਤੀਫ਼ਾ ਦੇਣ ਜਾਂ ਮੁਜ਼ਾਲਮ ਦੇ ਮੁਅੱਤਲ ਕਰਨ, ਜੋ ਵੀ ਪਹਿਲਾਂ ਹੋਵੇ, ਵਿੱਚ ਖੋਜਿਆ ਜਾਣਾ ਚਾਹੀਦਾ ਹੈ

d) ਬੇਈਮਾਨ ਮੁਲਾਜ਼ਮ ਦੇ ਸਬੰਧ ਵਿੱਚ ਕੋਈ ਬੀਮਾ ਸੁਰੱਖਿਆ ਨਹੀਂ ਦਿੱਤੀ ਜਾਂਦੀ ਹੈ, ਜਿਸ ਨੂੰ ਮੁੜ-ਨੌਕਰੀ ਉੱਤੇ ਰੱਖਿਆ ਗਿਆ ਹੋਵੇ

### 2. ਦ੍ਰਿੜ੍ਹਤਾ (Fidelity ) ਦੀਆਂ ਕਿਸਮਾਂ ਗਾਰੰਟੀ ਪਾਲਸੀ

ਕਈ ਕਿਸਮ ਦੀਆਂ ਦ੍ਰਿੜ੍ਹਤਾ ਗਾਰੰਟੀ ਪਾਲਸੀਆਂ ਬਾਰੇ ਹੇਠਾਂ ਜਾਣਕਾਰੀ ਦਿੱਤੀ ਗਈ ਹੈ:

a) ਨਿੱਜੀ ਪਾਲਸੀ: ਇਸ ਕਿਸਮ ਦੀ ਪਾਲਸੀ ਉਥੇ ਵਰਤੀ ਜਾਂਦੀ ਹੈ, ਜਿੱਥੇ ਕੇਵਲ ਇੱਕ ਵਿਅਕਤੀ ਦੀ ਗਾਰੰਟੀ ਦੇਣੀ ਹੁੰਦੀ ਹੈ। ਮੁਲਾਜ਼ਮ ਦਾ ਨਾਂ ਅਹੁਦਾ ਅਤੇ ਗਾਰੰਟੀ ਦੀ ਰਕਮ ਨੂੰ ਦੇਣ ਦੀ ਲੋੜ ਹੁੰਦੀ ਹੈ।

b) ਸਮੂਹਿਕ ਪਾਲਸੀ: ਇਹ ਪਾਲਸੀ ਉਹਨਾਂ ਮੁਲਾਜ਼ਮਾਂ ਦੇ ਨਾਂ ਦੀ ਸੂਚੀ ਨੂੰ ਮਿਲਾ ਕੇ ਤਿਆਰ ਹੁੰਦੀ ਹੈ, ਜਿਨ੍ਹਾਂ ਲਈ ਗਾਰੰਟੀ ਲਾਗੂ ਹੁੰਦੀ ਹੈ, ਹਰ ਮੁਲਾਜ਼ਮ ਦੇ ਫ਼ਰਜ਼ਾਂ ਅਤੇ ਹਰੇਕ ਲਈ ਵੱਖ-ਵੱਖ ਬੀਮਾ ਕੀਤੀ ਰਕਮ ਦੇ ਨੋਟ ਦੇ ਨਾਲ।

c) ਫਲੋਟਿੰਗ ਪਾਲਸੀ ਜਾਂ ਫਲੋਟਰ: ਉਹ ਪਾਲਸੀ ਵਿੱਚ, ਬੀਮਾ ਸੁਰੱਖਿਆ ਦਿੱਤੇ ਜਾਣ ਵਾਲੇ ਵਿਅਕਤੀਆਂ ਦੇ ਨਾਂ ਤੇ ਫਰਜ਼ ਸੂਚੀ ਵਿੱਚ ਪਾਏ ਜਾਂਦੇ ਹਨ, ਪਰ ਹਰੇਕ ਵਿਅਕਤੀ ਲਈ ਗਾਰੰਟੀ ਦੀ ਰਕਮ ਦੀ ਬਜਾਏ, ਪੂਰੇ

ਗਰੁੱਪ ਲਈ ਇੱਕ ਤਹਿ ਰਕਮ ਦੀ ਗਾਰੰਟੀ "ਫਲੋਟਿੰਗ" ਰੂਪ ਵਿੱਚ ਹੁੰਦੀ ਹੈ। ਕਿਸੇ ਵੀ ਮੁਲਾਜ਼ਮ ਦੇ ਸਬੰਧ ਵਿੱਚ ਦਾਅਵੇ ਫਲੋਟਿੰਗ ਗਾਰੰਟੀ ਨੂੰ ਘਟਾਉਂਦਾ ਹੈ, ਜਦੋਂ ਕਿ ਅਸਲੀ ਰਕਮ ਨੂੰ ਵਾਧੂ ਪ੍ਰੀਮੀਅਮ ਦਾ ਭੁਗਤਾਨ ਕਰਕੇ ਬਹਾਲ ਨਹੀਂ ਕੀਤਾ ਜਾਂਦਾ ਹੈ।

d) ਅਹੁਦਾ ਪਾਲਸੀ: ਇਹ ਸਮੂਹਿਕ ਪਾਲਸੀ ਦੇ ਵਾਂਗ ਹੀ ਹੈ ਕੇਵਲ ਸੂਚੀਬੱਧ "ਅਹੁਦੇ" (ਜਿਵੇਂ ਨਕਦੀ, ਖਾਤਾ ਅਧਿਕਾਰੀ ਆਦਿ) ਹੁੰਦੇ ਹਨ, ਜੋ ਕਿ ਖਾਸ ਰਕਮ ਲਈ ਗਾਰੰਟੀ ਦਿੱਤੇ ਹੁੰਦੇ ਹਨ ਅਤੇ ਨਾਮ ਨਹੀਂ ਦਿੱਤੇ ਹੁੰਦੇ।

e) ਪਰਦਾ ਪਾਉਣ (Blanket) ਪਾਲਸੀ: ਇਹ ਪਾਲਸੀ ਪੂਰੇ ਸਟਾਫ਼ ਨੂੰ ਬਿਨਾਂ ਨਾਂ ਜਾਂ ਅਹੁਦਾ ਵਿਖਾਏ ਬੀਮਾ ਸੁਰੱਖਿਆ ਦਿੰਦੀ ਹੈ। ਬੀਮਾ ਕਰਤਾ ਵਲੋਂ ਮੁਲਾਜ਼ਮਾਂ ਬਾਰੇ ਕੋਈ ਵੀ ਪੁੱਛਗਿੱਛ ਨਹੀਂ ਕੀਤੀ ਜਾਂਦੀ ਹੈ। ਇੰਝ ਦੀਆਂ ਪਾਲਸੀਆਂ ਕੇਵਲ ਮਾਲਕ (ਕੰਪਨੀਆਂ) ਲਈ ਢੁੱਕਵੀਆਂ ਹੁੰਦੀਆਂ ਹਨ, ਜਿਹਨਾਂ ਦੇ ਸਟਾਫ਼ ਦੀ ਗਿਣਤੀ ਬਹੁਤ ਵੱਡੀ ਹੈ ਅਤੇ ਸੰਸਥਾ ਨੇ ਮੁਲਾਜ਼ਮਾਂ ਦੇ ਪਿਛੋਕੜ ਲਈ ਕਾਫ਼ੀ ਪੁੱਛਗਿੱਛ ਕੀਤੀ ਹੈ। ਹਵਾਲੇ, ਜੋ ਕਿ ਸੰਸਥਾ ਨੇ ਪ੍ਰਾਪਤ ਕੀਤੇ ਹੋਣ ਬੀਮਾਕਰਤਾ ਨੂੰ ਦਾਅਵੇ ਦੇ ਸਮੇਂ ਦੇਣ ਜ਼ਰੂਰੀ ਹਨ। ਪਾਲਸੀ ਕੇਵਲ ਵੱਡੀਆਂ ਮਸ਼ਹੂਰ ਸੰਸਥਾਵਾਂ ਲਈ ਹੀ ਮਨਜ਼ੂਰ ਕੀਤੀ ਜਾਂਦੀ ਹੈ।

3. ਪ੍ਰੀਮੀਅਮ

ਪ੍ਰੀਮੀਅਮ ਦੀ ਦਰ ਕਾਰੋਬਾਰ ਕਿਸਮ, ਮੁਲਾਜ਼ਮ ਦੀ ਹਾਲਤ, ਜਾਂਚ ਅਤੇ ਪੜਤਾਲ ਦੀ ਪ੍ਰਣਾਲੀ ਉੱਤੇ ਨਿਰਭਰ ਕਰਦੀ ਹੈ।

**ਆਪਣੇ ਆਪ ਨੂੰ ਪਰਖੋ 5**

ਦ੍ਰਿੜ੍ਹਤਾ ਗਾਰੰਟੀ ਬੀਮਾ ਹਰਜਾਨਾ ____________________ ਦਿੰਦੀ ਹੈ।

I. ਮਾਲਕ ਨੂੰ ਉਹਨਾਂ ਦੇ ਮੁਲਾਜ਼ਮਾਂ ਵਲੋਂ ਧੋਖਾ ਦੇਣ ਜਾਂ ਬੇਈਮਾਨੀ ਕਰਕੇ ਹੋਣ ਵਾਲੇ ਵਿੱਤੀ ਘਾਟੇ ਲਈ

II. ਮੁਲਾਜ਼ਮਾਂ ਨੂੰ ਉਹਨਾਂ ਦੇ ਮਾਲਕਾਂ ਵਲੋਂ ਧੋਖਾ ਦੇਣ ਜਾਂ ਬੇਈਮਾਨੀ ਕਰਕੇ ਹੋਣ ਵਾਲੇ ਵਿੱਤੀ ਘਾਟੇ ਲਈ

III. ਤੀਜੀਆਂ ਧਿਰਾਂ ਨੂੰ ਕਾਰਪੋਰੇਟ ਵਲੋਂ ਧੋਖਾ ਦੇਣ ਜਾਂ ਬੇਈਮਾਨੀ ਕਰਕੇ ਹੋਣ ਵਾਲੇ ਵਿੱਤੀ ਘਾਟੇ ਲਈ

IV. ਸ਼ੇਅਰਹੋਲਡਰਾਂ ਨੂੰ ਉਹਨਾਂ ਦੇ ਕੰਪਨੀ ਪ੍ਰਬੰਧਕਾਂ ਵਲੋਂ ਧੋਖਾ ਦੇਣ ਜਾਂ ਬੇਈਮਾਨੀ ਕਰਕੇ ਹੋਣ ਵਾਲੇ ਵਿੱਤੀ ਘਾਟੇ ਲਈ

## F. ਬੈਂਕਰ ਹਰਜਾਨਾ ਬੀਮਾ

ਇਹ ਵਿਆਪਕ ਬੀਮਾ ਸੁਰੱਖਿਆ ਬੈਂਕ, ਐਨਬੀਐਫਸੀ ਅਤੇ ਹੋਰ ਸੰਸਥਾਵਾਂ, ਜੋ ਕਿ ਧਨ ਦੇ ਸਬੰਧੀ ਕੰਮ ਕਰਦੀਆਂ ਹਨ, ਦੇਣ ਲਈ ਲਈ ਖਰੜਾ ਤਿਆਰ ਕੀਤਾ ਗਿਆ ਸੀ, ਉਹਨਾਂ ਨੂੰ ਧਨ ਅਤੇ ਜਮਾਨਤ ਦੇ ਸਬੰਧੀ ਪੈਦਾ ਹੋਣ ਵਾਲੇ ਖਾਸੇ ਜੋਖਿਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ।

### 1. ਬੈਂਕਰ ਹਰਜਾਨਾ ਬੀਮਾ ਅਧੀਨ ਬੀਮਾ ਸੁਰੱਖਿਆ

ਇਹ ਪਾਲਸੀ ਤਹਿਤ ਬੈਂਕਰ ਦੀਆਂ ਲੋੜਾਂ ਮੁਤਾਬਕ ਵੱਖ-ਵੱਖ ਰੂਪਾਂਤਰ ਹਨ।

a) ਧਨ, ਜਮਾਨਤ ਉਸ ਸਮੇਂ ਅੱਗ, ਸੰਨ੍ਹਮਾਰੀ, ਦੰਗਿਆ ਅਤੇ ਹੜਤਾਲ ਕਰਕੇ ਗੁਆਚਣਾ ਜਾਂ ਨੁਕਸਾਨ ਹੋਣਾ, ਜਦੋਂ ਕਿ ਉਹ ਇਮਾਰਤ ਦੇ ਵਿੱਚ ਹੈ।

b) ਕਿਸੇ ਵੀ ਕਾਰਨ ਕਰਕੇ ਘਾਟਾ ਪੈਣਾ, ਜਿਸ ਵਿੱਚ ਮੁਲਾਜ਼ਮ ਦੀ ਗਿਣਤੀ ਵੀ ਹੋ ਸਕਦੀ ਹੈ, ਜਦੋਂ ਜਾਇਦਾਦ ਨੂੰ ਪ੍ਰਮਾਣਿਤ ਮੁਲਾਜ਼ਮਾਂ ਦੇ ਰਾਹੀਂ ਇਮਾਰਤ ਵਿੱਚੋਂ ਬਾਹਰ ਲੈ ਕੇ ਜਾਇਆ ਜਾ ਰਿਹਾ ਹੋਵੇ।

c) ਚੈੱਕ, ਡਰਾਫਟ, ਸਥਿਰ ਜ਼ਮ੍ਹਾਂ ਰਸੀਦਾਂ ਆਦਿ ਰਾਹੀਂ ਧੋਖਾ ਜਾਂ ਤਬਦੀਲੀ।

d) ਧਨ/ਜਮਾਨਤ ਦੇ ਸਬੰਧੀ ਜਾਂ ਚੀਜ਼ਾਂ ਦੀ ਜਮਾਨਤ ਵਿੱਚ ਮੁਲਾਜ਼ਮਾਂ ਦੀ ਬੇਈਮਾਨੀ।

e) ਰਜਿਸਟਰ ਡਾਕ ਰਾਹੀਂ ਭੇਜੇ ਪਾਰਸਲ ਰਾਹੀਂ

f) ਮੁਲਾਂਕਕ ਰਾਹੀਂ ਬੇਈਮਾਨੀ

g) ਬੈਂਕ ਦੇ ਏਜੰਟਾਂ ਜਿਵੇਂ ਕਿ 'ਜਨਤਾ ਏਜੰਟ', 'ਛੋਟੀ ਬੱਚਤ ਯੋਜਨਾ ਏਜੰਟ" ਰਾਹੀਂ ਧਨ ਗੁਆਚਣਾ।

ਬੀਮਾ ਸੁਰੱਖਿਆ ਖੋਜ ਦੇ ਅਧਾਰ ਉੱਤੇ ਜਾਰੀ ਕੀਤਾ ਜਾਂਦਾ ਹੈ, ਜਿਸ ਦਾ ਭਵ ਹੈ ਕਿ ਪਾਲਸੀ ਗੁਆਚੇ ਦੇ ਲੱਭ ਦੇ ਸਮੇਂ ਦੌਰਾਨ ਜਵਾਬਦੇਹ ਹੋਵੇਗੀ, ਅਤੇ ਜ਼ਰੂਰੀ ਨਹੀਂ ਹੈ ਕਿ ਹੋਣ ਦੇ ਦੌਰਾਨ ਹੋਵੇ। ਪਰ ਬੀਮਾ ਸੁਰੱਖਿਆ ਅਸਲ ਵਿੱਚ ਹੋਣ ਦੇ ਦੌਰਾਨ ਮੌਜੂਦ ਹੋਣੀ ਚਾਹੀਦੀ ਹੈ।

ਰਸਮੀ ਤੌਰ ਉੱਤੇ ਲੱਭਣ ਦੀ ਮਿਤੀ ਤੋਂ 2 ਸਾਲ ਪਹਿਲਾਂ ਦੇ ਸਮੇਂ ਦੇ ਦੌਰਾਨ ਪਏ ਘਾਟੇ ਹੀ ਦੇਣਯੋਗ ਹਨ, ਬਸ਼ਰਤੇ ਕਿ ਬੀਮਾ ਸੁਰੱਖਿਆ ਜਾਰੀ ਰਹੇ, ਪਹਿਲਾਂ ਦੀ ਮਿਤੀ ਤੋਂ, ਜਦੋਂ ਕਿ ਘਾਟਾ ਪਿਆ ਸੀ।

### 2. ਖਾਸ ਅਲਹਿਦਾ

ਵੱਡੀਆਂ ਅਲਹਿਦਗੀਆਂ ਵਪਾਰਕ ਘਾਟੇ, ਅਣਗਹਿਲੀ, ਸਾਫਟਵੇਅਰ ਜ਼ੁਰਮ ਅਤੇ ਹਿੱਸੇਦਾਰਾਂ, ਡਾਇਰੈਕਟਰਾਂ ਦੀ ਬੇਈਮਾਨੀ ਹਨ

3. ਖੇਤਰ

ਪਲਾਸੀ 7 ਭਾਗਾਂ ਤੋਂ ਮਿਲ ਕੇ ਬਣਦੀ ਹੈ:

1. ਸਥਾਨ ਉੱਤੇ
2. ਮਾਰਗ ਵਿੱਚ
3. ਧੋਖਾਧੜੀ ਜਾਂ ਤਬਾਦਲਾ
4. ਬੇਈਮਾਨੀ
5. ਗਿਰਵੀ ਪਿਆ ਸਾਮਾਨ
6. ਰਜਿਸਟਰ ਡਾਕ ਸੇਵਾ
7. ਮੁਲਾਂਕਣ
8. ਜਨਤਾ ਏਜੰਟ

4. ਬੀਮਾ ਕੀਤੀ ਰਕਮ

ਬੈਂਕ ਨੂੰ ਬੀਮਾ ਕੀਤੀ ਰਕਮ ਤਹਿ ਕਰਨੀ ਹੁੰਦੀ ਹੈ, ਜੋ ਕਿ ਪਹਿਲੇ 5 ਭਾਗਾਂ ਵਿੱਚ ਸਾਂਝੀ ਹੁੰਦੀ ਹੈ। ਇਸ ਨੂੰ 'ਮੁੱਢਲੀ ਬੀਮਾ ਕੀਤੀ ਰਕਮ' ਕਹਿੰਦੇ ਹਨ। ਹੋਰ ਬੀਮਾ ਕੀਤੀ ਰਕਮ ਨੂੰ ਭਾਗ (1) ਅਤੇ (2) ਲਈ ਖਰੀਦਿਆ ਜਾ ਸਕਦਾ ਹੈ, ਜੇ ਮੁਢਲੀ ਬੀਮਾ ਕੀਤੀ ਰਕਮ ਕਾਫ਼ੀ ਨਾ ਹੋਵੇ। ਪਾਲਸੀ ਬੀਮਾ ਕੀਤੀ ਗਈ ਰਕਮ ਇੱਕ ਲਾਜ਼ਮੀ ਅਤੇ ਆਪਣੇ-ਆਪ ਬਹਾਲੀ ਦੀ ਮਨਜ਼ੂਰ ਵੀ ਦਿੰਦੀ ਹੈ, ਜੋ ਕਿ ਵਾਧੂ ਪ੍ਰੀਮੀਅਮ ਦੇ ਭੁਗਤਾਨ ਰਾਹੀਂ ਹੁੰਦੀ ਹੈ।

5. ਰੇਟਿੰਗ

ਪ੍ਰੀਮੀਅਮ ਨੂੰ ਹੇਠ ਦਿੱਤੇ ਦੇ ਅਧਾਰ ਉੱਤੇ ਕੱਢਿਆ ਜਾਂਦਾ ਹੈ:

a) ਮੂਲ ਬੀਮਾ ਕੀਤੀ ਰਕਮ
b) ਵਾਧੂ ਬੀਮਾ ਕੀਤੀ ਰਕਮ
c) ਸਟਾਫ਼ ਦੀ ਗਿਣਤੀ
d) ਬਰਾਂਚਾਂ ਦੀ ਗਿਣਤੀ

**ਆਪਣੇ ਆਪ ਨੂੰ ਪਰਖੋ 6**

**ਹੇਠ ਦਿੱਤਿਆਂ ਵਿੱਚ ਕਿਸ ਨੂੰ ਬੈਂਕਰ ਹਰਜਾਨਾ ਬੀਮਾ ਪਾਲਸੀ ਅਧੀਨ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ?**

I. ਧਨ, ਜਮਾਨਤ ਉਸ ਸਮੇਂ ਅੱਗ ਕਰਕੇ ਗੁਆਚਣਾ ਜਾਂ ਨੁਕਸਾਨ ਹੋਣਾ, ਜਦੋਂ ਕਿ ਉਹ ਇਮਾਰਤ ਦੇ ਵਿੱਚ ਹੈ।

II. ਚੈੱਕ ਨਾਲ ਧੋਖਾਧੜੀ ਜਾਂ ਤਬਦਾਲਾ

III. ਧਨ ਦੇ ਸਬੰਧ ਵਿੱਚ ਮੁਲਾਜ਼ਮਾਂ ਦੀ ਬੇਈਮਾਨੀ

IV. ਉਪਰੋਕਤ ਸਭ

## G. ਜੌਹਰੀ ਬਲਾਕ ਪਾਲਸੀ

ਹਾਲ ਹੀ ਦੇ ਸਾਲਾਂ ਵਿੱਚ, ਭਾਰਤ ਸੰਸਾਰ ਵਿੱਚ ਜੌਹਰੀਆਂ, ਖਾਸ ਕਰਕੇ ਹੀਰਿਆਂ ਦੇ, ਲਈ ਵੱਡਾ ਕੇਂਦਰ ਬਣ ਕੇ ਉਭਰਿਆ ਹੈ। ਇੰਪੋਰਟ ਕੀਤੇ ਕੱਚੇ ਹੀਰੇ ਕੱਟੇ, ਤਰਾਸ਼ੇ ਅਤੇ ਐਕਸਪੋਰਟ ਕੀਤੇ ਜਾਂਦੇ ਹਨ। ਇਹ ਜੌਹਰੀ ਦੇ ਸਭ ਜੋਖਿਮਾਂ ਦੀ ਦੇਖਭਾਲ ਕਰਦੀ ਹੈ, ਜਿਸ ਦੇ ਕਾਰੋਬਾਰ ਵਿੱਚ ਛੋਟੀ ਮਾਤਰਾ ਵਿੱਚ ਵੱਡੇ ਮੁੱਲ ਦੇ ਸਾਮਾਨ ਦੀ ਵਿਕਰੀ ਸ਼ਾਮਿਲ ਹੈ, ਜਿਵੇਂ ਕਿ ਸੋਨੇ ਤੇ ਚਾਂਦੀ ਦੇ ਗਹਿਣੇ, ਹੀਰੇ ਤੇ ਮੋਤੀ ਦੇ ਪੱਥਰ, ਘੜੀਆਂ ਆਦਿ। ਵਪਾਰ ਵਿੱਚ ਇਹਨਾਂ ਮਹਿੰਗੀਆਂ ਚੀਜ਼ਾਂ ਨੂੰ ਵੱਡੀ ਮਿਕਦਾਰ ਵਿੱਚ ਸੰਭਾਲਣਾ ਅਤੇ ਉਹਨਾਂ ਨੂੰ ਵੱਖ-ਵੱਖ ਥਾਵਾਂ ਉੱਤੇ ਭੇਜਣਾ ਸ਼ਾਮਿਲ ਹੈ।

### 1. ਜੌਹਰੀ ਬਲਾਕ ਬੀਮਾ ਸੁਰੱਖਿਆ ਪਾਲਸੀ

ਜੌਹਰੀ ਬਲਾਕ ਪਾਲਸੀ ਇੱਕ ਪੈਕੇਜ ਪਾਲਸੀ ਹੈ, ਜੋ ਕਿ ਰਿਵਾਇਤੀ ਤੌਰ ਉੱਤੇ 4 ਭਾਗਾਂ ਵਿੱਚ ਵੰਡੀ ਜਾਂਦੀ ਹੈ। ਭਾਗ 1 ਦੇ ਅਧੀਨ ਬੀਮਾ-ਸੁਰੱਖਿਆ ਅਕਸਰ ਲਾਜ਼ਮੀ ਹੁੰਦੀ ਹੈ, ਜਦੋਂ ਕਿ ਬੀਮਤ ਨੂੰ ਹੋਰ ਭਾਗ ਆਪਣੀ ਮਰਜ਼ੀ ਨਾਲ ਚੁਣਨ ਦੀ ਇਜਾਜ਼ਤ ਹੈ। ਹੋਰ ਸੰਪੱਤੀਆਂ ਜਿਵੇਂ ਕਿ ਇਲੈਕਟ੍ਰੋਨਿਕ ਯੰਤਰ, ਪਲੇਟ ਗਲਾਸ, ਚਿੰਨ੍ਹ ਆਦਿ ਲਈ ਬੀਮਾ-ਸੁਰੱਖਿਆ ਅਤੇ ਮੁਲਾਜ਼ਮ ਮੁਆਵਜ਼ਾ, ਮੁਲਾਜ਼ਮਾਂ ਦੀ ਅਨੁਸ਼ਾਸ਼ਹੀਣਤਾ ਲਈ ਦੇਣਦਾਰੀਆਂ ਵਰਗੇ ਲਈ ਹੋਰ ਭਾਗਾਂ ਲਈ ਬੀਮਾ-ਸੁਰੱਖਿਆ ਦੇਣ ਵਾਸਤੇ ਕੁਝ ਹੋਰ ਭਾਗਾਂ ਨੂੰ ਸ਼ਾਮਲ ਕਰਨਾ ਵੀ ਬਾਜ਼ਾਰੀ ਅਮਲ ਹੈ।

ਦ੍ਰਿੜਤਾ ਗਾਰੰਟੀ ਬੀਮਾ-ਸੁਰੱਖਿਆ ਵੀ ਪੂਰੀ ਸੁਰੱਖਿਆ ਲਈ ਬੀਮਤ ਵਲੋਂ ਲਈ ਜਾ ਸਕਦੀ ਹੈ, ਜੇ ਇਸ ਬੀਮਾ-ਸੁਰੱਖਿਆ ਲਈ ਕੋਈ ਹੋਰ ਵੱਖਰਾ ਭਾਗ ਨਾ ਹੋਵੇ।

ਜੋਖਿਮ ਦੀ ਦਰ ਹਰ ਕੇਸ ਦੀਆਂ ਯੋਗਤਾ ਦੇ ਮੁਤਾਬਕ ਤਹਿ ਕੀਤੀ ਜਾਂਦੀ ਹੈ। ਹਰ ਭਾਗ ਵਿੱਚ ਵੱਖ-ਵੱਖ ਪ੍ਰੀਮੀਅਮ ਦਰਾਂ ਲਾਗੂ ਕੀਤੀਆਂ ਜਾਂਦੀਆਂ ਹਨ, ਜਿਸ ਵਿੱਚ ਚੌਵੀ ਘੰਟੇ ਚੌਂਕੀਦਾਰ, ਸੀਸੀਟੀਵੀ / ਅਲਾਰਮ ਸਿਸਟਮ, ਖਾਸ ਤੌਰ ਉੱਤੇ ਮਜ਼ਬੂਤ ਕਮਰਾ ਅਤੇ ਹੋਰ ਸੁਰੱਖਿਆ ਯੰਤਰ ਆਦਿ ਲਗਾਉਣ ਨਾਲ ਛੋਟਾਂ ਦਿੱਤੀਆਂ ਜਾਂਦੀਆਂ ਹਨ।

**ਆਪਣੇ ਆਪ ਨੂੰ ਪਰਖੋ 7**

**ਜੌਹਰੀ ਦੀ ਬਲਾਕ ਪਾਲਸੀ ਦੇ ਕੇਸ ਵਿੱਚ, ਕਈ ਰਿਵਾਇਤੀ ਬਾਗ ਹਨ, ਜਿਹਨਾਂ ਵਿੱਚੋਂ ਇੱਕ ਅਕਸਰ ਲਾਜ਼ਮੀ ਹੈ, ਜਦੋਂ ਕਿ ਬਾਕੀ ਭਾਗ ____________ ਹਨ।**

**I. ਲਾਜ਼ਮੀ**

**II. ਪੂਰਵਿਆਪੀ**

**III. ਚੋਣਵੇਂ**

**IV. ਮੁਆਵਜ਼ਾ ਦੇਣ ਵਾਲੇ**

---

## H. ਇੰਜਨੀਅਰਿੰਗ ਬੀਮਾ

**ਇੰਜਨੀਅਰਿੰਗ ਬੀਮਾ ਜਰਨਲ ਬੀਮੇ ਦਾ ਹਿੱਸਾ ਹੈ, ਜਿਸ ਨੂੰ ਅੱਗ ਬੀਮੇ ਦੇ ਵਧਣ ਨਾਲ ਸਮਾਂਤਰ ਰੂਪ ਵਿੱਚ ਤਿਆਰ ਕੀਤਾ ਗਿਆ ਹੈ। ਇਸ ਦਾ ਮੁੱਢ ਉਦਯੋਗੀਕਰਨ ਦੇ ਵਿਕਾਸ ਵਿੱਚ ਲੱਭਿਆ ਜਾ ਸਕਦਾ ਹੈ, ਜਿਸ ਨੇ ਪਲਾਂਟ ਤੇ ਮਸ਼ੀਨਰੀ ਲਈ ਵੱਖਰਾ ਬੀਮਾ ਸੁਰੱਖਿਆ ਦੇਣ ਦੀ ਲੋੜ ਨੂੰ ਉਭਾਰਿਆ ਹੈ। ਸਭ ਜੋਖਿਮਾਂ ਲਈ ਬੀਮਾ ਸੁਰੱਖਿਆ ਦੇਣ ਦੇ ਸਿਧਾਂਤ ਨੂੰ ਵੀ ਇੰਜਨੀਅਰਿੰਗ ਪ੍ਰੋਜੈਕਟਾਂ ਦੇ ਸਬੰਧੀ ਤਿਆਰ ਕੀਤਾ ਗਿਆ - ਬੀਮਾ ਸੁਰੱਖਿਆ ਵਿੱਚ ਕਿਸੇ ਕਾਰਨ ਦੇ ਕਰਕੇ ਹੋਣ ਵਾਲੇ ਨੁਕਸਾਨ ਲਈ ਹੈ, ਜਿਹਨਾਂ ਨੂੰ ਖਾਸ ਤੌਰ ਉੱਤੇ ਅਲਹਿਦਾ ਨਾ ਕੀਤਾ ਗਿਆ ਹੋਵੇ। ਉਤਪਾਦਾਂ ਨੂੰ ਕਈ ਪੜਾਆਵਾਂ ਉੱਤੇ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ - ਨਿਰਮਾਣ ਤੋਂ ਟੈਸਟਿੰਗ ਤੱਕ, ਜਦੋਂ ਪਲਾਂਟ ਪੂਰੀ ਤਰ੍ਹਾਂ ਕੰਮ ਕਰਨ ਲੱਗ ਜਾਂਦਾ ਹੈ। ਇਹ ਬੀਮੇ ਦੇ ਗਾਹਕ ਵੱਡੀਆਂ ਤੇ ਛੋਟੀਆਂ ਉਦਯੋਗਿਕ ਇਕਾਈਆਂ ਦੋਵੇਂ ਹਨ। ਇਸ ਵਿੱਚ ਵੱਡੇ ਪ੍ਰੋਜੈਕਟ ਕਰਨ ਵਾਲੀਆਂ ਇਲੈਕਟ੍ਰੋਨਿਕ ਯੰਤਰ ਅਤੇ ਠੇਕੇਦਾਰ ਇਕਾਈਆਂ ਵੀ ਸ਼ਾਮਿਲ ਹਨ। ਇੰਜਨੀਅਰਿੰਗ ਬੀਮਾ ਪਾਲਸੀਆਂ ਦੀਆਂ ਦੋ ਕਿਸਮਾਂ ਹਨ :**

1) **ਸਾਲਨਾ ਪਾਲਸੀਆਂ - ਆਮ ਤੌਰ ਉੱਤੇ ਇੱਕ ਸਾਲ-**

   a) **ਮਸ਼ੀਨ ਖਰਾਬ ਹੋਣ ਪਾਲਸੀ**

   b) **ਬੁਆਇਲਰ ਪ੍ਰੈਸ਼ਰ ਪਲਾਂਟ ਨੀਤੀ**

   c) **ਇਲੈਕਟ੍ਰੋਨਿਕ ਯੰਤਰ ਪਾਲਸੀ**

   d) **ਠੇਕੇਦਾਰ ਕੰਪਨੀ ਦੀ ਪਲਾਂਟ ਅਤੇ ਮਸ਼ਨੀਰੀ ਪਾਲਸੀ**

   e) **ਸਟਾਕ ਖਰਾਬ ਹੋਣ ਪਾਲਸੀ**

   f) **ਸਿਵਲ ਇੰਜਨੀਅਰਿੰਗ ਪੂਰੇ ਹੋਏ ਜ਼ੋਖਮ**

2) ਪ੍ਰੋਜੈਕਟ ਅੰਤਰਾਲ ਦੇ ਦੌਰਾਨ ਬਦਲਵੇ ਅੰਤਰਾਲ ਨਾਲ ਪ੍ਰੋਜੈਕਟ ਪਾਲਸੀਆਂ

a) **ਠੇਕੇਦਾਰ ਸਭ ਜ਼ੋਖਿਮ ਪਾਲਸੀ**

b) **ਨਿਰਮਾਣ ਸਭ ਜੋਖਿਮ ਪਾਲਸੀ**

ਇੰਜਨੀਅਰਿੰਗ ਪਾਲਸੀਆਂ ਨਾਲ ਸੰਬੰਧਿਤ ਦੋ "ਨਤੀਜੇ ਵਜੋਂ ਘਾਟਾ" ਪਾਲਸੀਆਂ ਹਨ:

a) ਮਸ਼ੀਨ ਖਰਾਬ ਹੋਣ ਪਾਲਸੀ ਨਾਲ ਮਸ਼ੀਨ ਖਰਾਬ ਹੋਣ ਨਾਲ ਫਾਇਦੇ ਲਈ ਘਾਟਾ ਪਾਲਸੀ (MBLOP)

b) ਪ੍ਰੋਜੈਕਟ ਪਾਲਸੀ ਨਾਲ ਲਈ ਗਈ ਫਾਇਦੇ ਵਿੱਚ ਪੇਸ਼ਗੀ ਘਾਟਾ (ALOP) ਜਾਂ ਸ਼ੁਰੂ ਵਿੱਚ ਦੇਰੀ (DSU) ਪਾਲਸੀ

ਆਓ ਪਾਲਸੀਆਂ ਬਾਰੇ ਸੰਖੇਪ ਰੂਪ ਵਿੱਚ ਵਿਚਾਰ ਕਰੀਏ:

A. ਸਾਲਨਾ ਪਾਲਸੀਆਂ

1. ਮਸ਼ੀਨ ਖਰਾਬ ਹੋਣ ਪਾਲਸੀ (MB): ਇਹ ਪਾਲਸੀ ਹਰ ਉਦਯੋਗ ਲਈ ਢੁੱਕਵੀਂ ਹੈ, ਜਿਸ ਵਿੱਚ ਮਸ਼ੀਨ ਵਰਤੀਆਂ ਜਾਂਦੀਆਂ ਹਨ ਅਤੇ ਜਿਹਨਾਂ ਲਈ ਪਲਾਂਟ ਤੇ ਮਸ਼ੀਨਰੀ ਦੇ ਖਰਾਬ ਹੋਣ ਨਾਲ ਗੰਭੀਰ ਨਤੀਜੇ ਹੁੰਦੇ ਹਨ। ਇਹ ਪਾਲਸੀ ਮਸ਼ੀਨ ਜਿਵੇਂ ਕਿ ਜਰਨੇਟਰ, ਟਰਾਂਸਫਰਮਰ ਅਤੇ ਹੋਰ ਬਿਜਲੀ, ਮਸ਼ੀਨ ਅਤੇ ਲਿਫਟਿੰਗ ਯੰਤਰਾਂ, ਲਈ ਬੀਮਾ ਸੁਰੱਖਿਆ ਦਿੰਦੀ ਹੈ।

ਇਹ ਪਾਲਸੀ ਮਸ਼ੀਨੀ ਜਾਂ ਬਿਜਲੀ ਖਰਾਬੀ ਦੇ ਕਰਕੇ ਬੀਮਾ ਕਰਵਾਈ ਜਾਇਦਾਦ ਨੂੰ ਅਣਖਿਆਲੇ ਅਤੇ ਅਚਾਨਕ ਹੋਣ ਵਾਲੇ ਨੁਕਸਾਨ ਲਈ ਬੀਮਾ ਸੁਰੱਖਿਆ ਦਿੰਦੀ ਹੈ:

a) ਜਦੋਂ ਇਹ ਚਾਲੂ ਸੀ ਜਾਂ ਬੰਦ ਸੀ।

b) ਜਦੋਂ ਇਸ ਨੂੰ ਸਫ਼ਾਈ ਕਰਨ ਜਾਂ ਮੁਰੰਮਤ ਲਈ ਖੋਲ੍ਹਿਆ ਜਾ ਰਿਹਾ ਹੋਵੇ

c) ਸਫ਼ਾਈ ਜਾਂ ਮੁਰੰਮਤ ਕਰਨ ਦੇ ਦੌਰਾਨ ਅਤੇ ਉਸ ਦੇ ਬਾਅਦ ਜੋੜਨ ਦੌਰਾਨ

d) ਥਾਂ (ਟਿਕਾਣੇ) ਦੇ ਵਿੱਚ ਇਧਰ-ਓਧਰ ਕੀਤਾ ਜਾ ਰਿਹਾ ਹੋਵੇ।

ਪ੍ਰੀਮੀਅਮ ਅੱਡ-ਅੱਡ ਮਸ਼ੀਨਰੀ ਦੇ ਬਹਾਲੀ / ਤਬਾਦਲੇ ਦੇ ਮੁੱਲ ਦੇ ਮੁਤਾਬਕ ਵਸੂਲਿਆ ਜਾਂਦਾ ਹੈ। ਪੂਰੀ ਮਸ਼ੀਨ ਦਾ ਬੀਮਾ ਕਰਵਾਉਣਾ ਚਾਹੀਦਾ ਹੈ। ਦਰ ਮਸ਼ੀਨ ਦੀ ਕਿਸਮ; ਉਦਯੋਗ, ਜਿਸ ਵਿੱਚ ਇਹ ਵਰਤੀ ਜਾਂਦੀ ਹੈ ਅਤੇ ਇਸ ਉੱਤੇ ਨਿਰਭਰ ਕਰਦੀ ਹੈ। ਮੌਜੂਦ ਤਿਆਰ ਸਹੂਲਤਾਂ, ਫਾਲਤੂ ਸਮਾਨ ਦੀ ਮੌਜੂਦਗੀ ਅਤੇ ਦਾਅਵੇ ਅਨੁਭਵ ਦੇ ਮੁਤਾਬਕ ਛੋਟਾਂ ਦਿੱਤੀਆਂ ਜਾਂਦੀਆਂ ਹਨ।

2. ਬੁਆਇਲਰ ਅਤੇ ਪ੍ਰੈਸ਼ਰ ਪਲਾਂਟ ਨੀਤੀ: ਇਹ ਬੁਆਇਲਰ ਅਤੇ ਪ੍ਰੈਸ਼ਰ ਜਹਾਜ਼ਾਂ ਲਈ ਬੀਮਾ ਸੁਰੱਖਿਆ ਦਿੰਦੀ ਹੈ, ਇਸ ਲਈ:

a) ਬੁਲਾਇਲਰ ਤੇ / ਜਾਂ ਹੋਰ ਪ੍ਰੈਸ਼ਰ ਪਲਾਂਟ ਲਈ ਅਤੇ ਆਲੇ-ਦੁਆਲੇ ਦੀ ਬੀਮਾ ਕਰਵਾਈ ਹੋਈ ਜਾਇਦਾਦ ਲਈ, ਅੱਗ ਤੋਂ ਬਿਨਾਂ ਹੋਰ ਕਿਸੇ ਕਾਰਨ ਨਾਲ, ਹੋਏ ਨੁਕਸਾਨ ਅਤੇ

b) ਇੰਝ ਦੇ ਬੁਆਇਲਰ ਤੇ / ਜਾਂ ਪ੍ਰੈਸ਼ਰ ਪਲਾਂਟ ਦੇ ਅੰਦਰੂਨੀ ਦਬਾਅ ਕਰਕੇ ਧਮਾਕੇ ਜਾਂ ਦੁਰਘਟਨਾ ਦੇ ਕਾਰਨ ਕਰਕੇ ਸਰੀਰਿਕ ਰੂਪ ਵਿੱਚ ਫੱਟੜ ਹੋਏ ਵਿਅਕਤੀ ਜਾਂ ਸੁਤੰਤਰ ਧਿਰ ਦੀ ਜਾਇਦਾਦ ਨੂੰ ਹੋਏ ਨੁਕਸਾਨ ਦੇ ਲਈ ਕਾਨੂੰਨੀ ਦੇਣਦਾਰੀ।

ਕਿਉਂਕਿ ਅੱਗ ਪਾਲਸੀ ਅਤੇ ਬੁਆਇਲਰ ਬੀਮਾ ਪਾਲਸੀ ਆਪਸ ਵਿੱਚ ਵੱਖੋ-ਵੱਖ ਹਨ ਤਾਂ ਵਾਜਬ ਬੀਮਾ-ਸੁਰੱਖਿਆ ਲਈ ਦੋਵੇਂ ਪਾਲਸੀਆਂ ਲੈਣ ਦੀ ਲੋੜ ਹੁੰਦੀ ਹੈ। ਸਭ ਇੰਜਨੀਅਰਿੰਗ ਪਾਲਸੀਆਂ ਦੇ ਅਧੀਨ ਬੀਮਾ ਕੀਤੀ ਰਕਮ ਮੌਜੂਦ ਤਬਦਾਲਾ ਮੁੱਲ ਹੁੰਦਾ ਹੈ।

3. ਇਲੈਕਟ੍ਰੋਨਿਕ ਯੰਤਰ ਪਾਲਸੀ: ਇਸ ਵਿੱਚ ਕਈ ਕਿਸਮਾਂ ਦੇ ਬਿਜਲਈ ਯੰਤਰਾਂ ਲਈ ਬੀਮਾ ਸੁਰੱਖਿਆ ਹੈ, ਜਿਸ ਵਿੱਚ ਸੀਪੀਯੂ, ਕੀਬੋਰਡ, ਮਾਨੀਟਰ, ਪਰਿੰਟਰ, ਯੂਪੀਐਸ, ਸਿਸਟਮ ਸਾਫਟਵੇਅਰ ਆਦਿ ਦੇ ਸਮੇਤ ਪੂਰੇ ਕੰਪਿਊਟਰ ਸਿਸਟਮਾਂ ਸ਼ਾਮਿਲ ਹਨ। ਸਹਾਇਕ ਯੰਤਰ ਜਿਵੇਂ ਕਿ ਏਅਰ-ਕੰਡੀਸ਼ਨਰ, ਹੀਟਿੰਗ ਅਤੇ ਪਾਵਰ ਬੱਚਤ ਆਦਿ ਨੂੰ ਵੀ ਬੀਮਾ ਸੁਰੱਖਿਆ ਦਿੱਤੀ ਜਾ ਸਕਦੀ ਹੈ।

ਇਹ ਪਾਲਸੀ ਅੱਗ ਪਾਲਸੀ, ਮਸ਼ਨੀਰੀ ਬੀਮਾ ਪਾਲਸੀ ਅਤੇ ਸੰਨ੍ਹਮਾਰੀ ਪਾਲਸੀ ਦੇ ਨਾਲ ਜੋੜੀ ਜਾਂਦੀ ਹੈ। ਪਾਲਸੀ ਵਿੱਚ ਨੁਕਸਦਾਰ ਡਿਜ਼ਾਇਨ (ਜੋ ਕਿ ਵਾਰੰਟੀ ਦੇ ਅਧੀਨ ਨਹੀਂ ਆਉਂਦਾ), ਕੁਦਰਤੀ ਘਟਨਾ ਦੇ ਪ੍ਰਭਾਵ; ਵੋਲਟੇਜ਼ ਘਟਣ-ਵਧਣ ਦੇ ਕਰਕੇ ਕੰਮ-ਕਾਰੀ ਨੁਕਸਾਨ, ਧੱਕੇ ਦਾ ਅਸਰ ਆਦਿ, ਸੰਨ੍ਹਮਾਰੀ, ਚੋਰੀ ਆਦਿ ਨਾਲ ਹੋਏ ਫੁਟਕਲ ਖਰਚਿਆਂ ਲਈ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ।

ਪਾਲਸੀ ਮਾਲਕ, ਪੱਟੇਦਾਰ ਜਾਂ ਕਿਰਾਏਦਾਰ ਲਈ ਉਪਲੱਬਧ ਹੈ, ਜੋ ਕਿ ਹਰ ਕੇਸ ਵਿੱਚ ਜ਼ਿੰਮੇਵਾਰੀ ਜਾਂ ਦੇਣਦਾਰੀ ਉੱਤੇ ਨਿਰਭਰ ਹੈ। ਇਸ ਵਿੱਚ ਅਕਸਰ ਤਿੰਨ ਭਾਗ ਹੁੰਦੇ ਹਨ, ਜੋ ਕਿ ਕਈ ਕਿਸਮ ਦੇ ਘਾਟਿਆਂ ਲਈ ਬੀਮਾ ਸੁਰੱਖਿਆ ਦਿੰਦੇ ਹਨ:

a) ਸੈਕਸ਼ਨ 1: ਯੰਤਰ ਦਾ ਗੁੰਮ ਹੋਣਾ ਅਤੇ ਖਰਾਬੀ

b) ਸੈਕਸ਼ਨ 2: ਬਾਹਰੀ ਡਾਟਾ ਮੀਡਿਆ, ਜਿਵੇਂ ਕਿ ਕੰਪਿਊਟਰ ਬਾਹਰੀ ਹਾਰਡ ਡਿਸਕ, ਗੁਆਚਣਾ ਅਤੇ ਖਰਾਬ ਹੋਣਾ।

c) ਸੈਕਸ਼ਨ 3: ਕੰਮਕਾਜ ਦੀ ਵਧੀ ਕੀਮਤ - ਬਦਲਵੇਂ ਯੰਤਰ ਉੱਤੇ ਲਾਗਤਾਰ ਡਾਟਾ ਕਾਰਵਾਈ ਯਕੀਨੀ ਬਣਾਉਣ ਲਈ - 12, 26, 40 ਜਾਂ 52 ਹਫ਼ਤਿਆਂ ਲਈ।

4. ਠੇਕੇਦਾਰ ਪਲਾਂਟ ਅਤੇ ਮਸ਼ੀਨੀਰੀ (CPM) ਪਾਲਸੀ: ਠੇਕੇਦਾਰਾਂ ਲਈ ਢੁੱਕਵੀਂ ਹੈ, ਜੋ ਕਿ ਨਿਰਮਾਣ ਦੇ ਕੰਮ ਵਿੱਚ ਲੱਗੇ ਹਨ, ਇਸ ਵਿੱਚ ਬੀਮਾ ਸੁਰੱਖਿਆ ਮਸ਼ੀਨਰੀ ਦੀਆਂ ਸਭ ਕਿਸਮਾਂ ਲਈ ਹੈ, ਜਿਸ ਵਿੱਚ ਕਰੇਨਾਂ, ਖੁਦਾਈ-ਮਸ਼ੀਨਾਂ, ਅਖਿਆਲੇ ਅਤੇ ਅਚਾਨਕ ਭੌਤਿਕ ਘਾਟਾ ਜਾਂ ਨੁਕਸਾਨ ਹਨ, ਜੋ ਕਿ ਹੇਠ ਦਿੱਤਿਆਂ ਵਿੱਚੋਂ ਕਿਸੇ ਵੀ ਕਾਰਨ ਕਰਕੇ ਹੋ ਸਕਦਾ ਹੈ:

a) ਧੱਗੀ, ਚੋਰੀ, ਦੰਗੇ, ਧੱਕਾ, ਦੋਖੀ ਨੁਕਸਾਨ, ਹਨ੍ਹੇਰੀ,

b) ਅੱਗ ਅਤੇ ਅਸਮਾਨੀ ਬਿਜਲੀ, ਬਾਹਰੀ ਧਮਾਕਾ, ਭੁਚਾਲ ਅਤੇ ਹੋਰ ਰੱਬੀ ਆਫ਼ਤਾਂ ਦੇ ਕਰਕੇ

c) ਕੰਮ ਉੱਤੇ ਦੁਰਘਟਨਾ ਕਰਕੇ ਨੁਕਸਾਨ, ਜਦੋਂ ਗਲਤ ਤਰ੍ਹਾਂ ਨਾਲ ਇਸਤੇਮਾਨ, ਡਿੱਗਣਾ, ਢਹਿਣਾ, ਟੱਕਰ ਤੇ ਧੱਕਾ; ਸੁਤੰਤਰ ਧਿਰ ਦੇ ਨੁਕਸਾਨ ਲਈ ਵਧਾਇਆ ਜਾ ਸਕਦਾ ਹੈ।

ਪ੍ਰੀਮੀਅਮ ਯੰਤਰ ਦੀ ਕਿਸਮ ਅਤੇ ਇਸ ਦੇ ਵਰਤੇ ਜਾਣ ਦੇ ਤਰੀਕੇ ਅਤੇ ਟਿਕਾਣੇ ਉੱਤੇ ਨਿਰਭਰ ਕਰਦਾ ਹੈ।

ਬੀਮਾ ਸੁਰੱਖਿਆ ਲਾਗੂ ਰਹਿੰਦੀ ਹੈ, ਜਦੋਂ ਵੀ ਯੰਤਰ ਕੰਮ ਕਰਦਾ ਹੈ ਜਾਂ ਰੁਕਿਆ ਹੈ ਜਾਂ ਸਫ਼ਾਈ ਲਈ ਖੋਲ੍ਹਿਆ ਗਿਆ ਹੈ ਜਾਂ ਮੁਰੰਮਤ ਜਾਂ ਬਾਅਦ ਵਿੱਚ ਮੁੜ-ਜੋੜਿਆ ਜਾ ਰਿਹਾ ਹੈ। ਬੀਮਾ ਸੁਰੱਖਿਆ ਤਾਂ ਵੀ ਲਾਗੂ ਹੁੰਦੀ ਹੈ, ਜਦੋਂ ਇਹ ਠੇਕੇਦਾਰ ਦੇ ਟਿਕਾਣੇ ਉੱਤੇ ਹੁੰਦਾ ਹੈ। ਪਰ ਫਲੋਟਰ ਪਾਲਸੀ ਜੋ "ਭਾਰਤ ਵਿੱਚ ਕਿਤੇ ਵੀ" ਯੰਤਰ ਲਈ ਸੁਰੱਖਿਆ ਦਿੰਦੀ ਹੈ, 10% ਵਾਧੂ ਪ੍ਰੀਮੀਅਮ ਤੇ ਕੁਝ ਸ਼ਰਤਾਂ ਨਾਲ ਵੀ ਉਪਲੱਬਧ ਹੈ।

5. ਸਟਾਕ ਖਰਾਬ ਹੋਣ ਲਈ ਪਾਲਸੀ: ਇਹ ਪਾਲਸੀ ਕੋਲਡ ਸਟੋਰੇਜ਼ ਦੇ ਮਾਲਕਾਂ (ਨਿੱਜੀ ਜਾਂ ਸਹਿਕਾਰੀ ਸੋਸਾਇਟੀ) ਲਈ ਢੁੱਕਵੀਂ ਹੈ ਜਾਂ ਉਹਨਾਂ ਲਈ, ਜੋ ਖਰਾਬ-ਹੋਣ ਯੋਗ ਜਿਨਸਾਂ ਨੂੰ ਸੰਭਾਲਣ ਲਈ ਕੋਲਡ ਸਟੋਰੇਜ਼ ਨੂੰ ਕਿਰਾਏ ਉੱਤੇ ਦਿੰਦੇ ਜਾਂ ਲੈਂਦੇ ਹਨ। ਠੰਡਾ ਕਰਨ ਦੇ ਪਲਾਂਟ ਅਤੇ ਮਸ਼ੀਨਰੀ ਦੇ ਖਰਾਬ ਹੋਣ ਕਰਕੇ ਸੜਨ ਤੇ ਵਿਗੜਨ ਦੇ ਜੋਖਿਮ ਲਈ ਬੀਮਾ ਸੁਰੱਖਿਆ ਹੈ ਅਤੇ ਨਾਲ ਹੀ ਤਾਪਮਾਨ ਵੱਧਣ ਅਤੇ ਅਚਾਨਕ ਤੇ ਅਣਖਿਆਲੇ ਢੰਗ ਨਾਲ ਠੰਡਾ ਕਰਨ ਵਾਲੇ ਪਦਾਰਥਾਂ ਦੇ ਕੋਲਡ ਸਟੋਰੇਜ਼ ਰੂਮ ਵਿੱਚ ਲੀਕ ਲਈ ਵੀ ਹੈ।

6. ਸਿਵਲ ਇੰਜਨੀਅਰਿੰਗ ਪੂਰੇ ਹੋਏ ਜ਼ੋਖਮ: ਇਹ ਅਕਸਰ ਠੇਕੇਦਾਰਾਂ ਵਲੋਂ ਲਈ ਜਾਂਦੀ ਹੈ, ਜੋ ਕਿ ਸਿਵਲ ਪ੍ਰੋਜੈਕਟ ਪੂਰਾ ਹੋਣ ਦੇ ਬਾਅਦ ਉਸ ਦੀ ਦੇਖਭਾਲ ਕਰਦੇ ਹਨ। ਸਿਵਲ ਪ੍ਰੋਜੈਕਟ ਜਿਵੇਂ ਕਿ - ਪੁਲ, ਖੁਸ਼ਕ ਬੰਦਰਗਾਹ, ਬੰਦਰਗਾਹ, ਰੇਲਵੇ ਲਾਈਨਾਂ, ਪੱਥਰਾਂ ਨਾਲ ਬਣੇ ਬੰਨ੍ਹ, ਸੀਮਿੰਟ ਦੇ ਬੰਨ੍ਹ, ਮਿੱਟੀ ਦੇ ਬੰਨ੍ਹ, ਨਹਿਰਾਂ, ਸਿੰਚਾਈ ਪ੍ਰਣਾਲੀ ਨੂੰ ਇਸ ਪਾਲਸੀ ਤਹਿਤ ਮੰਨਿਆ ਜਾਂਦਾ ਹੈ। ਕਵਰ ਕੀਤੇ ਜ਼ੋਖਮ ਹਨ:

1. ਅੱਗ
2. ਅਸਮਾਨੀ ਬਿਜਲੀ
3. ਵਿਸਫੋਟ / ਅੰਤਰ ਵਿਸਫੋਟ
4. ਦੰਗੇ, ਹੜਤਾਲ, ਦੋਖੀ ਨੁਕਸਾਨ
5. ਕਿਸੇ ਰੇਲ / ਸੜਕ, ਜਾਂ ਪਾਣੀ ਵਿੱਚ ਚੱਲਣ ਵਾਲੇ ਵਾਹਨ ਜਾਂ ਜਾਨਵਰ ਰਾਹੀਂ ਅਸਰ
6. ਸਮੁੰਦਰੀ ਤੂਫ਼ਾਨ, ਟਾਈਫੋਨ, ਹਨ੍ਹੇਰੀ, ਹਰੀਕੇਨ, ਟਾਰਨੇਡੋ, ਹੜ੍ਹ ਅਤੇ ਸੈਲਾਬ, ਪਾਣੀ ਦੀ ਲਹਿਰ,
7. ਚਾਟਨਾਂ ਖਿਸਕਣ ਤੇ ਪਾਹੜੀ ਖਿਸਕਣ (ਪੱਥਰ ਡਿੱਗਣ) ਦਾ ਨੁਕਸਾਨ
8. ਭੁਚਾਲ ਅੱਗ ਤੇ ਝਟਕੇ (ਜਿਸ ਵਿੱਚ ਭੁਚਾਲ ਰਾਹੀਂ ਆਉਣ ਵਾਲਾ ਹੜ੍ਹ ਵੀ ਸ਼ਾਮਲ ਹੈ), ਸੁਨਾਮੀ

9. ਜੰਮਣਾ, ਬਰਫ਼ ਰਿੜਨੀ, ਬਰਫ਼

B. <u>ਪ੍ਰੋਜੈਕਟ ਨੀਤੀਆਂ</u>

ਇਹ ਪਾਲਸੀਆਂ ਨੂੰ ਅਕਸਰ ਪ੍ਰੋਜੈਕਟ ਦੇ ਸਮੇਂ ਲਈ ਜਾਰੀ ਕੀਤਾ ਜਾਂਦਾ ਹੈ ਅਤੇ ਸਾਲਨਾ ਅਧਾਰ ਉੱਤੇ ਨਹੀਂ ਵਰਤਿਆ ਜਾ ਸਕਦਾ ਹੈ

1. ਠੇਕੇਦਾਰ ਸਭ ਜ਼ੋਖਿਮ (ਸੀ.ਏ.ਆਰ) ਪਾਲਸੀ: ਇਸ ਨੂੰ ਛੋਟੀਆਂ ਇਮਾਰਤਾਂ ਤੋਂ ਵੱਡੇ ਡੈਮ, ਇਮਾਰਤਾਂ, ਪੁੱਲ, ਸੁਰੰਗਾਂ ਆਦਿ ਬਣਾਉਣ ਵਾਲੇ ਸਿਵਲ ਇੰਜਨੀਅਰਿੰਗ ਪ੍ਰੋਜੈਕਟਾਂ ਵਿੱਚ ਲੱਗੇ ਠੇਕੇਦਾਰਾਂ ਤੇ ਮਾਲਕਾਂ ਦੇ ਹਿੱਤਾਂ ਨੂੰ ਬਚਾਉਣ ਲਈ ਤਿਆਰ ਕੀਤਾ ਗਿਆ ਹੈ। ਇਹ ਪਾਲਸੀ "ਸਭ ਜੋਖਿਮ" ਬੀਮਾ ਸੁਰੱਖਿਆ ਦਿੰਦੀ ਹੈ - ਇਸਕਰਕੇ ਕਿਸੇ ਵੀ ਅਚਾਨਕ ਅਤੇ ਅਚਨਚੇਤ ਘਾਟੇ ਜਾਂ ਨੁਕਸਾਨ ਲਈ ਹਰਜਾਨਾ ਦਿੰਦੀ ਹੈ, ਜੋ ਕਿ ਨਿਰਮਾਣ ਥਾਂ ਉੱਤੇ ਬੀਮਾ ਕਰਵਾਈ ਜਾਇਦਾਦ ਲਈ ਪੈਂਦਾ ਹੈ। ਇਸ ਨੂੰ ਸੁਤੰਤਰ ਧਿਰ ਦੇਣਦਾਰੀ ਅਤੇ ਹੋਰ ਪ੍ਰਭਾਵਾਂ ਲਈ ਬੀਮਾ ਸੁਰੱਖਿਆ ਦੇਣ ਲਈ ਵਧਾਇਆ ਜਾ ਸਕਦਾ ਹੈ। ਵਸੂਲੀਯੋਗ ਪ੍ਰੀਮੀਅਮ ਪ੍ਰੋਜੈਕਟ ਦੀ ਕਿਸਮ, ਪ੍ਰੋਜੈਕਟ ਦੀ ਕੀਮਤ, ਪ੍ਰੋਜੈਕਟ ਦੇ ਸਮੇਂ, ਭੂਗੋਲਿਕ ਟਿਕਾਣੇ ਅਤੇ ਟੈਸਟ ਦੇ ਸਮੇਂ ਉੱਤੇ ਨਿਰਭਰ ਕਰਦਾ ਹੈ।

2. ਨਿਰਮਾਣ ਸਭ ਜੋਖਿਮ (EAR) ਪਾਲਸੀ: ਇਸ ਪਾਲਸੀ ਨੂੰ ਭੰਡਰਨ-ਤੇ-ਨਿਰਮਾਣ (ਐਸਸੀਈ) ਪਾਲਸੀ ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਨਿਰਮਾਣ ਕੀਤੇ ਜਾਣ ਵਾਲੇ ਪ੍ਰੋਜੈਕਟ ਦੇ ਮਾਲਕ ਜਾਂ ਠੇਕੇਦਾਰਾਂ ਲਈ ਢੁੱਕਵੀਂ ਹੈ, ਕਿਉਂਕਿ ਪ੍ਰੋਜੈਕਟ ਨਿਰਮਾਣ ਦੇ ਦੌਰਾਨ ਕਈ ਬਾਹਰੀ ਜੋਖਿਮਾਂ ਦਾ ਸਾਹਮਣਾ ਕਰ ਸਕਦਾ ਹੈ। ਇਹ ਵਿਆਪਕ ਬੀਮਾ ਪਾਲਸੀ ਹੈ, ਜੋ ਕਿ ਕਿਸੇ ਵੀ ਕਿਸਮ ਦੀ ਅਚਨਚੇਤ ਵਾਪਰੀ ਘਟਨਾ ਲਈ ਬੀਮਾ ਸੁਰੱਖਿਆ ਦਿੰਦੀ ਹੈ, ਪ੍ਰੋਜੈਕਟ ਟਿਕਾਣੇ ਉੱਤੇ ਚੀਜ਼ਾਂ ਨੂੰ ਅਣ-ਲੋਡ ਕਰਨ ਤੋਂ ਸ਼ੁਰੂ ਹੋ ਕੇ ਪੂਰੇ ਪ੍ਰੋਜੈਕਟ ਦੇ ਦੌਰਾਨ ਪ੍ਰੋਜੈਕਟ ਦੀ ਜਾਂਚ, ਅਧਿਕਾਰਿਤ ਅਤੇ ਹਵਾਲੇ ਕਰਨ ਤੱਕ ਜਾਰੀ ਰਹਿੰਦੀ ਹੈ।

   ਵਸੂਲੀਯੋਗ ਪ੍ਰੀਮੀਅਮ ਪ੍ਰੋਜੈਕਟ ਦੀ ਕਿਸਮ, ਕੀਮਤ, ਪ੍ਰੋਜੈਕਟ ਦੇ ਸਮੇਂ, ਭੂਗੋਲਿਕ ਟਿਕਾਣੇ ਅਤੇ ਟੈਸਟ ਦੇ ਸਮੇਂ ਉੱਤੇ ਨਿਰਭਰ ਕਰਦਾ ਹੈ।

   ਜੇ ਲੋੜ ਹੋਵੇ ਤਾਂ ਯੰਤਰਾਂ ਤੇ ਸਾਮਾਨ ਨੂੰ ਰਾਹ ਵਿੱਚ ਭੇਜਣ ਦੇ ਦੌਰਾਨ ਤੋਂ ਪ੍ਰੋਜੈਕਟ ਟਿਕਾਣੇ ਉੱਤੇ ਪਹੁੰਚਣ ਤੱਕ ਜਹਾਜ਼ੀ ਬੀਮਾ ਸੁਰੱਖਿਆ ਵੀ ਨਿਰਮਾਣ ਪਾਲਸੀ ਦੇ ਨਾਲ ਦਿੱਤੀ ਜਾ ਸਕਦੀ ਹੈ।

C. ਨਤੀਜੇ ਵਜੋਂ ਘਾਟਾ ਪਾਲਸੀ

ਪਾਲਸੀ ਦੀਆਂ ਇਹ ਕਿਸਮਾਂ ਨੂੰ ਹੋਰ ਘਾਟਿਆਂ ਦੇ ਨਤੀਜੇ ਵਜੋਂ ਹੋਣ ਵਾਲੇ ਘਾਟੇ ਪੂਰਨ ਲਈ ਜਾਰੀ ਕੀਤਾ ਜਾਂਦਾ ਹੈ। ਇਹਨਾਂ ਨੂੰ 'ਕਾਰੋਬਾਰ ਰੁਕਾਵਟ' ਪਾਲਸੀਆਂ ਜਾਂ 'ਫਾਇਦੇ ਦਾ ਘਾਟਾ' ਪਾਲਸੀਆਂ ਵੀ ਕਿਹਾ ਜਾਂਦਾ ਹੈ।

3. ਮਸ਼ੀਨਰੀ ਫਾਇਦੇ ਦਾ ਨੁਕਸਾਨ (MLOP) ਪਾਲਸੀ

ਇਹ ਪਾਲਸੀ ਉਦਯੋਗਾਂ ਲਈ ਢੁੱਕਵੀਂ ਹੈ, ਜਿੱਥੇ ਮਸ਼ੀਨਰੀ ਦੇ ਖਰਾਬ ਹੋਣ ਜਾਂ ਬੁਆਇਲਰ ਫੱਟਣ ਦੀ ਰੁਕਵਾਟ ਜਾਂ ਦੇਰੀ ਦੇ ਨਤੀਜੇ ਵਜੋਂ ਭਾਰੀ ਘਾਟੇ ਪੈਂਦੇ ਹਨ।

ਜਿੱਥੇ ਖ਼ਰਾਬ ਹੋਣ ਜਾਂ ਨੁਕਸਾਨ ਹੋਣ ਤੇ ਮੁੜ-ਬਹਾਲੀ ਵਿੱਚ ਲੱਗਣ ਵਾਲਾ ਸਮਾਂ ਬਹੁਤ ਵੱਧ ਹੁੰਦਾ ਹੈ, ਇਹ ਪਾਲਸੀ ਇਸ ਵਿਚਕਾਰਲੇ ਸਮੇਂ ਦੇ ਦੌਰਾਨ ਹੋਣ ਵਾਲੇ ਕੰਮ ਵਿੱਚ ਕਮੀ ਅਤੇ ਕਾਰਜਕਾਰੀ ਕੀਮਤ ਵਿੱਚ ਵਾਧੇ ਦੇ ਕਰਕੇ ਫਾਇਦੇ ਵਿੱਚ ਹੋਏ ਘਾਟੇ ਲਈ ਹਰਜਾਨਾ ਦਿੰਦੀ ਹੈ। ਕਾਰੋਬਾਰ ਰੁਕਾਵਟ ਪਾਲਸੀ ਲਈ ਨਿਯਮ ਤੇ ਸ਼ਰਤਾਂ ਅਤੇ ਬੀਮਾ ਸੁਰੱਖਿਆ ਬੀਮਾ ਅੱਗ ਪਾਲਸੀ ਘਾਟੇ ਦੇ ਬਾਅਦ ਕਾਰੋਬਾਰ ਰੁਕਾਵਟ ਪਾਲਸੀ ਦੇ ਵਾਂਗ ਹੀ ਹੁੰਦੀਆਂ ਹਨ, ਜਿਸ ਨੂੰ ਇਹ ਪਾਠ ਵਿੱਚ ਪਹਿਲਾਂ ਵਿਚਾਰਿਆ ਜਾ ਚੁੱਕਾ ਹੈ।

4. ਫਾਇਦੇ ਦਾ ਪੇਸ਼ਗੀ ਘਾਟਾ ਬੀਮਾ ਸੁਰੱਖਿਆ (ਏਐਲਓਪੀ) ਜਾਂ ਸ਼ੁਰੂ ਵਿੱਚ ਦੇਰੀ ਪਾਲਸੀ (ਡੀ.ਐਸ.ਯੂ.)

ਇਹ ਦੇ ਪ੍ਰੋਜੈਕਟ ਲਈ ਵਿੱਤੀ ਨਤੀਜਿਆਂ ਲਈ ਬੀਮਾ ਸੁਰੱਖਿਆ ਦਿੰਦੀ ਹੈ, ਜਿਸ ਵਿੱਚ ਪ੍ਰੋਜੈਕਟ ਦੇ ਦੌਰਾਨ ਦੁਰਘਟਨਾ ਨੁਕਸਾਨ ਦੇ ਕਰਕੇ ਦੇਰੀ ਹੋ ਰਹੀ ਹੈ। ਬੀਮਤ, ਜੋ ਕਿ ਪ੍ਰੋਜੈਕਟ ਵਿੱਚ ਆਪਣੇ ਹਿੱਤ ਦੀ ਦੇਰੀ ਵੱਧਣ ਕਰਕੇ ਕਰਕੇ ਸੰਭਾਵਿਤ ਕਮਾਈ ਅਤੇ ਵਿੱਤੀ ਸਥਾਪਨ ਤੋਂ ਵਾਂਝਾ ਹੈ, ਲਈ ਢੁੱਕਵੀਂ ਹੈ। ਇਸ ਨੂੰ ਪ੍ਰੋਜੈਕਟ ਦੇ ਅਸਲ ਵਿੱਚ ਸ਼ੁਰੂ ਹੋਣ ਤੋਂ ਪਹਿਲਾਂ MCE/EAR/CAR ਪਾਲਸੀਆਂ ਦੇ ਨਾਲ ਵਾਧੇ ਵਜੋਂ ਜਾਰੀ ਕੀਤਾ ਜਾਂਦਾ ਹੈ।

ਪਾਲਸੀ ਕਰਜ਼, ਰਿਣ-ਪੱਤਰ, ਮਿਹਨਤਾਨੇ ਅਤੇ ਤਨਖਾਹਾਂ ਆਦਿ ਰਾਹੀਂ ਹੋਣ ਵਾਲੇ ਲਗਾਤਾਰ ਖਰਚਿਆਂ ਅਤੇ ਸੰਭਾਵਿਤ ਸ਼ੁੱਧ ਫਾਇਦਿਆਂ, ਜੋ ਕਿ ਕਾਰੋਬਾਰ ਤੋਂ ਪ੍ਰਾਪਤ ਹੋਣੇ ਸੀ, ਜੇ ਇਹ ਤਹਿ ਸਮੇਂ ਉੱਤੇ ਪੂਰਾ ਹੋ ਜਾਂਦਾ ਹੈ ਤਾਂ, ਦੇ ਰੂਪ ਵਿੱਚ ਹੋਏ ਘਾਟੇ ਲਈ ਵਿੱਤੀ ਬੀਮਾ ਸੁਰੱਖਿਆ ਦਿੰਦੀ ਹੈ।

ਪ੍ਰੀਮੀਅਦ ਦਰ ਕਈ ਗੰਭੀਰ ਕਾਰਨਾਂ ਅਤੇ ਉਪਲੱਬਧ ਮੁੜ-ਬੀਮਾ ਸਹਾਇਤਾ ਦੇ ਮੁਤਾਬਕ ਤਹਿ ਹੁੰਦੀ ਹੈ। ਸੰਭਾਵਿਤ ਕੁੱਲ ਫਾਇਦਾ ਜਾਂ ਵਿਕਰੀ ਅਤੇ ਹਰਜਾਨਾ ਅੰਤਰਾਲ ਵੀ ਦੇਣਯੋਗ ਪ੍ਰੀਮੀਅਮ ਤਹਿ ਕਰਨ ਲਈ ਗੰਭੀਰ ਕਾਰਨ ਹੁੰਦੇ ਹਨ।

**ਆਪਣੇ ਆਪ ਨੂੰ ਪਰਖੋ 8**

ਸ਼ੁਰੂ ਹੋਣ ਵਿੱਚ ਦੇਰੀ ਪਾਲਸੀ ਨੂੰ _________________ ਵਜੋਂ ਵੀ ਜਾਣਿਆ ਜਾਂਦਾ ਹੈ।

I. ਮਸ਼ੀਨਰੀ ਫਾਇਦੇ ਦਾ ਨੁਕਸਾਨ ਬੀਮਾ ਸੁਰੱਖਿਆ

II. ਫਾਇਦੇ ਦਾ ਪੇਸ਼ਗੀ ਨੁਕਸਾਨ ਬੀਮਾ ਸੁਰੱਖਿਆ

III. ਠੇਕੇਦਾਰ ਸਭ ਜ਼ੋਖਿਮ ਬੀਮਾ ਸੁਰੱਖਿਆ

IV. ਠੇਕੇਦਾਰ ਪਲਾਂਟ ਅਤੇ ਮਸ਼ਨੀਰੀ ਬੀਮਾ ਸੁਰੱਖਿਆ

## I. ਉਦਯੋਗਿਕ ਸਭ ਜ਼ੋਖਿਮ ਬੀਮਾ

ਉਦਯੋਗਿਕ ਸਭ ਜੋਖਿਮ ਬੀਮਾ ਪਲਾਸੀ ਭਾਰਤ ਵਿੱਚ ਕਿਤੇ ਵੀ ਇੱਕ ਹੀ ਪਾਲਸੀ ਦੇ ਅਧੀਨ ਉਦਯੋਗਿਕ ਜਾਇਦਾਦ - ਨਿਰਮਾਣ ਅਤੇ ਭੰਡਾਰਨ ਸਹੂਲਤ ਦੋਵਾਂ ਲਈ ਬੀਮਾ ਸੁਰੱਖਿਆ ਦੇਣ ਲਈ ਤਿਆਰ ਕੀਤੀ ਗਈ ਸੀ। ਇਹ ਪਦਾਰਥੀ ਨੁਕਸਾਨ ਅਤੇ ਕਾਰੋਬਾਰੀ ਰੁਕਾਵਟ ਵਿਰੁਧ ਬੀਮਾ ਰਕਮ ਦਿੰਦੀ ਹੈ।

ਅਕਸਰ ਪਾਲਸੀ ਹੇਠ ਦਿੱਤਿਆਂ ਲਈ ਬੀਮਾ ਸੁਰੱਖਿਆ ਦਿੰਦੀ ਹੈ:

i. ਅੱਗੇ ਅਤੇ ਅੱਗ ਬੀਮਾ ਰਿਵਾਜ ਦੇ ਮੁਤਾਬਕ ਤਹਿ ਕੀਤੇ ਸੰਕਟ,

ii. ਸੰਨ੍ਹਮਾਰੀ (ਚੋਰੀ ਤੋਂ ਬਿਨਾਂ)

iii. ਮਸ਼ੀਨਰੀ ਖ਼ਰਾਬ ਹੋਣੀ / ਬੁਆਇਲਰ ਫੱਟਣਾ / ਬਿਜਲਈ ਸਾਮਾਨ

iv. ਉੱਤੇ ਦਿੱਤੇ ਸੰਕਟਾਂ ਦੇ ਕਰਕੇ ਕਾਰਵਾਈਆਂ ਕਰਕੇ ਕਾਰੋਬਾਰ ਰੁਕਾਵਟ

(ਨੋਟ: ਕਾਰੋਬਾਰੀ ਰੁਕਾਵਟ, ਜੋ ਕਿ ਉੱਤੇ ਦਿੱਤੇ (iii) ਦੇ ਸੰਕਟ ਤੋਂ ਬਾਅਦ ਹੁੰਦੀ ਹੈ, ਨੂੰ ਅਕਸਰ ਪੈਕੇਜ ਵਿੱਚ ਸ਼ਾਮਿਲ ਨਹੀਂ ਕੀਤਾ ਜਾਂਦਾ ਹੈ, ਪਰ ਚੋਣਵੀਂ ਬੀਮਾ ਸੁਰੱਖਿਆ ਵਜੋਂ ਉਪਲੱਬਧ ਹੁੰਦੀ ਹੈ)

- ✓ ਇਸ ਪਾਲਸੀ ਰਾਹੀਂ ਵੱਖ-ਵੱਖ ਚਾਲੂ ਪਾਲਸੀਆਂ ਵਲੋਂ ਦਿੱਤੀਆਂ ਜਾਂਦੀਆਂ ਪੇਸ਼ਕਸ਼ਾਂ ਤੋਂ ਵੱਧ ਹੁੰਦੀਆਂ ਹਨ।
- ✓ ਪਾਲਸੀ ਲਈ ਪ੍ਰੀਮੀਅਮ ਦਰਾਂ ਚੁਣੀ ਬੀਮਾ ਸੁਰੱਖਿਆ, ਦਾਅਵਾ ਅਨੁਭਵ, ਅਤੇ ਚੁਣੀਆਂ ਕਟੌਤੀਆਂ, ਐਮਐਲਓਪੀ (MLOP) ਲਈ ਜੋਖਿਮ ਮੁਲਾਂਕਣ ਰਿਪੋਰਟ ਆਦਿ ਉੱਤੇ ਨਿਰਭਰ ਹੁੰਦੀਆਂ ਹਨ।

### ਆਪਣੇ ਆਪ ਨੂੰ ਪਰਖੋ 9

ਉਦਯੋਗਿਕ ਸਭ ਜੋਖਿਮ ਬੀਮੇ ਵਿੱਚ ਹੇਠ ਦਿੱਤਿਆਂ ਵਿੱਚੋਂ ਕਿਸ ਲਈ ਬੀਮਾ ਸੁਰੱਖਿਆ ਨਹੀਂ ਹੁੰਦੀ ਹੈ?

I. ਅੱਗੇ ਅਤੇ ਅੱਗ ਬੀਮਾ ਰਿਵਾਜ ਦੇ ਮੁਤਾਬਕ ਖਾਸ ਸੰਕਟ,

II. ਚੋਰੀ

III. ਮਸ਼ੀਨਰੀ ਖਰਾਬੀ

IV. ਇਲੈਕਟ੍ਰੋਨਿਕ ਯੰਤਰ

## J. ਜਹਾਜ਼ੀ ਬੀਮਾ

ਜਹਾਜ਼ੀ ਬੀਮੇ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ: ਜਹਾਜ਼ੀ ਸਾਮਾਨ ਅਤੇ ਜਹਾਜ਼ੀ ਢਾਂਚਾ

### 1. ਜਹਾਜ਼ੀ ਕਾਰਗੋ ਬੀਮਾ

ਹਾਲਾਂਕਿ 'ਜਹਾਜ਼ੀ (marine)' ਸ਼ਬਦ ਨੂੰ ਕੇਵਲ ਸਮੁੰਦਰੀ ਦੁਰਘਟਨਾਵਾਂ ਰਾਹੀਂ ਹੋਣ ਵਾਲੇ ਨੁਕਸਾਨ ਲਈ ਵਰਤਿਆ ਜਾਂਦਾ ਹੈ, ਜਹਾਜ਼ੀ ਕਾਰਗੋ ਬੀਮੇ ਵਿੱਚ ਹੋਰ ਵੀ ਬਹੁਤ ਕੁਝ ਲਈ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ। ਇਸ ਰਾਹੀਂ ਰੇਲ ਗੱਡੀ, ਸੜਕ, ਹਵਾਈ ਜਹਾਜ਼ ਜਾਂ ਰਜਿਸਟਰ ਡਾਕ ਰਾਹੀਂ ਦੇਸ਼ ਅਤੇ ਵਿਦੇਸ਼ ਵਿੱਚ ਭੇਜੇ ਜਾਣ ਦੇ ਦੌਰਾਨ ਸਾਮਾਨ ਦਾ ਘਾਟੇ ਜਾਂ ਨੁਕਸਾਨ ਦੇ ਸਬੰਧ ਵਿੱਚ ਹਰਜਾਨਾ ਹੁੰਦਾ ਹੈ। ਹੀਰਿਆਂ ਤੋਂ ਘਰ ਦੇ ਸਾਮਾਨ ਤੱਕ, ਵੱਡੀ ਗਿਣਤੀ ਵਿੱਚ ਆਈਟਮਾਂ, ਜਿਵੇਂ ਕਿ ਸੀਮੈਂਟ, ਦਾਣੇ, ਪ੍ਰੋਜੈਕਟਾਂ ਲਈ ਵੱਡੇ ਮਾਪ ਦੇ ਕਾਰਗੋ ਆਦਿ ਲਈ ਕਈ ਕਿਸਮ ਦੀਆਂ ਚੀਜ਼ਾਂ ਹੋ ਸਕਦੀਆਂ ਹਨ।

ਕਾਰਗੋ ਬੀਮਾ ਘਰੇਲੂ ਵਪਾਰ ਦੇ ਨਾਲ ਨਾਲ ਅੰਤਰਰਾਸ਼ਟਰੀ ਵਪਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਵਿਕਰੀ ਦੇ ਬਹੁਤੇ ਸਮਝੌਤਿਆਂ ਲਈ ਸਾਮਾਨ ਨੂੰ ਘਾਟੇ ਜਾਂ ਨੁਕਸਾਨ ਦੇ ਲਈ ਬੀਮਾ ਸੁਰੱਖਿਆ ਦੇਣੀ ਜ਼ਰੂਰੀ ਹੈ, ਭਾਵੇਂ ਵਿਕਰੇਤਾ ਦੇਵੇ ਜਾਂ ਖਰੀਦਦਾਰ।

ਬੀਮੇ ਨੂੰ ਕੌਣ ਪ੍ਰਭਾਵਿਤ ਕਰਦਾ ਹੈ: ਸਾਮਾਨ [ਸਪੁਰਦਗੀ] ਦਾ ਵਿਕਰੇਤਾ ਜਾਂ ਖਰੀਦਦਾਰ ਵਿਕਰੀ ਦੇ ਸਮਝੌਤੇ ਦੇ ਤਹਿਤ ਕਾਰਗੋ ਦਾ ਬੀਮਾ ਕਰਵਾ ਸਕਦਾ ਹੈ।

ਜਹਾਜ਼ੀ ਬੀਮਾ ਸਮਝੌਤੇ ਅੰਤਰਰਾਸ਼ਟਰੀ ਪੱਧਰ ਉੱਤੇ ਲਾਗੂ ਹੋਣ ਲਈ ਕਾਨੂੰਨ ਹੋਣੇ ਚਾਹੀਦੇ ਹਨ। ਇਹ ਇਸਕਰਕੇ ਕਿ ਇਹ ਉਹਨਾਂ ਵਸਤਾਂ ਲਈ ਬੀਮਾ ਸੁਰੱਖਿਆ ਦਿੰਦਾ ਹੈ, ਜੋ ਕਿ ਕਿਸੇ ਵੀ ਦੇਸ਼ ਦੀਆਂ ਸਰਹੱਦਾਂ ਤੋਂ ਪਾਰ ਲੰਘਦਾ ਹੈ। ਬੀਮਾ ਸੁਰੱਖਿਆ ਨੂੰ ਅੰਤਰਰਾਸ਼ਟਰੀ ਸੰਧੀਆਂ ਅਤੇ ਪਾਲਸੀ ਵਿੱਚ ਦਿੱਤੇ ਕੁਝ ਕਾਨੂੰਨਾਂ ਦੇ ਤਹਿਤ ਦਿੱਤਾ ਜਾਂਦਾ ਹੈ।

ਜਦੋਂ ਕਿ ਮੂਲ ਪਾਲਸੀ ਦਸਤਾਵੇਜ਼ਾਂ ਵਿੱਚ ਆਮ ਸ਼ਰਤਾਂ ਹੁੰਦੀਆਂ ਹਨ, ਬੀਮਾ ਸੁਰੱਖਿਆ ਦੀ ਹੱਦ ਅਤੇ ਛੋਟਾਂ ਅਤੇ ਖਾਸ ਅਲਹਿਦਗੀਆਂ ਬਾਰੇ ਜਾਣਕਾਰੀ ਵੱਖਰੀ ਸ਼ਰਤਾਂ ਨਾਲ ਨੱਥੀ ਹੁੰਦੀਆਂ ਹਨ, ਜਿਸ ਨੂੰ ਇੰਸਟੀਟਿਊਟ ਕਾਰਗੋਂ ਕਲਾਜ਼ (ਆਈਸੀਸੀ(ICC)) ਕਹਿੰਦੇ ਹਨ। ਇਹਨਾਂ ਦਾ ਖਰੜਾ ਇੰਸਟੀਟਿਊਟ ਆਫ਼ ਲੰਡਨ ਅੰਡਰਰਾਈਟਰ ਵਲੋਂ ਤਿਆਰ ਕੀਤਾ ਜਾਂਦਾ ਹੈ।

#### a) ਜਹਾਜ਼ੀ ਕਾਰਗੋ ਬੀਮੇ ਅਧੀਨ ਬੀਮਾ ਸੁਰੱਖਿਆ

ਕਾਰਗੋ ਪਾਲਸੀਆਂ ਜ਼ਰੂਰੀ ਰੂਪ ਵਿੱਚ ਜ਼ਹਾਜ਼ੀ (ਸਮੁੰਦਰੀ ਯਾਤਰਾ) ਪਾਲਸੀਆਂ ਹੁੰਦੀਆਂ ਹਨ, ਜੋ ਕਿ ਵਿਸ਼ਾ-ਵਸਤੂ ਨੂੰ ਇੱਕ ਥਾਂ ਭੇਜਿਆ ਤੋਂ ਦੂਜੇ ਥਾਂ ਉੱਤੇ ਲੈ ਜਾਣ ਲਈ ਬੀਮਾ ਸੁਰੱਖਿਆ ਦਿੰਦੀਆਂ ਹਨ। ਹਾਲਾਂਕਿ, ਬੀਮਤ ਨੂੰ ਉਸਦੇ ਹੱਥ-ਵਸ ਸਭ ਹਾਲਤ ਵਿੱਚ ਧਿਆਨ ਨਾਲ ਕੰਮ ਕਰਨ ਦੀ ਲੋੜ ਹੁੰਦੀ ਹੈ। ਇਹ ਪਾਲਸੀ ਦਾ ਮੁੱਖ ਲੱਛਣ ਹੈ ਕਿ ਇਹ ਸਹਿਮਤੀ ਮੁੱਲ ਪਾਲਸੀ ਹੈ। ਮੁਲਾਂਕਣ ਬੀਮਾਕਰਤਾ ਅਤੇ ਬੀਮਤ ਦੇ ਵਿਚਕਾਰ ਤਹਿ ਹੁੰਦਾ ਹੈ ਅਤੇ ਇਸ ਦੇ ਮੁੜ-ਮੁਲਾਂਕਣ ਦੀ ਲੋੜ ਨਹੀਂ ਹੁੰਦੀ ਹੈ, ਜਦੋਂ ਤੱਕ ਧੋਖੇ ਦਾ ਸ਼ੱਕ ਨਾ ਹੋਵੇ। ਬੀਮਾ ਕੀਤੀ ਰਕਮ ਲਈ ਸੰਧੀ CIF + 10%

(ਬੀਮਾ ਤੇ ਢੁਆ-ਢੁਆਈ ਦੇ ਖ਼ਰਚੇ + 10%) ਹੁੰਦੀ ਹੈ। ਇੱਕ ਹੋਰ ਵਿਲੱਖਣ ਲੱਛਣ ਹੁੰਦਾ ਹੈ ਕਿ ਪਾਲਸੀ ਖੁੱਲ੍ਹੇ ਰੂਪ ਵਿੱਚ ਨਿਰਧਾਰਨਯੋਗ ਹੁੰਦੀ ਹੈ।

ਬੀਮਾ ਸੁਰੱਖਿਆ ਆਮ ਤੌਰ ਉੱਤੇ ਪਾਲਸੀ ਵਿੱਚ ਦਿੱਤੀ ਥਾਂ ਤੋਂ ਗੁਦਾਮ ਵਿੱਚੋਂ ਚੱਲਣ ਸਮੇਂ ਸ਼ੁਰੂ ਹੁੰਦੀ ਹੈ ਅਤੇ ਪਾਲਸੀ ਵਿੱਚ ਦਿੱਤੇ ਅੰਤਿਮ ਟਿਕਾਣੇ ਉੱਤੇ ਖਤਮ ਹੁੰਦੀ ਹੈ, ਇਹ ਵਿਕਰੀ ਦੇ ਸਮਝੌਤੇ ਦੀਆਂ ਸ਼ਰਤਾਂ ਉੱਤੇ ਨਿਰਭਰ ਹੁੰਦੀ ਹੈ।

ਲਾਗੂ ਹੋਣ ਵਾਲੇ ਨਿਯਮ ਅਤੇ ਸ਼ਰਤਾਂ ਨੂੰ ਨਿਅੰਤਰਿਤ ਕੀਤਾ ਜਾਂਦਾ ਹੈ;

i. ਇਨਲੈਂਡ ਟਰਾਂਸਿਟ ਕਲਾਜ਼ (ITC) A, B ਜਾਂ C ਘਰੇਲੂ ਆਵਾਜਾਈ ਲਈ
ii. ਇੰਸਟੀਟਿਊਟ ਕਾਰਗੋ ਕਲਾਜ਼ (ICC) A, B, ਜਾਂ C ਸਮੁੰਦਰ ਰਾਹੀਂ ਜਹਾਜ਼ ਰਾਹੀਂ
iii. ਇੰਸਟੀਟਿਊਟ ਕਾਰਗੋ (ਏਅਰ) ਕਲਾਜ਼ - A ਹਵਾ ਰਾਹੀਂ ਭੇਜਣ ਲਈ

ਇੰਸਟੀਟਿਊਟ ਕਾਰਗੋ ਕਲਾਜ਼ C ਘੱਟੋ-ਘੱਟ ਬੀਮਾ ਸੁਰੱਖਿਆ ਦਿੰਦੀ ਹੈ, ਜੋ ਕਿ ਕਾਰਗੋ ਲੈ ਕੇ ਜਾਣ ਵਾਲੇ ਵਾਹਨ ਜਾਂ ਸਮੁੰਦਰੀ ਜਹਾਜ਼ ਦੀ ਦੁਰਘਟਨਾ ਦੇ ਕਰਕੇ ਹੋਣ ਵਾਲੇ ਘਾਟੇ ਜਾਂ ਨੁਕਸਾਨ ਲਈ ਹੈ, ਜਿਸ ਦਾ ਕਾਰਨ ਹੋ ਸਕਦਾ ਹੈ:

i. ਅੱਗ ਜਾਂ ਧਮਾਕਾ
ii. ਪਟੜੀ ਤੋਂ ਉੱਤਰਨ ਜਾਂ ਵਾਹਨ ਦੇ ਉਲਟਾ ਹੋਣ ਕਰਕੇ
iii. ਜਹਾਜ਼ ਦੇ ਕੰਢੇ ਉੱਤੇ ਚੜ੍ਹਨ, ਤੱਟ ਉੱਤੇ ਪੁੱਜਣ ਜਾਂ ਡੁੱਬਣ ਕਰਕੇ (ਸਮੁੰਦਰੀ ਜਹਾਜ਼ ਦੇ ਕੇਸ ਵਿੱਚ)
iv. ਬਾਹਰੀ ਚੀਜ਼ ਨਾਲ ਟੱਕਰ
v. ਦਬਾਅ ਦੀ ਥਾਂ ਉੱਤੇ ਕਾਰਗੋ ਨੂੰ ਛੱਡਣਾ
vi. ਆਮ ਔਸਤ ਤਿਆਗ
vii. ਜੈਟੀਸਨ (ਬੰਦਰਗਾਹ)।

ਇੰਸਟੀਟਿਊਟ ਕਾਰਗੋ ਕਲਾਜ਼ B ਦਾ ਖੇਤਰ C ਨਾਲੋਂ ਵੱਧ ਹੈ। C ਵਿੱਚ ਦਿੱਤੇ ਸੰਕਟਾਂ ਤੋਂ ਬਿਨਾਂ ਇਸ ਵਿੱਚ ਅੱਗੇ ਦਿੱਤੇ ਨਾਲ ਹੋਣ ਵਾਲੇ ਘਾਟੇ ਜਾਂ ਨੁਕਸਾਨ ਲਈ ਬੀਮਾ ਸੁਰੱਖਿਆ ਹੈ:

i. ਕਿਸਮਤ ਦੇ ਕੰਮ (AOG) ਸੰਕਟ ਜਿਵੇਂ ਕਿ ਭੁਚਾਲ, ਜਵਾਲਾਮੁਖੀ ਫੁੱਟਣਾ ਅਤੇ ਅਸਮਾਨੀ ਬਿਜਲੀ
ii. ਘਰੇਲੂ ਆਵਾਜਾਈ ਦੇ ਦੌਰਾਨ ਪੁੱਲ ਢਹਿਣਾ
iii. ਸਮੁੰਦਰੀ ਯਾਤਰਾ ਦੌਰਾਨ ਜਹਾਜ਼ ਦੇ ਬਾਹਰ ਡਿੱਗਣ ਅਤੇ ਸਲਿੰਗ (sling) ਘਾਟੇ
iv. ਜਹਾਜ਼ ਵਿੱਚ ਪਾਣੀ ਪੈਣਾ

ਇੰਸਟੀਟਿਊਟ ਕਾਰਗੋ ਕਲਾਜ਼ A ਸਭ ਤੋਂ ਵੱਧ ਬੀਮਾ ਸੁਰੱਖਿਆ ਹੈ, ਕਿਉਂਕਿ ਇਸ ਵਿੱਚ B ਤੇ C ਦੇ ਸੰਕਟਾਂ ਲਈ ਬੀਮਾ ਸੁਰੱਖਿਆ ਹੈ, ਅਤੇ ਨਾਲ ਹੀ ਹੇਠ ਦਿੱਤੀਆਂ ਕੁਝ ਅਲਹਿਦਗੀਆਂ ਨੂੰ ਛੱਡ ਕੇ ਹੋਰ ਕੋਈ ਵੀ ਜੋਖਿਮ ਲਈ ਬੀਮਾ ਸੁਰੱਖਿਆ ਹੈ:

i. ਬੀਮਤ ਵਲੋਂ ਜਾਣ-ਬੁੱਝ ਕੇ ਕੀਤਾ ਘਾਟਾ ਜਾਂ ਨੁਕਸਾਨ
ii. ਸਧਾਰਨ ਲੀਕ, ਟੁੱਟ-ਭੱਜ, ਘਸਾਈ ਜਾਂ ਭਾਰ / ਆਈਤਨ ਵਿੱਚ ਕਮੀ
iii. ਪੈਕੇਜ ਕਰਨ ਵਿੱਚ ਕਮੀ
iv. ਸੁਭਾਵਿਕ ਔਗੁਣ
v. ਦੇਰੀ
vi. ਮਾਲਕਾਂ ਦੇ ਦੀਵਾਲੀਆ ਹੋਣ ਨਾਲ ਨੁਕਸਾਨ
vii. ਪ੍ਰਮਾਣੂ ਸੰਕਟ

ਇਹ ਅਲਹਿਦਗੀਆਂ ਸੜਕ, ਹਵਾ ਅਤੇ ਸਮੁੰਦਰ ਦੀਆਂ ਸਭ ਸ਼ਰਤਾਂ ਲਈ ਸਾਂਝੀਆਂ ਹਨ। ਖਾਸ ਵਸਤਾਂ ਜਿਵੇਂ ਕਿ ਕੋਲਾ, ਵੱਡੀ ਮਿਕਦਾਰ ਵਿੱਚ ਤੇਲ ਅਤੇ ਚਾਹ ਆਦਿ ਦੇ ਵਪਾਰ ਲਈ ਵੱਖਰੀਆਂ ਸ਼ਰਤਾਂ ਵੀ ਹਨ। ਜਹਾਜ਼ੀ ਬੀਮਾ ਸੁਰੱਖਿਆ ਨੂੰ ਵਾਧੂ ਪ੍ਰੀਮੀਅਮ ਦੇ ਕੇ ਜੰਗ, ਹੜਤਾਲ, ਦੰਗਿਆਂ, ਸਮਾਜਿਕ ਹਲਚਲ ਅਤੇ ਅੱਤਵਾਦ ਲਈ ਵੀ ਵਧਾਇਆ ਜਾ ਸਕਦਾ ਹੈ। ਸਮੁੰਦਰੀ ਅਤੇ ਹਵਾਈ ਪਾਲਸੀਆਂ ਬੀਮੇ ਦੀਆਂ ਕੇਵਲ ਅਜਿਹੀਆਂ ਬਰਾਂਚ ਹਨ, ਜਿਸ ਵਿੱਚ ਜੰਗੀ ਸੰਕਟਾਂ ਲਈ ਵੀ ਬੀਮਾ ਸੁਰੱਖਿਆ ਦਿੱਤੀ ਜਾਂਦੀ ਹੈ।

| ਮਹੱਤਵਪੂਰਨ |
|---|

ਜਹਾਜ਼ੀ ਪਾਲਸੀ ਅਧੀਨ, ਸਟੈਂਡਰਡ ਪਾਲਸੀ ਫਾਰਮ ਅਧੀਨ, ਅਤੇ ਪਾਲਸੀ ਨਾਲ ਨੱਥੀਆਂ ਕੀਤੀਆਂ ਕਈ ਸ਼ਰਤਾਂ ਦੇ ਅਧੀਨ ਦਿੱਤੇ ਗਏ ਜੋਖਿਮ ਵੱਡੇ ਰੂਪ ਵਿੱਚ ਤਿੰਨ ਵਰਗਾਂ ਵਿੱਚ ਆਉਂਦੇ ਹਨ:

i. ਸਮੁੰਦਰੀ ਸੰਕਟ,
ii. ਬਾਹਰੀ ਸੰਕਟ ਅਤੇ
iii. ਜੰਗ, ਹੜਤਾਲ ਦੰਗੇ, ਸਿਵਲ ਗੜਬੜ, ਅਤੇ ਅੱਤਵਾਦੀ ਹਮਲੇ।

---

b) ਜਹਾਜ਼ੀ ਪਾਲਸੀਆਂ ਦੀਆਂ ਵੱਖ-ਵੱਖ ਕਿਸਮਾਂ

i. ਖਾਸ ਪਾਲਸੀ

ਇਹ ਪਾਲਸੀ ਇੱਕ ਇੱਕਲੀ ਮਾਲ (ਸ਼ਿਪਮੈਂਟ) ਕਵਰ ਕਰਦੀ ਹੈ। ਇਹ ਖਾਸ ਸਮੁੰਦਰੀ ਯਾਤਰਾ ਜਾਂ ਆਵਾਜਾਈ ਲਈ ਵੈਧ ਹੁੰਦੀ ਹੈ। ਵਪਾਰੀਆਂ, ਜੋ ਕਿ ਨਿਯਮਤ ਰੂਪ ਵਿੱਚ ਦਰਾਮਦ ਤੇ ਬਰਾਮਦ ਵਪਾਰ ਕਰਦੇ ਹਨ ਜਾਂ ਜੋ ਕਿ ਨਿਯਮਤ ਰੂਪ ਵਿੱਚ ਸਾਮਾਨ ਘਰੇਲੂ ਮਾਰਗ ਰਾਹੀਂ ਭੇਜਦੇ ਹਨ, ਲਈ ਖਾਸ ਪ੍ਰਬੰਧ ਜਿਵੇਂ ਵੀ ਖੁੱਲ੍ਹੀ ਪਾਲਸੀ ਅਧੀਨ ਬੀਮੇ ਦਾ ਪ੍ਰਬੰਧ ਸੌਖਾ ਹੋ ਸਕਦਾ ਹੈ।

ii. ਖੁੱਲ੍ਹੀ ਪਾਲਸੀ

ਦੇਸ਼ ਵਿੱਚ ਲੈ ਕੇ ਜਾਣ ਵਾਲੇ ਸਾਮਾਨ ਨੂੰ ਇੱਕ ਖੁੱਲ੍ਹੀ ਪਾਲਸੀ ਦੇ ਤਹਿਤ ਕਵਰ ਕੀਤਾ ਜਾ ਸਕਦਾ ਹੈ। ਪਾਲਸੀ ਇੱਕ ਸਾਲ ਲਈ ਵੈਧ ਹੁੰਦੀ ਹੈ ਅਤੇ ਇਸ ਸਮੇਂ ਦੇ ਦੌਰਾਨ ਭੇਜੇ ਸਭ ਸਾਮਾਨ ਨੂੰ ਬੀਮਤ ਵਲੋਂ ਬੀਮਾਕਰਤਾ ਨੂੰ ਦੋਵਾਂ ਦੇ ਵਿਚਾਰ ਪੰਦਰਾ-ਦਿਨਾਂ, ਮਹੀਨੇਵਾਰ ਜਾਂ ਤਿਮਾਹੀ ਦੇ ਆਧਾਰ ਉੱਤੇ ਦੱਸਿਆ ਜਾਂਦਾ ਹੈ।

iii. ਖੁੱਲ੍ਹੀ ਬੀਮਾ ਸੁਰੱਖਿਆ

ਖੁੱਲ੍ਹੀ ਬੀਮਾ ਸੁਰੱਖਿਆ ਬੀਮਤ ਨੂੰ ਸਾਲ ਭਰ ਲਈ ਦਿੱਤਾ ਇਕਰਾਰ ਹੁੰਦਾ ਹੈ, ਜੋ ਕਿ ਵੱਡੀ ਗਿਣਤੀ ਵਿੱਚ ਸਾਮਾਨ ਭੇਜਣ ਲਈ ਬੀਮਾ-ਸੁਰੱਖਿਆ ਦਿੰਦਾ ਹੈ। ਭੇਜੇ ਸਾਮਾਨ ਉੱਤੇ ਪ੍ਰੀਮੀਅਮ ਨੂੰ ਬੀਮਤ ਵਲੋਂ ਨਕਦ ਜ਼ਮ੍ਹਾਂ ਕਰਵਾ ਕੇ ਰੱਖੀ ਰਕਮ ਮੁਤਾਬਕ ਅਡਜੱਸਟ ਕੀਤਾ ਜਾਵੇਗਾ। ਖੁੱਲ੍ਹੀ ਬੀਮਾ ਸੁਰੱਖਿਆ ਵੱਡੇ ਨਿਰਯਾਤਕਾਂ ਤੇ ਆਯਾਤਕਾਂ ਨੂੰ ਜਾਰੀ ਕੀਤੀ ਜਾਂਦੀ ਹੈ, ਜੋ ਕਿ ਲਗਾਤਾਰ ਵਪਾਰ ਕਰਦੇ ਹਨ

ਖੁੱਲ੍ਹੀ ਬੀਮਾ ਸੁਰੱਖਿਆ ਇੱਕ ਸਾਲ ਲਈ ਸਮੁੰਦਰ ਰਾਹੀਂ ਭੇਜੇ ਸਾਮਾਨ ਦੇ ਲੈਣ-ਦੇਣ ਲਈ ਬੀਮਾ-ਸੁਰੱਖਿਆ ਦੀ ਸ਼ਰਤਾਂ ਤੇ ਪ੍ਰੀਮੀਅਮ ਦੀ ਦਰਾਂ ਤੈਅ ਕਰਦੀ ਹੈ। ਖੁੱਲ੍ਹੀ ਬੀਮਾ ਸੁਰੱਖਿਆ ਪਾਲਸੀ ਨਹੀਂ ਹੈ ਅਤੇ ਇਸ ਉੱਤੇ ਮੋਹਰ ਨਹੀਂ ਹੁੰਦੀ ਹੈ। ਹਰ ਐਲਾਨ ਲਈ ਢੁੱਕਵੇਂ ਮੁੱਲ ਦੇ ਨਾਲ ਮੋਹਰ ਲਗਾ ਕੇ ਇੱਕ ਬੀਮੇ ਦਾ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ।

iv. ਡਿਊਟੀ ਅਤੇ ਵਧੀਆ ਮੁੱਲ ਬੀਮਾ

ਇਹ ਪਾਲਸੀਆਂ ਵਾਧੂ ਬੀਮਾ ਦਿੰਦੀਆਂ ਹਨ, ਜੇਕਰ ਕਾਰਗੋ ਦਾ ਮੁੱਲ ਕਸਟਮ ਡਿਊਟੀ ਦੇਣ ਕਰਕੇ ਜਾਂ ਟਿਕਾਣੇ ਉੱਤੇ ਪਹੁੰਚਣ ਦੀ ਮਿਤੀ ਤੱਕ ਸਾਮਾਨ ਦਾ ਬਾਜ਼ਾਰੀ ਮੁੱਲ ਵੱਧ ਜਾਵੇ।

2. ਜਹਾਜ਼ੀ ਢਾਂਚਾ ਬੀਮਾ

ਸ਼ਬਦ 'ਢਾਂਚਾ(hull)' ਜਹਾਜ਼ ਜਾਂ ਹੋਰ ਸਮੁੰਦਰੀ ਆਵਾਜਾਈ ਸਾਧਨ ਦੇ ਭਾਗ ਨੂੰ ਕਿਹਾ ਜਾਂਦਾ ਹੈ।

ਜਹਾਜ਼ੀ ਢਾਂਚਾ ਬੀਮਾ ਵੱਖ-ਵੱਖ ਦੇਸ਼ਾਂ ਵਿੱਚ ਲਾਗੂ ਹੋਣ ਵਾਲੇ ਅੰਤਰਰਾਸ਼ਟਰੀ ਕਾਨੂੰਨੀ ਦੇ ਤਹਿਤ ਕੀਤਾ ਜਾਂਦਾ ਹੈ। ਜਹਾਜ਼ੀ ਢਾਂਚਾ ਦੋ ਕਿਸਮ ਦੇ ਲਾਜ਼ਮੀ ਬੀਮਾ ਸੁਰੱਖਿਆ ਦਿੰਦਾ ਹੈ:

a) ਖਾਸ ਸਮੁੰਦਰੀ ਯਾਤਰਾ ਲਈ ਬੀਮਾ ਸੁਰੱਖਿਆ ਦੇਣੀ: ਇੱਥੇ ਵਰਤੀਆਂ ਜਾਂਦੇ ਨਿਯਮਾਂ ਦੇ ਸਮੂਹ ਨੂੰ ਇੰਸਟੀਟਿਊਟ ਵੌਇਇਜ਼ ਕਲਾਜ਼ ਕਹਿੰਦੇ ਹਨ

b) ਕਵਰ ਕਰਨ ਦਾ ਸਮਾਂ ਅੰਤਰਾਲ: ਆਮ ਤੌਰ ਉੱਤੇ ਇੱਕ ਸਾਲ। ਇੱਥੇ ਵਰਤੀਆਂ ਜਾਂਦੇ ਨਿਯਮਾਂ ਦੇ ਸਮੂਹ ਨੂੰ ਇੰਸਟੀਟਿਊਟ (ਟਾਈਮ) ਵੌਇਇਜ਼ ਕਲਾਜ਼ ਕਹਿੰਦੇ ਹਨ

c) ਜੰਗ ਦੇ ਜ਼ੋਖਿਮਾਂ ਦਾ ਇੰਤਜ਼ਾਮ ਖਾਸ ਨਿਯਮਾਂ ਤਹਿਤ ਕੀਤਾ ਜਾਂਦਾ ਹੈ ਅਤੇ ਇਕੱਤਰ ਕੀਤਾ ਪ੍ਰੀਮੀਅਮ ਕੇਂਦਰ ਸਰਕਾਰ ਕੋਲ ਜ਼ਮ੍ਹਾਂ ਕਰਵਾਇਆ ਜਾਂਦਾ ਹੈ।

**ਜਾਣਕਾਰੀ**

ਢਾਂਚਾ ਬੀਮੇ ਵਿੱਚ ਅੱਗੇ ਦਿੱਤੇ ਬੀਮੇ ਵੀ ਸ਼ਾਮਿਲ ਹਨ:

i. ਘਰੇਲੂ ਪੋਤ, ਜਿਵੇਂ ਕਿ ਕਿਸ਼ਤੀ, ਲਾਂਚ, ਸਵਾਰੀ ਪੋਤ ਆਦਿ

ii. ਗਾਰਾ ਕੱਢਣ ਵਾਲਾ (ਮਸ਼ੀਨ ਰਾਹੀਂ ਜਾਂ ਬਿਨਾਂ-ਮਸ਼ੀਨ)

iii. ਮੱਛੀਆਂ ਫੜ੍ਹਨ ਵਾਲੀ ਕਿਸ਼ਤੀ (ਮਸ਼ੀਨੀ ਜਾਂ ਬਿਨਾਂ-ਮਸ਼ੀਨ)

iv. ਸੈਰ ਵਾਲੀ ਕਿਸ਼ਤੀ (ਮਸ਼ੀਨੀ ਜਾਂ ਬਿਨਾਂ-ਮਸ਼ੀਨ)

v. ਬੰਦਰਗਾਹ (ਜੈਟੀ) ਅਤੇ ਘਾਟ

vi. ਨਿਰਮਾਣ ਦੇ ਦੌਰਾਨ ਜਹਾਜ਼

---

ਜਹਾਜ਼ ਮਾਲਕਾਂ ਦਾ ਨਾ ਕੇਵਲ ਜਹਾਜ਼ ਵਿੱਚ ਬੀਮਾਯੋਗ ਹਿੱਤ ਹੁੰਦਾ ਹੈ, ਬਲਕਿ ਬੀਮੇ ਦੇ ਸਮੇਂ ਦੇ ਦੌਰਾਨ ਮਾਲ-ਢੁਆਈ ਰਾਹੀਂ ਕਮਾਈ ਵਿੱਚ ਵੀ ਹੁੰਦਾ ਹੈ। ਮਾਲ-ਢੁਆਈ ਦੇ ਨਾਲ ਨਾਲ ਜਹਾਜ਼ ਮਾਲਕ ਦਾ ਜਹਾਜ਼ ਤਿਆਰ ਕਰਨ ਲਈ ਉਸ ਵਲੋਂ ਖਰਚੀ ਜਾਂਦੀ ਰਕਮ ਵਿੱਚ ਬੀਮਾਯੋਗ ਹਿੱਤ ਹੁੰਦੇ ਹਨ, ਜਿਸ ਵਿੱਚ ਪ੍ਰਬੰਧ ਅਤੇ ਭੰਡਾਰ ਦੇ ਸਮੇਤ। ਇਹ ਖਰਚਿਆਂ ਨੂੰ ਟਰਮ ਮੁਤਾਬਕ ਵੰਡਿਆ ਜਾਂਦਾ ਹੈ ਅਤੇ ਸਮੇਂ ਦੇ ਅੰਤਰਾਲ ਲਈ ਢਾਂਚਾ ਪਾਲਸੀ ਨਾਲ ਸਮਾਂਤਰ ਬੀਮਾ ਕੀਤਾ ਜਾਂਦਾ ਹੈ।

**ਮਹੱਤਵਪੂਰਨ**

ਹਵਾਬਾਜ਼ੀ ਬੀਮਾ: ਹਵਾਈ-ਜਹਾਜ਼ ਲਈ ਵੀ ਵਿਆਪਕ ਪਾਲਸੀ ਉਪਲੱਬਧ ਹੈ, ਜੋ ਕਿ ਹਵਾਈ-ਜਹਾਜ਼ ਨੂੰ ਹੋਣ ਵਾਲੇ ਘਾਟੇ ਜਾਂ ਨੁਕਸਾਨ ਦੇ ਨਾਲ ਨਾਲ ਸੁਤੰਤਰ ਧਿਰਾਂ ਅਤੇ ਹਵਾਈ-ਜਹਾਜ਼ ਵਿੱਚ ਜਾ ਰਹੇ ਮੁਸਾਫਰਾਂ ਲਈ ਕਾਨੂੰਨੀ ਦੇਣਦਾਰੀਆਂ ਬੀਮਾ ਸੁਰੱਖਿਆ ਦਿੰਦੀ ਹੈ।

---

**ਆਪਣੇ ਆਪ ਨੂੰ ਪਰਖੋ 10**

ਬੀਮੇ ਦੀ ਕਿਹੜੀ ਬਰਾਂਚ ਜੰਗ ਸੰਕਟਾਂ ਲਈ ਬੀਮਾ ਸੁਰੱਖਿਆ ਦਿੰਦੀ ਹੈ?

I. ਜਹਾਜ਼ੀ ਪਾਲਸੀਆਂ

II. ਹਵਾਬਾਜ਼ੀ ਬੀਮਾ

III. ਉੱਤੇ ਦਿੱਤਿਆਂ ਵਿੱਚੋਂ ਦੋਵੇਂ

IV. ਉੱਤੇ ਦਿੱਤਿਆਂ ਵਿੱਚੋਂ ਕੋਈ ਵੀ ਨਹੀਂ

---

## K. ਦੇਣਦਾਰੀ ਪਾਲਸੀਆਂ

ਦੁਰਘਟਨਾਵਾਂ ਤੋਂ ਹਾਲਾਂਕਿ ਪੂਰੀ ਤਰ੍ਹਾਂ ਬਚਿਆ ਨਹੀਂ ਜਾ ਸਕਦਾ ਹੈ, ਪਰ ਸਾਵਧਾਨ ਵਿਅਕਤੀ ਬਚ ਸਕਦਾ ਹੈ। ਇਸ ਦੇ ਨਤੀਜੇ ਵਜੋਂ ਖੁਦ ਲਈ ਸੱਟਾਂ ਅਤੇ ਆਪਣੀ ਜਾਇਦਾਦ ਦਾ ਨੁਕਸਾਨ ਹੋ ਸਕਦਾ ਹੈ ਅਤੇ ਨਾਲ ਹੀ ਹੋਰ ਵਿਅਕਤੀ ਦੇ ਸੱਟਾਂ ਅਤੇ ਉਹਨਾਂ ਦੀ ਜਾਇਦਾਦ ਦਾ ਨੁਕਸਾਨ ਹੋ ਸਕਦਾ ਹੈ। ਇਸਕਰਕੇ ਪ੍ਰਭਾਵਿਤ ਹੋਣ ਵਾਲੇ ਵਿਅਕਤੀ ਇੰਝ ਦੇ ਘਾਟੇ ਲਈ ਹਰਜਾਨੇ ਦਾ ਦਾਅਵਾ ਕਰਨਗੇ।

ਬਣਾਏ ਤੇ ਵੇਚੇ ਗਏ ਉਤਪਾਦ ਵਿੱਚ ਨੁਕਸ ਤੋਂ ਵੀ ਦੇਣਦਾਰੀ ਉੱਠ ਸਕਦੀ ਹੈ, ਜਿਵੇਂ ਕਿ ਚਾਕਲੇਟ ਜਾਂ ਦਵਾਈਆਂ, ਜੋ ਕਿ ਗਾਹਕ ਨੂੰ ਨੁਕਸਾਨ ਦੇ ਸਕਦੀਆਂ ਹਨ। ਇਸੇਤਰ੍ਹਾਂ, ਮਰੀਜ਼ ਦੀ ਗਲਤ ਜਾਂਚ / ਇਲਾਜ ਜਾਂ ਵਕੀਲ ਵਲੋਂ ਆਪਣੇ ਕਲਾਇਟ ਦਾ ਕੇਸ ਠੀਕ ਨਾਲ ਨਾਲ ਨਿਪਟਾਉਣ ਤੋਂ ਦੇਣਦਾਰੀ ਪੈਦਾ ਹੋ ਸਕਦੀ ਹੈ।

ਸਭ ਕੇਸਾਂ ਵਿੱਚ, ਜਦੋਂ ਸੁਤੰਤਰ ਧਿਰ, ਗਾਹਕ ਜਾਂ ਮਰੀਜ਼ ਕਥਿਤ ਗਲਤ ਕਰਨ ਦੇ ਲਈ ਹਰਜਾਨੇ ਦੀ ਮੰਗ ਕਰੇਗਾ, ਇਸ ਦੇ ਨਾਲ ਹਰਜਾਨੇ ਦੇ ਭੁਗਤਾਨ ਕਰਨ ਜਾਂ ਦਾਅਵੇਦਾਰ ਰਾਹੀਂ ਕੀਤੇ ਗਏ ਕੇਸ ਲੜਨ ਦਾ ਖਰਚਾ ਪੂਰਾ ਕਰਨ ਦੀ ਲੋੜ ਪੈਦਾ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ, ਭੁਗਤਾਨ ਕਰਨ ਦੀ ਦੇਣਦਾਰੀ ਰਾਹੀਂ ਵਿੱਤੀ ਘਾਟਾ ਪੈਦਾ ਹੁੰਦਾ ਹੈ। ਇੰਝ ਦੀ ਦੇਣਦਾਰੀ ਦੀ ਮੌਜੂਦਗੀ ਅਤੇ ਭੁਗਤਾਨ ਕਰਨ ਵਾਲੇ ਹਰਜਾਨੇ ਦੀ ਰਕਮ ਨੂੰ ਸਿਵਲ ਅਦਾਲਤ ਵਲੋਂ ਤਹਿ ਕੀਤਾ ਜਾਵੇਗਾ, ਜੋ ਕਿ ਲਾਪਰਵਾਹੀ / ਧੋਖੇ ਦੇ ਪੱਖ ਵਿੱਚ ਹੋਵੇਗਾ। ਦੇਣਦਾਰੀ ਬੀਮਾ ਪਾਲਸੀਆਂ ਇੰਝ ਦੀਆਂ ਦੇਣਦਾਰੀਆਂ ਲਈ ਬੀਮਾ ਸੁਰੱਖਿਆ ਦਿੰਦੀਆਂ ਹਨ। ਆਓ ਦੇਣਦਾਰੀਆਂ ਪਾਲਸੀਆਂ ਵਿੱਚੋਂ ਕੁਝ ਵੇਖੀਏ।

ਕਨੂੰਨੀ ਦੇਣਦਾਰੀ

ਹਰਜਾਨਾ ਦੇ ਭੁਗਤਾਨ ਕਰਨ ਲਈ ਕੁਝ ਕਨੂੰਨ ਜਾਂ ਵਿਧਾਨ ਹਨ। ਕਾਨੂੰਨ ਹਨ:

- ✓ ਪਬਲਿਕ ਦੇਣਦਾਰੀ ਬੀਮਾ ਐਕਟ, 1991 ਅਤੇ
- ✓ ਮੁਲਾਜ਼ਮ ਹਰਜਾਨਾ ਐਕਟ 1923, 2010 ਵਿੱਚ ਸੋਧਿਆ

ਇੰਝ ਦੀਆਂ ਦੇਣਦਾਰੀਆਂ ਦੇ ਸਬੰਧ ਵਿੱਚ ਸੁਰੱਖਿਆ ਵਾਸਤੇ ਬੀਮਾ ਪਾਲਸੀਆਂ ਉਪਲੱਬਧ ਹਨ। ਆਓ ਇਹਨਾਂ ਵਿੱਚੋਂ ਕੁਝ ਵੇਖੀਏ।

### 1. ਲਾਜ਼ਮੀ ਜਨਤਕ ਦੇਣਦਾਰੀ ਪਾਲਸੀ

ਜਨਤਕ ਦੇਣਦਾਰੀ ਬੀਮਾ ਕਾਨੂੰਨ, 1991 ਵਿੱਚ ਖਤਰਨਾਕ ਪਦਾਰਥਾਂ ਨੂੰ ਸੰਭਾਲਣ ਵਾਲਿਆਂ 'ਤੇ ਬਿਨਾਂ ਕਿਸੇ ਕਸੂਰ ਦੇ ਜ਼ੁੰਮੇਵਾਰੀ ਲਗਾਉਂਦਾ ਹੈ ਜੇਕਰ ਅਜਿਹੇ ਪ੍ਰਬੰਧਨ ਦੌਰਾਨ ਕੋਈ ਤੀਜੀ ਧਿਰ ਜ਼ਖਮੀ ਹੋ ਜਾਂਦੀ ਹੈ ਜਾਂ ਉਸਦੀ ਜਾਇਦਾਦ ਨੂੰ ਨੁਕਸਾਨ ਪਹੁੰਚਦਾ ਹੈ। ਖ਼ਤਰਨਾਕ ਚੀਜ਼ਾਂ ਦੇ ਨਾਂ ਅਤੇ ਹਰੇਕ ਦੀ ਮਾਤਰਾ 'ਕਾਨੂੰਨ' ਵਿੱਚ ਸੂਚੀਬੱਧ ਹੈ। ਹਰੇਕ ਵਿਅਕਤੀ ਲਈ ਦਿੱਤੇ ਜਾਣ ਵਾਲੇ ਹਰਜਾਨੇ ਦੀ ਰਕਮ ਤਹਿ ਹੈ, ਜੋ ਕਿ ਹੇਠਾਂ ਵਿਖਾਈ ਗਈ ਹੈ।

ਦੇਣਯੋਗ ਹਰਜਾਨਾ

| | |
|---|---|
| ਘਾਤਕ ਦੁਰਘਟਨਾ | ਰੁ: 25,000 |
| ਪੱਕੇ ਤੌਰ ਉੱਤੇ ਪੂਰੀ ਅਪੰਗਤਾ | ਰੁ: 25,000 |
| ਪੱਕੇ ਤੌਰ ਉੱਤੇ ਅਧੂਰੀ ਅਪੰਗਤਾ | % ਰੁ: 25,000 ਅਪੰਗਤਾ % ਦੇ ਮੁਤਾਬਕ |
| ਆਰਜ਼ੀ ਅਧੂਰੀ ਅਪੰਗਤਾ | ਰੁ: 1000 ਪ੍ਰਤੀ ਮਹੀਨੇ, ਵੱਧ ਤੋਂ ਵੱਧ 3 ਮਹੀਨਿਆਂ ਲਈ |
| ਅਸਲ ਡਾਕਟਰੀ ਖਰਚੇ | ਹੱਦ ਵੱਧ ਤੋਂ ਵੱਧ ਰੁ. 12,500 |
| ਜਾਇਦਾਦ ਲਈ ਅਸਲ ਨੁਕਸਾਨ, ਹੱਦ | ਰੁ: 6,000 |

ਪ੍ਰੀਮੀਅਮ ਏਓਏ (ਕੋਈ ਵੀ ਇੱਕ ਦੁਰਘਟਨਾ) ਹੱਦ ਦੇ ਅਧਾਰ ਉੱਤੇ ਅਤੇ ਕਲਾਂਇਟ ਦੇ ਕਮਾਈ ਮੁਤਾਬਕ ਹੁੰਦਾ ਹੈ। ਇਹ ਪਾਲਸੀ ਦਾ ਖਾਸ ਲੱਛਣ ਹੈ ਕਿ ਬੀਮਤ ਨੂੰ ਲਾਜ਼ਮੀ ਰੂਪ ਵਿੱਚ ਪ੍ਰੀਮੀਅਮ ਦੇ ਬਰਾਬਰ ਦੀ ਰਕਮ ਦਾ ਯੋਗਦਾਨ ਵਾਤਾਵਰਨ ਰਾਹਤ ਫੰਡ ਵਿੱਚ ਦੇਣਾ ਹੁੰਦਾ ਹੈ। ਜੇ ਵੱਡੀ ਗਿਣਤੀ ਵਿੱਚ ਸੁਤੰਤਰ ਧਿਰਾਂ ਪ੍ਰਭਾਵਿਤ ਹੁੰਦੀਆਂ ਹਨ ਅਤੇ ਕੁੱਲ ਦਿੱਤੀ ਜਾਣ ਵਾਲੀ ਰਾਹਤ ਦੀ ਰਕਮ ਏ.ਓ.ਏ. ਹੱਦ ਤੋਂ ਵੱਧ ਜਾਵੇ ਤਾਂ ਬਕਾਇਆ ਰਕਮ ਨੂੰ ਫੰਡ ਰਾਹੀਂ ਦਿੱਤਾ ਜਾਵੇਗਾ।

2. ਜਨਤਕ ਦੇਣਦਾਰੀ ਪਾਲਸੀ (ਉਦਯੋਗਿਕ / ਗੈਰ-ਉਦਯੋਗਿਕ ਜੋਖਿਮ)

ਪਾਲਸੀ ਦੀ ਇਹ ਕਿਸਮ ਬੀਮਤ ਦੀ ਗ਼ਲਤੀ / ਲਾਪਰਵਾਹੀ ਦੇ ਕਰਕੇ ਸੁਤੰਤਰ ਧਿਰ ਦੇ ਜ਼ਖਮੀ ਹੋਣ ਜਾਂ ਜਾਇਦਾਦ ਤਬਾਹ ਹੋਣ ਦੇ ਹਾਲਤ ਵਿੱਚ ਪੈਦਾ ਹੋਈ ਦੇਣਦਾਰੀ ਲਈ ਬੀਮਾ ਸੁਰੱਖਿਆ ਦਿੰਦੀ ਹੈ।

ਉਦਯੋਗਿਕ ਜੋਖਿਮ ਦੇ ਨਾਲ ਨਾਲ ਗ਼ੈਰ-ਉਦਯੋਗਿਕ ਜੋਖਿਮ ਦੀ ਬੀਮਾ ਸੁਰੱਖਿਆ ਲਈ ਵੱਖ-ਵੱਖ ਪਾਲਸੀਆਂ ਹਨ ਜਿਵੇਂ ਕਿ ਜੋ ਹੋਟਲ, ਸਿਨੇਮਾ ਹਾਲਤ, ਆਡੀਟੋਰੀਅਮ, ਰਿਹਾਇਸ਼ ਥਾਂ, ਦਫ਼ਤਰ, ਸਟੇਡੀਅਮ, ਗੁਦਾਮ, ਅਤੇ ਦੁਕਾਨਾਂ ਨੂੰ ਪ੍ਰਭਾਵਿਤ ਕਰਦੇ ਹਨ। ਇਹ ਹਰਜਾਨੇ ਦੇ ਭੁਗਤਾਨ ਲਈ ਕਾਨੂੰਨੀ ਦੇਣਦਾਰੀਆਂ ਲਈ ਬੀਮਾ ਸੁਰੱਖਿਆ ਦਿੰਦੀ ਹੈ, ਜਿਸ ਵਿੱਚ TPPI/TPPD ਦੇ ਸਬੰਧੀ ਭਾਰਤੀ ਕਾਨੂੰਨ ਦੇ ਮੁਤਾਬਕ ਦਾਅਵੇਦਾਰ ਦੀਆਂ ਕੀਮਤਾਂ, ਫੀਸਾਂ ਅਤੇ ਖਰਚੇ ਵੀ ਸ਼ਾਮਿਲ ਹਨ।

ਪਾਲਸੀ ਬੀਮਾ ਸੁਰੱਖਿਆ ਨਹੀਂ ਦਿੰਦੀ ਹੈ:

a) ਉਤਪਾਦ ਦੇਣਦਾਰੀ

b) ਪ੍ਰਦੂਸ਼ਨ ਦੇਣਦਾਰੀ

c) ਆਵਾਜਾਈ ਅਤੇ

d) ਕਾਮੇ / ਮੁਲਾਜ਼ਮਾਂ ਦੇ ਸੱਟਾਂ

3. ਉਤਪਾਦ ਦੇਣਦਾਰੀ ਪਾਲਸੀ

ਉਤਪਾਦ ਦੇਣਦਾਰੀ ਬੀਮੇ ਦੀ ਮੰਗ ਪੈਂਦਾ ਹੁੰਦੀ ਹੈ ਕਿਉਂਕਿ ਉਤਪਾਦ ਦੀਆਂ ਕਈ ਕਿਸਮਾਂ (ਜਿਵੇਂ ਕਿ ਕੈਨ ਵਿੱਚ ਪੈਕ ਕੀਤੇ ਭੋਜਨ, ਹਵਾ ਸਮੇਤ ਪਾਣੀ, ਦਵਾਈਆਂ ਤੇ ਟੀਕੇ, ਬਿਜਲੀ ਯੰਤਰ, ਮਸ਼ੀਨੀ ਯੰਤਰ, ਰਸਾਇਣ ਆਦਿ), ਜੋ ਕਿ ਅੱਜ ਬਣਾਈਆਂ ਜਾਂਦੀਆਂ ਹਨ ਅਤੇ ਜਨਤਕ ਤੌਰ ਉੱਤੇ ਵੇਚੀਆਂ ਜਾਂਦੀਆਂ ਹਨ। ਜੇ ਉਤਪਾਦ ਵਿੱਚ ਨੁਕਸ ਹੋਣ ਕਰਕੇ ਮੌਤ ਹੋਵੇ, ਸਰੀਰ ਫੱਟੜ ਹੋਵੇ ਜਾਂ ਬੀਮਾਰੀ ਹੋਵੇ ਜਾਂ ਸੁਤੰਤਰ ਧਿਰ ਦੀ ਜਾਇਦਾਦ ਲਈ ਨੁਕਸਾਨ ਹੋਵੇ ਤਾਂ ਇਸ ਲਈ ਦਾਅਵਾ ਹੋ ਸਕਦਾ ਹੈ। ਉਤਪਾਦ ਦੇਣਦਾਰੀ ਪਾਲਸੀਆਂ ਵਿੱਚ ਬੀਮਤ ਦੀ ਇਹ ਦੇਣਦਾਰੀ ਲਈ ਬੀਮਾ ਸੁਰੱਖਿਆ ਹੁੰਦੀ ਹੈ।

ਬੀਮਾ ਸੁਰੱਖਿਆ ਬਰਾਮਦ ਦੇ ਨਾਲ ਨਾਲ ਘਰੇਲੂ ਵਿਕਰੀ ਲਈ ਵੀ ਉਪਲੱਬਧ ਹੈ।

4. ਲਿਫ਼ਟ (ਸੁਤੰਤਰ ਧਿਰ) ਦੇਣਦਾਰੀ ਬੀਮਾ

ਇਹ ਪਾਲਸੀ ਲਿਫ਼ਟ ਦੀ ਵਰਤੋਂ ਅਤੇ ਕੰਮ ਦੀ ਵਰਤੋਂ ਨਾਲ ਪੈਦਾ ਹੋਣ ਵਾਲੀਆਂ ਦੇਣਦਾਰੀਆਂ ਦੇ ਸਬੰਧ ਵਿੱਚ ਇਮਾਰਤ ਦੇ ਮਾਲਕਾਂ ਲਈ ਹਰਜਾਨਾ ਦਿੰਦੀ ਹੈ। ਇਹ ਵਿੱਚ ਕਾਨੂੰਨੀ ਦੇਣਦਾਰੀ ਸ਼ਾਮਿਲ ਹੈ:

a) ਕਿਸੇ ਵਿਅਕਤੀ ਦੀ ਮੌਤ / ਸਰੀਰ ਜ਼ਖਲ਼ੀ ਹੋਣਾ (ਬੀਮਤ ਦੇ ਮੁਲਾਜ਼ਮਾਂ ਨੂੰ ਛੱਡ ਕੇ)

b) ਜਾਇਦਾਦ ਦਾ ਨੁਕਸਾਨ (ਬੀਮਤ ਦੀ ਆਪਣੀ ਜਾਂ ਮੁਲਾਜ਼ਮ ਦੀ ਜਾਇਦਾਦ ਨੂੰ ਛੱਡ ਕੇ)

ਪ੍ਰੀਮੀਅਮ ਦਰ ਹਰਜਾਨੇ ਦੀ ਦਰ, ਕਿਸੇ ਇੱਕ ਵਿਅਕਤੀ, ਕੋਈ ਇੱਕ ਦੁਰਘਟਨਾ ਅਤੇ ਕਿਸੇ ਇੱਕ ਸਾਲ ਉੱਤੇ ਨਿਰਭਰ ਕਰਦੀ ਹੈ।

5. ਪੇਸ਼ਾਵਰ ਦੇਣਦਾਰੀ

ਪੇਸ਼ਾਵਰ ਹਰਜਾਨੇ ਨੂੰ ਪੇਸ਼ਾਵਰ ਲੋਕਾਂ ਨੂੰ ਉਹਨਾਂ ਦੀਆਂ ਪੇਸ਼ਾਵਰ ਫ਼ਰਜ਼ਾਂ ਨੂੰ ਪੂਰਾ ਕਰਨ ਦੇ ਦੌਰਾਨ ਲਾਪਰਵਾਹੀ ਦੇ ਕਰਕੇ ਹੋਏ ਨੁਕਸਾਨ ਦੇ ਭੁਗਤਾਨ ਕਰਨ ਦੀ ਉਹਨਾਂ ਦੀ ਕਾਨੂੰਨੀ ਦੇਣਦਾਰੀ ਉੱਤੇ ਬੀਮਾ ਸੁਰੱਖਿਆ ਦੇਣ ਲਈ ਤਿਆਰ ਕੀਤਾ ਹੈ। ਇੰਝ ਦੀ ਬੀਮਾ ਸੁਰੱਖਿਆ ਡਾਕਟਰਾਂ ਹਸਪਤਾਲਾਂ; ਇੰਜਨੀਅਰਾਂ, ਆਰਚੀਟੈਕਟ; ਚਾਰਟਡ ਅਕਾਉਂਟੈਂਟ, ਵਿੱਤੀ ਸਲਾਹਕਾਰ, ਵਕੀਲ, ਬੀਮਾ ਦਲਾਲਾਂ ਲਈ ਉਪਲੱਬਧ ਹੈ।

6. ਡਾਇਰੈਕਟਰਆਂ ਅਤੇ ਅਧਿਕਾਰੀਆਂ ਦੀ ਕਾਨੂੰਨੀ ਦੇਣਦਾਰੀ

ਕੰਪਨੀਆਂ ਦੇ ਡਾਇਰੈਕਟਰ ਅਤੇ ਅਧਿਕਾਰੀ ਭਰੋਸੇ ਅਤੇ ਜ਼ਿੰਮੇਵਾਰੀਆਂ ਦੇ ਅਹੁਦੇ ਰੱਖਦੇ ਹਨ। ਉਹ ਕੰਪਨੀ ਦੇ ਨਿਗਰਾਨੀ ਅਤੇ ਪ੍ਰਬੰਧ ਦੇ ਮਾਮਲਿਆਂ ਵਿੱਚ ਉਹਨਾਂ ਵਲੋਂ ਕੀਤੇ ਗਲਤ ਕੰਮਾਂ ਲਈ ਸ਼ੇਅਰ-ਹੋਲਡਰ, ਮੁਲਾਜ਼ਮਾਂ, ਕਰਜ਼ਦਾਤਿਆਂ, ਅਤੇ ਕੰਪਨੀ ਦੇ ਹੋਰ ਸਟਾਕ-ਹੋਲਡਰਾਂ ਦੇ ਹੋਏ ਨੁਕਸਾਨ ਦੇ ਭੁਗਤਾਨ ਕਰਨ ਲਈ ਦੇਣਦਾਰ ਹੋ ਸਕਦੇ ਹਨ। ਇੰਝ ਦੀ ਦੇਣਦਾਰੀ ਦੀ ਬੀਮਾ ਸੁਰੱਖਿਆ ਲਈ ਪਾਲਸੀ ਦੀ ਯੋਗਨਾ ਬਣਾਈ ਗਈ ਹੈ ਅਤੇ ਕੰਪਨੀ ਨੂੰ ਉਸ ਦੇ ਸਭ ਡਾਇਰੈਕਟਰੀਆਂ ਨੂੰ ਬੀਮਾ ਸੁਰੱਖਿਆ ਦੇਣ ਲਈ ਜਾਰੀ ਕੀਤਾ ਜਾਂਦਾ ਹੈ।

7. ਮੁਲਾਜ਼ਮ ਦਾ ਹਰਜਾਨਾ ਬੀਮਾ

ਇਹ ਪਾਲਸੀ ਬੀਮਤ ਨੂੰ ਉਸ ਦੇ ਮੁਲਾਜ਼ਮ ਨੂੰ ਮੁਆਵਜ਼ਾ ਦੇਣ ਲਈ ਉਸ ਦੀ ਕਾਨੂੰਨੀ ਦੇਣਦਾਰੀ ਲਈ ਹਰਜਾਨਾ ਦਿੰਦੀ ਹੈ, ਜਿਸ ਨੂੰ ਉਸ ਦੀ ਨੌਕਰੀ ਦੇ ਦੌਰਾਨ ਦੁਰਘਟਨਾ ਦੌਰਾਨ ਨਿੱਜੀ ਸੱਟਾਂ ਲੱਗੀਆਂ ਹੋਣ ਜਾਂ ਬੀਮਾਰੀ ਲੱਗੀ ਹੋਵੇ। ਇਸ ਨੂੰ ਕਾਮੇ ਦਾ ਹਰਜਾਨਾ ਬੀਮਾ ਕਹਿੰਦੇ ਹਨ।

ਬਾਜ਼ਾਰ ਵਿੱਚ ਬੀਮੇ ਦੇ ਦੋ ਫਾਰਮ ਪ੍ਰਚਲਿਤ ਹਨ:

a) ਸਾਰਣੀ ਏ: ਮੁਲਾਜ਼ਮ ਮੁਆਵਜ਼ਾ ਐਕਟ, 1923 (ਕਰਮਚਾਰੀ ਦਾ ਮੁਆਵਜ਼ਾ ਕਾਨੂੰਨ), ਘਾਤਕ ਦੁਰਘਟਨਾ ਐਕਟ, 1855 ਅਤੇ ਆਮ ਕਾਨੂੰਨ ਦੇ ਤਹਿਤ ਮੁਲਾਜ਼ਮਾਂ ਨੂੰ ਹੋਣ ਵਾਲੀਆਂ ਦੁਰਘਟਨਾਵਾਂ ਲਈ ਕਾਨੂੰਨੀ ਦੇਣਦਾਰੀ ਵਿਰੁਧ ਹਰਜਾਨਾ

b) ਸਾਰਣੀ ਬੀ ਘਾਤਕ ਦੁਰਘਟਨਾਵਾਂ ਕਾਨੂੰਨ, 1855 ਅਤੇ ਆਮ ਕਾਨੂੰਨ ਦੇ ਤਹਿਤ ਕਾਨੂੰਨੀ ਦੇਣਦਾਰੀ ਲਈ ਹਰਜਾਨਾ।

ਪ੍ਰੀਮੀਅਮ ਦਰਾਂ ਨੂੰ ਪੇਸ਼ਕਸ਼ ਫਾਰਮ ਵਿੱਚ ਐਲਾਨ ਕੀਤੇ ਮੁਤਾਬਕ ਮੁਲਾਜ਼ਮਾਂ ਦੀ ਅੰਦਾਜ਼ਨ ਤਨਖਾਹ ਲਈ ਲਾਗੂ ਕੀਤਾ ਜਾਂਦਾ ਹੈ।

ਪਾਲਸੀ ਨੂੰ ਅੱਗੇ ਦਿੱਤੀ ਬੀਮਾ ਸੁਰੱਖਿਆ ਲਈ ਵਧਾਇਆ ਜਾ ਸਕਦਾ ਹੈ:

i. ਬੀਮਤ ਵਲੋਂ ਮੁਲਾਜ਼ਮ ਦੀਆਂ ਸੱਟਾਂ ਦਾ ਇਲਾਜ ਲਈ ਡਾਕਟਰੀ ਅਤੇ ਹਸਪਤਾਲ ਦਾ ਖਰਚਾ ਆਪਣੇ ਉੱਪਰ ਲਿਆ ਜਾਂਦਾ ਹੈ, ਤਹਿ ਕੀਤੀ ਰਕਮ ਤੱਕ

ii. ਕਾਨੂੰਨ ਵਿੱਚ ਸੂਚੀਬੱਧ ਪੇਸ਼ੇ ਸਬੰਧੀ ਬੀਮਾਰੀਆਂ ਲਈ ਦੇਣਦਾਰੀ

iii. ਠੇਕੇਦਾਰ ਦੇ ਮੁਲਾਜ਼ਮਾਂ ਵੱਲ ਦੇਣਦਾਰੀ

| ਆਪਣੇ ਆਪ ਨੂੰ ਪਰਖੋ 11 |
|---|

ਜਨਤਕ ਦੇਣਦਾਰੀ ਬੀਮਾ ਕਾਨੂੰਨ, 1991 ਦੇ ਅਧੀਨ ਗ਼ੈਰ-ਘਾਟਕ ਹਾਦਸਿਆਂ ਲਈ ਅਸਲ ਡਾਕਟਰੀ ਖਰਚੇ ਲਈ ਕਿੰਨਾ ਮੁਆਵਜ਼ਾ ਦੇਣਯੋਗ ਹੈ?

I. ਰੁ: 6,250

II. ਰੁ: 12,500

III. ਰੁ: 25,000

IV. ਰੁ: 50,000

## ਸਵੈ ਜਾਂਚ ਦੇ ਜਵਾਬ

**ਜਵਾਬ 1 - ਸਹੀ ਚੋਣ III ਹੈ|**

**ਜਵਾਬ 2 - ਸਹੀ ਚੋਣ I ਹੈ|**

**ਜਵਾਬ 3- ਸਹੀ ਚੋਣ IV ਹੈ|**

**ਜਵਾਬ 4- ਸਹੀ ਚੋਣ II ਹੈ|**

**ਜਵਾਬ 5- ਸਹੀ ਚੋਣ I ਹੈ|**

**ਜਵਾਬ 6- ਸਹੀ ਚੋਣ IV ਹੈ|**

**ਜਵਾਬ 7- ਸਹੀ ਚੋਣ III ਹੈ|**

**ਜਵਾਬ 8- ਸਹੀ ਚੋਣ II ਹੈ|**

**ਜਵਾਬ 9- ਸਹੀ ਚੋਣ II ਹੈ|**

**ਜਵਾਬ 10- ਸਹੀ ਚੋਣ III ਹੈ|**

**ਜਵਾਬ 11- ਸਹੀ ਚੋਣ II ਹੈ|**

# ਪਾਠ G-05

# ਆਮ ਬੀਮਾ ਦਾਅਵੇ

**ਪਾਠ ਜਾਣ-ਪਛਾਣ**

ਬੀਮਾ ਇਕਰਾਰਨਾਮੇ ਦੇ ਮੂਲ ਵਿੱਚ ਸ਼ੁਰੂ ਵਿੱਚ ਕੀਤਾ ਗਿਆ ਵਾਅਦਾ ਹੁੰਦਾ ਹੈ; ਭਾਵ ਘਾਟੇ ਹੋਣ ਦੀ ਘਟਨਾ ਵਿੱਚ ਬੀਮਤ ਨੂੰ ਹਰਜਾਨਾ ਦੇਣਾ। ਇਹ ਪਾਠ ਵਿੱਚ ਸ਼ਾਮਿਲ ਕਾਰਵਾਈਆਂ ਤੇ ਦਸਤਾਵੇਜ਼, ਘਾਟਾ ਪੈਣ ਦੇ ਸਮੇਂ, ਦਾਅਵਾ ਸਮਝੌਤਿਆਂ ਦੀ ਪੂਰੀ ਕਾਰਵਾਈ ਨੂੰ ਸਮਝਣ ਲਈ ਸੌਖਾ ਬਣਾਉਣ ਲਈ ਜਾਣਕਾਰੀ ਦਿੱਤੀ ਗਈ ਹੈ। ਬੀਮਤ ਜਾਂ ਬੀਮਾਕਰਤਾ ਵਲੋਂ ਦਾਅਵਿਆਂ ਦੇ ਵਿਵਾਦ ਨਾਲ ਨਿਪਟਣ ਦੇ ਢੰਗ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ।

**ਸਿੱਖਣ ਦੇ ਨਤੀਜੇ**

A. ਦਾਅਵਾ ਸਮਝੌਤਾ ਕਾਰਵਾਈ

B. ਸਰਵੇਅਰ ਅਤੇ ਘਾਟਾ ਮੁੱਲ ਨਿਰਧਾਰਕ ਦੀ ਭੂਮਿਕਾ

ਇਹ ਪਾਠ ਪੜ੍ਹਨ ਦੇ ਬਾਅਦ, ਤੁਸੀਂ ਯੋਗ ਹੋਣੇ ਚਾਹੀਦੇ ਹੋ:

1. ਦਾਅਵਾ ਸਮਝੌਤਾ ਕੰਮਾਂ ਦੀ ਮਹੱਤਤਾ ਬਾਰੇ ਦਲੀਲ ਦੇਣੀ
2. ਘਾਟੇ ਦੀ ਇਤਲਾਹ ਲਈ ਕਾਰਵਾਈ ਦੱਸਣ ਦੇ
3. ਦਾਅਵੇ ਦੀ ਜਾਂਚ ਅਤੇ ਮੁੱਲ ਨਿਰਧਾਰਨ
4. ਸਰਵੇਅਰ ਅਤੇ ਘਾਟਾ ਮੁੱਲ ਨਿਰਧਾਰਕਦੀ ਮਹੱਤਤਾ ਸਮਝਾਉਣਾ
5. ਦਾਅਵਾ ਫਾਰਮਾਂ ਦੀ ਸਮੱਗਰੀ ਦਰਸਾਉਣਾ
6. ਦਾਅਵਾ ਮੇਲ ਅਤੇ ਸਮਝੌਤੇ ਦੀ ਪਰਿਭਾਸ਼ਾ

## A. ਦਾਅਵਾ ਸਮਝੌਤਾ ਕਾਰਵਾਈ

### 1. ਦਾਅਵੇ ਸਮਝੌਤਾ ਕਰਵਾਉਣ ਦੀ ਮਹੱਤਤਾ

ਬੀਮਾ ਕੰਪਨੀ ਦਾ ਸਭ ਤੋਂ ਮਹੱਤਵਪੂਰਨ ਕੰਮ ਹੈ ਘਾਟਾ ਹੋਣ ਦੀ ਘਟਨਾ ਵਾਪਰਨ ਉੱਤੇ ਪਾਲਸੀ ਹੋਲਡਰ ਦੇ ਦਾਅਵਿਆਂ ਨੂੰ ਨਿਪਟਾਉਣਾ। ਬੀਮਾਕਰਤਾ ਇਹ ਵਾਅਦੇ ਨੂੰ ਪਾਲਸੀਧਾਰਕ ਨੂੰ ਜਾਂ ਤਾਂ ਭੁਗਤਾਨ ਕਰਕੇ ਜਾਂ ਬੀਮਤ ਲਈ ਸੁਤੰਤਰ ਧਿਰ ਨੂੰ ਦਾਅਵੇ ਭੁਗਤਾਨ ਤੁਰੰਤ, ਇਮਾਨਦਾਰੀ ਅਤੇ ਨਿਰਪੱਖ ਸੇਵਾ ਦੇ ਕੇ ਪੂਰਾ ਕਰ ਸਕਦਾ ਹੈ।

ਇੱਕ ਗ਼ੈਰ-ਜੀਵਨ ਬੀਮਾ ਕੰਪਨੀ ਨੇ ਆਪਣੇ ਬੋਰਡ ਰੂਮ ਵਿੱਚ "ਜੇ ਤੁਸੀਂ ਭੁਗਤਾਨ ਕਰਨ ਸਕਦੇ ਹੋ ਤਾਂ ਕਰੋ; ਨਾਮਨਜ਼ੂਰ ਕਰੋ ਜੇ ਤੁਹਾਨੂੰ ਕਰਨਾ ਜ਼ਰੂਰੀ ਹੈ " ਲਿਖਿਆ ਹੋਇਆ ਸੀ। ਇਹ ਬੀਮੇ ਦੇ ਉੱਤਮ ਕਾਰੋਬਾਰ ਦਾ ਅਸਲ ਮਤਲਬ ਹੈ।

ਦਾਅਵਿਆਂ ਨੂੰ ਪੇਸ਼ੇਵਰ ਢੰਗ ਨਾਲ ਨਿਪਟਾਉਣਾ ਇੱਕ ਬੀਮਾ ਕੰਪਨੀਆਂ ਲਈ ਸਭ ਤੋਂ ਵੱਡਾ ਇਸ਼ਤਿਹਾਰਬਾਜ਼ੀ ਇਨਾਮ ਹੈ।

#### a) ਤਤਪਰਤਾ

ਦਾਅਵਿਆਂ ਨੂੰ ਨਿਪਟਾਉਣ ਵਿੱਚ ਤਤਪਰਤਾ ਬਹੁਤ ਮਹੱਤਵਪੂਰਨ ਹੈ, ਭਾਵੇਂ ਬੀਮਤ ਇੱਕ ਕਾਰਪੋਰੇਟ ਗਾਹਕ ਹੋਵੇ ਜਾਂ ਕੋਈ ਵਿਅਕਤੀ ਜਾਂ ਭਾਵੇਂ ਘਾਟੇ ਦਾ ਆਕਾਰ ਬਹੁਤ ਵੱਡਾ ਹੋਵੇ ਜਾਂ ਬਹੁਤ ਛੋਟਾ। ਇਹ ਜ਼ਰੂਰ ਸਮਝਣਾ ਚਾਹੀਦਾ ਹੈ ਕਿ ਬੀਮਤ ਨੂੰ ਘਾਟੇ ਦੇ ਬਾਅਦ ਬੀਮਾ ਹਰਜਾਨੇ ਦੀ ਲੋੜ ਜਿੰਨਾ ਛੇਤੀ ਸੰਭਵ ਹੋਵੇ, ਹੁੰਦੀ ਹੈ।

ਜੇ ਉਸ ਨੂੰ ਧਨ ਤੁਰੰਤ ਮਿਲਦਾ ਹੈ ਤਾਂ ਇਹ ਉਸ ਲਈ ਵੱਧ ਤੋਂ ਵੱਧ ਵਰਤੋਂ ਦਾ ਹੋ ਸਕਦਾ ਹੈ। ਇਹ ਬੀਮਾ ਕੰਪਨੀ ਦਾ ਫ਼ਰਜ਼ ਦਾਅਵਾ ਰਕਮ ਨੂੰ ਭੁਗਤਾਨ ਕਰਨਾ, ਜਦੋਂ ਵੀ ਬੀਮਤ ਨੂੰ ਇਸ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ - ਘਾਟਾ ਪੈਣ ਦੇ ਜਿੰਨਾ ਛੇਤੀ ਸੰਭਵ ਹੋਵੇ।

#### b) ਪੇਸ਼ਾਵਾਰਾਨਾ ਢੰਗ

ਬੀਮਾ ਅਧਿਕਾਰੀ ਹਰੇਕ ਦਾਅਵੇ ਨੂੰ ਕਾਬਲੀਅਤ ਦੇ ਅਧਾਰ ਉੱਤੇ ਵਿਚਾਰਦੇ ਹਨ ਅਤੇ ਹੇਠ ਦਿੱਤੇ ਸਵਾਲਾਂ ਦੇ ਜਵਾਬ ਦੇਣ ਵਾਲੇ ਸਭ ਦਸਤਾਵੇਜ਼ਾਂ ਦੀ ਜਾਂਚ ਕੀਤੇ ਬਿਨਾਂ ਦਾਅਵੇ ਲਈ ਪੱਖਪਾਤੀ ਜਾਂ ਪਹਿਲਾਂ-ਸੋਚੀ ਭਾਵਨਾ ਲਾਗੂ ਨਹੀਂ ਕਰ ਸਕਦੇ ਹਨ।

i. ਕੀ ਘਾਟਾ ਅਸਲ ਵਿੱਚ ਪਿਆ ਹੈ?

ii. ਜੇ ਹਾਂ ਤਾਂ ਕੀ ਘਾਟਾ ਪਾਉਣ ਵਾਲੀ ਘਟਨਾ ਨੇ ਅਸਲ ਵਿੱਚ ਕੋਈ ਨੁਕਸਾਨ ਕੀਤਾ ਹੈ?

iii. ਇਸ ਘਟਨਾ ਦੇ ਨੁਕਸਾਨ ਦੀ ਹੱਦ।

iv. ਘਾਟੇ ਦਾ ਕੀ ਕਾਰਨ ਸੀ?

v. ਕੀ ਘਾਟਾ ਪਾਲਸੀ ਦੇ ਅਧੀਨ ਬੀਮਾ ਸੁਰੱਖਿਆ ਵਿੱਚ ਹੈ?

vi. ਕੀ ਸਮਝੌਤਾ / ਪਾਲਸੀ ਸ਼ਰਤਾਂ ਦੇ ਅਧੀਨ ਦਾਅਵਾ ਦੇਣ-ਯੋਗ ਹੈ?

vii. ਜੇ ਹਾਂ ਤਾਂ ਕਿੰਨਾ ਦੇਣਯੋਗ ਹੈ?

ਇਹਨਾਂ ਸਭ ਸਵਾਲਾਂ ਦੇ ਜਵਾਬ ਬੀਮਾ ਕੰਪਨੀ ਨੂੰ ਲੱਭਣ ਦੀ ਲੋੜ ਹੁੰਦੀ ਹੈ।

ਦਾਅਵਿਆਂ ਉੱਤੇ ਕਾਰਵਾਈ ਕਰਨਾ ਇੱਕ ਮਹੱਤਵਪੂਰਨ ਸਰਗਰਮੀ ਹੈ। ਸਭ ਦਾਅਵਾ ਫਾਰਮਾਂ, ਕਾਰਵਾਈਆਂ ਅਤੇ ਹਦਾਇਤਾਂ ਨੂੰ ਕੰਪਨੀ ਵਲੋਂ ਧਿਆਨ ਨਾਲ ਤਿਆਰ ਕੀਤਾ ਗਿਆ ਹੁੰਦਾ ਹੈ ਤਾਂ ਕਿ ਪਾਲਸੀ ਦੇ ਅਧੀਨ 'ਭੁਗਤਾਨਯੋਗ' ਸਭ ਦਾਅਵਿਆਂ ਨੂੰ ਤੁਰੰਤ ਭੁਗਤਾਨ ਕੀਤਾ ਜਾ ਸਕੇ ਅਤੇ ਜੋ ਦੇਣਯੋਗ ਨਹੀਂ ਹਨ, ਉਹਨਾਂ ਦਾ ਭੁਗਤਾਨ ਨਾ ਕੀਤਾ ਜਾਵੇ।

ਏਜੰਟ, ਬੀਮਤ ਲਈ ਕੰਪਨੀ ਦੇ ਪ੍ਰਤੀਨਿਧੀ ਹੋਣ ਦੇ ਕਰਕੇ, ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਹੀਂ ਜਾਣਕਾਰੀ ਨੂੰ ਠੀਕ ਢੰਗ ਨਾਲ ਢੁੱਕਵੇਂ ਫਾਰਮਾਂ ਵਿਚ ਭਰਿਆ ਜਾਵੇ, ਘਾਟੇ ਦੇ ਸਬੂਤ ਵਜੋਂ ਸਭ ਦਸਤਾਵੇਜ਼ ਨੱਥੀ ਹੋਣ ਅਤੇ ਸਭ ਤਹਿ ਕੀਤੀਆਂ ਕਾਰਵਾਈਆਂ ਨੂੰ ਸਮੇਂ ਸਿਰ ਅਤੇ ਤਸਦੀਕ ਕਰਕੇ ਕੰਪਨੀ ਨੂੰ ਦਿੱਤਾ ਜਾਵੇ। ਘਾਟੇ ਦੇ ਸਮੇਂ ਏਜੰਟ ਦੀ ਭੂਮਿਕਾ ਨੂੰ ਪਹਿਲਾਂ ਹੀ ਵਿਚਾਰਿਆ ਜਾ ਚੁੱਕਾ ਹੈ।

2. ਘਾਟੇ ਦੀ ਇਤਲਾਹ ਜਾਂ ਸੂਚਨਾ

ਪਾਲਸੀ ਸ਼ਰਤਾਂ ਕਹਿੰਦੀਆਂ ਹਨ ਕਿ ਘਾਟੇ ਬਾਰੇ ਸੂਚਨਾ ਬੀਮਾਕਰਤਾ ਨੂੰ ਤੁਰੰਤ ਦੇਣੀ ਚਾਹੀਦੀ ਹੈ। ਤੁਰੰਤ ਸੂਚਨਾ ਦਾ ਮਕਸਦ ਬੀਮਾਕਰਤਾ ਨੂੰ ਘਾਟੇ ਦੇ ਮੁੱਢਲੇ ਪੜਾਅ ਉੱਤੇ ਜਾਂਚ ਕਰਨ ਦਾ ਮੌਕਾ ਦੇਣਾ ਹੈ। ਦੇਰੀ ਦੇ ਨਤੀਜੇ ਕਰਕੇ ਘਾਟੇ ਦੇ ਸਬੰਧੀ ਮਹੱਤਵਪੂਰਨ ਜਾਣਕਾਰੀ ਖਤਮ ਹੋ ਸਕਦੀ ਹੈ। ਇਸ ਨਾਲ ਬੀਮਾਕਰਤਾ ਘਾਟੇ ਨੂੰ ਘੱਟ ਕਰਨ ਲਈ ਕਾਰਵਾਈਆਂ ਲਈ ਸੁਝਾਅ ਦੇਣ ਅਤੇ ਬਚੀ ਸੰਪੱਤੀ ਨੂੰ ਸੁਰੱਖਿਅਤ ਕਰਨ ਲਈ ਕਦਮ ਚੁੱਕਣ ਦੇ ਯੋਗ ਕਰਦੀ ਹੈ। ਘਾਟੇ ਦੀ ਸੂਚਨਾ ਜਿੰਨਾ ਵੀ ਛੇਤੀ ਸੰਭਵ ਹੋਵੇ ਦਿੱਤੀ ਜਾਣੀ ਚਾਹੀਦੀ ਹੈ।

ਇਹ ਸ਼ੁਰੂਆਤੀ ਜਾਂਚ/ਪੜਤਾਲ ਦੇ ਬਾਅਦ, ਦਾਅਵੇ ਨੂੰ ਇੱਕ ਨੰਬਰ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਦਾਅਵੇ ਰਜਿਸਟਰ ਵਿੱਚ ਜੋੜਿਆ ਜਾਂਦਾ ਹੈ, ਜਿਸ ਵਿੱਚ ਪਾਲਸੀ ਨੰਬਰ, ਬੀਮਤ ਦਾ ਨਾਂ, ਘਾਟੇ ਦੀ ਅੰਦਾਜ਼ਨ ਰਕਮ, ਘਾਟੇ ਦੀ ਮਿਤੀ ਹੁੰਦੀ ਹੈ, ਹੁਣ ਦਾਅਵਾ ਕਾਰਵਾਈ ਲਈ ਤਿਆਰ ਹੁੰਦਾ ਹੈ।

ਕੁਝ ਪਾਲਸੀਆਂ ਦੀਆਂ ਕਿਸਮਾਂ ਅਧੀਨ (ਜਿਵੇਂ ਸੰਨ੍ਹਮਾਰੀ) ਪੁਲਿਸ ਅਧਿਕਾਰੀਆਂ ਨੂੰ ਵੀ ਸੂਚਨਾ ਦਿੱਤੀ ਜਾਣੀ ਚਾਹੀਦੀ ਹੈ। ਕਾਰਗੋ ਰੇਲ ਸਾਮਾਨ ਭੇਜਣ ਪਾਲਸੀਆਂ ਅਧੀਨ, ਸੂਚਨਾ ਰੇਲਵੇ ਨੂੰ ਦਿੱਤੀ ਜਾਣੀ ਚਾਹੀਦੀ ਹੈ।

3. ਜਾਂਚ ਅਤੇ ਮੁਲਾਂਕਣ

a) ਸਾਰ

ਬੀਮਤ ਤੋਂ ਦਾਅਵਾ ਫਾਰਮ ਪ੍ਰਾਪਤ ਕਰਨ ਦੇ ਬਾਅਦ, ਬੀਮਾਕਰਤਾ ਘਾਟੇ ਦੀ ਜਾਂਚ ਕਰਨ ਅਤੇ ਮੁਲਾਂਕਣ ਕਰਨ ਦਾ ਫੈਸਲਾ ਲੈਂਦਾ ਹੈ। ਜੇ ਦਾਅਵਾ ਰਕਮ ਛੋਟੀ ਹੈ ਤਾਂ ਘਾਟੇ ਦੇ ਕਾਰਨ ਤੇ ਹੱਦ ਪਤਾ ਕਰਨ ਦੀ ਜਾਂਚ ਨੂੰ ਬੀਮਾਕਰਤਾ ਦੇ ਅਧਿਕਾਰੀ , ਵਲੋਂ ਕੀਤਾ ਜਾਂਦਾ ਹੈ।

ਹੋਰ ਦਾਅਵਿਆਂ ਵਿੱਚ ਪੜਤਾਲ ਆਜ਼ਾਦ ਲਾਈਸੈਂਸ ਪ੍ਰਾਪਤ ਪੇਸ਼ੇਵਰ ਸਰਵੇਅਰ ਨੂੰ ਸੌਂਪੀ ਜਾਂਦੀ ਹੈ, ਜੋ ਕਿ ਘਾਟਾ ਮੁਲਾਂਕਣ ਵਿੱਚ ਮਾਹਿਰ ਹੁੰਦੇ ਹਨ। ਆਜ਼ਾਦ ਸਰਵੇਅਰਾਂ ਵਲੋਂ ਘਾਟੇ ਦੇ ਮੁਲਾਂਕਣ ਦਾ ਫੈਸਲਾ ਮਾਲਕ ਦੇ ਅਧਾਰ ਉੱਤੇ ਹੁੰਦਾ ਹੈ, ਕਿਉਂਕਿ ਬੀਮਾਕਰਤਾ ਅਤੇ ਬੀਮਤ ਦੋਵੇਂ ਹਿੱਤਕਾਰੀ ਧਿਰਾਂ ਹੁੰਦੀਆਂ ਹਨ, ਇਸਕਰਕੇ ਇੱਕ ਆਜ਼ਾਦ ਪੇਸ਼ੇਵਾਰ ਵਿਅਕਤੀ ਦਾ ਨਿਰਪੱਖ ਮੱਤ ਦੋਵਾਂ ਧਿਰਾਂ ਅਤੇ ਕਾਨੂੰਨੀ ਅਦਾਲਤ, ਜੇ ਕੋਈ ਵਿਵਾਦ ਹੁੰਦਾ ਹੈ, ਨੂੰ ਮਨਜ਼ੂਰ ਹੋਣੀ ਚਾਹੀਦੀ ਹੈ।

b) ਦਾਅਵਾ ਮੁਲਾਂਕਣ

ਅੱਗ ਦੇ ਕੇਸ ਵਿੱਚ ਦਾਅਵੇ ਦਾ ਮੁਲਾਂਕਣ ਸਹਾਇਕ ਦਸਤਾਵੇਜ਼ਾਂ ਨਾਲ ਸਰਵੇਖਣ ਰਿਪੋਰਟ ਦੇ ਅਧਾਰ ਉੱਤੇ ਕੀਤਾ ਜਾਂਦਾ ਹੈ। ਜਿੱਥੇ ਜ਼ਰੂਰੀ ਪੁਲਿਸ ਰਿਪੋਰਟ / ਅੱਗ ਬੁਝਾਉ ਦਸਤੇ ਦੀ ਰਿਪੋਰਟ, ਜਾਂਚਕਰਤਾ ਦੀ ਰਿਪੋਰਟ ਵੀ ਪ੍ਰਾਪਤ ਕੀਤੀ ਜਾਂਦੀ ਹੈ। ਨਿੱਜੀ ਦੁਰਘਟਨਾ ਦਾਅਵਿਆਂ ਲਈ, ਬੀਮਤ ਨੂੰ ਇਲਾਜ ਕਰਨ ਵਾਲੇ ਡਾਕਟਰ ਦੀ ਦੁਰਘਟਨਾ ਦੇ ਕਾਰਨ ਜਾਂ ਬੀਮਾਰੀ ਦੀ ਕਿਸਮ ਦੀ ਜਾਣਕਾਰੀ ਅਤੇ ਅਪੰਗਤਾ ਦਾ ਸਮਾਂ ਦੇਣ ਵਾਲੀ ਰਿਪਰੋਟ ਦੇਣ ਦੀ ਲੋੜ ਹੁੰਦੀ ਹੈ।

ਪਾਲਸੀ ਸ਼ਰਤਾਂ ਦੇ ਅਧੀਨ, ਬੀਮਾਕਰਤਾ ਨਿਰਪੱਖ ਡਾਕਟਰੀ ਜਾਂਚ ਦੇ ਪ੍ਰਬੰਧ ਕਰਨ ਦਾ ਹੱਕ ਰੱਖਦਾ ਹੈ। "ਕਰਮਚਾਰੀ ਦਾ ਮੁਆਵਜ਼ਾ" ਦਾਅਵਿਆਂ ਦੀ ਮੱਦਦ ਵਿੱਚ ਵੀ ਡਾਕਟਰੀ ਸਬੂਤ ਦੀ ਲੋੜ ਹੁੰਦੀ ਹੈ। ਪਸ਼ੂ ਧਨ ਅਤੇ ਪਸ਼ੂ ਦਾਅਵਿਆਂ ਦਾ ਮੁਲਾਂਕਣ ਡੰਗਰ ਡਾਕਟਰ ਦੀ ਰਿਪੋਰਟ ਦੇ ਅਧਾਰ ਉੱਤੇ ਕੀਤਾ ਜਾਂਦਾ ਹੈ।

| ਜਾਣਕਾਰੀ |
| --- |

ਘਾਟੇ ਜਾਂ ਨੁਕਸਾਨ ਦੀ ਸੂਚਨਾ ਮਿਲਣ ਉੱਤੇ, ਬੀਮਾਕਰਤਾ ਨੂੰ ਜਾਂਚ ਕਰਨੀ ਚਾਹੀਦੀ ਹੈ ਕਿ:

1. ਘਾਟਾ ਜਾਂ ਨੁਕਸਾਨ ਹੋਣ ਦੀ ਮਿਤੀ ਨੂੰ ਬੀਮਾ ਪਾਲਸੀ ਲਾਗੂ ਹੈ
2. ਘਾਟਾ ਜਾਂ ਨੁਕਸਾਨ ਬੀਮਾ ਕਰਵਾਏ ਸੰਕਟ ਕਰਕੇ ਹੋਇਆ ਹੈ
3. ਘਾਟੇ ਦੇ ਵਜੋਂ ਪ੍ਰਭਾਵਿਤ ਹੋਈ ਜਾਇਦਾਦ (ਬੀਮੇ ਦੀ ਵਿਸ਼ਾ-ਵਸਤੂ) ਪਾਲਸੀ ਵਿੱਚ ਬੀਮਾ ਕਰਵਾਈ ਹੋਈ ਹੀ ਹੈ
4. ਘਾਟੇ ਦੀ ਸੂਚਨਾ ਬਿਨਾਂ ਦੇਰੀ ਦੇ ਪ੍ਰਾਪਤ ਹੋਈ ਹੈ।

ਮੋਟਰ ਸੁਤੰਤਰ ਧਰ ਦਾਅਵਿਆਂ, ਜਿਸ ਵਿੱਚ ਮੌਤ ਤੇ ਨਿੱਜੀ ਸੱਟਾਂ ਸ਼ਾਮਿਲ ਹਨ, ਦਾ ਮੁਲਾਂਕਣ ਡਾਕਟਰ ਦੀ ਰਿਪੋਰਟ ਦੇ ਆਧਾਰ ਉੱਤੇ ਕੀਤਾ ਜਾਂਦਾ ਹੈ। ਇਹ ਦਾਅਵਿਆਂ ਨੂੰ ਮੋਟਰ ਦੁਰਘਟਨਾ ਦਾਅਵੇ ਟ੍ਰਿਬਿਊਨਲ ਵਲੋਂ ਨਿਪਟਾਇਆ ਜਾਂਦਾ ਹੈ ਅਤੇ ਭੁਗਤਾਨ ਕੀਤੀ ਜਾਣ ਵਾਲੀ ਰਕਮ ਨੂੰ ਦਾਅਵੇਦਾਰ ਦੀ ਉਮਰ ਤੇ ਆਮਦਨ ਵਰਗੇ ਕਾਰਨਾਂ ਦੇ ਆਧਾਰ ਉੱਤੇ ਤਹਿ ਕੀਤਾ ਜਾਂਦਾ ਹੈ।

ਸੁਤੰਤਰ ਧਿਰ ਦੀ ਜਾਇਦਾਦ ਨੂੰ ਹੋਏ ਨੁਕਸਾਨ ਵਾਲੇ ਦਾਅਵਿਆਂ ਦਾ ਮੁਲਾਂਕਣ ਸਰਵੇਖਣ ਰਿਪੋਰਟ ਦੇ ਅਧਾਰ ਉੱਤੇ ਕੀਤਾ ਜਾਂਦਾ ਹੈ।

- ✓ ਮੋਟਰ ਖੁਦ ਦੇ ਨੁਕਸਾਨ ਦਾਅਵੇ ਦਾ ਮੁਲਾਂਕਣ ਸਰਵੇਅਰ ਰਿਪੋਰਟ ਦੇ ਆਧਾਰ ਉੱਤੇ ਕੀਤਾ ਜਾਂਦਾ ਹੈ।
- ✓ ਜੇ ਕਿਸੇ ਹੋਰ ਧਿਰ ਦਾ ਨੁਕਸਾਨ ਸ਼ਾਮਿਲ ਹੋਵੇ ਤਾਂ ਪੁਲਿਸ ਨੂੰ ਰਿਪੋਰਟ ਦਿੱਤੀ ਜਾ ਸਕਦੀ ਹੈ।

**ਜਾਣਕਾਰੀ**

ਜਾਂਚ ਘਾਟੇ ਦੇ ਮੁਲਾਂਕਣ ਤੋਂ ਵੱਖਰੀ ਹੈ। ਜਾਂਚ ਯਕੀਨੀ ਬਣਾਉਣ ਲਈ ਕੀਤੀ ਜਾਂਦੀ ਹੈ ਕਿ ਠੀਕ ਦਾਅਵਾ ਕੀਤਾ ਗਿਆ ਹੈ ਅਤੇ ਮਹੱਤਵਪੂਰਨ ਵੇਰਵੇ ਤੇ ਸ਼ੱਕ ਜਿਵੇਂ ਕਿ ਬੀਮਾਯੋਗ ਹਿੱਤ, ਪ੍ਰਮੁੱਖ ਤੱਥਾਂ ਦੀ ਗਲਤ ਜਾਣਕਾਰੀ, ਜਾਣਬੁੱਝ ਕੇ ਕੀਤੇ ਨੁਕਸਾਨ ਆਦਿ ਨੂੰ ਖਤਮ ਕਰਨ ਲਈ ਲਈ ਕੀਤੀ ਜਾਂਦੀ ਹੈ।

---

ਬੀਮਾ ਸਰਵੇਖਕ ਜਾਂਚ ਦਾ ਕੰਮ ਵੀ ਕਰਦੇ ਹਨ। ਇਹ ਮੱਦਦਗਾਰ ਹੁੰਦਾ ਹੈ, ਜੇ ਸਰਵੇਖਕ ਕੰਮ ਜਿੰਨਾ ਛੇਤੀ ਸੰਭਵ ਹੋਵੇ ਕਰ ਸਕੇ। ਇਸਕਰਕੇ, ਦਾਅਵੇ ਪ੍ਰਾਪਤ ਹੋਣ ਦੇ ਜਿੰਨਾ ਛੇਤੀ ਸੰਭਵ ਹੋਵੇ ਸਰਵੇਅਰ ਨੂੰ ਨਿਯੁਕਤ ਕਰਨਾ ਰਿਵਾਜ ਹੈ।

## B. ਸਰਵੇਅਰ ਅਤੇ ਘਾਟਾ ਮੁੱਲ ਨਿਰਧਾਰਕ ਦੀ ਭੂਮਿਕਾ

### a) ਸਰਵੇਅਰ

ਸਰਵੇਅਰ ਆਈਆਰਡੀਏਆਈ (IRDAI) ਵਲੋਂ ਲਾਈਸੈਂਸ ਪ੍ਰਾਪਤ ਪੇਸ਼ੇਵਰ ਹੁੰਦੇ ਹਨ। ਉਹ ਖਾਸ ਖੇਤਰਾਂ ਵਿੱਚ ਘਾਟਿਆਂ ਦੀ ਜਾਂਚ ਕਰਨ ਤੇ ਮੁਲਾਂਕਣ ਕਰਨ ਲਈ ਮਾਹਿਰ ਹੁੰਦੇ ਹਨ। ਸਰਵੇਅਰਾਂ ਨੂੰ ਆਮ ਤੌਰ ਉੱਤੇ ਉਹਨਾਂ ਨੂੰ ਕੰਮ ਦੇਣ ਵਾਲੀ ਬੀਮਾ ਕੰਪਨੀ ਵਲੋਂ ਫੀਸ ਦਿੱਤੀ ਜਾਂਦੀ ਹੈ। ਸਰਵੇਅਰ ਅਤੇ ਘਾਟਾ ਮੁਲਾਂਕਣ ਕਰਨ ਵਾਲੇ ਆਮ ਤੌਰ ਉੱਤੇ ਜਰਨਲ ਬੀਮਾ ਕੰਪਨੀਆਂ ਵਲੋਂ ਦਾਅਵੇ ਦੇ ਸਮੇਂ ਕੰਮ ਉੱਤੇ ਲਾਏ ਜਾਂਦੇ ਹਨ। ਉਹ ਸਵਾਲ ਵਿਚਲੀ ਜਾਇਦਾਦ ਦੀ ਜਾਂਚ, ਪੜਤਾਲ ਅਤੇ ਘਾਟੇ ਦੇ ਕਾਰਨ ਤੇ ਹਾਲਤਾਂ ਦੀ ਪੁਸ਼ਟੀ ਕਰਦੇ ਹਨ। ਉਹ ਘਾਟੇ ਦੀ ਮਾਤਰਾ ਬਾਰੇ ਅੰਦਾਜ਼ਾ ਵੀ ਲਗਾਉਂਦੇ ਹਨ ਅਤੇ ਬੀਮਾ ਕੰਪਨੀ ਨੂੰ ਰਿਪੋਰਟ ਦਿੰਦੇ ਹਨ।

ਉਹ ਬੀਮਾਕਰਤਾ ਨੂੰ ਹੋਰ ਘਾਟੇ ਨੂੰ ਰੋਕਣ ਲਈ ਢੁੱਕਵੇਂ ਕਦਮ ਚੁੱਕਣ ਵਾਸਤੇ ਸਲਾਹ ਵੀ ਦਿੰਦੇ ਹਨ। ਸਰਵੇਅਰ ਬੀਮਾ ਕਾਨੂੰਨ 1938, ਬੀਮਾ ਨਿਯਮ, 1939 ਅਤੇ IRDAI ਵਲੋਂ ਜਾਰੀ ਖਾਸ ਨਿਯਮਾਂ ਦੇ ਤਹਿਤ ਕੰਮ ਕਰਦੇ ਹਨ।

ਦਰਾਮਦ ਲਈ 'ਯਾਤਰਾ ਪਾਲਸੀ' ਜਾਂ 'ਜਹਾਜ਼ੀ ਖੁੱਲ੍ਹੀ ਪਾਲਸੀ' ਦੇ ਕੇਸ ਵਿੱਚ ਦੇਸ਼ ਤੋਂ ਬਾਹਰ ਦਾਅਵਿਆਂ ਦੇ ਮੁਲਾਂਕਣ ਨੂੰ ਪਾਲਸੀ ਵਿੱਚ ਦਿੱਤੇ ਗਏ ਵਿਦੇਸ਼ੀ ਦਾਅਵਾ ਸਮਝੌਤਾ ਏਜੰਟਾਂ ਵਲੋਂ ਕੀਤਾ ਜਾਂਦਾ ਹੈ। ਇਹ ਏਜੰਟ ਘਾਟੇ ਦਾ ਮੁਲਾਂਕਣ ਅਤੇ ਭੁਗਤਾਨ ਵੀ ਕਰ ਸਕਦੇ ਹਨ, ਜਿਸ ਲਈ ਉਹਨਾਂ ਨੂੰ ਬੀਮਾਕਰਤਾ ਵਲੋਂ ਉਹਨਾਂ ਦੀ ਨਿਪਟਾਰਾ ਫੀਸ ਦੇ ਨਾਲ ਧਨ-ਵਾਪਸੀ ਕੀਤੀ ਜਾਂਦੀ ਹੈ। ਬਦਲਵੇਂ ਰੂਪ ਵਿੱਚ, ਬੀਮਾ ਦਾਅਵਾ ਨਿਪਟਾਉਣ ਏਜੰਟਾਂ ਵਲੋਂ ਸਭ ਦਾਅਵਾ ਪੇਪਰ ਪ੍ਰਾਪਤ ਕੀਤੇ ਜਾਂਦੇ ਹਨ ਅਤੇ ਬੀਮਾਕਰਤਾ ਨੂੰ ਦਿੱਤੇ ਜਾਂਦੇ ਹਨ, ਉਹਨਾਂ ਦੇ ਮੁਲਾਂਕਣ ਦੇ ਨਾਲ।

---

**ਮਹੱਤਵਪੂਰਨ**

**ਬੀਮਾ ਐਕਟ ਦੇ ਸੈਕਸ਼ਨ 64 UM**

**ਮੋਟਰ ਦੇ ਖੁਦ ਦੇ ਨੁਕਸਾਨ ਲਈ ਪੰਜਾਹ ਹਜ਼ਾਰ ਰੁਪਏ ਅਤੇ ਹੋਰਾਂ ਦੀ ਜਾਇਦਾਦ ਲਈ ਇੱਕ ਲੱਖ ਰੁਪਏ ਤੋਂ ਵੱਧ ਦੇ ਦਾਅਵਿਆਂ ਲਈ ਬੀਮਾਕਰਤਾ ਨੂੰ ਇੰਝ ਦੇ ਦਾਅਵਿਆਂ ਦੇ ਮੁਲਾਂਕਣ ਲਈ ਸਰਵੇਖਕ ਨਿਯੁਕਤ ਕਰਨ ਦੀ ਲੋੜ ਹੁੰਦੀ ਹੈ। ਹੋਰ ਦਾਅਵਿਆਂ ਲਈ ਬੀਮਾਕਰਤਾ ਮੁਲਾਂਕਣ ਲਈ ਹੋਰ ਵਿਅਕਤੀਆਂ ਨੂੰ ਲਾ ਸਕਦਾ ਹੈ (ਜੋ ਕਿ ਸਰਵੇਖਕ ਜਾਂ ਘਾਟਾ ਮੁਲਾਂਕਣ ਕਰਨ ਵਾਲੇ ਦੇ ਵਜੋਂ ਆਰਜ਼ੀ ਤੌਰ ਉੱਤੇ ਆਯੋਗ ਨਾ ਹੋਣ)।**

---

## 5. ਦਾਅਵਾ ਫਾਰਮ

ਦਾਅਵਾ ਫਾਰਮ ਦੀ ਸਮੱਗਰੀ ਬੀਮੇ ਦੇ ਹਰ ਵਰਗ ਮੁਤਾਬਕ ਵੱਖ-ਵੱਖ ਹੋ ਸਕਦੀ ਹੈ। ਆਮ ਤੌਰ ਉੱਤੇ, ਦਾਅਵਾ ਫਾਰਮ ਨੂੰ ਘਾਟੇ ਦੇ ਹਾਲਤ, ਘਾਟੇ ਦੀ ਮਿਤੀ, ਸਮਾਂ, ਘਾਟੇ ਦੇ ਕਾਰਨ, ਘਾਟੇ ਦੀ ਹੱਦ ਆਦਿ ਦੇ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਨ ਲਈ ਤਿਆਰ ਕੀਤਾ ਗਿਆ ਹੈ। ਹੋਰ ਸਵਾਲ ਬੀਮੇ ਦੇ ਇੱਕ ਵਰਗ ਤੋਂ ਦੂਜੇ ਲਈ ਵੱਖਰੇ ਹੁੰਦੇ ਹਨ।

**ਉਦਾਹਰਨ**

ਅੱਗ ਦਾਅਵਾ ਫਾਰਮ ਵਿੱਚ ਪੁੱਛੀ ਜਾਣ ਵਾਲੀ ਜਾਣਕਾਰੀ ਦੀ ਉਦਾਹਰਨ ਹੇਠਾਂ ਦਿੱਤੀ ਹੈ:

i. ਬੀਮਤ ਦਾ ਨਾਂ, ਪਾਲਸੀ ਨੰਬਰ ਅਤੇ ਸਿਰਨਾਵਾਂ

ii. ਅੱਗ ਦੀ ਮਿਤੀ, ਸਮਾਂ, ਕਾਰਨ ਅਤੇ ਹਾਲਤ

iii. ਨੁਕਸਾਨੀ ਗਈ ਜਾਇਦਾਦ ਵੇਰਵਾ

iv. ਅੱਗ ਦੇ ਸਮੇਂ ਜਾਇਦਾਦ ਜਾਂਚਿਆ ਮੁੱਲ ਜਿੱਥੇ ਬੀਮੇ ਵਿਚ ਕਈ ਚੀਜ਼ਾਂ ਹੋ ਸਕਦੀਆਂ ਹਨ, ਜਿਸ ਲਈ ਦਾਅਵਾ ਕੀਤਾ ਜਾ ਸਕਦਾ ਹੈ। [ਦਾਅਵਾ ਘਟਨਾ ਹੋਣ ਦੀ ਥਾਂ ਤੇ ਸਮੇਂ ਕੀਮਤ ਵਿੱਚ ਕਮੀ, ਘਸਾਈ ਦੀ ਕਟੌਤੀ (ਜਦੋਂ ਤੱਕ ਕਿ "ਮੁੜ-ਸਥਾਪਨ ਮੁੱਲਾ" ਦੇ ਆਧਾਰ ਉੱਤੇ ਇਮਾਰਤ, ਪਲਾਂਟ ਅਤੇ ਮਸ਼ੀਨਰੀ ਦੇ ਸਬੰਧ ਵਿੱਚ ਪਾਲਸੀ ਨਾ ਹੋਵੇ) ਦੇ ਬਾਅਦ ਜਾਇਦਾਦ ਦੇ ਅਸਲ ਮੁੱਲ ਦੇ ਅਧਾਰ ਉੱਤੇ ਹੋਣਾ ਚਾਹੀਦਾ ਹੈ। ਇਸ ਵਿਚ ਫਾਇਦਾ ਸ਼ਾਮਿਲ ਨਹੀਂ ਹੋਣਾ ਚਾਹੀਦਾ]

v. ਬਚੀ ਸੰਪੱਤੀ ਦੀ ਕਟੌਤੀ ਦੇ ਬਾਅਦ ਦਾਅਵਾ ਕੀਤੀ ਗਈ ਰਕਮ

vi. ਟਿਕਾਣਾ ਦੀ ਸਥਿਤੀ ਅਤੇ ਉੱਥੇ ਮੌਜੂਦਗੀ, ਜਿੱਥੇ ਅੱਗ ਲੱਗੀ ਸੀ

vii. ਅਧਿਕਾਰ, ਜਿਸ ਮੁਤਾਬਕ ਬੀਮਤ ਨੇ ਦਾਅਵਾ ਕੀਤਾ ਹੈ, ਭਾਵੇਂ ਮਾਲਕ ਵਜੋਂ, ਗਹਿਣੇ ਰੱਖਣ ਵਾਲੇ ਵਜੋਂ ਜਾਂ ਇੰਝ ਹੀ ਹੋਰ

viii. ਜੇ ਕੋਈ ਹੋਰ ਵਿਅਕਤੀ ਜਾਇਦਾਦ ਨੁਕਸਾਨ ਵਿੱਚ ਦਿਲਚਸਪੀ ਰੱਖਦਾ ਹੈ

ix. ਜੇ ਕੋਈ ਹੋਰ ਬੀਮਾ ਉਸ ਜਾਇਦਾਦ ਲਈ ਲਾਗੂ ਹੈ, ਜੇ ਹੈ ਤਾਂ ਵੇਰਵਾ

ਇਸ ਦੇ ਬਾਅਦ ਐਲਾਨ ਹੁੰਦਾ ਹੈ ਕਿ ਫਾਰਮ ਵਿੱਚ ਦਿੱਤਾ ਗਿਆ ਬਿਆਨ ਸੱਚਾ ਤੇ ਠੀਕ ਹੈ ਅਤੇ ਬੀਮਤ ਦੇ ਦਸਤਖਤ ਤੇ ਮਿਤੀ ਹੁੰਦੇ ਹਨ।

ਬੀਮਾ ਕੰਪਨੀ ਵਲੋਂ ਦਾਅਵਾ ਫਾਰਮ ਜਾਰੀ ਕਰਨ ਦਾ ਭਾਵ ਇਹ ਨਹੀਂ ਹੁੰਦਾ ਹੈ ਕਿ ਬੀਮਾਕਰਤਾ ਨੇ ਦਾਅਵੇ ਨੂੰ ਮਨਜ਼ੂਰ ਕਰ ਲਿਆ ਹੈ। ਦਾਅਵਾ ਫਾਰਮ 'ਬਿਨਾਂ ਘਾਟਾ ਟਿੱਪਣੀ ਨਾਲ ਜਾਰੀ ਕੀਤੇ ਜਾਂਦੇ ਹਨ।

ਸਹਾਇਕ ਦਸਤਾਵੇਜ਼

ਦਾਅਵਾ ਫਾਰਮ ਦੇ ਨਾਲ, ਦਾਅਵਾ ਦਸਤਾਵੇਜ਼ ਦਾਅਵੇਦਾਰ ਵਲੋਂ ਪੇਸ਼ ਕਰਨ ਦੀ ਲੋੜ ਹੁੰਦੀ ਹੈ ਜਾਂ ਦਾਅਵਾ ਸਿੱਧ ਕਰਨ ਲਈ ਬੀਮਾਕਰਤਾ ਵਲੋਂ ਲੈਣੇ ਹੁੰਦੇ ਹਨ।

i. ਅੱਗ ਦਾਅਵੇ ਲਈ, ਅੱਗ ਬਝਾਊ ਦਸਤੇ ਤੋਂ ਰਿਪੋਰਟ ਜ਼ਰੂਰੀ ਹੋਵੇਗੀ।

ii. ਸਾਈਕਲੋਨ ਨੁਕਸਾਨ ਲਈ, ਮੌਸਮ ਵਿਭਾਗ ਤੋਂ ਰਿਪੋਰਟ ਮੰਗਵਾਈ ਜਾ ਸਕਦੀ ਹੈ

iii. ਸੰਨ੍ਹਮਾਰੀ ਦਾਅਵੇ ਲਈ, ਪੁਲਿਸ ਤੋਂ ਰਿਪੋਰਟ ਜ਼ਰੂਰੀ ਹੋ ਸਕਦੀ ਹੈ।

iv. ਘਾਤਕ ਦੁਰਘਟਨਾ ਦਾਅਵਿਆਂ ਲਈ, ਪੜਤਾਲ ਕਰਨ ਵਾਲੇ ਅਧਿਕਾਰੀ ਅਤੇ ਪੁਲਿਸ ਤੋਂ ਰਿਪੋਰਟਾਂ ਜ਼ਰੂਰੀ ਹੋ ਸਕਦੀਆਂ ਹਨ।

v. ਮੋਟਰ ਦਾਅਵਿਆਂ ਲਈ, ਬੀਮਾ ਕਰਤਾ ਡਰਾਇਵਿੰਗ ਲਾਈਸੈਂਸ, ਰਜਿਸਟਰੇਸ਼ਨ ਬੁੱਕ, ਪੁਲਿਸ ਰਿਪੋਰਟ ਆਦਿ ਵੇਖ ਸਕਦਾ ਹੈ।

vi. ਜਹਾਜ਼ੀ ਕਾਰਗੋ ਦਾਅਵਿਆਂ ਵਿੱਚ, ਦਸਤਾਵੇਜ਼ਾਂ ਦੀ ਕਿਸਮ ਘਾਟੇ ਦੀ ਕਿਸਮ ਜਿਵੇਂ ਕਿ ਕੁੱਲ ਘਾਟਾ, ਖਾਸ ਔਸਤ, ਘਰੇਲੂ ਜਾਂ ਵਿਦੇਸ਼ੀ ਮਾਰਗ ਦਾਅਵਿਆਂ ਆਦਿ ਦੇ ਮੁਤਾਬਕ ਵੱਖ-ਵੱਖ ਹੁੰਦੇ ਹਨ।

ਆਪਣੇ ਆਪ ਨੂੰ ਪਰਖੋ 1

ਹੇਠ ਦਿੱਤੀਆਂ ਸਰਗਰਮੀਆਂ ਵਿੱਚੋਂ ਕਿਸ ਨੂੰ ਦਾਅਵਿਆਂ ਦੇ ਪੇਸ਼ੇਵਰ ਢੰਗ ਨਾਲ ਨਿਪਟਾਉਣ ਵਜੋਂ ਨਹੀਂ ਮੰਨਿਆ ਜਾਂਦਾ ਹੈ?

I. ਘਾਟੇ ਦੇ ਕਾਰਨਾਂ ਦੇ ਸਬੰਧ ਵਿੱਚ ਜਾਣਕਾਰੀ ਪ੍ਰਾਪਤ ਕਰਨੀ

II. ਦਾਅਵੇ ਨੂੰ ਪੱਖ-ਪਾਤੀ ਢੰਗ ਨਾਲ ਪੇਸ਼ ਕਰਨਾ

III. ਪਤਾ ਕਰਨਾ ਕਿ ਕੀ ਘਾਟਾ ਬੀਮਾ ਕਰਵਾਏ ਗਏ ਸੰਕਟ ਦੇ ਨਤੀਜੇ ਵਜੋਂ ਹੋਇਆ ਹੈ

IV. ਦਾਅਵੇ ਦੇ ਅਧੀਨ ਦੇਣਯੋਗ ਰਕਮ ਦੀ ਮਾਤਰਾ ਤਹਿ ਕਰਨੀ

### ਆਪਣੇ ਆਪ ਨੂੰ ਪਰਖੋ 2

ਰਾਜ ਦੀ ਇੱਕ ਕਾਰ ਦੁਰਘਟਨਾ ਹੋਈ ਹੈ। ਉਸ ਦੀ ਕਾਰ ਮੋਟਰ ਬੀਮਾ ਸਰਬੰਗੀ ਪਾਲਸੀ ਦੇ ਤਹਿਤ ਬੀਮਾ ਕਰਵਾਈ ਹੋਈ ਸੀ। ਹੇਠ ਦਿੱਤਿਆਂ ਵਿੱਚੋਂ ਕਿਹੜਾ ਕੰਮ ਰਾਜ ਨੂੰ ਕਰਨ ਲਈ ਸਭ ਤੋਂ ਢੁੱਕਵਾਂ ਹੈ?

I. ਬੀਮਾ ਕਰਤਾ ਨੂੰ ਘਾਟਾ ਬਾਰੇ ਜਿੰਨਾ ਵੀ ਛੇਤੀ ਸੰਭਵ ਹੋਵੇ ਸੂਚਨਾ ਦੇਣੀ

II. ਬੀਮਾ ਕਰਤਾ ਨੂੰ ਬੀਮਾ ਨਵਿਆਉਣ ਦੇ ਸਮੇਂ ਸੂਚਨਾ ਦੇਣੀ

III. ਕਾਰ ਨੂੰ ਹੋਰ ਨੁਕਸਾਨ ਪਹੁੰਚਾਉਣਾ, ਤਾਂ ਕਿ ਵੱਡਾ ਹਰਜਾਨਾ ਮਿਲ ਸਕੇ

IV. ਨੁਕਸਾਨ ਨੂੰ ਅਣਡਿੱਠਾ ਕਰਨਾ

---

### ਆਪਣੇ ਆਪ ਨੂੰ ਪਰਖੋ 3

ਦਾਅਵਿਆਂ ਦੀ ਜਾਂਚ ਅਤੇ ਦਾਅਵਾ ਮੁਲਾਂਕਣ ਦੇ ਸੰਬੰਧ ਵਿੱਚ ਹੇਠ ਦਿੱਤਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ?

I. ਦਾਅਵਿਆਂ ਦੀ ਜਾਂਚ ਅਤੇ ਦਾਅਵਾ ਮੁਲਾਂਕਣ ਇੱਕ ਹੀ ਹੈ

II. ਦਾਅਵਿਆਂ ਦੀ ਜਾਂਚ ਦਾਅਵੇ ਦੀ ਵੈਧਤਾ ਦਾ ਪਤਾ ਲਗਾਉਣਾ ਹੈ, ਜਦੋਂ ਕਿ ਮੁਲਾਂਕਣ ਵਿੱਚ ਪਤਾ ਲਗਾਇਆ ਜਾਂਦਾ ਹੈ ਕਿ ਕੀ ਘਾਟਾ ਬੀਮਾ ਕਰਵਾਏ ਸੰਕਟ ਰਾਹੀਂ ਹੋਇਆ ਸੀ ਅਤੇ ਕੀ ਕਿਸੇ ਵਾਰੰਟੀ ਦੀ ਉਲੰਘਣਾ ਹੋਈ ਹੈ

III. ਦਾਅਵੇ ਜਾਂਚਕਰਤਾ ਦਾਅਵੇ ਦੀ ਵੈਧਤਾ ਪਤਾ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਿੱਥੇ ਕਿ ਮੁਲਾਂਕਣ ਘਾਟੇ ਦੇ ਕਾਰਨ ਤੇ ਹੱਦ ਦੇ ਬਾਰੇ ਵੱਧ ਸਬੰਧਿਤ ਹੋਵੇ।

IV. ਦਾਅਵੇ ਦੇ ਭੁਗਤਾਨ ਕਰਨ ਤੋਂ ਪਹਿਲਾਂ ਦਾਅਵੇ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਦਾਅਵੇ ਦਾ ਮੁਲਾਂਕਣ ਭੁਗਤਾਨ ਕਰਨ ਦੇ ਬਾਅਦ ਕੀਤਾ ਜਾਂਦਾ ਹੈ

---

### ਆਪਣੇ ਆਪ ਨੂੰ ਪਰਖੋ 4

ਸਰਵੇਅਰਾਂ ਨੂੰ ਲਾਈਸੈਂਸ ਦੇਣ ਦਾ ਅਧਿਕਾਰ ਕਿਸ ਕੋਲ ਹੈ?

I. ਸਰਵੇਅਰ ਐਸੋਸੀਏਸ਼ਨ ਆਫ਼ ਇੰਡੀਆ

II. ਸਰਵੇਅਰ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ

III. ਇੰਸ਼ੋਅਰੈਂਸ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਆਫ਼ ਇੰਡੀਆ

IV. ਭਾਰਤ ਸਰਕਾਰ

---

**ਆਪਣੇ ਆਪ ਨੂੰ ਪਰਖੋ 5**

**ਸਾਈਕਲੋਨ ਨੁਕਸਾਨ ਦਾਅਵੇ ਦੀ ਜਾਂਚ ਕਰਨ ਦੇ ਦੌਰਾਨ ਆਮ ਤੌਰ ਉੱਤੇ ਕਿਹੜੇ ਦਸਤਾਵੇਜ਼ ਦੀ ਮੰਗ ਕੀਤੀ ਜਾਂਦੀ ਹੈ?**

I. ਪੜਤਾਲ ਅਧਿਕਾਰੀ ਦੀ ਰਿਪੋਰਟ

II. ਅੱਗ ਬਝਾਊ ਦਸਤੇ ਤੋਂ ਰਿਪੋਰਟ

III. ਪੁਲਿਸ ਰਿਪੋਰਟ

IV. ਮੌਸਮ ਵਿਭਾਗ ਦੀ ਰਿਪੋਰਟ

---

**ਆਪਣੇ ਆਪ ਨੂੰ ਪਰਖੋ 6**

**ਕਿਸ ਦੇ ਸਿਧਾਂਤ ਮੁਤਾਬਕ ਬੀਮਾ ਕਰਤਾ ਪਾਲਸੀ ਦੇ ਤਹਿਤ ਭੁਗਤਾਨ ਕੀਤੇ ਘਾਟੇ ਨੂੰ ਬੀਮਤ ਦੇ ਹੱਕਾਂ ਦੇ ਅਧੀਨ ਸੁਤੰਤਰ ਧਿਰ ਤੋਂ ਵਸੂਲੀ ਕਰ ਸਕਦਾ ਹੈ।**

I. ਯੋਗਦਾਨ

II. ਬਰਖਾਸਤ (Discharge)

III. ਪਰ-ਸਥਾਪਨ

IV. ਹਰਜਾਨਾ

---

**ਆਪਣੇ ਆਪ ਨੂੰ ਪਰਖੋ 7**

**ਜੇ ਬੀਮਾਕਰਤਾ ਫੈਸਲਾ ਕਰਦਾ ਹੈ ਕਿ ਕੁਝ ਘਾਟਾ ਦੇਣਯੋਗ ਨਹੀਂ ਹੈ, ਕਿਉਂਕਿ ਇਹ ਪਾਲਸੀ ਦੇ ਅਧੀਨ ਸੁਰੱਖਿਅਤ ਨਹੀਂ ਸੀ ਤਾਂ ਇੰਝ ਦੇ ਮਸਲਿਆਂ ਦਾ ਫੈਸਲਾ ਕੌਣ ਕਰਦਾ ਹੈ?**

I. ਬੀਮਾਕਰਤਾ ਦਾ ਫੈਸਲਾ ਅੰਤਮ ਹੈ

II. ਅੰਪਾਇਅਰ

III. ਵਿਚੋਲਾ

IV. ਕਾਨੂੰਨੀ ਅਦਾਲਤ

---

## ਸਾਰ

a) ਦਾਅਵਿਆਂ ਨੂੰ ਪੇਸ਼ੇਵਰ ਢੰਗ ਨਾਲ ਨਿਪਟਾਉਣਾ ਬੀਮਾ ਕੰਪਨੀ ਲਈ ਸਭ ਤੋਂ ਵੱਡੀ ਇਸ਼ਤਿਹਾਰਬਾਜ਼ੀ ਮੰਨਿਆ ਜਾਂਦਾ ਹੈ।

b) ਪਾਲਸੀ ਸ਼ਰਤਾਂ ਕਹਿੰਦੀਆਂ ਹਨ ਕਿ ਘਾਟੇ ਬਾਰੇ ਸੂਚਨਾ ਬੀਮਾਕਰਤਾ ਨੂੰ ਤੁਰੰਤ ਦੇਣੀ ਚਾਹੀਦੀ ਹੈ।

c) ਜੇ ਦਾਅਵਾ ਰਕਮ ਛੋਟੀ ਹੈ ਤਾਂ ਘਾਟੇ ਦੇ ਕਾਰਨ ਤੇ ਹੱਦ ਪਤਾ ਕਰਨ ਦੀ ਜਾਂਚ ਨੂੰ ਬੀਮਾਕਰਤਾ ਦੇ ਅਧਿਕਾਰੀ ਵਲੋਂ ਕੀਤਾ ਜਾਂਦਾ ਹੈ। ਹੋਰ ਦਾਅਵਿਆਂ ਵਿੱਚ, ਆਜ਼ਾਦ ਲਾਈਸੈਂਸ ਪ੍ਰਾਪਤ ਪੇਸ਼ੇਵਰ ਸਰਵੇਅਰ ਨੂੰ ਸੌਂਪਿਆ ਜਾਂਦਾ ਹੈ, ਜੋ ਕਿ ਘਾਟਾ ਮੁਲਾਂਕਣ ਵਿੱਚ ਮਾਹਿਰ ਹੁੰਦੇ ਹਨ।

d) ਆਮ ਤੌਰ ਉੱਤੇ, ਦਾਅਵਾ ਫਾਰਮ ਨੂੰ ਘਾਟੇ ਦੇ ਹਾਲਤ, ਘਾਟੇ ਦੀ ਮਿਤੀ, ਸਮਾਂ, ਘਾਟੇ ਦੇ ਕਾਰਨ, ਘਾਟੇ ਦੀ ਹੱਦ ਆਦਿ ਦੇ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਨ ਲਈ ਤਿਆਰ ਕੀਤਾ ਗਿਆ ਹੈ।

e) ਦਾਅਵਾ ਮੁਲਾਂਕਣ ਪਤਾ ਕਰਨ ਦੀ ਪ੍ਰਕਿਰਿਆ ਹੈ ਕਿ ਕੀ ਬੀਮਤ ਨੂੰ ਪਏ ਘਾਟਾ ਦਾ ਕਾਰਨ ਬੀਮਾ ਕਰਵਾਇਆ ਸੰਕਟ ਹੀ ਹੈ ਹੈ ਅਤੇ ਕੀ ਕੋਈ ਵੀ ਵਾਰੰਟੀ ਉਲੰਘਣਾ ਤਾਂ ਨਹੀਂ ਹੋਈ ਹੈ। ਬੀਮਤ ਨੂੰ ਪਏ ਘਾਟੇ ਦੀ ਮਿਕਦਾਰ ਅਤੇ ਪਾਲਸੀ ਦੇ ਅਧੀਨ ਬੀਮਾਕਰਤਾ ਦੀ ਦੇਣਦਾਰੀ ਦਾ ਮੁਲਾਂਕਣ ਕੀਤਾ ਜਾਂਦਾ ਹੈ। ਇਸ ਨੂੰ ਦਾਅਵੇ ਦੇ ਭੁਗਤਾਨ ਤੋਂ ਪਹਿਲਾਂ ਕੀਤਾ ਜਾਂਦਾ ਹੈ।

f) ਦਾਅਵੇ ਦਾ ਨਿਪਟਾਰਾ ਕੇਵਲ ਪਾਲਸੀ ਦੇ ਅਧੀਨ ਡਿਸਚਾਰਜ ਪ੍ਰਾਪਤ ਕਰਨ ਦੇ ਬਾਅਦ ਹੀ ਕੀਤਾ ਜਾਂਦਾ ਹੈ।

## ਮੁੱਖ ਸ਼ਬਦ

a) ਘਾਟੇ ਦੀ ਸੂਚਨਾ

b) ਜਾਂਚ ਅਤੇ ਮੁਲਾਂਕਣ

c) ਸਰਵੇਅਰ ਅਤੇ ਘਾਟਾ ਮੁੱਲ ਨਿਰਧਾਰਕ

d) ਦਾਅਵਾ ਫਾਰਮ

e) ਮੇਲ ਅਤੇ ਸਮਝੌਤਾ

## ਸਵੈ ਜਾਂਚ ਦੇ ਜਵਾਬ

ਜਵਾਬ 1- ਸਹੀ ਚੋਣ II ਹੈ।

ਜਵਾਬ 2- ਸਹੀ ਚੋਣ I ਹੈ।

ਜਵਾਬ 3- ਸਹੀ ਚੋਣ II ਹੈ।

ਜਵਾਬ 4- ਸਹੀ ਚੋਣ III ਹੈ।

**ਜਵਾਬ 5- ਸਹੀ ਚੋਣ IV ਹੈ।**

**ਜਵਾਬ 6- ਸਹੀ ਚੋਣ III ਹੈ।**

**ਜਵਾਬ 7- ਸਹੀ ਚੋਣ IV ਹੈ।**

---

# ਭਾਗ

# ਅਨੁਬੰਧ

# ਪਾਠ A-01

# ਅਨੁਬੰਧ

**ਇਹ ਅਨੁਬੰਧਾਂ ਨੂੰ ਵਿਦਿਆਰਥੀਆਂ ਨੂੰ ਆਮ ਬੀਮੇ ਵਿੱਚ ਪੇਸ਼ਕਸ਼ ਫਾਰਮ ਬਾਰੇ ਵਧੀਆ ਸਮਝ ਦੇਣ ਲਈ ਦਿੱਤਾ ਗਿਆ ਹੈ।**

**ਅਨੁਬੰਧ A**

## ਮੋਟਰ ਬੀਮਾ ਪੇਸ਼ਕਸ਼ ਫਾਰਮ

### ਪ੍ਰਾਈਵੇਟ ਕਾਰ/ ਦੋ ਪਹੀਆ - ਪੈਕੇਜ ਪਾਲਸੀ

| | | |
|---|---|---|
| ਪੇਸ਼ਕਰਤਾ ਦਾ ਨਾਂ | | |
| ਚਿੱਠੀ-ਪੱਤਰ ਲਈ ਸਿਰਨਾਵਾਂ | | |
| ਟੈਲੀਫੋਨ ਤੇ ਫੈਕਸ ਨੰਬਰ | | ਮੋਬਾਈਲ ਨੰ: |
| ਈਮੇਲ ਸਿਰਨਾਵਾਂ | | |
| ਬੈਕ ਖਾਤਾ ਨੰਬਰ (ਐਸਬੀ/ਕਰੰਟ) | | ਪੈਨ ਨੰ: |
| HPA/ਹਾਈਪੋਥਕੇਸ਼ਨ | | |
| ਚਾਹੀਦੀ ਪਾਲਸੀ ਦੀ ਕਿਸਮ | ਪੈਕੇਜ ਪਾਲਸੀ | |
| ਬੀਮੇ ਦਾ ਸਮਾਂ | ਤੋਂ ਸਮਾਂ:....... ਤਾਰੀਖ: | ਤੱਕ |

ਬੀਮਤ ਦੀ ਪਛਾਣ

<u>ਵਹੀਕਲ ਦੇ ਵੇਰਵੇ</u>

| ਰਜਿਸ਼ ਨੰ. | ਇੰਜਣ ਨੰ. ਤੇ ਚੈਸੀ ਨੰ. | ਬਣਾਉਣ ਦਾ ਸਾਲ | ਮੇਕ ਤੇ ਮਾਡਲ / ਬਾਡੀ ਦੀ ਕਿਸਮ | ਘਣ ਸਮਰੱਥਾ | ਬੈਠਣ ਲਈ ਸੀਟਾਂ | ਰੰਗ | ਵਰਤਿਆ ਤੇਲ |
|---|---|---|---|---|---|---|---|
| | | | | | | | |

ਬੀਮਤ ਵਹੀਕਲ ਦੀ ਦਰੁਸਪ ਪਛਾਣ

| | |
|---|---|
| ਰਜਿਸਟਰ ਕਰਨ ਵਾਲੀ ਅਥਾਰਟੀ - ਨਾਂ ਤੇ ਟਿਕਾਣਾ: | |
| ਵਹੀਕਲ ਦਾ ਮੁੱਲ: | |

| ਇਨਵਾਈਸ ਮੁੱਲ | ਬਿਜਲੀ/ਬਿਜਲਈ ਅਸੈਸਰੀਆਂ | ਗੈਰ-ਬਿਜਲੀ ਅਸੈਸਰੀਆਂ | ਸਾਈਡ ਕਾਰ / ਟਰੇਲਰ | LPG/CNG ਕਿੱਟ | ਕੁੱਲ ਮੁੱਲ | IDV |
|---|---|---|---|---|---|---|
| | | | | | | |

ਇਹ ਦਾਅਵਾ ਨਿਪਟਾਰੇ ਤੇ ਪ੍ਰੀਮੀਅਮ ਦਾ ਆਧਾਰ ਹੁੰਦਾ ਹੈ

| ਵਹੀਕਲ ਦਾ ਇਤਿਹਾਸ | | | | | | |
|---|---|---|---|---|---|---|
| ਪਿਛਲੀ ਪਾਲਸੀ ਦਾ ਨੰਬਰ | ਕਵਰ ਦੀ ਕਿਸਮ | ਬੀਮਾਕਰਤਾ ਦਾ ਨਾਂ ਅਤੇ ਸਿਰਨਾਵਾਂ | ਬਿਨਾਂ ਦਾਅਵੇ ਦੇ ਬੋਨਸ ਲਈ ਪਾਤਰਤਾ | ਪਾਲਸੀ ਦੀ ਮਿਆਦ ਪੁੱਗਣ ਤਾਰੀਖ | ਪਿਛਲੇ 3 ਸਾਲਾਂ ਦੌਰਾਨ ਦਾਅਵੇ ਦਾ ਤਜਰਬਾ | ਪਹਿਲੀ ਵਾਰ ਖਰੀਦਣ ਤੇ ਰਜਿਸਟਰੇਸ਼ਨ ਦੀ ਤਾਰੀਖ |
| | | | | | | |

**ਅੰਡਰਰਾਈਟਰ ਫੈਕਟਰ - ਰੇਟਿੰਗ ਉੱਤੇ ਬੇਰਿੰਗ**

| ਵਹੀਕਲ ਦੀ ਵਰਤੋਂ: | | | |
|---|---|---|---|
| ਵਰਤੋਂ ਦਾ ਮਕਸਦ | ਵਾਹਨ ਪਾਰਕਿੰਗ ਦੇ ਵੇਰਵੇ | ਡਰਾਇਵਰ ਦੇ ਵੇਰਵੇ | ਸਾਲ ਵਿੱਚ ਚੱਲਦੇ ਔਸਤ ਕਿਲੋਮੀਟਰ |
| ਮਨੋਰੰਜਨ | ਕਵਰ ਕੀਤਾ ਗੈਰਾਜ | ਖੁਦ | |
| ਪੇਸ਼ੇਵਰ | ਬਿਨਾਂ ਕਵਰ ਕੀਤਾ ਗੈਰਾਜ | ਤਨਖਾਹੀਆ ਡਰਾਇਵਰ | |
| ਕਾਰੋਬਾਰ/ਵਪਾਰ | ਖੁੱਲ੍ਹੇ ਥਾਂ ਵਿੱਚ | ਰਿਸ਼ਤੇਦਾਰ | |
| ਕਾਰਪੋਰੇਟ | ਸੜਕ ਉੱਤੇ | ਦੋਸਤ | |

ਬੀਮਾਕਰਤਾ ਨੂੰ ਮਨਜ਼ੂਰ ਕੀਤੇ ਜੋਖਮ ਨੂੰ ਸਮਝਣ ਲਈ ਮਦਦ ਕਰਦਾ ਹੈ

ਜੋਖਮ ਘਟਾਉਣ / ਜੋਖਮ ਉਲਟ ਨੂੰ ਸਮਝਣ ਲਈ

| ਛੋਟਾਂ ਤੇ ਲੋਡਿੰਗ: | |
|---|---|
| ਵਾਲੰਟੀਅਰ ਵਾਧੂ: ਕੀ ਤੁਸੀਂ ਜ਼ਰੂਰੀ ਪਾਲਸੀ ਵਾਧੂ ਤੋਂ ਵੱਧ ਵਾਲੰਟੀਅਰ ਵਾਧੂ ਚਾਹੁੰਦੇ ਹੋ | ਹਾਂ/ਨਹੀਂ - ਜੇ ਹਾਂ ਤਾਂ ਦੋ ਪਹੀਏ ਲਈ ਰਕਮ ਦਿਓ - ਰੁਪਏ: ਪ੍ਰਾਈਵੇਟ |
| ਕੀ ਤੁਸੀਂ ਭਾਰਤ ਆਟੋਮੋਬਾਈਲ ਸੰਗਠਨ ਦੇ ਮੈਂਬਰ ਹੋ | ਹਾਂ / ਨਹੀਂ ਜੇ ਹਾਂ ਤਾਂ ਦੱਸੋ:<br>1. ਸੰਗਠਨ ਦਾ ਨਾਂ<br>2. ਮੈਂਬਰੀ ਨੰਬਰ: ਮਿਆਦਾ ਪੁੱਗਣ ਦੀ ਤ |
| ਕੀ ਵਾਹਨ ਵਿੱਚ ARAI ਵਲੋਂ ਮਨਜ਼ੂਰਸ਼ੁਦਾ ਚੋਰੀ-ਰੋਧੀ ਡਿਵਾਈਸ ਵਿੱਚ ਫਿੱਟ ਹੈ | ਹਾਂ / ਨਹੀਂ ਜੇ ਹਾਂ ਤਾਂ AASI ਵਲੋਂ ਜਾਰੀ ਕੀਤਾ ਇੰਸਟਾਲੇ |
| ਕੀ ਵਾਹਨ ਨੂੰ ਗੈਰ-ਰਿਵਾਇਤੀ ਸਰੋਤ ਵਲੋਂ ਚਲਾਇਆ ਜਾਂਦਾ ਹੈ | ਹਾਂ / ਨਹੀਂ ਜੇ ਹਾਂ ਤਾਂ ਵੇਰਵੇ ਦਿਓ |
| ਕੀ ਵਾਹਨ ਨੂੰ ਫਿੱਟ ਕੀਤੀ ਦੋ-ਫਿਊਲ ਕਿੱਟ / ਫਾਈਬਰ ਗਲਾਸ ਟੈਂਕ ਰਾਹੀਂ ਚਲਾਇਆ ਜਾਂਦਾ ਹੈ | ਹਾਂ /ਨਹੀਂ ਜੇ ਹਾਂ ਤਾਂ ਵੇਰਵੇ ਦਿਓ |
| ਕੀ ਤੁਸੀਂ ਸਿਰਫ਼ 6000/ ਰੁਪਏ ਦੀ ਕਨੂੰਨ ਹੱਦ ਤੱਕ TPPS ਲਈ ਰੱਖਣਾ ਚਾਹੁੰਦੇ ਹੋ | ਹਾਂ / ਨਹੀਂ |
| ਚਾਹੀਦਾ ਵਾਧੂ ਕਵਰ | |
| ਅਸੈਸਰੀ ਦੀ ਚੋਰੀ (ਸਿਰਫ਼ ਦੋ ਪਹੀਆ) | |
| ਡਰਾਇਵਰ ਲਈ ਕਨੂੰਨੀ ਦੇਣਦਾਰੀ | |
| ਤਨਖਾਹੀਏ ਡਰਾਇਵਰ ਲਈ ਪੀ.ਏ. | |
| ਲਾਜ਼ਮੀ: ਮਾਲਕ ਡਰਾਇਵਰ ਲਈ ਨਿੱਜੀ ਹਾਦਸਾ ਕਵਰ | |

ਕੰਪਨੀ ਪਾਲਸੀ ਦੇ ਮੁਤਾਬਕ ਲੋਡਿੰਗ ਅਤੇ ਛੋਟ ਵਾਸਤੇ ਵਿਚਾਰਨ ਲਈ ਅੰਡਰਰਾਈਟਿੰਗ ਕਾਨੂੰਨ

ਮਾਲਕ ਡਰਾਇਵਰ ਲਈ ਨਿੱਜੀ ਹਾਦਸਾ ਕਵਰ ਜ਼ਰੂਰੀ ਹੈ। ਨਾਮਜ਼ਦ ਲਈ ਵੇਰਵੇ ਦਿਓ ਜੀ:
(ੳ) ਨਾਮਜ਼ਦ ਦਾ ਨਾਂ ਤੇ ਉਮਰ :
(ਅ) ਸੰਬੰਧ :
(ੲ) ਸਰਪਰਸਤ ਦਾ ਨਾਂ
(ਜੇ ਨਾਮਜ਼ਦ ਨਾਬਾਲਗ ਹੈ) :
(ਸ) ਨਾਮਜ਼ਦ ਨਾਲ ਸੰਬੰਧ :
(ਨੋਟ: 1. ਦੋ ਪਹੀਏ ਲਈ 1,00,000/- ਰੁਪਏ ਅਤੇ ਪ੍ਰਾਈਵੇਟ ਕਾਰਾਂ ਲਈ 2,00,000/- ਰੁਪਏ ਦਾ ਬੀਮਾ ਮਾਲਕ ਡਰਾਇਵਰ ਲਈ ਨਿੱਜੀ ਹਾਦਸਾ ਕਵਰ ਜ਼ਰੂਰੀ ਹੈ।

ਵਾਧੂ ਪ੍ਰੀਮੀਅਮ ਲਈ ਵਾਧੂ ਬੀਮਾ-ਸੁਰੱਖਿਆ ਦੀ ਹੱਦ

1. ਲਾਜ਼ਮੀ PA 15 ਲੱਖ ਰੁਪਏ ਹੈ

2. ਜਦੋਂ ਵਾਹਨ ਦਾ ਮਾਲਕ ਕੰਪਨੀ, ਹਿੱਸੇਦਾਰ ਕੰਪਨੀ ਜਾਂ ਇੰਝ ਦੀ ਕਾਰਪੋਰੇਸ਼ਨ ਜਾਂ ਜਿੱਥੇ ਮਾਲਕ-ਡਰਾਇਵਰ ਕੋਲ ਪ੍ਰਭਾਵੀ ਡਰਾਇਵਰ ਲਸੰਸ ਨਾ ਹੋਵੇ ਤਾਂ ਮਾਲਕ ਡਰਾਇਵਰ ਨੂੰ ਲਾਜ਼ਮੀ ਪੀ.ਏ. ਕਵਰ ਨਹੀਂ ਦਿੱਤਾ ਜਾ ਸਕਦਾ ਹੈ)

ਨਾਮੀ ਵਿਅਕਤੀ ਲਈ ਪੀ.ਏ. ਕਵਰ

| ਨਾਮੀ ਚੋਣਵ ਵਾਲੇ ਪੀਏ ਕਵਰ ਲਈ | (IMT-15) | ਕੀ ਤੁਸੀਂ ਨਾਮੀ ਵਿਅਕਤੀਆਂ ਨੂੰ ਨਿੱਜੀ ਹਾਦਸੇ ਵਿੱਚ ਜੋੜਨਾ ਚਾਹੁੰਦੇ ਹੋ? | | | |
|---|---|---|---|---|---|
| | | ਨਾਂ | CSI ਚੋਣ (ਰੁਪਏ) | ਨਾਮਜ਼ਦ | ਸੰਬੰਧ |
| | | 1) | | | |
| | | 2) | | | |
| | | 3) | | | |
| | | ਹਾਂ / ਨਹੀਂ, ਜੇ ਹਾਂ ਤਾਂ ਨਾਂ ਅਤੇ ਚੋਣ ਕੀਤੇ ਕੈਪੀਟਲ ਬੀਮਾ ਰਕਮ (CSI):<br>(ਯਾਦ ਰੱਖੋ: ਹਰ ਵਿਅਕਤੀ ਲਈ ਵੱਧ ਤੋਂ ਵੱਧ CSI ਪ੍ਰਾਈਵੇਟ ਕਾਰਾਂ ਦੇ ਕੇਸ ਵਿੱਚ 2 ਲੱਖ ਰੁਪਏ ਅਤੇ ਮੋਟਰਾਈਜ਼ ਦੋ ਪਹੀਏ ਦੇ ਕੇਸ ਵਿੱਚ 1 ਲੱਖ ਰੁਪਏ) | | | |

| | |
|---|---|
| ਬੇਨਾਮੀ ਵਿਅਕਤੀ/ਸਵਾਰੀ / ਬੇਨਾਮੀ ਸਵਾਰਈ ਲਈ ਪੀ.ਏ. ਕਵਰ | |
| ਐਡ-ਆਨ ਕਵਰ | |
| ਘਸਾਈ ਸਿਫ਼ਰ | |
| ਵਿਨਿਮਰਤਾ ਕਾਰ | |
| ਮੈਡੀਕਲ ਖ਼ਰਚੇ | |
| ਨਿੱਜੀ ਪ੍ਰਭਾਵ | |
| ਹੋਰ ਵੇਰਵੇ | |

ਜਾਣਕਾਰੀ, ਜੋ ਕਿ ਰੇਟਿੰਗ ਉੱਤੇ ਪ੍ਰਭਾਵ ਪਾ ਸਕਦੀ ਹੈ, ਕੁਝ ਅੰਕੜਿਆਂ ਦੇ ਮਕਸਦ ਲਈ ਵੀ

**ਐਡ-ਆਨ ਕਵਰ**

| | |
|---|---|
| ਕੀ ਵਹੀਕਲ ਖੁਦ ਦੀਆਂ ਇਮਾਰਤਾਂ ਤੱਕ ਸੀਮਿਤ ਹੈ | ਹਾਂ /ਨਹੀਂ |
| ਕੀ ਵਹੀਕਲ ਵਿਦੇਸ਼ੀ ਦੂਤਾਵਾਸ ਨਾਲ ਸੰਬੰਧਿਤ ਹੈ | ਹਾਂ /ਨਹੀਂ |
| ਕੀ ਕਾਰ ਨੂੰ ਪੁਰਾਤਨ (ਵਿਨਟੇਜ਼) ਕਾਰ ਵਜੋਂ ਤਸਦੀਕ ਕੀਤਾ ਹੈ | ਹਾਂ /ਨਹੀਂ |
| ਕੀ ਵਾਹਨ ਨੂੰ ਅੰਨ੍ਹੇ / ਅਪੰਗ ਵਿਅਕਤੀਆਂ ਲਈ ਡਿਜ਼ਾਇਨ ਕੀਤਾ ਗਿਆ ਹੈ | ਹਾਂ /ਨਹੀਂ, ਜੇ ਹਾਂ ਤਾਂ RTA ਵਲੋਂ ਤਸਦੀਕ ਕੀਤੇ ਵੇਰਵੇ ਦਿਓ |
| ਕੀ ਵਾਹਨ ਨੂੰ ਡਰਾਇਵਿੰਗ ਸਿਖਲਾਈ ਲਈ ਵਰਤਿਆ ਜਾਂਦਾ ਹੈ | ਹਾਂ /ਨਹੀਂ |
| ਕੀ ਭੂਗੋਲਿਕ ਖੇਤਰ ਦਾ ਵਾਧਾ ਚਾਹੀਦਾ ਹੈ | ਨੇਪਾਲ, ਬੰਗਲਾਦੇਸ਼, ਭੁਟਾਨ, ਮਾਲਦੀਵ, ਪਾਕਿਸਤਾਨ, ਸ੍ਰੀਲੰਕਾ |

## ਕੀ ਤੁਸੀਂ ਇੱਕ ਪੇਜ਼ ਪਾਲਸੀ ਚਾਹੁੰਦੇ ਹੋ ਹਾਂ

ਬਹੁਤ ਵਧੀਆ ਵਿਸ਼ਵਾਸ ਦੇ ਸਿਧਾਂਤ 'ਤੇ ਅਧਾਰਤ

**ਬੀਮਤ ਵਲੋਂ ਐਲਾਨ**

**ਮੈਂ/ ਅਸੀਂ ਇੱਥੇ ਐਲਾਨ ਕਰਦਾ/ਕਰਦੀ/ਕਰਦੇ ਹਾਂ ਕਿ ਇਸ ਪੇਸ਼ਕਸ਼ ਫਾਰਮ ਵਿੱਚ ਮੇਰੇ/ਸਾਡੇ ਵਲੋਂ ਦਿੱਤੇ ਗਏ ਬਿਆਨ ਮੇਰੀ/ਸਾਡੇ ਜਾਣਕਾਰੀ ਅਤੇ ਵਿਸ਼ਵਾਸ਼ ਮੁਤਾਬਕ ਦਰੁਸਤ ਹਨ ਅਤੇ ਮੈਂ/ਅਸੀਂ ਸਹਿਮਤ ਹਾਂ ਕਿ ਇਹ ਐਲਾਨ ਮੇਰੇ/ਸਾਡੇ ਅਤੇ ______________________ ਦੇ ਵਿਚਾਲੇ ਇਕਰਾਰ ਦਾ ਆਧਾਰ ਬਣੇਗਾ।**

**ਮੈਂ/ਅਸੀਂ ਇੱਥੇ ਇਹ ਵੀ ਐਲਾਨ ਕਰਦਾ/ਕਰਦੀ/ਕਰਦੇ ਹਾਂ ਕਿ ਇਸ ਪੇਸ਼ਕਸ਼ ਫਾਰਮ ਦੇ ਭੇਜਣ ਦੇ ਬਾਦ ਜੇ ਕੋਈ ਵਾਧਾ ਜਾਂ ਬਦਲਾਅ ਹੋਇਆ ਤਾਂ ਉਸ ਨੂੰ ਫੌਰਨ ਬੀਮਾਕਰਤਾ ਨੂੰ ਦੱਸਿਆ ਜਾਵੇਗਾ।**

**ਮੈਂ /ਅਸੀਂ ਤਸਦੀਕ ਕਰਨਾ ਚਾਹੁੰਦਾ/ਚਾਹੁੰਦੀ/ਚਾਹੁੰਦੇ ਹਾਂ ਕਿ ਪਿਛਲੀ ਪਾਲਸੀ ਦੀ ਮਿਆਦ ਪੁੱਗਣ ਤੋਂ ਲੈ ਕੇ ਹੁਣ ਤੱਕ ਮੇਰੇ/ਸਾਡੇ ਵਾਹਨ ਨਾਲ ਕੋਈ ਹਾਦਸਾ ਨਹੀਂ ਹੋਇਆ ਹੈ। ਮੈਂ/ਅਸੀਂ ਤਸਦੀਕ ਕਰਦਾ/ਕਰਦੀ/ਕਰਦੇ ਹਾਂ ਕਿ ਮੈਂ/ਅਸੀਂ .................... ਨੂੰ .................. ਵਿਖੇ ਪ੍ਰੀਮੀਅਮ ਦਾ ਭੁਗਤਾਨ ਕੀਤਾ ਹੈ। ਤੁਹਾਡੇ ਨਾਲ ਉੱਤੇ ਦਿੱਤੇ ਵਾਹਨ ਦੇ ਬੀਮੇ ਲਈ। ਇਹ ਸਮਝ ਅਤੇ ਸਹਿਮਤੀ ਹੈ ਕਿ ............................. (ਸਮਾਂ) ਤੋਂ ਪਹਿਲਾਂ ਕਿਸੇ ਵੀ ਹਾਦਸੇ ਤੋਂ ਕਿਸੇ ਵੀ ਘਾਟੇ / ਨੁਕਸਾਨ / ਦੇਣਦਾਰੀ ਵਾਸਤੇ ਤੁਹਾਡੀ ਕੋਈ ਦੇਣਦਾਰੀ ਜਾਂ ਕੁਝ ਵੀ ਨਹੀਂ ਹੈ।**

**ਮੈਂ/ਅਸੀਂ ਐਲਾਨ ਕਰਦਾ/ਕਰਦੀ/ਕਰਦੇ ਹਾਂ ਕਿ ਵਾਹਨ ਦਰੁਸਤ ਅਤੇ ਸੜਕ ਉੱਤੇ ਚੱਲਨ ਦੀ ਹਾਲਤ ਵਿੱਚ ਹੈ।**

ਥਾਂ:

ਤਾਰੀਖ:

ਪੇਸ਼ਕਰਤਾ ਦੇ ਦਸਤਖਤ

**ਭਾਰਤ ਗ੍ਰਹਿ ਰਕਸ਼ਾ, ਭਾਰਤ ਸੂਕਸ਼ਮਾ ਤੇ ਭਾਰਤ ਲਘੂ ਉਦਯੋਗ ਦੇ ਪੇਸ਼ਕਸ਼ ਫਾਰਮ**

**ਮਿਆਰੀ ਉਤਪਾਦਾਂ ਅਤੇ ਉਹਨਾਂ ਦੇ ਅਨੁਸਾਰੀ ਪੇਸ਼ਕਸ਼ ਫਾਰਮਾਂ ਜਿਵੇਂ ਕਿ ਪੇਸ਼ਕਸ਼ ਫਾਰਮ ਭਾਰਤ ਗ੍ਰਿਹ ਰਕਸ਼ਾ, ਭਾਰਤ ਸੂਕਸ਼ਮਾ ਤੇ ਭਾਰਤ ਲਘੂ ਉਦਯੋਗ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਲਈ** IRDAI **ਵੈੱਬਸਾਈਟ ਲਈ ਅੱਗੇ ਦਿੱਤੇ ਲਿੰਕ ਦੀ ਜਾਂਚ ਕਰੋ**

https://www.irdai.gov.in/ADMINCMS/cms/Uploadedfiles/StandardProducts/Annexure-I-BharatGrihaRaksha.pdf

----